੧ ੴ ਸਤਿਗੁਰ ਪ੍ਰਸਾਦਿ ॥

# ਬਿੱਪ੍ਰਨ ਕੀ ਰੀਤ

## ਤੋਂ

# ਸੱਚ ਦਾ ਮਾਰਗ

(ਛੇਵਾਂ ਭਾਗ)

ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥
ਜਿਨਿ ਜੁਆਲਾ ਜਗੁ ਜਾਰਿਆ, ਸੁ ਜਨ ਕੇ ਉਦਕ ਸਮਾਨ ॥ ੧੭੫ ॥

ੴ ਸਤਿਗੁਰ ਪ੍ਰਸਾਦਿ ॥

# ਬਿੱਪ੍ਰਨ ਕੀ ਰੀਤ

## ਤੋਂ

# ਸੱਚ ਦਾ ਮਾਰਗ

## (ਛੇਵਾਂ ਭਾਗ)

ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥
ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥ ੧ ॥

ੴਸਤਿ ਗੁਰ ਪ੍ਰਸਾਦਿ ॥

## ਵਿਸ਼ਾ ਸੂਚੀ ਛੇਵਾਂ ਭਾਗ

### ਪਹਿਲਾ ਕਾਂਡ


੧- ਬਾਬਾ ਬੋਲਣਾ ਕਿਆ ਕਹੀਐ ॥ ੧

੨- ਸਚੁ ਬੋਲ ਬੋਲਾਵੈ ਪਿਆਰੁ ॥ ੪

੩- ਫਿਕਾ ਬੋਲਿ ਵਿਗੁਚਣਾ ॥ ੫

੪- ਮੰਦਾ ਕੋ ਨ ਅਲਾਏ ॥ ੬

੫- ਮਿੱਠਾ ਬੋਲਣਾ ੭

੬- ਬਚਨਾਂ ਦਾ ਪੱਕਾ ਹੋਣਾ ੮

੭- ਬੋਲਣਾ ਤਿਆਗਣਾ (ਮੋਬ ਬਰਤ ?) ੯

੮- ਬੋ ਸੁਆਰਨ ਦੀ ਸਿਖਿਆ ਵਾਲੇ ਹੋਰ ਗੁਰੂ-ਸ਼ਬਦ ੧੧

੯- ਮਹਾਂਪੁਰਖਾਂ ਕਾ ਬੋਲਣਾ ॥ ੧੨


### ਦੂਜਾ ਕਾਂਡ


੧- ਸੰਸਕਾਰ ੧੪

੨- ਪੰਥਕ ਰਹਿਤ ਮਰਯਾਦਾ ਅਤੇ ਡੇਰਾ ਵਾਦ ੧੮

੩- ਭਿੰਡਰਾਂ ਵਾਲੇ ਡੇਰੇ-ਦਾਰਾਂ ਦੀ ਆਪਣੀ ਗੁਰਮਤਿ ਪਰਯਾਦਾ ? ੧੯

੪- ਬਿੱਪ੍ਰਨ ਕੀ ਰੀਤ ਅਤੇ ਸ੍ਰੀ ਅਕਾਲਤਖ਼ਤ ਸਾਹਿਬ ਦੀ ਜਥੇਦਾਰੀ ੨੨

੫- ਮਰਯਾਦਾ ਦਾ ਮਨੁੱਖੀ ਆਚਰਨ ਤੇ ਚਮਤਕਾਰੀ ਅਸਰ ? ੨੩

੬- ਸਿੱਖ ਰਹਿਤ ਮਰਯਾਦਾ ਤੋਂ ਵੀ ਬਿੱਪ੍ਰਨ ਕੀ ਰੀਤ ਨਾਲ ਜੁੜੇ ਰਹਿਣ ਦਾ ਰਾਹ ? ੨੬

੭- ਧਨ ਜਨਨੀ ਜਿਨਿ ਜਾਇਆ ੨੯

੮- ਪੰਜ ਕਕਾਰੀ ਬਾਹਰੀ ਪਛਾਣ ਤੋਂ ਅੰਦਰਲੀ ਸਿੱਖੀ ਦੀ ਪਛਾਣ ਕੀ ਹੈ ? ੩੦

੯- ਅਨੰਦ ਸੰਸਕਾਰ ੩੨

੧੦- ਨਿਆਰੇ ਪੰਥ ਲਈ ਨਿਆਰੀ ਅਨੰਦ ਮਰਯਾਦਾ ੩੪


### ਤੀਜਾ ਕਾਂਡ


੧- ਮਿਰਤਕ ਸੰਸਕਾਰ ਅਥਵਾ ਕਿਰਿਆ-ਕਰਮ ੩੬

੨- ਅਪਰਾਧ-ਵਿਧੀ ਅਤੇ ਗਰੁੜ ਪੁਰਾਣ ? ੩੭

੩- ਗਰੁੜ ਪੁਰਾਣ ਪੜ੍ਹਨ-ਸੁਣਨ ਦਾ ਫਲ ੩੮

੪- ਗਰੁੜ ਪੁਰਾਣ ਦਾ ਸੰਖੇਪ ਰੂਪ ੩੯

੫- ਗੁਰੜ ਪੁਰਾਣ ਦਾ ਮਨੁੱਖੀ ਜੀਵਨ ਤੇ ਪ੍ਰਭਾਵ ੫੧

੬- ਮਿਰਤਕ ਸੰਸਕਾਰ ਦਾ ਸੰਖੇ ਵੇਰਵਾ ੫੨

੭- ਵੇਦਾਂਤੀ ਸੰਨਿਆਸੀ ਅਤੇ ਗਰੁੜ ਪੁਰਾਣ ੫੩

੮- ਸਿੱਖ ਰਹਿਤ ਮਰਯਾਦਾ ਅਤੇ ਮਿਰਤਕ ਸੰਸਕਾਰ ੫੪


### ਚੌਥਾ ਕਾਂਡ


੧- ਕਿਰਿਆ ਕਰਮ ਅਤੇ ਗੁਰਬਾਣੀ ੫੭

੨- ਸ਼ਰਾਧ ੫੯

੩- ਡੇਰਾਵਾਦ ਅਤੇ ਮਿਰਤਕ ਸੰਸਕਾਰ ੬੨

੪- ਫੁੱਲ ਚੁਣਨੇ ਅਥਵਾ ਅੰਗੀਠਾ ਫੋਲਣਾ ੬੫

੫- ਮਿਰਤਕ ਨਿਮਿਤ ਕੀਤੇ ਪਾਠ ਅਤੇ ਦਾਨ ਪੁੰਨ ੬੭

| | | |
|---|---|---|
| ੬- | ਦਸਹਿਰਾ | ੬੯ |
| ੭- | ਧੂਪ ਧੁਖਾਣਾ ਅਤੇ ਗੁਰਬਾਣੀ | ੭੨ |
| ੮- | ਗੁਰਬਾਣੀ ਦਾ ਕੀਰਤਨ ਕਿ ਮਿਰਤਕ ਨੂੰ ਸ਼ਰਧਾਂਜਲੀਆਂ ? | ੭੭ |
| ੯- | ਮਰਨਾ ਸਚੁ | ੭੯ |
| ੧੦- | ਝੂਠੇ ਹਨ ਇਹ ਰਿਸ਼ਤੇ ਨਾਤੇ ? | ੮੫ |
| ੧੧- | ਗਿਹਸਤ ਉਦਾਸ | ੮੬ |
| ੧੨- | ਰੋਣਾ ਧਾਹਾਂ ਮਾਰਨੀਆਂ ਅਤੇ ਗੁਰਬਾਣੀ | ੮੮ |


## ਪੰਜਵਾਂ ਕਾਂਡ


| | | |
|---|---|---|
| ੧- | ਮੌਤ | ੯੨ |
| ੨- | ਮੌਤ ਦਾ ਭੈ | ੯੫ |
| ੩- | ਰੱਬੀ ਹੁਕਮ | ੯੮ |
| ੪- | ਰੱਬੀ ਹੁਕਮ ਨੂੰ ਬੁਝਣ ਦੀ ਲੋੜ | ੧੦੪ |
| ੫- | ਹੁਕਮ ਦੇ ਹੋਰ ਰੂਪ | ੧੦੬ |
| ੬- | ਆਗਿਆ | ੧੦੮ |
| ੭- | ਭਾਣਾ ਰਜ਼ਾ | ੧੦੯ |
| ੮- | ਭਾਣਾ ਮੰਨਣ ਦੀ ਸੋਝੀ ਕਰਤਾਰ ਦੀ ਬਖ਼ਸ਼ਸ਼ | ੧੧੦ |
| ੯- | ਸੰਜੋਗ ਵਿਜੋਗ | ੧੧੨ |
| ੧੦- | ਚਿਤ੍ਰ ਗੁਪਤ | ੧੧੬ |
| ੧੧- | ਕਰਮ ਲੇਖ | ੧੨੦ |
| ੧੨- | ਪੂਰਬ ਜਨਮ ਦੇ ਕਰਮ | ੧੨੨ |
| ੧੩- | ਧਰਮ ਰਾਜ | ੧੨੫ |
| ੧੪- | ਧਰਮ ਰਾਜ ਅਤੇ ਗੁਰਬਾਣੀ | ੧੨੮ |
| ੧੫- | ਜਮਦੂਤ ਅਤੇ ਗੁਰਬਾਣੀ | ੧੩੨ |
| ੧੬- | ਓਹ ਤੇਰੀ ਸਰਕਾਰ ॥ | ੧੩੪ |
| ੧੭- | ਆਵਾਗਉਣ | ੧੩੭ |
| ੧੮- | ਕੀ ਦੋਬਾਰਾ ਮਨੁੱਖਾ ਜੂਨ ਵਿਚ ਹੀ ਪਈਦਾ ਹੈ ? | ੧੪੧ |
| ੧੯- | ਕੁਦਰਤ ਦੀ ਬੇਅੰਤਤਾਈ ਅਤੇ ਗੁਰਮਤਿ | ੧੪੨ |
| ੨੦- | ਚਉਰਾਸੀ ਲੱਖ ਜੂਨ | ੧੪੪ |


## ਛੇਵਾਂ ਕਾਂਡ


| | | |
|---|---|---|
| ੧- | ਸਰਬ ਵਿਆਪੀ ਪ੍ਰਭੂ ਦੀ ਦਰਗਾਹ | ੧੪੬ |
| ੨- | ਪ੍ਰਭੂ ਪ੍ਰੀਤਮ ਨੂੰ ਕਿਥੋਂ ਪਾਈਏ ? | ੧੪੮ |
| ੩- | ਸਰਬ ਵਿਆਪਕ ਅਕਾਲ-ਪੁਰਖ ਦੇ ਖ਼ਾਸ ਟਿਕਾਣਾ | ੧੫੪ |
| ੪- | ਪਰਮਾਤਮਾ ਦਾ ਮਹਲ | ੧੫੫ |
| ੫- | ਰੱਬੀ ਤਖ਼ਤੁ | ੧੫੯ |
| ੬- | ਪ੍ਰਭੂ ਦਾ ਦਰਬਾਰ ਅਥਵਾ ਦੀਬਾਨ | ੧੬੩ |
| ੭- | ਪਰਮਾਤਮਾ ਦੀ ਦਰਗਾਹ ਅਤੇ ਡੇਰਾਵਾਦ | ੧੬੭ |
| ੮- | ਹਲਤ ਪਲਤ ਪਰਲੋਕ ਅਗਲਾ ਘਰਿ ਪ੍ਰਭੂ ਦਾਲ ਦਰ | ੧੭੨ |
| ੯- | ਸਚ ਖੰਡ ਵਸੈ ਨਿਰੰਕਾਰੁ | ੧੭੬ |

### ੧ ਓ ਸਤਿਗੁਰ ਪ੍ਰਸਾਦਿ

# ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ

## (ਛੇਵਾਂ ਭਾਗ)

## ਪਹਿਲਾ ਕਾਂਡ

੧

## ਬਾਬਾ ! ਬੋਲਨਾ ਕਿਆ ਕਹੀਐ ॥

ਆਸਾ ਰਾਗ ਵਿਚਲੀ ਵਾਰ ਦੀ ਚੌਧਵੀਂ ਪਉੜੀ ਦੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਨੇ ਫੋਕਟ ਧਰਮ-ਕਰਮਾ ਦਾ ਵਰਣਨ ਕੀਤਾ ਹੈ । ਉਸ ਸਲੋਕ ਦੀ ਤੁਕ ਹੈ--**ਮੁਖਿ ਝੂਠ ਬਿਭੂਖਣ ਸਾਰੰ**--ਸਾਹਿਬ ਸਿੰਘ ਜੀ ਨੇ ਇਸ ਤੁਕ ਦੇ ਅਰਥ ਇਸ ਪ੍ਰਕਾਰ ਲਿਖੇ ਹਨ----(ਪੰਡਿਤ) ਮੁਖੋਂ ਬੋਲਦਾ ਤਾਂ ਝੂਠ ਹੈ, (ਪਰ ਉਸ ਝੂਠ ਨੂੰ) ਸੋਹਣੇ ਗਹਿਣਿਆ ਵਾਂਗ ਸੋਹਣਾ ਕਰਕੇ ਵਿਖਾਲਦਾ ਹੈ । ਏਨੇ ਲਿਖੇ ਨਾਲ ਇਹ ਸੋਝੀ ਨਹੀਂ ਸੀ ਆਈ ਕਿ ਬ੍ਰਾਹਮਣ ਦੇ ਝੂਠ ਨੂੰ ਸ੍ਰੇਸ਼ਟ ਗਹਿਣਿਆਂ ਵਰਗਾ ਸੋਹਣਾ ਕਹਿਣ ਦਾ ਕੀ ਭੇਤ ਹੈ ? ਬਿੱਪ੍ਰਨ ਦੀ ਰੀਤ ਨੂੰ ਸਮਝਣ ਲਈ ਹਿੰਦੂ ਧਰਮ ਦੇ ਪੁਰਾਣਕ ਗ੍ਰੰਥਾਂ ਵਿਚਲੀਆਂ ਕਥਾ ਕਹਾਣੀਆਂ ਨੂੰ ਗਹੁ ਨਾਲ ਪੜ੍ਹਿਆ ਤਾਂ ਗੁਰਦੇਵ ਜੀ ਦੇ ਉਸ **ਗਿਆਨ-ਰੂਪੀ ਦਰਿਆ** ਦੀ ਸੋਝੀ ਆਈ ਜਿਹੜਾ ਉਨ੍ਹਾਂ ਨੇ ਛੋਟੇ ਜਿਹੇ ਭਾਂਡੇ--ਕੇਵਲ ਚਾਰ ਲਫ਼ਜ਼ਾਂ ਦੀ ਇਸ ਤੁਕ ਵਿਚ ਸਮੋਇਆ ਹੋਇਆ ਹੈ ।

ਸਾਰੇ ਪੁਰਾਣਕ ਗ੍ਰੰਥਾਂ ਦਾ ਲਿਖਣ ਢੰਗ ਇੱਕੋ ਤਰ੍ਹਾਂ ਦਾ ਹੋਣ ਕਰਕੇ ਕਿਸੇ ਵੀ ਗ੍ਰੰਥ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਪਰ ਗੁਰਦੇਵ ਜੀ ਦੀ ਉਚਾਰੀ ਇਸ ਤੁਕ ਵਿਚਲੇ ਭਾਵ ਨੂੰ ਸਮਝਣ ਲਈ ਗਰੁੜ-ਪੁਰਾਣ ਬਹੁਤਾ ਢੁੱਕਵਾਂ ਰਹੇਗਾ । ਜਿਵੇਂ ਕਥਿਤ ਬੈਕੁੰਠ ਨਾਥ ਸ੍ਰੀ ਵਿਸ਼ਨੂੰ ਜੀ ਨੇ ਬੈਕੁੰਠ ਵਿਚ ਬੈਠਿਆਂ ਕਥਿਤ ਤੌਰ ਤੇ ਜੋ **ਗਿਆਨ ਆਪਣੀ ਸਵਾਰੀ, ਪੰਛੀ-ਰਾਜ ਗਰੁੜ (-ਭਗਵਾਨ)** ਨੂੰ ਗਖ਼ਸ਼ਿਆ ਸੀ, ਉਹ **ਗਰੁੜ-ਪੁਰਾਣ** ਬਣ ਗਿਆ । ਗੁਰਮਤਿ ਇਸ ਗ੍ਰੰਥ ਦੇ ਗਿਆਨ ਅਤੇ ਵਿਧੀ-ਵਿਧਾਨ ਨੂੰ ਨਿਰਾ ਭਰਮ ਜਾਲ ਮੰਨਦੀ ਹੈ । ਸਵਾਮੀ ਦਯਾਨੰਦ ਅਥਵਾ ਉਨ੍ਹਾਂ ਦੇ ਚੇਲੇ, ਆਰਯਾ ਸਮਾਜੀ ਵੀਰ ਵੀ, ਇਸ ਗ੍ਰੰਥ ਦੀ ਸਚਾਈ ਨੂੰ ਨਹੀਂ ਮੰਨਦੇ । ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਸਿੱਧ ਹੋ ਜਾਂਦਾ ਹੈ ਕਿ ਸਿਰਫ਼ ਬ੍ਰਾਹਮਣ ਜਾਤੀ ਦੇ ਸਾਰਿਆਂ ਵਰਗਾਂ ਲਈ ਸਦੀਵੀ ਅਤੇ ਠੋਸ ਆਮਦਨ ਦਾ ਸਾਧਨ ਬਣਾਉਣ ਵਾਸਤੇ ਹੀ ਇਸ ਗ੍ਰੰਥ ਦੀ ਰਚਨਾਂ ਕੀਤੀ ਗਈ ਸੀ ।

ਇਸ ਗਰੁੜ ਪੁਰਾਣ ਗ੍ਰੰਥ ਵਿਚਲਾ ਕੋਰਾ ਝੂਠ ਅਜੇਹੇ ਢੰਗ ਨਾਲ ਜੰਤਾ ਵਿਚ ਪ੍ਰਚਾਰਿਆ ਕਿ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣ ਜਾਤੀ ਵਾਸਤੇ ਕੀਮਤੀ ਗਹਿਣਾ* ਬਣਿਆ ਹੋਇਆ ਹੈ>>>>[*FootNote:--ਪੁਸਤਕ ਦੇ ਸਤਵੇਂ ਭਾਗ ਦੇ " ਮਿਰਤਕ-ਸੰਸਕਾਰ " ਪ੍ਰਕ੍ਰਣ ਵਿਚ ਇਸ ਗ੍ਰੰਥ ਦਾਂ ਸੰਖੇਪ ਰੂਪਾਂਤਰ ਦਿੱਤਾ ਹੋਇਆ ਹੈ] <<<< ਏਸੇ ਤਰ੍ਹਾਂ ਹੀ ਬਾਕੀ ਗੂੜ੍ਹ ਗਿਆਨ ਵਾਲੇ ਗ੍ਰੰਥਾਂ ਵਿਚਲੀਆਂ ਮਨੋ-ਕਲਪਤ ਕਹਾਣੀਆਂ " **ਬਿਭੂਖਣ ਸਾਰੰ** " ਹੋਣ ਦਾ ਪ੍ਰਤੱਖ ਸਬੂਤ ਇਹ ਹੈ ਕਿ ਬ੍ਰਾਹਮਣ ਦਾ ਲਿਖਿਆ ਉਹ ਸਾਰਾ ਪ੍ਰਾਕ੍ਰਿਤੀ ਦੇ ਨਿਯਮਾ ਦੀ ਵਿਰੋਧਤਾ ਵਾਲਾ ਝੂਠ ਅੱਜ ਸਾਂਇਸ ਜੇ ਜੁਗ ਵਿਚ ਵੀ ਆਪਣੀ ਪੂਜਾ ਕਰਾ ਰਿਹਾ ਹੈ । ਸ਼ਾਇਦ ਬ੍ਰਾਹਮਣੀ ਝੂਠ ਦੇ ਲਿਖਣ ਵਿਧੀ ਜਾਂ ਬੋਲਣ ਢੰਗ ਤੋਂ ਪ੍ਰਭਾਵਤ ਹੋ ਕੇ ਹੀ ਕਿਸੇ ਅੰਗ੍ਰੇਜ਼ ਨੇ ਲਿਖਿਆ ਹੋਵੇ-It is always the best policy to speak truth, unless of course you are exeptionally a good liar.(ਭਾਵ, ਜਿੰਨਾ ਚਿਰ ਤੁਸੀਂ ਉਚੇਚੇ ਤੇ ਬੜੇ ਵਧੀਆ ਢੰਗ ਨਾਲ ਝੂਠ ਨਾ ਬੋਲ ਸਕਦੇ ਹੋਵੋ ਸਦਾ ਸੱਚ ਬੋਲਣਾ ਵਧੀਆ ਜੁਗਤੀ ਹੈ) । ਝੂਠ ਬੋਲਣ ਵਿਚ ਅਥਵਾ ਝੂਠ ਲਿਖਣ ਵਿਚ ਬ੍ਰਾਹਮਣ ਦੀ ਨਿਪੁੰਨਤਾ ਬੜੀ ਵਿਚਿਤ੍ਰ ਹੈ ।

ਸਰਬ-ਸਾਂਝੀ ਸਿਖਿਆ ਦੇਣ ਲਈ ਜਦੋਂ ਵੀ **ਪਰਥਾਇ ਸਾਖੀ** ਬੋਲਣ ਦੀ ਲੋੜ ਪਈ ਤਾਂ ਗੁਰਦੇਵ ਜੀ ਨੇ ਬਹੁਤੀ ਵਾਰੀ ਬ੍ਰਾਹਮਣ ਨੂੰ ਅਥਵਾ ਪਾਂਡੇ ਨੂੰ ਹੀ ਸੰਬੋਧਨ ਕਰਕੇ ਸ਼ਬਦ ਉਚਾਰਿਆ ਹੈ :---

੧- **ਝੂਠ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰ ਲਹੀਐ ॥੧ ॥ ਰਹਾਉ ॥**[੯੦੪]-੪

**ਅਰਥ:**- ਹੇ ਪੰਡਿਤ ! (ਆਪਣੀ ਉਪਜੀਵਕਾ ਦੀ ਖ਼ਾਤਰ ਜਜਮਾਨਾ ਨੂੰ ਪਤਿਆਉਣ ਵਾਸਤੇ ਵਿਆਹ ਆਦਿਕ ਦੇ ਸ਼ੁਭ ਮਹੂਰਤ ਲੱਭਣ ਦਾ) ਝੂਠ ਨਾਹ ਬੋਲ । ਸੱਚ ਬੋਲਣਾ ਚਾਹੀਦਾ ਹੈ । ਜਦੋਂ ਗੁਰੂ ਦੇ ਸ਼ਬਦ ਵਿਚ ਜੁੜ ਕੇ (ਅੰਦਰ ਦੀ) ਹਉਮੈ ਦੂਰ ਹੋ ਜਾਂਦੀ ਹੈ ਤਦੋਂ (ਪ੍ਰਭੂ ਦਾ ਉਹ) ਘਰ ਲੱਭ ਲਈਦ (=ਲਹੀਐ) ਹੈ (ਜਿਥੋਂ ਆਤਮਕ ਤੇ ਸੰਸਾਰਕ ਸਾਰੇ ਪਦਾਰਥ ਮਿਲਦੇ ਹਨ) । ੧ । ਰਹਾਉ।

੨- **ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥**
**ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ ॥ ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ ॥**
**ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ॥ ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ**
**ਮੈਲਾ ਸਭੁ ਆਕਾਰੁ ॥ ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ ॥ ੧ ॥**[੧੦੯੧]-ਵਾਰ-੧੬

**ਅਰਥ:**---ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਅਸਲ ਵਪਾਰ ਦੀ ਕਦਰ ਨਹੀਂ ਜਾਣਦੇ, ਉਹ ਮਾਇਆ ਦਾ ਸੌਦਾ ਕਰਦੇ ਹਨ, ਮਾਇਆ ਜੋੜਦੇ ਹਨ ਤੇ ਮਾਇਆ ਨਾਲ ਹੀ ਪਿਆਰ ਕਰਦੇ ਹਨ, । ਉਹ ਬਾਹਰੋਂ ਤਾਂ ਪੰਡਿਤ (ਵਿਦਵਾਨ) ਅਖਵਾਂਉਂਦੇ ਹਨ ਪਰ ਅਸਲ ਵਿਚ ਮੂਰਖ ਅਥਵਾ ਗਵਾਰ ਹਨ, (ਕਿਉਂਕਿ) ਉਹ ਪ੍ਰਭੂ ਨਾਲ ਤਾਂ ਮਨ ਨਹੀਂ ਲਾਂਉਂਦੇ ( ਵਿਦਿਆ ਦੇ ਆਸਰੇ ) ਚਰਚਾ ਕਰਨ ਨੂੰ ਚੰਗਾ ਸਮਝਦੇ ਹਨ, ਰੋਜ਼ੀ ਝੂਠ ਬੋਲ ਕੇ ਕਮਾਂਉਂਦੇ ਹਨ । (ਅਸਲ ਗੱਲ ਇਹ ਹੈ ਕਿ) ਨਾਮ ਸਿਮਰਨਾ ਹੀ ਜਗਤ ਵਿਚ (ਪਵਿਤ੍ਰ ਕੰਮ)

ਹੈ, ਹੋਰ ਜੋ ਕੁਝ ਦਿੱਸ ਰਿਹਾ ਹੈ (ਇਸ ਦਾ ਆਹਰ) ਮੈਲ ਪੈਦਾ ਕਰਦਾ ਹੈ । ਹੇ ਨਾਨਕ ! ਜੋ " ਨਾਮ " ਨਹੀਂ ਸਿਮਰਦੇ ਉਹ ਮੂਰਖ ਨੀਂਵੇਂ ਜੀਵਨ ਵਾਲੇ ਹੋ ਕੇ ਆਤਮਕ ਮੌਤ ਸਹੇੜਦੇ ਹਨ । ੧ ।

੩- **ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ,**
**ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥ ੬ ॥**[੫੫]-੫

**ਅਰਥ:**--ਪੰਡਿਤ ਲੋਕ ਧਾਰਮਿਕ ਪੁਸਤਕਾਂ ਪੜ੍ਹਦੇ ਹਨ (ਪਰ ਅੰਦਰੋਂ ਗੁਣ-ਹੀਨ ਹੋਣ ਕਰਕੇ ਉਨ੍ਹਾਂ ਪੁਸਤਕਾਂ ਦੀ) ਵਿਚਾਰ ਨਹੀਂ ਸਮਝਦੇ, ਹੋਰਨਾਂ ਨੂੰ ਹੀ ਮਤਾਂ ਦੇ ਕੇ (ਜਗਤ ਤੋਂ) ਚਲੇ ਜਾਂਦੇ ਹਨ ਉਨ੍ਹਾਂ ਦਾ ਇਹ ਸਾਰਾ ਉੱਦਮ) ਮਾਇਆ ਕਮਾਉਂਣ ਲਈ ਵਪਾਰ ਹੀ ਬਣਿਆ ਰਹਿ ਜਾਂਦਾ ਹੈ । ਸਾਰਾ ਜਗਤ ਝੂਠੀ ਕਥਨੀ ਵਿਚ ਹੀ ਭਟਕਦਾ ਰਹਿ ਜਾਂਦਾ ਹੈ (ਭਾਵ ਆਮ ਤੌਰ ਤੇ ਜੀਵ ਦੇ ਅੰਦਰ ਝੂਠ-ਫ਼ਰੇਬ, ਤੇ ਬਾਹਰ ਗਿਆਨ ਦੀਆਂ ਗੱਲਾਂ ਹਨ) ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ (ਹਿਰਦੇ ਵਿਚ ਟਿਕਾਈ ਰੱਖਣਾ) ਹੀ ਸ੍ਰੇਸ਼ਟ ਰਹਿਣੀ ਹੈ । ੬ ।

੪- **ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ**
**ਸਾਚੁ ਕਹੈ ਤੇ ਛੋਹੈ ॥ ਪਾਠ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥**
**ਨਾਮੁ ਨ ਜਪਈ ਕਿਉ ਸੁਖੁ ਪਾਵੈ, ਬਿਨ ਨਾਵੈ ਕਿਉ ਸੋਹੈ ॥ ੪ ॥**[੧੦੧੨]-੭

(ਨੋਟ--ਮਨੁ ਸਿਮਿਰਤੀ ਅਨੁਸਾਰ ਦਾਨ ਸਿਰਫ਼ ਬ੍ਰਾਹਮਣ ਹੀ ਲੈ ਸਕਦਾ ਸੀ, ਸੋ ਸਾਧੂਆਂ ਦਾ ਬਾਣਾ ਬ੍ਰਾਹਮਣ ਦੀ ਲੁੱਟ ਨੀਤੀ ਦੀ ਹੀ ਉਪਜ ਸੀ । ਸਾਰਿਆਂ ਭੇਖਾਂ ਵਾਲੇ ਅਥਵਾ ਨਾਂਗੇ ਸਾਧ ਸੱਭ ਬ੍ਰਾਹਮਣਾ ਵਿਚੋਂ ਹੀ ਬਣਦੇ ਸਨ ਜਾਂ ਆਪਣੀ ਜਾਤ ਗੋਤ ਬ੍ਰਾਹਮਣਾ ਵਾਲੀ ਦਸਦੇ ਸਨ । ਨਹੀਂ ਤਾਂ ਦਾਨ ਲੈ ਸਕਣ ਦੇ ਅਧਿਕਾਰੀ ਨਹੀਂ ਸਨ ਬਣ ਸਕਦੇ)

**ਅਰਥ:**--(ਲੋਕ ਵਿਖਾਵੇ ਲਈ) ਸੁਆਹ ਛਾਣਦਾ ਹੈ ਅਤੇ ਆਪਣੇ ਪਿੰਡੇ ਤੇ ਮਲ ਲੈਂਦਾ ਹੈ । ਪਰ, (ਅੰਤਰ ਆਤਮ) ਮਾਇਆ ਦਾ ਰਸਤਾ ਤੱਕ ਰਿਹਾ ਹੁੰਦਾ ਹੈ (ਕਿ ਕੋਈ ਗ੍ਰਿਹਸਤੀ ਦਾਨੀ ਆ ਕੇ ਮਾਇਆ ਭੇਟ ਕਰੇ) । (ਬਾਹਰੋਂ ਹੋਰ ਤੇ ਅੰਦਰੋਂ ਹੋਰ ਹੋਣ ਕਰਕੇ) ਆਪਣੇ ਅੰਦਰ ਤੇ ਬਾਹਰ ਵੱਸਦੇ ਪ੍ਰਭੂ ਨੂੰ ਵਿਆਪਕ ਨਹੀਂ ਸਮਝਦਾ । ਅਤੇ ਜੇ ਇਹ ਸੱਚਾ ਵਾਕ ਉਸ ਨੂੰ ਕਿਹਾ ਜਾਵੇ ਤਾਂ ਉਹ ਖਿੱਝਦਾ ਹੈ । ਧਰਮ-ਪੁਸਤਕਾਂ ਦਾ ਪਾਠ ਪੜ੍ਹਦਾ ਹੈ ਪਰ ਮੂੰਹੋਂ ਝੂਠ ਬੋਲਦਾ ਹੈ । ਗੁਰੂ-ਹੀਣ ਹੋਣ ਕਰਕੇ ਉਸ ਦੀ ਆਪਣੀ ਮਤ ਲੋਕਾਂ ਵਰਗੀ ਹੀ ਰਹਿੰਦੀ ਹੈ । (ਭਾਵ, ਜ਼ਾਹਰਾ ਤਿਆਗ ਨਾਲ ਉਸ ਦੇ ਆਤਮਕ ਜੀਵਨ ਵਿਚ ਕੋਈ ਫ਼ਰਕ ਨਹੀਂ ਪੈਂਦਾ) । ਜਦ ਤਕ ਪਰਮਾਤਮਾ ਦਾ ਨਾਮ ਨਹੀਂ ਜਪਦਾ ਤਦ ਤਕ ਆਤਮਕ ਆਨੰਦ ਨਹੀਂ ਮਿਲਦਾ, ਪ੍ਰਭੂ-ਨਾਮ ਤੋਂ ਬਿਨਾਂ ਜੀਵਨ ਸੁਚੱਜਾ ਨਹੀਂ ਬਣ ਸਕਦਾ । ੪ ।

੫- **ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧ ॥ ੨ ॥**[੬੬੨]-੫-੭

**ਅਰਥ:**--ਕਾਜ਼ੀ ਝੂਠ ਬੋਲ ਬੋਲ ਕੇ ਰਿਸ਼ਵਤ ਦੀ ਮੈਲ ਖਾਂਦਾ ਹੈ । (ਬ੍ਰਾਹਮਣ ਝੂਠ ਅਤੇ ਠੱਗੀ ਵਾਲੀ ਮਰਯਾਦਾ ਨਾਲ ਅਨੇਕਾਂ ਸ਼ੂਦਰ ਅਤੇ ਭੋਲੇ ਭਾਲੇ) ਲੋਕਾਂ ਦੇ ਦਿਲਾਂ ਦਾ ਖ਼ੂਨ ਕਰ ਰਿਹਾ ਹੈ । (ਬ੍ਰਾਹਮਣ ਦਾ ਹੀ ਦੂਜਾ ਰੂਪ) ਜੋਗੀ ਵੀ (ਮਾਇਆ ਦੇ ਮੋਹ ਵਿਚ) ਅੰਨ੍ਹਾਂ ਹੈ ਤੇ ਜੀਵਨ ਦੀ ਜਾਚ ਭੁਲਾਈ ਬੈਠਾ ਹੈ । (ਇਹ ਤਿਨੇ ਆਪਣੇ ਆਪਣੇ ਧਰਮ ਦੇ ਨੇਤਾ ਹਨ, ਪਰ) ਇਨ੍ਹਾਂ ਤਿੰਨਾ ਦੇ ਅੰਦਰ ਆਤਮਕ ਜੀਵਨ ਵਲੋਂ ਸੁੰਞ ਹੀ ਸੁੰਞ ਹੈ ।

੬- **ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥- - ੨ ॥**[੧੩੯੫]-੨੦

ਇਸ ਸ਼ਬਦ ਦੇ ਉਚਾਰਨ ਵਾਲੇ ਭਿਖਾ ਜੀ ਆਪ ਵੀ ਬ੍ਰਹਮਣਾ ਵਿਚੋਂ ਹੀ ਸਨ। ਭਿੱਖਾ ਜੀ ਨੇ (ਪੰਡਿਤ ਸਮੇਤ) ਵੱਖ ਵੱਖ ਭੇਖਾਂ ਵਾਲੇ ਸਾਧਾਂ ਸੰਤਾਂ ਦੀ ਤਾਂ ਵਿਖਾਵੇ ਵਾਲੀ ਜ਼ਿੰਦਗੀ ਨਾਲੋਂ ਉਨ੍ਹਾਂ ਦੀ ਅਸਲ ਰਹਿਤ ਹੋਰ ਦਰਸਾਈ ਹੈ, ਪਰ ਪੰਡਿਤ ਦੇ ਬੋਲਣ ਢੰਗ (ਸ੍ਰੇਸ਼ਟ ਗਹਿਣਿਆਂ-ਰੂਪੀ ਮਿਠੇ ਝੂਠ) ਦਾ ਜ਼ਿਕਰ ਉਚੇਚੇ ਤੌਰ ਤੇ ਕੀਤਾ ਹੈ। ਬ੍ਰਾਹਮਣ ਦੇ ਬੋਲਾਂ ਦੀ ਮਿਠਾਸ ਵਿਚ ਲੁਕੇ ਧ੍ਰੋਹ ਨੂੰ ਬੜੇ ਸੋਹਣੇ ਢੰਗ ਨਾਲ ਨੰਗਾ ਕੀਤਾ ਹੈ।

ਬ੍ਰਾਹਮਣ ਦੀਆਂ ਘੜੀਆਂ ਕਥਾ ਕਹਾਣੀਆਂ ਵਾਲੇ ਗ੍ਰੰਥ ਪੜ੍ਹੀਏ ਤੇ ਭਾਵੇਂ ਇਨ੍ਹਾਂ ਦੇ ਅਧਾਰ ਤੇ ਬਣੀਆਂ ਫਿਲਮਾਂ ਵੇਖੀਏ, ਕਹਾਣੀ ਦੇ ਮੋੜ ਅਨੁਸਾਰ ਕਹਾਣੀ ਦੇ ਨਾਇਕ (ਭਾਵੇਂ ਰਾਜੇ, ਦੇਵੀ-ਦੇਵਤੇ, ਅਤੇ ਭਾਵੇਂ ਅਵਤਾਰ ਹੋਣ) ਝੂਠ ਬੋਲਦੇ, ਬਚਨ ਕਰਕੇ ਖਿਸਕਦੇ, ਕਿਸੇ ਹੋਰ ਢੰਗ ਦੀ ਹੇਰਾ ਫੇਰੀ ਕਰਦੇ ਅਥਵਾ ਆਚਰਨ ਹੀਣਤਾ ਦੀ ਪ੍ਰਦਰਸ਼ਨੀ ਕਰਦੇ ਜ਼ਰੂਰ ਦਿੱਸ ਆ ਜਾਣਗੇ । ਕੀ ਬ੍ਰਾਹਮਣ ਇਹ ਨਹੀਂ ਸੀ ਜਾਣਦਾ ਕਿ ਇਸ਼ਟ ਦੇ ਗੁਣ ਅਉਗੁਣ, ਉਸ ਦੇ ਪੁਜਾਰੀ ਅਥਵਾ ਭਗਤ ਵਿਚ ਆ ਜਾਂਦੇ ਹਨ ? ਚਾਤਰ ਅਤੇ ਦੂਰ ਦ੍ਰਿਸ਼ਟ-ਬ੍ਰਾਹਮਣ ਆਪਣੇ ਚੇਲਿਆਂ ਨੂੰ ਜਿਸ ਰੰਗ ਵਿਚ ਰੰਗਣਾਂ ਚਾਹੁੰਦਾ ਸੀ ਉਸ ਨੇ ਆਪਣੇ ਇਸ਼ਟ-ਦੇਵਾਂ ਦੇ ਆਚਰਨ ਦਾ ਉਸੇ ਪਰਕਾਰ ਦਾ ਹੀ ਚਿਤ੍ਰ ਧਰਮ ਪੁਸਤਕਾਂ ਦੁਆਰਾ ਹਿੰਦੂ ਧਰਮ ਦਾ ਅਨਿਖੜਵਾਂ ਅੰਗ ਬਣਾ ਦਿੱਤਾ । (ਜਿਸ ਨੇ ਵੀ ਕੋਮੀ ਤੋਰ ਤੇ ਹਿੰਦੂ ਦੀ ਕਹੀ ਗਲ ਤੇ ਭਰੋਸਾ ਕੀਤਾ ਉਸ ਨੇ ਸਦਾ ਧੋਖਾ ਖਾਧਾ ਹੈ । ੧੯੪੭ ਤੋਂ ਸ਼ੁਰੂ ਹੋ ਕੇ ਅੱਜ ਤਾਂਈ ਸਿੱਖ, ਇਨ੍ਹਾਂ ਦੇ ਝੂਠ ਬੋਲਣ ਦਾ ਅਤੇ ਕਹਿ ਕੇ ਮੁੱਕਰ ਜਾਣ ਦਾ ਰੋਣਾ ਰੋਈ ਜਾਂਦੇ ਹਨ ਪਰ ਹੈਰਾਨੀ ਹੈ ਕਿ ਮੁੜ ਮੁੜ ਸੰਧੀਆਂ ਵੀ ਉਨ੍ਹਾਂ ਨਾਲ ਹੀ ਕਰੀ ਜਾਂਦੇ ਹਨ । ਅਸਲ ਵਿਚ ਸਿਖਾਂ ਦਾ ਲੀਡਰ, ਗੁਰੂ ਨਾਨਕ ਦੀ ਸਿਖਿਆ ਨੂੰ ਤਿਆਗ ਕੇ ਮਾਇਆ ਜਾਲ ਵਿਚ ਫਸ ਚੁੱਕਾ ਹੈ)

ਏਧਰ ਗੁਰਦੇਵ ਜੀ ਨੇ ਹਰ ਪੱਖੋਂ ਸ਼ੁਭ-ਗੁਣਾ ਵਾਲੇ ਅਤੇ ਸੁੱਚ-ਆਚਾਰ ਦੇ ਮਾਲਕ ਨਿਆਰੇ ਅਤੇ ਸਚਿਆਰ ਮਨੁੱਖ ਦੀ ਸਿਰਜਣਾ ਕਰਨੀ ਸੀ । ਸਤਿਗੁਰਾਂ ਦਾ ਯਕੀਨ ਸੀ ਕਿ ਪ੍ਰਭੂ ਦੀ ਯਾਦ ਨਾਲ ਭਰਪੂਰ ਦਿਲ ਵਾਲੇ ਮਨੁੱਖ ਦੇ ਬੋਲ ਸੁਆਰਥੀ ਭਾਵਨਾ ਤੋਂ ਰਹਿਤ, ਹਰ ਪੱਖੋਂ ਪਵਿਤ੍ਰ ਅਤੇ ਦੂਜਿਆਂ ਨੂੰ ਸੁਖ ਦੇਣ ਵਾਲੇ ਹੁੰਦੇ ਹਨ । ਪ੍ਰਭੂ ਪਿਆਰ ਤੋਂ ਸਖਣੇ ਮਨਮਤੀਆਂ ਦੇ ਬੋਲਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਗੁਰਦੇਵ ਜੀ ਨੇ ਫੁਰਮਾਇਆ:--

੭- **ਸਭੁ ਕੋ ਬੋਲੈ ਆਪਣ ਭਾਣੈ ॥ ਮਨਮੁਖੁ ਦੂਜੈ ਬੋਲਿ ਨ ਜਾਣੈ ॥**
**ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ ॥ ੧੧ ॥**[੧੦੩੩]-੬-੧੨

**ਅਰਥ :-** ਆਪਣੇ ਮਨ ਦੇ ਪਿਛੇ ਤੁਰਨ ਵਾਲਾ ਹਰੇਕ ਮਨੁੱਖ ਪ੍ਰਭੂ ਤੋਂ ਬਿਨਾ ਹੋਰ ਆਸਰੇ ਦੀ ਝਾਕ ਵਿਚ ਆਪਣੇ ਸੁਆਰਥ ਦੇ ਸੁਭਾਵ ਵਿਚ ਹੀ (ਸਭ ਬਚਨ) ਬੋਲਦਾ ਹੈ, (ਪਰਮਾਤਮਾ ਦੀ ਸਿਫ਼ਤ ਸਾਲਾਹ ਦੇ ਬੋਲ) ਬੋਲਣਾ ਨਹੀਂ ਜਾਣਦਾ । ਮਾਇਆ ਦੇ ਮੋਹ ਵਿਚ ਅਨ੍ਹੇ ਹੋ ਚੁਕੇ ਮਨੁੱਖ ਦੀ ਅਕਲ ਅੰਨ੍ਹੀ ਤੇ ਬੋਲੀ ਹੋ ਜਾਂਦੀ ਹੈ (ਉਸ ਨੂੰ ਨਾ ਕਿਤੇ ਪਰਮਾਤਮਾ ਦਿਸਦਾ ਹੈ, ਨਾ ਹੀ ਉਸ ਦੀ ਸਿਫ਼ਤ ਸਾਲਾਹ ਉਹ ਸੁਣਦਾ ਹੈ) । ਉਸ ਨੂੰ ਜਨਮ ਮਰਨ ਦੇ ਗੇੜ ਦਾ ਦੁਖ ਵਾਪਰਦਾ ਰਹਿੰਦਾ ਹੈ ।

ਗੁਰਦੇਵ ਜੀ ਨੇ ਆਪਣੇ ਚਿਤਵੇ ਨਿਆਰੇ ਮਨੁੱਖ ਦੀ ਬੋਲ-ਬਾਣੀ ਵੀ ਹਰ ਪੱਖੋਂ ਨਿਆਰੀ ਬਣਾਉਣੀ ਸੀ । ਹਿੰਦੂ ਧਰਮ ਦੇ ਆਗੂ (ਬ੍ਰਾਹਮਣ) ਦੇ ਮੂੰਹ ਵਿਚ ਹੋਰ ਸੀ ਅਤੇ ਢਿੱਡ ਵਿਚ ਕੁਝ ਹੋਰ ਸੀ । **ਭੇਖ** ਸੰਤਾਂ ਵਾਲਾ ਤੇ **ਕਰਤੂਤ** ਲੁਟੇਰਿਆਂ ਵਾਲੀ, ਪੁਸ਼ਾਕ **ਦੇਵਤਿਆਂ** ਵਾਲੀ ਪਰ ਅੰਦਰ ਲੁਕੇ ਮਨੁੱਖ ਦਾ ਦਿਲ **ਦੈਂਤਾਂ ਵਾਲਾ,** ਦੇਖਣ ਨੂੰ **ਮੰਦਰ** ਪਰ ਅੰਦਰ **ਠੱਗ ?** ਗੁਰਦੇਵ ਜੀ ਨੇ ਬਿੱਪ੍ਰਨ ਕੀ ਰੀਤ ਦੇ ਇਸ ਠੱਗੀ ਫਰੇਬ ਵਾਲੇ **ਝੂਠ** ਅਥਵਾ **ਝੂਠ ਦੀ ਕਮਾਈ** ਦੇ ਜ਼ਹਿਰ ਨੂੰ ਮਨੁੱਖਤਾ ਲਈ ਸੱਭ ਤੋਂ ਵੱਧ ਹਾਨੀ ਕਾਰਕ ਜਾਤਾ । ਫ਼ੁਰਮਾਨ ਹੋਇਆ--**ਸੈਸਾਰੀ ਆਪਿ ਖੁਆਇਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥** [੧੪੫]-ਵਾਰ-੧੬ ਝੂਠੇ ਅਡੰਬਰਾਂ ਰਾਹੀਂ ਲੋਕਾਂ ਨੂੰ ਲੁੱਟਣ ਵਾਲੇ ਧਾਰਮਿਕ ਆਗੂਆਂ ਦੇ ਪਾਜ ਨੰਗਾ ਕਰ ਰਿਹਾ ਗੁਰਦੇਵ ਜੀ ਦਾ ਫ਼ੁਰਮਾਨ:-

੮- **ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥**
**ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ ੧ ॥**[੧੪੦]-ਵਾਰ-੫

**ਅਰਥ:**--(ਜੋ ਮਨੁੱਖ) ਝੂਠ ਬੋਲ ਕੇ ਆਪ ਤਾਂ ਦੂਜਿਆਂ ਦਾ ਹੱਕ ਖਾਂਦਾ ਹੈ ਤੇ ਹੋਰਨਾਂ ਨੂੰ ਸਿਖਿਆ ਦੇਣ ਜਾਂਦਾ ਹੈ । (ਕਿ ਝੂਠ ਨਹੀਂ ਬੋਲਣਾ ਚਾਹੀਦਾ) ਹੇ ਨਾਨਕ ! ਅਜੇਹਾ ਆਗੂ ਅੰਤ ਇਉਂ ਉੱਘੜਦਾ ਹੈ ਕਿ ਆਪ ਤਾਂ ਠੱਗਿਆ ਜਾ ਹੀ ਰਿਹਾ ਸੀ ਆਪਣੇ ਸਾਥੀਆਂ ਨੂੰ ਵੀ ਲੁਟਾਂਉਂਦਾ ।

ਗੁਰੂ ਨਾਨਕ ਸਾਹਿਬ ਜੀ ਬੜੇ ਮਿੱਠੇ ਅਤੇ ਨਿਰਾਲੇ ਢੰਗ ਨਾਲ ਸੱਚ ਤੋਂ ਟੁੱਟੇ ਮਨੁਖਾਂ ਦੀ ਹਾਲਤ ਦੱਸ ਕੇ ਕਲਿਆਨ ਕਾਰੀ ਬੋਲੀ ਬੋਲਣ ਦੀ ਜਾਚ ਦੱਸਦੇ ਹਨ :-

੯- **ਲਬੁ ਕੁਤਾ ਕੂੜੁ ਚੂੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ ॥**
**ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥ ਬਾਬਾ ਬੋਲੀਐ ਪਤਿ ਹੋਇ ॥**
**ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥**[੧੫]-੪

**ਅਰਥ:-** ਹੇ ਮੇਰੇ ਕਰਤਾਰ ! ਮੇਰੀਆਂ ਤੇ ਇਹ ਕਰਤੂਤਾਂ ਹਨ--ਖਾਣ ਦਾ ਲਾਲਚ ਮੇਰੇ ਅੰਦਰ ਕੁੱਤਾ ਹੈ (ਜੋ ਹਰ ਵੇਲੇ ਖਾਣ ਨੂੰ ਮੰਗਦਾ ਹੈ, ਭੌਂਕਦਾ ਹੈ), ਝੂਠ (ਬੋਲਣ ਦੀ ਵਾਦੀ ਮੇਰੇ ਅੰਦਰ) ਚੂਹੜਾ ਹੈ (ਜਿਸ ਨੇ ਮੈਨੂੰ ਬਹੁਤ ਨੀਵਾਂ ਕਰ ਦਿੱਤਾ ਹੈ), ਦੂਜਿਆਂ ਨੂੰ ਠੱਗ ਕੇ ਖਾਣਾ ਮੇਰੇ ਅੰਦਰ ਮੁਰਦਾਰ ਹੈ (ਜੋ ਸੁਆਰਥ ਦੀ ਬਦਬੂ ਵਧਾ ਰਿਹਾ ਹੈ), ਪਰਾਈ ਨਿੰਦਾ ਮੇਰੇ ਮੂੰਹ ਵਿਚ ਸਮੂਲਚੀ ਪਰਾਈ ਮੈਲ ਹੈ, ਕ੍ਰੋਧ-ਅੱਗ ਮੇਰੇ ਅੰਦਰ ਚੰਡਾਲ ਬਣੀ ਪਈ ਹੈ, ਮੈਨੂੰ ਕਈ ਚਸਕੇ ਹਨ, ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ **। ੧ ।** ਹੇ ਭਾਈ ! ਉਹ ਬੋਲ ਬੋਲਣਾ ਚਾਹੀਦਾ ਹੈ (ਜਿਸ ਨਾਲ ਪ੍ਰਭੂ ਦੀ ਹਜ਼ੂਰੀ ਵਿਚ) ਇੱਜ਼ਤ ਮਿਲੇ । ਉਹੀ ਮਨੁੱਖ ਅਸਲ ਵਿਚ ਚੰਗੇ ਹਨ, ਜੋ ਪ੍ਰਭੂ ਦੀ ਹਜ਼ੂਰੀ ਵਿਚ ਚੰਗੇ ਆਖੇ ਜਾਂਦੇ ਹਨ, ਮੰਦ-ਕਰਮੀ ਬੰਦੇ ਬੈਠੇ ਝੂਰਦੇ ਹੀ ਹਨ । ੧ । ਰਹਾਉ ।

ਝੂਠੀ ਮਾਇਆ ਦੇ ਮੋਹ ਵਿਚ ਫਸਿਆ ਝੂਠ ਬੋਲਣ ਵਾਲਾ ਮਨੁੱਖ ਦੀਨ ਅਤੇ ਦੁਨੀਆਂ ਵਲੋਂ ਆਪਣੀ ਇੱਜ਼ਤ ਗੁਆ ਬੈਠਦਾ ਹੈ। , ਜੋ ਨਿਰਾ ਛਲਾਵਾ, ਨਾਸਵੰਤ ਪਦਾਰਥ ਜੋ ਝੂਠ ਦਾ ਪ੍ਰਤੱਖ ਰੂਪ ਹਨ ਉਨ੍ਹਾਂ ਨਾਲ ਜੁੜੇ ਮਨੁੱਖ ਦਾ ਮਨ ਕਾਂ ਵਰਗਾ ਕਾਲਾ ਹੋ ਜਾਂਦਾ ਹੈ। ਅਜੇਹੇ ਮਨੁੱਖ ਦੀ ਹਾਲਤ ਦਰਸਾਉਣ ਉਪ੍ਰੰਤ ਮਿਹਰਾਂ ਦੇ ਮਾਲਕ ਗੁਰਦੇਵ ਜੀ ਦਾ ਫ਼ੁਰਮਾਨ:--

੧੦- **ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥**
**ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥ ੭ ॥**[੮੩੯]-ਥਿਤੀ

[ਨੋਟ:---ਇਸ ਗੁਰੂ-ਫ਼ੁਰਮਾਨ ਦੀ ਵਿਸਥਾਰ ਪੂਰਬਕ ਵਿਚਾਰ ਤੀਜੇ ਭਾਗ " ਕਾਗਉਂ ਹੋਇ ਨ ਊਜਲਾ " ਪ੍ਰਕਰਣ ਹੋ ਚੁੱਕੀ ਹੈ ]

" ਝੂਠ " (ਨਸਵੰਤ ਸੰਸਾਰਕ-ਪਦਾਰਥ) ਨਾਲ ਜੁੜਿਆਂ, ਝੂਠ ਬੋਲਣ ਦੀ ਆਦਤ ਪੈ ਜਾਂਦੀ ਹੈ ਜਿਸ ਤੋਂ ਮਨੁੱਖ ਦੇ ਆਤਮਕ ਜੀਵਨ ਦਾ ਨਾਸ ਹੋ ਜਾਂਦਾ ਹੈ । ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦਾ ਲੜ ਘੁੱਟ ਕੇ ਫੜ ਲੈਣ ਨਾਲ ਵਿਣਾਸ ਕਰਨ ਵਾਲੇ ਝੂਠ ਦੇ ਥਾਂ ਤੋੜ ਨਾਲ ਨਿਭਨ ਵਾਲੇ ਧਰਮ ਦੀ ਸੂਝ ਆ ਜਾਂਦੀ ਹੈ---**ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥**[੯੫੧੮) ਬੋਲ ਵਿਗਾੜਾਂ ਦਾ ਵਰਣਨ--

੧੧- **.... ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ॥**
**ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ॥**
**ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ॥**
**ਆਖਹਿ ਸੁਰਿ ਨਰ ਮੁਨਿ ਜਨ ਸੇਵ ॥ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ**
**ਜਾਹਿ॥ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ॥**
**ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥**
[੬]-ਜਪੁ

੧੨- **ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ॥**
**ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥**
**ਜਿਨ ਜੀਵੰਦਿਆਂ ਪਤਿ ਨਹੀ, ਮੁਇਆ ਮੰਦੀ ਸੋਇ ॥**

**ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥ ੧ ॥**[੧੨੪੨]-ਵਾਰ-੧੪

੨

# ਸਚੁ ਬੋਲ ਬੋਲਾਵੈ ਪਿਆਰੁ ॥

ਗੁਰਦੇਵ ਜੀ ਨੇ ਮਨੁੱਖ ਦੀ ਜਿੰਦਗੀ ਦਾ ਨਿਸ਼ਾਨਾ **ਸੱਚ** ਨਾਲ ਜੁੜਨ ਦਾ ਮਿਥ ਦਿੱਤਾ । ਪ੍ਰਭੂ ਦੇ ਪਰਚੱਲਤ ਨਾਮ ਸਭ ਦੇ ਸਭ ਕਿਰਤਮ ਦੱਸ ਕੇ ਪ੍ਰਭੂ ਨੂੰ **ਸਤਿ** ਅਥਵਾ **ਸੱਚ** ਮੰਨ ਲਿਆ । ਗੁਰੂ ਨਾਨਕ ਦਾ **ਸਤਿ** ਸਦੀਵੀ **ਸਚ** ਹੈ । **ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਸੱਚ** ਦਾ ਪੁਜਾਰੀ, ਝੂਠ ਅਥਵਾ ਨਾਸਵੰਤ ਦੇ ਨੇੜੇ ਕਿਵੇਂ ਜਾ ਸਕਦਾ ਹੈ ? ਸੱਚ ਨਾਲ ਜੁੜੇ ਹੋਏ ਸਚਿਆਰ ਮਨੁੱਖ ਅਤੇ ਉਸ ਦੇ ਆਚਰਨ ਦੀ ਝਲਕ ਇਸ ਫੁਰਮਾਨ ਤੋਂ ਪੈ ਰਹੀ ਹੈ :----

੧੩- **ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥**
**ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥ ੨ ॥**[੩੪]-੨੦-੫੩

**ਅਰਥ:**--ਜੇਹੜੇ ਮਨੁੱਖ ਸਚੇ (ਸਦਾ ਥਿਰ) ਪ੍ਰਭੂ ਦੀ ਸਿਫ਼ਤ-ਸਾਲਾਹ ਕਰਦੇ ਹਨ ਉਹ ਉਸ ਸੱਚੇ ਦਾ ਰੂਪ ਹੋ ਜਾਂਦੇ ਹਨ, ਪਰਮਾਤਮਾ ਦਾ ਸੱਚਾ (ਸਦਾ-ਥਿਰ) ਨਾਮ ਉਨ੍ਹਾਂ (ਦੀ ਜਿੰਦਗੀ) ਦਾ ਆਸਰਾ ਬਣ ਜਾਂਦਾ ਹੈ । ਜਿਨ੍ਹਾਂ ਨੇ ਸਿਮਰਨ ਦੀ ਇਹ ਸਚੀ (ਸਦਾ ਥਿਰ ਰਹਿਣ ਵਾਲੀ) ਕਾਰ ਕੀਤੀ ਹੈ, ਉਨ੍ਹਾਂ ਦਾ ਪਿਆਰ ਸਚੇ ਪ੍ਰਭੂ ਨਾਲ ਬਣ ਜਾਂਦਾ ਹੈ । (ਪਰਮਾਤਮਾ ਹੀ) ਸੱਚਾ (ਸਦਾ ਅਟੱਲ ਰਹਿਣ ਵਾਲਾ) ਸ਼ਾਹ ਹੈ (ਜਿਸ ਦਾ ਹੁਕਮ ਜਗਤ ਵਿਚ) ਚੱਲ ਰਿਹਾ ਹੈ, ਕੋਈ ਜੀਵ ਉਸ ਦਾ ਹੁਕਮ ਮੋੜ ਨਹੀਂ ਸਕਦਾ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਪਰਮਾਤਮਾ ਦਾ ਦਰ-ਘਰ ਨਹੀਂ ਲੱਭ ਸਕਦੇ, ਉਹ ਨਾਸਵੰਤ ਜਗਤ ਦੇ ਵਪਾਰੀ ਝੂਠੇ ਮੋਹ ਵਿਚ ਹੀ (ਆਤਮਕ ਜੀਵਨ ਦੀ ਰਾਸ ਪੂੰਜੀ) ਠਗਾ ਬੈਠਦੇ ਹਨ । ੨ ।

ਸਿੱਖ ਵਾਸਤੇ ਇਹ ਨਿਯਮ ਬਣ ਗਿਆ ਕਿ, **ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਏ ॥**(੪੯) ਸਚ ਨਾਲ ਜੁੜਿਆਂ ਵਿਕਾਰਾਂ ਦੀ ਮੈਲ ਨਹੀਂ ਟਿਕ ਸਕਦੀ । ਬਸ ਇਹੀ ਪੱਕਾ ਨਿਯਮ ਅਥਵਾ ਧਰਮ ਹੈ ਕਿ, **ਬੋਲੀਐ ਸਚੁ ਧਰਮੁ ਝੂਠ ਨ ਬੋਲੀਐ ॥**(੪੮੮) ਕਿਸੇ ਚਤੁਰਾਈ ਨੂੰ ਵਰਤ ਕੇ ਨਿਰੇ ਮੂੰਹ ਨਾਲ ਜ਼ਾਹਰਾ ਵਿਖਾਵੇ ਵਾਲਾ ਸੱਚ ਕਿਸੇ ਕੰਮ ਨਹੀਂ ਹਿਰਦੇ ਵਿਚ **ਸੱਚ** ਦਾ ਨਿਵਾਸ ਕਰੀ ਰੱਖਣ ਲਈ ਸਦਾ ਸੁਚੇਤ ਰਹਿਣਾ ਹੈ । ਕਿਉਂਕਿ ਸਤਿ ਪ੍ਰਭੂ ਦੀ ਪਛਾਣ ਹਿਰਦੇ ਵਿਚਲੇ ਸੱਚ ਦੇ ਕਾਰਨ ਹੀ ਆਉਣੀ ਹੈ--**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥** [੪੬੮] ਅਜੇਹੇ ਗੁਰਮੁਖ ਫਿਰ ਹਰ ਥਾਂ ਸਚ ਹੀ ਵੇਖਦੇ ਹਨ ਅਤੇ ਸਚ ਹੀ ਬੋਲਦੇ ਹਨ । ਜਿਸ ਦਾ ਫਲ ਇਹ ਮਿਲਦਾ ਹੈ ਕਿ ਉਹ ਸਚੁ ਦਾ ਹੀ ਸਰੂਪ ਹੋ ਜਾਂਦੇ ਹਨ--**ਸਚੁ ਵੇਖਣੁ ਸਚੁ ਬੋਲਣ ਤਨੁ ਮਨੁ ਸਚਾ ਹੋਏ ॥** [੬੯] ਗੁਰਮੁਖ ਦੀ ਏਹੀ ਸ੍ਰੇਸ਼ਟ ਕਰਣੀ ਹੈ--**ਹਿਰਦੈ ਸਚ ਏਹ ਕਰਣੀ ਸਾਰੁ** ॥[੧੩੪੩] ਦਸਮੇਸ਼ ਜੀ ਦਾ ਫੁਰਮਾਨ ਹੈ ਕਿ ਸਦਾ ਸੱਚ ਬੋਲਣ ਵਾਲੇ ਤੇ ਪਰਮਾਤਮਾ ਦੀ ਅਪਾਰ ਮਿਹਰ ਹੁੰਦੀ ਹੈ--**ਹਰ ਆਂ ਕਸ ਕਿਹ ਰਾਸਤ ਬਾਜ਼ੀ ਕੁਨਦ । ਰਹੀਮ, ਬਰ ਓ ਰਹਿਮ ਸਾਜ਼ੀ ਕੁਨਦ ।**

ਇਸ ਸ੍ਰੇਸ਼ਟ ਕਰਣੀ ਦੀ ਕਾਰ ਨੂੰ ਦ੍ਰਿੜ੍ਹ ਕਰਾਉਣ ਵਾਸਤੇ ਹੋਰ ਬੇਅੰਤ ਗੁਰੂ ਸ਼ਬਦ ਹਨ :--

੧੪- **ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥**
**ਸਚੁ ਬੋਲ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਸਾਰੁ ॥ ੭ ॥** [੧੩੪੫]-੫

**ਅਰਥ :**- ਜਿਸ ਮਨੁੱਖ ਨੇ ਪਰਮਾਤਮਾ ਦੇ ਡਰ-ਅਦਬ ਨੂੰ ਆਪਣੇ ਆਤਮਕ ਜੀਵਨ ਦਾ ਆਸਰਾ ਬਣਾ ਲਿਆ ਹੈ ਜਿਵੇਂ ਖਾਣ ਪੀਣ ਨੂੰ ਸਰੀਰ ਦਾ ਸਹਾਰਾ ਬਣਾਈਦਾ ਹੈ, ਉਹ ਮਨੁੱਖ ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ (ਮਾਇਆ ਦੇ ਮੋਹ ਦੇ ਸਮੁੰਦਰ ਦਾ) ਪਰਲਾ ਬੰਨਾ ਲੱਭ ਲੈਂਦਾ ਹੈ । ਉਹ ਮਨੁੱਖ ਸਚੇ (ਸਦਾ- ਥਿਰ-ਪ੍ਰਭੂ) ਦਾ ਨਾਮ ਸਿਮਰਦਾ ਹੈ, ਇਹ ਸੱਚ ਦੇ ਬੋਲ ਪ੍ਰਭੂ ਚਰਨਾਂ ਦਾ ਪਿਆਰ ਹੀ ਬੁਲਾਉਂਦਾ ਹੈ (ਭਾਵ, ਸਿਮਰਨ ਦੀ ਪ੍ਰੇਰਨਾ ਪ੍ਰਭੂ ਚਰਨਾ ਦੇ ਪਿਆਰ ਤੋਂ ਪੈਦਾ ਹੁੰਦੀ ਹੈ) ਗੁਰੂ ਦੇ ਸ਼ਬਦ-ਰੂਪੀ ਗਿਆਨ ਨੂੰ ਹਿਰਦੇ ਵਿਚ ਟਿਕਾ ਲੈਣਾ ਮਨੁੱਖ ਦੀ ਸ੍ਰੇਸ਼ਟ ਕਰਣੀ ਹੈ । ੭ ।

੧੫- **ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥ ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ**
**ਕੋਇ ॥ ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥ ੧ ॥ ਮਨ ਮੇਰੇ, ਸਚਾ ਸੇਵਿ ਜਿਚਰੁ ਸਾਸੁ ॥**
**ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥ ੧ ॥ ਰਹਾਉ ॥**[੪੯]-੧੯-੮੯

**ਅਰਥ:**--ਹੇ ਮੇਰੇ ਮਨ ! ਜਿਨਾ ਚਿਰ (ਤੇਰੇ ਸਰੀਰ ਵਿਚ) ਸਾਹ ਆਉਂਦਾ ਹੈ ਉਨਾ ਚਿਰ ਸਚੇ ਪਰਮਾਤਮਾ ਦਾ ਸਿਮਰਨ ਕਰ । ਸਦਾ ਥਿਰ ਰਹਿਣ ਵਾਲੇ ਪਰਮਾਤਮਾ ਤੋਂ ਬਿਨਾ ਹੋਰ ਸਾਰਾ ਝੂਠਾ ਪਰਪੰਚ ਹੈ, ਇਹ ਆਖ਼ਰ ਨੂੰ ਨਾਸ ਹੋ ਜਾਣ ਵਾਲਾ ਹੈ । ਰਹਾਉ । ਜ਼ਬਾਨ ਨਾਲ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰਨਾਂ ਚਾਹੀਦਾ ਹੈ, (ਸਿਮਰਨ ਦੀ ਬਰਕਤ ਨਾਲ) ਮਨ ਪਵਿੱਤ੍ਰ ਹੋ ਜਾਂਦਾ ਹੈ । (ਜਗਤ ਵਿਚ) ਮਾਂ ਪਿਉ ਆਦਿਕ ਬਥੇਰੇ ਸਾਕ-ਅੰਗ ਹੁੰਦੇ ਹਨ, ਪਰ ਉਸ ਪਰਮਾਤਮਾ ਤੋਂ ਬਿਨਾ ਹੋਰ ਕੋਈ (ਸਦਾ ਨਾਲ ਨਹੀਂ ਨਿਭਣ ਵਾਲਾ ਸੰਬੰਧੀ) ਨਹੀਂ ਹੁੰਦਾ । (ਸਿਮਰਨ ਵੀ ਉਸ ਦੀ ਮਿਹਰ ਨਾਲ ਹੀ ਹੋ ਸਕਦਾ ਹੈ ਉਸ ਦੀ ਮਿਹਰ ਲੈਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੇ ਤੁਰਨ ਦੀ ਲੋੜ ਹੈ, ਫਿਰ) ਉਹ ਪ੍ਰਭੂ ਜਦ ਆਪਣੀ ਮਿਹਰ ਕਰਦਾ ਹੈ, ਤਾਂ ਉਹ ਜੀਵ ਨੂੰ ਰਤਾ ਭਰ ਸਮੇ ਲਈ ਵੀ ਨਹੀਂ ਭੁੱਲਦਾ । ੧ ।

ਪਰਮਾਤਮਾ ਦੇ ਰੂਪ ਗੁਰੂ ਦੇ ਹੁਕਮ ਵਿਚ ਤੁਰਿਆਂ ਗੁਰੂ-ਸ਼ਬਦ ਦੀ ਵਿਚਾਰ ਰੂਪੀ ਸੁੱਚਾ ਰਤਨ ਪ੍ਰਾਪਤ ਹੋ ਜਾਣ ਨਾਲ ਮਨੁੱਖਾ ਜਨਮ ਸਫ਼ਲਾ ਹੋ ਜਾਂਦਾ ਹੈ:--

੧੬- **ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨੁ ਵਸੈ ਨਿਹਚਲ ਮਤਿ ਅਪਾਰੁ ॥**
**ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ ਜਿਹਵਾ ਸਚੀ ਮਨੁ ਸਚਾ ਸਚਾ ਸਰੀਰੁ ਅਕਾਰੁ ॥**
**ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰ ॥ ੧ ॥**[੮੩]-ਵਾਰ-੧

**ਅਰਥ**:--(ਸਭ) ਰਾਗਾਂ ਵਿਚੋਂ ਸ੍ਰੀ ਰਾਗ (ਤਦ ਹੀ ਸ੍ਰੇਸ਼ਟ) ਹੈ , ਜੇ (ਇਸ ਦੀ ਰਾਹੀਂ ਜੀਵ) ਸਦਾ ਥਿਰ ਨਾਮ ਵਿਚ ਪਿਆਰ (ਲਿਵ) ਜੋੜੇ, (ਨਹੀਂ ਤਾਂ ਨਿਰਾ ਰਾਗ ਕੰਨ-ਰਸ ਹੈ) ਹਰੀ ਸਦਾ ਮਨ ਵਿਚ ਵੱਸੇ ਤੇ ਅਪਾਰ ਪ੍ਰਭੂ ਨੂੰ (ਯਾਦ ਕਰਨ ਵਾਲੀ) ਬੁੱਧੀ ਅਚੱਲ (ਭਟਕਣਾਂ ਤੋ ਮੁਕਤ) ਹੋ ਜਾਏ । (ਇਸ ਦਾ ਸਿੱਟਾ ਇਹ ਹੁੰਦਾ ਹੈ ਕਿ) ਗੁਰਬਾਣੀ ਦੀ ਵਿਚਾਰ ਰੂਪੀ ਅਮੋਲਕ ਰਤਨ ਪ੍ਰਾਪਤ ਹੁੰਦਾ ਹੈ, ਜੀਭ ਸੱਚੀ, ਮਨ ਸੱਚਾ ਤੇ ਮਨੁੱਖਾ-ਜਨਮ ਹੀ ਸਫ਼ਲ ਹੋ ਜਾਂਦਾ ਹੈ । ਪਰ, ਹੇ ਨਾਨਕ ! ਇਹ ਸੱਚਾ ਵਪਾਰ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਸਦਾ ਥਿਰ ਪ੍ਰਭੂ ਦੇ ਰੂਪ ਗੁਰੂ ਦੇ ਹੁਕਮ ਵਿਚ ਤੁਰੀਏ । ੧ ।

੧੭- **ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥**
**ਰਹਹਿ ਅਤੀਤ ਸਚੇ ਸਰਣਾਈ ॥ ੧ ॥** [੨੨੮]-੧੫ ॥

**ਅਰਥ**:-ਜਿਹੜੇ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਰਜ਼ਾ ਦੇ ਮਾਲਕ ਪ੍ਰਭੂ ਦੇ ਹੁਕਮ ਵਿਚ ਤੁਰਦੇ ਹਨ, ਉਹ ਸਦਾ ਥਿਰ ਪ੍ਰਭੂ ਦੀ ਸਰਨ ਵਿਚ ਰਹਿ ਕੇ ਮਾਇਆ ਦੇ ਪ੍ਰਭਾਵ ਤੋਂ ਉਤਾਂਹ ਰਹਿੰਦੇ ਹਨ, ਇਸ ਵਾਸਤੇ ਉਹ **ਰਤਾ ਵੀ ਝੂਠ ਨਹੀਂ ਬੋਲਦੇ**, ਉਹ ਸਦਾ **ਅਟੱਲ ਰਹਿਣ ਵਾਲੇ ਬੋਲ** ਹੀ ਬੋਲਦੇ ਹਨ । ੧ ।

ਆਦਿ-ਸੱਚ ਨਾਲ ਪਿਆਰ ਪੈ ਗਿਆ ਫਿਰ ਹਰ ਥਾਂ ਸੱਚ ਹੀ ਸੱਚ ਦਿਸਦਾ ਹੈ। ਸੱਚ ਨਾਲ ਜੁੜੇ ਮਨੁੱਖ ਦਾ ਆਚਰਨ ਉੱਚਾ ਹੋ ਜਾਂਦਾ ਹੈ। ਉਸ ਨੂੰ ਦੁਨੀਆਂ ਦਾ ਕੋਈ ਹੋਰ ਪਦਾਰਥ ਸਚ-ਆਚਾਰ ਨਾਲੋਂ ਚੰਗਾ ਨਹੀਂ ਲਗਦਾ। ਸਤਿ ਨਾਲ ਜੁੜੇ ਹੋਏ ਅਤੇ ਸਦਾ ਸੱਚ ਬੋਲਣ ਵਾਲੇ ਮਨੁੱਖ ਦੇ ਬਚਨ ਸਦੀਵੀ ਸਚਾਈ ਵਾਲੇ ਬਣ ਜਾਂਦੇ ਹਨ। ਭਾਵ, ਪ੍ਰਭੂ ਦੇ ਅਜੇਹੇ ਪਿਆਰੇ ਸਦਾ ਬੋਲਦੇ ਹੀ ਉਹ ਬਚਨ ਹਨ ਜਿਹੜੇ ਅਟੱਲ ਸਚਾਈ ਵਾਲੇ ਹੁੰਦੇ ਹਨ:--

੧੮- **ਨਾਨਕ, ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥**
**ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ .....੧੨ ॥**[੩੦੬]-ਵਾਰ

**ਅਰਥ**:--ਹੇ ਨਾਨਕ ! ਸੰਤ (ਆਪਣੀ) ਵਿਚਾਰ ਦੱਸਦੇ ਹਨ ਤੇ ਚਾਰੇ ਵੇਦ (ਭਾਵ, ਪੁਰਤਨ ਧਰਮ ਪੁਸਤਕ ਵੀ ਏਹੀ ਗੱਲ) ਆਖਦੇ ਹਨ ਕਿ ਭਗਤ ਜਨ ਜੋ ਬਚਨ ਮੂੰਹੋਂ ਬੋਲਦੇ ਹਨ ਉਹ ਸਹੀ ਹੁੰਦੇ ਹਨ । ਭਗਤ ਸਾਰੇ ਜਗਤ ਵਿਚ ਉੱਘੇ ਹੋ ਜਾਂਦੇ ਹਨ । ਉਨ੍ਹਾਂ ਦੀ ਸੋਭਾ ਸਾਰੇ ਲੋਕ ਸੁਣਦੇ ਹਨ ।

ਹੇ ਸੱਚੇ ਪਿਤਾ ਸਤਿਗੁਰੂ ਜੀਓ ! ਆਪ ਦਾ ਫ਼ੁਰਮਾਨ ਹੈ--**ਅਸੀਂ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥** [੨੪] ਅਸੀ ਜੀਵ ਬੜਬੋਲੇ ਹਾਂ, ਅਸੀ ਫਿਕੇ ਬੋਲ ਬੋਲ ਦਿੰਦੇ ਹਾਂ ਪਰ ਤੂੰ ਮਿਹਰ ਦੀ ਨਿਗਾਹ ਨਾਲ ਪਰਖਦਾ ਹੈ। ਸੋ ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ! ਮਿਹਰ ਕਰੋ ਤੇ ਸਾਨੂੰ ਅਜੇਹੇ ਬੋਲ ਬੋਲਣੇ ਸਿਖਾ ਦਿਉ ਜਿਸ ਨਾਲ ਅਸੀਂ ਤੇਰੇ ਸੱਚ ਦੇ ਲੜ ਲੱਗਣ ਜੋਗੇ ਬਣ ਜਾਈਏ। **ਬਾਬਾ, ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥** [੮੭੦] ਸੱਚੇ ਪਾਤਿਸ਼ਾਹ ਸਾਨੂੰ ਸਮਰਥਾ ਬਖ਼ਸ਼ ਕਿ, ਤੂੰ ਜਿਹੋ ਜਿਹੀ ਮਤਿ ਦੇਵੇਂ ਅਸੀਂ ਉਹੀ ਬੋਲ ਬੋਲੀਏ--**ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ ॥ ੨ ॥**[੬੬੭]-੨

੩

# ਫਿਕਾ ਬੋਲਿ ਵਿਗੁਚਣਾ ॥

੧੯- **ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥**
**ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥ ੩ ॥**[੧੫]-੪

**ਅਰਥ** :- ਉਹੀ ਬੋਲ ਬੋਲਿਆ ਹੋਇਆ ਸੁਚੱਜਾ ਹੈ ਜਿਸ ਦੇ ਬੋਲਣ ਨਾਲ (ਪ੍ਰਭੂ ਦੀ ਹਜ਼ੂਰੀ ਵਿਚ) ਆਦਰ ਮਿਲਦਾ ਹੈ । ਹੇ ਮੂਰਖ ਅੰਞਾਣ ਮਨ ! ਸੁਣ, ਫਿੱਕਾ (ਨਾਮ ਰਸ ਤੋਂ ਸੱਖਣਾ) ਬੋਲ ਬੋਲਿਆਂ ਖ਼ੁਆਰ ਹੋਈਦਾ ਹੈ (ਭਾਵ, ਜੇ ਸਾਰੀ ਉਮਰ ਨਿਰੀਆਂ ਉਹੀ ਗੱਲਾਂ ਕਰਦੇ ਰਹੀਏ ਜੋ ਪ੍ਰਭੂ ਦੀ ਯਾਦ ਤੋਂ ਖ਼ਾਲੀ ਹੋਣ ਤਾਂ ਦੁਖੀ ਹੀ ਰਹੀਦਾ ਹੈ) ਪ੍ਰਭੂ ਦੀ ਸਿਫ਼ਤ ਤੋਂ ਬਿਨਾਂ ਹੋਰ ਗੱਲਾਂ ਵਿਅਰਥ ਹਨ । ਜੋ ਮਨੁੱਖ (ਪ੍ਰਭੂ ਦੀ ਸਿਫ਼ਤ-ਸਾਲਾਹ ਕਰ ਕੇ) ਉਸ ਪ੍ਰਭੂ ਨੂੰ ਪਿਆਰੇ ਲਗਦੇ ਹਨ ਉਹੀ ਚੰਗੇ ਹਨ । ੩ ।

ਕਿਸੇ ਦਾ ਦਿਲ ਦੁਖਾਉਂਣ ਨੂੰ ਗੁਰਮਤਿ ਉਗ੍ਰ ਪਾਪ ਮੰਨਦੀ ਹੈ । ਠੱਗੀ, ਚੋਰੀ, ਕਤਲ, ਡਾਕਾ ਆਦਿ ਜਿਹੇ ਅਪਰਾਧਾਂ ਦੇ ਕਾਰਨ ਵੀ ਮਨੁੱਖ ਦਾ ਦਿਲ ਦੁਖੀ ਹੁੰਦਾ ਹੈ ਪਰ ਮੰਦੇ ਸ਼ਬਦਾਂ ਨਾਲ ਮਨੁੱਖ ਦਾ ਹਿਰਦਾ ਬਹੁਤ ਪੀੜਤ ਹੁੰਦਾ ਹੈ । ਕਹਾਵਤ ਹੈ ਕਿ ਤਲਵਾਰ ਦਾ ਫੱਟ ਮਿਟ ਜਾਂਦਾ ਹੈ ਪਰ ਮੰਦੇ ਬੋਲ ਦਾ ਜ਼ਖਮ ਨਹੀਂ ਮਿਟਦਾ । ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਬੋਲ-ਬਾਣੀ ਸੁਆਰਨ ਦਾ ਯਤਨ ਅਰੰਭਿਆ । ਪਹਿਲਾ ਉਪਦੇਸ਼ ਇਹ ਹੈ ਕਿ ਜਿੰਨਾ ਚਿਰ ਵੀ ਦੁਨੀਆਂ ਵਿਚ ਰਹਿਣਾ ਹੈ ਸਿਖਿਆ ਲੈਣ ਲਈ ਦੂਜਿਆਂ ਨਾਲ ਗੱਲ ਬਾਤ ਜ਼ਰੂਰ ਕਰਦੇ ਰਹਿਣਾ ਹੈ । ਕੁਝ ਕਹੋ ਅਤੇ ਕੁਝ ਅਗਲੇ ਦੀ ਸੁਣੋ--**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥**[੬੬੦]-੫ ਸਾਨੂੰ ਸਦਾ ਹੀ ਯਾਦ ਰੱਖਣ ਚਾਹੀਦਾ ਹੈ ਕਿ ਫਿੱਕਾ ਬਚਨ ਅਥਵਾ ਮੰਦਾ ਬੋਲ ਕਿਸੇ ਨੂੰ ਕਦੇ ਨਹੀਂ ਕਹਿਣਾ। ਸਤਿਗੁਰਾਂ ਦਾ ਫ਼ੁਰਮਾਨ ਹੈ ---**ਮੰਦਾ ਕਿਸੇ ਨ ਆਖਿ ਝਗੜਾ ਪਾਵਣਾ ॥** {੫੬੫] ਸਰਬ-ਕਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲਣ ਵਾਸਤੇ ਸਾਨੂੰ ਸਰਬ-ਸ੍ਰੇਸ਼ਟ ਨਿਯਮ ਸਮਝਾਉਣ ਲਈ ਫ਼ੁਰਮਾਨ ਕਰਦੇ ਹਨ :-

੨੦- **ਇਕ ਫਿਕਾ ਨਾ ਗਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**[੧੩੮੪]

(ਨੋਟ=ਪਾਪ ਪੁੰਨ ਵਿਚਾਰਦਿਆਂ ਇਸ ਸਲੋਕ ਦੇ ਅਰਥ ੧੨ਵੇਂ ਨੰਬਰ ਤੇ ਲਿਖੇ ਹੋਏ ਹਨ )੫੩

੨੧- **ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥**
**ਫਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ੧ ॥**[੪੭੩]-ਵਾਰ-੨੦

**ਅਰਥ**:--ਹੇ ਨਾਨਕ ! ਜੇ ਮਨੁੱਖ ਰੁਖੇ ਬਚਨ ਬੋਲਦਾ ਰਹੇ, ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁਖੇ ਹੋ ਜਾਂਦੇ ਹਨ ਭਾਵ, ਮਨੁੱਖ ਦੇ ਅੰਦਰੋਂ ਪ੍ਰੇਮ ਉੱਡ ਜਾਂਦਾ ਹੈ । ਰੁਖਾ ਬੋਲਣ ਵਾਲਾ ਲੋਕਾਂ ਵਿਚ ਰੁੱਖਾ ਮਸ਼ਹੂਰ ਹੋ ਜਾਂਦਾ ਹੈ ਤੇ ਲੋਕ ਵੀ ਉਸ ਨੂੰ ਰੁੱਖੇ ਬਚਨਾ ਨਾਲ ਹੀ ਯਾਦ ਕਰਦੇ ਹਨ । ਰੁੱਖਾ (ਭਾਵ ਪ੍ਰੇਮ ਤੋਂ ਸੱਖਣਾ) ਮਨੁੱਖ ਪ੍ਰਭੂ ਦੀ ਦਰਗਾਹ ਤੋ ਰਦਿਆ ਜਾਂਦਾ ਹੈ ਅਤੇ ਉਸ ਦੇ ਮੂੰਹ ਉਤੇ ਥੁਕਾਂ ਪੈਂਦੀਆਂ ਹਨ (ਭਾਵ, ਫਿਟਕਾਰਾਂ ਪੈਂਦੀਆਂ ਹਨ । (ਪ੍ਰੇਮ-ਹੀਣ) ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ, ਪ੍ਰੇਮ ਤੋਂ ਸੱਖਣੇ ਨੂੰ ਜੁਤੀਆਂ ਦੀ ਮਾਰ ਪੈਂਦੀ ਹੈ (ਭਾਵ, ਹਰ ਥਾਂ ਸਦਾ ਉਸ ਦੀ ਬੜੀ ਬੇਇਜ਼ਤੀ ਹੁੰਦੀ ਹੈ) ।੧।

੨੨- **ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥**
**ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥ ੫ ॥** [੧੦੪੭]-੪

**ਅਰਥ:**-ਖੋਟੀ ਮਤ ਵਾਲੀ ਜੀਵ-ਇਸਤ੍ਰੀ ਝੂਠ ਅਥਵਾ ਭੈੜ ਵਿਚ ਮਸਤ ਰਹਿ ਕੇ ਮਾਨੋ ਭੈੜ ਦਾ ਅੱਡਾ ਬਣੀ ਰਹਿੰਦੀ ਹੈ, ਅਤੇ ਸਦਾ ਔਗਣਾ ਨਾਲ ਭਰੀ ਰਹਿੰਦੀ ਹੈ । ਉਸ ਦੀ ਮਤ ਸਦਾ (ਵਿਕਾਰਾਂ ਵਿਚ) ਥਿੜਕਦੀ ਹੈ, ਉਹ ਮੂੰਹੋਂ ਫਿੱਕਾ ਭਾਵ ਖਰਵਾ ਬੋਲਦੀ ਹੈ । ਖੋਟੀ ਮਤ ਦੇ ਕਾਰਨ ਉਸ ਨੂੰ ਪ੍ਰਭੂ ਦਾ ਨਾਮ ਨਸੀਬ ਨਹੀਂ ਹੁੰਦਾ ।

੨੩- **ਦੋਹਾਗਣੀ ਮਹਲੁ ਨ ਪਾਇਨੀ ਨ ਜਾਣਨਿ ਪਿਰ ਕਾ ਸੁਆਉ ॥**
**ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ ੧ ॥** [੪੨੬]-੮-੩੦

**ਅਰਥ:**--ਮੰਦੇ ਭਾਗਾਂ ਵਾਲੀਆਂ ਜੀਵ ਇਸਤ੍ਰੀਆਂ ਪ੍ਰਭੂ ਪਤੀ ਦਾ ਟਿਕਾਣਾ ਨਹੀਂ ਲੱਭ ਸਕਦੀਆਂ, ਉਹ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਨਹੀਂ ਜਾਣ ਸਕਦੀਆਂ । ਉਹ ਫਿਕਾ ਬੋਲਦੀਆਂ ਹਨ, ਲਿਫਣਾ ਨਹੀਂ ਜਾਣਦੀਆਂ, ਮਾਇਆ ਦਾ ਪਿਆਰ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਪਿਆਰ ਬਣਿਆ ਰਹਿੰਦਾ ਹੈ । ੧ ।

੨੪- **ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥**
**ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥**
**ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥ ੨ ॥** [੫੯੩]-ਵਾਰ-੧੯

**ਅਰਥ:**--ਜਿਸ ਮਨੁੱਖ ਨੂੰ ਸਤਿਗੁਰ ਦੇ ਸ਼ਬਦ ਵਿਚ ਰਸ ਨਹੀਂ ਆਉਂਦਾ, ਨਾਮ ਵਿਚ ਜਿਸ ਦਾ ਪਿਆਰ ਨਹੀਂ ਜੁੜਿਆ, ਉਹ ਮਨੁੱਖ ਜੀਭ ਨਾਲ ਫਿੱਕੇ ਬਚਨ ਹੀ ਬੋਲਦਾ ਹੈ ਤੇ ਸਦਾ ਖ਼ੁਆਰ ਹੁੰਦਾ ਹੈ, (ਪਰ) ਹੇ ਨਾਨਕ ! (ਉਸ ਦੇ ਵੀ ਕੀ ਵੱਸ ?) (ਪਿਛਲੇ ਕੀਤੇ ਕੰਮਾ ਦੇ) ਉੱਕਰੇ ਸੰਸਕਾਰਾਂ ਅਨੁਸਾਰ ਉਸ ਨੂੰ (ਹੁਣ ਵੀ ਇਹੋ ਜਿਹੀ ਹੀ) ਕਾਰ ਕਰਨੀ ਪੈਂਦੀ ਹੈ, ਕੋਈ ਮਨੁੱਖ (ਉਸ ਦੇ ਸੰਸਕਾਰਾਂ ਨੂੰ) ਮਿਟਾ ਨਹੀਂ ਸਕਦਾ । ੨ । [ ਨੋਟ:--ਏਹੀ ਸਲੋਕ ੭੯੧ ਅੰਕ ਤੇ ਦੂਜੀ ਵਾਰੀ ਆਇਆ ਹੈ ]

੨੫- **ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ ਮਨਮੁਖ ਅੰਧੇ ਸਾਦੁ ਨ ਪਾਵਹਿ ॥**
**ਅਨ ਰਸ ਰਾਤੀ ਰਸਨਾ ਫੀਕੀ ਬੋਲੇ, ਹਰਿ ਰਸੁ ਮੂਲਿ ਨ ਤਾਹਾ ਹੇ ॥ ੧੨ ॥** [੧੦੫੮]-੫-੧੬

**ਅਰਥ:**--ਜਿਹੜੇ ਮਨੁੱਖ ਹਿਰਦੇ-ਘਰ ਵਿਚ ਵੱਸ ਰਹੇ ਨਾਮ-ਪਦਾਰਥ ਨੂੰ ਛੱਡ ਕੇ ਬਾਹਰ ਭਟਕਦੇ ਫਿਰਦੇ ਹਨ, ਉਹ ਮਨ ਦੇ ਮੁਰੀਦ ਅਤੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਹਰਿ-ਨਾਮ ਦਾ ਸੁਆਦ ਨਹੀਂ ਮਾਣ ਸਕਦੇ । ਹੋਰ ਹੋਰ ਸੁਆਦਾਂ ਵਿਚ ਮਸਤ ਉਨ੍ਹਾਂ ਦੀ ਜੀਭ ਫਿੱਕੇ ਬੋਲ ਬੋਲਦੀ ਰਹਿੰਦੀ ਹੈ, ਪਰਮਾਤਮਾ ਦੇ ਨਾਮ ਦਾ ਸੁਆਦ ਉਨ੍ਹਾਂ ਨੂੰ ਬਿਲਕੁਲ ਨਹੀਂ ਹੁੰਦਾ । ੧੨ ।

੨੬- **ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥**
**ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥ ੨ ॥**[੧੩੩੧-੧੩

**ਅਰਥ:**--(ਮੋਹ ਦੇ ਜਾਲ ਵਿਚ ਫਸ ਕੇ) ਮਨੁੱਖ ਜੋ ਕੁਝ ਖਾਂਦਾ ਹੈ ਉਹ ਵੀ (ਆਤਮਕ ਜੀਵਨ ਲਈ) ਜ਼ਹਿਰ ਹੈ ਜੋ ਕੁਝ ਉਹ ਬੋਲਦਾ ਹੈ ਉਹ ਵੀ ਜ਼ਹਿਰ, ਜੋ ਕੁਝ ਕਰਦਾ ਕਮਾਉਂਦਾ ਹੈ ਉਹ ਵੀ ਜ਼ਹਿਰ ਹੀ ਹੈ । (ਅਜੇਹੇ ਬੰਦੇ ਆਖ਼ਰ) ਜਮ ਰਾਜ ਦੇ ਬੂਹੇ ਤੇ ਬੱਧੇ ਹੋਏ (ਮਾਨਸਕ ਦੁਖਾਂ) ਤੋਂ ਮਾਰ ਖਾਂਦੇ ਹਨ । (ਇਨ੍ਹਾਂ ਮਾਨਸਕ ਦੁਖਾਂ ਤੋਂ) ਉਹੀ ਖਲਾਸੀ ਹਾਸਲ ਕਰਦਾ ਹੈ ਜੋ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਵਿਚ ਜੁੜਦਾ ਹੈ । ੨ ।

੨੭- **ਜਲਉ ਇਹ ਜਿਹਵਾ ਦੂਜੈ ਭਾਇ ॥ ਹਰਿ ਰਸੁ ਨ ਚਾਖੈ ਫੀਕਾ ਆਲਾਇ ॥**
**ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ ਬਿਨੁ ਨਾਵੈ ਦੁਖੀਆ ਚਲਿਆ ਰੋਇ ॥ ੨ ॥**[੧੫੮]--੩-੨੩

੨੮- **ਵਿਣੁ ਨਾਵੈ ਹੋਰ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ ਮਨਮੁਖ ਅਹੰਕਾਰੁ ਸਲਾਹਦੇ**
**ਹਉਮੈ ਮਮਤਾ ਵਾਦੁ ॥ ਜਿਨ ਸਾਲਾਹਿਨ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥**
**ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥ ੧ ॥**[੩੦੧]-ਵਾਰ-੨

## ੪

# ਮੰਦਾ ਕੋ ਨ ਅਲਾਏ ॥

**ਮੰਦਾ ਬੋਲਣਾ** ਅਥਵਾ ਕਿਸੇ ਨੂੰ ਮੰਦਾ ਕਹਿਣਾ, ਸਤਿਗੁਰਾਂ ਨੇ ਪਸੰਦ ਨਹੀਂ ਕੀਤਾ:--

੨੯- **ਜਾ ਰਹਿਣਾ ਨਾਹੀ ਐਤੁ ਜਗਿ ਤਾ ਕੀਇਤੁ ਗਾਰਬਿ ਹੰਢੀਐ ॥ ਮੰਦਾ ਕਿਸੈ**
**ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥ ੧੯ ॥** [੪੭੩]-ਵਾਰ

੩੦- **ਗੁਰ ਮਿਲਿ ਪ੍ਰਭੂ ਚਿਤਾਰਿਆ ॥ ਕਾਰਜ ਸਭਿ ਸਵਾਰਿਆ ॥**
**ਮੰਦਾ ਕੋ ਨ ਅਲਾਏ ॥ ਸਭ ਜੈਜੈਕਾਰੁ ਸੁਣਾਏ ॥ ੧ ॥** [੬੨੭]-੯-੭੩

**ਅਰਥ:**--ਹੇ ਸੰਤ ਜਨੋ ! (ਜਿਸ ਮਨੁੱਖ ਨੇ) ਗੁਰੂ ਨੂੰ ਮਿਲ ਕੇ ਪਰਮਾਤਮਾ ਨੂੰ ਯਾਦ ਕਰਨਾ ਸ਼ੁਰੂ ਕਰ ਦਿੱਤਾ, ਉਸ ਨੇ ਆਪਣੇ ਸਾਰੇ ਕੰਮ ਸਵਾਰ ਲਏ । ਉਹ ਮਨੁੱਖ (ਕਿਸੇ ਨੂੰ) ਕੋਈ ਭੈੜੇ ਬੋਲ ਨਹੀਂ ਬੋਲਦਾ, ਉਹ ਸਾਰੀ ਲੁਕਾਈ ਨੂੰ ਪ੍ਰਭ ਦੀ ਸਿਫ਼ਤਿ ਸਾਲਾਹ ਸੁਣਾਉਂਦਾ ਹੈ (ਪ੍ਰਭੂ ਦੀਆਂ ਵਡਿਆਈਆਂ ਕਰਨ ਦੀ ਸੋਝੀ ਹੋਰਨਾ ਨੂੰ ਵੀ ਦਿੰਦਾ ਹੈ) । ੧ ।

੩੧- **ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਇ ॥ ੪ ॥** [੪੨੫] (੨)

**ਅਰਥ:**--ਜਗਤ ਵਿਚ ਸਾਰੇ ਜੀਵ ਜੰਤ ਉਸ ਪ੍ਰਭੂ ਦੇ ਹੀ ਬਣਾਏ ਹੋਏ ਹਨ, ਉਹ ਆਪ ਹੀ ਸਭਨਾ ਦਾ ਖ਼ਸਮ ਹੈ, ਕਿਸੇ ਵੀ ਜੀਵ ਨੂੰ ਮੰਦਾ ਨਹੀਂ ਕਿਹਾ ਜਾ ਸਕਦਲ (ਭੇੜਾ ਤਾਂ ਹੀ ਕਿਹਾ ਜਾ ਸਕਦਾ ਹੈ ਜਿ ਉਸ ਵਿਚ ਇੱਕ ਉਸੇ ਪ੍ਰਭੂ ਤੋਂ ਬਿਨਾ) ਕੋਈ ਹੋਰ ਵੱਸਦਾ ਹੋਵਰ । ੪ ।

੩੨- **ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਹਿਬ ਏਕੁ ॥**
**ਸਭਨਾ ਸਾਹਿਬ ਏਕੁ ਹੈ ਵੇਖੈ ਧੰਧੈ ਲਾਇ ॥ ਕਿਸ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥... ੧ ॥** [੧੨੩੮]-ਵਾ-੨

੩੩- **ਫ਼ਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**

**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥** [੧੩੮੧]

੩੪- **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥**
**ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ**
**ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥**
**ਵਾਰੀ ਖਸਮੁ ਕਢਾਏ ਕਿਰਤੁ ਕਮਾਵਣ ॥ ੩ ॥** [੫੬੬]-ਛੰਤ-੧

**ਅਰਥ**:--ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਖਸਮ-ਪ੍ਰਭੂ ਹਰੇਕ ਜੀਵ ਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ (ਪਿਛਲੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਬਣਾਉਂਦਾ ਹੈ, ਇਸ ਵਾਸਤੇ) ਕਿਸੇ ਮਨੁੱਖ ਨੂੰ ਭੈੜਾ ਆਖ ਆਖ ਕੇ ਕੋਈ ਝਗੜਾ ਖੜਾ ਨਹੀਂ ਕਰਨਾ ਚਾਹੀਦਾ (ਮਨੁੱਖ ਪ੍ਰਭੂ ਦੇ ਬਣਾਏ (ਨੀਯਮ ਰੂਪ=) ਹੁਕਮ ਵਿਚ ਹੀ ਭੈੜਾ ਬਣਿਆ ਹੈ । ਭੈੜੇ ਨੂੰ ਨਿੰਦਿਆਂ ਸਿਰਜਣਹਾਰ ਨਾਲ ਝਗੜਾ ਹੈ । (ਸੋ, ਹੇ ਭਾਈ !) ਮਾਲਕ ਪ੍ਰਭੂ ਨਾਲ ਝਗੜਾ ਨਹੀਂ ਪਾਉਣਾ ਚਾਹੀਦਾ ।ਇਸ ਤਰ੍ਹਾਂ ਤਾਂ ਆਪਣੇ ਆਪ ਨੂੰ ਆਪ ਹੀ (ਵਞਾਵਣਾ =) ਤਬਾਹ ਕਰ ਲਈਦਾ ਹੈ ।

ਜਿਸ ਮਾਲਕ ਦੇ ਆਸਰੇ ਜੀਊਣਾ ਹੈ ਉਸੇ ਨਾਲ ਹੀ ਬਰਾਬਰੀ ਕਰਕੇ (ਜੇ ਦੁੱਖ ਪ੍ਰਾਪਤ ਹੋਇਆ ਤਾਂ ਫਿਰ ਉਸੇ ਪਾਸ) ਜਾ ਕੇ ਪੁਕਾਰ ਕਰਨ ਦਾ ਕੋਈ ਲਾਭ ਨਹੀਂ ਹੋ ਸਕਦਾ । ਪਰਮਾਤਮਾ ਜੋ (ਸੁਖ ਦੁਖ) ਦੇਂਦਾ ਹੈ ਉਹ (ਖਿੜੇ-ਮੱਥੇ) ਸਹਾਰਨਾ ਚਾਹੀਦਾ ਹੈ, ਗਿਲ੍ਹਾ-ਗੁਜ਼ਾਰੀ ਨਹੀਂ ਕਰਨੀ ਚਾਹੀਦੀ, ਗਿਲ੍ਹਾ-ਗੁਜ਼ਾਰੀ ਕਰ ਕੇ ਵਿਅਰਥ ਬੋਲ-ਬੁਲਾਰਾ ਨਹੀਂ ਕਰਨਾ ਚਾਹੀਦਾ । (ਅਸਲ ਗੱਲ ਇਹ ਹੈ ਕਿ) ਸਾਡੇ ਕੀਤੇ ਕਰਮਾਂ ਅਨੁਸਾਰ ਖ਼ਸਮ-ਪ੍ਰਭੂ ਸਾਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ । ੩ ।

ਜੇ ਮੰਦਾ ਕਹਿਣਾ ਹੀ ਤਾਂ ਆਪਣੇ ਆਪ ਦੇ ਅੰਦਰੀਆਂ ਬੁਰਿਆਈਆਂ ਵੱਲ ਧਿਆਨ ਮਾਰ ਕੇ ਆਪਣੇ ਆਪ ਨੂੰ ਮੰਦਾ ਕਹਿਣ ਦੀ ਵਡੀ ਲੋੜ ਹੈ--**ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥ ੪ ॥** [੯੯੧]

੩੫- **ਕਾਰਨ ਕਰਨ ਤੂੰ ਹਾਂ ॥ ਅਵਰੁ ਨਾ ਸੁਝੈ ਮੂੰ ਹਾਂ ॥ ਕਰਹਿ ਸੁ ਹੋਈਐ ਹਾਂ ॥**
**ਸਹਜਿ ਸੁਖਿ ਸੋਈਐ ਹਾਂ ॥ ਧੀਰਜ ਮਨਿ ਭਏ ਹਾਂ ॥ ਪ੍ਰਭ ਕੈ ਦਰਿ ਪਏ ਮੇਰੇ ਮਨਾ ॥**
**੧॥ ਰਹਾਉ ॥ ਸਾਧੂ ਸੰਗਮੇ ਹਾਂ ॥ ਪੂਰਨ ਸੰਜਮੇ ਹਾਂ ॥ ਜਬ ਤੇ ਛੁਟੇ ਆਪ ਹਾਂ ॥**
**ਤਬ ਤੇ ਮਿਟੇ ਤਾਪ ਹਾਂ ॥ ਕਿਰਪਾ ਧਾਰੀਆ ਹਾਂ ॥ ਪਤਿ ਰਖ ਬਨਵਾਰੀਆ, ਮੇਰੇ ਮਨਾ ॥ ੧ ॥**
**ਇਹੁ ਸੁਖੁ ਜਾਨੀਐ ਹਾਂ ॥ ਹਰਿ ਕਰੇ ਸੁ ਮਾਨੀਐ ਹਾਂ ॥ ਮੰਦਾ ਨਾਹਿ ਕੋਇ ਹਾਂ ॥**
**ਸੰਤ ਕੀ ਰੇਨ ਹੋਇ ਹਾਂ ॥ ਆਪੇ ਜਿਸੁ ਰਖੈ ਹਾਂ ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ ॥ ੨ ॥**
**ਜਿਸ ਕਾ ਨਾਹਿ ਕੋਇ ਹਾਂ ॥ ਤਿਸ ਕਾ ਪ੍ਰਭੂ ਸੋਇ ਹਾਂ ॥ ਅੰਤਰਗਤਿ ਬੁਝੈ ਹਾਂ ॥**
**ਸਭੁ ਕਿਛੁ ਸੁਝੈ ਹਾਂ ॥ ਪਤਤਿ ਉਧਾਰਿ ਲੇਹੁ ਹਾਂ ॥ ਨਾਨਕ ਅਰਦਾਸਿ ਏਹੁ ਮੇਰੇ ਮਨਾ ॥ ੩ ॥**

[੪੧੦]-੬-੧੬੨

## ੫
# ਮਿੱਠਾ ਬੋਲਣਾ

ਮਨੁੱਖ ਨੂੰ ਮਿਠੇ ਬਚਨ ਬੋਲਣ ਵਾਲਾ ਬਨਾਉਣ ਲਈ ਸਤਿਗੁਰਾਂ ਨੇ ਪਰਮਾਤਮਾ ਨੂੰ ਅਜੇਹਾ ਮਿਠ ਬੋਲੜਾ ਹੋਣਾ ਦੱਸਿਆ, ਜੋ ਕਦੇ ਕੌੜਾ ਬਚਨ ਬੋਲੱਣਾ ਜਾਣਦਾ ਹੀ ਨਹੀਂ ਹੈ । ਕਿੱਡਾ ਵੀ ਪਾਪੀ ਮਨੁੱਖ ਜਦ ਸੱਚੇ ਦਿਲੋਂ ਉਸ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਮਿਠ ਬੋਲੜਾ ਪ੍ਰਭੂ ਉਸ ਦੇ ਪਿਛਲੇ ਅਉਗੁਣ ਨਹੀਂ ਚਿਤਾਰਦਾ :-

੩੬- **ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ**
**॥ ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ**
**ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥**
**ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥ ੧ ॥** [੭੮੪]-ਛੰਤ-੧-੧੧

**ਪਦਅਰਥ**:--ਸੰਮਲਿ--ਚੇਤਾ ਕਰ ਕਰ ਕੇ । ਕਉਰਾ--ਕੌੜਾ (ਬੋਲ) । ਬੋਲ ਨ ਜਾਨੈ--ਬੋਲਣਾ ਜਾਣਦਾ ਹੀ ਨਹੀਂ । ਚਿਤਾਰੇ--ਚੇਤੇ ਰੱਖਦਾ । ਪਤਿਤ ਪਾਵਨੁ--ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ । ਬਿਰਦੁ--ਮੁੱਢ ਕਦੀਮਾਂ ਦਾ ਸੁਭਾਉ । ਤਿਲੁ--ਰਤਾ ਭਰ ਵੀ । ਘਾਲੇ--ਕੀਤੀ ਘਾਲ ਨੂੰ, ਕਿਸੇ ਦੀ ਕੀਤੀ ਮਿਹਨਤ ਨੂੰ । ਘਟ--ਸਰੀਰ । ਅੰਮ੍ਰਿਤ--ਆਤਮਕ ਜੀਵਨ ਦੇਣ ਵਾਲਾ । ੧ ।

ਜਿਹੜਾ ਵੀ ਮਨੁੱਖ ਹੰਕਾਰ ਵਾਲੀ ਆਪਣੀ ਮਤ ਤਿਆਗ ਕੇ ਗੁਰੂ (ਗ੍ਰੰਥ ਸਾਹਿਬ) ਦੇ ਗਿਆਨ ਅਨੁਸਾਰ ਆਪਣੀ ਜਿੰਦਗੀ ਢਾਲ ਲੈਂਦਾ ਹੈ, ਤਾਂ ਮਿਠੇ ਪ੍ਰਭੂ ਨਾਲ ਉਸ ਦਾ ਮੇਲ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਗੁਰੂ ਨੇ ਉਸ ਦੀ ਬਾਂਹ ਫੜ ਕੇ ਆਪ ਕਰਾਇਆ ਹੋਵੇ : -

੩੭- **ਮੇਰੈ ਮਨਿ ਮਿਸਟਿ**[੧] **ਲਗੇ ਪ੍ਰਿਅ ਬੋਲਾ ॥** ੧= ਮਿੱਠੇ ।
**ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ ॥ ੧ ॥ ਰਹਾਉ ॥**[੧੨੧੧]-੧੩-੩੬

ਗੁਰੂ ਦੀ ਦੱਸੀ ਨਾਮ ਸਿਮਰਨ ਵਾਲੀ ਕਾਰ ਤੋਂ ਖੁੰਝਿਆ ਹੋਇਆ ਮਨੁੱਖ ਫਿੱਕੇ ਬਚਨ ਬੋਲਦਾ ਹੈ--**ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮ ਨ ਵਸੈ ਮਨ ਆਇ ॥**(੫੫੨) ਪ੍ਰਭੂ-ਪਤੀ ਨੂੰ ਜੀਵ ਇਸਤ੍ਰੀ ਕਿਵੇਂ ਪਾ ਸਕਦੀ ਹੈ ? ਇਹ ਭੇਤ ਫ਼ਰੀਦ ਸਾਹਿਬ ਜੀ ਸਮਝਾਉਂਦੇ ਹਨ :--

੩੮- **ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥ ੧੨੭ ॥**[੧੩੮੪]

**ਅਰਥ** :- ਹੇ ਭੈਣੇ ! (ਹੇ ਜੀਵ ਇਸਤ੍ਰੀ ਭੈਣੇ !) ਨਿਉਂਣਾ (ਨਿਮਰਤਾ) ਅੱਖਰ ਹੈ, (ਕਿਸੇ ਦੀ ਵਧੀਕੀ) ਸਹਾਰਣਾ ਗੁਣ ਹੈ, (ਹਰ ਸਥਿਤੀ ਵਿਚ ਅਤੇ ਹਰ ਇੱਕ ਨਾਲ) **ਮਿੱਠਾ ਬੋਲਣਾ ਸ਼ਿਰੋਮਣੀ ਮੰਤ੍ਰ ਹੈ ।** ਜੇ ਇਹ ਤਿੰਨ ਵੇਸ ਕਰ ਲਵੇਂ ਤਾਂ ਤੇਰਾ ਖ਼ਸਮ ਤੇਰੇ ਵਿਚ ਆ ਵਸੇਗਾ ।

੩੯- **ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥**
**ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥ ੨ ॥**[੩੧]-੧੩-੪੬

**ਅਰਥ**:--ਸਦਾ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸੁਹਾਗਣਾਂ ਵਾਂਗ ਹਨ, ਉਹ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ, ਉਹ (ਸਭਨਾਂ ਨਾਲ) ਮਿੱਠੇ ਬੋਲ ਬੋਲਦੇ ਹਨ, ਨਿਉਂ ਕੇ ਤੁਰਦੇ ਹਨ (ਗ਼ਰੀਬੀ ਸੁਭਾਵ ਵਾਲੇ ਹੁੰਦੇ ਹਨ), ਉਨ੍ਹਾਂ ਦੇ ਹਿਰਦੇ-ਸੇਜ ਨੂੰ ਪ੍ਰਭੂ ਮਾਂਣਦਾ ਹੈ । ਜਿਨ੍ਹਾਂ ਮਨੁੱਖਾਂ ਨੇ ਗੁਰੂ ਦਾ ਅਤੁੱਟ ਪਿਆਰ (ਆਪਣੇ ਹਿਰਦੇ ਵਿਚ ਵਸਾਇਆ ਹੈ) ਉਹ ਉਨ੍ਹਾਂ ਸੁਹਾਗਣਾਂ ਵਾਂਗ ਹਨ ਜਿਨ੍ਹਾਂ ਸੋਭਾ ਖੱਟੀ ਹੈ । ੨ ।

ਮਨੁੱਖਤਾ ਦਾ ਕਲਿਆਨ ਕਰਨ ਆਏ ਸਤਿਗੁਰੂ ਜੀ ਦੇ ਹਿਰਦੇ ਅੰਦਰ ਉਨ੍ਹਾਂ ਮਨਮੁਖਾਂ ਵਾਸਤੇ ਵੀ ਤਰਸ ਸੀ ਜਿਹੜੇ ਗੁਰਦੇਵ ਜੀ ਦੇ ਬਚਨ ਨਹੀਂ ਸੁਣਦੇ ਅਥਵਾ ਸੁਣ ਕੇ ਪੱਲੇ ਨਹੀਂ ਬਨ੍ਹਦੇ :-

੪੦- **ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥**
**ਅਸਤੁ ਉਦੋਤੁ ਭਇਆ ਉਠਿ ਚਲੇ, ਜਿਉ ਜਿਉ ਅਉਧ ਵਿਹਾਣੀਆ ॥ ੧ ॥**[੧੦੧੯]-੨-੮-੧੨-੨੦

**ਅਰਥ**:--(ਜਿਵੇਂ ਸੂਰਜ ਡੁੱਬਣ ਵੇਲੇ ਅਨੇਕਾਂ ਪੰਛੀ ਕਿਸੇ ਰੁੱਖ ਉੱਤੇ ਆ ਬੈਠਦੇ ਹਨ, ਏਸੇ ਤਰ੍ਹਾਂ) ਇਸ ਆਕਾਸ਼-ਰੁੱਖ ਹੇਠ ਸਾਰੇ ਜੀਵ-ਜੰਤ ਆ ਇਕੱਠੇ ਹੁੰਦੇ ਹਨ, ਕਈ ਖਰ੍ਹਵੇ ਬੋਲ ਬੋਲਦੇ ਹਨ ਅਤੇ ਕਈ ਮਿਠੇ ਬੋਲ ਬੋਲਦੇ ਹਨ । ਡੁੱਬਾ ਹੋਇਆ ਸੂਰਜ ਜਦੋਂ ਅਕਾਸ਼ ਵਿਚ ਮੁੜ ਚੜ੍ਹ ਪੈਂਦਾ ਹੈ ਤਾਂ (ਪੰਛੀ ਰੁੱਖ ਉਤੋਂ) ਉੱਡ ਜਾਂਦੇ ਹਨ (ਤਿਵੇਂ ਹੀ) ਜਿਉਂ ਜਿਉਂ ਜੀਵਾਂ ਦੀ ਉਮਰ ਮੁੱਕ ਜਾਂਦੀ ਹੈ (ਪੰਛੀ ਵਾਂਗ ਹੀ ਏਥੋਂ ਕੂਚ ਕਰ ਜਾਂਦੇ ਹਨ) । ੧ ।

੪੧- **ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥ ਅਨਦਿਨੁ ਜਾਗੈ ਕਦੇ ਨ ਸੋਵੈ**
**ਸਹਜੇ ਅੰਮ੍ਰਿਤੁ ਪਿਆਉ ॥ ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥**
**ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖ ਪਾਉ ॥ ੨ ॥**[੮੫੩]-ਵਾਰ-੯

**ਅਰਥ**:--ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਵਿਤ੍ਰ ਨਾਮ ਵੱਸਦਾ ਹੈ ਉਹ ਆਤਮਕ ਮੌਤ ਨੂੰ ਮੁਕਾ ਕੇ ਮਨ ਦੇ ਮਾਇਕ ਫੁਰਨੇ ਨੂੰ ਮਨ ਵਿਚ ਹੀ ਦੱਬ ਦਿੰਦਾ ਹੈ । ਉਹ ਮਨੁੱਖ (ਮਾਇਆ ਦੇ ਹੱਲਿਆਂ ਵਲੋਂ) ਹਰ ਵੇਲੇ ਸੁਚੇਤ ਰਹਿੰਦਾ ਹੈ, ਕਦੇ ਉਹ (ਗ਼ਫਲਤ ਦੀ ਨੀਂਦ ਵਿਚ) ਨਹੀਂ ਸੌਂਦਾ । ਆਤਮਕ ਅਡੋਲਤਾ ਵਿਚ ਟਿਕ ਕੇ ਪਰਮਾਤਮਾਂ ਦਾ ਨਾਮ-ਅੰਮ੍ਰਿਤ (ਉਸ ਦੀ) ਖ਼ੁਰਾਕ ਹੁੰਦਾ ਹੈ । ਉਹ ਮਨੁੱਖ ਸਦਾ ਮਿੱਠਾ ਬੋਲਦਾ ਹੈ, (ਸਤਿਗੁਰੂ ਦੀ) ਆਤਮਕ ਜੀਵਨ ਦੇਣ ਵਾਲੀ ਬਾਣੀ ਦੀ ਰਾਹੀਂ ਉਹ ਹਰ ਵੇਲੇ ਪਰਮਾਤਮਾਂ ਦੇ ਗੁਣ ਗਾਉਂਦਾ ਹੈ । ਏਹੋ ਜਿਹੇ ਮਨੁੱਖ ਪਰਮਾਤਮਾ ਦੇ ਚਰਨਾਂ ਵਿਚ ਟਿਕੇ ਰਹਿੰਦੇ ਹਨ, ਉਨ੍ਹਾਂ ਦਾ ਜੀਵਨ ਸੋਹਣਾ ਬਣ ਜਾਂਦਾ ਹੈ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, ਇਹੋ ਜਿਹੇ ਮਨੁੱਖਾਂ ਨੂੰ ਮਿਲ ਕੇ ਮੈਂ ਵੀ ਆਨੰਦ ਮਾਣਦਾ ਹਾਂ । ੨ ।

ਫੋਕਟ ਕਰਮ-ਕਾਂਡੀ ਬ੍ਰਾਹਮਣ ਦੇ ਮਿਠੇ ਬੋਲ ਵੀ, ਪ੍ਰਭੂ ਨੂੰ ਚੰਗੇ ਨਹੀਂ ਲੱਗੇ :--

੪੨- **ਪੂਜਾ ਵਰਤ ਤਿਲਕ ਇਸਨਾਨਾ, ਪੁੰਨ ਦਾਨ ਬਹੁ ਦੈਨ ॥**
**ਕਹੂੰ ਨ ਭੀਜੈ ਸੰਜਮ ਸੁਆਮੀ, ਬੋਲਹਿ ਮੀਠੇ ਬੈਨ ॥ ੧ ॥**[੬੭੪]-੧੩

**ਅਰਥ**:--(ਬਰਾਹਮਣਲੋਕ) ਦੇਵ-ਪੂਜਾ ਕਰਦੇ ਹਨ, ਵਰਤ ਰੱਖਦੇ ਹਨ, ਮੱਥੇ ਤੇ ਤਿਲਕ ਲਾਉਂਦੇ ਹਨ, ਤੀਰਥਾਂ ਤੇ ਇਸ਼ਨਾਨ ਕਰਦੇ ਹਨ, ਬੜੇ ਦਾਨ-ਪੁੰਨ ਕਰਦੇ ਹਨ, ਮਿਠੇ ਬੋਲ ਬੋਲਦੇ ਹਨ, ਪਰ ਅਜੇਹੀ ਕਿਸੇ ਵੀ ਜੁਗਤ ਨਾਲ ਮਾਲਕ-ਪ੍ਰਭੂ ਖ਼ੁਸ਼ ਨਹੀਂ ਹੁੰਦਾ । ੧ ।

## ੬

# ਬਚਨਾਂ ਦਾ ਪੱਕਾ ਹੋਣਾ

ਬਚਨ ਕਰਕੇ ਮੁੱਕਰ ਜਾਣ ਵਾਲਾ ਮਨੁੱਖ ਬੜੇ ਦਿਲਾਂ ਨੂੰ ਪ੍ਰੇਸ਼ਾਨ ਅਥਵਾ ਦੁਖੀ ਕਰਨ ਦਾ ਪਾਪ ਕਰਦਾ ਹੈ । ਅਜੇਹੇ ਬੇ-ਜ਼ਬਾਨੇ ਮਨੁੱਖ ਬਾਰੇ ਸਤਗੁਰਾਂ ਦਾ ਫ਼ੁਰਮਾਨ:---

੪੩- **ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥**
**ਬਚਨ ਕਰੈ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ੨ ਕੂੜਿਆਰੁ ਕੂੜੀ ਸਭੁ**
**ਖਚਾ ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ**
**॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥ ੧੫ ॥**[੧੦੯੯]-ਵਾਰ

**ਅਰਥ**:--ਜਿਸ ਮਨੁੱਖ ਨੇ ਨਿਰਭਉ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ ਤੇ ਜੋ ਮਾਇਆ ਵਿਚ ਹੀ ਮਸਤ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਅਨੇਕਾਂ ਜੂਨਾਂ ਵਿਚ ਭਟਕਦਾ ਹੈ । (ਮਾਇਆ ਵਿਚ ਖੱਚਤ ਮਨੁੱਖ ਜੇ ਕੋਈ) ਬਚਨ ਕਰਦਾ ਹੈ ਤਾਂ ਉਸ ਤੋਂ ਫਿਰ ਜਾਂਦਾ ਹੈ, ਸਦਾ ਝੂਠੀ ਗੱਲ ਕਰਦਾ ਹੈ । ਉਹ ਝੂਠਾ ਆਪਣੇ ਮਨ ਵਿਚੋਂ ਖ਼ਾਲੀ ਹੁੰਦਾ ਹੈ (ਉਸ ਦੀ ਨੀਅਤ ਪਹਿਲਾਂ ਹੀ ਮਾੜੀ ਹੁੰਦੀ ਹੈ, ਇਸ ਵਾਸਤੇ) ਉਸ ਦੀ (ਹਰੇਕ ਗੱਲ) ਝੂਠੀ ਹੁੰਦੀ ਹੈ, ਗੱਪ ਹੁੰਦੀ ਹੈ । ਅਜੇਹਾ ਬੰਦਾ ਝੂਠੇ ਲਾਲਚ ਵਿਚ ਫਸ ਕੇ ਨਿਰਵੈਰ ਬੰਦੇ ਨਾਲ ਵੀ ਵੈਰ ਕਮਾ ਲੈਂਦਾ ਹੈ, ਮੁੱਢ ਤੋਂ ਹੀ ਉਸ ਦੇ ਲਾਲਚੀ ਕੰਮਾਂ ਦੇ ਕਾਰਨ ਉਹ ਪ੍ਰਭੂ ਵਲੋਂ ਮੁਰਦਾ ਹੋ ਚੁੱਕਾ ਹੁੰਦਾ ਹੈ (ਉਸ ਦੀ ਜ਼ਮੀਰ ਮਰ ਚੁੱਕੀ ਹੁੰਦੀ ਹੈ) ਅਜੇਹਾ ਮਨੁੱਖ ਆਤਮਕ ਮੌਤੇ ਮਰਿਆ ਸਦਾ ਦੁਖੀ ਹੁੰਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਪ੍ਰਭੂ ਦੇ ਦਰ ਤੇ ਧਰਮ ਦਾ ਨਿਆਂ ਹੀ ਹੁੰਦਾ ਹੈ । ੧੫ ।

ਬੇਜ਼ੁ-ਬਾਨੇ ਬੰਦੇ ਵਿਚ ਉੱਪਰ ਵਰਣਨ ਸਾਰੇ ਐਬ ਹੁੰਦੇ ਹਨ । ਜਿਸਦੇ ਮੂੰਹ ਵਿਚ ਹੋਰ ਹੈ ਅਤੇ ਢਿਡ ਵਿਚ ਕੁਝ ਹੋਰ ਹੁੰਦਾ ਹੈ ਅਜੇਹਾ ਮਨੁੱਖ ਭਾਵੇਂ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਦਾ ਪੱਕਾ ਰਹਿਤੀ ਵੀ ਹੈ, ਉਸ ਦੀ ਪਰਮਾਤਮਾ ਨਾਲ ਕਦੇ ਸੱਚੀ ਪ੍ਰੀਤ ਨਹੀਂ ਬਣ ਸਕਦੀ :--

੪੪- **ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥**
**ਜਿਨਿ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥**[੪੮੮]-੧

**ਪਦ ਅਰਥ**:--ਮੁਹਬਤਿ ਜਿੰਨ੍--ਜਿਨ੍ਹਾਂ ਦੀ ਮਹੱਬਤ । ਸਚਿਆ--ਸੱਚਾ ਪਿਆਰ ਕਰਨ ਵਾਲੇ । ਕਾਂਢੇ--ਕਹੇ ਜਾਂਦੇ ਹਨ । ਮਨਿ ਹੋਰੁ ॥ ਕਚਿਆ--ਜੋ ਮਨੋ ਪ੍ਰੀਤ ਕਰਨ ਦਾ ਅਰਥ ਹੀ ਨਹੀਂ ਜਾਣਦੇ, ਪ੍ਰਤਿ ਦਾ ਡਰਾਮਾ ਕਰਨ ਵਾਲੇ ਲੋਕਾਂ ਨੂੰ ਸੁਣਾ ਸੁਣਾ ਕੇ ਨਿਰਾ ਮੂੰਹ ਨਾਲ ਪਾਠਾਂ ਤੇ ਹੀ ਜੋਰ ਪਾਈ ਰੱਖਣ ਵਾਲੇ । (ਕੱਚਾ--ਜੋ ਪੱਕਾ ਨਾ ਹੋਵੇ । ਜਿਸ ਦੇ ਮਨ ਵਿਚ ਨਿਸਚਾ ਨਹੀ-**ਜੋ ਹੁਕਮ ਨ ਬੂਝੈ ਖਸਮ ਕਾ ਸੋਈ ਨਰ ਕਚਾ ॥**(ਵਾਰ ਮਾਰੂ ੧ ਮ: ੩) । ਝੂਠਾ, ਪ੍ਰਤਿਗਿਆ ਭੰਗ ਕਰਨ ਵਾਲਾ। **ਨਾਨਕ ਕਚੜਿਆ ਸਿਉ ਤੋੜ ॥** ਬਿਨਸਨ ਹਾਰ-।

੩੫- **ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠ ਬੋਲਾਇ ॥**
**ਕਪਟਿ ਕੀਤੇ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥**[੫੧੨]-ਵਾਰ-੧੦

ਦਿਲ ਦੇ ਕਪਟੀ ਮਨੁੱਖ ਤੇ ਗੁਰੂ-ਪਰਮੇਸ਼ਰ ਕਦੇ ਪ੍ਰਸੰਨ ਨਹੀਂ ਹੋ ਸਕਦੇ, ਅਜੇਹਾ ਦੁਬਾਜਰਾ ਮਨੁੱਖ ਸਤਿਗੁਰਾਂ ਦੀ ਕਿਰਪਾ ਦਾ ਪਾਤਰ ਕਦੇ ਨਹੀਂ ਬਣ ਸਕਦਾ । ਢੱਡ ਵਿਚ ਹੋਰ ਅਤੇ ਮੂੰਹੋਂ ਹੋਰ ਕਹਿਣ ਵਾਲੇ ਨੂੰ ਅਥਵਾ ਬਚਨ ਕਰਕੇ ਮੁੱਕਰ ਜਾਣ ਵਾਲੇ ਬੰਦੇ ਨੂੰ ਆਪਣਾ ਸਿੱਖ ਸਮਝਣਾ ਤਾਂ ਦੂਰ ਦੀ ਗੱਲ ਹੈ, ਲਗ਼ੀਧਰ ਪਿਤਾ ਜੀ, ਅਜੇਹੇ ਘਟੀਆਂ ਆਚਰਨ ਵਾਲੇ ਮਨੁੱਖ ਨੂੰ ਮਨੁੱਖ ਹੀ ਨਹੀਂ ਸਮਝਦੇ-- **ਹਮੂੰ ਮਰਦ ਬਾਇਦ ਸ਼ਵੱਦ ਸੁਖ਼ਨਵਰ । ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ।** ਭਾਵ, ਮਰਦ ਕੇਵਲ ਉਹੀ ਹੈ ਜੋ ਬਚਨਾਂ ਦਾ ਪੱਕਾ ਹੈ, ਢਿੱਡ ਵਿਚ ਹੋਰ ਤੇ ਮੂੰਹੋਂ ਹੋਰ ਹੋਣਾ ਮਨੁੱਖਤਾ ਦੇ ਨਾ ਤੇ ਕਲੰਕ ਹੈ--

ਜਿਹੜਾ ਕੌਲ ਇਕਰਾਰ ਕਰ ਹਾਰ ਜਾਏ, ਲੈਣਾ ਦੁਸ਼ਟ ਮਰਦੂਦ ਦਾ ਨਾ ਕਾਹਨੂੰ ।
ਇੱਜ਼ਤ ਵੇਚ ਕੇ ਫਿਰੇ ਬੇਇਜ਼ਤ ਹੋਇਆ, ਮਰੇ, ਕਰੇ ਖ਼ਾਲੀ, ਰੋਕੀ **ਥਾਂ** ਕਾਹਨੂੰ ।
ਭਲਾ ਦੇਸ ਤੇ ਕੌਮ ਦਾ ਸੋਚਿਆ ਨਾ, ਬਿਰਥਾ ਭਾਰ ਚਾਇਆ, ਜਣਿਆਂ ਮਾਂ ਕਾਹਨੂੰ ।
ਬੇਸ਼ਕ ਸੀਸ ਜਾਏ ਬਚਨ ਹਾਰੀਏ ਨਾ, ਜੇਕਰ ਪਾਲਣਾ ਨਹੀਂ, ਕਰਨੀ ਹਾਂ ਕਾਹਨੂੰ ।

ਉਪ੍ਰੋਕਤ ਪੰਜਾਬੀ ਦੇ ਕਵਿਤਾ-ਬੰਦ ਵਾਂਗ ਹੀ ਕਿਸੇ ਉਰਦੂ ਦੇ ਸ਼ਾਇਰ ਨੇ ਨਿਆਰੀ ਰਹਿਣੀ ਵਾਲੇ ਗੁਰਸਿੱਖ ਦੀ ਜ਼ਬਾਨ ਬਾਰੇ ਆਪਣੀਆਂ ਭਾਵਨਾਵਾਂ ਇਉਂ ਪਰਗਟ ਕੀਤੀਆਂ ਹਨ:--

ਗਿਰੇ ਜੁ ਆਸਮਾਂ ਨੀਚੇ, ਜ਼ਮੀਨ ਉਲਟੀ ਪਲਟ ਜਾਏ ।
ਕਮਰ੧ ਆਪਣੀ ਜਗਾਹ ਛੋੜੇ ਯਾ ਖੁਰਸ਼ੀਦ੨ ਭੀ ਹੱਟ ਜਾਏ । ੧=ਚੰਦ । ੨=ਸੂਰਜ ।
ਸਮੁੰਦਰ ਹਸਤੀ ਲੇਕਰ ਖੁਦ, ਕੂਜ਼ਾ ਮੇ ਸਿਮੱਟ ਜਾਏ ।
ਫ਼ਲਕ ਪਿਹ ਫ਼ੌਜੇ ਅੰਜਮਨ ਖੁਦ ਭਿੜ ਕੇ ਆਪਸ ਮੇ ਕੱਟ ਜਾਏ । ਫ਼ਲਕ=ਆਸਮਾਨ । ਅੰਜਮਨ=ਸਿਤਾਰੇ, ਨਛੱਤਰ ।
ਮਲਕ ਬਦਲੇ, ਮੁਲਕ ਬਦਲੇ, ਜ਼ਮੀਨੋ ਆਸਮਾਂ ਬਦਲੇ । ਮਲਕ=ਹਾਕਮ, ਰਾਜਾ । ਮੁਲਕ=ਦੇਸ਼ ।
**ਮਗਰ ਮੁਮਕਨ ਨਹੀਂ, ਕਿਸੀ ਸਿੱਖ ਕੀ ਜ਼ਬਾਂ ਬਦਲੇ ।**

ਆਉ, ਆਪਣੇ ਅੰਦਰ ਝਾਤੀ ਮਾਰੀਏ । ਆਪਣੇ ਆਪ ਨੂੰ ਸਿੱਖ ਸਮਝਣ ਵਾਲੇ ਅਸੀਂ ਕਿੰਨੇ ਕੁ ਹਾਂ ਜਿਹੜੇ ਸਦਾ ਸੱਚੀ ਗੱਲ ਕਰਦੇ ਹਾਂ ਅਤੇ ਆਪਣੇ ਬਚਨ ਤੋਂ ਪਿਛੇ ਕਦੇ ਨਹੀਂ ਹਟੇ । ਕੀ ਸਾਨੂੰ ਕਦੇ ਇਹ ਖ਼ਿਆਲ ਵੀ ਆਇਆ ਹੈ ਕਿ ਸਾਡੀਆਂ ਕਰਤੂਤਾਂ ਦੇ ਨਾਲ ਸਾਡੇ ਚੰਗੇ ਮਾੜੇ ਵਿਚਾਰਾਂ ਨੂੰ ਵੀ ਨਾਲੋ ਨਾਲ ਪੜ੍ਹ ਕੇ ਫੈਸਲਾ ਕਰੀ ਜਾਣ ਵਾਲਾ ਸੱਚਾ ਨਿਆਂਕਾਰੀ ਸਾਡੇ ਅੰਦਰ ਹੀ ਕਚਹਿਰੀ ਲਾਈ ਬੈਠਾ ਹੈ ?- **ਅੰਦਰਿ ਰਾਜਾ ਤਖਤ ਹੈ ਆਪੇ ਕਰੇ ਨਿਆਉ ॥**[੧੦੯੨] ਅਤੇ ਇਸ ਨਿਆਂ-ਕਾਰ ਦੀ ਕਚਹਿਰੀ ਵਿਚੋਂ ਅਸੀਂ ਕਿਸੇ ਤਰ੍ਹਾਂ ਵੀ ਦੌੜ ਭੱਜ ਦੇ ਨਿਕਲ ਨਹੀਂ ਸਕਦੇ। ਫਿਰ ਕੇਸਾਧਾਰੀ ਗੁਰਸਿੱਖ ਦੀ ਹਰ ਚੰਗੀ ਮਾੜੀ ਕਰਤੂਤ ਦਾ ਅਸਰ ਸਮੁੱਚੇ ਪੰਥ ਦੀ ਨੇਕਨਾਮੀ ਦਾ ਅਥਵਾ ਬਦਨਾਮੀ ਦਾ ਕਾਰਨ ਬਣਦੀ ਹੈ। ਸਿਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਆਪਣੇ ਸਤਿਗੁਰਾਂ ਨੂੰ ਆਪਣੇ ਅੰਗ ਸੰਗ ਸਮਝਣ ਦੀ ਗੱਲ, ਵੀ ਬੜੇ ਮਾਣ ਨਾਲ ਕਰਦੇ ਹਾਂ । ਤੇ ਫਿਰ--**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥** ਜੇ ਅਸੀਂ ਹਿਰਦੇ ਤੋਂ ਸਤਿਗੁਰਾਂ ਨੂੰ ਆਪਣੇ ਅੰਗ ਸੰਗ ਸਮਝਦੇ ਹੋਈਏ ਤਾਂ ਮੰਦਾ ਕਰਨ ਦੀ ਗੱਲ ਤਾਂ ਦੂਰ ਰਹੀ, ਅਸੀਂ ਆਪਣੇ ਮਨ ਵਿਚ ਕਦੇ ਕੋਈ ਮੰਦਾ ਵਿਚਾਰ ਵੀ ਨਾ ਆਉਣ ਦੇਈਏ । ਸਪੱਸ਼ਟ ਹੈ ਕਿ ਸਾਡੀ ਕਥਨੀ ਅਤੇ ਕਰਨੀ ਇੱਕ ਨਹੀਂ ਹੈ । ਫਿਰ ਇਹ ਵੀ ਸੱਚ ਸਮਝ ਲੈਣਾ ਚਾਹੀਦਾ ਹੈ ਕਿ ਸਤਿਗੁਰਾਂ ਦਾ ਉਪਰੋਕਤ ੮੫ ਨੰਬਰ ਤੇ ਆਇਆ ਪਾਵਨ ਬਚਨ--**ਜਿਨ੍ ਮਨ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥** ਸਾਢੇ ਲਈ ਹੀ ਹੈ । ਜਦ ਅਸੀਂ ਵਾਸਤਵ ਵਿਚ **ਹਾਂ ਹੀ ਕੱਚੇ** (=**ਝੂਠੇ**) ਫਿਰ ਸਤਿਗੁਰਾਂ ਦੇ **ਸੱਚੇ ਸਿੱਖ** ਅਸੀਂ ਕਿਵੇਂ ਅਖਵਾ ਸਕਦੇ ਹਾਂ ? ਸਿੱਖ ਸਮਝਣ ਦੀ ਗੱਲ ਕਿਤੇ ਰਹਿ ਗਈ ਦਸ਼ਮੇਸ਼ ਜੀ ਤਾਂ ਅਜੇਹੇ ਮਨੁੱਖ ਨੂੰ ਬੰਦਾ ਹੀ ਨਹੀਂ ਮੰਨਦੇ, ਜਿਸ ਦੇ ਮੂੰਹ ਵਿਚ ਹੋਰ ਤੇ ਢਿੱਡ ਵਿਚ ਕੁਝ ਹੋਰ ਹੋਵੇ:--

੪੬- **ਹਮੂੰ ਮਰਦ ਬਾਇਦ, ਸ਼ਵਦ ਸੁਖ਼ਨਵਰ ॥**
**ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥**[ਜ਼ਫ਼ਰ ਨਾਮਹ]

## ੭
## ਬੋਲਣਾ ਤਿਆਗਣਾ (ਮੋਨ ਬਰਤ ?)

ਗੱਲ ਬਾਤ ਕਰਨ ਦੀ ਜਿਸ ਪ੍ਰਕਾਰ ਦੀ ਸ਼ਕਤੀ, ਸਿਰਜਣਹਾਰ ਨੇ ਮਨੁੱਖ ਨੂੰ ਬਖ਼ਸ਼ਸ਼ ਕੀਤੀ ਹੈ, (ਆਪਣੇ ਮਨ ਦੇ ਭਾਵ ਦੂਜਿਆਂ ਤੱਕ ਪੁਚਾ ਸਕਣ ਦੀ) ਅਜੇਹੀ ਨਿਪੁੰਨ ਸ਼ਕਤੀ, ਧਰਤੀ ਦੇ ਕਿਸੇ ਵੀ ਹੋਰ ਜੀਵ ਕੋਲ ਨਹੀਂ ਹੈ । ਵਾਹਿਗੁਰੂ ਦੀ ਇਸ ਅਨਮੋਲ ਦਾਤ ਨੂੰ ਸੁਚੱਜੇ ਢੰਗ ਨਾਲ ਸੁਧਾਰ ਕੇ ਭਾਵ, ਆਪਣੀ ਗੱਲ-ਬਾਤ ਮਿੱਠੇ ਅਤੇ ਸੱਚਾਈ ਵਾਲੇ ਬਚਨਾਂ ਨਾਲ ਸ਼ਿੰਗਾਰ ਕੇ ਦੂਜਿਆਂ ਲਈ ਅਤੇ ਆਪਣੇ ਲਈ ਸੁਖ ਦਾ ਕਾਰਨ ਬਣਨ ਦੇ ਥਾਂ

ਬੋਲਣਾ ਤਿਆਗ ਕੇ ਮੋਨੀ ਬਣ ਬਹਿਣਾ, ਅਥਵਾ ਮੋਨ ਬਰਤ ਧਾਰ ਲੈਣਾ, ਪਰਮਾਤਮਾ ਦੀ ਦਾਤ ਨੂੰ ਅਸਵੀਕਾਰ ਕਰਨ ਦੀ ਹੈਂਕੜ ਹੈ, ਅਥਵਾ ਪਰਮਾਤਮਾਂ ਦੀ ਬੇ-ਅਦਬੀ ਕਰਨ ਤੁੱਲ ਹੈ। ਅਜੇਹ ਮੋਨੀ ਬਣੇ ਬੈਠੇ ਲੋਕਾਂ ਨੂੰ ਇਹ ਪ੍ਰਭਾਵ ਦੇ ਰਹੇ ਹੁੰਦੇ ਹਨ ਕਿ ਇਸ ਤਰ੍ਹਾਂ ਉਹ ਆਪਣੇ ਮਨ ਤੇ ਕਾਬੂ ਪਾ ਲੈਂਦੇ ਹਨ । ਪਰ, ਜਪੁ (ਜੀ ਸਾਹਿਬ) ਦੀ ਪਹਿਲੀ ਪਉੜੀ ਵਿਚ ਹੀ ਸਤਿਗੁਰਾਂ ਦਾ ਫ਼ਤਵਾ ਹੈ ਕਿ ਚੁੱਪ ਸਾਧ ਕੇ ਮਨ ਦੀ ਚੰਚਲਤਾ ਤੇ ਕਾਬੂ ਪਾਉਣ ਦੇ ਯਤਨ ਫੋਕੇ ਹਨ --**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰੁ ॥** ਭਾਵੇਂ ਅਜੇਹੇ ਲੱਖ ਯਤਨ ਕਰੇ ਪਰ ਮੂਹੋਂ ਚੁੱਪ ਬੈਠੇ ਮਨੁੱਖ ਦਾ ਮਨ ਕਦੇ ਸਥਿਰ ਨਹੀਂ ਰਹਿ ਸਕਦਾ। --

੪੭- **ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੁਤਾ ॥ [੪੬੭]- -੨ ॥**[੪੬੭]-ਵਾਰ-੯

**ਅਰਥ:**--ਚੁੱਪ ਵੱਟ ਕੇ ਅਥਵਾ ਮੋਨ ਧਾਰ ਕੇ, ਜੀਵਨ ਦੇ ਅਸਲੀ ਰਾਹ ਤੋਂ ਖੁੰਝਿਆ ਹੋਇਆ ਮਨੁੱਖ ਜੋ (ਮਾਇਆ ਦੀ ਨੀਂਦ ਵਿਚ) ਸੁਤਾ ਹੋਇਆ ਹੈ, ਉਹ ਭਲਾ ਗੁਰੂ ਤੋਂ ਬਿਨਾਂ ਕਿਵੇਂ ਜਾਗ ਸਕਦਾ ਹੈ ?

੪੮- **ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹਦਿਸ ਧਾਵੈ, ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥ ੫ ॥**[੧੦੧੩]-੭

**ਅਰਥ:**--ਕੋਈ ਸਿਰ ਮੁਨਾ ਲੈਂਦਾ ਹੈ, ਕੋਈ ਜਟਾਂ ਦਾ ਜੂੜਾ ਬੰਨ੍ਹ ਲੈਂਦਾ ਹੈ, ਤੇ ਮੋਨ ਧਾਰ ਕੈ ਬੈਠ ਜਾਂਦਾ ਹੈ (ਇਸ ਭੇਖ ਦਾ) ਮਾਣ (ਵੀ ਕਰਦਾ ਹੈ) । ਪਰ ਆਤਮਕ ਤੌਰ ਤੇ ਪ੍ਰਭੂ ਨਾਲ ਡੂੰਘੀ ਸਾਂਝ ਦੇ ਰੰਗ ਵਿਚ ਰੰਗੇ ਜਾਣ ਤੋਂ ਬਿਨਾ ਉਸ ਦਾ ਮਨ ਡੋਲਦਾ ਰਹਿੰਦਾ ਹੈ ਤੇ (ਮਾਇਆ ਦੀ ਤ੍ਰਿਸ਼ਨਾ ਵਿਚ ਹੀ) ਦਸੀਂ ਪਾਸੀਂ ਦੌੜਦਾ ਫਿਰਦਾ ਹੈ । (ਅੰਤਰ ਆਤਮੇ) ਮਾਇਆ ਦਾ ਪ੍ਰੇਮੀ (ਰਹਣ ਕਰਕੇ) ਪਰਮਾਤਮਾ ਦਾ ਨਾਮ-ਅੰਮਿਰਤ ਛੱਡ ਦਿੰਦਾ ਹੈ ਤੇ (ਮਾਇਆ ਦਾ ਉਹ) ਜ਼ਹਿਰ ਪੀਂਦਾ ਰਹਿੰਦਾ ਹੈ (ਜੋ ਇਸ ਦੇ ਆਤਮਕ ਜੀਵਨ ਨੂੰ ਮਾਰ ਮੁਕਾਉਂਦਾ ਹੈ) । (ਪਰ ਇਸ ਮਨੁੱਖ ਦੇ ਕੀ ਵੱਸ) ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ ਅੰਦਰੋਂ ਮੁੱਕਦਾ ਨਹੀਂ, (ਉਨ੍ਹਾਂ ਸੰਸਕਾਰਾਂ ਦੇ ਅਸਰ ਹੇਠ ਜੀਵ) ਪਰਮਾਤਮਾ ਦੀ ਰਜ਼ਾ ਨੂੰ ਨਹੀਂ ਸਮਝ ਸਕਦਾ, (ਇਸ ਤਰ੍ਹਾਂ ਤਿਆਗੀ ਬਣ ਕੇ ਵੀ) ਪਸ਼ੂ-ਸੁਭਾਵ ਵਿਚ ਟਿਕਿਆ ਰਹਿੰਦਾ ਹੈ । ੫ ।

੪੯- **ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥- - ੬ ॥**[੧੩੪੮]-੨

**ਅਰਥ:**--(ਜਿਹੜਾ ਮਨੁੱਖ ਆਤਮਕ ਸ਼ਾਂਤੀ ਵਾਸਤੇ ਜੀਭ ਨਾਲ) ਨਹੀਂ ਬੋਲਦਾ ਮੋਨਧਾਰੀ ਬਣ ਕੇ ਬੈਠ ਜਾਂਦਾ ਹੈ ਉਸ ਦੇ ਅੰਦਰ ਕਾਮਨਾਂ ਟਿਕੀ ਰਹਿੰਦੀ ਹੈ (ਜਿਸ ਦੇ ਕਾਰਨ) ਕਈ ਜੂਨਾਂ ਵਿਚ ਉਹ ਭਟਕਾਇਆ ਜਾਂਦਾ ਹੈ ।

੫੦- **ਮੋਨੀ ਮੋਨਿ ਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸਿ ਰਾਤਾ ॥ ੩ ॥**[੭੧]-੨-੨੭

**ਅਰਥ:**--ਚੁੱਪ ਸਾਧੀ ਰੱਖਣ ਵਾਲੇ ਸਾਧੂ ਚੁੱਪ ਵੱਟੀ ਰੱਖਦੇ ਹਨ । ਸੰਨਿਆਸੀ (ਸੰਨਿਆਸ ਵਿਚ) ਬ੍ਰਹਮਚਾਰੀ (ਬ੍ਰਹਮਚਰਜ ਵਿਚ) ਤੇ ਉਦਾਸੀ ਉਦਾਸ-ਖੇਖ ਵਿਚ ਮਸਤ ਰਹਿੰਦੇ ਹਨ (ਪ੍ਰਭੂ ਦੇ ਨਾਮ ਦੀ ਸਾਰ ਕਿਸੇ ਨੇ ਵੀ ਨਾ ਜਾਣੀ) । ੩ ।

੫੧- **ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥ ੨ ॥**[੬੫੪]-੩

**ਅਰਥ:**--ਕਈ ਲੋਕਾਂ ਨੇ ਜੰਗਲਾਂ ਵਿਚ ਜਾ ਕੇ ਜੋਗ ਸਾਧੇ, ਤਪ ਕੀਤੇ, ਗਾਜਰ-ਮੂਲੀ ਆਦਿਕ ਖਾ ਕੇ ਗੁਜ਼ਾਰਾ ਕੀਤਾ, ਕਰਮ ਕਾਂਡੀ, " ਅਲੱਖ " ਆਖਣ ਵਾਲੇ ਜੋਗੀ, ਮੋਨਧਾਰੀ--ਇਹ ਸਾਰੇ ਜਮ ਦੇ ਲੇਖੇ ਵਿਚ ਹੀ ਲਿਖੇ ਗਏ (ਭਾਵ, ਇਨ੍ਹਾਂ ਦੇ ਸਾਧਨ ਮੌਤ ਦੇ ਡਰ ਤੋਂ ਬਚਾ ਨਹੀਂ ਸਕਦੇ) । ੨ ।

੫੨- **ਬੋਲਿ ਸੁਧਰਮੀੜਿਆ ਮੋਨ ਕਤਿ ਧਾਰੀ ਰਾਮ ॥ ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ ॥ ਸੰਗਿ ਤੇਰੈ ਕਛੁ ਨ ਚਲੈ ਬਿਨਾ ਗੋਬਿੰਦ ਨਾਮਾ ॥ ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ ॥ ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤਿ ਘੋਰਿ ਵਿਕਾਰੀ ॥ ਬਿਨਵੰਤ ਨਾਨਕ ਬਿਨੁ ਸਾਧ ਸੰਗਮ, ਸਭ ਮਿਥਿਆ ਸੰਸਾਰੀ ॥ ੧ ॥**[੫੪੭]-ਛੰਤ-੬-੯

**ਅਰਥ:**--ਹੇ (ਸਾਰੀਆਂ ਜੂਨਾਂ ਨਾਲੋਂ ਉੱਤਮ ਫ਼ਰਜ਼ ਵਾਲੇ !) ਪਰਮਾਤਮਾ ਦੀ ਸਿਫ਼ਤ-ਸਾਲਾਹ ਦੇ ਬੋਲ ਬੋਲਿਆ ਕਰ । (ਸਿਫ਼ਤ-ਸਾਲਾਹ ਵਲੋਂ ਕਿਉਂ ਚੁੱਪ ਵੱਟੀ ਹੋਈ ਹੈ ? ਆਪਣੀਆਂ ਅੱਖਾਂ ਨਾਲ (ਧਿਆਨ ਨਾਲ) ਵੇਖ ਮਾਇਆ ਦਾ ਹੀ ਵਿਹਾਰ ਕਰਨ ਵਾਲਾ (ਏਥੋਂ ਖ਼ਾਲੀ ਹੱਥ) ਤੁਰ ਪੈਂਦਾ ਹੈ । ਹੇ ਭਾਈ ! ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਚੀਜ਼ ਤੇਰੇ ਨਾਲ ਨਹੀਂ ਜਾ ਸਕਦੀ । ਦੇਸਾਂ (ਦੇ ਰਾਜ) ਕੱਪੜੇ, ਸੋਨਾ, ਚਾਂਦੀ (ਇਨ੍ਹਾਂ ਦੀ ਖ਼ਾਤਰ ਕੀਤੇ ਹੋਏ) ਸਾਰੇ ਉੱਦਮ ਵਿਅਰਥ ਜਾਂਦੇ ਹਨ । ਹੇ ਭਾਈ ! ਪੁੱਤ੍ਰ, ਇਸਤ੍ਰੀ, ਦੁਨੀਆਂ ਦੀ ਵਡਿਆਈ--ਕੁਝ ਵੀ ਮਨੁੱਖ ਦੇ ਨਾਲ ਨਹੀਂ ਜਾਂਦਾ । ਹਾਥੀ ਘੋੜੇ ਆਦਿਕ ਦੀ ਲਾਲਸਾ ਵੀ ਵਿਕਾਰਾਂ ਵਲ ਲੈ ਜਾਂਦੀ ਹੈ । ਨਾਨਕ ਬੇਨਤੀ ਕਰਦਾ ਹੈ--ਗੁਰੂ (ਗ੍ਰੰਥ ਸਾਹਿਬ ਅਜੇਹਾ) ਸਾਧ ਹੈ ਜਿਸ ਦੀ ਸੰਗਤ ਤੋਂ ਬਿਨਾ ਦੁਨੀਆਂ ਦੇ ਸਾਰੇ ਉੱਦਮ ਨਾਸਵੰਤ ਹਨ ।

੫੩- **ਇਕਿ ਵਣਖੰਡੀ ਬੈਸਹਿ ਜਾਇ, ਸਦੁ ਨ ਦੇਵਹੀ ॥ ਇਕਿ ਪਾਲਾ ਕਕਰੁ ਭੰਨਿ, ਸੀਤਲੁ ਹੇਂਵਹੀ ॥**[੧੨੮੪]-ਵਾਰ-੧੫

**ਅਰਥ:**--ਕਈ ਮਨੁੱਖ ਜੰਗਲਾਂ ਦੀ ਕਿਸੇ ਨੁੱਕਰੇ ਜਾ ਬੈਠਦੇ ਹਨ ਤੇ ਮੋਨ ਧਾਰ ਲੈਂਦੇ ਹਨ, ਕਈ ਪਾਲਾ-ਕੱਕਰ ਭੰਨ ਕੇ ਠੰਡਾ ਪਾਣੀ ਸਹਾਰਦੇ ਹਨ ( ਭਾਵ, ਉਸ ਠੰਡੇ ਪਾਣੀ ਵਿਚ ਬੈਠਦੇ ਹਨ, ਜਿਸ ਉੱਤੇ ਕੱਕਰ ਜੰਮਿਆਂ ਪਿਆ ਹੈ) ।

੫੪- **ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ੨ ॥**[੬੪੧-੪੨]-੧-੩

ਕਗ਼ੀਧਰ ਜੀ ਦਾ ਫ਼ੁਰਮਾਨ ਹੈ ਕਿ ਜੇ ਚੁੱਪ ਸਾਧਿਆਂ ਪਰਮਾਤਮਾਂ ਮਿਲ ਸਕਦਾ ਹੁੰਦਾ ਤਾਂ ਰੁਖਾਂ (ਤਰਵਰ) ਸਾਰਿਆਂ ਦਾ ਨਾਮ ਸੰਤਾਂ-ਭਗਤਾਂ ਵਿਚ ਹੋਣਾ ਸੀ । ਅਕਾਲ ਉਸਤਤਿ ਵਿਚ ਦਸ਼ਮੇਸ਼ ਜੀ ਦਾ ਫ਼ੁਰਮਾਨ ਹੈ ਕਿ ਰੁੱਖ ਤਾਂ ਸਾਰੀ ਉਮਰ ਚੁੱਪ ਸਾਧਿਆਂ ਇੱਕ ਥਾਂ ਖੜਾ ਹੀ ਮਰ ਜਾਂਦਾ ਹੈ । **ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ॥**੧੭ ॥ ਕੀ, ਅਜੇਹੀ ਕਰੜੀ ਸਾਧਨਾ ਰੁੱਖ ਦਾ ਜਨਮ ਮਰਨ ਕੱਟ ਦਿੰਦੀ ਹੋਵੇਗੀ ?

ਗੁਰੂ ਦੇ ਕਿਸੇ ਇੱਕ ਵੀ **ਹੁਕਮ ਦੀ ਉਲੰਙਣਾ ਕਰਨੀ ਬੇਮੁਖਤਾਈ** । ਝੂਠਾ ਵਿਹਾਰ, ਝੂਠ ਨਾਲ ਪਿਆਰ, ਬਚਨ ਤੋਂ ਖਿਸਕਣਾ, ਮਨ ਹੋਰ ਮੁਖ ਹੋਰ ਰਖਣਾ, ਮਿਠ ਬੋਲਾ ਨਾ ਹੋਣਾ, ਫਿੱਕਾ ਬੋਲ ਕੇ ਕਿਸੇ ਦਾ ਦਿਲ ਦੁਖਾਉਣਾ ਆਦਿ, ਸਤਿਗੁਰਾਂ ਤੋਂ ਬੇਮੁਖਤਾਈ ਹੈ ।

੫੫- **ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ ॥** [੬੪੮]

# ੮

# ਬੋਲ ਸੁਆਰਨ ਦੀ ਸਿਖਿਆ ਵਾਲੇ ਹੋਰ ਗੁਰੂ-ਸ਼ਬਦ

ਬਲਣਾ ਤਿਆਗਣਾ ਨਹੀਂ ਚਾਹੀਦਾ ਸਗੋਂ ਬੋਲਣਾ ਸੁਆਰਨਾ ਚਾਹੀਦਾ ਹੈ:--

੫੬- **ਕਵਨ ਗੁਨੁ ਜੋ ਤੁਝੁ ਲੈ ਗਾਵਉ ॥ ਕਵਨ ਬੋਲ ਪਾਰਬ੍ਰਹਮ ਰੀਝਾਵਉ ॥ ੧ ॥ ਰਹਾਉ ॥** [੧੮੭]-੩੬-੧੦੫

**ਅਰਥ:**--ਹੇ ਪ੍ਰਭੂ ! (ਤੇਰੇ ਬੇਅੰਤ ਗੁਣ ਹਨ, ਮੈਨੂੰ ਸਮਝ ਨਹੀਂ ਆਉਂਦੀ ਕਿ) ਮੈਂ ਤੇਰਾ ਕਿਹੜਾ ਗੁਣ ਲੈ ਕੇ ਤੇਰੀ ਸਿਫ਼ਤ-ਸਾਲਾਹ ਕਰਾਂ, ਤੇ ਕਿਹੜੇ ਬੋਲ ਬੋਲ ਕੇ ਮੈਂ ਤੈਨੂੰ ਪ੍ਰਸੰਨ ਕਰਾਂ । ੧ । ਰਹਾਉ ।

੫੭- **ਹਿਰਦੈ ਸਮ੍ਹਾਲੈ ਮੁਖਿ ਹਰਿ ਹਰਿ ਬੋਲੈ ॥ ਸੋ ਜਨੁ ਇਤ ਉਤ ਕਤਹਿ ਨ ਡੋਲੈ ॥ ੩ ॥** [੩੮੮]-੧੯-੭੦

**ਅਰਥ:**--ਜਿਹੜਾ ਮਨੁੱਖ ਹਰੀ ਨਾਮ ਨੂੰ ਆਪਣੇ ਹਿਰਦੇ ਵਿਚ ਸਾਂਭ ਕੇ ਰੱਖਦਾ ਹੈ ਤੇ ਮੂੰਹ ਨਾਲ ਹਰਿ ਹਰਿ ਨਾਮ ਉਚਾਰਦਾ ਰਹਿੰਦਾ ਹੈ ਉਹ ਨਾ ਇਸ ਦੁਨੀਆਂ ਵਿਚ ਅਤੇ ਨਾ ਪਰਲੋਕ ਵਿਚ ਕਿਤੇ ਵੀ ( ਕਿਸੇ ਗੱਲੇ ਵੀ) ਨਹੀਂ ਡੋਲਦਾ । ੩ ।

੫੮- **ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥- - ੨ ॥ [੩੫੧]-੯**

**ਅਰਥ :**-ਸਾਡੇ ਮਨ ਦੀ ਮਤਿ ਇਹ ਹੈ ਕਿ ਮਨ ਮਸਤ ਹਾਥੀ ਬਣਿਆ ਹੋਇਆ ਹੈ (ਇਸ ਅਹੰਕਾਰੀ ਮਨ ਦੀ ਪ੍ਰੇਰਨਾ ਨਾਲ) ਜੋ ਕੁਝ ਬੋਲਦੇ ਹਾਂ ਸਭ ਭੇੜ ਹੀ ਭੇੜ ਹੈ (ਸਾਡੀ ਆਪਣੀ ਦਲੀਲ ਨੂੰ ਖੰਡਣ ਕਰਨ ਵਾਲੀ ਤਾਂ ਗੁਰਮਤ ਵੀ ਸੁਣਨੀ ਪਸੰਦ ਨਹੀਂ ਕੀਤੀ ਜਾਂਦੀ) ।

੫੯- **ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥**
**ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥ ੩ ॥** [੮੮੧]-੩

**ਅਰਥ:**--ਜਿਹੜੇ ਸੇਵਕ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ ਉਹ ਵਡੇ ਭਾਗਾਂ ਵਾਲੇ ਹਨ । ਪ੍ਰਭੂ ਉਨ੍ਹਾਂ ਦੇ ਹਿਰਦੇ, ਮਨ ਅਤੇ ਤਨ ਵਿਚ ਆਪਣੇ ਚਰਨਾਂ ਦੀ ਪ੍ਰੀਤ ਪੈਦਾ ਕਰਦਾ ਹੈ । ਪਰ ਕਈ ਮਨੁੱਖ ਇਸ ਪ੍ਰੀਤ (ਦੀ ਦਾਤਿ) ਤੋਂ ਬਿਨਾਂ ਹੀ ਬਹੁਤ ਗੱਲਾਂ ਕਰਦੇ ਹਨ, (ਕਿ ਸਾਡੇ ਹਿਰਦੇ ਵਿਚ ਪ੍ਰਭੂ ਦੀ ਪ੍ਰੀਤ ਵੱਸ ਰਹੀ ਹੈ) ਅਜੇਹੇ ਮਨੁੱਖ ਝੂਠ ਬੋਲ ਕੇ ਝੂਠ ਹੀ (ਉਸ ਦਾ) ਫਲ ਪ੍ਰਾਪਤ ਕਰਦੇ ਹਨ (ਅਜੇਹੇ ਮਨੁੱਖ ਦੇ ਹਿਰਦੇ ਵਿਚ ਝੂਠ ਹੀ ਸਦਾ ਵੱਸਿਆ ਰਹਿੰਦਾ ਹੈ । ੩ ।

ਗੁਰੂ ਗ੍ਰੰਥ ਸਾਹਿਬ ਜੀ ਬੋਲਣ ਦਾ ਫਲਸਫਾ ਇਸ ਸ਼ਬਦ ਵਿਚ ਹੋਰ ਵਿਸਥਾਰ ਨਾਲ ਸਮਝਾਉਣ ਦੀ ਕਿਰਪਾ ਕਰ ਰਹੇ ਹਨ :-

੬੦- **ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥ ੧ ॥ ਬਾਬਾ ਬੋਲਨਾ ਕਿਆ ਕਹੀਐ ॥ ਜੈਸੇ ਰਾਮ ਨਾਮ ਰਵਿ ਰਹੀਐ ॥੧॥ ਰਹਾਉ ॥ ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖਿ ਸਿਉ ਬੋਲੇ ਝਖ ਮਾਰੀ ॥ ੨ ॥ ਬੋਲਤ ਬੋਲਤ ਬਢਹਿ ਬਿਕਾਰਾ ॥ ਬਿਨੁ ਬੋਲੇ ਕਿਆ ਕਰਹਿ ਬਿਚਾਰਾ ॥ ੩ ॥ ਕਹੁ ਕਬੀਰ ਛੂਛਾ ਘਟ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥ ੪ ॥**[੮੭੦]-੧

**ਅਰਥ:**-ਜਗਤ ਵਿਚ ਰਹਿੰਦਿਆਂ ਕਿਹੋ ਜਿਹੇ ਬੋਲ ਬੋਲੀਏ, ਜਿਨ੍ਹਾਂ ਦੀ ਬਰਕਤ ਨਾਲ ਪਰਮਾਤਮਾ ਦੇ ਨਾਮ ਵਿਚ ਸੁਰਤ ਟਿਕੀ ਰਹੇ ? **ਰਹਾਉ** ।
ਜੇ ਕੋਈ ਭਲਾ ਮਨੁੱਖ ਮਿਲ ਪਏ ਤੋਂ (ਉਸ ਦੀ ਸਿਖਿਆ) ਸੁਣਨੀ ਚਾਹੀਦੀ ਹੈ, ਤੇ (ਜੀਵਨ ਦੇ ਰਾਹ ਦੀਆਂ ਗੁੰਝਲਾਂ) ਪੁਛਣੀਆਂ ਚਾਹੀਦੀਆਂ ਹਨ । ਪਰ ਜੇ ਕੋਈ ਭੇੜਾ ਬੰਦਾ ਮਿਲ ਪਏ, ਤਾਂ ਉਥੇ ਚੁੱਪ ਰਹਿਣਾ ਹੀ ਠੀਕ ਹੈ ।੧। (ਕਿਉਂਕਿ) ਭਲਿਆਂ ਨਾਲ ਗੱਲ ਕੀਤਿਆਂ ਭਲਾਈ ਦੀ ਗੱਲ ਨਿਕਲੇਗੀ, ਤੇ ਮੂਰਖ ਨਾਲ ਬੋਲਿਆਂ ਵਿਅਰਥ ਦਾ ਖਪ-ਖਪਾ ਹੀ ਹੈ ।੨। (ਫਿਰ) ਜਿਉਂ ਜਿਉਂ (ਮੂਰਖ ਨਾਲ ਗੱਲਾਂ ਕਰੀਏ, ਉਸ ਦੇ ਕੁਸੰਗ ਵਿਚ) ਵਿਕਾਰ ਹੀ ਵਿਕਾਰ ਵਧਦੇ ਹਨ । (ਪਰ ਇਸ ਦਾ ਭਾਵ ਇਹ ਨਹੀਂ ਕਿ ਕਿਸੇ ਨਾਲ ਭੀ ਬਹਿਣਾ-ਖਲੋਣਾ ਨਹੀਂ ਚਾਹੀਦਾ) । ਜੇ ਭਲੇ ਮਨੁੱਖ ਨਾਲ ਵੀ ਨਹੀਂ ਬੋਲਾਂਗੇ ( ਭਾਵ, ਜੇ ਭਲਿਆਂ ਪਾਸ ਵੀ ਨਾ ਬੈਠਾਂਗਾ) ਤਾਂ ਵਿਚਾਰ ਦੀਆਂ ਗੱਲਾਂ ਕਿਵੇਂ ਕਰ ਸਕਦੇ ਹਾਂ ? ।੩। ਹੇ ਕਬੀਰ ! (ਸੱਚੀ ਗੱਲ ਇਹ ਹੈ ਕਿ ਜਿਵੇਂ) ਖ਼ਾਲੀ ਘੜਾ ਬੋਲਦਾ (ਵੱਜਦਾ) ਹੈ, ਜੇ ਉਹ (ਪਾਣੀ ਆਦਿ ਨਾਲ) ਭਰਿਆ ਹੋਵੇ ਤਾਂ ਉਹ ਕਦੇ ਡੋਲਦਾ ਨਹੀਂ (ਇਸੇ ਤਰ੍ਹਾਂ ਬਹੁਤੀਆਂ ਫ਼ਾਲਤੂ ਗੱਲਾਂ ਗੁਣ-ਹੀਣ ਮਨੁੱਖ ਹੀ ਕਰਦਾ ਹੈ । ਜੋ ਗੁਣਵਾਨ ਹੈ ਉਹ ਅਡੋਲ ਰਹਿੰਦਾ ਹੈ । ਸੋ, ਜਗਤ ਵਿਚ ਕੋਈ ਐਸਾ ਉੱਦਮ ਕਰੀਏ, ਜਿਸ ਨਾਲ ਗੁਣ ਗ੍ਰਹਿਣ ਕਰ ਸਕੀਏ, ਤੇ ਇਹ ਗੁਣ ਮਿਲ ਸਕਦੇ ਹਨ ਭਲਿਆਂ ਪਾਸੋਂ ਹੀ)।੪।

ਜ਼ਿੰਦਗੀ ਵਿਚ ਵਾਧੂ ਪ੍ਰੇਸ਼ਾਨੀ ਤੋਂ ਬਚੇ ਰਹਿਣ ਦਾ ਇਕ ਹੋਰ ਅਸੂਲ ਗੁਰਦੇਵ ਜੀ ਨੇ ਇਹ ਵੀ ਦੱਸਿਆ ਹੈ ਕਿ--**ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥** [੬੦੯] ਭਾਵ ਅਸੰਤ ਦੀ ਕਹੀ ਹੋਈ ਕੋਈ ਮੰਦੀ ਗੱਲ ਵਲ ਧਿਆਨ ਹੀ ਨਾ ਦਿਉ, ਸਮਝੋ ਕਿ ਐਵੇਂ ਹਵਾ ਦਾ ਬੁੱਲਾ ਆਇਆ ਸੀ । ਫਿੱਕਾ ਬੋਲਣ ਵਾਲਾ ਵਾਸਤਵ ਵਿੱਚ ਮੂਰਖ ਹੁੰਦਾ ਹੈ ਅਤੇ ਫਿਰ ਗੁਰਦੇਵ ਜੀ ਦਾ ਫ਼ੁਰਮਾਨ ਇਹ ਵੀ ਹੈ ਕਿ ਮੂਰਖ ਦੀ ਗੱਲ ਤੇ ਕੋਈ ਧਿਆਨ ਦੇਣ ਵਾਲਾ ਆਪ ਵੀ ਮੂਰਖ ਹੁੰਦਾ ਹੈ--**ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਿਣਾ ॥**[੮੫੩] ਗੁਰਦੇਵ ਜੀ ਸਾਨੂੰ ਇਹ ਮਤ ਵੀ ਦੇਂਦੇ ਹਨ ਕਿ ਜਿਥੇ ਤੁਹਾਡੀ ਗੱਲ ਦੀ ਕੋਈ ਪਰਵਾਹ ਨਹੀਂ ਕੀਤੀ ਜਾਣੀ ਅਤੇ ਤੁਸਾਂ ਆਪਣੀ ਹਾਰ ਅਨੁਭਵ ਕਰਨੀ ਹੈ ਉਥੇ ਚੁੱਪ ਰਹਿਣਾ ਹੀ ਚੰਗਾ ਹੈ--**ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥** [੧੪੯] ਫ਼ਾਰਸੀ ਜ਼ਬਾਨ ਦੇ ਇੱਕ ਵਿਦਵਾਨ ਦਾ ਕਥਨ ਹੈ " ਜਵਾਬੇ ਜਾਹਿਲਾਂ ਬਾਸ਼ਦ ਖ਼ਾਮੋਸ਼ੀ ", ਅਰਥਾਤ, ਮੂਰਖਾਂ ਦੀ ਗੱਲ ਦਾ (ਠੀਕ ਅਤੇ ਢੁਕਵਾਂ) ਉੱਤਰ ਇਹ ਹੈ ਕਿ ਅਗੋਂ ਚੁਪ ਰਿਹਾ ਜਾਵੇ। ਮਾਝ ਕੀ ਵਾਰ ਵਿੱਚ ਉਚਾਰਿਆ, ਗੁਰੂ ਨਾਨਕ ਦੇਵ ਜੀ ਦਾ ਅਨਮੋਲ ਬਚਨ ਵੀ ਸਾਨੂੰ ਇਹੀ ਮਤ ਦੇ ਰਿਹਾ ਹੈ ਕਿ--**ਮੂਰਖ ਗੰਢੁ ਪਵੈ ਮੁਹਿ ਮਾਰ ॥**[੧੪੩] ਭਾਵ, ਮੂਰਖ ਦੀ ਗੱਲ ਗ਼ਲਤ ਸਿੱਧ ਕਰਨ ਲਈ ਕੋਈ ਦਲੀਲ ਦੇਣ ਨਾਲੋਂ ਉਸ ਦੀ ਗੱਲ ਦੇ ਉੱਤਰ ਵਿੱਚ ਆਪਣਾ ਮੂੰਹ ਬੰਦ ਰਖਣਾ ਵਧੀਆ ਉੱਤਰ ਹੈ। (ਮੂੰਹ ਮਾਰ--ਮੂੰਹ ਮਾਰੀ ਰਖੋ ਮੂੰਹ ਬੰਦ ਰਖੋ) ਬੜੇ ਮਸ਼ਹੂਰ ਦਾਰਸ਼ਨਿਕ ਸ਼ੇਖ਼ ਸਾਅਦੀ ਦਾ ਕਥਨ ਹੈ--ਜਵਾਬੇ ਜਾਹਲਾਂ, ਬਾਸ਼ਦ ਖ਼ਾਮੋਸ਼ੀ । ਭਾਵ ਮੂਰਖਾਂ ਦੀ ਗੱਲ ਦਾ ਢੁਕਵਾਂ ਉੱਤਰ **ਚੁੱਪ** ਹੈ ।

**[ਨੋਟ:**--ਕਈ ਵਿਦਵਾਨ " **ਮੁਹਿ ਮਾਰ** "--ਦਾ ਅਰਥ ਅਗੋਂ ਮੂਰਖ ਦੇ ਮੂੰਹ ਤੇ ਮਾਰਨਾਂ ਕਰਦੇ ਹਨ, ਪਰ ਸਤਿਗੁਰਾਂ ਦੇ " ਖਿਮਾਂ " ਸਿਧਾਂਤ ਨੂੰ ਮੁੱਖ ਰਖਦਿਆਂ ਮੁਹਿ ਮਾਰ ਦਾ ਅਰਥ ਮੂੰਹ ਬੰਦ ਰਖਣਾ ਹੀ ਬਣਦਾ ਹੈ । ਅਤੇ ਫਿਰ ਇਹ ਫ਼ੁਰਮਾਨ ਵੀ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ--**ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥ ੭ ॥ [੧੩੭੮] । " ਆਪਨੜੈ ਘਰਿ ਜਾਈਐ " ਦਾ ਅਰਥ--ਆਪਣੇ ਹਿਰਦੇ ਘਰ ਵਿਚ ਟਿਕੇ ਰਹਿਣਾ, ਸ਼ਾਂਤ ਰਹਿਣਾ, ਹੈ । ਅਤੇ ਪੈਰ ਚੁੰਮਣ " ਤੋਂ ਭਾਵ, ਹਿਰਦੇ ਤੋਂ ਖਿਮਾ ਕਰ ਦੇਣਾ, ਬਦਲਾ ਭਾਵਣਾ ਮਨ ਵਿਚ ਨਾ ਆਉਣ ਦੇਣੀ, ਹੈ। ਪਹਿਲਾਂ ਵੀ ਕਈ ਵਾਰ ਲਿਖਿਆ ਗਿਆ ਹੈ ਕਿ ਗੁਰਬਾਣੀ ਦੇ ਅਰਥ ਕਰਨ ਸਮੇਂ ਇਹ ਧਿਆਨ ਰੱਖਣਾ ਬੜਾ ਜ਼ਰੂਰੀ ਹੈ ਕਿ, ਗੁਰਮਤਿ ਦੇ ਕਿਸੇ ਸਿਧਾਂਤ ਦੀ ਖੰਡਨਾ ਨਾ ਹੋ ਰਹੀ ਹੋਵੇ । ]**

ਪਰਮਾਤਮਾ ਅੱਗੇ ਜਾਂ ਸਤਿਗੁਰਾਂ ਅਗੇ ਖਲੋ ਕੇ ਬਹੁਤੀਆਂ ਲੰਮੀਆਂ ਲੰਮੀਆਂ ਅਰਦਾਸਾਂ ਕਰਨੀਆਂ ਸਿਆਣਪ ਨਹੀਂ। ਅਰਦਾਸ ਉਨੀ ਹੀ ਕਰਨੀ ਹੈ ਜੋ ਪੰਥਕ ਰਹਿਤ ਮਰਯਾਦਾ ਦੇ ਖਰੜੇ ਵਿੱਚ ਹੈ। ਸਰੋਤਿਆਂ ਦੇ ਮਨਾਂ ਤੇ ਆਪਣੀ ਜਾਣਕਾਰੀ ਦਾ ਜਾਂ ਉਚੇਚੀ ਸ਼ਰਧਾ ਦਾ ਪ੍ਰਭਾਵ ਪਾਉਣ ਲਈ ਕਈ ਅਰਦਾਸੀਏ ਗੁਰਬਾਣੀ ਵਿਚੋਂ ਚੁਣੀਆਂ ਹੋਈਆਂ ਕਈ ਕਈ ਤੁਕਾਂ ਅਰਦਾਸ ਵਿਚ ਬੋਲਦੇ ਹਨ, ਲੋਕਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਵਲੋਂ ਦਿੱਤੇ ਦਾਨ ਦੇ ਵੇਰਵੇ, ਅਥਵਾ ਉਨ੍ਹਾਂ ਦੀਆਂ ਮੰਗਾਂ ਦੇ ਵੇਰਵੇ ਦੀਆਂ ਲਿਸਟਾਂ ਪੜ੍ਹ ਕੇ ਸੁਣਾਉਣ ਵਿਚ ਅੱਧਾ ਪਉਣਾ ਘੰਟਾ ਸੰਗਤ ਨੂੰ ਖੜਾ ਰੱਖਦੇ ਹਨ। ਇਹ ਸਭ ਮਨ-ਮਤ ਹੈ ਅਥਵਾ ਗੁਰਮਤ ਦੀ ਖੰਡਣਾ ਹੈ। ਜਿਸ ਅੱਗੇ ਅਰਦਾਸਾਂ ਕਰ ਰਹੇ ਹੁੰਦੇ ਹਾਂ ਉਹ ਤਾਂ ਅਜੇਹਾ ਅੰਤਰਜਾਮੀ ਹੈ ਜੋ ਸਾਡੇ ਦਿਲਾਂ ਦੀਆਂ ਗੱਲਾਂ ਪਹਿਲਾਂ ਹੀ ਜਾਣਦਾ ਹੁੰਦਾ ਹੈ । ਉਹ ਬਿਨਾਂ ਬੋਲਿਆਂ ਹੀ ਸਭ ਕੁਝ ਜਾਣਦਾ ਹੈ:--

੬੧- **ਬਹੁਤਾ ਬੋਲਣੁ ਝਖਣੁ[1] ਹੋਇ ॥ ਵਿਣੁ ਬੋਲੈ ਜਾਣੈ ਸਭੁ ਸੋਇ ॥ ੧ ॥ ਰਹਾਉ ॥**[੬੬੧]-੩-੫ ੧=ਵਿਅਰਥ ।

**ਅਰਥ:**--(ਆਪਣੀ ਵਡਿਆਈ ਦੀਆਂ, ਜਾਂ ਆਪਣੇ ਦੁਖਾਂ ਦੀਆਂ) ਬਹੁਤੀਆਂ (ਗਿਲੇ ਗੁਜ਼ਾਰੀਆਂ ਵਾਲੀਆਂ) ਗੱਲਾਂ ਕਰੀ ਜਾਣੀਆਂ ਵਿਅਰਥ ਦਾ ਬੋਲ ਬੁਲਾਰਾ ਹੁੰਦਾ ਹੈ । ਕਿਉਂਕਿ ਉਹ ਪਰਮਾਤਮਾਂ ਸਾਡੇ ਕਹਿਣ ਤੋਂ ਬਿਨਾਂ ਹੀ (ਸਾਡੇ ਅੰਦਰ ਦੇ ਰੋਗਾਂ ਦਾ)। ਸਾਰਾ ਕਾਰਨ ਜਾਣਦਾ ਹੈ । ੧ । ਰਹਾਉ । "

ਅਸੀ ਗੁਰੂ ਪਰਮੇਸ਼ਰ ਨੂੰ ਅੰਤਰ ਜਾਮੀ ਵੀ ਕਹੀ ਜਾਨੇ ਹਾਂ ਅਤੇ ਉਸ ਨੂੰ ਅਣਜਾਣ ਸਮਝ ਕੇ ਮੰਗਾਂ ਆਦਿ ਦੇ ਵੇਰਵੇ ਦੀਆਂ ਲਿਸਟਾਂ ਵੀ ਪੜ੍ਹ ਪੜ੍ਹ ਕੇ ਸੁਣਾ ਰਹੇ ਹੁੰਦੇ ਹਾਂ । ਜਿਵੇਂ ਅੰਤਰਜਾਮੀ ਵਹਿਗੁਰੂ ਅਕਾਲਪੁਰਖ ਨੂੰ ਕੱਖ ਪਤਾ ਨਹੀਂ ਸੀ ਜੇ ਅਰਦਾਸੀਆ ਨਾ ਦੱਸਦਾ । ਸਾਨੂ ਸਤਿਗੁਰਾਂ ਦੇ ਇਸ ਬਚਨ ਨੂੰ ਵੀ ਨਹੀ ਭੁੱਲਣਾ ਚਾਹੀਦਾ--" **ਅੰਤਰਿ ਜਾਮੀ ਜਾਨੈ ॥ ਬਿਨੁ ਬੋਲਤ ਆਪਿ ਪਛਾਨੈ ॥੩॥**[੬੨੧] ਅਤੇ ਫਿਰ ਅਰਦਾਸੀਏ ਨੂੰ ਸਤਿਗੁਰੂ ਜੀ ਆਪ ਸਮਝਾ ਰਹੇ ਹੁੰਦੇ ਹਨ ਕਿ--" **ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸ ॥ ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥ ੫੮ ॥**[੧੪੨੦] ਸੰਗਤਿ ਵਿਚ ਜੁੜ ਕੇ ਅਰਦਾਸ ਵਿਚ ਜੁੜਨ ਦਾ ਭਾਵ, ਗੁਰਸਿੱਖਾਂ ਵਿਚ ਸਤਿਗੁਰਾਂ ਪ੍ਰਤੀ ਧੰਨਵਾਦ ਭਰੇ ਸ਼ੁਕਰਾਨੇ ਦੀ ਭਾਵਣਾ ਸੁਰਜੀਤ ਕਰੀ ਰੱਖਣਾ, ਚੜ੍ਹਦੀ ਕਲਾ ਵਿਚ ਵਿਚਰਦੇ ਰਹਿਣ ਦਾ ਉਤਸ਼ਾਹ ਭਰਨਾ ਹੁੰਦਾ ਹੈ। ਸਿੱਖ ਪੰਥ ਦੀ ਅਰਦਾਸ ਦੇ ਸੰਖੇਪ ਜਿਹੇ ਪਲ, ਥੋਹੜੇ ਸ਼ਬਦਾਂ ਵਿਚ ਕਰਣੀ ਕਥਨੀ ਦੇ ਸੂਰੇ, ਤਿਆਗ ਅਤੇ ਕੁਰਬਾਨੀ ਦੇ ਪੁਤਲੇ ਨਿਰਭੈ, ਹਠੀਲੇ ਜੋਧਿਆਂ ਵਾਲੇ ਆਪਣੇ ਵਿਰਸੇ ਦਾ ਚੇਤਾ ਕਰਾਉਂਦੇ ਰਹਿ ਕੇ ਪੰਥ ਦੇ ਨਿਆਰੇ ਆਚਰਨ ਦੀ ਸੰਭਾਲ ਵਾਲੇ ਉਪਰਾਲੇ ਦਾ **ਕਰਾਮਾਤੀ ਸਮਾ ਹੁੰਦਾ** ਹੈ। ਮੰਗਤਾ ਬਣਨ ਦੀ ਸਿਖਲਾਈ ਲਈ ਅਰਦਾਸ ਦੀ ਮਰਧਾਦਾ ਨਹੀਂ ਸੀ ਬਣੀ।

੬੨- **ਤਹ ਸਾਚ ਨਿਆਇ ਨਿਬੇਰਾ ॥ ਊਹਾ ਸਮ ਠਾਕੁਰੁ ਸਮ ਚੇਰਾ ॥ ਅੰਤਰਜਾਮੀ ਜਾਨੈ ॥**
**ਬਿਨੁ ਬੋਲਤ ਆਪਿ ਪਛਾਨੈ ॥ ੩ ॥** [੬੨੧]-੧-੫੧

ਪ੍ਰਭੂ ਦੀ ਦਰਗਾਹ ਵਿਚ ਨੌਕਰ ਅਤੇ ਮਾਲਕ ਸਭ ਬਰਾਬਰ ਸਮਝੇ ਜਾਂਦੇ ਹਨ, ਭਾਵ, ਬਾਦਸ਼ਾਹ ਤੇ ਗ਼ਰੀਬ ਦੀ ਸੁਣਾਈ ਹੋਣ ਵਿਚ ਕੋਈ ਭਿੰਨ ਭੇਤ ਨਹੀਂ ਹੈ । ਹਰ ਇੱਕ ਦੇ ਕੀਤੇ ਅਮਲਾਂ ਦਾ ਨਿਆਂ, ਬਿਨਾਂ ਲਿਹਾਜ਼ ਦੇ ਕੀਤਾ ਜਾਂਦਾ ਹੈ । ਪ੍ਰਭੂ ਕੋਲੋਂ ਸਾਡੀ ਕੋਈ ਗੱਲ ਲੁਕੀ ਹੋਈ ਨਹੀਂ ਹੈ।

੬੩- **ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥**
**ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥ ੧੨ ॥** [੧੦੨੬]-੬

## ੯
# ਮਹਾਂ ਪੁਰਖਾਂ ਕਾ ਬੋਲਣਾ ॥

ਗੁਰਮੁਖਾਂ ਦਾ ਬੋਲਣਾ ਸਦਾ ਕਿਸੇ ਦੀ ਭਲਾਈ ਵਿਚ ਹੁੰਦਾ ਹੈ:--

੬੪ **ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਓਇ ਅੰਮ੍ਰਿਤ ਭਰੇ ਭਰਪੂਰ ਹਹਿ**
**ਓਨਾ ਤਿਲੁ ਨ ਤਮਾਇ ॥ ੮ ॥ ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥**
**ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥ ੯ ।**[੭੫੫]-ਅਸਟ-੧-੩

**ਅਰਥ:**--(ਉੱਚੀ ਆਤਮਾਂ ਵਾਲੇ) ਮਹਾ ਪੁਰਖਾਂ ਦਾ ਬਚਨ ਕਿਸੇ ਪਰਸੰਗ ਅਨੁਸਾਰ ਹੋਇਆ ਕਰਦਾ ਹੈ । ਉਹ ਮਹਾਂ-ਪੁਰਖ ਆਤਮਕ ਜੀਵਨ ਦੇਣ ਵਾਲੇ ਨਾਮ-ਰਸ ਨਾਲ ਭਰਪੂਰ ਰਹਿੰਦੇ ਹਨ, ਉਨ੍ਹਾਂ ਨੂੰ (ਆਪਣੀ) ਕਿਸੇ ਸੇਵਾ ਆਦਿਕ ਦਾ ਲਾਲਚ ਨਹੀਂ ਹੁੰਦਾ (ਪਰ ਜਿਹੜਾ ਮਨੁੱਖ ਉਨ੍ਹਾਂ ਦੀ ਸੇਵਾ ਕਰਦਾ ਹੈ, ਉਸ ਨੂੰ ਉਨ੍ਹਾਂ ਕੋਲੋਂ ਆਤਮਕ ਜੀਵਨ ਮਿਲ ਜਾਂਦਾ ਹੈ) । ੮ । ਉਹ ਮਹਾਂ ਪੁਰਖ ਹੋਰਨਾਂ ਨੂੰ (ਵੀ ਨਾਮ ਜਪਣ ਦਾ) ਉਪਦੇਸ਼ ਕਰਦੇ ਹਨ । ਗੁਣ ਗ੍ਰਹਣ ਕਰਨ ਵਾਲਾ ਮਨੁੱਖ (ਉਨ੍ਹਾਂ ਪਾਸੋਂ) ਗੁਣ ਗ੍ਰਹਣ ਕਰ ਲੈਂਦਾ ਹੈ । ਸੋ, ਜਿਹੜੇ ਮਨੁੱਖ ਉਨ੍ਹਾਂ ਮਹਾਂ-ਪੁਰਖਾਂ ਦੀ ਸੰਗਤਿ ਵਿਚ ਰਹਿੰਦੇ ਹਨ, ਉਹ ਵਡੇ ਭਾਗਾਂ: ਵਾਲੇ ਹੋ ਜਾਂਦੇ ਹਨ । ਉਹ ਵੀ ਹਰ ਵੇਲੇ ਨਾਮ ਜਪਣ ਲੱਗ ਪੈਂਦੇ ਹਨ । ੯ ।

੬੫- **ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ ਗੁਰਮੁਖਿ ਹੋਇ ਸੁ ਭਉ ਕਰੇ**
**ਆਪਣਾ ਆਪੁ ਪਛਾਣੈ ॥ ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥**
**ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥੧॥**[੬੪੭]-ਵਾਰ-੧੨

ਇਸ ਸਲੋਕ ਦੀ ਵਿਚਾਰ ਪਹਿਲਾਂ ਵੀ ਕਈ ਥਾਂਈਂ ਹੋ ਚੁੱਕੀ ਹੈ, ਫਿਰ ਵੀ ਯਾਦ ਤਾਜ਼ਾ ਕਰਾਊਣ ਲਈ )

**ਅਰਥ:**--ਮਹਾਂ ਪਰਖ ਕਿਸੇ ਸੰਬੰਧ ਵਿਚ ਸਿੱਖਿਆ ਦਾ ਬਚਨ ਬੋਲਦੇ ਹਨ, (ਪਰ ਉਹ ਸਿਖਿਆ) ਸਾਰੇ ਸੰਸਾਰ ਲਈ ਸਾਂਝੀ ਹੁੰਦੀ ਹੈ, ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ, ਉਸ ਸੁਣ ਕੇ ਪ੍ਰਭੂ ਦਾ ਡਰ ਹਿਰਦੇ ਵਿਚ ਧਾਰਨ ਕਰਦਾ ਹੈ, ਤੇ ਆਪਣੇ ਆਪ ਦੀ ਖੋਜ ਕਰਦਾ ਹੈ । ਸਤਿਗੁਰੂ ਦੀ ਕਿਰਪਾ ਨਾਲ ਉਹ ਸੰਸਾਰ ਵਿਚ ਵਰਤਦਾ ਹੋਇਆ ਹੀ ਮਾਇਆ ਵਲੋਂ ਉਦਾਸ ਰਹਿੰਦਾ ਹੈ, ਤਾਂ ਉਸ ਦਾ ਮਨ ਆਪਣੇ ਆਪ ਵਿਚ ਪਤੀਜ ਜਾਂਦਾ ਹੈ (ਭਾਵ, ਬਾਹਰ ਭਟਕਣੋ ਹਟ ਜਾਂਦਾ ਹੈ) ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਜਿਨ੍ਹਾਂ ਦਾ ਮਨ ਪਤੀਜਿਆ ਨਹੀਂ, ਉਨ੍ਹਾਂ ਨੂੰ ਗਿਆਨ ਦੀਆਂ ਗੱਲਾਂ ਕਰਨ ਦਾ ਕੋਈ ਲਾਭ ਨਹੀਂ ਹੁੰਦਾ । ੧ ।

ਸੰਤ-ਸਤਿਗੁਰੂ ਜੀ ਸਦਾ ਆਪਣੇ ਅੱਖੀਂ ਵੇਖਿਆ ਹੋਇਆ ਹੀ ਬੋਲ ਕੇ ਸੁਣਾਉਂਦੇ ਹਨ :---

੬੬- **ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥**[੮੯੪]-੨੫-੩੬

**ਅਰਥ:**--ਹੇ ਭਾਈ ! (ਸਤਿਗੁਰੂ-)ਸੰਤ ਜਨਾਂ ਬਾਰੇ ਇਹ ਸੱਚੀ ਗੱਲ ਸੁਣ । (ਗੁਰਦੇਵ-)ਸੰਤ-ਜਨ ਉਹ ਕੁਝ ਆਖਦੇ ਹਨ ਜੋ ਆਪਣੀ ਅੱਖਾਂ ਨਾਲ ਵੇਖਦੇ ਹਨ ।

ਮਨੁੱਖ ਦੇ ਅੰਦਰੇ ਵੱਸਦੀ ਪ੍ਰਭੂ ਦੀ ਜੋਤਿ-ਰੂਪੀ ਉਸਦੀ ਆਪਣੀ ਹੋਂਦ (ਜਿਸ ਨੂੰ ਕਈ ਸਿਆਣਿਆਂ ਨੇ ਜ਼ਮੀਰ ਕਿਹਾ ਹੈ) ਹਰ ਮਨੁੱਖ ਨੂੰ ਕੁਝ ਕਹਿੰਦੀ ਜ਼ਰੂਰ ਹੈ । ਪਰ ਝੂਠੀ ਮਾਇਆ ਦੇ ਹੰਕਾਰ ਦੇ ਕਾਰਨ ਮਨੁੱਖ ਉਸ ਆਵਾਜ਼ ਨੂੰ ਨਹੀਂ ਸਮਝਦਾ । ਜਿਨ੍ਹਾਂ ਨੇ ਆਪਾ-ਭਾਵ ਗੁਆ ਦਿੱਤਾ ਹੈ, ਉਨ੍ਹਾਂ ਨੂੰ ਆਪਣੇ ਅੰਦਰ ਵਸਦੇ ਪ੍ਰਭੂ ਦੇ ਹੁਕਮ ਸੁਣਨੇ ਅਰੰਭ ਹੋ ਜਾਂਦੇ ਹਨ । ਉਚੀ ਆਤਮਾ ਦੇ ਮਾਲਕ ਮਹਾਂਪੁਰਖ, ਪ੍ਰਭੂ ਦੇ ਹੁਕਮਾਂ ਨੂੰ ਸੁਣਦੇ, ਬੋਲਦੇ ਅਤੇ ਲਿਖਦੇ ਹਨ । ਤਦੇ ਹੀ ਉਨ੍ਹਾਂ ਦੀ ਬਾਣੀ ਅੰਮ੍ਰਿਤ ਹੁੰਦੀ ਹੈ । ਉਹ ਸਦੀਵੀ ਸੱਚ ਹੁੰਦਾ ਹੈ ਕਿਉਂਕਿ ਭਗਤ ਬੋਲਦੇ ਹੀ ਪ੍ਰਭੂ ਦੇ ਬੁਲਾਏ ਹਨ, ਅਥਵਾ ਭਗਤਾਂ ਦਾ ਬੋਲਿਆ ਹਰ ਬਚਨ ਪ੍ਰਭੂ ਦਾ ਆਪਣਾ ਹੁਕਮ ਹੁੰਦਾ ਹੈ । ਪ੍ਰਭੂ-ਭਗਤ ਸਦਾ ਖਸਮ ਦੀ ਬਾਣੀ ਹੀ ਬੋਲਦੇ ਹਨ:--

੬੭- **ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥** {੭੨੨]-੩-੫

੬੭- **ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤ ਕਵਨ ਹਮਾਰੀ ॥**

**ਸਾਧ ਸੰਗਿ ਨਾਨਕ ਜਸੁ ਗਾਇਓ ਜੋ ਪ੍ਰਭੁ ਕੀ ਅਤਿ ਪਿਆਰੀ ॥ ੮ ॥**[੫੦੭]-੧-੮

੬੮- **ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**[੭੬੩]

੬੯- **ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥**

**ਨਾਨਕ ਪ੍ਰਭ ਸੁਖਦਾਈ ॥ ਜਿਨਿ ਪੂਰੀ ਬਣਤ ਬਣਾਈ ॥ ੨ ॥**[੬੨੯]-੨੦-੮੪

**ਅਰਥ:**- ਪ੍ਰਭੂ ਦੇ ਦਾਸ (ਭਾਵ, ਭਗਤ) ਪਰਮਾਤਮਾ ਦੀ ਰਜ਼ਾ ਵਿਚ ਹੀ ਬੋਲਦੇ ਹਨ, ਪ੍ਰਭੂ ਦੀ ਬਾਣੀ ਹੀ ਬੋਲਦੇ ਹਨ । (ਭਗਤ ਸਦਾ ਪ੍ਰਭੂ ਦੀ ਸਿਫਤ ਸਾਲਾਹ ਵਾਲੀ ਬਾਣੀ ਹੀ ਬੋਲਦੇ ਹਨ, । ਜਿਸ ਪਰਮਾਤਮਾ ਨੇ (ਗੁਰੂ ਦੇ ਸ਼ਬਦ-ਗਿਆਨ ਰਾਹੀਂ ਨਾਮ-ਸਿਮਰਨ ਦੀ ਇਹ) ਕਦੇ ਉਕਾਈ ਨਾਂ ਖਾਣ ਵਾਲੀ ਵਿਓਂਤ ਬਣਾ ਦਿੱਤੀ ਹੈ, ਉਹ ਸਦਾ( ਆਪਣੇ ਸੇਵਕ ਨੂੰ) ਸੁਖ ਦੇਣ ਵਾਲੀ ਹੈ ।

੭੦- **ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ ॥ ੨ ॥** [੬੬੭]-੨

**ਅਰਥ:**--ਹੇ ਪ੍ਰਭੂ ! ਤੂੰ ਸਾਡਾ ਮਾਲਕ ਹੈਂ, (ਅਸੀ ਤੇਰੇ ਪੂਰਨਿਆਂ ਤੇ ਤੁਰਨ ਵਾਲੇ ਹਾਂ)। ਜਿਹੋ ਜਿਹੀ ਅਕਲ ਤੂੰ ਸਾਨੂੰ ਦਿੰਦਾ ਹੈ, ਅਸੀ ਉਹੋ ਜਿਹੇ ਬੋਲ ਹੀ ਬੋਲਦੇ ਹਾਂ ।੨।

੭੧- **ਨਾਨਕੁ ਬੋਲੈ ਤਿਸ ਕਾ ਬੋਲਾਇਆ ॥ ੪ ॥** [੧੨੭੧]-੩-੨੧

੭੨- **ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥**

**ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥ ੧੪ ॥**[੭੪-੨-੨੯

**ਅਰਥ:**--ਹੇ ਮੇਰੇ ਪ੍ਰਭੂ ! ਹੇ ਮੇਰੇ ਖਸਮ ! ਮੈਂ ਵੀ ਤੇਰੀ ਹੀ ਪ੍ਰੇਰਨਾ ਨਾਲ ਤੇਰੀ ਸਿਫ਼ਤਿ-ਸਾਲਾਹ ਦੇ ਬੋਲ ਬੋ ਰਿਹਾ ਹਾਂ, ਆਤਮਕ ਅਡੋਲਤਾ ਪੈਦਾ ਕਰਕੇ ਤੇਰਾ ਨਾਨ-ਅੰਮ੍ਰਿਤ ਮੇਰੇ ਅੰਦਰ ਵਰਖਾ ਕਰ ਰਿਹਾ ਹੈ। ਮੈਂ ਤੇਰੇ ਉਤੇ ਹੀ ਮਾਣ ਕਰਦਾ ਆਇਆ ਹਾਂ (ਮੈਨੂੰ ਨਿਸਚਾ ਹੈ ਕਿ) ਤੂੰ ਆਪ ਹੀ ਮੈਨੂੰ ਕਬੂਲ ਕਰ ਲਏਂਗਾ । ੧੪ ।

੭੩- **ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸੁ ਬੋਲੈ ॥ ੮ ॥** [੨੯੨]-ਅਸਟ-੨੧

੭੪- **ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥**

**ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥ ੨ ॥**[੩੦੨]

ਗੁਰਦੇਵ ਜੀ ਦਾ ਹਰ ਫ਼ੁਰਮਾਨ ਅਕਾਲ ਪੁਰਖ ਦਾ ਆਪਣਾ ਹੁਕਮ ਹੈ । ਗੁਰਦੇਵ ਜੀ ਦੇ ਸੱਚ-ਬਚਨਾਂ ਦੀ ਸਦਾ ਪਾਲਣਾ ਕਰਦੇ ਰਹਿਣ ਵਿਚ ਹੀ ਸਦੀਵੀ ਸੁਖ ਹਨ । **ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ [੯੬੭]**

੭੫- **ਆਦਿ ਕਉ ਕਵਨੁ ਬੀਚਾਰੁ ਕਥੀਅਲੇ, ਸੁੰਨ ਕਹਾ ਘਰ ਵਾਸੋ ॥**
**ਗਿਆਨ ਕੀ ਮੁਦ੍ਰਾ ਕਵਨ ਕਥੀਅਲੇ, ਘਟਿ ਘਟਿ ਕਵਨ ਨਿਵਾਸੋ ॥**
**ਕਾਲ ਕਾ ਠੀਗਾ ਕਿਉ ਜਲਾਈਅਲੇ, ਕਿਉ ਨਿਰਭਉ ਘਰਿ ਜਾਈਐ ॥**
**ਸਹਜ ਸੰਤੋਖ ਕਾ ਆਸਣੁ ਜਾਣੈ, ਕਿਉ ਛੇਦੇ ਬੈਰਾਈਐ ॥**
**ਗੁਰ ਕੈ ਸਬਦਿ ਹਉਮੈ ਬਿਖੁ ਮਾਰੈ, ਤਾ ਨਿਜ ਘਰਿ ਹੋਵੈ ਵਾਸੋ ॥**
**ਜਿਨ ਰਚਿ ਰਚਿਆ ਤਿਸੁ ਸਬਦਿ ਪਛਾਣੈ, ਨਾਨਕ ਤਾ ਕਾ ਦਾਸੋ ॥ ੨੧ ॥**[੯੪੦]

# ਦੂਜਾ ਕਾਂਡ

## ੧

## ਸੰਸਕਾਰ

ਮਹਾਨ ਕੋਸ਼ ਅਨੁਸਾਰ ਇਸ ਦੇ ਅਰਥ ਇਸ ਪ੍ਰਕਾਰ ਹਨ:--੧- ਸੁਧਾਰਨਾ । ੨- ਸ਼ੁੱਧ ਕਰਨਾ । ੩- ਕਿਸੇ ਕਰਮ ਦੇ ਕਰਨ ਤੋਂ ਪੈਦਾ ਹੋਇਆ ਖ਼ਿਆਲ । ੪- ਧਰਮਰੀਤਿ ਨਾਲ ਕੀਤਾ ਹੋਇਆ ਉਹ ਕਰਮ, ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ। ਜੈਸੇ ਜਨਮ, ਅੰਮ੍ਰਿਤ, ਵਿਆਹ, ਆਦਿ ਸੰਸਕਾਰ ।

ਵਿਦਵਾਨਾ ਨੇ ਧਾਰਮਿਕ ਸੰਸਕਾਰ ਤਿੰਨ ਪ੍ਰਕਾਰ ਦੇ ਮੰਨੇ ਹਨ, ਉਤਮ, ਮੱਧਮ, ਅਤੇ ਨਿਸ਼ਿੱਧ ।

(ੳ)--ਉਤਮ ਸੰਸਕਾਰ ਉਹ ਹਨ, ਜਿਨ੍ਹਾਂ ਕਰਕੇ ਕਰਤਾਰ ਦੀ ਰਚਨਾ ਦੇ ਵਿਰੁੱਧ ਕੁਝ ਨਾ ਕੀਤਾ ਜਾਵੇ, ਅਤੇ ਜੋ ਧਾਰਮਿਕ ਚਿੰਨ੍ਹ ਧਾਰੇ ਜਾਣ ਓਹ ਸ਼ਰੀਰ ਤਥਾ ਦੇਸ਼ ਦੀ ਰਖਿਆ ਕਾ ਕਾਰਣ ਹੋਣ। ਜੈਸੇ--ਅੰਮ੍ਰਿਤ ਸੰਸਕਾਰ ਸਮੇਂ ਸਿੱਖ ਕੱਛ ਕ੍ਰਿਪਾਣ ਧਾਰਦੇ ਹਨ।

(ਅ)- ਮੱਧਮ ਸੰਸਕਾਰ ਉਹ ਹਨ ਜਿਨ੍ਹਾਂ ਦੁਆਰਾ ਵਾਹਿਗੁਰੂ ਦੀ ਰਚਨਾ ਦੀ ਸ਼ਕਲ ਵਿਗਾੜੀ ਜਾਵੇ, ਅਥਵਾ ਚਿੰਨ੍ਹ ਐਸੇ ਧਾਰੇ ਜਾਣ, ਜਿਨ੍ਹਾਂ ਤੋਂ ਸ਼ਰੀਰ ਅਤੇ ਦੇਸ਼ ਨੂੰ ਕੋਈ ਲਾਭ ਨਾ ਪਹੁੰਚੇ । ਜੈਸੇ--ਜਟਾ, ਭਸਮ, ਜਨੇਊ, ਕੰਠੀ ਆਦਿਕ ਲੋਕ ਧਾਰਨ ਕਰਦੇ ਹਨ ।

(ੲ)--ਨਸ਼ਿੱਧ ਸੰਸਕਾਰ ਉਹ ਹਨ ਜਿਨ੍ਹਾਂ ਕਰਕੇ ਸਿਰਜਨਹਾਰ ਦੀ ਰਚਨਾ ਖੰਡਿਤ ਕੀਤੀ ਜਾਵੇ ਅਤੇ ਦੇਹ ਅਥਵਾ ਦੇਸ਼ ਦਾ ਕੋਈ ਹਿਤ ਨਾ ਹੋ ਸਕੇ, ਜੈਸੇ ਯੋਗੀਆਂ ਦਾ ਕਰਣਵੇਧ, ਸੁੰਨਤ (ਖਤਨਾ), ਮੁੰਡਨ ਆਦਿਕ ।

ਸਾਰਿਆਂ ਧਰਮਾਂ (ਮਜ਼ਹਬਾਂ) ਅਤੇ ਮੱਤਾਂ ਨੇ ਆਪਣੇ ਢੰਗ ਦੇ ਆਪੋ ਆਪਣੇ ਤੇ ਵਖੋ-ਵੱਖਰੇ ਸੰਸਕਾਰ ਮਿਥੇ ਹੋਏ ਹਨ। ਸਾਢਾ ਮੰਤਵ ਬ੍ਰਾਹਮਣੀ ਸੰਸਕਾਰਾਂ ਵਾਲੀਆਂ ਰੀਤਾਂ ਨੂੰ ਗੁਰਮਤ ਦੀ ਕਸਵੱਟੀ ਤੇ ਪਰਖ ਕੇ ਸਿੱਖ ਨੂੰ ਸੁਚੇਤ ਕਰਨ ਨਾਲ ਹੈ। ਇਸ ਲਈ ਹਿੰਦੂ ਮਤ ਦੇ ਸੰਸਕਾਰਾਂ ਦਾ ਹੀ ਸੰਖੇਪ ਵਰਣਨ ਕਰਨਾ ਇਸ ਵਿਸ਼ੇ ਦਾ ਭਾਗ ਵੀ ਹੈ ਅਤੇ ਪਾਠਕਾਂ ਦੀ ਜਾਣਕਾਰੀ ਲਈ ਜ਼ਰੂਰੀ ਵੀ।

ਬ੍ਰਾਹਮਣ ਦੇ ਲਿਖੇ ਧਰਮ ਸ਼ਾਸਤ੍ਰ ਅਨੁਸਾਰ ਸੋਲਾਂ (੧੬) ਸੰਸਕਾਰ ਇਹ ਹਨ :-

(੧) ਗ੍ਰਭਾਧਾਨ । (੨) ਪੁਨ ਵਸਨ । (੩) ਸੀਮੰਤ । (੪) ਜਾਤ ਕਰਮ (੫) ਨਾਮ ਕਰਮ (੬) ਨਿਸ਼ਕ੍ਰਮਣ । (੭) ਅਨ ਪ੍ਰਾਛਨ । (੮) ਚੂੜਾ ਕਰਨ (ਮੁੰਡਨ)। (੯) ਕਰਨ ਬੇਧ । (੧੦) ਜਗਯੋਪਵੀਤ (ਜਨੇਊ--ਜੰਞੂ) (੧੧) ਵੇਦਾਰੰਭ (੧੨) ਮਿਰਤਕ (੧੩) ਵਿਵਾਹ (੧੪) ਗ੍ਰਹਸਥਾਸ਼੍ਰਮ (੧੫) ਵਾਣਪ੍ਰਥਾਸ਼੍ਰਮ (੧੬) ਸਨਯਾਸਾਸ਼੍ਰਮ ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪੁਸਤਕ ਭੁਪਿੰਦ੍ਰਾ ਨੰਦ ਦੇ ੩੪ ਸਫ਼ੇ ਤੇ ਹਿੰਦੂ ਧਰਮ ਦੇ ਕਾਨੂੰਨ ਦੇ ਗ੍ਰੰਥ ਸਿਮ੍ਰਿਤੀ ਅਨੁਸਾਰ ਸੋਲਾਂ ਸੰਸਕਾਰ ਇਉਂ ਲਿਖੇ ਹਨ :-

ਨਿੰਮਣ, ਜੰਮਣ, ਝੱਗਾ ਪੁਨ, ਨਾਮ ਧਰਣ, ਕ੍ਰਿਤ ਚੂੜ । ਵਿਦਯਾ, ਅੰਮ੍ਰਿਤ, ਮੰਗਣੀ, ਵਯਾਹ, ਗੁਰੂ ਗ੍ਰਹ ਰੂੜ ।
ਛਠੀ, ਕਰੇਵਾ, ਮਿਰਤਕ ਪੁਨ, ਜਾਤ੍ਰਾ, ਸੁਧੀ ਵਿਚਾਰ । ਕਰਨ ਬੇਧ, ਉਨਯਨ ਇਹ, ਖੋੜਸ (=੧੬) ਹੈਂ ਸੰਸਕਾਰ ।

## ਸੰਸਕਾਰ ਅਤੇ ਗੁਰਮਤਿ

ਸੰਸਕਾਰ, ਸੰਸਕ੍ਰਿਤ ਦਾ ਲਫ਼ਜ਼ ਹੈ। ਗੁਰਬਾਣੀ ਵਿਚ ਸੰਸਕ੍ਰਿਤ ਦੇ ਬੇਅੰਤ ਸ਼ਬਦ ਹਨ । ਸਲੋਕ ਸਹਸਕ੍ਰਿਤੀ ਅਤੇ ਗਾਥਾ ਆਦਿ ਬਾਣੀਆਂ ਸੰਸਿਕ੍ਰਿਤ ਭਾਸ਼ਾ ਨਾਲ ਸੰਬੰਧ ਰੱਖਦੀਆਂ ਹਨ। **ਫਿਰ ਕੀ ਕਾਰਨ ਸੀ ਜੋ ਸਤਿਗੁਰਾਂ ਨੇ ਗੁਰਬਾਣੀ ਵਿਚ " ਸੰਸਕਾਰ " ਲਫ਼ਜ਼ ਦੀ ਵਰਤੋਂ ਕਿਸੇ ਥਾਂ ਨਹੀਂ ਕੀਤੀ ?** ਨਿਰਸੰਦੇਹ ਇਸ ਲਈ ਕਿ, ਸੰਸਕਾਰ ਸ਼ਬਦ ਦਾ ਬ੍ਰਾਹਮਣ ਨੇ ਬੜਾ ਦੁਰ-ਉਪਯੋਗ ਕੀਤਾ ਹੋਇਆ ਸੀ। ਸੰਸਕਾਰਾਂ ਦੇ ਕਰਮਕਾਂਡੀ ਰਿਵਾਜਾਂ ਦੇ ਬਹਾਨੇ ਲੁੱਟ ਦੀ ਬੜੀ ਲੰਮੀ ਅਤੇ ਘਿਣਾਵਣੀ ਯੋਜਨਾ ਚਲਾਈ ਹੋਈ ਸੀ। ਗ੍ਰਭ ਸੰਸਕਾਰਾਂ ਤੋਂ ਹੀ ਬ੍ਰਾਹਮਣ ਦੀ ਪੱਤ੍ਰੀ ਅਤੇ ਮੰਤ੍ਰ ਜਾਪਾਂ ਦੀ ਫ਼ੀਸ ਅਤੇ ਕਰਮਕਾਂਡੀ ਸ਼ਗੁਨਾਂ ਦੇ ਖ਼ਰਚ, ਮਨੁੱਖ ਨੂੰ ਘੇਰਾ ਪਾ ਲੈਂਦੇ ਸਨ। ਫਿਰ ਜਾਤਕ ਸੰਸਕਾਰਾਂ ਦਾ ਅਤੇ ਭਦਨ ਅਥਵਾ ਮੁੰਡਨ ਆਦਿ ਸੰਸਕਾਰਾਂ ਦਾ ਝਮੇਲਾ, ਵੀ ਧਨ ਦਾ ਹੀ ਨਾਸ ਸੀ। ਇਹ ਸੰਸਕਾਰ ਮਰਨ ਤੋਂ ਪਿਛੋਂ, ਪ੍ਰਾਣੀ ਦੀ ਸਦ-ਗਤੀ ਦੇ ਬਹਾਨੇ ਸ਼ਰਾਧਾਂ ਦੇ ਰੂਪ ਵਿਚ ਕਈ ਪੀਹੜੀਆਂ ਤੱਕ ਪਿੱਛਾ ਨਹੀਂ ਸਨ ਛੱਡਦੇ। ਸਤਿਗੁਰੂ ਜੀ ਇਨ੍ਹਾਂ ਭਰਮਾਂ ਭੁਲੇਖਿਆਂ ਵਾਲੇ ਫੋਕਟ ਕਰਮਾਂ ਤੋਂ ਮਨੁੱਖ ਨੂੰ ਮੁਕਤੀ ਦਿਵਾ ਕੇ ਸ਼ੁੱਧ-ਸਰੂਪ ਪਰਮਾਤਮਾ ਦਾ ਰੂਪ ਹੀ ਬਣਿਆਂ ਵੇਖਣ ਦੀ ਸੱਧਰ ਲੈ ਕੇ ਆਏ ਸਨ। ਗੁਰੂ ਦੀ ਮਰਯਾਦਾ ਵਿਚ, ਕਰਮਕਾਂਡੀ ਅਤੇ ਹੰਕਾਰ ਪੈਦਾ ਕਰਨ ਵਾਲੇ ਕਿਸੇ ਸੰਸਕਾਰ ਨੂੰ ਕੋਈ ਥਾਂ ਨਹੀਂ ਸੀ। ਸਤਿਗੁਰਾਂ ਦੇ ਪੰਜ-ਭੂਤਕ ਅਥਵਾ ਮਨੁੱਖਾ ਸਰੀਰ ਦੇ ਵਿਛੋੜੇ ਦੇ ਥੋਹੜੇ ਸਾਲ ਹੀ ਮਗਰੋਂ, ਉਦਾਸੀਆਂ ਨੇ ਅਥਵਾ ਵਸਿੱਖ-ਸਾਧਾਂ, ਸਿੱਖ-ਸੰਪ੍ਰਦਾਈਆਂ, ਸਿੱਖ ਨਿਰਮਲਿਆਂ ਆਦਿ, ਅੱਡ ਅੱਡ ਬਾਣਿਆਂ ਵਿਚ ਵੜੇ ਹੋਏ, ਸੰਸਕਾਰਾਂ ਦੇ ਬ੍ਰਾਹਮਣੀ ਕਰਮ ਕਾਂਡਾਂ ਦੇ ਜੀਉਂਦੇ ਜਾਗਦੇ ਪ੍ਰਤੱਖ ਰੂਪ, ਕਥਿਤ ਮਹਾਂਪੁਰਖ ਪੰਥ ਦੇ ਨਿਆਰੀ ਜੀਵਨ ਜੁਗਤ ਅਤੇ ਨਿਆਰੀ ਮਰਯਾਦਾ, ਨਿਆਰੇ ਖ਼ਾਲਸਾ ਪੰਥ ਦੀ ਸੁੰਦਰਤਾ ਭਰਪੂਰ ਨਿਆਰੀ ਨੁਹਾਰ ਦਾ ਘੁੱਟ ਭਰ ਕੇ ਗੁਰਸਿੱਖ ਨੂੰ ਬ੍ਰਾਹਮਣੀ ਰੀਤੀ ਰਿਵਾਜ ਨਾਲ ਜੋੜ ਕੇ ਸਤਿਗੁਰਾਂ ਦੀ ਨਜ਼ਰਾਂ ਵਿਚ ਪੂਰੀ ਤਰ੍ਹਾਂ ਬੇ-ਪ੍ਰਤੀਤਾ ਬਣਾ ਦੇਣ ਲਈ, **ਪੰਥ ਦੇ ਧਾਰਮਿਕ ਆਗੂ ਆ ਬਣੇ**। ਜਿਸ ਮੰਦ-ਭਾਗੇ ਦਿਹਾੜੇ ਤੋਂ ਪੰਥ ਨੇ ਇਨ੍ਹਾਂ ਧਰਮ-ਆਗੂਆਂ ਨੂੰ ਆਪਣਾ ਅੰਗ ਮੰਨ ਲਿਆ, ਪੰਥ ਦੇ ਜਲਾਲ ਦੀ ਨਿਆਰੀ ਆਭਾ, ਉਸੇ ਦਿਨ ਤੋਂ ਧੁੰਦਲੀ ਹੋਣੀ ਅਰੰਭ ਹੋ ਗਈ ਸੀ । ਇਉਂ ਮਲੂਮ ਹੋ ਰਿਹਾ ਹੈ ਕਿ ਸਿੱਖ ਦਾ ਜਥੇਦਾਰ ਅੱਜ ਪੂਰੀ ਤਰ੍ਹਾਂ ਬਿੱਪ੍ਰੀ ਸਾਧਾਂ ਦਾ ਏਜੰਟ ਬਣ ਖਲੋਤਾ ਹੋਇਆ ਹੈ। ਪਰ ਕਰਮਕਾਂਡੀ ਬੰਧਨਾ ਦੇ ਪੱਖੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ:--

੧- **ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂੰ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧ ॥** [੯੬੪]-ਵਾਰ-੧੫

## ਬਿੱਪ੍ਰਵਾਦੀ ਸੰਸਕਾਰਾਂ ਦੀ ਝਲਕ--

ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਵਿਚਾਰਿਆ ਗਿਆ ਹੈ ਕਿ ਬ੍ਰਾਹਮਣ ਦੀ ਬਣਾਈ ਸਾਰੀ ਧਾਰਮਿਕ ਮਰਯਾਦਾ ਦਾ ਅਧਾਰ ਕੇਵਲ **ਲੁੱਟ-ਨੀਤੀ** ਹੈ। ਹਿੰਦੂ ਧਰਮ ਦੀ ਲਗ-ਪਗ ਸਾਰੀ ਧਰਮ-ਮਰਯਾਦਾ ਵਪਾਰਕ ਹੈ। ਆਪ ਕੀ ਦੇਣਾ ਤੇ ਉਸ ਦੇ ਵੱਟੇ ਅੱਗੋਂ ਕੀ ਮਿਲਦਾ ਹੈ? ਵੇਦਾ-ਸ਼ਾਸਤ੍ਰਾਂ ਵਾਲੇ ਪ੍ਰਕ੍ਰਣ ਵਿਚ ਖੋਹਲ ਕੇ ਲਿਖਿਆ ਗਿਆ ਹੈ, ਕਿ, ਹਿੰਦੂ-ਧਰਮ ਦਾ ਅਜੇਹਾ ਕੋਈ ਵੀ ਗ੍ਰੰਥ ਨਹੀਂ ਹੈ ਜਿਸ ਵਿਚ ਬ੍ਰਾਹਮਣ ਨੂੰ ਦਾਨ ਦੇਣ ਦੇ ਵੱਟੇ ਆਰਥਕ ਜਾਂ ਪਰਮਾਰਥਕ ਲਾਭ ਦੀ ਪ੍ਰਾਪਤੀ ਬਾਰੇ ਨਾ ਲਿਖਿਆ ਹੋਵੇ। ਇਨ੍ਹਾਂ ਗ੍ਰੰਥਾਂ ਨੂੰ ਗਹੁ ਨਾਲ ਪੜ੍ਹੀਏ ਤਾਂ ਸਿੱਧ ਹੁੰਦਾ ਹੈ ਕਿ ਬ੍ਰਾਹਮਣ ਦੀ ਬਣਾਈ ਹਿੰਦੂ-ਧਰਮ ਦੀ ਹਰ ਮਰਯਾਦਾ ਬ੍ਰਾਹਮਣ ਨੂੰ ਦਾਨ ਦੇਣ ਤੇ ਧਰਮ-ਕਰਮ ਬਣ ਰਹੀ ਹੁੰਦੀ ਹੈ ।

ਹਿੰਦੂ ਧਰਮ ਵਿਚ ਬੱਚੇ ਦੇ ਗ੍ਰਭ ਵਿਚ ਆਉਣ ਸਮੇਂ ਤੋਂ ਹੀ ਬ੍ਰਾਹਮਣ ਦੀ ਫ਼ੀਸ ਅਰੰਭ ਹੋ ਜਾਂਦੀ ਹੈ। ਧਰਮ ਗ੍ਰੰਥਾ ਦੇ ਅਧਾਰ ਤੇ ਫਿਲਮਾਈ ਗਈ ਰਾਮਾਇਣ ਗਾਥਾ ਦੀਆਂ Video ਰੀਲ੍ਹਾਂ ਵਿਚ ਸ੍ਰੀ ਰਾਮਚੰਦ੍ਰ ਜੀ ਅਤੇ ਉਨ੍ਹਾਂ ਦੇ ਤਿੰਨ ਭਾਈਆਂ ਦੇ, ਅਤੇ ਫਿਰ ਸ੍ਰੀ ਰਾਮ ਜੀ ਦੇ ਸਪੁੱਤ੍ਰਾਂ ਦੇ ਗ੍ਰਭ ਵਿਚ ਆਉਣ ਦੇ ਗ੍ਰਭ-ਸੰਸਕਾਰ ਸਮੇਂ ਅਤੇ ਫਿਰ ਇਨ੍ਹਾਂ ਦੇ ਜਨਮ ਤੇ, ਜਾਤਕ ਸੰਸਕਾਰ ਸਮੇਂ, ਬ੍ਰਾਹਮਣ ਰਿਸ਼ੀਆਂ ਦੀ ਪ੍ਰਧਾਨਗੀ ਅਤੇ ਉਨ੍ਹਾਂ ਦੀ ਪੂਜਾ ਪ੍ਰਤਿਸ਼ਟਾ ਦੇ ਦ੍ਰਿਸ਼ਯ **(Scene)** ਫਿਲਮਾਏ ਹੋਏ ਹਨ। ਇਸ ਤੋਂ ਪਤਾ ਚਲਦਾ ਹੈ ਕਿ ਵਿਦਵਾਨ ਬ੍ਰਾਹਮਣ ਜੀ ਨੇ ਹਿੰਦੂ-ਬੱਚੇ ਦੇ ਗ੍ਰਭ ਵਿਚ ਆਉਣ ਸਮੇਂ ਤੋਂ ਆਪਣੀ ਫ਼ੀਸ ਅਰੰਭ ਕਰ ਲੈਣ ਲਈ ਸੰਸਕਾਰਾਂ ਰੂਪੀ ਵਿਧਾਨ ਹਿੰਦੂ ਧਰਮ ਦਾ ਹਿੱਸਾ ਬਣਾ ਲਿਆ ਸੀ। ਇਸ ਤਰ੍ਹਾਂ ਇਨ੍ਹਾਂ ਰੀਤਾਂ ਰਿਵਾਜਾਂ ਵਾਲੀ ਮਰਯਾਦਾ ਤੇ ਰਾਮ-ਰੱਬ ਜੀ ਮੋਹਰ ਲੱਗ ਜਾਣ ਦੇ ਕਾਰਨ, ਹਿੰਦੂਆਂ ਦੇ ਸਮਾਜਕ ਰੀਤੀ ਰਿਵਾਜ ਦਾ ਸੰਗ੍ਰਹ ਹੀ, ਹਿੰਦੂ ਧਰਮ ਬਣ ਗਿਆ। ਗ੍ਰਭ ਵਿਚ ਆਉਣ ਸਮੇਂ ਤੋਂ ਅਰੰਭ ਹੋ ਕੇ, ਮੌਤ ਹੋਣ ਦੇ ਸਮੇਂ ਦੇਂ ਸੰਸਕਾਰ ' ਅਤੇ ਫਿਰ ਮਰਨ ਦੇ ਪਿਛੋਂ ਕਿਰਿਆ ਕਰਮ ਦੇ ਸਾਰੇ " ਸੰਸਕਾਰ ", ਬ੍ਰਾਹਮਣ ਦੀ ਆਮਦਨ ਦਾ ਪੱਕਾ ਸਾਧਨ ਬਣਦੇ ਰਹੇ । ਹੌਲੀ-ਹੌਲੀ ਇਹੀ ਰੀਤੀ ਰਿਵਾਜ-ਰੂਪ ਸੰਸਕਾਰ ਧਰਮ-ਕਰਮ ਬਣ ਗਏ, ਮਿਰਤਕਾਂ ਦੀ ਕਲਿਆਣ ਦੇ ਸਾਧਨ ਅਥਵਾ ਸਵਰਗਾਂ ਵਿਚ ਸੁਖ ਲੈਣ ਦੇ ਸਬੱਬ ਮੰਨੇ ਗਏ ।

ਗੁਰਮਤਿ ਵਿਚ ਕੇਵਲ ਉਨ੍ਹਾਂ ਸੰਸਕਾਰਾਂ ਦਾ ਜ਼ਿਕਰ ਹੈ ਜਿਹੜੇ ਉਪ੍ਰੋਕਤ ਵਰਨਣ ਮਹਾਨ ਕੋਸ਼ ਦੇ ਅਰਥਾਂ ਵਿਚ ਤੀਸਰੇ ਨੰਬਰ ਤੇ ਲਿਖੇ ਹਨ। ਅਰਥਾਤ, ਮਨੁੱਖ ਦੇ ਚੰਗੇ ਮਾੜੇ ਕਰਮਾਂ ਨਾਲ, ਜਾਂ ਚੰਗੇ-ਮਾੜੇ ਵਿਚਾਰਾਂ ਨਾਲ, ਜਿਹੜਾ ਅਸਰ ਮਨੁੱਖ ਦਾ ਆਤਮਾ, ਕਬੂਲ ਕਰ ਲੈਂਦਾ ਹੈ, ਉਨ੍ਹਾਂ ਨੂੰ ਹੀ ਗੁਰਬਾਣੀ ਦੇ ਟੀਕਾ-ਕਾਰਾਂ ਨੇ " ਸੰਸਕਾਰ " ਕਿਹਾ ਹੈ। ਆਤਮਾ ਤੇ ਪਿਆ ਹੋਇਆ ਉਹੀ ਪ੍ਰਭਾਵ, ਸਮੇਂ ਨਾਲ ਮਨੁੱਖ ਦਾ ਪੱਕਾ ਸੁਭਾਉ ਬਣ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਉਂ ਕਹਿ ਲਈਏ, ਕਿ ਜੀਵ ਦੇ ਕਰਮਾਂ ਨਾਲ ਜਿਹੜੇ ਲੇਖ ਜ਼ਮੀਰ, ਆਤਮਾ, ਮਨ ਅਥਵਾ ਆਤਮਾ ਤੇ ਉੱਕਰੇ ਜਾਂਦੇ ਹਨ, ਸਮੇ ਨਾਲ ਉਹੀ ਸੰਸਕਾਰ ਏਨੇ ਡੂੰਘੇ ਹੋ ਜਾਂਦੇ ਹਨ ਕਿ ਕਈ ਜਨਮਾਂ ਵਿਚ ਵੀ ਨਹੀਂ ਮਿਟਦੇ--**ਲੇਖ ਨ ਮਿਟਹੀ ਹੇ ਸਖੀ .....** ॥ ਇਨ੍ਹਾਂ ਸੰਸਕਾਰਾਂ ਦੁਆਰਾ ਬਣੀਆਂ ਆਦਤਾਂ ਅਗਲੇ ਜਨਮ ਵਿਚ ਆਪਣਾ ਅਸਰ ਵਿਖਾਈ ਰੱਖਦੀਆਂ ਹਨ। ਇਸ ਸਿਧਾਂਤ ਪ੍ਰਤੀ ਪੂਰੀ ਗੁਰਮਤਿ-ਵਿਚਾਰ " ਅਗਲੇ ਸਫਿਆਂ ਤੇ " ਕਰਮ-ਫਲ " ਲੇਖ ਵਿਚ ਕੀਤੀ ਗਈ ਹੈ। **ਸੰਸਕਾਰ** ਸ਼ਬਦ ਦੀ ਵਰਤੋਂ ਤੋਂ ਬਿਨਾ, ਜਿਵੇਂ (੧)--**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥** (ਜਪੁ) (੨) **ਨਾਨਕ ਪੂਰਬ ਲਿਖਿਆ ਕਮਾਵਣਾ ॥** (੮੪) **(੩) ਤੇਹਾ ਹੋਵੈ ਜੇਹੇ ਕਰਮ ਕਮਾਏ ॥** (੩੬੩)-- (੪) **ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਣੈ ਸਚਾ ਸੋਇ ॥** [੨੮੦] ਗੁਰਬਾਣੀ ਵਿਚ ਇਨ੍ਹਾਂ ਲੇਖਾਂ ਰੂਪੀ ਸੰਸਕਾਰਾਂ ਦਾ ਕਈ ਵਾਰ ਜ਼ਿਕਰ ਆਉਂਦਾ ਹੈ। ਅਗਲੇ ਸਫ਼ਿਆਂ ਤੇ ਅਸੀਂ ਸਮਝਾਂਗੇ ਕਿ, ਇਨ੍ਹਾਂ ਲੇਖਾਂ ਅਨੁਸਾਰ ਜੀਵਾਤਮਾਂ ਪ੍ਰਭੂ ਵਿਚ ਅਭੇਤ ਹੁੰਦਾ ਹੈ ਅਤੇ ਇਨ੍ਹਾਂ ਸੰਸਕਾਰਾਂ ਦੇ ਕਾਰਨ ਹੀ, ਜਨਮ-ਮਰਨ ਦੇ ਗੇੜ ਵਿਚ ਪਏ ਰਹੀਦਾ ਹੈ।

ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣੀ ਕਰਮਕਾਂਡੀ ਜਾਲ ਵਿਚ ਫਸੇ ਰਹਿਣ ਦੇ ਕਾਰਨ, ਕਈ ਪੀਹੜੀਆਂ ਤੋਂ ਜਿਹੜੇ ਸੰਸਕਾਰਾਂ-ਰੂਪੀ ਲੇਖ ਅਸਾਂ ਲਿਖ ਲਏ ਹੋਏ ਸਨ, ਉਨ੍ਹਾਂ ਦੇ ਅਸਰ ਤੋਂ ਛੁਟਕਾਰਾ ਪਾਉਣ ਲਈ ਗੁਰੂ ਨਾਨਕ ਜੀ ਦਾ ਬਖ਼ਸ਼ਿਆ ਨਿਆਰਾ ਗਿਆਨ ਇੱਕ ਕਾਰੀ ਦਾਰੂ, ਸਾਨੂੰ ਪ੍ਰਾਪਤ ਹੋਇਆ ਸੀ। ਪਰ ਅਸੀਂ ਉਸ ਗਿਆਨ ਨਾਲੋਂ ਟੁੱਟ ਗਏ ਅਤੇ ਪ੍ਰੋਹਿਤਵਾਦੀ ਮਰਯਾਦਾ ਵਾਲੇ ਪੁਰਾਣੇ ਸੰਸਕਾਰ ਸਾਡੇ ਅੰਦਰ ਫਿਰ ਜਾਗ ਪਏ। ਵਡਾ ਦੁਖਦਾਈ ਭਾਣਾ ਇਹ ਵਰਤ ਚੁੱਕਾ ਹੈ ਕਿ ਅਸੀਂ ਬ੍ਰਾਹਮਣੀ ਸੰਸਕਾਰਾਂ ਨੂੰ ਹੀ ਗੁਰਮਤਿ ਮੰਨ ਬੈਠੇ ਹੋਏ ਹਾਂ। ਸ਼ਕਲ ਜ਼ਰੂਰ ਬਦਲ ਲਈ ਹੈ ਪਰ ਰੀਤੀ ਰਿਵਾਜ, ਅਥਵਾ ਸੰਸਕਾਰਾਂ ਦਾ ਸਾਰਾ ਬੰਧਨ ਬਿਲਕੁਲ ਪ੍ਰੋਹਤਵਾਦੀ ਹੀ ਹੈ। ਅਕਾਲਪੁਰਖ ਦੇ ਬਣੇ ਨਿਯੱਮ ਅਨੁਸਾਰ ਖ਼ਾਸ ਉਮਰ ਵਿਚ ਬੀਬੀਆਂ ਨੂੰ ਮਾਹਵਾਰੀ ਆਉਣੀ ਅਰੰਭ ਹੋ ਜਾਂਦੀ ਹੈ। ਪਰ ਪ੍ਰੋਹਿਤਾਂ ਦੇ ਪਾਏ ਭਰਮਾਂ ਦੇ ਅਸਰ ਹੇਠ ਸਿੱਖ ਘਰਾਣਿਆਂ ਵਿਚ ਵੀ ਉਨ੍ਹੀ ਦਿਨੀ ਬੀਬੀ ਨੂੰ ਅਪਵਿੱਤਰ ਮੰਨਿਆਂ ਜਾ ਰਿਹਾ ਹੁੰਦਾ ਹੈ। ਏਥੋਂ ਤੱਕ ਕਿ ਉਨ੍ਹਾਂ ਦਿਨਾਂ ਵਿਚ ਬੀਬੀ ਨੂੰ ਗੁਰਬਾਣੀ ਦਾ ਪਾਠ ਕਰਨ ਤੋਂ ਅਤੇ ਗੁਰੂ ਦੁਆਰੇ ਜਾਣ ਤੋਂ ਵੀ ਰੋਕਿਆ ਜਾ ਰਿਹਾ ਹੁੰਦਾ ਹੈ। ਅਤੇ ਗ੍ਰਭਵਤੀ ਹੋਣ ਤੇ ਕਈ ਸਿੱਖ ਘਰਾਣਿਆਂ ਵਿਚ ਅਨੇਕ ਤਰ੍ਹਾਂ ਦੇ ਸ਼ਗਨ ਕੀਤੇ ਜਾ ਰਹੇ ਹੁੰਦੇ ਹਨ। ਅਜੇਹੇ ਭਰਮ ਬਿੱਪ੍ਰਨ ਕੀ ਰੀਤ ਹਨ ਅਤੇ ਗੁਰੂ ਦੇ ਸਿੱਖ ਨੂੰ ਆਪਣੇ ਸਤਿਗੁਰਾਂ ਦੀ ਨਜ਼ਰ ਵਿਚ ਬੇਪਰਤੀਤਾ ਬਣਾ ਰਹੇ ਹੁੰਦੇ ਹਨ।

## ਸੰਤਾਨ ਪ੍ਰਾਪਤੀ ਦੀ ਖ਼ੁਸ਼ੀ:--

ਬੱਚੇ ਦੀ ਅਣਹੋਂਦ ਗ੍ਰਿਹਸਤ ਜੀਵਨ ਨੂੰ ਫਿੱਕਾ ਬਣਾਈ ਰੱਖਦੀ ਹੈ। ਕਈ ਵਾਰੀ ਪਤੀ ਪਤਨੀ ਵਿਚ ਪਏ ਹੋਏ ਪਾੜੇ ਬੱਚੇ ਦਾ ਜਨਮ ਦੋਹਾਂ ਵਿਚ ਪਿਆਰ ਬਣਾ ਦਿੰਦਾ ਹੈ--**ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀਂ ਗੰਢ ਪਵੈ ਸੰਸਾਰਿ ॥** [੧੪੫] ਬੱਚੇ ਦੇ ਗ੍ਰਭ ਵਿਚ ਆਉਣ ਸਮੇਂ ਤੋਂ ਹੀ ਮਾਪਿਆਂ ਨੂੰ ਖ਼ੁਸ਼ੀ ਹੋ ਜਾਣੀ ਕੁਦਰਤੀ ਗੱਲ ਹੈ। ਬੱਚੇ ਦੇ ਜਨਮ ਤੇ ਉਸ ਤੋਂ ਦੁੱਗਣੀ ਚੌਗਣੀ, ਉਚੇਚੀ ਖ਼ੁਸ਼ੀ ਕਿਵੇਂ ਨਾ ਹੋਵੇ ? ਪਰ ਇਸ ਖ਼ੁਸ਼ੀ ਦੇ

ਸਾਂਝੀ-ਵਾਲ ਅਜੇਹੇ ਝੋਲੀ-ਚੁੱਕ ਮਨਮੁੱਖਾਂ ਨੂੰ ਨਹੀਂ ਬਣਾਉਣਾ ਚਾਹੀਦਾ ਜਿਹੜੇ ਨਿਰੇ ਸੁਖ ਦੇ ਅਤੇ ਖਾਣ ਪੀਣ ਦੇ ਹੀ ਯਾਰ ਹੋਣ ਅਤੇ ਦੁਖ ਦੇ ਸਮੇ ਨੂੰ ਆਉਂਦਾ ਵੇਖਕੇ ਦੂਰੋਂ ਹੀ ਖਿਸਕ ਜਾਣ:--

੨- **ਮਨਮੁਖਾ ਕੇਰੀ ਦੋਸਤੀ ਮਾਇਆ ਦਾ ਸਨਬੰਧੁ ॥ ਦੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥ ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥ ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥ ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥ ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥ ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥ ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ ॥ ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ ॥ ੨ ॥**[੯੫੯]-ਵਾਰ-੫

**ਪਦ ਅਰਥ:**--ਕੇਰੀ--ਦੀ । ਸਨਬੰਧੁ--ਜੋੜ । ਵੇਖਦਿਆ ਹੀ--ਵੇਂਹਦਿਆਂ ਵੇਂਹਦਿਆਂ, ਬੜੀ ਛੇਤੀ । ਭਜਿ ਜਾਨਿ--ਸਾਥ ਛੱਡ ਜਾਂਦੇ ਹਨ । ਪਾਇਨਿ--ਪਾਂਦੇ ਹਨ । ਬੰਧੁ--ਬੰਨ੍ਹ, ਪੱਕੀ ਗੰਢ, ਕਦੇ ਤੋੜ ਨਹੀਂ ਨਿਭਦੇ । ਪੈਨਨਿ--ਪਹਿਨਣ ਨੂੰ ਕੱਪੜੇ ਮਿਲਦੇ ਰਹਿਣ । ਖਾਵਨਿ--ਖਾਣ ਨੂੰ ਮਿਲਦਾ ਰਹੇ (ਚੰਗਾ-ਚੋਖਾ ਖਾਣ, ਅਤੇ ਸ਼ਰਾਬ ਪੀਣ ਦੇ ਯਾਰ) ਗੰਢੁ--ਮੇਲ । ਗੰਧੁ--ਰੁੱਖਾ ਬੋਲ । ਚਿਕੜਿ--ਚਿੱਕੜ ਨਾਲ । ਪਥਰ ਬੰਧ--ਪੱਥਰਾ ਦਾ ਬੰਧ (ਭਾਵ, ਅਜੇਹੇ ਮਤਲਬੀ ਮਨਮੁੱਖਾਂ ਨਾਲ ਸਾਂਝ ਓਸੇ ਤਰ੍ਹਾਂ ਹੁੰਦੀ ਹੈ ਜਿਵੇ ਪਾਣੀ ਰੋਕਣ ਲਈ ਸੀਮਿੰਟ ਦੇ ਥਾਂ ਗ਼ਾਰੇ ਨਾਲ ਜੋੜੇ ਪੱਥਰਾਂ ਦਾ ਬੰਨ੍ਹ ਬਣਾਇਆ ਹੋਵੇ) । ਫਕੜੁ ਧੰਧੁ--ਫ਼ਜ਼ੂਲ ਤੰਟਾ । ਬਿਹੰਧ--ਬੀਤਦੀ ਹੈ । ਕਰਮੁ--ਮਿਹਰ । ਸੇ ਜਨ--ਉਹ ਬੰਦੇ । ੨ ।

ਅਜੇਹੀ ਸਿਖਿਆ ਦੇ ਬੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਦੇ ਘਰਾਂ ਵਿਚ ਬੱਚੇ ਦੇ ਜਨਮ ਦੇ ਖ਼ੁਸ਼ੀ ਦੇ ਪ੍ਰਗਟਾਵੇ ਦਾ ਢੰਗ ਸਗੋਂ ਹੋਰ ਵੀ ਨਿਰਾਲਾ ਹੈ। ਪਿੰਡਾਂ ਵਿਚ ਕਿਸੇ ਕੋਠੇ ਤੇ ਅਚਨਚੇਤ ਕੰਨ-ਪਾੜੂ ਰੌਲਾ ਪਾਉਣ ਵਾਲਾ " ਸਪੀਕਰ ' ਘਰ ਵਿਚ ਲੜਕਾ ਪੈਦਾ ਹੋਣ ਦਾ ਸੂਚਕ ਬਣ ਖਲੋਂਦਾ ਹੈ। ਅਵੱਲ ਤਾਂ ਸਾਰੇ ਪਿੰਡ ਦੀ, ਨਹੀਂ ਤਾਂ ਅੱਧੇ ਲੋਕਾਂ ਦੀ ਨੀਂਦ ਅਤੇ ਸ਼ਾਂਤੀ ਦਾ ਘੁੱਟ ਭਰੀ ਜਾਣ ਵਾਲੇ " ਚੋਂਦੇ ਚੋਂਦੇ " ਇੱਕ ਟੱਕ ਲੱਗ ਰਹੇ ਤਵਿਆਂ ਦੇ ਰੌਲੇ ਵਿਚ, ਕਿਤੇ ਕਿਤੇ ਸ਼ਰਾਬੀਆਂ ਦੀਆਂ ਚਾਂਗਰਾਂ ਸੁਣੀਆਂ ਜਾ ਰਹੀਆਂ ਹੁੰਦੀਆਂ ਹਨ। ਫਿਰ ਸਤਿਗੁਰਾਂ ਦਾ ਸ਼ੁਕਰਾਨਾ ਕਰਨ ਦਾ ਢੁੱਚਰ ਖੜਾ ਕਰਕੇ, ਅਖੰਡ ਪਾਠ ਸਾਹਿਬ ਕਰਾਉਣ ਦਾ ਪੁੰਨ-ਕਰਮ ਕੀਤਾ ਜਾਣ ਦੇ ਸਮਾਗਮ ਦੀ ਗਹਿਮਾਂ ਅਰੰਭ ਹੋ ਜਾਂਦੀ ਹੈ। ਅਜੇਹਾ ਅਖੰਡ -ਪਾਠ ਅਸਲ ਵਿਚ ਸਤਿਗੁਰਾਂ ਦੇ ਪਾਵਨ ਸਰੂਪ ਨੂੰ ਵਰਤ ਕੇ, ਪਰਾਹੁਣਚਾਰੀ ਸਮਾਗਮ ਰਚਿਆ ਗਿਆ ਹੁੰਦਾ ਹੈ। ਵਾਧਾਈਆਂ ਤੇ ਤੁਹਫ਼ੇ (**Gifts**) ਲਏ ਦਿਤੇ ਜਾ ਕੇ ਹੰਕਾਰ ਨੂੰ ਪੱਠੇ ਪਾਏ ਜਾ ਰਹੇ ਹੁੰਦੇ ਹਨ।

ਉਹ ਘੜੀ ਤਾਂ ਸ਼ਰਮ ਨਾਲ ਡੁੱਬ ਕੇ ਮਰ ਜਾਣ ਵਾਲੀ ਹੁੰਦੀ ਹੈ, ਜਦੋਂ (ਸ੍ਰੀ ਅਖੰਡ ਪਾਠ ਦੇ ਭੋਗ ਤੇ ਆਪਣੇ ਮਰਜ਼ੀ ਨਾਲ ਚੁਣਿਆਂ ਮੁੱਖ-ਵਾਕ ਸੁਣਾਉਣ ਤੋਂ ਪਹਿਲਾਂ) ਭਾਈ ਜੀ, ਗਲ ਵਿਚ ਪੱਲਾ ਪਾਈ ਸਤਿਗੁਰਾਂ ਦੇ ਸਾਹਮਣੇ ਖਲੋਤੇ ਘਰ ਵਾਲਿਆਂ ਦੇ ਸੋਹਲੇ ਗਾਉਂਦੇ ਹੋਏ ਇਹ ਫ਼ੁਰਮਾ ਰਹੇ ਹੁੰਦੇ ਹਨ ਕਿ " ਸਚੇ ਪਾਤਿਸ਼ਾਹ ਜੀ ! ਆਪ ਜੀ ਦੇ ਸੱਚੇ ਸੇਵਕ ਨੇ ਆਪ ਜੀ ਦਾ ਧਨਵਾਦ ਕਰਨ ਲਈ ਆਪ ਜੀ ਦਾ ਜਿਹੜਾ ਸ੍ਰੀ ਅਖੰਡ ਪਾਠ ਅਰੰਭ ਕਰਾਇਆ ਸੀ, ਉਹ ਇਸ ਸਮੇਂ [ਭਾਵੇਂ, ਗੁਰਬਾਣੀ ਦਾ ਇੱਕ ਅੱਖਰ ਵੀ ਕਿਸੇ ਦੇ ਪੱਲੇ ਨਹੀਂ ਪਿਆ, ਭਾਵੇਂ ਪਾਠ ਦੀ ਲੇਟ ਕੱਢਣ ਦੀ ਦੌੜ ਵਿਚ ਪਾਠੀ ਵੀ ਕੁਤਰ-ਵੱਢ ਹੀ ਕਰੀ ਗਏ ਹਨ, ਭਾਵੇਂ ਤਿੰਨੇ ਦਿਨ ਘਰ ਦਾ ਵਾਤਾਵਰਨ ਸ਼ਰਾਬ ਦੀ ਬਦਬੋ ਨਾਲ ਸੜਾਂਦ ਮਾਰਦਾ ਰਿਹਾ ਹੈ, ਭਾਵੇਂ ਘਰ ਵਾਲਿਆਂ ਵਿਚੋਂ ਕੋਈ ਇੱਕ ਜੀਅ ਵੀ ਸਤਿਗੁਰਾਂ ਦੀ ਹਜ਼ੂਰੀ ਵਿਚ ਨਹੀਂ ਬੈਠਾ, ਭਾਵੇਂ ਮੈਂ ਵੀ ਭੋਗ ਪੈਂਦਿਆਂ ਤੁਹਾਡਾ ਹੁਕਮਨਾਮਾਂ ਚੁਣ ਕੇ ਰੱਖ ਲਿਆ ਹੋਇਆ ਹੈ, ਫਿਰ ਵੀ ਪਾਠ ਬਿਲਕੁਲ ] ਨਿਰਵਿਘਨ ਸਮਾਪਤ ਹੋਇਆ ਹੈ । ਸੇਵਕਾਂ ਦੇ ਸਿਰ ਤੇ ਮਿਹਰਾਂ ਭਰਿਆ ਹੱਥ ਏਸੇ ਤਰ੍ਹਾਂ ਹੀ ਟਿਕਾਈ ਰਖਣਾਂ ਅਤੇ ਨਵੇਂ ਜਨਮੇ ਕਾਕੇ ਨੂੰ ਲੰਮੀ ਸਾਰੀ ਉਮਰ ਬਖ਼ਸ਼ਣੀ, ਤੇਰੇ ਘਰ ਦੇ ਸੱਚੇ ਸ਼ਰਧਾਲੂ ਨੇ ਪਾਠੀਆਂ ਲਈ .... ਅਤੇ ਤੇਰੇ ਘਰ ਦੇ ਇਸ ਨਿਮਾਣੇ ਟਹਿਲੂਏ (ਗ੍ਰੰਥੀ) ਲਈ...... ਅਤੇ ਸੱਚੇ ਪਾਤਸ਼ਾਹ ਤੇਰੇ ਲਈ ...... ਅਰਦਾਸ ਕਰਾਏ ਹਨ, (ਜਿਸ ਖ਼ਜ਼ਾਨੇ ਵਿਚੋਂ ਸਾਨੂੰ ਸਾਰਿਆਂ ਨੂੰ ਏਡੇ ਤਕੜੇ ਗੱਫੇ ਮਿਲੇ ਹਨ) ਸੱਚੇ ਪਾਤਿਸ਼ਾਹ ਜੀ ਸੇਵਕਾਂ ਦੇ ਉਹ ਖ਼ਜ਼ਾਨੇ ਭਰਪੂਰ ਰਖਣੇ । (ਕੀ ਪਤਾ ਲੱਗੇ ਕਿ ਇਸ ਦਰਬਾਰ ਵਿਚ ਮੰਗਤਾ ਕੌਣ ਹੈ ਤੇ ਦਾਤਾ ਕਿਹੜਾ ਹੈ ?) ਕੀ ਸਤਿਗੁਰੂ ਜੀ ਦਾ, ਅਥਵਾ ਰੱਬ ਜੀ ਦਾ ਸ਼ੁਕਰਾਨਾਂ, ਏਨੇ ਰੌਲੇ ਗੌਲੇ ਤੋਂ ਬਿਨਾ ਹੋ ਹੀ ਨਹੀਂ ਸਕਦਾ ? ਕੀ ਉਸ ਸੇਵਕ ਨੂੰ ਏਡੇ ਤਕੜੇ ਸਮਾਗਮ ਵਿਚ ਹੀ ਸ਼ੁਕਰੀਆ ਅਦਾ ਕਰਨ ਦਾ ਖ਼ਿਆਲ ਆਉਂਦਾ ਹੈ ? ਅਸਲ ਵਿਚ ਤਾਂ ਘਰ ਵਾਲੇ ਇਹ ਕਹਿ ਰਹੇ ਹੁੰਦੇ ਹਨ--ਹੇ ਦਸਾਂ ਗੁਰਾਂ ਦੀ ਜੋਤਿ ਗੁਰੂ ਜੀ ! ਜੇ ਤੂੰ ਸਾਨੂੰ ਕਾਕਾ ਨਾ ਬਖਸ਼ਦਾ ਤਾਂ, ਤੇਰਾ ਚੇਤਾ ਸਾਨੂੰ ਕਿਥੋਂ ਆਉਣਾ ਸੀ ? ਭਾਣਾ ਇਹ ਵਰਤ ਚੁੱਕਾ ਹੈ ਕਿ ਅਸੀਂ ਬ੍ਰਾਹਮਣੀ ਸੰਸਕਾਰਾਂ ਨੂੰ ਵੀ ਪਿੱਛੇ ਛੱਡ ਤੁਰੇ ਹਾਂ ਅਤੇ ਬਚੇ ਦੇ ਜਨਮ ਤੇ ਅਜੇਹੇ ਖ਼ੁਸ਼ੀ-ਸਮਾਗਮ ਰਚ ਕੇ, ਆਪਣੇ ਸਤਿਗੁਰਾਂ ਤੋਂ ਬਗ਼ਾਵਤ ਦਾ ਐਲਾਨ ਕਰ ਰਹੇ ਹੁੰਦੇ ਹਾਂ । ਜਿਸ ਪਾਵਨ ਸਰੂਪ ਨੂੰ ਵਰਤ ਕੇ ਅਸੀਂ ਲੋਕਾਂ ਵਿਚ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਕੇ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹੁੰਦੇ ਹਾਂ।

' ਸਚ ' ਦਾ ਰੂਪ ਬਣਾਉਣ ਲਈ ਉਸ ਦੀ ਯਾਦ ਕਰਾਉਂਦੇ ਰਹਿਣ ਵਾਲੇ ਸਦੀਵੀ ਰਹਿਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਫ਼ੁਰਮਾਨ ਹੈ--" **ਜੋ ਜਨਮੈ ਤਿਸੁ ਸਰਪਰ ਮਰਣਾ**-- ਜਨਮ ਲੈਣ ਵਾਲਾ ਭਾਵੇਂ ਰੱਬ ਦਾ ਅਵਤਾਰ ਹੋ੍ਵ ਤੇ ਭਾਵੇ ਰੱਬ ਦਾ ਸਕਾ ਬੇਟਾ ਜਾਂ ਉਸ ਦਾ ਬੜਾ ਪਿਆਰਾ ਪੈਗ਼ੰਬਰ ਹੋਵੇ, ਸਰੀਰ ਕਰਕੇ ਸਦਾ ਜੀਵਤ ਨਹੀਂ ਰਹਿ ਸਕਦਾ। ਜਨਮ ਦੇ ਨਾਲ ਮੌਤ ਦੀ ਯਾਦ ਆਉਣੀ ਚੰਗੇ ਭਾਗਾਂ ਦੀ ਨਿਸ਼ਾਨੀ ਹੈ। ਪਰ ਸਾਨੂੰ ਮਰਨ ਦਿਨ ਤਾਂ ਕੀ ਯਾਦ ਆਉਣਾ ਸੀ, ਉਲਟਾ ਪਛਮੀ ਦੇਸਾਂ ਦਾ ਰਿਵਾਜ-ਰੂਪੀ ਅਜੇਹਾ ਰੋਗ ਅਸਾਂ ਸਹੇੜ ਲਿਆ ਹੈ, ਜਿਹੜਾ ਨਿਰੀ ਹਉਮੈ ਹੀ ਹਉਮੈ ਹੈ। ਹਰ ਸਾਲ ਬਚਿਆਂ ਦਾ ਅਤੇ ਕਈ ਘਰਾਂ ਵਿਚ ਵਢਿਆਂ ਬੁਢਿਆਂ ਦਾ ਵੀ ਜਨਮ ਦਿਨ ਮਨਾਇਆ ਜਾਂਦਾ ਹੈ। ਮੋਮ-ਬੱਤੀਆਂ ਜਗਾ ਕੇ ਉਚੇਚੇ ਟੱਸਣਾ ਨਾਲ ਬੁਝਾਈਆਂ ਜਾਂਦੀਆਂ ਹਨ Cake ਝਟਕਾਇਆ ਜਾਂਦਾ ਹੈ । Hapy birth day to you ਦੀਆਂ ਹੇਕਾਂ ਨਾਲ ਤਾੜੀਆਂ ਦੀ ਗੂੰਜ ਪੈ ਰਹੀ ਹੁੰਦੀ ਹੈ। ਤੁਹਫ਼ੇ Gifts ਲਏ ਅਤੇ ਖੋਹਲੇ ਜਾਂਦੇ ਹਨ । ਕਈ ਗੁਰੂ ਦੇ ਲਾਲਾਂ ਨੇ ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਉਪ੍ਰੋਕਤ ਸਾਰਾ ਕੁਝ ਕਰਨ ਨੂੰ ਸਿੱਖੀ ਦਾ ਅੰਗ ਬਣਾ ਲਿਆ ਹੋਇਆ ਹੈ। ਪਰ ਹਉਮੈ ਦੇ ਪ੍ਰਗਟਾਵੇ ਦਾ ਸਿਖ਼ਰ ਵਾਲੇ ਮਹੌਲ ਵਿਚ ਰੱਬ ਅਥਵਾ ਗੁਰੂ-ਪਰਮੇਸ੍ਵਰ ਦੀ ਯਾਦ ਨੂੰ ਥਾਂ ਕਿੱਥੇ ? ਕਿਉਂਕਿ ਜਿੱਥੇ ਹਉਮੈ ਹੈ ਉਥੇ ਰੱਬ ਲਈ ਥਾਂ ਹੋ ਹੀ ਨਹੀਂ ਸਕਦੀ ।--**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** [੫੬੦] ਇਸ ਗੁਰੂ-ਫ਼ੁਰਮਾਨ ਦੀ ਯਾਦ ਦਾ ਜਾਂ ਪਛਾਣ ਦਾ ਸਮਾ ਕਿੱਥੇ ? ਸਤਿਗੁਰਾਂ ਦੇ ਹੁਕਮਾਂ ਤੋਂ ਲਾਪਰਵਾਹ

ਹੋ ਕੇ, ਰੱਬ ਤੋਂ ਆਕੀ ਹੋਣ ਦਾ ਐਲਾਨ ਹਰ ਸਾਲ ਕੀਤਾ ਜਾਂਦਾ ਹੈ। ਗੁਰੂ ਅਤੇ ਰੱਬ ਤੋਂ ਦੂਰ ਲਈ ਜਾਣ ਵਾਲੇ ਇਸ " ਸਭ ਕੁਝ " ਨੂੰ, ਉਮਰ ਵਧਾਉਂਣ ਦਾ ਦਾਰੂ ਮੰਨਿਆਂ ਜਾ ਰਿਹਾ ਹੁੰਦਾ ਹੈ। ਹਾਲਾਂਕਿ ਗੁਰੂ ਫ਼ੁਰਮਾਨ ਇਉਂ ਹੈ--**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥** [੧੪੨] ਮਾਇਆ-ਬਿੱਖ ਤੋਂ ਉਪਜ ਰਹੀ ਹਉਮੈ ਦਾ ਪ੍ਰਗਟਾਵਾ ਆਤਮਕ ਮੌਤੇ ਮਰਣ ਦਾ ਉਪਰਾਲਾ ਹੀ ਤਾਂ ਹੈ ।

ਖੁਸ਼ੀ ਦੇ ਸਮੇ ਕੱਪੜਿਆਂ ਤੋਂ ਬਾਹਰ ਹੋ ਹੋ ਪੈਣ ਵਾਲੇ ਮਨੁੱਖ, ਦੁਖ ਦੇ ਸਮੇ ਦੁਖੀ ਉਸ ਤੋਂ ਵੀ ਵੱਧ ਹੁੰਦੇ ਹਨ। ਜੇ ਬੱਚਾ ਬਿਨਸ ਜਾਏ ਤਾਂ, ਅਜੇਹੇ ਮਨੁੱਖ ਧਾਹਾਂ ਮਾਰਦੇ ਰੋਂਦੇ-ਪਿੱਟਦੇ, ਕੰਧਾਂ ਨੂੰ ਟੱਕਰਾਂ ਮਾਰਦੇ ਵੀ ਵੇਖੇ ਜਾਂਦੇ ਹਨ। ਧੀਆਂ-ਪੁੱਤਰਾਂ ਦਾ, ਅਤੇ ਹੋਰ ਸਾਕ ਸੰਬੰਧੀਆਂ ਦਾ ਮੋਹ ਵੀ ਮਾਇਆ ਦਾ ਮਨਮੋਹਣਾ ਰੂਪ ਹੀ ਹੈ । ਫਿਰ ਅਜੇਹੇ ਮਾਇਆ-ਗ੍ਰਸੇ ਲੋਕ ਆਪਣੀ ਸੁੱਧ-ਬੁੱਧ ਏਥੋਂ ਤੱਕ ਗੁਆ ਲੈਂਦੇ ਹਨ ਕਿ, ਬਾਹਾਂ ਖੜੀਆਂ ਕਰਕੇ ਰੱਬ ਨੂੰ ਸੰਬੋਧਨ ਕਰਕੇ ਜ਼ਨਾਨੀਆਂ ਵਾਂਗ ਵੈਣ ਪਾਉਂਣੀ ਸੁਰ ਵਿਚ ਮੂੰਹੋਂ ਬੇ-ਥੱਵਾ ਅਰਲ-ਬਰਲ ਬੋਲ ਰਹੇ ਹੁੰਦੇ ਹਨਂ--' ਹਾਏ ਰੱਬਾ ! ਅਜੇ ਕੱਲ੍ਹ ਮੈਂ ਤੇਰੀ ਮਕਾਣ ਕੀਤੀ, ਅਖੰਡ-ਪਾਠ ਤੇ ਮੈਂ ਚਾਲੀ ਹਜ਼ਾਰ ਖਰਚਿਆ, ਭਾਈ ਤੇ ਪਾਠੀਆਂ ਨੂੰ ਵੀ ਵਿਤੋਂ ਵੱਧ ਰਜਾਇਆ, ਓਏ ਤੇਰੇ ਮੂਰ੍ਹੇ ਲੰਮੀਆਂ ਲੰਮੀਆਂ ਅਰਦਾਸਾਂ ਵੀ ਕਰਾਈਆਂ, ਹਾਏ ਰੱਬਾ, ਭਾਈ ਜੀ ਨੇ ਬੜਾ ਵਧੀਆ ਹੁਕਨਾਮਾਂ ਸੁਣਾ ਕੇ ਤੇਰੇ ਕੋਲ ਹੀ ਵਧਾਈਆਂ ਦਿਤੀਆਂ । ਹਾਏ ਓਇ ਸਾਰਿਆਂ ਨੇ ਰਲ-ਮਿਲ ਕੇ ਮੈਨੂੰ ਲੁੱਟ ਲਿਆ । ਹਾਏ ਓਏ ਰੱਬਾ ! ਤੈਨੂੰ ਜ਼ਰਾ ਸ਼ਰਮ ਨਾ ਆਈ ਮੇਰਾ ਸੁੱਖੀ ਲੱਧਾ ਕਾਕਾ ਆ ਆ ਆ....ਤੇਰਾ ਕੱਖ ਨਾ ਰਹੇ ਓ ਰੱਬਾ, ਤੈਨੂੰ ਵਿਹਲੇ ਨੂੰ ਮੇਰਾ ਘਰ ਹੀ ਲੱਭਾ ਸੀ ਕਹਿਰ ਢਾਉਣ ਨੂੰ ?॥ । ਓਏ ਲੋਕੋ ! ਅੱਜ ਤੁਸੀਂ ਮੈਨੂੰ ਕੀ ਮੱਤਾਂ ਦਿੰਦੇ ਹੋ । ਅਜੇ ਕੱਲ ਜਦੋਂ ਮਹਾਂਪ੍ਰਸ਼ਾਦ ਦੇ ਕੌਲੇ ਭਰ ਭਰ ਖਾਈ ਜਾਂਦੇ ਸੀ, ਓਇ ਜਦੋਂ ਗਲਾਸ ਭਰ ਭਰ ਕੇ ਸ਼ਰਾਬਾਂ ਪੀਵੀ ਜਾਂਦੇ ਸੀ, ਓਦੋਂ ਤਾਂ ਕਹਿੰਦੇ ਸਾਉ ਕਿ ਜਿਹੜੇ ਕਾਕੇ ਦੇ ਜਨਮ ਤੇ ਭਗ਼ਵਾਨ ਸਿੰਘ ਨੇ ਏਡਾ ਪੁੰਨ ਕੀਤਾ ਹੈ, ਉਹ ਕਾਕਾ ਘੱਟੋ ਘੱਟ ਸੈ ਵਰ੍ਹਿਆਂ ਦੀ ਉਮਰ ਤਾਂ ਜ਼ਰੂਰ ਹੀ ਭੋਗੇ ਗਾ । ਅੱਜ ਕਹਿੰਦੇ ਹੋ ਰੱਬ ਨੂੰ ਇਉਂ ਨਹੀਂ ਕਹੀਦਾ ? ਆਦਿ ਆਦਿ । ਘਰ ਵਿਚ ਹਾਹਾ ਕਾਰ ਮਚੀ ਹੁੰਦੀ ਹੈ । ਏਡਾ ਦੁੱਖ ਮੁੰਡੇ ਦੇ ਬਿਨਸ ਜਾਣ ਦਾ ਨਹੀਂ ਹੁੰਦਾ ਜਿਡਾ ਵਡਾ ਦੁੱਖ, ਉਸ ਦੇ ਜਨਮ ਤੇ ਖ਼ੁਸ਼ੀਆਂ ਮਨਾਉਂਣ ਲਈ ਕੀਤੇ ਖੁਲ੍ਹੇ ਖਰਚਾਂ ਨੂੰ, ਅਤੇ ਰਾਗ ਰੰਗ ਦੇ ਘੜੱਮ ਚੋਦਿਆ ਵੇਲੇ ਪਾਏ ਭੰਗੜਿਆਂ ਨੂੰ, ਯਾਦ ਕਰਕੇ ਹੋ ਰਿਹਾ ਹੁੰਦਾ ਹੈ । ਅੱਜ ਉਹ ਕੁਝ ਨਹੀਂ ਕਰ ਸਕਦਾ ਜੋ ਕੁਝ ਕੱਲ ਕਰ ਰਿਹਾ ਸੀ। ਅੱਜ ਉਹ ਬੋਲੀ ਨਹੀਂ ਬੋਲ ਸਕਦਾ ਜਿਹੜੀ ਕੱਲ੍ਹ ਬੋਲ ਰਿਹਾ ਸੀ। ਉਹੀ ਲੋਕ, ਜਿਹੜੇ ਕੱਲ੍ਹ ਵਧਾਈਆਂ ਦੇ ਰਹੇ ਸਨ, ਅੱਜ ਉਹੀ ਕਥਿਤ ਸੱਜਣ ਆਪਣੇ ਯਾਰ ਦਾ ਰਚਿਆ ਸੋਗ-ਤਮਾਸ਼ਾ ਵੇਖ ਰਹੇ ਹਨ । ਕੱਲ੍ਹ ਦਾ ਸੁਖੀ ਅੱਜ ਅਤੀ ਦੁਖੀ ਹੈ। ਜਗਤ ਨੂੰ ਸੁਖੀ ਬਣਾਉਣ ਆਏ ਸਤਿਗੁਰੂ ਨਾਨਕ ਜੀ ਨੇ ਸਦਾ ਸੁਖੀ ਰਹਿਣ ਵਾਲੀ ਜੀਵਨ-ਜੁਗਤ ਦਾ ਭੇਤ ਸਮਝਉਂਦਿਆ ਫ਼ੁਰਮਾਨ ਕੀਤਾ ਹੈ--

੩- **ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥**
**ਗੁਰ ਕੀ ਕਰਣੀ ਭਉ ਕਟੀਐ, ਨਾਨਕ ਪਾਵਹਿ ਪਾਰੁ ॥ ੧ ॥**[੧੨੪੮]-ਵਾਰ-੨੯

**ਅਰਥ:**--(ਹੇ ਮਨ) ਜੇ ਸਤਿਗੁਰ ਦੇ ਦੱਸੇ ਹੁਕਮ ਦੀ ਪਾਲਣਾ ਕਰੇਂ ਤਾਂ ਸੁਖਾਂ ਵਿਚੋਂ ਚੋਣਵਾਂ ਸੁੱਖ ਮਿਲਦਾ ਹੈ । ਸਤਿਗੁਰੂ ਦੀ ਦੱਸੀ ਹੋਈ ਕਾਰ ਕੀਤਿਆਂ ਡਰ ਦੂਰ ਹੋ ਜਾਂਦਾ ਹੈ, (ਜੇ ਤੂੰ ਗੁਰੂ ਵਾਲੀ ਕਰਣੀ ਕਰੇਂਗਾ ਤਾਂ) ਤੂੰ (ਭਉ ਦਾ) ਪਾਰਲਾ ਕੰਢਾ ਲੱਭ ਲਵੇਂਗਾ (ਭਾਵ, ਭਉ-ਸਾਗਰ ਤੋਂ ਪਾਰ ਲੰਘ ਜਾਏਂਗਾ)

ਸੁਖ ਦੀ ਪ੍ਰਾਪਤੀ ਸਤਿਗੁਰਾਂ ਦੇ ਹੁਕਮ ਵਿਚ ਹੈ। ਅਤੇ ਸਤਿਗੁਰਾਂ ਨੇ ਜਪ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਕਰਮਕਾਂਡੀ ਵਿਧੀਆਂ ਨਾਲ ਪਰਮਾਤਮਾ ਨੂੰ ਪਾਉਣ ਦੀ ਸਿਆਣਪਾਂ ਨੂੰ ਨਿਸਫ਼ਲ ਫ਼ੁਰਮਾ ਦਿੱਤਾ ਸੀ--**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥** ਅਜੇਹੀਆਂ ਕਰਮਕਾਂਡੀ ਸਿਆਣਪਾਂ ਦਾ ਤਿਆਗ ਕਰਕੇ ਪਰਮਾਤਮਾ ਦੀ ਸਦੀਵੀ ਯਾਦ ਵਿਚ ਟਿਕੇ ਰਹਿਣ ਵਿਚ ਸੁਖ ਦੀ ਪ੍ਰਾਪਤੀ ਦਾ ਉਪਦੇਸ਼:--

੪- **ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥**
**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥** [੨੮੧]-ਅਸਟ-੧੪

੫- **ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ ਹਉਮੈ ਮਮਤਾ ਮਾਰਿ ਕੈ ਹਰਿ**
**ਰਾਖਿਆ ਉਰਧਾਰਿ ॥ ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥**
**ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥ ੩ ॥**[੨੬]-੧-੩੪

**ਅਰਥ:**--ਜਗਤ ਵਿਚ ਉਹ ਬੰਦੇ ਵਿਰਲੇ ਹਨ ਜੇਹੜੇ ਪਿਆਰੇ ਸਤਿਗੁਰੂ ਜੀ ਦੀ ਸਰਨ ਲੈਂਦੇ ਹਨ, ਜਿਹੜੇ ਹਉਮੈ ਨੂੰ ਤੇ ਮਲਕੀਅਤ ਦੀ ਲਾਲਸਾ ਨੂੰ ਮਾਰ ਕੇ ਆਪਣੇ ਹਿਰਦੇ ਵਿਚ ਪਰਮਾਤਮਾ ਨੂੰ ਟਿਕਾਉਂਦੇ ਹਨ । ਮੈਂ ਉਨ੍ਹਾਂ ਬੰਦਿਆਂ ਤੋਂ ਸਦਕੇ ਹਾਂ ਜਿਨ੍ਹਾਂ ਦਾ ਪਰਮਾਤਮਾ ਦੇ ਨਾਮ ਵਿਚ ਹੀ ਪ੍ਰੇਮ ਬਣਿਆ ਰਹਿੰਦਾ ਹੈ । ਉਹੀ ਬੰਦੇ ਚਹੁ ਜੁਗੀ (- ਕਥਿਤ, ਚੌਹਾਂ ਹੀ ਜੁਗਾਂ ਵਿਚ, ਅਰਥਾਤ,) ਸਦਾ ਹੀ ਸੁਖ਼ੀ ਰਹਿੰਦੇ ਹਨ ਜਿੰਨ੍ਹਾਂ ਦੇ ਪਾਸ ਕਦੇ ਨਾ ਮੁੱਕਣ ਵਾਲਾ ਬੇਅੰਤ ਨਾਮ (ਦਾ ਖ਼ਜ਼ਾਨਾ) ਹੈ । ੩ ।

੬- **ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰਿ ॥**
**ਜਗ ਮਹਿ ਲਾਹਾ ਏਕੁ ਨਾਮੁ, ਪਾਈਐ ਗੁਰ ਵੀਚਾਰਿ ॥ ੬ ॥**[੫੪]-੩

**ਅਰਥ**:--ਜਿੰਨ੍ਹਾਂ ਬੰਦਿਆਂ ਨੇ ਸਦਾ-ਥਿਰ ਪ੍ਰਭੂ ਨਾਲ ਸਾਂਝ ਪਾ ਲਈ ਹੈ, ਉਹ ਸਦਾ ਹੀ ਆਤਮਕ ਸੁਖ ਮਾਣਦੇ ਹਨ ਉਹ ਆਪਣੀ ਹਉਮੈ ਅਤੇ (ਮਾਇਆ ਵਾਲੀ) ਤ੍ਰਿਸ਼ਨਾ ਮਾਰ ਕੇ ਸਦ-ਥਿਰ ਪ੍ਰਭੂ (ਦੇ ਨਾਮ) ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਦੇ ਹਨ । ਜਗਤ ਵਿਚ (ਆਉਣ ਦਾ) ਪਰਮਾਤਮਾ ਦਾ ਇਕ ਨਾਮ ਹੀ ਲਾਭ ਹੈ (ਜੋ ਮਨੁੱਖ ਨੂੰ ਖੱਟਣਾ ਚਾਹੀਦਾ ਹੈ, ਤੇ ਇਹ ਨਾਮ) ਗੁਰੂ ਦੀ ਦੱਸੀ ਸਿੱਖਿਆ ਦੀ ਰਾਹੀਂ ਹੀ ਮਿਲ ਸਕਦਾ ਹੈ । ੬ ।

੭- **ਸੁਖੁ ਦੁਖੁ ਦੋਨੋਂ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥ ੧ ॥**[੨੧੯]-੧

ਭਾਵ, ਜਿਹੜਾ ਮਨੁੱਖ ਸੁਖ ਵੇਲੇ ਹੰਕਾਰ ਵਿਚ ਨਹੀਂ ਆਉਂਦਾ ਅਤੇ ਦੁਖ ਸਮੇ ਘਾਬਰਦਾ ਨਹੀਂ । ਜਿਹੜਾ ਮਨੁੱਖ ਕਿਸੇ ਆਦਰ ਮਿਲ ਜਾਣ ਤੋਂ ਉਚੇਚਾ ਪ੍ਰਭਾਵਤ ਨਹੀਂ ਹੁੰਦਾ ਅਤੇ ਜੇ ਕੋਈ ਉਸ ਦੀ ਨਿਰਾਦਰੀ ਕਰ ਦੇਵੇ ਤਾਂ ਵੀ ਕੋਈ ਪਰਵਾਹ ਨਹੀਂ ਕਰਦਾ। ਅਰਥਾਤ, ਜਿਹੜਾ ਮਨੁੱਖ ਸੁਖ, ਦੁਖ, ਆਦਰ ਅਤੇ ਨਿਰਾਦਰੀ ਨੂੰ ਇੱਕ ਸਮਾਨ ਜਾਣਦਾ ਹੈ, ਸਮਝ ਲਵੋ ਕਿ ਉਸ ਨੇ ਜਗਤ ਵਿਚ ਜੀਵਨ ਦਾ ਭੇਤ ਸਮਝ ਲਿਆ ਹੈ।

ਗੁਰਮਤਿ ਦੇ ਇਸ ਸਿਧਾਂਤ ਨੂੰ ਕਿਸੇ ਸਮੇਂ ਵੀ ਨਹੀਂ ਵਿਸਾਰਨਾ ਚਾਹੀਦਾ ਕਿ, " **ਮੌਤ** " ਅਟੱਲ ਸਚਾਈ ਹੈ ਜਦ ਕਿ ' **ਜਿੰਦਗੀ** ', ਅਜੇਹਾ ਝੂਠ ਹੈ, ਜਿਸ ਬਾਰੇ ਜ਼ਰਾ ਵੀ ਭਰੋਸਾ ਨਹੀਂ ਕਿ ਇਹ ਕਿਸ ਸਮੇਂ ਸੁਪਨਾਂ ਬਣ ਜਾਵੇ । ਫਿਰ ' **ਝੂਠ** " ਦੀ ਖੁਸ਼ੀ ਵਿਚ " **ਸੱਚ** " ਨੂੰ ਭੁੱਲ ਜਾਣਾ ਗੁਰਮਤਿ ਨਹੀਂ ਹੈ--

੮- **ਜਨਨੀ ਜਾਨਤ, ਸੁਤੁ ਬਡਾ ਹੋਤੁ ਹੈ, ਇਤਨਾ ਕੁ ਨ ਜਾਨੈ, ਜਿ ਦਿਨ ਦਿਨ ਅਵਧ ਘਟਤੁ ਹੈ ॥**
**ਮੋਰ ਮੋਰ ਕਰਿ, ਅਧਿਕ ਲਾਡੁ ਧਰਿ, ਪੇਖਤ ਹੀ ਜਮਰਾਉ ਹਸੈ ॥ ੧ ॥**[੯੧][-੧

ਜਵਾਨ ਹੋ ਰਹੇ ਪੁੱਤਰ ਨੂੰ ਲਾਡ ਕਰ ਕਰ ਕੇ, ਖ਼ੁਸ਼ੀ ਨਾਲ ਪਾਗ਼ਲ ਹੋ ਰਹੀ ਮਾਂ, ਕੀ ਜਾਣੇ ਕਿ ਉਸ ਦੇ ਲੜਕੇ ਨੂੰ ਅੱਜ ਸੱਪ ਨੇ ਡਸ ਲੈਣਾ ਹੈ, ਉਸ ਨੇ ਟਰੱਕ ਹੇਠ ਆ ਜਾਣਾ ਹੈ, ਉਸ ਦੇ ਦਿਲ ਦੀ ਧੜਕਣ ਬੰਦ ਹੋ ਜਾਣੀ ਹੈ, ਉਸ ਨੇ ਕੰਧ ਤੋਂ ਡਿਗ ਪੈਣਾ ਹੈ, ਕੀ ਭਰੋਸਾ ਹੈ ਕਿ ਕਿਸ ਵੇਲੇ ਕੀ ਭਾਣਾ ਵਰਤ ਜਾਣਾ ਹੁੰਦਾ ਹੈ । ਏਸੇ ਲਈ ਦੁਖ ਸੁਖ ਵਿਚ ਇੱਕ ਸਮਾਨ ਰਹਿਣਾ ਗੁਰਮਤਿ ਹੈ।

ਸਤਿਗੁਰਾਂ ਦਾ ਉਪਦੇਸ਼ ਹੈ, ਕਿ ਅਸੀਂ ਸਦਾ ਗੁਰੂ ਦੇ ਹੁਕਮ ਅਨੁਸਾਰ ਚਲਦਿਆਂ ਆਪਣੇ ਵਿਚ ਉਚੇ ਗੁਣ ਬਣਾਈ ਰਖਣ ਲਈ ਯਤਨ ਸ਼ੀਲ ਰਹਿਣਾ ਹੀ ਸਿੱਖੀ ਹੈ । ਅਹੰਕਾਰ ਪੈਦਾ ਕਰਨ ਵਾਲੇ ਕਰਮ ਕਾਂਡੀ ਸੰਸਕਾਰਾਂ ਦੇ ਉਚੇਚੇ ਚੱਕਰ ਵਿਚ ਪੈਣ ਦੀ ਪ੍ਰਵਾਨਗੀ ਗੁਰਬਾਣੀ ਵਿਚ ਬਿਲਕੁਲ ਨਹੀਂ ਹੈ। ਹਿੰਦੂ ਦੇ ਸੰਸਕਾਰ ਸਮਾਗਮ ਹਿੰਦੂ ਦੇ ਧਰਮ ਦਾ ਹੀ ਹਿੱਸਾ ਹਨ। ਸਾਡੀ ਸਮੱਸਿਆ ਇਹ ਹੈ ਕਿ ਸਾਡਾ ਧਰਮ ਅਜੇਹੇ ਰੀਤੀ ਰਿਵਾਜਾਂ ਦੀ ਮਨਾਹੀ ਕਰਦਾ ਹੈ । ਪੁਰਾਣਕ ਕਾਲ ਤੋਂ ਬ੍ਰਾਹਮਣੀ ਸੋਚ ਦੀ ਉਪਜ, ਪਰਚਲਤ ਸਮਾਜੀ ਰੀਤੀ-ਰਿਵਾਜਾਂ ਨਾਲ ਗੁਰਮਤਿ ਦਾ ਕੋਈ ਵਾਸਤਾ ਨਹੀਂ ਹੈ। ਜਨਮ ਸਮੇ ਅਥਵਾ ਵਿਆਹ-ਸ਼ਾਦੀਆਂ ਤੇ, ਗਾਉਣ ਵਜਾਉਣ, ਗਿੱਧਾ, ਨਾਚ ਅਤੇ ਹੋਰ ਕਈ ਸ਼ਗੁਨ ਜਿਨ੍ਹਾਂ ਵਿਚ ਬ੍ਰਾਹਮਣ, ਨਾਈ, ਝੀਵਰ ਆਦਿ, ਲਾਗੀ ਵਾਰਨੇ ਆਦਿ ਦੀਆਂ ਰਕਮਾਂ ਸਾਂਭ ਰਹੇ ਹੁੰਦੇ ਹਨ, ਇਹ ਸਾਰਾ ਝੰਜਟ ਅਸਾਂ ਬ੍ਰਾਹਮਣ ਤੋਂ ਹੀ ਲਿਆ ਹੋਇਆ ਹੈ । ਬ੍ਰਾਹਮਣੀ ਜੀਵਨ ਮਰਯਾਦਾ ਨੇ, ਮਨੁੱਖ ਦੇ ਆਚਰਨ ਨੂੰ ਕਮਜ਼ੋਰ ਬਣਾ ਦਿੱਤਾ ਸੀ ।

ਅਜੇਹੀਆਂ ਖ਼ੁਸ਼ੀਆਂ ਕੇਵਲ ਗੁਰੂ-ਪਰਮੇਸ਼ਰ ਨਾਲ ਹੀ ਸਾਂਝੀਆਂ ਕਰਨੀਆਂ, ਸਿਖੀ ਦੀ ਧਾਰਮਿਕ-ਮਰਯਾਦਾ ਹੋਣੀ ਚਾਹੀਦੀ ਹੈ । ਮਨੁੱਖਾਂ ਨੂੰ ਇਕੱਤ੍ਰ ਕਰਕੇ ਖ਼ੁਸ਼ੀ ਦਾ ਪ੍ਰਗਟਾਵਾ ਹੰਕਾਰ ਨੂੰ ਪੱਠੇ ਪਾਉਣਾ ਹੈ ਅਤੇ ਅਜੇਹੇ ਰੌਲੇ ਗੌਲੇ ਵਾਲਾ ਸ਼ੁਕਰਾਨਾ ਅਤੇ ਖ਼ੁਸ਼ੀ ਦਾ ਪ੍ਰਗਟਾਵਾ, ਛਿਨ-ਭੰਗਰ ਲਈ ਹੀ ਹੁੰਦਾ ਹੈ। ਜਿਨਾ ਬਹੁਤਾ ਖਿਲਾਰੇ ਵਾਲਾ ਖ਼ੁਸ਼ੀ ਦਾ ਪ੍ਰਦਰਸ਼ਨ ਹੁੰਦਾ ਹੈ ਓਨੀ ਵੱਧ ਪ੍ਰੇਸ਼ਾਨੀ, ਓਨਾ ਵੱਧ ਹੰਕਾਰ ਅਤੇ ਓਨੀ ਵੱਧ ਪ੍ਰਭੂ ਤੋਂ ਦੂਰੀ ਬਣਦੀ ਹੈ। ਅਜੇਹ ਝੂਠੇ ਅਡੰਬਰਾਂ ਨਾਲ, ਵਿਕਾਰਾਂ ਦੇ ਆ ਵੜਨ ਲਈ ਰਸਤਾ ਤਿਆਰ ਹੋ ਜਾਂਦਾ ਹੈ ।

੯- **ਮਨਮੁਖ ਹਉਮੈ ਮਾਇਆ ਸੂਤੇ ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥**
**ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥ ੧੫ ॥** [੧੦੪੯]-੫

## ੨

# ਪੰਥਕ ਰਹਿਤ ਮਰਯਾਦਾ ਅਤੇ ਡੇਰਾ ਵਾਦ

ਪੁਸਤਕ ਦੇ ਤੀਜੇ ਭਾਗ ਦੇ ਅਰੰਭਕ ਲੇਖ ਵਿਚ ਪੜ੍ਹ ਆਏ ਹਾਂ ਕਿ, ੧੯ਵੀਂ ਸਦੀ ਵਿਚ ਹੀ ਬ੍ਰਾਹਮਣ, ਅੰਮ੍ਰਿਤਧਾਰੀ ਸਿੰਘਾਂ ਦਾ ਬੁਰਕਾ ਪਾ ਕੇ ਬੁੱਢਾ ਦਲ ਵਿਚ ਆ ਵੜਿਆ ਸੀ, ਅਤੇ ਸਿੰਘ ਨੂੰ ਗੁਰੂ-ਬਾਣੀ-ਗਿਆਨ ਤੋਂ ਵਾਂਜੇ ਰੱਖਣ ਵਾਲੀ ਮਰਯਾਦਾ ਬੜੀ ਸਫ਼ਲਤਾ ਨਾਲ ਪੰਥ ਵਿਚ ਵਾੜ ਚੁਕਿਆ ਸੀ। ਫਿਰ ਮਹਾਰਾਜਾ ਰਣਜੀਤ ਸਿੰਘ ਦੇ ਸਮੇ **ਤੱਕ, ਬ੍ਰਾਹਮਣ,** ਲਗ-ਪਗ ਸਾਰੇ ਇਤਿਹਾਸਕ ਅਥਵਾ ਕੇਂਦਰੀ ਗੁਰਦੁਆਰਿਆਂ ਦੇ ਸੰਚਾਲਕ, ਆ ਬਣੇ ਸਨ। ਉਨ੍ਹਾਂ ਨੇ ਗੁਰਮਤ ਸਿਧਾਂਤ ਦੇ ਥਾਂ ਲੱਗ ਪਗ ਸਾਰੇ ਦੇ ਸਾਰੇ ਬ੍ਰਾਹਮਣੀ ਫੋਕਟ ਕਰਮ ਕਾਂਡ ਪੰਥਕ ਮਰਯਾਦਾ ਵਿਚ ਸ਼ਾਮਲ ਕਰ ਦਿੱਤੇ ਸਨ । ਏਥੋਂ ਤੱਕ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸੱਤ ਥਾਂਵਾਂ ਤੇ ਮੂਰਤੀਆਂ ਦੀ ਵੀ ਪੂਜਾ ਕਰਾਈ ਜਾਂਦੀ ਸੀ । ਹਿੰਦੂ ਧਰਮ ਵਾਲੇ ਕਰਮ-ਕਾਂਡੀ ਸੰਸਕਾਰ-ਸਮਾਗਮ ਰਚਾਉਣ ਦਾ ਰਿਵਾਜ, ਲਗ ਪਗ ਸਾਰੇ ਪੰਥ ਨੇ ਕਬੂਲ ਲਿਆ ਹੋਇਆ ਸੀ । ਅਕਾਲੀ ਲਹਿਰ ਨੇ ਗੁਰੂ ਘਰਾਂ ਨੂੰ ਮਹੰਤਾਂ ਦੀ ਪਕੜ ਤੋਂ ਆਜ਼ਾਦ ਕਰਾਇਆ । ਸਿੰਘ ਸਭਾ ਨੇ ਪੰਥ ਨੂੰ ਬ੍ਰਾਹਮਣੀ ਰੀਤਾਂ ਤੋਂ ਮੁਕਤ ਕਰਾਉਣ ਦਾ ਬਹੁ-ਮੁੱਲਾ ਯਤਨ ਤਾਂ ਜ਼ਰੂਰ ਕੀਤਾ, ਪਰ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਗਿਆਤਾ, ਅਥਵਾ ਗੁਰਮਤਿ ਵਿਚ ਵਿਦਵਾਨ ਬਣਾਉਣ ਵਾਸਤੇ ਕੋਈ ਪ੍ਰਬੰਧ ਨਾ ਹੋ ਸਕਿਆ । ਲੋੜ ਸੀ ਉਸੇ ਤਰ੍ਹਾਂ ਦੇ ਵਿਦਿਆਲੇ ਚਾਲੂ ਕਰਨ ਸੀ, ਜਿਵੇ ਈਸਾਈਆਂ ਨੇ ਬਾਈਬਲ ਪੜ੍ਹਉਣ ਦੇ ਅੱਡਰੇ ਪ੍ਰਬੰਧ ਕੀਤੇ ਹੋਏ ਹਨ । ਇਹ ਬੜੀ ਵੱਡੀ ਪੰਥਕ ਬਦਕਿਸਮਤੀ ਵਾਲੀ ਅਣਗਹਿਲੀ ਸੀ ਜੋ, ਗੁਰਮਤਿ ਪਰਚਾਰ ਵਰਗਾ ਬੜਾ ਜ਼ਰੂਰੀ ਕਾਰਜ, ਡੇਰੇ-ਦਾਰ ਸਾਧਾਂ ਸੰਤਾਂ ਗੋਚਰਾ ਬਣ ਜਾਣ ਦੀ ਖੁਲ੍ਹ ਦਿੱਤੀ ਗਈ। ਅਤੇ ਫਿਰ ਸੰਤ ਡੇਰੇ ਦਾਰਾਂ ਦਾ ਪੰਥ ਵਿਚ ਰਸੂਖ਼ ਪੱਕੇ ਤੋਂ ਪੱਕਾ ਕਰੀ ਰੱਖਣ ਲਈ ਸ਼੍ਰੋਮਣੀ ਕੋਮੇਟੀ ਨੇ ਇਤਿਹਾਸਕ ਗੁਰੂ ਦੁਆਰਿਆਂ ਦੀ ਉਸਾਰੀ ਦੀ ਸੇਵਾ ਵੀ ਸਾਧਾ ਸੰਤਾਂ ਦੇ ਹਵਾਲੇ ਕਰ ਦਿੱਤੀ। ਮਾਇਆ ਦੀ ਅੰਨ੍ਹੀ ਉਗਰਾਹੀ ਕਰ ਲੈਣ ਦੇ ਨਾਲ ਸੇਵਾ ਕਰਵਾ ਰਹੇ ਸਾਧ ਡੇਰੇ ਦਾਰ ਬਾਰੇ ਹਰ ਪਾਸੇ ਧੰਨ ਧੰਨ ਹੋਣ ਲੱਗ ਪਈ। ਇਹ ਅਣਗਹਿਲੀ ਪੰਥ ਲਈ ਆਤਮ-ਘਾਤ ਕਰ ਲੈਣ ਵਾਲੀ ਖ਼ਤਰਨਾਕ ਭੁੱਲ ਸੀ । ਪੰਥਕ ਤੌਰ ਤੇ ਇਹ ਭਰਮ ਕਬੂਲ ਕਰ ਲਿਆ, ਕਿ ਸਾਧ ਭੇਖ ਵਾਲੇ ਡੇਰੇ-ਦਾਰ ਪੂਰਨ ਤੌਰ ਤੇ ਗੁਰਮਤਿ ਦੇ ਗਿਆਤਾ ਹਨ, ਜੋ ਪੰਥ ਦੇ ਸੱਚੇ ਹਿਤੇਸ਼ੀ ਅਤੇ ਸਿੱਖ ਧਰਮ ਦੇ ਬੜੇ ਲਾਹੇਵੰਦ ਪਰਚਾਰਕ ਹਨ। ਪਰ ਅਸਲ ਵਿਚ ਗੁਰਮਤਿ ਗਿਆਨ ਤੋਂ ਲਗ-ਪਗ ਕੋਰੇ ਸਾਧਾਂ ਦੇ ਡੇਰੇ, ਗੁਰੂ ਦਰਬਾਰ ਵਿਚ ਝੂਠੀਆਂ ਕਹਾਣੀਆਂ ਦੁਆਰਾ ਸਿੱਖਾਂ ਵਿਚ ਬ੍ਰਾਹਮਣੀ ਮਰਯਾਦਾ ਦਾ ਪਰਚਾਰ ਕਰੀ ਰੱਖਣ ਵਾਲੇ ਪੰਥ ਦੇ ਸੱਜਣ ਨਹੀਂ ਹਨ। ਸਾਧਾਂ-ਸੰਤਾਂ ਪ੍ਰਤੀ ਬਣ ਚੁੱਕੇ ਝੂਠੇ ਭਰਮ ਦੇ ਕਾਰਨ ਡੇਰੇ-ਦਾਰਾਂ ਦੀ ਪਕੜ ਦਿਨੋ ਦਿਨ ਵਧਦੀ ਗਈ। ਜਿਸ ਬਿੱਪ੍ਰਨ ਦੀ ਰੀਤ ਤੋਂ ਬਚੇ ਰਹਿਣ ਦਾ ਗੁਰੂ-ਉਪਦੇਸ਼ ਸੀ, ਇਹ ਸਾਧ-ਡੇਰੇ, ਉਸੇ ਗੁਰਮਤਿ ਵਿਰੋਧੀ " ਪ੍ਰੋਹਿਤਵਾਦੀ ਰੀਤ " ਨੂੰ ਪੰਥ ਵਿਚ ਨਿਰੰਤਰ ਵਾੜੀ ਰੱਖਣ ਦੇ ਪੱਕੇ ਅੱਡੇ ਬਣ ਗਏ। ਇਸ

ਘਾਤਕ-ਜਾਲ ਦੀਆਂ ਖ਼ਤਰਨਾਕ ਗੁੰਝਲਾਂ ਵਿਚੋਂ ਸਹੀ ਸਲਾਮਤ ਬਚ ਨਿਕਲਣਾ ਪੰਥ ਲਈ ਅਸੰਭਵ ਬਣਦਾ ਤੁਰਿਆ ਜਾਣ ਦਾ ਵੱਡਾ ਕਾਰਨ ਪੰਥ ਦੇ ਜਥੇਦਾਰ ਦੀ ਲਾਪਰਵਾਹੀ ਹੈ।

ਪੰਥ ਦੇ ਸਰਬਰਾਹਾਂ ਨੇ ੧੯੪੫ ਵਿਚ ਕੇਂਦਰੀ ਰਹਿਤ ਮਰਯਾਦਾ ਦਾ ਖਰੜਾ ਜਾਰਾ ਕੀਤਾ। ਭਾਵੇਂ ਇਹ ਖਰੜਾ ਵੀ ਗੁਰਸਿੱਖ ਨੂੰ ਬਿੱਪ੍ਰਨ ਕੀ ਰੀਤ ਤੋਂ ਬਚਾਈ ਰੱਖਣ ਦੀ ਸਮਰਥਾ ਤੋਂ ਹੀਣਾ ਸੀ, ਪਰ ਫਿਰ ਵੀ ਪੰਥ ਨੂੰ ਕੇਵਲ ਇੱਕ ਮਰਯਾਦਾ ਵਾਲਾ ਬਨਾਉਣ ਲਈ ਬੜਾ ਲਾਹੇਵੰਦ ਯਤਨ ਸੀ। ਉਸ ਖਰੜੇ ਵਿਚ ਜਨਮ ਸੰਸਕਾਰਾਂ ਦੀ ਸੰਖੇਪ ਜਿਹੀ ਪੰਥਕ ਮਰਯਾਦਾ ਵਿਚ ਉਚੇਚੇ ਦਾਨ ਪੁੰਨ ਅਥਵਾ ਪ੍ਰੀਤੀ ਭੋਜਨਾਂ ਤੇ ਖ਼ਰਚ ਕਰਨ ਦਾ ਜ਼ਿਕਰ ਨਹੀਂ ਹੈ। ਸੂਤਕ ਆਦਿ ਦੇ ਭਰਮਾ ਦੀ ਖੰਡਣਾ ਕਰਕੇ ਗੁਰਮਤ ਗਿਆਨ ਨਾਲ ਜੁੜੇ ਰਹਿਣ ਦੀ ਪ੍ਰੇਰਣਾਂ ਵੀ ਹੈ । ਪਰ ਅਜੇਹੇ ਯਤਨ ਦਾ ਕੀ ਲਾਭ ਰਹਿ ਗਿਆ, ਜਦ ਉਸ ਖਰੜੇ ਦੇ ਟਾਕਰੇ ਤੇ ਡੇਰੇ ਦਾਰਾਂ ਨੇ ਆਪਣੀ ਮਰਯਾਦਾ ਦੀ ਅਜੇਹੀ ਪੁਸਤਕ ਛਾਪ ਕੇ ਪੰਥ ਵਿਚ ਵੰਡਣੀ ਅਰੰਭ ਕੀਤੀ ਹੋਈ ਹੋਵੇ ਜਿਸ ਦਾ ਪ੍ਰਭਾਵ ਪੰਥਕ ਮਰਯਾਦਾ ਦੇ ਖਰੜੇ ਨਾਲੋ ਵਧ ਸਤਿਕਾਰੀ ਜਾ ਰਹੀ ਹੋਵੇ?

## ੩

## ਭਿੰਡਰਾਂ ਵਾਲੇ ਡੇਰੇ-ਦਾਰਾਂ ਦੀ ਆਪਣੀ ਗੁਰਮਤਿ ਮਰਯਾਦਾ ?

ਆਪਣੀ ਅੱਡਰੀ ਡਿੱਠ ਬਣਾ ਕੇ ਠੱਗੀਆਂ ਮਾਰਨ ਗਿੱਝੇ ਸਾਧ-ਡੇਰੇਦਾਰਾਂ ਨੂੰ ਪੰਥ ਦੀ ਬਣਾਈ ਮਰਯਾਦਾ ਕਿਵੇਂ ਚੰਗੀ ਲੱਗ ਸਕਦੀ ਸੀ ? ਪੰਥਕ ਮਰਯਾਦਾ ਦੇ ਬਣ ਜਾਣ ਤੋਂ ਕਰੀਬ ਤੀਹ ਸਾਲ ਪਿਛੋਂ ਭਿੰਡਰਾਂ ਵਾਲੇ ਡੇਰੇ ਦੇ ਮੁਖੀ ਸੰਤ ਗੁਰਬਚਨ ਸਿੰਘ ਨੇ ਆਪਣੀ ਅੱਡਰੀ ਗੁਰਮਤਿ ਰਹਿਤ ਮਰਯਾਦਾ ਦੀ ਪੁਸਤਕ ਛਾਪ ਕੇ ਪੰਥ ਵਿਚ ਵੰਡ ਦਿੱਤੀ । ਪੰਥਕ ਖਰੜੇ ਵਾਲੀ ਸੰਖੇਪ ਜਿਹੀ ਜਨਮ ਸੰਸਕਾਰ ਮਰਯਾਦਾ ਉਨ੍ਹਾਂ ਨੂੰ ਪਸੰਦ ਨਹੀਂ ਸੀ । ਉਨ੍ਹਾਂ ਨੇ **ਜਨਮ ਸੰਸਕਾਰਾਂ** ਦੇ ਨਾਲ **ਵਿਦਿਆ ਸੰਸਕਾਰ** ਹੋਰ ਜੋੜ ਕੇ ੨੦ ਸਫ਼ਿਆਂ ਦੀ (੨੭ ਸਫ਼ੇ ਤੋਂ ੪੬ ਤੱਕ) ਲੰਮੀ ਚੌੜੀ ਮਰਯਾਦਾ ਲਿਖ ਦਿੱਤੀ। ਪੰਥਕ ਮਰਯਾਦਾ ਦੇ ਖਰੜੇ ਦੀ ਢਾਈ ਸਫਿਆਂ ਵਾਲੀ ਅਨੰਦ ਮਰਯਾਦਾ ਦੇ ਟਾਕਰੇ ਤੇ ਭਿੰਡਰਾਂ ਵਾਲਿਆਂ ਦੀ ਅਨੰਦ ਸੰਸਕਾਰਾਂ ਦੀ ਮਰਯਾਦਾ ੧੧੨ ਸਫ਼ੇ ਤੋਂ ੧੫੦ ਸਫ਼ੇ ਤਾਈਂ ੩੯ ਸਫ਼ਿਆਂ ਵਿਚ ਹੈ, ਪੰਥਕ ਖਰੜੇ ਵਿਚਲੇ ਮਿਰਤਕ ਸੰਸਕਾਰਾਂ ਦੇ, ਦੋ ਸਫ਼ਿਆਂ ਤੋਂ ਘੱਟ ਦੇ ਟਾਕਰੇ ਤੇ ਸੰਤਾਂ ਦੀ ਕਿਤਾਬ ਵਿਚਲੇ ਅੰਤਮ ਸੰਸਕਾਰ ੧੫੧ ਸਫ਼ੇ ਤੋਂ ੧੬੫ ਸਫ਼ੇ ਤੱਕ ੧੫ ਸਫ਼ਿਆਂ ਦੀ ਹੈ, ਅਤੇ ਅੰਮ੍ਰਿਤ ਸੰਸਕਾਰਾਂ ਵਾਲੀ ਪੰਥਕ ਮਰਯਾਦਾ ਦੇ ਪੰਜ ਸਫ਼ਿਆਂ ਦੇ ਟਾਕਰੇ ਤੇ ੪੭ ਸਫ਼ੇ ਤੋਂ ਲੈ ਕੇ ੧੧੧ ਸਫ਼ੇ ਤਾਂਈ ੬੫ ਸਫ਼ਿਆਂ ਵਿਚ ਹੈ ।

ਦਾਸ ਵਲੋਂ ਲਿਖਿਆ ਅਜੇਹਾ ਵੇਰਵਾ ਪੜ੍ਹ ਕੇ, ਸੰਤਾਂ-ਮਹਾਂਪੁਰਖਾਂ ਦੇ ਸ਼ਰਧਾਲੂ ਇਕ ਪ੍ਰੇਮੀ ਨੇ ਇਤ੍ਰਾਜ਼ ਕੀਤਾ, ਕਿ,---

> ਸੰਸਕਾਰਾਂ ਦੀ ਮਰਯਾਦਾ ਲਿਖਦਿਆਂ, ਪੰਥਕ ਖਰੜੇ ਨਾਲੋਂ ਸੰਤਾਂ ਨੇ ਜੇ ਕੁਝ ਵੱਧ ਵੀ ਲਿਖਿਆ ਹੈ, ਤਾਂ ਜ਼ਰੂਰੀ ਹੈ ਕਿ ਉਨ੍ਹਾਂ ਨੇ ਅਨਮੋਲ ਬਚਨ ਹੀ ਲਿਖੇ ਹੋਣਗੇ ? ਸੰਤਾਂ ਮਹਾਂਪੁਰਖਾਂ ਦੇ ਅਨਮੋਲ ਬਚਨ ਤਾਂ ਭਾਗਾਂ ਵਾਲਿਆਂ ਨੂੰ ਨਸੀਬ ਹੁੰਦੇ ਹਨ । ਹੋਰ ਵੀ ਵਿਸਥਾਰ ਨਾਲ ਗੁਰਮਤਿ ਮਰਯਾਦਾ ਲਿਖ ਕੇ ਸੰਤਾਂ ਨੇ ਸਗੋਂ ਸਾਡੇ ਤੇ ਉਪਕਾਰ ਕੀਤਾ ਹੈ, ਆਦਿ ਆਦਿ ।

ਇਸ ਤੋਂ ਖ਼ਿਆਲ ਆਇਆ ਕਿ ਕਈ ਹੋਰ ਪਾਠਕ ਸ਼ਰਧਾਲੂਆਂ ਦੇ ਮਨਾਂ ਵਿਚ ਵੀ ਅਜੇਹੇ ਸੰਕੇ ਉਪਜਣੇ ਕੁਦਰਤੀ ਹਨ । ਸੋ ਸੰਤਾਂ ਦੇ ਲਿਖੇ ਬਾਰੇ ਸੰਖੇਪ ਵਿਚਾਰ ਪਾਠਕਾਂ ਨਾਲ ਸਾਂਝੇ ਕਰ ਲੈਣ ਦੀ ਜ਼ਰੂਰਤ ਸਮਝੀ --

ਪੁਸਤਕ ਦੇ ਪਹਿਲੇ ਭਾਗ ਵਿਚ ਪਾਠਕਾਂ ਨੇ ਪੜ੍ਹਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਦਾ ਜਿਹੜਾ ਨਿਰਮਲ ਪੰਥ (ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ । ਭਾਈ ਗੁਰਦਾਸ ਜੀ ਵਾਰ ੧) ੨੦੦ ਸਾਲ ਤੋਂ ਵੱਧ ਸਮੇਂ ਦੀ ਸਿਖਲਾਈ ਨਾਲ ਗੁਰਮਤ ਮਰਯਾਦਾ ਦਾ ਪੱਕਾ ਧਾਰਨੀ ਹੋ ਕੇ ਨਾਮ ਰਸੀਆ ਅਤੇ ਕੁਰਬਾਨੀ ਦਾਂ ਪੁਤਲਾ ਬਣ ਚੁੱਕਾ ਸੀ, ਜਿਸ ਨੇ ਕੁਝ ਦਿਨ ਪਹਿਲਾਂ ਹੀ ਸੀਸ ਭੇਟ ਕਰਕੇ ਗੁਰਦੇਵ ਜੀ ਦਾ ਵਿਸ਼ਵਾਸ਼ ਜਿਤਿਆ ਸੀ, ਓਸੇ ਖ਼ਾਲਸੇ ਨੂੰ ਸੰਬੋਧਨ ਕਰਕੇ ਦਸਮ ਗੁਰੂ ਨਾਨਕ ਜੀ ਨੇ ਜੋ ਕੁਝ ਫ਼ੁਰਮਾਇਆ ਸੀ, ਉਸ ਦਾ ਸੰਖੇਪ, ਇਸ ਪ੍ਰਕਾਰ ਕਿ--

> ' ਹੇ ਖ਼ਾਲਸਾ ਜੀਓ ! ਅਕਾਲਪੁਰਖ ਦੀ ਕਿਰਪਾ ਨਾਲ ਤੁਹਾਨੂੰ, ਸਾਰੇ ਦਾ ਸਾਰਾ ' ਆਤਮਕ ਤੇਜ-ਪ੍ਰਤਾਪ ' ਮਿਲ ਚੁੱਕਾ ਹੈ । ਇਸ ਤਰ੍ਹਾਂ ਦੁਨਿਆਵੀ ਰਾਜ-ਭਾਗ ਦਾ ਨਿਰਾਲਾ ਤੇਜ ਪ੍ਰਤਾਪ ਵੀ ਤੁਹਾਨੂੰ ਮਿਲ ਜਾਣਾ ਹੈ । ਪਰ ਹੇ ਖ਼ਾਲਸਾ ਜੀਓ ! ਇਹ ਸਾਰਾ ਤੇਜ ਪ੍ਰਤਾਪ ਤੇਰੇ ਕੋਲ ਓਨਾ ਚਿਰ ਹੀ ਰਹਿਣਾਂ ਹੈ ਜਿੰਨਾ ਚਿਰ ਤੂੰ ਮੇਰੀ ਬਣਾਈ ਮਰਯਾਦਾ ਦੁਆਰਾ ਮਿਲਿਆ ਨਿਆਰਾ ਆਚਰਨ ਸਾਂਭੀ ਰਖੇਂਗਾ--**ਜਬ ਲੱਗ ਰਹੇ ਖ਼ਾਲਸਾ ਨਿਆਰਾ, ਤਬ ਲਗ ਤੇਜ ਦੀਆ ਮੈਂ ਸਾਰਾ ।** ਜੇ ਤੂੰ ਮੁੜ ਉਹੀ ਬ੍ਰਾਹਮਣੀ ਰੀਤੀ-ਰਿਵਾਜ ਦੀ ਜਿਲ੍ਹਣ ਵਿਚ ਜਾ ਫਸਿਆ, (ਜਿਸ ਵਿਚੋਂ ਤੈਨੂੰ ਕੱਢਣ ਲਈ ਮੈਨੂੰ ਦਸਾਂ ਸਰੂਪਾਂ ਵਿਚ ਵਿਚਰਨਾ ਪਿਆ ਅਤੇ ਕਈ ਕੁਰਬਾਨੀਆਂ ਦੇਣੀਆਂ ਪਈਆਂ ਸਨ), ਤਾਂ ਫਿਰ ਮੈਂ ਤੈਨੂੰ ਆਪ-ਹੁਦਰਾ, ਅਕਿਰਤਘਣ, ਅਤੇ ਬੇਪਰਤੀਤਾ ਮੰਨ ਕੇ ਦੁਰਕਾਰ ਦੇਣਾ ਹੈ--**ਜਬ ਇਹ ਗਹੇ ਬਿੱਪ੍ਰਨ ਕੀ ਰੀਤ ਮੈ ਨਾ ਕਰੂੰ ਇਨ ਕੀ ਪਰਤੀਤ ॥**"

ਅਰਥਾਤ, ਸਾਧ, ਸੰਤ, ਜਪੀ, ਤਪੀ, ਭਾਵੇਂ ਕੋਈ ਵੀ ਹੋਵੇ, ਜੇ ਉਹ ਬਿੱਪ੍ਰਨ ਕੀ ਰੀਤ ਦਾ ਧਾਰਨੀ ਹੈ ਤਾਂ ਉਹ ਗੁਰੂ ਦੀਆਂ ਨਜ਼ਰਾਂ ਵਿਚ ਬੇ ਪਰਤੀਤਾ ਹੈ । ਏਸੇ ਤਰ੍ਹਾਂ ਹੀ ਕੋਈ ਲੇਖ, ਭਾਵੇਂ ਕਿਡਾ ਵੀ ਵਧੀਆ ਗਿਆਨ ਦੇਣ ਵਾਲਾ ਅਥਵਾ ਬੜੀ ਕੀਮਤੀ ਸਿਖਿਆ ਦੇਣ ਵਾਲਾ ਹੋਵੇ, ਪਰ ਜੇ ਉਸ ਵਿਚੋਂ ਬਿੱਪ੍ਰਨ ਕੀ ਰੀਤ ਦੇ ਧਾਰਨੀ ਹੋਣ ਦਾ ਮਾੜਾ ਮੋਟਾ ਵੀ ਭਰਮ ਬਣਦਾ ਹੈ, ਤਾਂ ਸਮਝਣਾ ਚਾਹੀਦਾ ਹੈ ਕਿ, ਅਜੇਹਾ ਲੇਖ, **ਕੜ੍ਹਾ-ਪ੍ਰਸ਼ਾਦਿ ਵਿਚ ਲਪੇਟਿਆ ਘਾਤਕ ਸੰਖੀਆ ਹੈ ।**

ਸੰਤਾਂ ਦੀ ਲਿਖੀ ਗੁਰਮਤ ਰਹਿਤ ਮਰਯਾਦਾ ਦਾ ਟਾਕਰਾ ਪੰਥਕ ਰਹਿਤ ਮਰਯਾਦਾ ਨਾਲ ਕਰਕੇ ਦਾਸ ਨੇ ਜੋ ਕਹਿਣਾ ਚਾਹਿਆ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ :-

੧= **(ੳ)** ਪੰਥਕ ਰਹਿਤ ਮਰਯਾਦਾ ਦੇ ਖਰੜੇ ਦੇ ੧੩ ਸਫ਼ੇ ਤੇ ਸਪੱਸ਼ਟ ਕੀਤਾ ਹੋਇਆ ਹੈ ਕਿ-" ਕਥਾ ਕੀਰਤਨ ਗੁਰਬਾਣੀ ਦਾ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾਂ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ "। ਪਰ ਸੰਤਾਂ ਦੀ ਲਿਖੀ " ਗੁਰਮਤਿ ਰਹਿਤ ਮਰਯਾਦਾ " ਪੁਸਤਕ ਵਿਚ ਬਿੱਪ੍ਰਨ ਕੀ ਰੀਤ ਨਾਲ ਜੋੜਨ ਵਾਲੀਆਂ ਅਜੇਹੀ ਕਥਾ ਕਹਾਣੀਆਂ ਹਨ ਜੋ ਕੇਵਲ ਬਿੱਪ੍ਰੀ ਕਲਪਣਾ ਦੀ ਉਪਜ ਸਾਰਾ ਝੂਠ ਦਾ ਪਰਚਾਰ ਹੀ ਹੈ। ਰਿਧੀਆਂ ਸਿਧੀਆਂ ਦਾ ਗੁਰਮਤਿ ਵਿਰੋਧੀ ਭਰਮ ਪੰਥ ਵਿਚ ਪੱਕਾ ਨ ਵਾਲੀਆਂ, ਇਹ ਕਹਾਣੀਆਂ ਬੜੀਆਂ ਭਰਮਾਊ ਹੋਣ ਦੇ ਕਾਰਨ ਅਗਿਆਨਤਾ ਫੈਲਾਉਣ ਦਾ ਪ੍ਰਭਾਵਸ਼ਾਲੀ ਸਾਧਨ ਬਣ ਰਹੀਆਂ ਹਨ। ਉਦਾਹਰਣ ਵਜੋਂ--ਜਨਮ ਸੰਸਕਾਰ ਲੇਖ ਵਿਚ ਪੁਸਤਕ ਦੇ ੨੭ ਸਫ਼ੇ ਤੇ ਝੂਠ-ਕਹਾਣੀ ਨੂੰ ਗੁਰਮਤਿ ਅਨੁਸਾਰ ਹੋਣ ਦਾ ਭੁਲੇਖਾ ਪਾਉਣ ਲਈ ਕਹਾਣੀ ਦੇ ਅਰੰਭ ਵਿਚਪਹਿਲਾਂ ਗੁਰੂਬਾਣੀ ਦੀ ਤੁਕ ਲਿਖੀ ਹੋਈ ਹੈ:--

ਤੁਕ--' **ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰ ਕਰਿ ਜਾਨਿਆ ॥ ਧੰਨੁ ਸਤੀ ਦਰਗਹ ਪਰਵਾਨਿਆ ॥**" ਅੱਗੇ ਕਹਾਣੀ:--

ਇਸ ਪ੍ਰਕਾਰ ਦੇ ਗੁਣ ਜਿਨ੍ਹਾਂ ਬੀਬੀਆਂ ਵਿਚ ਹਨ ਉਹ ਪਤੀਬ੍ਰਤਾ ਧਰਮ ਵਾਲੀਆਂ ਹਨ । ਜਿਵੇਂ ਮਾਤਾ ' ਸੇਵਾਂ ' ਜੀ ਜਿਸਦੇ ਨਾਮ ਤੇ ਸ੍ਰੀ ਅੰਮ੍ਰਿਤ ਸਰ ਸਾਹਿਬ ਵਿਚ ਮਾਈ ਸੇਵਾਂ ਬਜ਼ਾਰ ਹੈ, ਇਹ ਮਾਤਾ ਕਾਬਲ ਤੋਂ ਸ਼ਕਤੀ ਨਾਲ ਆ ਕੇ ਸ੍ਰੀ ਗੋਇੰਦਵਾਲ ਸਾਹਿਬ ਦੀ ਸੇਵਾ ਕਰਦੇ ਰਹੇ । ਇਸ ਦੇ ਵਿਚ ਐਡੇ ਗੁਣ ਤੇ ਵਡਿਆਈ ਸੀ । ਕਾਬਲ ਤੋਂ ਹਰ ਰੋਜ਼ ਗੱਡੀ ਦਵਾਰਾ ਆਉਣਾ ਭੀ ਔਖਾ ਹੈ । ਇਹ ਮਾਤਾ ਜੀ ਵਿਚ ਪਤੀਬ੍ਰਤਾ ਕਰਕੇ ਪਤੀ ਦੇ ਆਗਿਆਕਾਰੀ ਕਰਕੇ ਸ੍ਰੀ ਬਾਉਲੀ ਸਾਹਿਬ ਜੀ ਦੀ ਪਵਿਤ੍ਰ ਸੇਵਾ ਕਰਕੇ ਐਡੀ ਵਡੀ ਤਾਕਤ ਸੀ ਕਿ ਕਾਬਲ ਵਿਚੋਂ ਸ਼ਕਤੀ ਨਾਲ ਹਰ ਰੋਜ਼ ਆ ਕੇ ਸੇਵਾ ਕਰਿਆ ਕਰਦੇ ਸਨ ।' ਤੀਜੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਪੁਛਿਆ " ਹੇ ਬੀਬੀ ਜੀ ! ਸਿਖ ਸ਼ੰਕਾ ਕਰਦੇ ਹਨ ਕਿ ਮਾਈ ਸ਼ਾਮ ਨੂੰ ਗੁਪਤ ਹੋ ਜਾਂਦੀ ਹੈ ਅਤੇ ਸਵੇਰੇ ਪ੍ਰਗਟ ਹੋ ਜਾਂਦੀ ਹੈ, ਸਾਰਿਆਂ ਨੂੰ ਦਸੋ । ' ਮਾਈ ਨੇ ਬੇਨਤੀ ਕੀਤੀ ਗ਼ਰੀਬ ਨਿਵਾਜ ਜੀ ! ਮੇਰੇ ਪਤੀ ਨੇ ਆਪ ਜੀ ਦੀ ਗੁਰਸਿੱਖੀ ਧਾਰਨ ਕੀਤੀ ਹੈ, ਮੈਂ ਭੀ ਆਪ ਜੀ ਦੀ ਸਿਖੀ ਧਾਰਨ ਕੀਤੀ ਹੈ, ਮੈਂ ਪਤੀ ਬ੍ਰਤ ਧਰਮ ਵਿਚ ਪੱਕੀ ਹਾਂ, ਮੈਂ ਪਤੀ ਦੀ ਆਗਿਆ ਹਮੇਸ਼ਾਂ ਮੰਨਦੀ ਹਾਂ । ਆਪ ਜੀ ਦਾ ਜਿਸ ਵਕਤ ਹੁਕਮਨਾਮਾ ਪੁਜਿਆ ਕਿ ਸੰਗਤਾਂ ਬਾਉਲੀ ਸਾਹਿਬ ਦੀ ਪਵਿਤ੍ਰ ਸੇਵਾ ਕਰਨ । ਮੈਂ ਹੁਕਮਨਾਮਾ ਸੁਣਿਆ । ਆਪਣੇ ਪਤੀ ਤੋਂ ਸੇਵਾ ਦੀ ਆਗਿਆ ਮੰਗੀ ਕਿ ਮੈਂ ਸ੍ਰੀ ਬਾਉਲੀ ਸਾਹਿਬ ਦੀ ਸੇਵਾ ਵਿਚ ਜਾਇਆ ਕਰਾਂਗੀ । ਇਹ ਸੁਣਕੇ ਉਹਨਾਂ ਮੈਨੂੰ ਆਗਿਆ ਦੇ ਦਿਤੀ, ਹੁਣ ਮੇਰੇ ਵਿਚ ਆਪ ਜੀ ਦੀ ਬਖ਼ਸ਼ਸ਼ ਹੈ, ਐਡੀ ਸ਼ਕਤੀ ਮੈਂ ਆਪ ਜੀ ਦੀ ਕ੍ਰਿਪਾ ਦਵਾਰਾ, ਪਤੀਬ੍ਰਤਾ ਧਰਮ ਦਵਾਰਾ ਰੋਜ਼ ਕਾਬਲ ਤੋਂ ਆ ਜਾਂਦੀ ਹਾਂ, ਸੇਵਾ ਕਰਦੀ ਰਹਿੰਦੀ ਹਾਂ ਅਤੇ ਰਾਤ ਪਈ ਤੇ ਫੇਰ ਪਤੀ ਦੀ ਸੇਵਾ ਵਿਚ ਜਾ ਹਾਜ਼ਰ ਹੁੰਦੀ ਹਾਂ । ਇਹ ਮਹਾਰਾਜ ਗਰੀਬ ਨਿਵਾਜ ਜੀ ! ਪਤੀਬ੍ਰਤਾ ਧਰਮ ਕਰਕੇ ਮੇਰੇ ਵਿਚ ਤਾਕਤ ਹੈ । {ਬੀਬੀ ਨੇ ਪਹਿਲਾਂ ਕਿਹਾ ਸੀ ਕਿ ਸ਼ਕਤੀ ਆਪ ਜੀ ਦੀ ਕ੍ਰਿਪਾ ਦਵਾਰਾ ਆਈ ਹੈ । ਹੁਣ ਪਤੀ ਬ੍ਰਤਾ ਕਰਕੇ ਆਈ ਕਹਿ ਦਿੱਤਾ । ਬੀਬੀ ਦੀ ਕਿਹੜੀ ਗੱਲ ਸੱਚੀ ਹੈ ?)

ਸੁਣ ਕੇ ਹਜ਼ੂਰ ਨੇ ਕਿਹਾ<u>--ਬੀਬੀ ਹੋਰ ਭੀ ਸਤੀ ਹੈ,</u> **ਜਿਸ ਨੇ ਆਪਣੇ ਪਤੀਬ੍ਰਤਾ ਧਰਮ ਕਰਕੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ । ਫੇਰ ਦੇਵਤਿਆਂ ਨੇ ਉਸ ਦਾ ਪਤੀ ਜਿਊਂਦਾ ਕੀਤਾ ਸੀ ਤਾਂ ਫਿਰ ਸੂਰਜ ਚੜ੍ਹ ਸਕਿਆ ਸੀ ।** ਇਸ ਪ੍ਰਕਾਰ ਬੀਬੀ ਦੇ ਗੁਣ ਹਨ । (ਇਹ ਸਤਿਆਵਾਨ ਸਵਿਤ੍ਰੀ ਨਾਮਕ ਪੁਰਾਣਕ ਕਹਾਣੀ ਹੈ )

ਜਿਸ ਗੁਰਬਾਣੀ ਦਾ ਪੱਲਾ ਅਸੀਂ ਫੜਿਆ ਮੰਨਦੇ ਹਾਂ, ਉਹ ਅਜੇਹੀਆਂ ਕਰਾਮਾਤਾਂ ਨੂੰ ਮਾਨਤਾ ਨਹੀਂ ਦਿੰਦੀ (ਪੜ੍ਹੋ ਪੁਸਤਕ ਦੇ ਦੂਜੇ ਭਾਗ ਦੇ ਛੇਵੇਂ ਕਾਂਡ ਦੇ ਨੌਂਵੇਂ ਲੇਖ ਤੋਂ ਬਾਰ੍ਹਵੇ ਲੇਖ ਤੱਕ)। ਇਤਿਹਾਸ ਦੀ ਇਸ ਦੁਖਦਾਈ ਘਟਣਾ ਤੋਂ ਅਸੀਂ ਸਾਰੇ ਜਾਣੂੰ ਹਾਂ ਕਿ ਸੈਂਕੜੇ ਮਰਜੀਵੜੀਆਂ ਸਿੰਘ-ਬੀਬੀਆਂ ਲਾਹੌਰ (ਸ਼ਹੀਦਰਗੰਜ) ਮਨੂੰ ਦੀ ਕੈਦ ਵਿਚ ਸਵਾ ਸਵਾ ਮਣ ਦਾਣੇ ਪੀਹੰਦੀਆਂ ਰਹੀਆਂ, ਅਤੇ ਉਨ੍ਹਾਂ ਦੇ ਗਲਾਂ ਵਿਚ ਉਨ੍ਹਾਂ ਦੇ ਹੀ ਬਚਿਆਂ ਦੇ ਟੋਟਿਆਂ ਦੇ ਹਾਰ ਪਾਏ ਗਏ, ਕੀ ਉਨ੍ਹਾਂ ਗੁਰਮਖਿ ਸਿੰਘਣੀਆਂ ਵਿਚੋਂ ਕੋਈ ਵੀ ਬੀਬੀ ਪੂਰਨ ਤੌਰ ਤੇ ਪਤੀ ਬ੍ਰਤਾ ਨਹੀਂ ਸੀ? ਹੈਰਾਨੀ ਹੈ ਕਿ ਤੀਜੀ ਪਾਤਿਸ਼ਾਹੀ ਤੱਕ ਸਤਿਗੁਰੂ ਜੀ ਦੇ ਉਪਦੇਸ਼ ਵਿਚ ਤਾਂ ਅਜੇਹੀ ਸ਼ਕਤੀ ਸੀ ਕਿ ਮਾਈ ਸੇਵਾਂ ਵਰਗੀ ਪਤੀ ਬ੍ਰਤਾ ਇਸਤ੍ਰੀ ਕਾਬਲੋਂ ਉਡ ਕੇ ਗੋਇੰਦਵਾਲ ਤੜਕੇ ਹੀ ਆ ਪੁੱਜਦੀ ਅਤੇ ਸਾਰਾ ਦਿਨ ਬਉਲੀ ਦੀ ਸੇਵਾ ਕਰਨ ਉਪ੍ਰੰਤ ਸ਼ਾਮ ਨੂੰ ਆਪਣੇ ਘਰ ਪਰਤ ਸਕਦੀ ਸੀ (ਜੋ ਹਵਾਈ ਜਹਾਜ਼ ਤੋਂ ਬਿਨਾਂ ਸੰਭਵ ਹੀ ਨਹੀਂ ਹੈ)। ਪਰ ਦਸਵੇਂ ਸਰੂਪ ਤੱਕ ਦੇ ਗੁਰੂ ਉਪਦੇਸ਼ ਨੇ ਅਜੇਹੀ ਇੱਕ ਵੀ ਮਾਈ ਸੇਵਾਂ ਨਹੀਂ ਸੀ ਪੈਦਾ ਕੀਤੀ ਜਿਹੜੀ ਮੀਰ ਮੰਨੂ ਦੀ ਕੈਦ ਵਿਚੋਂ ਉਡਾਰੀ ਮਾਰ ਕੇ ਲਹੌਰ ਤੋਂ ੫੦/੬੦ ਮੀਲ ਤੇ ਕਿਸੇ ਖ਼ਾਲਸਾ ਦਲ ਕੋਲ ਜਾ ਖ਼ਬਰਾਂ ਪੁੱਜਦੀ ? ਫਿਰ ਕੀ ਫਿਰ ਦਸ਼ਮੇਸ਼ ਜੀ ਦੀ ਮਾਤਾ ਜੀ, **ਜਗਤ-ਮਾਤਾ ਗੁਜਰੀ ਜੀ** ਬਾਰੇ ਇਨ੍ਹਾਂ ਸੰਤਾਂ ਮਹਾਂਪੁਰਖਾਂ ਦਾ ਕੀ ਵਿਚਾਰ ਹੈ ? ਉਹ ਵੀ ਤਾਂ ਸਰਹੰਦ ਦੇ ਠੰਢੇ ਬੁਰਜ ਵਿੱਚ ਸਾਹਿਬਜ਼ਾਦਿਆਂ ਦੇ ਸਮੇਤ ਕੈਦ ਰਹਿ ਕੇ ਸ਼ਹੀਦੀ ਪਾ ਗਏ ਸਨ। ਕੀ ਉਹ ਵੀ ਮਾਈ ਸੇਵਾਂ ਦੇ ਤੁੱਲ ਨਾ ਪੁੱਜ ਸਕੇ ਜੋ ਉਡਾਰੀ ਮਾਰ ਕੇ ਦਸ਼ਮੇਸ਼ ਜੀ ਕੋਲ ਜਾ ਪੁੱਜਦੇ ? ਕੀ ਉਹ ਵੀ ਪਤੀ ਬ੍ਰਤਾ ਨਹੀਂ ਸਨ ? ਅਜੇਹੇ ਕਈ ਪ੍ਰਸ਼ਨਾਂ ਅਥਵਾ ਸ਼ੰਕਿਆਂ ਨੂੰ ਜਨਮ ਦੇਣ ਵਾਲੀ ਇਹ ਸੰਤਾਂ ਦੀ ਲਿਖੀ ਕਹਾਣੀ ਸੱਚੀ ਕਿਵੇਂ ਮੰਨ ਲਈ ਜਾਵੇ ?

ਇਸਤ੍ਰੀ ਨੂੰ ਸ਼ੂਦ੍ਰ ਵਾਂਗ ਮਰਦ ਦੀ ਗ਼ੁਲਾਮ ਬਣਾ ਲੈਣ ਲਈ ਅਜੇਹੀਆਂ ਨਿਰਮੂਲ ਕਹਾਣੀਆਂ, ਬਿੱਪ੍ਰ ਨੇ ਘੜੀਆਂ ਸਨ। ਉਸ ਨੇ ਇਸਤ੍ਰੀ ਨੂੰ, ਵੇਦਾਂ ਦਾ ਪਾਠ ਕਰਣ ਦਾ ਅਥਵਾ ਕਿਸੇ ਧਰਮ-ਕਰਮ ਵਿਚ ਹਿੱਸਾ ਲੈਣ ਦਾ ਅਧਿਕਾਰ ਤਾਂ ਦਿੱਤਾ ਨਹੀਂ ਸੀ,ਪਰ ਪਤੀ ਬ੍ਰਤਾ ਰਹਿਣ ਤੋਂ ਅਤੇ ਪਤੀ ਦੀ ਜਾਇਜ਼-ਨਾਜਾਇਜ਼ ਸੇਵਾ ਕਰਨ ਤੋਂ, ਕਈ ਤਰ੍ਹਾਂ ਦੀਆਂ ਕਰਾਮਾਤੀ ਸ਼ਕਤੀਆਂ ਦੀ ਮਾਲਕ ਬਣੀਆਂ ਦਰਸਾ ਦਿੱਤਾ। ਬ੍ਰਾਹਮਣ ਨੇ ਇਸਤ੍ਰੀ ਨੂੰ ਉਲੂ ਬਣਾਈ ਰੱਖਣ ਲਈ ਧਰਮ ਗ੍ਰੰਥਾਂ ਵਿਚ ਏਥੋਂ ਤੱਕ ਲਿਖ ਦਿੱਤਾ ਕਿ," ਸੱਤਿਆਵਾਨ ' ਦੀ ਮੌਤ ਹੋ ਜਾਣ ਤੇ ਉਸ ਕਥਿਤ ਰਾਜੇ ਦੀ ਘਰਦੀ " ਸਾਵਿਤ੍ਰੀ " ਨੇ ਸੱਤ ਦਿਨ ਸੂਰਜ ਨਹੀਂ ਸੀ ਚੜ੍ਹਨ ਦਿੱਤਾ, ਤਾਂ ਘਾਬਰ ਕੇ ਦੇਵਤਿਆਂ ਨੇ ਮੁਰਦਾ ਸੱਤਿਆਵਾਨ ਰਾਜੇ ਨੂੰ ਜੀਊਂਦਾ ਕਰ ਦਿੱਤਾ ਸੀ ਅਤੇ ਬੀਬੀ ਸਵਿਤ੍ਰੀ ਤੋਂ ਸੂਰਜ ਦੀ ਜਿੰਦ ਛੁਡਾਈ ? ਸੰਤ ਜੀ ਆਪਣੇ ਆਪ ਨੂੰ ਵਿਦਿਆ **ਮਾਰਤੰਡ** ਭਾਵ ਵਿਦਿਆ ਦੇ **ਸੂਰਜ** ਲਿਖਦੇ ਰਹੇ ? ਪਰ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਸੀ ਕਿ, ਦਿਨ ਰਾਤ ਮਾਰਤੰਡ (ਸੂਰਜ) ਦੀ ਚਾਲਾ ਤੋਂ ਨਹੀਂ ਸਗੋਂ ਪ੍ਰਿਥਵੀ ਚੱਕਰ ਤੋਂ ਬਣਦੇ ਹਨ। ਜਦ ਅਸਮਾਨੀ ਵੱਸਦਾ " ਸੂਰਜ " ਧਰਤੀ ਤੋਂ ਕਦੇ ਡੁੱਬਦਾ ਹੀ ਨਹੀਂ, ਉਸ ਨੇ ਚੜ੍ਹਨ ਦੀ ਸਮੱਸਿਆ ਕਿਵੇਂ ਪੈਦਾ ਹੋ ਸਕਦੀ ਸੀ ? ਅੱਜ ਸਾਇੰਸ ਦੇ ਜੁੱਗ ਵਿਚ ਜਦ ਇਹ ਸਿੱਧ ਹੋ ਚੁੱਕਾ ਹੈ ਕਿ ਜੇ ਸੂਰਜ, ਚੰਦ, ਧਰਤੀ ਆਦਿ ਨਿਛੱਤ੍ਰਾਂ ਦੀ ਚਾਲ ਵਿਚ ਜੇ ਜਰਾ ਜਿੰਨਾ ਵੀ ਫ਼ਰਕ ਆ ਜਾਵੇ ਤਾਂ ਸਾਰੇ ਬ੍ਰਹਮਾਂਡ ਵਿਚ ਭਿਆਨਕ ਟਕਰਾਉ ਵਾਪਰ ਕੇ ਤਬਾਹੀ ਮਚ ਸਕਦੀ ਹੈ । ਪਰ ਬ੍ਰਾਹਮਣ ਦੇ ਲਿਖਣ ਢੰਗ ਦੀ ਕਰਾਮਾਤ ਹੈ ਕਿ ਅਸੀਂ ਅੱਜ ਵੀ ਸੱਤਿਆਵਾਨ ਸਾਵਿਤ੍ਰੀ ਦੀ ਕਥਾ ਵਰਗੀਆਂ ਕਹਾਣੀਆਂ ਸੁਣਾ ਕੇ ਆਪਣੀ ਧੀਆਂ ਭੈਣਾ ਨੂੰ ਵਿਅਰਥ ਦੇ ਭਰਮਾਂ ਵਿਚ ਫਸਾ ਰਹੇ ਹਾਂ । ਬ੍ਰਾਹਮਣੀ ਝੂਠ ਦੀ ਉਪਜ

ਅਜੇਹੀਆਂ ਕਹਾਣੀਆਂ ਨੂੰ ਗੁਰਮਤਿ ਰਹਿਤ ਮਰਯਾਦਾ ਦਾ ਹਿੱਸਾ ਬਣਾਉਣੀਆਂ ਕੇਵਲ ਗੁਰਮਤ ਸਿਧਾਂਤ ਦੀ ਖੰਡਣਾ ਹੀ ਨਹੀਂ ਸਗੋਂ ਗੁਰੂ ਨਾਨਕ ਸਾਹਿਬ ਜੀ ਦੇ ਸੁਜਾਨ ਪੰਥ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਹਾਸੋ ਹੀਣਾ ਬਨਾਉਣ ਦਾ ਦੋਸ਼ ਵੀ ਹੈ। ।

**(ਅ)** ਗੁਰਬਾਣੀ ਵਿਚੋਂ ਚੁਣੇ ਹੋਏ ਗੁਰੂ ਸ਼ਬਦਾਂ ਦੇ ਤੰਤ੍ਰ ਸ਼ਾਸਤ੍ਰ ਵਿਚ ਦੱਸੀ ਵਿਧੀ ਅਨੁਸਾਰ ਜਾਪ ਦੇ ਚਿਲੇ ਕੱਟਣੇ ਅਤੇ ਗੁਰੂ-ਸ਼ਬਦ ਨੂੰ ਜਾਦੂ ਟੂਣਿਆਂ ਵਾਂਗ ਸਿੱਧ ਕਰਦਿਆਂ ਉਨ੍ਹਾਂ ਤੋਂ ਕਰਾਮਾਤੀ ਚਮਤਕਾਰ ਹੋ ਸਕਣ ਦਾ ਬ੍ਰਾਹਮਣੀ ਭਰਮ ਪਾਇਆ ਹੋਇਆ ਹੈ ਅਤੇ ਪ੍ਰਥਮ ਮਹਾਨ ਬਾਣੀ (ਮੂਲ ਮੰਤ੍ਰ) ਦੇ ਸਰੂਪ ਨੂੰ ਵਿਗਾੜਨ ਵਾਲੀ ਅਵੱਗਿਆ ਕੀਤੀ ਹੋਈ ਹੈ ।

**(ੲ)** ਇਹ ਗੱਲ ਸਮਝਾਉਣ ਲਈ ਕਿ, ਗਰਭ ਧਾਰਨ ਵੇਲੇ, ਜਿਹੜਾ ਵੀ ਜੀਵ (ਪਸ਼ੂ ਜਾਂ ਮਨੁੱਖ) ਇਸਤ੍ਰੀ ਦੇ ਮੱਥੇ ਲਗਦਾ ਹੈ ਉਸ ਦਾ ਅਸਰ ਗ੍ਰਭ ਵਿਚ ਆਏ ਬੱਚੇ ਤੇ ਪੈ ਜਾਂਦਾ ਹੈ। ਸਤਵੇਂ ਪਾਤਿਸ਼ਾਹ ਜੀ ਦੇ ਨਾਮ ਨਾਲ ਜੋੜੀ ਹੋਈ ਬੜੀ ਅਣਹੋਣੀ ਅਤੇ ਗੁਰਮਤ ਸਿਧਾਂਤ ਦੀ ਖੰਡਨਾਂ ਵਾਲੀ ਝੂਠ-ਕਹਾਣੀ, ਇਨ੍ਹਾਂ ਸ਼ਬਦਾਂ ਵਿਚ ਲਿਖੀ ਹੋਈ ਹੈ:--

> ਹਜ਼ੂਰ ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਜਿਸ ਵਕਤ ਕਾਲੇ ਦਾ ਜੰਗ ਕਰਵਾ ਕੇ ਫੂਲਕਿਆਂ ਦੀ ਜਿਤ ਕਰਵਾਉਣ ਲੱਗੇ ਸਨ ਮਾਲਵੇ ਵਿਚ ਗੁਰੂ ਸਰ ਮਰ੍ਹਾਜ ਦੇ ਵਿਚ । ਓਥੇ ਜੈਦ ਪੁਰਾਣਾ ਬੜਾ ਭਾਰੀ ਜੋਧਾ ਸੀ, ਉਹ ਜੋਧਾ ਹੋਣ ਕਰਕੇ ਜਿਤਿਆ ਨਹੀਂ ਸੀ ਜਾਂਦਾ । ਉਹ ਜਿਸ ਵਕਤ ਕਾਲੇ ਤੇ ਬਰਛੀ ਲੈ ਕੇ ਪਿਆ, ਕਾਲੇ ਦੇ ਦੋਂ ਦੰਦ ਭਜ ਗਏ । ਕਹਿਣ ਲਗਾ ਸਤਿਗੁਰੂ ਜੀ ! ਆਪ ਤਾਂ ਕਹਿੰਦੇ ਸੀ ਜੈਦ ਪੁਰਾਣਾ ਬੜਾ ਬਲੀ ਹੈ ਉਸਦੀ ਬਰਛੀ ਲੱਗੀ ਤੇ ਮੇਰੇ ਦੋ ਦੰਦ ਹੀ ਤੋੜ ਸਕੀ ਹੈ, ਐਡਾ ਜ਼ੋਰ ਨਹੀਂ ਕਰ ਸਕੀ ।
>
> ਸਤਿਗੁਰੂ ਹਰਿ ਰਾਇ ਸਾਹਿਬ ਜੀ ਨੇ ਕਿਹਾ--ਨਹੀ ਭਾਈ ! ਇਹ ਜੈਦ ਪੁਰਾਣਾ ਬੜਾ ਬਲੀ ਹੈ । ਓਹ ਜਿਸ ਵਕਤ ਮਾਤਾ ਦੇ ਉਦਰ ਵਿਚ ਆਇਆ ਸੀ ਉਸ ਦਿਨ ਦੀ ਗਲ ਹੈ ਕਿ ਜਿਸ ਵਕਤ ਇਸ ਦੀ ਮਾਤਾ ਸੁਤੀ ਪਈ ਸੀ ਕੋਠੇ ਤੇ, ਇਕ ਸ਼ੇਰ ਜੰਗਲ ਵਿਚੋਂ ਆਇਆ ਸੀ ਛੱਪੜ ਤੇ ਪਾਣੀ ਪੀ ਕੇ ਬੁਕਿਆ ਸੀ, ਸ਼ੇਰ ਦੀ ਗਰਜ ਕੰਨਾ ਵਿਚ ਪੈਣ ਕਰਕੇ ਸੁਤੀ ਜਾਗ ਪਈ ਅਤੇ ਪਾਣੀ ਦੇ ਵਿਚ ਵੀ ਸ਼ੇਰ ਦਾ ਮੂੰਹ ਦਿਸਿਆ ਅਤੇ ਚੜ੍ਹਦਾ ਸੂਰਜ ਮਥੇ ਲਗਾ, ਉਸ ਕਰਕੇ ਜੈਦ ਪੁਰਾਣੇ ਵਿਚ ਤਾਕਤ ਸੀ । ਉਹ ਬੜਾ ਬਲੀ ਸੀ ਉਸ ਦੇ ਬਲ ਦਾ ਅੰਤ ਨਹੀਂ ਸੀ । ਕਾਲਿਆ ! ਤੂੰ ਇਉਂ ਨਾ ਸਮਝ ਲਈਂ ਕਿ ਉਸ ਦੀ ਬਰਛੀ ਨੇ ਮੇਰੇ ਦੋ ਦੰਦ ਹੀ ਭੰਨੇ ਹਨ । ਅਸੀਂ ਤੇਰੀ ਰਖਿਆ ਕਰਨ ਵਾਸਤੇ ਆਪਣੇ ਹਥ ਵਿਚ ਲੋਹੇ ਦੀ ਅਹਿਰਣ ਪਕੜੀ ਹੋਈ ਸੀ । ਅਤੇ ਉਸ ਦੇ ਡੌਲਿਆਂ ਨੂੰ ਬੀਰ ਚੰਬੜੇ ਹੋਏ ਸਨ । ਅਤੇ ਦੋ ਸੂਰਮੇ ਲਤਾਂ ਨੂੰ ਚੰਬੜੇ ਹੋਏ ਸਨ ਫੇਰ ਵੀ ਉਸ ਨੇ ਜਦੋਂ ਬਰਛੀ ਮਾਰੀ ਸਾਡੀ ਹਥੇਲੀ ਵਿਚ ਅਗੇ ਅਹਿਰਣ ਫੜੀ ਹੋਈ ਸੀ । ਬਰਛੀ ਨੂੰ ਅਸੀ ਅਹਿਰਣ ਤੇ ਰਖਿਆ ਫੇਰ ਵੀ ਸਾਡੀ ਹਥੇਲੀ ਵਿਚ ਜੋ ਅਹਿਰਣ ਫੜੀ ਸੀ ਉਸ ਨੂੰ ਵਿੰਨ੍ਹ ਕੇ ਸਾਡੀ ਤਲੀ ਵਿਚ ਬਰਛੀ ਲਗੀ, ਤਲੀ ਦਾ ਜ਼ਖਮ ਮਹਾਰਾਜ ਜੀ ਨੇ ਦਿਖਾਇਆ ਅਤੇ ਉਹ ਤਲੀ ਤੇ ਲਗ ਕੇ ਬਰਛੀ ਠਹਿਰ ਗਈ ਉਹਦੇ ਧੱਕੇ ਨੇ ਤੇਰੇ ਦੋ ਦੰਦ ਭੰਨੇ ਹਨ, ਨਹੀਂ ਤਾਂ ਤੈਨੂੰ ਛੱਡਣਾ ਨਹੀਂ ਸੀ । ਇਹ ਸੋਚ ਲੈ, ਐਡਾ ਵਡਾ ਬਲੀ ਜੇਦ ਪੁਰਾਣਾ ਸੀ ।

ਗੁਰਮਤਿ ਵਿਰੋਧੀ ਅਜੇਹੀ ਝੂਠ ਗਾਥਾ ਦੀ ਜ਼ਰਾ ਜਿੰਨੀ ਵੀ ਪਰਵਾਹ ਕਰਨੀ, ਅਜੇਹੀ ਕਹਾਣੀ ਲਿਖਣੀ, ਅਥਵਾ ਸੁਣਨੀ, ਸਮਾ ਨਸ਼ਟ ਕਰਨ ਵਾਲੀ ਗੱਲ ਹੈ । ਪਰ ਪੰਥ ਵਿਚ ਬੜੀ ਉਚੇਚੀ ਥਾਂ ਮੱਲੀ ਬੈਠੇ ਦਮਦਮੀ ਟਕਸਾਲ ਦੇ ਸੰਚਾਲਕ ਮਹਾਂਪੁਰਖਾਂ ਦੀ ਵਿਦਵਤਾ ਅਤੇ ਗੁਰਮੁਖਤਾਈ ਦੀ ਅਸਲੀਯਤ ਦੇ ਦਰਸ਼ਨ ਪਾਠਕਾਂ ਨੂੰ ਕਰਾਉਣੇ ਜ਼ਰੂਰੀ ਸਨ---" ਪਹਿਲਾਂ ਜੈਦਾ ਪੁਰਾਣਾ ਆਪਣੀ ਮਾਂ ਦੇ ਉਦਰ ਵਿਚ ਆਉਂਦਾ ਹੈ ਤੇ ਮਾਂ ਸੌਂ ਜਾਂਦੀ ਹੈ। ਸਪੱਸ਼ਟ ਹੈ ਕਿ ਸਮਾਂ ਰਾਤ ਦਾ ਹੀ ਸੀ ਕਿਉਂਕਿ ਜੰਗਲੀ ਜਾਨਵਰ ਖ਼ਾਸ ਕਰਕੇ ਸ਼ੇਰ ਦਿਨ ਵੇਲੇ ਪਿੰਡਾਂ ਦੇ ਨੇੜੇ ਨਹੀਂ ਆਉਂਦੇ। ਸੋ ਗਾਥਾ ਅਨੁਸਾਰ ਉਸੇ ਰਾਤ ਸ਼ੇਰ ਛੱਪੜ ਤੇ ਪਾਣੀ ਪੀਂਦਾ ਹੋਇਆ ਬੁੱਕਦਾ ਹੈ। ਕੋਠੇ ਤੇ ਸੁੱਤੀ ਪਈ ਬੀਬੀ ਨੂੰ ਜਾਗ ਆ ਜਾਂਦੀ ਹੈ, ਅਤੇ ਓਥੋਂ ਹੀ ਉਸ ਬੀਬੀ ਨੂੰ ਛੱਪੜ ਦੇ ਪਾਣੀ ਵਿਚੋਂ ਸ਼ੇਰ ਦਾ ਮੂੰਹ ਦਿਸ ਪੈਂਦਾ ਹੈ । ਫਿਰ ਓਸੇ ਵੇਲੇ ਹੀ ਸੂਰਜ ਵੀ ਮੱਥੇ ਆ ਲਗਦਾ ਹੈ। ਲੋਹੇ ਦੀ ਅਹਿਰਣ ਨੂੰ ਭਾਵੇਂ ਤੋਪ ਦਾ **ਗੋਲਾ** ਮਾਰਿਆ ਜਾਵੇ ਤਾਂ ਉਹ (ਅਹਿਰਣ ਨੂੰ) ਉਡਾ ਕੇ ਤਾਂ ਬੇਸ਼ੱਕ ਲੈ ਜਾਵੇ ਪਰ, (ਕੋਈ **ਗੋਲੀ** ਜਾਂ **ਗੋਲਾ**) ਲੋਹਾਰ ਦੀ **ਅਹਿਰਣ** ਦੇ ਵਿਚਦੀ ਕਿਸੇ ਵੀ ਹਾਲਤ ਵਿਚ ਨਹੀਂ ਲੰਘ ਸਕਦਾ। ਏਧਰ ਸੰਤ ਜੀ ਸਤਿਗੁਰਾਂ ਕੋਲੋਂ ਅਖਵਾ ਰਹੇ ਹਨ ਕਿ, ਜੈਦੇ ਦੀ **ਬਰਛੀ** ਲੋਹੇ ਦੀ ਅਹਿਰਣ ਦੇ ਵਿੱਚਦੀ ਲੰਘ ਕੇ ਗੁਰੂ ਸਾਹਿਬ ਦੇ ਹੱਥ ਵਿਚ ਖੁੱਭ ਗਈ ? ਫਿਰ ਇਹ ਵੀ ਸਤਿਗੁਰਾਂ ਦਾ ਹੀ ਕਹਿਣਾ ਹੈ, ਕਿ ਹੱਥ ਦੇ ਧੱਕੇ ਨਾਲ " ਕਾਲੇ " ਦੇ ਦੋਂ ਦੰਦ ਟੁਟੇ ਸਨ ? ਉਦਰ ਜਿਸ ਦੇ ਦੰਦ ਟੁੱਟੇ ਹਨ ਉਹ ਕਾਲਾ ਇਹ ਕਹਿ ਰਿਹਾ ਹੈ, ਕਿ ਉਸ ਦੇ ਦੰਦ ਬਰਛੀ ਲੱਗ ਕੇ ਟੁੱਟੇ ਹਨ । ' ਜੈਦ ' ਦੇ ਡੌਲੇ ਨੂੰ ਦੋ ਬੀਰ ਚਿੰਬੜੇ ਹੋਏ ਕਾਲੇ ਨੂੰ ਕਿਸ ਕਾਰਨ ਨਜ਼ਰ ਨਾ ਆਏ ? ਏਡਾ ਝੂਠ ਸਤਿਗੁਰਾਂ ਦੇ ਮੂੰਹੋਂ ਆਖਾਵਾਉਂਣ ਲਗਿਆਂ ਮਹਾਂਪੁਰਖਾਂ ਦਾ ਦਿਲ ਜ਼ਰਾ ਨਹੀਂ ਸੰਗਿਆ। ਆਪਣੇ ਇਸ਼ਟ ਨੂੰ ਹਾਸੋ-ਹੀਣਾਂ ਬਣਾਉਣ ਦੀ ਕਰਤੂਤ ਵਿਚ, ਇਹ ਟਕਸਾਲੀ ਡੇਰੇ-ਦਾਰ, ਬ੍ਰਾਹਮਣ ਨਾਲੋ ੧੦੦ ਕਦਮ ਅੱਗੇ ਲੰਘ ਤੁਰੇ ਹਨ। ਅਜੇਹੇ ਅਕਲ ਦੇ ਅੰਨ੍ਹੇ ਡੇਰੇ-ਦਾਰ ਜਿਸ ਕੌਮ ਦੀ ਬੇੜੀ ਦੇ ਮਲਾਹ ਬਣ ਜਾਣ ਉਸ ਨੇ ਪਾਰ ਕਿਥੋਂ ਲੱਗਣਾ ਸੀ ? ਖਾਲਸਤਾਨ ਲੈਂਦੇ ਲੈਂਦੇ ਸ੍ਰੀ ਦਰਬਾਰ ਸਾਹਿਬ ਨੂੰ ਜਾਂਦਿਆਂ ਤਲਾਸ਼ੀ ਕਰਾਉਣ ਵਾਲੀ ਗੁਲਾਮਾਂ ਵਾਲੀ ਨਮੋਸ਼ੀ ਝੱਲਣੀ ਪੈਣ ਦੇ ਨਾਲ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸਿਆਸੀ ਤਕਰੀਰਾਂ ਦੀ ਪੰਥਕ ਆਜ਼ਾਦੀ ਵੀ ਗੁਆ ਲਈ। ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਸਗੋਂ ਚਾਬੀਆਂ ਹੱਥ ਫੜਾ ਆਏ ? :--

੧੦- **ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ ॥**
**ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ ਵਿਣੁ ਨਾਮ ਹਰਿ ਕੇ ਕਛੁ ਨ ਸੂਝੈ**
**ਅੰਧੁ ਬੂਡੌ ਧੰਧਲੀ ॥ ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥**
**ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰ ਦਸੈ ॥ ੬ ॥**[੭੬੬]-੨-੫

੨= ਗ੍ਰਭ-ਵਤੀ ਮਾਤਾ ਦਾ ਸ਼ੁੱਧ ਵਿਚਾਰਾਂ ਵਾਲੀ ਹੋਣਾ, ਧਾਰਮਿਕ ਵਾਤਾਵਰਣ ਵਾਲੇ ਪਵਿਤਰ ਮਾਹੌਲ ਵਿਚ ਰਹਿਣਾ, ਸੂਰਬੀਰ, ਗਰਮੁਖਿ ਜੋਧਿਆਂ ਦੀਆਂ ਜੀਵਨੀਆਂ ਪੜ੍ਹਨੀਆਂ, ਸੁਣਨੀਆਂ, ਪ੍ਰਭੂ ਦੀਆਂ ਵਡਿਆਈਆਂ ਦੀ ਯਾਦ ਨਾਲ ਜੁੜੇ ਰਹਿਣਾ, ਅਥਵਾ ਚੰਗੀ ਪੂਸ਼ਟਿਕ ਖ਼ੁਰਾਕ ਖਾਣ ਨਾਲ ਗ੍ਰਭ ਵਿਚਲੇ ਬੱਚੇ ਦੇ ਸੁਭਾ ਤੇ ਅਰੋਗਤਾ ਤੇ ਚੰਗਾ ਅਸਰ ਪੈਣ ਦੀ ਸੰਭਾਵਣਾ ਜ਼ਰੂਰ ਬਣਦੀ, ਪਰ ਜਨਮ ਸਮੇ ਦਾਈ ਦਾ ਸਿੱਖਣੀ ਹੋਣਾ, ਜਾਂ ਬੱਚੀ ਬੱਚੇ ਨੂੰ ਉੱਚੀ ਅਤਮਾ ਵਾਲਾ ਮਹਾਂ-ਪੁਰਖ ਬਣਾਉਣ ਲਈ ਕਰਮਕਾਂਡੀ ਵਿਧੀਆਂ ਵਾਲੇ ਪਖੰਡ ਕਰਨੇ, ਨਿਰਾ ਭਰਮ ਹੈ। ਭਿੰਡਰੀ ਦਮਦਮੀ ਟਕਸਾਲ ਚਾਲੂ ਕਰਨ ਵਾਲੇ ਬਾਲਕ ਸੁੰਦਰ ਸਿੰਘ ਨੂੰ ਮਹਾਂ-ਪੁਰਖ ਬਣਾ ਲੈਣ ਦੀਆਂ ਜੋ ਵਿਧੀਆਂ ਪੁਸਤਕ ਦੇ **੩੩ ਸਫ਼ੇ** ਤੇ ਲਿਖੀਆਂ ਹਨ, ਜੋ

ਅਜੇਹੀਆਂ ਵਿਧੀਆਂ ਨਾਲ ਬੱਚੇ ਮਹਾਂਪੁਰਖ ਬਣ ਸਕਦੇ ਹੁੰਦੇ, ਤਾਂ ਜਿਸ ਨੂੰ ਦਿਲ ਕਰੇ ਬੜਾ ਵੱਡਾ ਮਹਾਂਪੁਰਖ ਬਣਾਇਆ ਜਾ ਸਕਦਾ ਹੈ। ਫਿਰ ਅਜੇਹਾ ਭਾਣਾ ਕਦੇ ਨਾ ਵਰਤਦਾ ਕਿ ਓਸੇ ਮਾਤਾ ਪਿਤਾ ਦੇ ਘਰ ਪੈਦਾ ਹੋਏ ਦੋ ਬਚਿਆਂ ਵਿਚੋਂ ਇੱਕ ਸਮਾਜ ਦਾ ਦੁਸ਼ਮਣ ਅਤੇ ਦੇਸ਼ ਦੇ ਕਾਨੂੰਨ ਦਾ ਅਪਰਾਧੀ ਬਣ ਕੇ ਸਦਾ ਜੇਲ੍ਹਾਂ ਵਿਚ ਹੀ ਉਮਰ ਗਜ਼ਾਰਦਾ ਰਿਹਾ, ਅਤੇ ਦੂਜਾ ਸਮਾਜ ਦਾ ਸੇਵਕ ਅਤੇ ਦੇਸ਼ ਦੇ ਕਾਨੂੰਨ ਦੀ ਰਖਿਆ ਕਰਨ ਵਾਲਾ ਬੜਾ ਵਡਾ ਅਫ਼ਸਰ ਬਣਿਆਂ ਰਾਜ ਭੋਗ ਰਿਹਾ ਹੋਵੇ ? ਟਕਸਾਲੀ ਮਹਾਂ-ਪੁਰਖਾਂ ਤੋਂ ਇਹ ਆਸ ਕੀਤੀ ਜਾਂਦੀ ਹੈ, ਕਿ ਉਹ, ਸਿੱਖ ਨੂੰ ਗੁਰੂ ਦੀ ਦੱਸੀ ਸਿਖਿਆ ਦੇ ਅਸਲ ਭੇਤ ਨੂੰ ਸਮਝਾ ਕੇ ਤੱਤ ਗਿਆਨ ਨਾਲ ਜੋੜਨ । ਸੰਤ, ਗਿਆਨੀ, ਵਿਦਿਆ ਮਾਰਤੰਡ ਧਾਰਮਕਿ ਮਹਾਂਪੁਰਖ ਕੋਲੋ ਇਹ ਆਸ ਕਦਾਚਿਤ ਨਹੀਂ ਰੱਖੀ ਜਾਂਦੀ ਕਿ ਉਹ ਬ੍ਰਾਹਮਣੀ ਢੰਗ ਵਰਤਦਾ ਹੋਇਆ, ਝੂਠੀਆਂ ਕਥਾ ਕਹਾਣੀਆਂ ਨਾਲ ਗੁਰੂ ਦੇ ਸਿੱਖਾਂ ਨੂੰ ਭਰਮੀ ਬਣਾਵੇ।

੩= ਪੰਜ ਪਿਆਰਿਆਂ ਦੁਆਰਾ ਪੰਥਕ ਵਿਧੀ ਅਨੁਸਾਰ ਪੰਜ ਬਾਣੀਆਂ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਨ ਦੀ ਮਰਯਾਦਾ ਦੇ ਥਾਂ ਕੇਵਲ ਇੱਕ ਹੀ ਸਿੰਘ ਜਪੁਜੀ ਸਾਹਿਬ ਦਾ ਪਾਠ ਕਰਕੇ ਕਿਰਪਾਨ ਨਾਲ ਅੰਮ੍ਰਿਤ ਤਿਆਰ ਕਰ ਸਕਣ ਦੀ ਵਿਧੀ ਸੰਤਾਂ ਨੇ ਪਤਾ ਨਹੀਂ ਕਿਸ ਅਧਕਾਰ ਨਾਲ ਗੁਰਮਤਿ ਰਹਿਤ ਮਰਯਾਦਾ ਦਾ ਹਿੱਸਾ ਬਣਾ ਦਿੱਤੀ ਹੋਈ? ਫਿਰ (ਜਿਵੇਂ ਦੇਸ਼ ਕੌਮ ਤੇ Emergency ਆ ਪਈ ਹੋਵੇ) ਝੱਟ ਪੱਟ ਤਿਆਰ ਕੀਤੇ ਅੰਮ੍ਰਿਤ ਦੀਆਂ ਪੂਰੀਆਂ ਸੱਤ ਬੂੰਦਾਂ ਕਿਰਪਾਨ ਦੀ ਨੋਕ ਨਾਲ ਬੱਚੇ ਦੇ ਮੂੰਹ ਵਿਚ ਪਾਉਣ ਦੀ ਮਰਯਾਦਾ ਦਾ ਨਵਾਂ ਮਨਮੱਤੀ ਭਰਮ ?

੪= ਸ਼੍ਰੋਮਣੀ ਕਮੇਟੀ ਵਲੋਂ ਜਾਰੀ ਕੀਤੀ ਗੁਰਮਤ ਮਰਯਾਦਾ ਨੂੰ ਬੇਲੋੜੀ ਸਮਝ ਕੇ, ਨਿਰੋਲ ਆਪਣੀ ਮੱਤ ਅਨੁਸਾਰ ਮਰਯਾਦਾ ਲਿਖ ਕੇ ਵੰਡਣੀ, ਗੁਰੂ ਅਤੇ ਗੁਰੂ-ਪੰਥ ਤੋਂ ਬਗ਼ਾਵਤ ਦਾ ਐਲਾਨ ਹੈ। ਸਾਰੇ ਡੇਰੇਦਾਰਾਂ ਅਥਵਾ ਸੰਪ੍ਰਦਾਵਾਂ ਲਈ ਖੁਲ੍ਹ ਹੋ ਗਈ ਕਿ ਉਹ ਵੀ ਪੰਥਕ ਮੁੱਖ ਧਾਰਾ ਤੋਂ ਬਗ਼ਾਵਤ ਕਰ ਕੇ ਆਪਣੀ ਅੱਡਰੀ ਮਰਯਾਦਾ ਚਾਲੂ ਕਰ ਸਕਣ । ਫਿਰ ਜੇ ਸਿਖ ਜਗਤ ਦਾ ਹਰ ਪ੍ਰਵਾਰ ਵੀ ਆਪਣੀ ਮਰਜ਼ੀ ਦੀ ਮਰਯਾਦਾ ਬਣਾ ਲਵੇ ਤਾਂ ਰੋਕ ਕਿਹੜੀ ਰਹਿ ਗਈ ? ਪਰ ਅਜੇਹੀ ਚਿੰਤਾ ਜੇ ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਨਹੀਂ ਤਾਂ ਦਾਸ ਕਿਸ ਬਾਗ਼ ਦੀ ਮੂਲੀ ਹੈ?

੫= ਪੰਥਕ ਮਰਯਾਦਾ ਵਿਚ ਜੇ ਕੋਈ ਗੱਲ ਗੁਰਮਤ ਸਿਧਾਂਤ ਦੇ ਵਿਰੁੱਧ ਅਨੁਭਵ ਹੁੰਦੀ ਹੋਵੇ ਤਾਂ ਉਸ ਬਾਰੇ ਗੁਰ-ਬਾਣੀ ਦੇ ੪/੫ ਸ਼ਬਦਾਂ ਦਾ ਹਵਾਲਾ ਦੇ ਕੇ ਲੋੜੀਂਦੀ ਸੋਧ ਕਰ ਲੈਣ ਲਈ ਸ਼੍ਰੋਮਣੀ ਜਥੇਦਾਰਾਂ ਨੂੰ ਲਿਖਣਾ, ਅਥਵਾ ਉਨ੍ਹਾਂ ਤੇ ਜ਼ੋਰ ਪਾਉਣਾ, ਹਰ ਗੁਰਸਿੱਖ ਦਾ ਧਾਰਮਿਕ ਫ਼ਰਜ਼ ਬਣਦਾ ਹੈ। ਭੁਲਣ ਅੰਦਰ ਸਭ ਕੋ--ਕੇਵਲ ਗੁਰੂ ਪਰਮੇਸ਼ਰ ਹੀ ਅਭੁੱਲ ਹੈ। ਪੰਥ ਰਹਿਤ ਮਰਯਾਦਾ ਵੀ ਜੇ ਬ੍ਰਾਹਮਣੀ ਰੀਤੀ ਰਿਵਾਜ ਨੂੰ ਪੰਥ ਵਿਚ ਲਿਆ ਰਹੀ ਹੈ ਜਾਂ ਜੇ ਉਸ ਵਿਚ ਗੁਰੂ ਬਾਣੀ ਸਿਧਾਂਤ ਦੀ ਖੰਡਨਾ ਦਾ ਭਰਮ ਬਣੇ ਤਾਂ ਪੰਥ ਦੇ ਸਰਬਰਾਹਾਂ ਦੇ ਧਿਆਨ ਵਿਚ ਲਿਆਉਣਾ ਸੁਹਿਰਦ ਗੁਰ ਸਿੱਖਾਂ ਦਾ ਧਰਮ ਹੈ। ਦਾਦੂ ਜੀ ਦੀ ਕਬਰ ਵੱਲ ਤੀਰ ਝੁਕਾਉਂਣ ਵਾਲੀ ਸਾਖ਼ੀ ਦਸ਼ਮੇਸ਼ ਜੀ ਨੇ ਏਸੇ ਮੰਤਵ ਨੂੰ ਮੁੱਖ ਰਖ ਕੇ ਵਰਤਾਈ ਸੀ ਕਿ, ਗੁਰਮਤ ਸਿਧਾਂਤ ਦੀ ਉਲੰਙਣਾ ਕਰਨ ਵਾਲਾ, ਭਾਵੇਂ, ਕਿਡੀ ਵੀ ਵੱਡੀ ਧਰਮਿਕ ਪਦਵੀ ਵਾਲਾ ਧਾਰਮਕ ਆਗੂ ਹੋਵੇ, ਤੇ ਭਾਵੇ ਬੜਾ ਸ਼ਕਤੀ ਸ਼ਾਲੀ ਸਿਆਸੀ ਤਾਕਤ ਦਾ ਮਾਲਕ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੀ ਕਿਉਂ ਨਾ ਹੋਵੇ, ਉਸ ਨੂੰ ਟੋਕਿਆ ਜਾ ਸਕਦਾ ਹੈ ਅਤੇ ਯੋਗ ਤਨਖਾਹ ਵੀ ਲਾਈ ਜਾ ਸਕਦੀ ਹੈ। ਅਜੇਹਾ ਯਤਨ ਕਰਨ ਦੀ ਲੋੜ, ਨਾ ਸਮਝਣੀ ਅਤੇ ਪੰਥਕ ਮਰਯਾਦਾ ਦੇ ਥਾਂ ਨਵੀਂ ਮਰਯਾਦਾ ਬਣਾ ਕੇ, ਸਿੱਖ ਜਗਤ ਨੂੰ ਪੰਥਕ ਮੁੱਖਧਾਰਾ ਤੋਂ ਤੋੜਨ ਦੇ ਯਤਨ ਅਰੰਭ ਕਰ ਦੇਣੇ, ਪੰਥ ਪ੍ਰਤੀ ਸ਼ਰਧਾ ਨਹੀਂ ਮੰਨੀ ਜਾ ਸਕਦੀ। ਅਜੇਹੀ ਟਕਸਾਲੀ ਸੰਪਰਦਾ ਦਾ ਪੜ੍ਹਿਆ ਹੋਇਆ ਉਪਦੇਸ਼ਕ, ਕਈਆਂ ਸਿੱਖਾਂ ਨੂੰ ਬਿੱਪ੍ਰਨ ਕੀ ਰੀਤ ਦਾ ਧਾਰਨੀ ਕਿਵੇਂ ਨਾ ਬਣਾਵੇਗਾ ।

੧੧- **ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**
**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ ੮ ॥** [੪੪੪]

੪

# ਬਿੱਪ੍ਰਨ ਕੀ ਰੀਤ ਅਤੇ ਸ੍ਰੀ ਅਕਾਲਤਖ਼ਤ ਸਾਹਿਬ ਦੀ ਜਥੇਦਾਰੀ ?

ਭਾਵੇਂ ਪੰਥਕ ਮਰਯਾਦਾ ਵਿਚ ਕਰਮਕਾਂਡੀ ਭਰਮ ਦੀ ਖੰਡਨਾਂ ਹੈ ਪਰ ਖਰੜੇ ਵਿਚ ਬ੍ਰਾਹਮਣੀ ਸ਼ਬਦ " ਸੰਸਕਾਰ " ਦੀ ਵਰਤੋਂ ਤੋਂ ਹੀ ਉਤਸ਼ਾਹ ਲੈ ਕੇ, ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਸੰਤਾਂ ਵਲੋਂ ਲਿਖੀ ਇਸ ਗੁਰਮਤ ਰਹਿਤ ਮਰਯਾਦਾ ਦਾ ਮੁਖ ਬੰਦ ਲਿਖਿਆ ਹੈ । ਮੁੱਖ ਬੰਦ ਲਿਖਣ ਸਮੇ ਉਹ,ਂ ਸ੍ਰੀ ਹਰਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਸਨ । ਬਾਬਾ-ਬੁੱਢਾ ਜੀ ਵਾਲੀ ਪਦਵੀ ਦੇ ਮਾਲਕ ਬਣੇ " ਸਿੰਘ ਸਾਹਿਬ " ਦਾ ਪਰਮੁੱਖ ਧਰਮ ਤਾਂ ਇਹ ਸੀ ਕਿ ਉਹ, ਅਜੇਹੀ ਮਰਯਾਦਾ ਲਿਖਣ ਨੂੰ ਪੰਥਕ ਏਕਤਾ ਲਈ ਖ਼ਤਰਾ ਸਮਝਦੇ । ਇਸ ਤੇ ਰੋਕ ਲਾਉਣ ਦਾ ਸੇਧ ਪੱਤ੍ਰ (Directive) ਜਾਰੀ ਕਰਦੇ । ਪਰ ਗਿਆਨੀ ਕਿਰਪਾਲ ਸਿੰਘ ਜੀ ਨੇ ਆਪਣੀ ਪਦਵੀ ਦੀ ਅਯੋਗ ਵਰਤੋਂ ਕਰਦਿਆ, ਇਸ ਪੰਥ ਵਿਰੋਧੀ ਯਤਨ ਦੀ ਭਰਪੂਰ ਸ਼ਲਾਘਾ ਕੀਤੀ ਹੈ । ਸਿੰਘ ਸਾਹਿਬ ਨੇ ਪਹਿਲਾਂ ਤਾਂ ਮਹਾਨਕੋਸ਼ ਵਿਚਲੇ ਸੰਸਕਾਰ ਹੀ ਲਿਖੇ ਹਨ ਫਿਰ ਆਪਣੇ ਵਲੋਂ ਗੁਰਮਤ ਸੰਸਕਾਰਾਂ ਦਾ ਵੇਰਵਾ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਹੈ :-

**੧=ਜਨਮ**--(ੳ) ਗ੍ਰਭਾਧਾਨ । (ਅ) ਜਨਮ । (ੲ) ਨਾਮ ਕਰਣ । (ਸ) ਝੰਗਾ । (ਹ) ਕੇਸਾਂ ਦਾ ਜੂੜਾ ਕਰਨਾ । (ਕ) ਦਸਤਾਰ ਸਜਾਉਣੀ ।

**੨=ਅੰਮ੍ਰਿਤ**--(ੳ) ਰਹਿਤ ਦੀ ਧਾਰਨਾ । (ਅ) ਅੰਮ੍ਰਿਤ ਪਾਨ ਬਿਧੀ । (ੲ) ਸ਼ੁਧੀ । (ਸ) ਵਿਦਿਆ ।

**੩=ਅਨੰਦ**--(ੳ) ਕੁੜਮਾਈ । (ਅ) ਅਨੰਦ ਕਾਰਜ । (ੲ) ਕਰੇਵਾ (ਪੁੰਨ ਵਿਵਾਹ) । (ਸ) ਗੁਰ ਧਾਮ ਧਾਤ੍ਰਾ ।

**੪=ਮਿਰਤਕ ਸੰਸਕਾਰ**- (ੳ) ਸਸਕਾਰ । (ਅ) ਕ੍ਰਿਆ (ਪਾਠ, ਕੀਰਤਨ, ਅਰਦਾਸ ਤੇ ਲੰਗਰ ਆਦਿ) ।

ਇਸ ਤਰ੍ਹਾਂ ਪੰਥ ਦੇ ਸਿੰਘ ਸਾਹਿਬ ਨੇ ਸੰਸਕਾਰਾਂ ਅਤੇ ਉਪ-ਸੰਸਕਾਰਾਂ ਦੀ ਗਿਣਤੀ ਬ੍ਰਾਹਮਣੀ ਸੰਸਕਾਰਾਂ ਨਾਲੋਂ ਵੀ ਟਪਾ ਦਿੱਤੀ ਹੈ ਇਸ ਤੋਂ ਅੱਗੇ ਸਿੰਘ ਸਾਹਿਬ ਜੀ ਦਾ ਸਿੱਖਾਂ ਲਈ ਉਪਦੇਸ਼ ਇਨ੍ਹਾਂ ਸ਼ਬਦਾਂ ਵਿਚ ਲਿਖਿਆ ਹੋਇਆ ਹੈ :--

> ਮਨੁੱਖ ਦੀ ਦਿਮਾਗ਼ੀ ਭੁੱਖ ਨੂੰ ਜਿਥੇ ਫਲਸਫ਼ਾ ਜਾਂ ਗਿਆਨ ਪੂਰਾ ਕਰਦਾ ਹੈ ਉਥੇ ਇਖ਼ਲਾਕ ਦੀ ਉਚਿਤਾ ਤੇ ਆਚਰਨ ਦੀ ਉਸਾਰੀ ਰਹਿਤ ਮਰਯਾਦਾ ਤੋਂ ਪੂਰੀ ਹੁੰਦੀ ਹੈ । ਰਹਿਤ ਮਰਯਾਦਾ ਚ ਪ੍ਰਪੱਕਤਾ " ਸੰਸਕਾਰਾਂ " ਰਾਹੀਂ ਪ੍ਰਾਪਤ ਕਰੀਦੀ ਹੈ । ਕਿਸੇ ਮਜ਼ਹਬ ਦੇ ਸੰਸਕਾਰ, ਉਸ ਦੀ ਅੰਦਰਲੀ ਤਸਵੀਰ ਹੁੰਦੇ ਹਨ । ਹੋਰ ਧਰਮਾ ਦੇ ਸੰਸਕਾਰਾਂ ਨਾਲੋਂ ਸਿੱਖ ਧਰਮ ਦੇ ਸੰਸਕਾਰਾਂ ਵਿਚ ਸਾਦਗੀ, ਸਰਲਤਾ, ਪਵਿਤ੍ਰਤਾ, ਜਜ਼ਬਾ, ਜੀਵਨ ਦਾ ਰਸ ਤੇ ਜਥੇਬੰਦੀ ਦੀ ਸਪਿਰਟ ਪੈਦਾ ਕਰਨ ਦੀ ਵਧੇਰੇ ਸਮਰੱਥਾ ਹੈ । ਇਸ ਲਈ ਹਰ ਪ੍ਰਾਣੀ ਮਾਤ੍ਰ ਲਈ ਆਮ ਕਰਕੇ ਤੇ, ਹਰ ਗੁਰਸਿਖ ਲਈ ਖ਼ਾਸ ਕਰਕੇ ਸਿੱਖ ਸੰਸਕਾਰਾਂ ਦੇ ਗਿਆਨ ਅਤੇ ਅਮਲੀ ਧਾਰਨਾ ਅਤਿ ਜ਼ਰੂਰੀ ਹੈ ।

ਉਸ ਸਮੇਂ ਦੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ, ਇਸ ਤੋਂ ਅੱਗੇ, ਤੀਜੇ ਸਫ਼ੇ ਤੋਂ ਅਰੰਭ ਹੋ ਕੇ ਛੇਵੇਂ ਸਫ਼ੇ ਤਕ, ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਲਿਖੀ " ਗੁਰਮਤਿ ਰਹਿਤ ਮਰਯਾਦਾ ਪੁਸਤਕ " ਦੀ ਉਸਤਤਿ ਲਿਖ ਕੇ ਅੰਤ ਵਿਚ ਇਉਂ ਲਿਖਿਆ ਹੈ--

> ਇਹ ਵਿਸ਼ੇਸ਼ ਰਚਨਾ ਆਪਣੀ ਮਿਸਾਲ ਆਪ ਹੈ । ਇਹ ਸਾਰੀਆਂ ਗੁਰਮਤ ਮਰਯਾਦਾਂ ਹੁਣ ਤੱਕ ਲਿਖਤ ਰੂਪ ਵਿਚ ਨਹੀਂ ਸਨ ਆਈਆਂ । ਮਹਾਂ ਪੁਰਖਾਂ ਨੇ ਪੰਥ ਤੇ ਇਹ ਮਹਾਨ ਉਪਕਾਰ ਕੀਤਾ ਹੈ ਜੋ ਪੰਥ ਸਦਾ ਯਾਦ ਕਰੇਗਾ ਤੇ ਜਿਸ ਤੋਂ ਗੁਰੂ ਘਰ ਦੇ ਗ੍ਰੰਥੀ, ਪਾਠੀ ਪ੍ਰਚਾਰਕ ਕਥਾ ਵਾਚਕ, ਖੋਜੀ, ਲੇਖਕ ਤੇ ਸੰਤ ਮਹਾਤਮਾ ਰੌਸ਼ਨੀ ਪ੍ਰਾਪਤ ਕਰਦੇ ਰਹਿਣਗੇ ।

ਸਮੁਚੇ ਪੰਥ ਦੀ ਪ੍ਰਵਾਨਗੀ ਵਾਲੀ " ਸਿੱਖ ਰਹਿਤ ਮਰਯਾਦਾ " ਜਿਸ ਸਰਬ-ਉੱਚ ਦਰਬਾਰ ਤੋਂ ਜਾਰੀ ਕੀਤੀ ਗਈ ਸੀ ਉਸੇ ਦਰਬਾਰ ਦਾ ਮੁੱਖ ਗ੍ਰੰਥੀ ਇਕ ਡੇਰੇ-ਦਾਰ ਦੀ ਲਿਖੀ ਨਿੱਜੀ " ਗੁਰਮਤਿ ਰਹਿਤ ਮਰਯਾਦਾ " ਨੂੰ ਪੰਥ ਦੀ ਬਦ-ਕਿਸਮਤੀ ਲਿਖਣ ਦੇ ਥਾਂ " ਪੰਥ ਤੇ ਹੋਇਆ ਉਪਕਾਰ " ਲਿਖ ਰਿਹਾ ਹੈ। ਏਸੇ ਪੁਸਤਕ ਨੂੰ ਪੰਥ ਲਈ ਦੁਖਦਾਈ ਹੱਦ ਤਾਈਂ ਹਾਨੀ-ਕਾਰਕ ਸਮਝਦਿਆਂ ਦਾਸ ਨੇ ਭਿੰਡਰੀਂ ਸੰਤ ਮੋਹਨ ਸਿੰਘ ਜੀ ਨੂੰ ਅਤੇ ਮਹਿਤੇ ਸੰਤ ਠਾਕੁਰ ਸਿੰਘ ਨੂੰ ੧੯੯੨ ਵਿਚ ਚਿਠੀਆਂ ਲਿਖੀਆਂ ਸਨ । ਦੋਹਾਂ ਵਲੋਂ ਉੱਤਰ ਨਾ ਆਉਣ ਤੇ ਉਹ ਚਿਠੀ " **ਮਾਸੁ ਮਾਸੁ ਕਰਿ ਮੂਰਖੁ ਝਗੜੇ** " ਪੁਸਤਕ ਦਾ ਹਿੱਸਾ ਬਣਾ ਕੇ ਪਾਠਕਾਂ ਦੀ ਕਚਹਿਰੀ ਵਿਚ ਭੇਜ ਦਿੱਤੀ ਹੋਈ ਹੈ । ਬਾਬਾ ਬੁਢਾ ਜੀ ਦੀ ਪਦਵੀ ਤੇ ਬਿਰਾਜਮਾਨ ਸਿੰਘ ਸਾਹਿਬ ਜਿਸ ਪੁਸਤਕ ਨੂੰ ਪੰਥ ਲਈ ਬੜੀ ਉਪਕਾਰੀ ਲਿਖ ਰਹੇ ਹਨ, ਉਸ ਦਾ ਕੋਈ ਵਿਰਲਾ ਪੱਤਰਾ ਹੀ ਅਜੇਹਾ ਹੈ ਜਿਹੜਾ ਬ੍ਰਾਹਮਣੀ ਝੂਠ ਵਾਲਾ ਅਥਵਾ ਗੁਰਮਤਿ ਦੀ ਖੰਡਨਾਂ ਵਾਲਾ ਨਾ ਹੋਵੇ ।

ਪੰਥ ਦੇ ਸਰਬਰਾਹਾਂ ਵਿਚੋਂ ਕਿਸੇ ਨੇ ਵੀ, ਪੰਥ ਦੀ ਸਰਬ-ਉੱਚਤਾ ਨੂੰ ਲਲਕਾਰਨ ਵਾਲੇ, ਅਜੇਹੇ ਸਿੰਘ-ਸਾਹਿਬ ਅਤੇ ਅਜੇਹੇ ਡੇਰਾ-ਵਾਦ ਵੱਲ ਅੱਖ ਪੁਟ ਕੇ ਵੀ ਨਹੀਂ ਵੇਖੀ । ਸਮਝ ਆ ਰਹੀ ਹੈ ਕਿ ਇਸ ਵੇਲੇ ਪੰਥ ਵਿਚ ਉਨ੍ਹਾਂ ਮਹੰਤਾਂ ਨਾਲੋਂ ਵੀ ਖ਼ਤਰਨਾਕ ਮਹੰਤਾਂ ਦਾ ਕਬਜ਼ਾ ਹੋ ਚੁੱਕਾ ਹੈ, ਜਿਨ੍ਹਾਂ ਨੇ ਨਨਕਾਣਾ ਸਾਹਿਬ ਵਿਖੇ (੧੯੨੧ ਵਿਚ) ਨਿਰਦੋਸ਼ ਸਿੰਘਾਂ ਨੂੰ ਸ਼ਹੀਦ ਕੀਤਾ ਸੀ ਅਤੇ ਜਿਹੜੇ ਅੰਗ੍ਰੇਜ਼ ਸਰਕਾਰ ਦੇ ਹੱਥ ਦਾ ਹਥਿਆਰ ਬਣ ਕੇ ਪੰਥ ਦਾ ਘਾਤ ਕਰ ਰਹੇ ਸਨ। ਅਜੋਕਾ ਪੰਥਕ-ਲੀਡਰ ਏਡਾ ਹੰਕਾਰੀ ਹੋ ਚੁੱਕਾ ਹੈ ਕਿ ਗੁਰੂ ਦੇ ਦਰਬਾਰ ਵਿਚ ਹੀ ਝੂਠ ਬੋਲਣਾ, ਬਚਨਾ ਤੋਂ ਫਿਰ ਜਾਣਾ, ਆਪਣਾ ਹੱਕ ਮੰਨ ਬੈਠਾ ਹੈ। ਸਰਬ ਉੱਚ ਪਦਵੀਆਂ ਸਾਂਭੀ ਬੈਠੇ ਸਨਮਾਨ ਜੋਗ ਜਥੇਦਾਰਾਂ ਦੀ ਸੇਵਾ ਵਿਚ ਲਿਖੀਆਂ ਨਿਸਫਲ ਚਿੱਠੀਆਂ, ਇਸ ਪੁਸਤਕ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ। ਪੰਥ ਦੀ ਮਰਯਾਦਾ ਦੇ ਰਾਖੇ ਆਪ ਹੀ ਸਤਿਗਰਾਂ ਤੋਂ ਦੂਰ ਜਾ ਚੁੱਕੇ ਹਨ, ਇਨ੍ਹਾਂ ਨੇ ਪੰਥ ਨੂੰ ਸ਼ਬਦ ਵਿਚਾਰ ਨਾਲ ਕਿਥੋਂ ਜੋੜਨਾ ਹੈ --

੧੨- **ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥**
**ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥ ੫ ॥**[੧੦੬੩]-੫-੧੯

## ੫

# ਮਰਯਾਦਾ ਦਾ ਮਨੁੱਖੀ ਆਚਰਨ ਤੇ ਚਮਤਕਾਰੀ ਅਸਰ ?

ਸਦਾ ਆਪਣੀ ਮਰਜ਼ੀ ਅਨੁਸਾਰ ਵਿਚਰਨ ਵਾਲੇ, ਅਤੇ ਅਜੇਹੇ ਅੱਥਰੇ ਗਭਰੂ ਨੂੰ ਜਿਹੜਾ ਕਿਸੇ ਦੂਜੇ ਦੇ ਕਹੇ ਪਾਣੀ ਦਾ ਗਲਾਸ ਫੜਾ ਦੇਣ ਵਿਚ ਵੀ ਆਪਣੀ ਹੇਠੀ ਮੰਨਦਾ ਹੋਵੇ, ਜਿਹੜਾ ਕਿਸੇ ਦੁਖੀ ਮਨੁੱਖ ਦੀ ਸਹਾਇਤਾ ਕਰਨਾਂ ਮੂਰਖ-ਪੁਣਾ ਮੰਨਦਾ ਹੋਵੇ, ਪਰ ਰੋਜ਼ਗਾਰ ਦੀ ਟੋਲ ਵਿਚ ਉਸ ਅਥੱਰੇ ਨੌਜਵਾਨ ਨੂੰ ਫੌਜ ਵਿਚ ਭਰਤੀ ਹੋਣਾ ਪੈ ਗਿਆ । ਜਦ ਉਸ ਅਮੋੜ ਰੰਗਰੂਟ ਨੂੰ ਫੌਜ ਦੇ ਕੇਂਦਰੀ ਦਫ਼ਤਰ ਦੀ ਬਣੀ ਮਰਯਾਦਾ ਅਨੁਸਾਰ ਵਿਚਰਨ ਦੀ ਪੜ੍ਹਾਈ ਅਤੇ ਸਿਖਲਾਈ (**Training**) ਬੜੇ ਯੋਜਨਾਂ-ਬੱਧ ਢੰਗ ਨਾਲ ਦਿੱਤੀ ਗਈ ਤਾਂ ਉਹੀ ਅੱਥਰਾ ਜਵਾਨ ਦੂਜੇ ਦੀ ਮਰਜ਼ੀ ਅਨੁਸਾਰ, ਸਿਰ ਤੋਂ ਪੈਰਾਂ ਤਾਂਈ ਕੱਪੜੇ (ਵਰਦੀ) ਪਾਉਣੇ, ਦੂਜੇ ਦੇ ਹੁਕਮ ਨਾਲ, ਖਲੋਣਾ, ਤੁਰਨਾ, ਦੋੜਨਾ, ਮੁੜਨਾ, ਲੇਟਣਾ ਅਤੇ ਗੋਲੀ ਚਲਾਉਣੀ ਸਿੱਖ ਕੇ ਦੂਜੇ ਦੇ ਹੀ ਹੁਕਮ ਵਿਚ ਗੋਲੀਆਂ ਅੱਗੇ ਸੀਨਾ ਤਾਣ ਖਲੋਂਦਾ ਹੈ। ਜਿਹੜਾ ਅਥੱਰਾ ਜਵਾਨ, ਕਿਸੇ ਦੁਖੀਏ ਦੇ ਦੁੱਖ ਦਾ ਸਾਂਝੀਵਾਲ ਹੋਣਾ ਜਾਣਦਾ ਹੀ ਨਹੀਂ ਸੀ ਓਸੇ ਨੂੰ, ਇੱਕ ਪੱਕੀ ਮਰਯਾਦਾ ਵਿਚ ਰਹਿਣ ਦੀ ਜਾਚ ਨੇ, ਦੇਸ਼ ਦੀਆਂ ਹੱਦਾਂ ਦੀ ਰਾਖੀ ਕਰਨ ਜੋਗਾ ਬਣਾ ਦਿੱਤਾ । ਇੱਕ ਪੱਕੀ ਜੀਵਨ-ਮਰਯਾਦਾ ਨੇ, ਕਲ੍ਹ ਦੇ ਉਸ ਨਿਕੰਮੇ ਨੌਜਵਾਨ ਨੂੰ ਅੱਜ ਦੇਸ਼ ਦੀ ਅਣਖ ਦੀ ਰਾਖੀ ਕਰਦਿਆਂ ਜਾਨ ਵਾਰ ਦੇਣ ਵਾਲਾ ਦੇਸ਼ ਭਗਤ ਬਣਾ ਦਿੱਤਾ।

ਲੁਟੇਰੇ ਧਾਰਮਿਕ ਆਗੂ ਦੀ ਕਰਮਕਾਂਡੀ ਮਰਯਾਦਾ ਵਿਚ ਰਹਿਣ ਵਾਲੇ ਭਾਰਤੀ ਨੂੰ, ਜ਼ਾਲਮ ਸਿਆਸੀ ਹਾਕਮ ਦੀ ਗੁਲਾਮੀ ਵਿਚ, ਲੰਮੇ ਸਮੇ ਲਈ ਰਹਿਣਾ ਪੈ ਗਿਆ ਤਾਂ ਦੇਸ਼ ਦਾ ਮਨੁੱਖ ਆਪਣਾ ਸਵੈਮਾਣ ਗੁਆ ਬੈਠਾ। ਆਪਣੀ ਜਾਨ ਮਾਲ, ਧੀ-ਭੈਣ ਅਤੇ ਮਾਤਾ ਦੀ ਪਤ ਦੀ ਨੀਲਾਮੀ ਹੁੰਦੀ ਝੱਲ ਚੁੱਕਾ ਸੀ। ਭਾਰਤੀ ਮਨੁੱਖ ਮੁਰਦਾ-ਜ਼ਮੀਰ ਅਤੇ ਨਿਰਬਲ ਹੋਣ ਦੇ ਨਾਲ ਪਸ਼ੂ-ਬਿਰਤੀ ਪੈਦਾ ਕਰਨ ਵਾਲੀ ਭਰਮਾ ਗ੍ਰਸੀ ਅਗਿਆਨਤਾ

ਦੀ ਜਿਲ੍ਹਣ ਵਿਚ ਧਸਿਆ, ਬੇਵੱਸ ਹੋ ਕੇ ਦੇਵੀ ਦੇਵਤਿਆਂ ਨੂੰ ਸਹਾਇਤਾ ਲਈ ਵਾਜਾਂ ਮਾਰਨ ਤੋਂ ਵੱਧ ਕਾਸੇ ਜੋਗਾ ਨਹੀਂ ਸੀ ਰਿਹਾ। ਇਸ ਦੁਰਦਿਸ਼ਾ ਦਾ ਕਾਰਨ ਕੇਵਲ ਬ੍ਰਾਹਮਣੀ-ਮਰਯਾਦਾ ਵਾਲਾ ਕਰਮਕਾਂਡੀ ਧਰਮ ਅਥਵਾ **ਬਿੱਪ੍ਰਨ ਕੀ ਰੀਤ** ਹੀ ਤਾਂ ਸੀ ?

ਮਨੁੱਖਤਾ ਦੇ ਸੱਚੇ ਹਮਦਰਦ, ਨਾਨਕ ਨਿਰੰਕਾਰੀ ਜੀ, ਹਿੰਦ ਦੇ ਪਹਿਲੇ ਰਹਿਬਰ ਸਨ ਜਿਨ੍ਹਾਂ ਨੇ ਬ੍ਰਾਹਮਣ ਦੇ ਇਸ ਲੁੱਟ-ਭੇਤ ਨੂੰ ਸਮਝਿਆ। ਕਿ ਭੈੜੀ ਜੀਵਨ-ਮਰਯਾਦਾ ਮਨੁੱਖ ਨੂੰ ਕਿਸ ਹੱਦ ਤਾਂਈ ਨੀਵਾਂ ਲੈ ਜਾ ਸਕਦੀ ਹੈ। ਹਜ਼ਾਰਾਂ ਸਾਲ ਪੁਰਾਣੀ ਬ੍ਰਾਹਮਣ ਦੀ ਮਰਯਾਦਾ ਦੇ ਥਾਂ ਗੁਰਦੇਵ ਜੀ ਨੇ, ਦੈਵੀ ਗੁਣਾ ਭਰਪੂਰ ਸਦੀਵੀ ਸੱਚ ਵਾਲੀ ਮਰਯਾਦਾ ਦੀ ਰੂਪ ਰੇਖਾ ਤਿਆਰ ਕੀਤੀ। ਉਸ ਉੱਚ-ਜੀਵਨ-ਮਰਯਾਦਾ ਅਨੁਸਾਰ ਸਿਖਲਾਈ ਦੇਣੀ ਅਰੰਭੀ। ਮਨੁੱਖ ਦੇ ਅੰਦਰੋਂ ਹਜ਼ਾਰਾਂ ਸਾਲ ਪੁਰਾਣੇ ਸੰਸਕਾਰਾਂ ਨੂੰ ਧੋ ਕੇ ਸੁਚ-ਆਚਾਰ ਵਾਲੇ ਦੈਵੀ ਗੁਣਾ ਦੇ ਸੰਸਕਾਰ ਬਣਾਉਣ ਆਏ ਗੁਰੂ ਨਾਨਕ ਜੀ ਨੂੰ ੧੪੬੯ ਤੋਂ ੧੭੦੮ ਤਾਂਈ ਦਸਾਂ ਅੱਡ-ਅੱਡ ਮਨੁੱਖੀ-ਸਰੀਰਾਂ ਵਿਚ ਵਿਚਰਨਾ ਪਿਆ। ਓਸੇ ਭੇਡਾਂ ਦੇ ਵੱਗ ਵਿਚੋਂ ਨਾਨਕ ਨਿਰੰਕਾਰੀ ਜੀ ਨੇ ਨਿਆਰੇ ਸੁੱਚ-ਆਚਾਰ ਦਾ ਮਾਲਕ ਅਜੇਹਾ ਸੰਤ-ਸੂਰਮਾ ਤਿਆਰ ਕਰ ਲਿਆ ਜਿਹੜਾ ਅਗਿਆਨਤਾ ਗ੍ਰਸੇ ਭਰਮ ਅਤੇ ਜ਼ੁਲਮ ਦੀਆਂ ਕਾਲੀਆਂ ਬੋਲੀਆਂ ਰਾਤਾਂ ਨੂੰ ਸੂਰਜ ਵਰਗੀ ਚਾਨਣੀ ਅਤੇ ਚੰਦ੍ਰਮੇ ਦੀ ਸੀਤਲਤਾ ਵਿਚ ਬਦਲ ਦੇਣ ਦੀ ਸਮਰਥਾ ਵਾਲਾ ਸੀ। ਦੂਜਿਆਂ ਦੀ ਜਾਨ ਅਤੇ ਮਾਲ ਤੇ ਆਪਣਾ ਹੱਕ ਸਮਝਣ ਵਾਲੇ ਨਿਰਦਈ ਡਾਕੂਆਂ ਨੂੰ, ਸਿੰਘ ਸੂਰਮੇਂ ਨੇ ਅਜੇਹੀ ਮੱਤ ਦਿੱਤੀ ਕਿ, ਦੂਜਿਆਂ ਦੀ ਕਮਾਈ ਵੱਲ ਝਾਕਣਾ ਉਸ ਲਈ ਮੌਤ ਨੂੰ ਸੱਦਾ ਦੇਣ ਤੁੱਲ ਬਣ ਗਿਆ। ਨਰਦਈ ਲੁਟੇਰੇ ਨੂੰ ਆਪਣੀ ਕਮਾਈ ਤੇ ਗੁਜ਼ਾਰਾ ਕਰਨ ਦੀ ਜਾਚ ਆ ਗਈ। ਲੋਕਾਂ ਨੇ ਨਿਆਰੀ ਮਰਯਾਦਾ ਦੇ ਧਾਰਨੀ, ਨਿਆਰੇ ਆਚਰਨ ਵਾਲੇ ਅਤੇ ਨਿਆਰੇ ਤੇਜ ਪ੍ਰਤਾਪ ਦੇ ਮਾਲਕ, ਨਿਆਰੇ ਖ਼ਾਲਸੇ ਦੀ ਸਰਬਸਾਂਝੇ ਪਿਆਰਾਂ ਲੱਦੀ ਠੰਢੀ ਪਤਰਾਲੀ ਛਾਂ ਮਾਣੀ ਤਾਂ, ਖ਼ਾਲਸਾ ਜੀ ਦਾ ਰਾਜ ਧਰਤੀ ਦਾ ਬਹਿਸ਼ਤ ਹੋ ਦਿੱਸਿਆ।

ਮਨੁੱਖੀ ਆਚਰਨ ਅਤੇ ਆਤਮਕ ਗਿਆਨ ਦੀ ਕਾਇਆਂ ਕਲਪ ਕਰ ਦੇਣ ਵਾਲੀ ਗੁਰੂ ਨਾਨਕ ਦੇਵ ਜੀ ਦੀ ਦੇਣ ਉਹ ਜੀਵਨ ਮਰਯਾਦਾ (ਗੁਰੂ) ਗ੍ਰੰਥ ਜੀ ਦਾ ਰੂਪ ਧਾਰ ਚੁੱਕੀ ਸੀ। ਪੰਜ-ਭੂਤਕ ਸਰੀਰਾਂ ਵਿਚ ਵਿਚਰਨ ਵਾਲੀ ਖੇਡ ਖ਼ਤਮ ਕਰਕੇ ਸਦਾ ਲਈ ਆਪਣੇ ਪਰਮ ਧਾਮ ਨੂੰ ਵਾਪਸ ਮੁੜ ਜਾਣ ਤੋਂ ਪਹਿਲਾਂ, ਗੁਰੂ ਨਾਨਕ ਨਿਰੰਕਾਰੀ ਜੀ ਨੇ, ਆਪਣੇ ਸਿਰਜੇ ਪੂਰਨ-ਮਨੁੱਖ ਨੂੰ, (ਆਪਣੇ ਦਸਵੇਂ ਜਾਮੇਂ ਸਮੇਂ) ਧੁਰੋਂ ਆਈ ਜੀਵਨ-ਮਰਯਾਦਾ ਦੇ ਗਿਆਨ ਦੇ ਅਥਾਹ ਸਾਗਰ, ਅਨੂਪੰਮ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਦਾ ਨਿਆਰਾ ਉਪਕਾਰ ਕੀਤਾ। ਏਸੇ ਮਰਯਾਦਾ ਦਾ ਹੀ ਸਦਕਾ ਸੀ ਕਿ ਦੁਨੀਆਂ ਨੇ ਖ਼ਾਲਸਾ ਜੀ ਦੀ ਚੜ੍ਹਤ ਤੋਂ ਹੈਰਾਨ ਕਰ ਦੇਣ ਵਾਲੀਆਂ ਕਰਾਮਾਤਾਂ ਵਾਪਰਦੀਆਂ ਵੇਖੀਆਂ ।

ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਿੱਖੀ ਕਿਸੇ ਕਰਮ ਕਾਂਡੀ ਰੀਤਾਂ ਜਾਂ ਸੰਸਕਾਰਾਂ ਵਿਚ ਬੱਝਾ ਹੋਇਆ ਦੁਨੀਆਂ ਦੇ ਹੋਰ ਧਰਮਾ ਵਰਗਾ ਧਰਮ ਨਹੀਂ ਹੈ । ਭਰਮਾ ਵਹਿਮਾਂ ਤੋਂ ਅਣਜਾਣ, ਸਿਖੀ ਇੱਕ ਨਿਆਰੀ ਜੀਵਨ ਜੁਗਤ ਹੈ । ਇਸ ਜੀਵਨ ਜੁਗਤ ਦੀ **ਸੋਝੀ ਕੇਵਲ ਅਤੇ ਕੇਵਲ, ਸਮਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਲੈਣੀ ਹੈ**। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਦੀਵੀ ਸੱਚ ਵਾਲੀ ਸਿਖਿਆ ਦੇ ਥਾਂ ਮਨੁੱਖਾਂ ਦੀ ਮਿਥੀ ਮਰਯਾਦਾ ਧਾਰਨ ਕਰ ਲੈਣੀ ਸਿੱਖੀ ਦੇ ਖ਼ਾਤਮੇ ਵੱਲ ਨੂੰ ਤੁਰਨਾ ਹੈ । ਫੌਜ ਦੀ ਮਰਯਾਦਾ ਭੁੱਲ ਚੁੱਕੇ ਨੂੰ ਫੌਜ ਵਿਚ ਨਹੀਂ ਰਹਿਣ ਦਿੱਤਾ ਜਾਂਦਾ ਪਰ ਗੁਰੂ-ਗ੍ਰੰਥ ਸਾਹਿਬ ਦੀ ਮਰਯਾਦਾ ਭੁੱਲ ਜਾਣ ਵਾਲੇ ਨੂੰ ਗੁਰੂ ਅਤੇ ਪਰਮੇਸ਼ਰ ਦੋਹਾਂ ਦੇ ਦਰੋਂ ਦੁਰਕਾਰੇ ਜਾਣ ਦੇ ਨਾਲ, ਸਾਮਾਜਕ ਅਤੇ ਸਿਆਸੀ ਤੇਜ ਪ੍ਰਤਾਪ ਦੀ ਭਾਈਵਾਲੀ ਤੋਂ ਵੀ ਹੱਥ ਧੋਣੇ ਪੈਂਦੇ ਹਨ ।

ਬੜੇ ਬੀਬੇ ਰਾਣੇ ਸੁਹਿਰਦ ਗੁਰਸਿੱਖ ਨੇ **ਸ਼ੰਕਾ** ਪ੍ਰਗਟਾਇਆ ਹੈ ਕਿ, **ਗੁਰੂ ਗ੍ਰੰਥ ਸਾਹਿਬ ਦੀ ਬਾਣੀ,** ਜੋ ਗੁਰੂ ਹੈ, ਜੋ ਅੰਮ੍ਰਿਤ ਹੈ, ਜੋ ਧੁਰੋਂ ਆਇਆ ਹੁਕਮਾਉ ਹੈ, ਜੋ ਕੇਵਲ ਬ੍ਰਹਮ ਵਿਚਾਰ ਹੈ, ਲਈ **" ਮਰਯਾਦਾ "** ਸ਼ਬਦ ਵਰਤਨਾਂ ਕਿਤੇ ਬੇਅਦਬੀ ਨਾ ਸਮਝੀ ਜਾਵੇ ?

ਸੱਚੀ-ਸੁੱਚੀ-ਜੀਵਨ-ਮਰਯਾਦਾ ਤੋਂ ਬਿਨਾਂ ਨਿਰਾ (ਬ੍ਰਹਮ)-ਗਿਆਨ ਵਿਅਰਥ ਹੈ। ਨਾਮ ਸਿਮਰਨ, ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦਾ ਪਰਮੁੱਖ ਹਿੱਸਾ ਸਮਝਿਆ ਅਤੇ ਸਮਝਾਇਆ ਜਾਂਦਾ ਹੈ। ਪ੍ਰਭੂ ਦੇ ਨਾਮ ਦਾ ਸੁਆਸ-ਸੁਆਸ ਜਾਪ-ਅਭਿਆਸ ਜਾਂ ਜਾਪ-ਮਰਯਾਦਾ ਮਨ ਨੂੰ ਸਥਿਰ ਕਰਨ ਦਾ ਯਤਨ ਹੈ। ਜਾਂ ਇਉਂ ਕਹਿ ਲਉ ਕਿ ਮਹਾਂ-ਪੁਰਖਾਂ ਦੀ ਬਣਾਈ ਇਹ ਮਰਯਾਦਾ, ਸਿਮਰਨ ਦੀ ਅਵਸਥਾ ਤੱਕ ਪੁੱਜ ਕੇ ਪ੍ਰਭੂ ਨਾਲ ਲੀਣਤਾ ਵਾਲੀ ਆਤਮਕ ਅਵਸਥਾ ਵਿਚ ਪੁੱਜਣ ਦਾ ਸਾਧਨ ਹੈ। ਗੁਰਬਾਣੀ ਵਿਚ ਇੱਕ ਅਜੇਹੀ ਮਰਯਾਦਾ ਦਾ ਵੀ ਬੜੇ ਥਾਂਈ ਵਰਣਨ ਹੈ, ਜਿਸ ਦੁਆਰਾ ਪ੍ਰਭੂ ਦੀ ਪ੍ਰਾਪਤੀ ਸਗੋਂ ਹੋਰ ਵੀ ਛੇਤੀ ਹੋ ਜਾਣ ਦੀ ਗੱਲ ਹੈ। ਕਿਸੇ ਪ੍ਰਕਾਰ ਦੇ ਜਾਪ ਦਾ ਕੋਈ ਜ਼ਿਕਰ ਤੱਕ ਨਹੀਂ ਹੈ:---

੧੩- **ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥ ਭੈ ਕੇ ਚਰਣ,**
**ਕਰ ਭਾਵ ਕੇ, ਲੋਇਣ ਸੁਰਤਿ ਕਰੇਇ ॥ ਨਾਨਕ ਕਹੈ ਸਿਆਣੀਐ ਇਵ ਕੰਤ ਮਿਲਾਵਾ ਹੋਇ ॥ ੨ ॥**[੧੩੮]-ਵਾਰ-੩

੧੪- **ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥ ੨ ॥**
**ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥ ੩ ॥**[੩੮੬]-੧੧-੬੨

ਇਕ ਮਰਯਾਦਾ ਇਹ ਵੀ ਹੈ ਕਿ ਜੇ ਕਿਸੇ ਕਾਮਨਾਂ ਤੋਂ ਰਹਿਤ ਹੋ ਕੇ, ਭਾਵ ਨਿਸ਼ਕਾਮ ਸੇਵਾ ਕੀਤੀ ਜਾਵੇ ਤਾਂ ਸੁਆਮੀ ਦੀ ਪ੍ਰਾਪਤੀ ਹੋ ਜਾਂਦੀ ਹੈ--**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**(ਸੁਖਮਨੀ-੨੮੭) ਕਾਮਨਾਂ ਤੋਂ ਰਹਿਤ ਹੋਣ ਦੀ ਮਰਯਾਦਾ ਵੀ ਗੁਰੂ ਗ੍ਰੰਥ ਸਾਹਿਬ ਕੋਲੋਂ ਹੀ ਸਿੱਖਣੀ ਹੈ। ਮਰਯਾਦਾ, ਹੀ ਹੁਕਮ ਹੈ। ਹੁਕਮ ਵਿਚ ਰਹਿਣ ਦੀ ਮਰਯਾਦਾ ਬਣਾ ਲੈਣੀ ਹੀ ਸੱਚੀ ਗੁਰਸਿੱਖੀ ਹੈ । ਮਰਯਾਦਾ ਰੂਪੀ ਹੁਕਮ ਦੀ ਪਛਾਣ ਖਸਮ ਦਾ ਮੇਲ ਹੈ--**ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥**[੯੨]-੧ ਮਰਯਾਦਾ-ਰੂਪ ਹੁਕਮ ਦੀ ਮਹਤੱਤਾ ਸਮਝਣ ਲਈ ਕੁਝ ਹੋਰ ਗੁਰਬਾਣੀ ਫ਼ੁਰਮਾਨ ਇਸ ਪ੍ਰਕਾਰ ਹਨ :-

੧੫- **ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ॥**
**ਤਜਿ ਕਾਮੁ ਕਾਮਿਨੀ ਮੋਹੁ ਤਜੈ, ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥**
**ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ, ਤਜਿ ਪਿਆਸ ਆਸ ਰਾਮ ਲਿਵ ਲਾਵੈ ॥**

**ਨਾਨਕ ਸਾਚਾ ਮਨਿ ਵਸੈ , ਸਾਚ ਸਬਦਿ ਹਰਿ ਨਾਮਿ ਸਮਾਵੈ ॥ ੨ ॥**[੧੪੧]-ਵਾਰ-੮

**ਅਰਥ:--(**ਜੇ ਮਨੁੱਖ) ਕਾਮ ਗੁੱਸਾ ਝੂਠ ਨਿੰਦਿਆ ਛੱਡ ਦੇਵੇ, ਜੇ ਮਾਇਆ ਦਾ ਲਾਲਚ ਛੱਡ ਕੇ ਹੰਕਾਰ ਵੀ ਦੂਰ ਕਰ ਲਵੇ, ਜੇ ਵਿਸ਼ੇ ਦੀ ਵਾਸ਼ਨਾ ਛੱਡ ਕੇ ਇਸਤ੍ਰੀ ਦਾ ਮੋਹ ਤਿਆਗ ਦੇਵੇ, ਤਾਂ ਮਨੁੱਖ (ਜੀਵਨ-ਜੁਗਤ ਸੁਆਰ ਲੈਣ ਵਾਲੀ ਇਹ ਸਾਰੀ ਮਰਯਾਦਾ ਹੀ ਹੈ । ਇਸ ਵਿਚ ਬ੍ਰਹਮ-ਵਿਚਾਰ ਵਾਲੀ ਉਚੇਚੀ ਗੱਲ ਕਿਹੜੀ ਹੈ ? ਪਰ ਇਹ ਮਰਯਾਦਾ ਬ੍ਰਹਮ ਵਿਚਾਰ ਨਾਲ ਜੋੜਨ ਵਾਲੀ ਉੱਤਮ ਜੁਗਤੀ ਹੈ, ਜਿਸ ਨਾਲ) ਮਾਇਆ ਦੀ ਕਾਲਖ ਵਿਚ ਰਹਿੰਦਾ ਹੋਇਆ ਹੀ ਮਾਇਆ ਦੀ ਕਾਲਖ-ਰਹਿਤ ਪ੍ਰਭੂ ਨੂੰ ਲੱਭ ਲੈਂਦਾ ਹੈ । (ਸਿਰਫ਼ ਮਰਯਾਦਾ ਨੇ ਹੀ ਪ੍ਰਭੂ ਨਾਲ ਮਿਲਾਪ ਕਰਾ ਦਿੱਤਾ । ਇਸ ਤੋਂ ਅੱਗੇ ਫਿਰ ਜੀਵਨ ਨੂੰ ਮਰਯਾਦਾ ਵਿਚ ਢਾਲ ਲੈਣ ਦਾ ਹੀ ਜ਼ਿਕਰ ਹੈ । ਕਿਸੇ ਜਪ-ਤਪ ਦਾ ਜ਼ਿਕਰ ਕਿਤੇ ਨਹੀਂ ਹੈ ) । ਜੇ ਮਨੁੱਖ ਹੰਕਾਰ ਦੂਰ ਕਰਕੇ ਆਪਣੇ ਪੁੱਤ੍ਰ ਅਤੇ ਵਹੁਟੀ ਦਾ ਉਚੇਚਾ ਮੋਹ (ਜਿਸ ਦੇ ਅਧੀਨ ਹੋਇਆ ਮਨੁੱਖ ਆਪਣੇ ਪ੍ਰਵਾਰ ਲਈ ਪਾਪ ਕਰਨ ਨੂੰ ਵੀ ਤਿਆਰ ਹੋ ਜਾਂਦਾ ਹੈ) ਤਿਆਗ ਦੇਵੇ, ਜੇ ਦੁਨੀਆਂ ਦਿਆਂ ਪਦਾਰਥਾਂ ਦੀਆਂ ਆਸਾਂ ਤੇ ਤ੍ਰਿਸ਼ਨਾਂ ਛੱਡ ਕੇ ਪਰਮਾਤਮਾਂ ਨਾਲ ਸੁਰਤ ਜੋੜ ਲਏ, ਤਾਂ, ਹੇ ਨਾਨਕ ! ਪਰਮਾਤਮਾ ਉਸ ਦੇ ਮਨ ਵਿਚ ਆ ਵੱਸਦਾ ਹੈ । ਗੁਰੂ ਦੀ ਸਿਖਿਆ ਤੇ ਤੁਰਨ ਨਾਲ ਪਰਮਾਤਮਾ ਵਿਚ ਲੀਨਤਾ ਪ੍ਰਾਪਤ ਹੁੰਦੀ ਹੈ । **ਪਰ ਧਨ ਪਰ ਦਾਰਾ ਪਰਹਰੀ ॥ ਤਾ ਕੇ ਨਿਕਟਿ ਬਸੈ ਨਰਹਰੀ ॥** (੧੧੬੩) ਪਰ ਧਨ ਅਤੇ ਪਰਾਈ ਇਸਤ੍ਰੀ ਦਾ ਦਿਲੋਂ ਤਿਆਗ ਕਰ ਦੇਣ ਵਾਲਾ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਹੀ ਵੱਸਦਾ ਹੈ । ਅਜੇਹੇ ਬੇਅੰਤ ਸ਼ਬਦ ਹਨ ਜਿਨ੍ਹਾਂ ਵਿਚ ਪ੍ਰਭੂ ਦੀ ਪਰਾਪਤੀ ਵਾਸਤੇ ਮਰਯਾਦਾ ਦੀ ਰਹਿਣੀ ਦੱਸੀ ਹੈ । ਹੋਰ ਕਿਸੇ ਜਪ ਤਪ ਪੁੰਨ ਦਾਨ ਆਦਿ ਕਰਨ ਦਾ ਕੋਈ ਜ਼ਿਕਰ ਨਹੀਂ ਹੈ । ਗੁਰੂ ਦੀ ਮਰਯਾਦਾ ਦਾ ਇੱਕ ਰੂਪ ਇਹ ਵੀ ਹੈ-- **ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਾਹੀ ਭਾਈ ਮੀਤ ॥ ੩ ॥ (੩੮੬)** ਅਰਥਾਤ--ਹੇ ਵੀਰ ! ਹੇ ਮਿੱਤਰ ! ਕਦੇ ਕਿਸੇ ਦਾ ਬੁਰਾ ਨਾ ਚਿਤਵਿਆ ਕਰੋ, (ਕਦੇ ਮਨ ਵਿਚ ਇਹ ਇੱਛਾ ਪੈਦਾ ਨਾ ਹੋਣ ਦਿਓ ਕਿ ਕਿਸੇ ਦਾ ਨੁਕਸਾਨ ਹੋਵੇ । ਅਜੇਹੀ ਜੀਵਨ-ਮਰਯਾਦਾ ਬਣਾ ਲੈਣ ਦਾ ਸਿੱਟਾ ਇਹ ਹੋਵੇਗਾ ਕਿ) ਤੁਹਾਨੂੰ ਵੀ ਕਦੇ ਕੋਈ ਦੁੱਖ ਨਹੀਂ ਪੋਹ ਸਕੇਗਾ ।

ਏਸੇ ਤਰ੍ਹਾਂ ਨਿਮਰਤਾ ਦੀ ਮਰਯਾਦਾ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੇ ਹੋਏ ਸਤਿਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ:-

੧੬- **ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ, ਜਾਹਿ ਨਿਰਾਸੇ ਕਿਤੁ ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ ੧ ॥**]੪੭੦]-ਵਾਰ-੧੪

**ਅਰਥ:**--ਸਿੰਮਲ ਦਾ ਰੁੱਖ ਕਿਡਾ ਸਿਧਾ, ਲੰਮਾ ਤੇ ਮੋਟਾ ਹੁੰਦਾ ਹੈ । (ਪਰ) ਉਹ ਪੰਛੀ ਜੋ (ਫਲ ਖਾਣ ਦੀ) ਆਸ ਰੱਖ ਕੇ (ਇਸ ਉਤੇ) ਆ ਬੈਠਦੇ ਹਨ ਉਹ ਨਿਰਾਸ ਹੋ ਕੇ ਕਿਉਂ ਜਾਂਦੇ ਹਨ ? ਇਸ ਦਾ ਕਾਰਨ ਇਹ ਹੈ ਕਿ ਰੁੱਖ ਭਾਵੇਂ ਏਡਾ ਉੱਚਾ ਲੰਮਾ ਅਤੇ ਮੋਟਾ ਹੈ, ਪਰ ਇਸ ਦੇ ਫਲ ਫਿੱਕੇ ਹੁੰਦੇ ਹਨ ਅਤੇ ਫੁੱਲ ਬੇਸੁਆਦੇ ਹਨ, ਇਸਦੇ ਪੱਤਰ ਵੀ ਕਿਸੇ ਕੰਮ ਨਹੀਂ ਆਉਂਦੇ । ਹੇ ਨਾਨਕ ! ਨੀਵੇਂ ਰਹਿਣ ਵਿਚ ਮਿਠਾਸ ਹੈ, ਗੁਣ ਹਨ, ਨੀਵਾਂ ਰਹਿਣਾ ਸਾਰੇ ਗੁਣਾ ਦਾ ਸਾਰ ਹੈ, ਭਾਵ, ਸਭ ਤੋਂ ਚੰਗਾ ਹੈ । ਭਾਵੇ ਆਮ ਤੌਰ ਤੇ ਜਗਤ ਵਿਚ) ਹਰੇਕ ਜੀਵ ਆਪਣੇ ਸੁਆਰਥ ਲਈ ਲਿਫ਼ਦਾ ਹੈ, ਕਿਸੇ ਦੂਜੇ ਦੀ ਖ਼ਾਤਰ ਕੋਈ ਨਹੀਂ ਝੁਕਦਾ, (ਇਹ ਵੀ ਵੇਖ ਲਵੋ ਕਿ) ਤੱਕੜੀ ਉਤੇ ਧਰ ਕੇ ਤੋਲਿਆ ਜਾਏ (ਭਾਵ, ਜੇ ਚੰਗੀ ਤਰ੍ਹਾਂ ਪਰਖ ਕੀਤੀ ਜਾਏ ਤਾਂ ਵੀ) ਨੀਵਾਂ ਪੱਲੜਾ ਹੀ ਭਾਰਾ ਹੁੰਦਾ ਹੈ, ਭਾਵ ਜੋ ਲਿਫ਼ਦਾ ਹੈ ਉਹੀ ਵੱਡਾ ਗਿਣੀਦਾ ਹੈ) । (ਪਰ ਨਿਊਣ ਦਾ ਭਾਵ ਮਨੋ ਨਿਉਣਾ ਹੈ, ਨਿਰਾ ਸਰੀਰ ਨਿਵਾਉਂਣ ਨੂੰ ਝੁਕਣਾ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਜੇ ਸਰੀਰ ਕਰਕੇ ਨਿਉਣ ਨੂੰ ਨੀਵਾਂ ਹੋਣਾ ਆਖੀਦਾ ਹੋਵੇ ਤਾਂ) ਸ਼ਿਕਾਰੀ ਜੋ ਮਿਰਗ ਮਾਰਦਾ ਫਿਰਦਾ ਹੈ, ਲਿਫ਼ ਕੇ ( ਕਈ ਵਾਰੀ ਧਰਤੀ ਤੇ ਅਸਟਾਂਗ ) ਲੰਮਾ ਹੀ ਪੈ ਜਾਂਦਾ ਹੈ । ਸੋ ਜੇ ਨਿਰਾ ਸਿਰ ਨਿਵਾ ਦਿੱਤਾ ਜਾਏ ਤੇ ਅੰਦਰੋਂ ਜੀਵ ਖੋਟੇ ਹੀ ਰਹਿਣ ਤਾਂ ਇਸ ਨਿਉਣ ਦਾ ਕੋਈ ਲਾਭ ਨਹੀਂ ਹੋ ਸਕਦਾ ਹੈ । ੧ ।

ਗੁਰੂ ਦੇ ਹਜ਼ੂਰ ਮਾਇਕ ਪਦਾਰਥਾਂ ਦੀ ਮੰਗ ਨਾਲ ਭਰੇ ਮਨ ਨਾਲ ਡੰਡੌਤਾਂ ਕਰਨੀਆਂ ਸ਼ਿਕਾਰੀ ਵਾਲਾ ਨਿਉਂਣਾ ਹੀ ਹੈ । ਗੁਰੂ ਦੇ ਇਸ ਉਪਦੇਸ਼ ਨੂੰ ਵੀ ਬੁੱਝਣਾ ਹੈ ਕਿ ਕਦੇ ਵੀ ਕਿਸੇ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ। ਜੀਵਨ ਦੀ ਇੱਕ ਇਹ ਮਰਯਾਦਾ ਵੀ ਸਮਝਾਈ ਹੈ ਕਿ ਕਿਸੇ ਮੂਰਖ ਨਾਲ ਕਦੇ ਨਹੀਂ ਝਗੜਨਾ ਚਾਹੀਦਾ :--

੧੭- **ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥ ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥ ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥ ੧੯ ॥ [੪੭੩]**

**ਅਰਥ:**--ਜਗਤ ਵਿਚ ਹਰੇਕ ਜੀਵ ਨੂੰ ਮਮਤਾ ਲੱਗੀ ਹੋਈ ਹੈ, ਜਿਸ ਨੂੰ ਮਮਤਾ ਨਹੀਂ ਉਹ ਚੁਣ ਕੇ ਵੱਖਰਾ ਕਰ ਵਿਖਾਓ, ਭਾਵ ਕੋਈ ਵਿਰਲਾ ਹੈ ਜਿਸ ਨੂੰ ਮਮਤਾ ਨਹੀਂ ਹੈ । ਆਪੋ ਆਪਣੇ ਕਰਮਾ ਦਾ ਲੇਖਾ ਆਪ ਹੀ ਭਰਨਾ ਪੈਂਦਾ ਹੈ । ਜਦੋਂ ਇਸ ਜਗਤ ਵਿਚ ਸਦਾ ਰਹਿਣਾ ਹੀ ਨਹੀਂ ਹੈ, ਤਾਂ ਕਿਉਂ ਹੰਕਾਰ ਵਿਚ ਪੈ ਕੇ ਖਪੀਏ ? ਕੇਵਲ ਇਹ ਅਖੱਰ (ਭਾਵ ਉਪਦੇਸ਼) ਪੜ੍ਹ ਕੇ ਸਮਝ ਲਈਏ ਕਿ ਕਿਸੇ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ ਅਤੇ ਮੂਰਖ ਨਾਲ ਝਗੜਨਾ ਨਹੀਂ ਚਾਹੀਦਾ । ੧੯ ।

ਕੀ ਇਹ ਸਭ ਕੁਝ ਬੜੀ ਉੱਚੀ ਜੀਵਨ ਮਰਯਾਦਾ ਸਿਖਾਉਣ ਵਾਲਾ ਪਾਵਨ ਗੁਰ-ਉਪਦੇਸ਼ ਨਹੀਂ ਹੈ ਜੀ ?

੧੮- **ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢ ਪਾਏ ਲੋਹਾਰੁ ॥ ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀ ਗੰਢੁ ਪਵੈ ਸੰਸਾਰਿ ॥ ਰਾਜਾ ਮੰਗੈ ਦਿਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ ਜਾ ਖਾਇ ॥ ਕਾਲਾ ਗੰਢੁ ਨਦੀਆ ਮੀਹ ਝੋਲ ॥ ਗੰਢੁ ਪਰੀਤੀ ਮਿਠੇ ਬੋਲ ॥ ਬੇਦਾ ਗੰਢੁ ਬੋਲੇ ਸਚੁ ਕੋਇ ॥ ਮੁਇਆ ਗੰਢੁ ਨੇਕੀ ਸਤੁ ਹੋਇ ॥ ਏਤੁ ਗੰਢਿ ਵਰਤੈ ਸੰਸਾਰੁ ॥ ਮੂਰਖ ਗੰਢੁ ਪਵੈ ਮੁਹਿ ਮਾਰ ॥ ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ ॥ ੨ ॥**[੧੪੩]-ਵਾਰ-੧੨

**ਅਰਥ:**--ਜੇ ਕੈਹਾਂ, ਸੋਨਾ ਜਾਂ ਲੋਹਾ ਟੁੱਟ ਜਾਏ, ਅੱਗ ਦੀ ਸਹਾਇਤਾ ਨਾਲ ਲੋਹਾਰ ਆਦਿਕ ਗਾਂਢਾ ਲਾ ਦੇਂਦਾ ਹੈ । ਜੇ ਵਹੁਟੀ ਨਾਲੋਂ ਖਸਮ ਟੁੱਟ ਜਾਏ (ਭਾਵ ਨਰਾਜ਼ ਹੋ ਜਾਏ) ਤਾਂ ਜਗਤ ਵਿਚ ਇਨ੍ਹਾਂ ਦਾ ਜੋੜ ਪੁੱਤ੍ਰਾਂ ਰਾਹੀਂ ਬਣਦਾ ਹੈ । ਰਾਜਾ (ਪਰਜਾ ਪਾਸੋਂ ਮਾਮਲਾ) ਮੰਗਦਾ ਹੈ (ਨਾ ਦਿੱਤਾ ਜਾਏ ਤਾਂ ਰਾਜਾ ਦੀ ਪਰਜਾ ਨਾਲ ਵਿਗੜਦੀ ਹੈ, ਮਾਮਲਾ) ਦਿੱਤਿਆਂ ਰਾਜਾ ਪਰਜਾ ਦਾ ਮੇਲ ਹੋ ਜਾਂਦਾ ਹੈ । ਭੁੱਖ ਨਾਲ ਆਤੁਰ ਹੋਏ ਬੰਦੇ ਦਾ (ਆਪਣੇ ਸਰੀਰ ਨਾਲ ਤਾਂ ਹੀ) ਸੰਬੰਧ ਬਣਿਆ ਰਹਿੰਦਾ ਹੈ ਜੇ ਉਹ (ਰੋਟੀ) ਖਾਏ । ਕਾਲਾਂ ਨੂੰ ਗੰਢ ਪੈਂਦੀ ਹੈ (ਭਾਵ, ਕਾਲ ਮੁੱਕ ਜਾਂਦੇ ਹਨ) ਜੇ ਬਹੁਤੇ ਮੀਂਹ ਪੈ ਕੇ ਨਦੀਆਂ ਚੱਲ ਪੈਣ । ਮਿਠੇ ਬਚਨਾਂ ਨਾਲ ਪਿਆਰ ਦੀ ਗੰਢ ਪੈਂਦੀ ਹੈ (ਭਾਵ, ਪਿਆਰ ਪੱਕਾ ਹੁੰਦਾ ਹੈ । ਵੇਦ (ਆਦਿਕ ਧਰਮ ਪੁਸਤਕਾਂ) ਨਾਲ (ਮਨੁੱਖ ਦਾ ਤਦੋਂ) ਜੋੜ ਜੁੜਦਾ ਹੈ ਜੇ ਮਨੁੱਖ ਸਚ ਬੋਲੇ (ਭਾਵ, ਧਰਮ ਪੁਸਤਕਾਂ ਦੀ ਸਿਖਿਆ ਅਨੁਸਾਰ ਚੱਲੇ । ਏਸੇ ਤਰ੍ਹਾਂ ਸਿਖ ਦਾ ਗੰਢ ਗੁਰੂ ਗ੍ਰੰਥ ਸਾਹਿਬ ਨਾਲ ਤਦੇ ਹੀ ਹੈ ਜੇ ਗੁਰੂ ਦੀ ਦੱਸੀ ਸਿਖਿਆ ਤੇ ਚੱਲੇ) । ਮੁਏ ਬੰਦੇ ਦਾ (ਜਗਤ ਨਾਲ) ਸੰਬੰਧ ਬਣਿਆ ਰਹਿੰਦਾ ਹੈ (ਭਾਵ, ਪਿਛੋਂ ਲੋਕ ਯਾਦ ਕਰਦੇ ਹਨ) ਜੇ ਮਨੁੱਖ ਭਲਾਈ ਤੇ (ਲੋੜਵੰਦਾਂ ਦੀ ਸਹਾਇਤਾ ਰੂਪੀ) ਦਾਨ ਕਰਦਾ ਰਹੇ (ਅਥਵਾ ਗਿਆਨ ਵੰਡਦਾ ਰਹੇ) । ਸੋ ਇਸ ਤਰ੍ਹਾਂ ਦੇ ਸੰਬੰਧ ਨਾਲ ਜਗਤ (ਦਾ ਵਿਹਾਰ) ਚੱਲਦਾ ਹੈ । ਮੂੰਹ ਤੇ ਮਾਰ ਪਿਆਂ ਮੂਰਖ (ਦੇ ਮੂਰਖ-ਪੁਣੇ) ਨੂੰ ਰੋਕ ਪੈਂਦੀ ਹੈ । ਨਾਨਕ ਇਹ ਵਿਚਾਰ (ਦੀ ਗੱਲ) ਦੱਸਦਾ ਹੈ, ਕਿ (ਪਰਮਾਤਮਾ ਦੀ) ਸਿਫ਼ਤ-ਸਾਲਾਹ ਦੀ ਰਾਹੀਂ (ਪ੍ਰਭੂ ਦੇ ਦਰਬਾਰ ਵਿਚ (ਆਦਰ-ਪਿਆਰ ਦਾ) ਜੋੜ ਜੁੜਦਾ ਹੈ । ੨ ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰੀ ਜੀਵਨ ਵਿਚੋ ਉਦਾਹਰਣਾ ਦੇ ਕੇ ਜ਼ਿੰਦਗੀ ਦੀ ਜੁਗਤ ਨੂੰ ਸੁਆਰ ਕੇ ਲੋਕ ਅਤੇ ਪਰਲੋਕ ਦੋਵੇਂ ਸੁਹੇਲੇ ਕਰ ਸਕਣ ਦਾ ਬਹੁਮੁੱਲਾ ਗਿਆਨ ਬਖ਼ਸ਼ਸ਼ ਕੀਤਾ ਹੈ । ਏਸੇ ਤਰ੍ਹਾਂ ਹੀ ਅਗਲੇ ਸ਼ਬਦ ਵਿਚ ਵੀ ਗੁਰਦੇਵ ਜੀ ਨੇ ਜੀਵਨ ਜੁਗਤ ਸੁਆਰਨ ਲਈ ਅਨਮੋਲ ਉਪਦੇਸ਼ ਦਿੱਤਾ ਹੈ :-

੧੯- **ਚੋਰ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥ ੧ ॥ ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥ ੧ ॥ ਰਹਾਉ ॥ ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ, ਖੋਟਾ ਹੋਇ ਜਾਇ ॥ ੨ ॥ ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥ ੩ ॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ , ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥ ੪ ॥**[੬੬੨]-੪-੬

**ਅਰਥ:**--ਜੇ ਕੋਈ ਚੋਰ (ਉਸ ਹਾਕਮ ਦੀ ਜਿਸ ਦੇ ਸਾਹਮਣੇ ਉਸ ਦਾ ਮੁਕਦਮਾ ਪੇਸ਼ ਹੈ) ਖ਼ੁਸ਼ਾਮਦ ਕਰੇ ਤਾਂ ਉਸ ਨੂੰ ਇਹ ਯਕੀਨ ਨਹੀਂ ਬਣ ਸਕਦਾ (ਕਿ ਇਹ ਸੱਚਾ ਹੈ), ਜੇ ਉਹ ਚੋਰ (ਹਾਕਮ ਦੀ) ਬਦ-ਖੋਈ ਕਰੇ ਤਾਂ ਵੀ ਉਹ ਰਤਾ ਭਰ ਨਹੀਂ ਘਾਬਰਦਾ । ਕੋਈ ਵੀ ਮਨੁੱਖ ਕਿਸੇ ਚੋਰ ਦੇ ਚੰਗੇ ਹੋਣ ਦੀ ਗਵਾਹੀ ਨਹੀਂ ਦੇ ਸਕਦਾ । ਜੇਹੜਾ ਮਨੁੱਖ (ਲੋਕਾਂ ਦੀਆਂ ਨਜ਼ਰਾਂ ਵਿਚ) ਚੋਰ ਮੰਨਿਆ ਗਿਆ, ਉਹ (ਖ਼ੁਸ਼ਾਮਦਾਂ ਜਾਂ ਬਦ-ਖੋਈਆਂ ਨਾਲ ਹੋਰਨਾਂ ਦੇ ਸਾਹਮਣੇ) ਚੰਗਾ ਨਹੀਂ ਬਣ ਸਕਦਾ **। ੧ ।** ਹੇ ਅੰਨ੍ਹੇ ਲਾਲਚੀ ਤੇ ਝੂਠੇ ਮਨ ! (ਧਿਆਨ ਨਾਲ) ਸੁਣ ! ਸੱਚਾ ਮਨੁੱਖ ਬਿਨਾ ਬੋਲਿਆਂ ਹੀ ਪਛਾਣਿਆ ਜਾਂਦਾ ਹੈ **। ੧ । ਰਹਾਉ ।**

ਚੋਰ ਪਿਆ ਸੋਹਣਾ ਬਣੇ, ਚਾਤਰ ਬਣੇ (ਪਰ ਆਖ਼ਰ ਉਹ ਚੋਰ ਹੀ ਹੈ ਉਸ ਦੀ ਕਦਰ ਕੀਮਤ ਨਹੀਂ ਪੈਂਦੀ, ਜਿਵੇਂ) ਖੋਟੇ ਰੁਪਏ ਦਾ ਮੁੱਲ ਦੋ ਗੰਢੇ--(ਅੱਠ) ਕੌਡਾਂ ਹੀ ਹੈ । ਜੇ ਖੋਟੇ ਰੁਪਏ ਨੂੰ (ਖਰਿਆਂ ਵਿਚ ਰੱਖ ਦੇਈਏ, ਜਾਂ ਰਲਾ ਦੇਈਏ, ਤਾਂ ਵੀ ਜਦੋਂ ਉਸ ਦੀ ਪਰਖ ਹੁੰਦੀ ਹੈ ਤਦੋਂ ਉਹ ਖੋਟਾ ਹੀ ਕਿਹਾ ਜਾਂਦਾ ਹੈ **। ੨ ।** ਭਾਵ, ਚੰਗੀ ਜੀਵਨ ਮਰਯਾਦਾ ਦਾ ਧਾਰਨੀ ਹੋ ਕੇ, ਚੋਰੀ ਕਰਨ ਵਾਲੀ ਆਪਣੀ ਆਦਤ ਛੱਡ ਦੇਣ ਤੋਂ ਬਿਨਾਂ, ਜੇ ਕੋਈ ਚੋਰ ਕਿਸੇ ਚਤੁਰਾਈ ਨਾਲ ਆਪਣੇ ਆਪ ਨੂੰ ਚੰਗਾ ਵੀ ਸਿੱਧ ਕਰ ਦਵੇ, ਫਿਰ ਵੀ ਉਸ ਦੀ ਅਸਲੀਅਤ ਨੰਗੀ ਜ਼ਰੂਰ ਹੋ ਜਾਂਦੀ ਹੈ ।

ਮਨੁੱਖ ਜੈਸੇ ਕੰਮ ਕਰਦਾ ਹੈ ਵੈਸਾ ਹੀ ਉਸ ਦਾ ਫਲ ਪਾਉਂਦਾ ਹੈ । ਹਰ ਕੋਈ ਆਪ (ਕਰਮਾਂ ਦੇ ਬੀਜ) ਬੀਜ ਕੇ ਆਪ ਹੀ ਫਲ ਖਾਂਦਾ । ਜੇ ਕੋਈ ਮਨੁੱਖ (ਹੋਵੇ ਤਾਂ ਖੋਟਾ) ਪਰ ਆਪਣੀਆਂ ਵਡਿਆਈਆਂ ਦੀਆਂ ਕਸਮਾਂ ਚੁੱਕੀ ਜਾਏ (ਉਸ ਦਾ ਇਤਬਾਰ ਨਹੀਂ ਬਨ ਸਕਦਾ, ਕਿਉਂਕਿ) ਮਨੁੱਖ ਦੀ ਜਿਹੋ ਜਿਹੀ ਮਨੋ-ਵਾਸਨਾ ਹੈ ਉਹੋ ਜਿਹੇ ਰਸਤੇ ਉਤੇ ਹੀ ਤੁਰਦਾ ਹੈ **। ੩ ।** (ਆਪਣਾ ਇਤਬਾਰ ਜਮਾ ਲੈਣ ਲਈ ਚਲਾਕ ਬਣ ਕੇ) ਭਾਵੇਂ ਸਾਰੇ ਸੰਸਾਰ ਨੂੰ ਝੂਠੀਆਂ ਗੱਲਾਂ ਤੇ ਗੱਪਾਂ ਆਖੀ ਜਾਏ (ਪਰ, ਹੇ ਪ੍ਰਭੂ ! ਕੋਈ ਮਨੁੱਖ ਤੈਨੂੰ ਧੋਖਾ ਨਹੀਂ ਦੇ ਸਕਦਾ) । (ਹੇ ਪ੍ਰਭੂ ! ਜੇ ਦਿਲ ਦਾ ਖਰਾ ਹੋਵੇ ਤਾਂ) ਇਕ ਸਿੱਧੜ ਮਨੁੱਖ ਵੀ ਤੈਨੂੰ ਪਸੰਦ ਆ ਜਾਂਦਾ ਹੈ, ਤੇਰੇ ਦਰ ਤੇ ਕਬੂਲ ਹੋ ਜਾਂਦਾ ਹੈ (ਅੱਲੜ੍ਹ ਮਨ ਦੀ ਸਫ਼ਾਈ ਦੀ ਹੈ) । ਹੇ ਨਾਨਕ ! ਘਟ ਘਟ ਦੀ ਜਾਨਣ ਵਾਲਾ ਸੁਜਾਨ ਪ੍ਰਭੂ (ਸਭ ਕੁਝ) ਜਾਣਦਾ ਹੈ । ੪ ।

ਗੁਰੂ ਦੇ ਹੁਕਮ ਰੂਪੀ ਮਰਯਾਦਾ ਮਨੁੱਖ ਨੂੰ ਬਿੱਪ੍ਰਨ ਕੀ ਰੀਤ ਤੋਂ ਦੂਰ ਰੱਖ ਕੇ ਨਿਆਰੇ ਆਚਰਨ ਵਾਲਾ ਬਣਾਉਂਦੀ ਹੈ । ਜਗਤ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼, ਅਕਾਲ ਪੁਰਖ ਦੇ ਹੁਕਮ ਦੀ ਅਥਵਾ ਰੱਬੀ ਮਰਯਾਦਾ ਦੀ ਸੋਝੀ ਕਰਾ ਕੇ ਮਨੁੱਖ ਨੂੰ ਪ੍ਰਭੂ ਦੇ ਹੁਕਮ ਵਿਚ ਵਿਚਰਨ ਦੀ ਮਰਯਾਦਾ ਦ੍ਰਿੜ ਕਰਾਉਂਦਾ ਹੈ । ਮਨੁੱਖਤਾ ਦੇ ਸੱਚੇ ਹਮਦਰਦ ਅਤੇ ਨਿਸ਼ਕਾਮ ਗੁਰ-ਪਰਮੇਸ਼ਰ ਦੀ ਦੱਸੀ ਮਰਯਾਦਾ, ਮਨੁੱਖ ਨੂੰ ਉੱਚੀ ਆਤਮਕ ਅਵਸਥਾ ਵਾਲਾ ਅਨੁਭਵੀ ਸੰਤ--ਸੂਰਮਾਂ ਬਣਾਉਂਦੀ ਹੈ। ਸੁਆਰਥੀ ਅਤੇ ਲੰਪਟੀ ਬ੍ਰਾਹਮਣ-ਗੁਰੂ ਦੀ ਬਣਾਈ ਹੋਈ ਕਰਮਕਾਂਡੀ ਮਰਯਾਦਾ, ਮਨੁੱਖ ਨੂੰ ਮਾਇਆ ਜਾਲ ਵਿਚ ਫ਼ਸਾ ਕੇ ਸੁਚ-ਆਚਾਰ ਤੋਂ ਸੱਖਣਾ ਕਰਦੀ ਹੈ ਅਤੇ ਪ੍ਰਭੂ ਦੀ ਸੱਚੀ ਭਗਤੀ ਤੋਂ ਦੂਰ ਕਰਦੀ ਹੈ। ਗੁਰੂ ਦੀ ਦੱਸੀ ਮਰਯਾਦਾ ਨੂੰ ਸਮਝ ਕੇ ਸਿਰਫ਼ ਉਸੇ ਦਾ ਧਾਰਨੀ ਬਣਨਾ ਹੀ ਸਿੱਖ ਦਾ ਕੇਵਲ ਮਾਤ੍ਰ ਧਰਮ ਹੈ । ਏਸੇ ਵਿਚ ਸਿੱਖੀ ਦੀ ਆਨ-ਸ਼ਾਨ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਖ਼ੁਸ਼ੀਆਂ ਸ਼ਾਮਲ ਹਨ।

੨੦- **ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ੪ ॥
ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲਿਓ ਕਪਾਟੁ ਤਾ ਮਨੁ ਠਹਿਰਾਈ ॥ ੧ ॥**[੭੩੭]

## ੬

# ਸਿੱਖ ਰਹਿਤ ਮ੍ਰਯਾਦਾ ਤੋਂ ਵੀ ਬਿੱਪ੍ਰਨ ਕੀ ਰੀਤ ਨਾਲ ਜੁੜੇ ਰਹਿਣ ਦਾ ਰਾਹ ?

[**ਨੋਟ:**--ਦਾਸ ਨੇ ੨੦ ਫਰਵਰੀ ਨੂੰ ੧੯੯੬ ਨੂੰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪ੍ਰਧਾਨ ਅੰਮ੍ਰਿਤਸਰ ਸਾਹਿਬ ਜਥੇਦਾਰ ਗੁਰਚਰਨ ਸਿੰਘ ਜੀ ਟੋਹੜਾ ਦੀ ਸੇਵਾ ਵਿਚ, ਉਪ੍ਰੰਤ ਉਨ੍ਹਾਂ ਦੇ ਸਕੱਤਰ ਭਾਈ ਸੁਰਜੀਤ ਸਿੰਘ ਦੀ ਸੇਵਾ ਵਿਚ ਮਿਤੀ ੩੦ ਮਈ ੧੯੯੭ ਵਿਚ ਅਤੇ ਫਿਰ ੨੧ ਜੁਲਾਈ ੧੯੯੭ ਨੂੰ ਪ੍ਰਧਾਨ S.G.P.C. ਅੰਮ੍ਰਿਤਸਰ ਦੀ ਸੇਵਾ ਵਿਚ, ਅਤੇ ਫਿਰ ਮਿਤੀ ੨੦ ਅਕਤੂਬਰ ੧੯੯੭ ਵਿਚ ਰਹਿਤ ਮਰਯਾਦਾ ਵਿਚ ਸੋਧ ਕਰਨ ਦੇ ਸੁਝਾ ਲਿਖ ਭੇਜੇ । ਹਰ ਵਾਰੀ ਇਹ ਜੋਦੜੀ ਕਰਦਾ ਆ ਰਿਹਾ ਹਾਂ ਕਿ ਜੇ ਦਾਸ ਦੀ ਸੋਚਣੀ ਗੁਰਮਤਿ ਦੇ ਅਨਕੂਲ ਨਹੀਂ ਤਾਂ ਠੀਕ ਗੁਰਮਤਿ ਸੋਧ ਦੀ ਬਖ਼ਸ਼ਸ਼ ਕੀਤੀ ਜਾਵੇ। ਇਹ ਵੀ ਸਪੱਸ਼ਟ ਲਿਖਦਾ ਆ ਰਿਹਾ ਹਾਂ ਕਿ ਜੇ ਆਪ ਜੀ ਵਲੋਂ ਕੋਈ ਉਤਰ ਨਾ ਆਇਆ ਤਾਂ ਸਾਰੇ ਸੁਝਾ ਪੰਥ ਦੀ ਸੇਵਾ ਵਿਚ ਰੱਖਣ ਲਈ ਛਪਵਾ ਦਿੱਤੇ ਜਾਣੇ ਹਨ। ਪਰ ਜਿਸ ਸ਼੍ਰੋਮਣੀ ਜਥੇਦਾਰ ਜੀ ਨੇ ਭਿੰਡਰਾਂ ਵਾਲਿਆਂ ਵਲੋਂ ਛਪੀ ਗੁਰਮਤਿ ਰਹਿਤ ਮਰਯਾਦਾ ਪੁਸਤਕ ਬਾਰੇ ਕੋਈ ਇਤ੍ਰਾਜ਼ ਨਹੀਂ ਸੀ ਕੀਤਾ ਉਸ ਨੂੰ ਦਾਸ ਦੀ ਚਿੱਠੀ ਨਾਲ ਕੀ ਵਾਸਤਾ। ਸੋ, ਲਗ-ਪਗ ਉਹੀ ਸੁਝਾ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ।]

**ਸਤਿ, ਸਤਿ, ਸਤਿ-ਗੁਰੂ ਗ੍ਰੰਥ ਸਾਹਿਬ ਜੀ** ਦੀ ਪਾਵਨ ਪਵਿੱਤਰ ਛਾਵੇਂ ਸਿਰ ਨੀਵਾਂ ਰੱਖ ਕੇ, ਬਿੱਪ੍ਰਨ ਕੀ ਰੀਤ ਤੋਂ ਬਚੇ ਰਹਿਣ ਵਾਲੀ ਤੀਬਰਤਾ ਅਤੇ ਬਿਬੇਕਤਾ ਨਾਲ ਵਿਚਾਰਿਆਂ, ਪਤਾ ਲੱਗਦਾ ਹੈ ਕਿ ਸਿੱਖ ਰਹਿਤ ਮਰਯਾਦਾ ਨੂੰ ਬਾਨਾਉਂਣ ਵਾਲਿਆਂ ਵਿਚ ਵੀ ਅਜੇਹੇ

ਹੁਸ਼ਿਆਰ ਅਤੇ ਦੂਰਦ੍ਰਿਸ਼ਟ ਬ੍ਰਾਹਮਣੀ ਸੋਚ ਵਾਲੇ (ਭੇਖੀ) ਆ ਰਲੇ ਹੋਏ ਸਨ ਜਿਨ੍ਹਾਂ ਨੇ ਇਸ ਮਰਯਾਦਾ ਦੁਆਰਾ ਵੀ ਪੰਥ ਵਿਚ ਬ੍ਰਾਹਮਣੀ ਰੀਤੀ-ਰਿਵਾਜ ਨਿਰੰਤਰ ਵੜਦੇ ਰਹਿਣ ਦਾ ਰਾਹ ਬਣਵਾ ਲਿਆ ਹੋਇਆ ਹੈ। ਦਾਸ ਦੀ ਇਸ ਗੱਲ ਨੂੰ ਠੀਕ ਤਰ੍ਹਾਂ ਸਮਝਣ ਲਈ ਸੰਖੇਪ ਜਿਹੇ ਸ਼ਬਦਾਂ ਵਿਚ (ਨਿੰਮਨ) ਲਿਖੀ ਉਦਾਹਰਣ ਧਿਆਨ ਵਿਚ ਰੱਖਣ ਦੀ ਲੋੜ ਹੈ--

" ਇੱਕ ਸਾਧ ਨੇ ਆਪਣੇ ਭਗਤਾਂ ਨੂੰ ਇੱਕ ਦਿ ਚੂਹਿਆਂ ਤੋਂ ਪੈਣ ਵਾਲੀ ਪਲੇਗ ਬਿਮਾਰੀ ਨਾ ਹੁੰਦਿਆਂ ਤਬਾਹੀਆਂ ਦੀ ਕਥਾ ਸੁਣਾਈ । ਅਤੇ ਚੂਹਿਆਂ ਦੀ ਪੱਕੀ ਦੁਸ਼ਮਣ " ਬਿੱਲੀ ' ਨੂੰ ਮਾਰਨ ਦਾਵੱਡਾ ਪਾਪ ਦੱਸ ਕੇ ਸਦਾ ਉਸ ਦਾ ਸਤਿਕਾਰ ਕਰਨ ਦਾ ਹੁਕਮ ਦੇ ਸਿੱਤਾ । ਬਿੱਲੀ ਭਾਵੇਂ ਦੁੱਧ ਪੀਣ ਕੇ ਭਾਂਡੇ ਵੀ ਤੋੜ ਜਾਵੇ ਘਰ ਵਾਲੇ ਵਿੱਲੀ ਨੂੰ ਡਰਾਉਣ ਲਈ ਉਸ ਵੱਲ ਕੋਈ ਵੀ ਚੀਜ਼ ਨਹੀਂ ਸਨ ਸੁੱਟ ਸਕਦੇ। ਬਿੱਲੀਆਂ ਏਡੀਆਂ ਦਲੇਰ ਹੋ ਕਿ ਰੋਟੀ ਖਾਣੀ ਵੀ ਅਸੰਭਵ ਬਣਦੀ ਗਈ । ਲੋਕਾਂ ਨੇ ਜਦ ਬੜੀਆਂ ਸ਼ਕਾਇਤਾਂ ਕੀਤੀਆਂ ਤਾਂ ਸਾਧ ਜੀ ਨੇ ਬਿੱਲੀ ਨੂੰ ਰੂੰ ਦੇ ਗੋਲੇ ਨਾਲ ਡਰਾ ਸਕਣ ਦੀ ਖੁੱਲ ਦੇ ਦਿੱਤੀ । ਪਰ ਅਗਲੇ ਦਿੱਨ ਹੀ ਕਿਸੇ ਭਗਤ ਦੇ ਘਰ ਬਿੱਲੀ ਦੀ ਮੌਤ ਹੋ ਗਈ ਤਾਂ ਲੋਕਾਂ ਰੌਲਾ ਪਾ ਦਿੱਤਾ । ਗੱਲ ਸਾਧ-ਗੁਰੂ ਜੀ ਤੱਕ ਜਾ ਪੁੱਜੀ । ਸਾਧ ਨੇ ਉਸ ਭਗਤ ਨੂੰ ਬੁਲਾ ਕੇ ਪੁਛਿਆ ਕਿ ਉਸ ਨੇ ਬਿੱਲੀ ਨੂੰ ਕੀ ਮਾਰਿਆ ਜੋ ਉਸ ਦੀ ਮੌਤ ਹੋ ਗਈ । ਭਗਤ ਨੇ ਕਿਹਾ ਜੀ " ਬਿੱਲੀ ਤਾਂ ਰੂੰ ਲੱਗਣ ਨਾਲ ਹੀ ਮਰ ਗਈ । ਸਾਰੇ ਹੈਰਾਨ ਹੋ ਗਏ ਕਿ ਰੂੰ ਵੱਜਣ ਨਾਲ ਬਿੱਲੀ ਕਿਵੇਂ ਮਰ ਸਕਦੀ ਸੀ ? ਉਸ ਭਗਤ ਨੇ ਝੱਟ ਕਹਿ ਦਿਤਾ ਕਿ ਵੱਜਾ ਦਾ ਬਿੱਲੀ ਨੂੰ ਰੂੰ ਹੀ ਸੀ ਪਰ ਉਸ ਨੇ ਰੂੰ ਵਿਚ ਪੱਥਰ ਦੀ ਪਸੇਰੀ ਲਪੇਟ ਲਈ ਸੀ। ਸਾਧ ਨੂੰ ਆਪਣੀ ਭੁੱਲ ਦਾ ਅਨੁਭਵ ਹੋ ਗਿਆ ਕਿ ਜੇ ਉਹ ਰੂੰ ਮਾਰਨ ਦੀ ਖੁੱਲ੍ਹ ਵੀ ਨਾ ਦਿੰਦਾ ਤਾਂ ਵਿਚਾਰੀ ਬਿੱਲੀ ਦੀ ਮੌਤ ਨਾ ਹੁੰਦੀ । ਅਤੇ ਜਾਂ ਰੂੰ ਵਿਚ ਕੋਈ ਕਰੜੀ ਸ਼ੈ ਲਪੇਟ ਲੈਣ ਵਾਲੇ ਦੀਆਂ ਕਈ ਕੁਲਾਂ ਨਰਕਾਂ ਵਿਚ ਪੈ ਜਾਣ ਦਾ ਡਰ ਪਹਿਲਾਂ ਹੀ ਪਾ ਦਿੱਤਾ ਜਾਂਦਾ ।

ਪੰਥਕ ਰਹਿਤ ਮਰਯਾਦਾ ਬਣੀ ਤਾਂ ਸਿੱਖ ਨੂੰ ਬ੍ਰਾਹਮਣੀ ਰੀਤਾਂ ਤੋਂ ਖ਼ਲਾਸੀ ਦਿਵਾਉਣ ਲਈ ਹੋਵੇਗੀ, ਪਰ " ਸੰਸਕਾਰ " ਸ਼ਬਦ ਦੀ ਵਰਤੋਂ ਵਾਲੇ ਸਿਰਲੇਖਾਂ ਹੇਠ ਗੁਰਮਤਿ ਮਰਯਾਦਾ ਦਾ ਵੇਰਵਾ ਲਿਖ ਕੇ ਇਸ ਨੂੰ ਬ੍ਰਾਹਮਣੀ ਸੰਸਕਾਰ-ਸਿਖਿਆ ਦੇ ਨਿਯਮ ਦੇ ਅਧਾਰਤ ਬਣੀ ਹੋਣ ਦਾ ਭਰਮ ਬਣਾ ਦਿੱਤਾ। ਜਦ ਗੁਰੂ ਗ੍ਰੰਥ ਸਾਹਿਬ ਵਿਚ **ਸੰਸਕਾਰ** ਸ਼ਬਦ ਮਿਲਦਾ ਹੀ ਨਹੀਂ ਸੀ, ਤਾਂ ਰਹਿਤ ਮਰਯਾਦਾ ਵਿਚ ਸੰਸਕਾਰਾਂ ਦਾ ਵੇਰਵਾ ਦੇਣਾ ਬਿੱਲੀ ਨੂੰ ਰੂੰ ਮਾਰਨ ਦੀ ਖੁੱਲ੍ਹ ਦੇਣ ਦੀ ਭਿਆਨਕ ਭੁੱਲ ਸੀ। ਅਜੇਹੀ ਭੁੱਲ ਹੋ ਜਾਣੀ ਅਚੰਭੇ ਵਾਲੀ ਗੱਲ ਨਹੀਂ ਹੈ । ਆਖ਼ਰ ਰਹਿਤ ਮਰਯਾਦਾ ਵੀ ਤਾਂ ਉਸ ਖ਼ਾਲਸਾ ਜੀ ਨੇ ਬਣਾਈ ਸੀ ਜਿਸ ਨੇ ੧੮੪੯ ਵਿਚ ਰਾਜ ਭਾਗ ਖੁੱਸ ਜਾਣ ਦੇ ਸਮੇਂ ਵੀ ਆਪਣੇ ਅੰਦਰ ਝਾਤੀ ਨਹੀਂ ਸੀ ਮਾਰੀ ਕਿ ਕਿਤੇ ਅਸੀ ਆਪਣਾ ਉਹ ਨਿਆਰਾ ਪੁਣਾ ਗੁਆ ਤਾਂ ਨਹੀਂ ਬੈਠੇ ਜਿਸ ਕਾਰਨ ਸਾਨੂੰ ਤੇਜ ਪ੍ਰਤਾਪ ਮਿਲਿਆ ਸੀ ? ਭਾਵ, ੧੯੪੫ ਤੱਕ ਤਾਂ ਖ਼ਾਲਸਾ ਜੀ ਆਪਣੇ " ਨਿਆਰੇ ਆਚਰਨ " ਦੀਂ ਉਸ ਸਿਖ਼ਰ ਤੋਂ ਕਈ ਮੀਲ ਹੇਠਾਂ ਜਾ ਚੁੱਕੇ ਸਨ ਜਿਸ ਸਿੱਖ਼ਰ ਤੇ ਪੁੱਜ ਜਾਣ ਦੇ ਕਾਰਨ " ਸਤਿਗੁਰ ਪੂਰੇ " ਅਤੇ " ਸੱਜਣ ਸੂਰੇ " ਬਣੇ ਸਨ । ਖ਼ਲਾਸਾ ਜੀ ਨੇ-- **" ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ " ॥** ਬੱਚੇ ਦੇ ਜਨਮ ਤੇ, ਅਤੇ ਪ੍ਰਾਣੀ ਦੀ ਮੌਤ ਤੇ " ਸੰਸਕਾਰ ਵਿਧੀ " ਲਿਖਣ ਦੀ ਕੀ ਲੋੜ ਸੀ ? ਬੱਚੇ ਦੇ ਜਨਮ ਤੇ ਨਾਮ ਆਦਿ ਰੱਖਣ ਲਈ ਗੁਰਮਤਿ ਮਰਯਾਦਾ ਲਿਖਣ ਦਾ ਸਿਰਲੇਖ--**" ਜਨਮੇ ਕਉ ਵਾਜਹਿ ਵਾਧਾਏ "** ਅਤੇ ਮੌਤ ਹੋ ਜਾਣ ਤੇ ਆਪਣੇ ਸਾਕਾ ਸੰਬੰਧੀਆਂ ਦਾ ਮਿਰਤਕ ਸਰੀਰ ਆਪਣੀ ਭਾਵਣਾ ਅਤੇ ਮਿਰਤਕ ਪ੍ਰਤੀ ਸਤਿਕਾਰ ਅਨੁਸਾਰ ਪੰਜਾਂ ਤੱਤਾਂ ਵਿਚ ਮਿਲਾ ਦੇਣ ਦੀ ਹਦਾਇਤ ਲਈ **" ਜੇ ਮਿਰਤਕ ਕਉ ਚੰਦਨੁ ਚੜਾਵੈ "** ਸਿਰਲੇਖ ਹੋਣਾ ਚਾਹੀਦਾ ਸੀ । ਮਿਰਤਕ ਨਮਿਤ ਕਿਸੇ ਪ੍ਰਕਾਰ ਦਾ ਵੀ ਧਰਮ-ਕਰਮ ਦਾਨ ਪੁੰਨ ਕੀਤਾ ਮਿਰਤਕ ਲਈ ਨਿਸਫ਼ਲ ਹੈ । ਅਤੇ ਬ੍ਰਾਹਮਣ ਵਲੋਂ ਪਰਚਲਤ ਰੀਤਾਂ ਦਾ ਪੂਰਾ ਵੇਰਵਾ ਲਿਖ ਕੇ ਉਨ੍ਹਾਂ ਨੂੰ ਤਿਆਗ ਦੇਣ ਦਾ ਉਪਦੇਸ਼, ਸਪੱਸ਼ਟ ਸ਼ਬਦਾਂ ਵਿਚ ਲਿਖ ਦੇਣਾ ਕਾਫ਼ੀ ਸੀ । ਕੀ ਫਾਇਦਾ ਸਿੱਖ ਰਹਿਤ ਮਰਯਾਦਾ ਦਾ ਜਦ ਵਡੇ ਵੱਡੇ ਜਥੇਦਾਰਾਂ, ਵੱਡੇ ਵੱਡੇ ਕਥਿਤ ਮਹਾਂ ਪੁਰਖਾਂ ਦੇ ਅਤੇ ਵੱਡੇ ਵੱਡੇ ਸਿੱਖ ਸਿਆਸੀ ਆਗੂਆਂ ਦੇ ਮਰਨ ਤੇ ਚੌਥੇ, ਦੁਸਹਿਰੇ, ਤੇਰ੍ਹਵੇ ਸਤਾਰ੍ਹਵੇਂ ਆਦਿ ਕਰਕੇ ਫੁੱਲ ਕੀਰਤ ਪੁਰ ਸਾਹਿਬ ਪਾਏ ਜਾਣ ਦੀ ਬ੍ਰਾਹਮਣੀ ਮਰਯਾਦਾ ਪੰਥਕ ਧਰਮ ਬਣ ਖਲੋਤੀ ਹੈ?

## ਸਿੱਖ ਰਹਿਤ ਮਰਯਾਦਾ ਅਤੇ ਜਨਮ ਤੇ ਨਾਮ ਸੰਸਕਾਰ---

ਸਿੱਖ ਰਹਿਤ ਮਰਯਾਦਾ ਦੇ ਖਰੜੇ ਦੇ ੧੮ ਸਫ਼ੇ ਤੇ **੧- ਜਨਮ ਤੇ ਨਾਮ-ਸੰਸਕਾਰ** ਸਿਰਲੇਖ ਦੇ ਹੇਠਾਂ ਇਉਂ ਲਿਖਿਆ ਹੋਇਆ ਹੈ--(ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜ੍ਹਾ ਪਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ-" ਪਰਮੇਸਰਿ ਦਿਤਾ ਬੰਨਾ " (ਸੋਰਠਿ ਮ:੫) " ਸਤਿਗੁਰ ਸਾਚੇ ਦੀਆ ਭੇਜਿ (ਆਸਾ ਮ: ੫) ਆਦਿ **ਖੁਸ਼ੀ ਤੇ ਧਨਵਾਦ ਵਾਲੇ ਸ਼ਬਦ** ਪੜ੍ਹਨ, ਉਪ੍ਰੰਤ ਜੇ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ । ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ । ਲੜਕੇ ਦੇ ਨਉਂ ਪਿੱਛੇ " ਸਿੰਘ " ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ ਕੌਰ ਸ਼ਬਦ ਲਗਾਇਆ ਜਾਵੇ, ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਿਆ ਜਾਵੇ।

(ਅ} ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ **" ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ "॥ " ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕ ਸੰਬਾਹਿ ॥ "**

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ ।

### ਗੰਭੀਰ ਸ਼ੰਕੇ---

**(੧)** ਦਾਸ ਦੀ ਤੁਛ ਬੁੱਧੀ ਅਨੁਸਾਰ ਸਭ ਤੋਂ ਬਹੁਤੀ ਦੁਖਦਾਈ ਗੱਲ ਇਹ ਹੈ ਕਿ ਗੁਰਬਾਣੀ ਦੀ ਗ਼ਲਤ ਵਰਤੋਂ ਕਰਨ ਦਾ ਰਾਹ ਪੰਥਕ ਤੌਰ ਤੇ ਖੋਹਲਿਆ ਗਿਆ ਹੋਇਆ ਹੈ। ਇਕ ਪਾਸੇ ਤਾਂ ਅਸੀਂ ਗੁਰਬਾਣੀ ਨੂੰ " **ਹੁਕਮਾਉ** ' ਮੰਨ ਰਹੇ ਹਾਂ, ਅਥਵਾ-- **ਬਾਣੀ ਗੁਰੂ ਗੁਰੂ ਹੈ ਬਾਣੀ**--ਵੀ ਕਹੀ ਜਾ ਰਹੇ ਹਾਂ ਅਤੇ ਦੂਜੇ ਪਾਸੇ--**ਵਾਹੁ ਵਾਹੁ ਬਾਣੀ ਨਿਰੰਕਾਰ**- ਨੂੰ ਆਪਣੀ ਵਿਉਂਤ ਅਨੁਸਾਰ ਆਪਣੇ ਸਮੇਂ ਨੂੰ ਸੁਹਾਵਾਂ ਬਣਾਉਣ ਲਈ ਵਰਤਣ ਦਾ

ਉਪਦੇਸ਼ ਲਿਖ ਰਹੇ ਹਾਂ। ਜੇ ਕਿਸੇ **ਗੁਰੂ ਫ਼ੁਰਮਾਨ** ਨੂੰ **ਖ਼ੁਸ਼ੀ** ਅਤੇ **ਧੰਨਵਾਦ** ਵਾਲਾ ਕਹਾਂਗੇ ਤਾਂ ਇਸ ਦਾ ਭਾਵ ਇਹ ਬਣਦਾ ਹੈ ਕਿ ਗੁਰਬਾਣੀ ਦੇ ਰਚੇਤਾ ਭਗਤ ਜਨ, ਅਥਵਾ ਸਤਿਗੁਰੂ ਸਾਹਿਬਾਨ, ਪ੍ਰਭੂ ਦੀ ਪਛਾਣ ਕਰਾਉਣ ਵਾਲੀ, ਕੇਵਲ ਬ੍ਰਹਮ ਵਿਚਾਰ ਹੀ ਨਹੀਂ ਸੀ ਲਿਖਿਆ ਕਰਦੇ ਸਗੋਂ, ਲੋਕਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਖ਼ੁਸ਼ੀ ਵਾਲੇ ਸੰਸਾਰੀ ਕਾਰਜਾਂ ਨੂੰ ਸੁਹਾਵਾਂ ਬਨਾਉਣ ਲਈ, ਖ਼ੁਸ਼ੀ ਦਰਸਾਉਣ ਵਾਲੀ ਬਾਣੀ ਰੂਪ ' ਕਵਿਤਾ ' ਜਾਂ ' ਸਿਹਰੇ ' ਵੀ ਲਿਖਦੇ ਰਹੇ ਸਨ। ਵਾਹਿਗੁਰੂ ਜੀ ਦਾ ਧਨਵਾਦ ਵੀ ਅਸਾਂ ਆਪਣੇ ਹਿਰਦੇ ਦੀ ਡੂੰਘਾਈ ਤੋਂ ਨਹੀਂ ਸਗੋਂ ਰਾਗੀਆਂ ਤੋਂ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਕਰਵਾਉਣ ਵਾਲੀ ਪੰਥਕ ਵਿਧੀ ਦੁਆਰਾ ਕਰਨਾ ਹੈ। ਬ੍ਰਹਮ ਵਿਚਾਰ ਨੂੰ ਆਪਣੇ ਘਰ ਦੀ ਖ਼ੁਸ਼ੀ ਅਨੁਸਾਰ ਵਰਤਣ ਦੀ ਖੁਲ੍ਹ ਗੁਰੂ ਪੰਥ ਵਲੋਂ ਹੀ ਮਿਲ ਜਾਣੀ? ਕਿਹੜਾ ਹੈ ਜੋ ਗੁਰਬਾਣੀ ਦਾ ਗਿਆਨ ਸਮਝ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਦੀ ਵਿਚਾਰ ਵੀ ਕਦੇ ਮਨ ਵਿਚ ਆਉਣ ਦੇਵੇਗਾ ? ਬਾਲਕ ਦੇ ਜਨਮ ਤੇ ਜਿਹੜੇ ਗੁਰੂ ਸ਼ਬਦ ਪੜ੍ਹਨ ਦੀ ਹਦਾਇਤ ਲਿਖੀ ਹੈ ਉਹ ਪੂਰਾ ਗੁਰੂ ਸ਼ਬਦ ਅਤੇ ਅਰਥ ਇਉਂ ਹਨ--

੨੧- **ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥**[੬੨੭/੨੮]-੧੩-੭੭

**ਪਦ ਅਰਥ:**--ਬੰਨਾ=ਡੱਕਾ। ਰੁਕਾਵਟ, ਬੰਨ੍ਹ । ਭੰਨਾ=ਬੰਨ ਦਿੱਤਾ, ਤੋੜ ਦਿੱਤਾ । ੧ । ਰਵਿ ਰਹਿਆ=ਮੌਜੂਦ ਹੈ । ਧੁਰਕੀ ਬਾਣੀ=ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ । ਆਈ=ਆ ਵੱਸੀ । ਵਖਾਨ=ਉਚਾਰਿਆ । ੨ ।

**ਅਰਥ:**--ਹੇ ਸੰਤ ਜਨੋ ! (ਜਿਸ ਮਨੁੱਖ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ) ਪਾਰ ਬ੍ਰਹਮ ਪੂਰਨ ਪਰਮੇਸਰ ਸਭ ਥਾਵਾਂ ਵਿਚ ਮੌਜੂਦ ਹੈ (ਉਸ ਮਨੁੱਖ ਨੂੰ) ਸਭ ਥਾਵਾਂ ਵਿਚ ਸੁਖ ਹੀ ਪ੍ਰਤੀਤ ਹੁੰਦਾ ਹੈ **। ਰਹਾਉ ।** (ਜਿਸ ਮਨੁੱਖ ਦੇ ਆਤਮਕ ਜੀਵਨ ਵਾਸਤੇ) ਪਰਮੇਸਰ ਨੇ (ਵਿਕਾਰਾਂ ਦੇ ਰਾਹ ਵਿਚ) ਡੱਕਾ ਮਾਰ ਦਿੱਤਾ, (ਉਸ ਮਨੁੱਖ ਦੇ ਅੰਦਰੋਂ) ਪਰਮੇਸਰ ਨੇ ਦੁੱਖਾਂ ਤੇ ਰੋਗਾਂ ਦਾ ਡੇਰਾ ਹੀ ਮੁਕਾ ਦਿੱਤਾ । ਜਿਨ੍ਹਾਂ ਜੀਵਾਂ ਉਤੇ ਪ੍ਰਭੂ ਨੇ ਇਹ ਕਿਰਪਾ ਕਰ ਦਿਤੀ ਉਹ ਸਾਰੇ ਜੀਵ ਆਤਮਕ ਆਨੰਦ ਮਾਣਦੇ ਹਨ **। ੧ ।** ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਜਿਸ ਮਨੁੱਖ ਦੇ ਅੰਦਰ ਆ ਵੱਸੀ, ਉਸ ਨੇ ਆਪਣੀ ਸਾਰੀ ਚਿੰਤਾ ਦੂਰ ਕਰ ਲਈ । ਹੇ ਨਾਨਕ ! ਦਇਆ ਦਾ ਸੋਮਾ ਪ੍ਰਭੂ ਉਸ ਮਨੁੱਖ ਉੱਤੇ ਮਿਹਰਵਾਨ ਹੋਇਆ ਰਹਿੰਦਾ ਹੈ, ਉਹ ਮਨੁੱਖ ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ (ਸਦਾ) ਉਚਾਰਦਾ ਹੈ । ੨ । [ਪ੍ਰਿੰ: ਸਾਹਿਬ ਸਿੰਘ ਜੀ]

ਪਤਾ ਨਹੀਂ ਗੁਰੂ ਪੰਥ ਨੇ ਇਸ ਗੁਰੂ ਸ਼ਬਦ ਨੂੰ ਬਾਲਕ ਦੇ ਜਨਮ ਦੀ ਖ਼ੁਸ਼ੀ ਵਿਚ ਪੜ੍ਹਨ ਲਈ ਕਿਸ ਖ਼ਿਆਲ ਨਾਲ ਚੁਣਿਆ ਹੈ । ਵਿਆਹ ਸ਼ਾਦੀਆਂ ਤੇ ਤ੍ਰੀਮਤਾਂ ਸੁਹਾਗ ਦੇ ਗੀਤ ਗਾਉਣ ਲੱਗੀਆਂ ਨੀਂਗਰ ਨੂੰ ' ਬੰਨਾ ' ਕਿਹਾ ਕਰਦੀਆਂ ਹਨ । ਸ਼ਾਇਦ ਗੁਰੂ ਪੰਥ ਨੇ ਗੁਰੂ ਸ਼ਬਦ ਵਿਚਲਾ **ਬੰਨਾ** ਵੀ ਤ੍ਰੀਮਤਾਂ ਦੇ ਗੀਤਾ ਵਾਲਾ ਹੀ **ਬੰਨਾ** ਸਮਝਣ ਦੀ ਸਿਖਿਆ ਦਿੱਤੀ ਹੋਵੇਗੀ ? ਉਪ੍ਰੋਕਤ ਤਕ ਵਾਲਾ ਪੂਰਾ ਪਾਵਨ ਸ਼ਬਦ ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** ਦੀ ਤੀਜੀ ਪੋਥੀ ਦੇ ੨੬੨ ਸਫ਼ੇ ਤੇ ਪ੍ਰਿੰਸੀਪਲ ਸਾਹਿਬ ਸਿੰਘ ਜੀ ਵਲੋਂ ਲਿਖੇ ਅਰਥ:----

੨੨- **ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥ ੧ ॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥ ੨ ॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥ ੩ ॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥ ੪ ॥**[੩੯੬]-੭-੧੦੧

**ਨੋਟ:**--ਪੁੱਤਰ ਦੇ ਜਨਮ ਦੀ ਖ਼ੁਸ਼ੀ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਦੀ ਸਰਨ ਤੋਂ ਪ੍ਰਾਪਤ ਹੋਏ ਸੁਖ ਦਾ ਵਰਨਣ ਕੀਤਾ ਹੈ ।

**ਅਰਥ**:--(ਹੇ ਭਾਈ ! ਗੁਰੂ ਨਾਨਕ) ਪਰਮਾਤਮਾ ਦਾ ਭਗਤ ਜੰਮਿਆ (ਪਰਮਾਤਮਾ ਦਾ) ਪੁੱਤਰ ਜੰਮਿਆ (ਉਸ ਦੀ ਬਰਕਤਿ ਨਾਲ ਉਸ ਦੀ ਸਰਨ ਆਉਣ ਵਾਲੇ) ਸਾਰੇ ਜੀਵਾਂ ਦੇ ਅੰਦਰ ਧੁਰ-ਦਰਗਾਹ ਦਾ (ਸੇਵਾ-ਭਗਤੀ ਦਾ) ਲੇਖ ਉੱਘੜ ਰਿਹਾ ਹੈ **। ਰਹਾਉ ।** (ਹੇ ਭਾਈ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ ਗੁਰੂ (ਨਾਨਕ) ਨੂੰ (ਜਗਤ ਵਿਚ ਘਲਿਆ ਹੈ ਉਸ ਦੀ ਸੰਗਤਿ (ਦੀ ਬਰਕਤਿ) ਨਾਲ (ਸਿੱਖਾਂ ਦੇ ਹਿਰਦੇ ਵਿਚ) ਅਟੱਲ ਆਤਮਕ ਜੀਵਨ ਹੋ ਰਿਹਾ ਹੈ । (ਹੇ ਭਾਈ ! ਜਿਵੇਂ ਜਦੋਂ ਮਾਂ ਦੇ) ਪੇਟ ਵਿਚ (ਬੱਚਾ) ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਪੈਦਾ ਹੁੰਦੀ ਹੈ (ਤਿਵੇਂ ਸਿੱਖ ਦੇ ਅੰਦਰ ਅਟੱਲ ਆਤਮਕ ਜੀਵਨ ਦਾ ਆਨੰਦ ਪੈਦਾ ਕਰਦਾ ਹੈ) **। ੧ ।** (ਹੇ ਭਾਈ ! ਜਿਵੇਂ ਜਿਸ ਘਰ ਵਿਚ) ਪਰਮਾਤਮਾ ਦੇ ਹੁਕਮ ਅਨੁਸਾਰ ਦਸੀਂ ਮਹੀਨੀਂ ਪੁੱਤਰ ਜੰਮਦਾ ਹੈ (ਤਾਂ ਉਸ ਘਰ ਵਿਚੋਂ) ਗ਼ਮ ਮਿਟ ਜਾਂਦਾ ਹੈ ਤੇ ਬੜਾ ਉਤਸ਼ਾਹ ਹੁੰਦਾ ਹੈ, (ਤਿਵੇਂ ਜੇਹੜੀ ਸਤ-ਸੰਗਣ) ਸਹੇਲੀ ਗੁਰੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਗਾਉਂਦੀ ਹੈ ਉਹ ਆਤਮਕ ਆਨੰਦ ਮਾਣਦੀ ਹੈ ਤੇ ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਮਨ ਵਿਚ ਪਿਆਰੀ ਲੱਗਦੀ ਹੈ **। ੨ ।** (ਹੇ ਭਾਈ ! ਜੇਹੜੇ ਵਡ-ਭਾਗੀ ਮਨੁੱਖ ਗੁਰੂ ਦੀ ਸੰਗਤਿ ਦੀ ਬਰਕਤਿ ਨਾਲ) ਇਕ ਪਰਮਾਤਮਾ ਵਿਚ ਸੁਰਤਿ ਜੋੜਦੇ ਹਨ ਉਹ ਚਿੰਤਾ ਤੋਂ ਰਹਿਤ ਹੋ ਜਾਂਦੇ ਹਨ ਸਤਿਗੁਰੂ ਉਹਨਾਂ ਨੂੰ ਮਨ-ਇੱਛਤ ਫਲ ਦੇਂਦਾ ਹੈ, ਗੁਰੂ ਉਹਨਾਂ ਗੁਰਸਿੱਖਾਂ ਵਿਚ ਪ੍ਰਭੂ ਦੀ ਧਰਮ-ਸਤਿਆ ਪੱਕੀ ਕਰ ਕੇ ਟਿਕਾ ਦੇਂਦਾ ਹੈ, ਇਹ ਗੁਰਮੁਖਿ ਹੀ (ਗੁਰੂ ਦੀ ਪਰਮਾਤਮਾ ਦੀ) ਵਧ-ਰਹੀ ਵੇਲ ਹਨ ਚੱਲਰਹੀ ਪੀੜ੍ਹੀ ਹਨ **। ੩ ।** (ਹੇ ਭਾਈ ! ) ਹੁਣ ਕੋਈ ਲੁਕੀ-ਛਿਪੀ ਗੱਲ ਨਹੀਂ ਹੈ (ਹਰ ਕੋਈ ਜਾਣਦਾ ਹੈ ਕਿ ਜਿਸ ਮਨੁੱਖ ਉੱਤੇ) ਗੁਰੂ ਨਾਨਕ ਦਇਆਵਾਨ ਹੁੰਦਾ ਹੈ (ਜਿਸ ਨੂੰ ਨਾਮ ਦੀ) ਦਾਤਿ ਦੇਂਦਾ ਹੈ ਉਹ ਜੋ ਕੁਝ ਬੋਲਦਾ ਹੈ ਗੁਰੂ ਦਾ ਪ੍ਰੇਰਿਆ ਹੋਇਆ ਗੁਰੂ ਦੀ ਰਜ਼ਾ ਵਿਚ ਹੀ ਬੋਲਦਾ ਹੈ (ਉਹ ਆਪਣੇ ਗੁਰੂ ਉੱਤੇ ਇਉਂ ਫ਼ਖ਼ਰ ਕਰਦਾ ਹੈ) ਜਿਵੇਂ ਕੋਈ ਪੁੱਤਰ ਆਪਣੇ ਪਿਉ ਉੱਤੇ ਮਾਣ ਕਰਦਾ ਹੈ (ਉਹ ਸਿੱਖ ਗੁਰੂ ਪਾਸੋਂ ਸਹਾਇਤਾ ਦੀ ਉਵੇਂ ਆਸ ਰੱਖਦਾ ਹੈ ਜਿਵੇਂ ਪੁੱਤਰ ਪਿਉ ਪਾਸੋਂ)। ੪।[ਪ੍ਰਿੰ: ਸਾਹਿਬ ਸਿੰਘ ਜੀ]

ਇਸ ਗੁਰੂ ਸ਼ਬਦ ਨੂੰ ਵੀ ਪਤਾ ਨਹੀਂ ਕਿਸ ਦਲੀਲ ਨਾਲ ਗ੍ਰਿਹਸਤੀ ਦੇ ਘਰ ਬਾਲ ਜੰਮਣ ਦੀ ਖ਼ੁਸ਼ੀ ਮਨਾਉਣ ਲਈ ਪੜ੍ਹਨ ਦੀ ਮਰਯਾਦਾ ਬਣਾਈ ਹੈ ? ਬੱਚੇ ਦੇ ਜਨਮ ਤੇ ਅਖੰਡ ਪਾਠ ਜਾਂ ਸਹਿਜ ਪਾਠ ਕੀਤੇ ਜਾਣ ਦਾ ਜੋ ਇਸ਼ਾਰਾ ਕੀਤਾ ਹੋਇਆ ਹੈ, ਉਸ ਤੋਂ ਬਹੁਤੇ ਥਾਈਂ ਅੱਜ ਸ਼ਰਾਬੀਆਂ ਅਤੇ ਭੰਗੜੇ ਪਾਉਣ ਵਾਲਿਆਂ ਦੀ ਇਕੱਤ੍ਰਤਾ ਗੁਰਬਾਣੀ ਦੇ ਭੋਗ ਦੇ ਬਹਾਨੇ ਨਾਲ ਹੀ ਕੀਤੀ ਜਾਂਦੀ ਹੈ । ਸਤਿਗੁਰਾਂ ਦੀ ਹਾਜ਼ਰੀ ਵਿਚ ਹੀ ਬੋਤਲਾਂ ਦੇ ਡੱਕੇ ਖੋਹਲਣੇ ਅਤੇ ਹਾਜ਼ਰੀ ਵਿਚ ਹੀ ਨਾਚ ਹੁੰਦੇ ਅਤੇ ਕਾਕੇ ਨੂੰ ਤੁਹਫ਼ੇ ਦਿੱਤੇ ਜਾਂਦੇ, ਅਤੇ ਹੋਰ ਕਈ ਤਰ੍ਹਾਂ ਦੇ ਖਰੂਦ, ਸਤਿਗੁਰਾਂ ਦੇ ਪਰਕਾਸ਼ ਦੀ ਸਾਂਝੀ ਕੰਧ ਵਾਲੇ ਕਮਰੇ ਵਿਚ ਹੀ ਹੋ ਰਹੇ ਹੁੰਦੇ ਹਨ। ਕੰਧਿਆਂ ਤੋਂ ਬਾਹਰ ਡੁੱਲ ਰਹੀਆਂ ਖ਼ੁਸ਼ੀਆਂ ਦੇ ਅਜੇਹੇ ਸਮੇਂ ਵਿਚ,

ਸ਼ਾਇਦ ਹੀ ਹੈ ਜੇ ਕਿਸੇ ਗੁਰਮੁਖਿ ਦਾ ਧਿਆਨ ਸੱਚ ਕੀ ਬਾਣੀ ਆਖਣ ਵਾਲੇ (**ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਨਬੇਲਾ ॥**) ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਯਾਰ੍ਹਵੇਂ (੧੧ਵੇਂ) ਪ੍ਰਕਾਸ਼--ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸੱਚ-ਫ਼ੁਰਮਾਨ ਵੱਲ ਜਾਂਦਾ ਹੋਵੇ ?:--

੨੩- **ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥**

**ਜੋ ਜਨਮੈ ਤਿਸੁ ਸਰਪਰ ਮਰਣਾ, ਕਿਰਤੁ ਪਇਆ ਸਿਰਿ ਸਾਹਾ ਹੇ ॥ ੭ ॥**[੧੦੩੨]-੬-੧੨

**ਅਰਥ:**--(ਜਦੋਂ ਜੀਵ ਜੰਮਦਾ ਹੈ ਤਾਂ ਉਸ ਦੇ) ਜੰਮਣ ਤੇ ਵਾਜੇ ਵੱਜਦੇ ਹਨ, ਵਧਾਈਆਂ ਮਿਲਦੀਆਂ ਹਨ । ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ, ਗਿਆਨ ਤੋਂ ਸੱਖਣੇ ਲੋਕ ਖ਼ੁਸ਼ੀ ਦੇ ਗੀਤ ਗਾਂਉਂਦੇ ਹਨ । ਪਰ (ਇਸ ਸੱਚ ਨੂੰ ਭੁੱਲ ਗਏ ਹੁੰਦੇ ਹਨ ਕਿ) ਜਿਹੜਾ ਜੀਵ ਜੰਮਦਾ ਹੈ ਉਸ ਨੇ ਮਰਨਾ ਵੀ ਜ਼ਰੂਰ ਹੈ । ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ (ਮੌਤ ਦਾ) ਮਹੂਰਤ ਉਸ ਦੇ ਮੱਥੇ ਤੇ ਲਿਖਿਆ ਜਾਂਦਾ ਹੈ । ੨ ।

## ੭

# ਧਨੁ ਜਨਨੀ ਜਿਨਿ ਜਾਇਆ .....॥

ਇਸ ਪੁਸਤਕ ਦੇ ਪੰਜਵੇਂ ਭਾਗ ਦੇ ਪੰਜਵੇਂ ਅਤੇ ਛੇਵੇਂ, ਦੋ ਕਾਂਡਾਂ ਵਿਚ ਕਈ ਗੁਰੂ ਬਾਣੀ ਪਰਮਾਣਾ ਦੁਆਰਾ ਸਿੱਧ ਕੀਤਾ ਗਿਆ ਹੈ ਕਿ ਗੁਰ ਸਿੱਖੀ ਕਿਸੇ ਕਰਮਕਾਂਡੀ ਮਰਯਾਦਾ ਦੇ ਅਧੀਨ ਨਹੀਂ ਹੈ। ਜੇ ਮਨੁੱਖ ਦਾ ਮਨ ਸਿੱਖੀ ਕਬੂਲ ਨਾ ਕਰੇ ਤਾਂ ਖੰਡੇ-ਬਾਟੇ ਦਾ ਅੰਮ੍ਰਿਤ ਅਤੇ ਪੰਜ ਕਕਾਰ ਨਿਸਫ਼ਲ ਹਨ। ਕਿਸੇ ਵੀ ਪ੍ਰਕਾਰ ਦੇ ਚਿੰਨ੍ਹਾਂ ਨੂੰ ਅਥਵਾ ਕਿਸੇ ਵੀ ਦ੍ਰਿਸ਼ਟਿਮਾਨ ਕਿਰਿਆ ਨੂੰ ਧਰਮ ਮੰਨ ਲੈਣਾ, ਗੁਰ੍ਹ ਨਾਨਕ ਜੀ ਦੀ ਸਿੱਖੀ ਨਹੀਂ ਹੈ। **ਮਨ ਮੈਲਾ ਸਭ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥** ਜਦ ਮੰਨ ਸਤਿਗੁਰਾਂ ਦੇ ਗਿਆਨ ਦੁਆਰਾ ਪ੍ਰਭੂ ਪ੍ਰੇਮ-ਰੰਗ ਵਿਚ ਰੰਗਿਆ ਗਿਆ, ਬਾਹਰ ਦਾ ਸਰੂਪ ਆਪਣੇ ਆਪ ਸਤਿਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੀਆਂ ਉਜਾਗਰ ਮੋਹਰਾਂ ਵਾਲਾ ਬਣ ਜਾਵੇਗਾ।

ਅਠ੍ਹਾਰਵੀ ਸਦੀ ਦੇ ਅਰੰਭ ਤੋਂ ਵੀਹਵੀਂ ਸਦੀ ਦੇ ਅਰੰਭ ਤੱਕ ਲਗਪਗ ਦੋ ਸੌ ਸਾਲ ਦਾ ਲੰਮਾ ਸਮਾ ਸਾਡਾ ਧਰਮ-ਗੁਰੂ ਉਹ ਬਣਿਆਂ ਰਿਹਾ ਜੋ ੧੫ਵੀਂ ਸਦੀ ਵਿਚ ਹੀ ਸ੍ਰੀ ਗੁਰੂ ਨਾਨਕ ਜੀ ਦੀ ਸਿੱਖੀ ਦਾ ਕੱਟੜ ਵੈਰੀ ਬਣ ਖਲੋਤਾ ਸੀ। ਉਹ ਵੈਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਖੋਟ ਤਾਂ ਨਾ ਰਲਾ ਸਕਿਆ ਪਰ ਗੁਰੂ ਇਤਿਹਾਸ ਵਿਚ ਅਤੇ ਗੁਰੂ ਪੰਥ ਦੇ ਇਤਿਹਾਸ ਵਿਚ ਅਜੇਹਾ ਕੁਝ ਰਲਾ ਦਿੱਤਾ ਕਿ ਸਾਡੀ ਧਰਮ ਮਰਯਾਦਾ ਉਹੋ ਬਣ ਗਈ ਜਿਸ ਦੀ ਅਣਹੋਂਦ ਹੀ ਗੁਰ ਨਾਨਕ ਜੀ ਦੀ ਸਿੱਖੀ ਸਮਝੀ ਗਈ ਸੀ। ਇਸ ਪੱਖ ਨੂੰ ਉਜਾਗਰ ਕਰਨ ਲਈ ਇਸ ਪੁਸਤਕ ਦੇ ਪਹਿਲੇ ਭਾਗ ਤੋਂ ਹੀ ਸਤਿਗੁਰਾਂ ਨੇ ਦਾਸ ਕੋਲੋਂ ਬੜਾ ਕੁਝ ਲਿਖਵਾਉਣਾ ਅਰੰਭ ਕਰਵਾ ਰਖਿਆ ਹੈ।

ਹਾਏ ਕਿਤੇ ਅਸੀਂ ਪੰਥ ਦੀ ਬੇਟੀ ਨੂੰ **ਆਦਰਸ਼ ਗ੍ਰਿਹਸਤਣ** ਅਤੇ ਅਜੇਹੀ " **ਮਾਤਾ** " ਬਣਾ ਸਕਦੇ ਜਿਹੜੀ ਬੱਚੇ ਦੇ ਗਰਭ ਵਿਚ ਆਉਣ ਦੇ ਸਮੇ ਤੋਂ ਹੀ ਗੁਰੂ ਗ੍ਰੰਥ ਸਾਹਿਬ ਦੇ ਪਿਆਰ ਦਾ ਰੰਗ ਚਾੜ੍ਹਨ ਵਿਚ ਰੁਝ ਜਾਇਆ ਕਰਦੀ। ਬਾਲ ਦੇ ਜਣੇਪੇ ਤੋਂ ਸੁਰਖਰੂ ਹੁੰਦੇ ਸਾਰ ਆਪਣੇ ਪਤੀ ਸਮੇਤ ਆਪਣੇ ਪਰਮ ਪਿਆਰੇ ਸਤਿਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬੱਚੇ ਨੂੰ ਲੈ ਜਾਂਦੀ। ਗੁਰੂ-ਸ਼ਬਦ-ਗਿਆਨ ਰੂਪ ਸਤਿਗੁਰਾਂ ਦੇ ਦਰਸ਼ਨਾਂ ਦੀ ਠੰਢ ਮਾਣ ਲੈਣ ਉਪਰੰਤ ਗੁਰਮੁਖਿ ਜੋੜਾ ਸਤਿਗੁਰਾਂ ਦੀ ਸੇਵਾ ਵਿਚ ਹੱਥ ਬੰਨ੍ਹ ਖਲੋਂਦਾ ਅਤੇ ਪ੍ਰਣ ਰੂਪ ਜੋਦੜੀ ਕਰਦਾ-- " ਹੇ ਸੱਚੇ ਪਿਤਾ ਜੀਓ ! ਤੁਹਾਡੀ ਮਿਹਰਾਂ ਭਰੀ ਗੋਦ ਵਿਚ ਲੇਟਿਆ ਇਹ ਨਵਜਨਮਿਆਂ ਬਾਲ, ਤੁਹਾਡੀ ਮਿਹਰ ਦਾ ਸਦਕਾ ਇੱਕ ਕਕਾਰ (ਕੇਸ) ਧੁਰੋਂ ਹੀ ਲੈ ਆਇਆ ਹੈ। ਆਪ ਜੀ ਦੀ ਬਖ਼ਸ਼ਸ਼ ਦੂਜਾ ਕਕਾਰ (ਕੜਾ) ਤੇਰੀ ਹਜ਼ੂਰੀ ਵਿਚ ਅਸਾਂ ਪਾ ਦਿੱਤਾ ਹੈ। ੫/੬ ਸਾਲ ਦੀ ਉਮਰਾ ਤੱਕ, ਇਸ ਨੂੰ (ਤੀਜਾ ਕਕਾਰ) ਕਛਾ ਪਾਈ ਰੱਖਣ ਦੀ ਅਤੇ ਕੇਸਾਂ ਤੇ ਰੁਮਾਲੀ ਬੰਨ੍ਹੀ ਰੱਖਣ ਦੀ ਚਿਟਕ ਲਾ ਦਿਆਂਗੇ। ਮੂਲਮੰਤ੍ਰ ਕੰਠ ਕਰਵਾ ਦੇਣ ਦੇ ਨਾਲ ਦੋਵੇ ਹੱਥ ਜੋੜ ਕੇ--ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥ ਬੁਲਾਉਣਾ ਇਸ ਦੇ ਸੁਭਾਵ ਦਾ ਹਿੱਸਾ ਬਣਾ ਦਿਆਂ ਦਿਆਗੇ। ੧੦ ਤੋ ੧੩ ਸਾਲ ਦੀ ਉਮਰ ਤੱਕ ਗੁਰੂ ਬਾਣੀ ਦਾ ਸ਼ੁੱਧ ਪਾਠ ਕਰਨ ਦੀ ਅਤੇ ਸ਼ਬਦ ਦੀ ਵਿਚਾਰ ਦੁਆਰਾ ਗੁਰੂ ਬਾਣੀ ਤੋਂ ਸਿਖਿਆ ਲੈਣ ਦੀ ਰੁਚੀ ਬਣਾ ਦਿਆਂਗੇ। ਕੇਸਾਂ ਵਿਚ ਕੰਘਾ (ਚੌਥਾ ਕਕਾਰ) ਰੱਖਣ ਦੇ ਗੁਣ ਸਮਝਾ ਕੇ ਇਸ ਨੂੰ ਕੇਸਾਂ ਦੀ ਸੰਭਾਲ ਕਰਨੀ ਸਿਖਾ ਕੇ ਸੀਸ ਤੇ ਸੁੰਦਰ ਦਸਤਾਰਾ ਸਜਾਉਣ ਵਾਲਾ ਬਣਾ ਦਿਆਂਗੇ। ਹੇ ਸੱਚੇ ਪਾਤਿਸ਼ਾਹ ਜੀਓ ! ਸਾਡੀ ਨਿਮਾਇਆਂ ਨਿਤਾਣਿਆਂ ਦੀ ਅਰਦਾਸ ਹੈ ਕਿ ੧੮ ਸਾਲ ਦੀ ਉਮਰਾ ਤੱਕ ਤੇਰੀ ਬਖ਼ਸ਼ਸ਼, ਇਸ ਬਾਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੱਧ ਤੋਂ ਵੱਧ ਗੁਰੂ ਬਾਣੀ ਦਾ ਗਿਆਤਾ ਬਣਾ ਕੇ ਇਸ ਨੂੰ ਗ਼ਰੀਬਾਂ, ਯਤੀਮਾਂ, ਦੁਖਿਆਰਾਂ ਦੀ ਸੇਵਾ ਕਰਨ ਵਾਲਾ, ਆਪਣੀ ਅਤੇ ਨਿਤਾਣਿਆਂ ਲੋੜਵੰਦਾ ਦੀ ਰਖਿਆਂ ਕਰ ਸਕਣ ਜੋਗ ਬਣਾ ਕੇ, ਪੰਜਵਾਂ ਕਕਾਰ (ਕਿਰਪਾਨ) ਵੀ ਇਸ ਦੇ ਜੀਵਨ ਦਾ ਹਿੱਸਾ ਬਣਾ ਦੇਣ ਦਾ ਸੱਧਰਾਂ ਭਰਿਆ ਬਚਨ ਨਿਭਾਵਾਂਉਣ ਦੇ ਸਾਡੇ ਸੰਕਲਪ ਨੂੰ ਪੂਰਾ ਕਰਵਾਉਣ ਵਿਚ ਤੁਸੀਂ ਆਪ ਸਹਾਈ ਹੋਣਾ ਜੀ। ਪਰ ਨਾਰੀ ਨੂੰ ਧੀ ਭੈਣ ਜਾਣਣਾ ਬਚੇ ਦੇ ਆਚਰਨ ਦਾ ਜ਼ਰੂਰੀ ਅੰਗ ਬਣਾ ਦਿਆਂਗੇ ਅਤੇ ਕਿਸੇ ਵੀ ਪ੍ਰਕਾਰ ਦੇ ਨਸ਼ੇ ਤੋਂ ਬੱਚੇ ਨੂੰ ਅਭਿੱਜ ਰੱਖਾਂਗੇ। ਹੇ ਸੱਚੇ ਪਿਤਾ ਜੀਓ ! ਅਸੀਂ ਖਿਨ ਖਿਨ ਭੁੱਲਾਂ ਕਰਨ ਵਾਲੇ ਭੁੱਲੜ ਹਾਂ, ਤੇਰੀ ਮਿਹਰ ਤੋਂ ਬਿਨਾ ਨਿਤਾਣੇ ਹਾਂ, ਤੂੰ ਆਪ ਸਹਾਈ ਹੋ ਕੇ ਇਸ ਬਾਲ ਨੂੰ ਦੇਸ਼ ਕੌਮ ਲਈ ਲਾਹੇਵੰਦ ਮਨੁੱਖ ਬਨਾਉਣ ਦੀ ਮਿਹਰ ਕਰਨੀ। ਸਿੱਖੀ ਜੀਵਨ ਦੀ ਦਾਤ ਬਖ਼ਸ਼ਸ਼ ਕਰਨੀ। ਆਪਣੇ ਚਰਨਾ ਦਾ ਭੌਰਾ ਸੰਤ-ਸੂਰਮਾ ਬਨਣ ਦੀ ਸਮਰਥਾ ਬਖ਼ਸ਼ਸ਼ ਕਰਨੀ ਜੀਓ "।

**ਨਿਸ਼ਾਨੇ ਸਿੱਖੀ ਈਂ ਪੰਚ ਹਰਫ਼ ਕਾਫ਼**---ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੀ ਪਛਾਣ ਪੰਜਾਂ ਕਕਾਰਾਂ ਦਾ ਧਾਰਨੀ ਹੋਣਾ, ਸਮੁੱਚੇ ਪੰਥ ਦਾ ਅਧਿਕਾਰ ਹੈ। ਦਿੱਲ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਕਿ ਸਤਿਗੁਰਾਂ ਨੇ ਸਮੁੱਚੇ ਪੰਥ ਦੇ ਇਸ ਅਧਿਕਾਰ ਨੂੰ ਕੇਵਲ ਪੰਜ ਸਿੰਘਾ ਤੱਕ ਸੀਮਤ ਕਰ ਦਿੱਤਾ ਸੀ। ਨਿਆਰੇ ਪੰਥ ਦੀ ਨਿਆਰੀ ਮਰਯਾਦਾ ਨੂੰ ਦੂਸ਼ਤ ਕਰਕੇ ਪੰਥ ਨੂੰ ਕਈ ਧੜਿਆਂ ਵਿਚ ਵੰਡਣ ਲਈ ਅਜੇਹੇ ਭਰਮ ਨਿਰਸੰਦੇਹ ਉਨ੍ਹਾਂ ਕੁਟਲ ਧਰਮ ਆਗੂਆਂ ਦੀ ਦੇਣ ਹਨ ਜੋ ੨੦੦ ਸਾਲ ਸਾਡੇ ਧਰਮ ਦੇ ਪਰਚਾਰਕ ਅਤੇ ਧਰਮ ਅਸਥਾਨਾਂ ਦੇ ਸੰਚਾਲਕ ਬਣੇ ਰਹੇ ਸਨ ।

ਮਾਤਾ ਪਿਤਾ ਦੇ ਉਪ੍ਰੋਕਤ ਵਰਣਨ ਪਰਣ ਵਿਚ ਅਗਲੀ ਲੋਚਨਾ ਇਹ ਹੋਵੇ ਕਿ--ਬੱਚੇ ਅਥਵਾ ਬੱਚੀ ਦੇ ਵਰ ਪ੍ਰਾਪਤ ਹੋਣ ਦੇ ਦਿਨਾਂ ਤੱਕ ਇਸ ਨੂੰ ਨਾਮ ਅੰਮ੍ਰਿਤ ਦੀ ਮਹਿਮਾਂ ਦੇ ਨਾਲ ਦਸਮ ਗੁਰੂ ਨਾਨਕ ਸਾਹਿਬ ਜੀ ਦੇ ਖੰਡੇ ਬਾਟੇ ਦੀ ਪਾਹੁਲ ਦੇ ਚਮਤਕਾਰੀ ਗੁਣਾ ਤੋਂ ਪੂਰੀ ਤਰ੍ਹਾਂ ਜਾਣੂੰ ਕਰਵਾ ਦਿਆਂਗੇ । ਮੌਤ ਦੀ ਲਕੀਰ ਟੱਪ ਕੇ ਅੰਮ੍ਰਿਤ ਦੇ ਬਾਟੇ ਤੱਕ ਪੁੱਜਣ ਦਾ ਅਰਥ ਦ੍ਰਿੜ ਕਰਾ ਦਿੱਤਾ ਜਾਵੇਗਾ। ਖੰਡੇ ਬਾਟੇ ਦਾ ਅੰਮ੍ਰਿਤ ਛਕਣ ਸਮੇ ਜੀਵਨ ਵਿਚ ਕਿਸੇ ਵੀ ਸਥਿਤੀ ਸਮੇ ਕੋਈ ਗੁਰਮਤਿ ਵਿਰੋਧੀ ਢਿੱਲ ਆ ਸਕਣ ਦੀ ਸੰਭਾਵਣਾ ਨੂੰ ਰੱਦ ਕਰ ਦੇਣ ਵਾਲਾ ਪ੍ਰਣ ਲੈਣ ਦੀ ਮਹਤਤਾ ਸਮਝ ਕੇ ਜੀਵਨ ਵਿਚ ਢਾਲ ਲਈ ਹੋਈ ਹੋਗੇੀ। ਪ੍ਰਣ ਦਾ ਜ਼ਰੂਰੀ-ਭਾਗ--" ਅੱਜ ਤੋਂ ਅਸੀਂ ਆਪਣਾ ਤਨ ਮਨ ਧਨ ਸਭ ਕੁਝ ਪੰਥ ਦੀ

ਅਮਾਨਤ ਮਨ ਕੇ ਆਪਣੇ ਸੁਆਰਥ ਵਾਲੀ ਭਾਵਣਾ ਦਾ ਤਿਆਗ ਕਰਦੇ ਹਾਂ। ਪੰਥਕ ਹਿਤਾਂ ਲਈ ਆਪਣਾ ਸਾਰੇ ਹਿਤ ਬਿਨਾ ਝਿਜਕ ਤੋਂ ਕੁਰਬਾਨ ਕਰ ਦੇਣੇ ਆਪਣੀ ਜ਼ਿੰਦਗੀ ਦਾ ਮੁੱਖ ਮੰਤਵ ਸਮਝਾਂਗੇ " ।

ਪੰਜਾਂ ਕਕਾਰਾਂ ਦੇ ਸੌਂਪੇ ਜਾਣ ਵਾਲੇ ਇਸ ਅਧਿਕਾਰ ਨੂੰ ਕਿਸੇ ਵੀ ਬਹਾਨੇ ਨਾਲ ਸੀਮਤ ਨਾ ਰੱਖ ਕੇ, ਇਹ ਪਾਵਨ ਅਧਿਕਾਰ ਮਾਤਾ ਪਿਤਾ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਸੀ। ਤਾਂ ਜੋ ਇਹ ਮਰਯਾਦਾ ਸਾਡੇ ਜੀਵਨ ਦਾ ਅਟੁਟ ਅੰਗ, ਸਾਡੀ ਸਮਾਜੀ ਜਿੰਦਗੀ ਦਾ ਸ਼ਿੰਗਾਰ ਬਣ ਜਾਂਦੀ। ਇਸ ਵਿਚ ਢਿੱਲ ਆਉਣੀ, ਬਾਲ ਤੋਂ ਬਿਰਧ, ਤੱਕ ਹਰ ਇੱਕ ਗੁਰਸਿੱਖ ਲਈ ਸੁਤੇਅ ਹੀ ਬੜੀ ਅਚੰਭਾ ਅਤੇ ਦੰਦ ਕਥਾ ਦਾ ਕਾਰਨ ਬਣ ਜਾਂਦੀ। ਇਸ ਵਿਚਲੀ ਢਿੱਲ ਸਿੱਖ ਬਿਰਾਦਰੀ ਦੇ ਬੱਚੇ ਬੱਚੀ ਲਈ ਅਸਹਿ ਬਣ ਜਾਂਦੀ। ਢਿੱਲੜ ਨੂੰ ਪਿੰਡ ਦੀ ਪੰਚਾਇਤ ਹੀ ਮੁੜ ਟਿਕਾਣੇ ਸਿਰ ਲੈ ਆਇਆ ਕਰਦੀ। ਯਾਦ ਰੱਖੋ ਕਿ ੧੯੪੯ ਤੱਕ ਖ਼ਾਲਸਾ ਪੰਥ ਸਹਿਜਧਾਰੀ ਸ਼ਬਦ ਤੋਂ ਅਣਜਾਣ ਸੀ। ਇਹ ਸਹਿਜਧਾਰੀਆਂ ਸ਼ਬਦ ਵੀ ਉਦਾਸੀਆਂ ਨਿਰਮਲਿਆਂ ਮਹੰਤਾਂ ਆਦਿ ਪੰਥ ਦੇ ਵੈਰੀਆਂ ਦੀ ਹੀ ਦੇਣ ਹੈ। ਗੁਰੂ ਬਾਣੀ ਦਾ ਪਾਠ ਗਹੁ ਨਾਲ ਕਰੀਏ ਤਾਂ ਤਸੱਲੀ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਸਹਿਜਧਾਰੀ ਸ਼ਬਦ ਤੋਂ ਅਣਜਾਣ ਸੀ। ਉਨ੍ਹਾਂ ਦਿਨਾਂ ਨੂੰ ਵਾਪਸ ਲਿਆਉਣ ਲਈ ਸਾਨੂੰ ਸਾਰਿਆਂ ਨੂੰ ਕਮਰ-ਬਸਤਾ ਹੋਣ ਦੀ ਲੋੜ ਹੈ। ਜਨਮ ਤੋਂ ਹੀ ਲੈ ਕੇ ਸਿੱਖ ਦੇ ਅੰਦਰ ਪੱਕਾ ਵਿਸ਼ਵਾਸ਼ ਬਣ ਜਾਣਾ ਚਾਹੀਦਾ ਹੈ ਕਿ ਸਿੱਖੀ ਤੋਂ ਡਿਗ ਪੈਣ ਵਾਲੇ ਨੂੰ ਸਿੱਖ ਬਰਾਦਰੀ ਆਪਣੇ ਆਪ ਛੇਕ ਦਿੰਦੀ ਹੈ। ਸਾਰੇ ਸੰਸਾਰ ਲਈ ਸਿੱਖ ਸਮਾਜ ਦੀ ਬਾਹਰੀ ਪੱਕੀ ਪਛਾਣ, **ਪੰਜ ਕਕਾਰ** ਬਣ ਜਾਂਦੀ। ਇਨ੍ਹਾਂ ਤੋਂ ਬਿਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਸਮਝਿਆ ਜਾਣਾ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿੱਜੀ ਬੇਅਦਬੀ ਹੈ।

੮

## ਪੰਜ ਕਕਾਰੀ ਬਾਹਰੀ ਪਛਾਣ ਤੋਂ ਅੰਦਰਲੀ ਸਿੱਖੀ ਦੀ ਪਛਾਣ ਕੀ ਹੈ?

ਮਾਤਾ ਦੀ ਗੋਦ ਤੋਂ ਹੀ ਸਾਡੀ ਧਾਰਮਿਕ ਸਿਖਲਾਈ ਦਾ ਸਮਾਜਕ ਰਿਵਾਜ ਅਜੇਹਾ ਬਣ ਚੁੱਕਾ ਹੋਣਾ ਚਾਹੀਦਾ ਸੀ ਕਿ, ਪਰਵਾਰ ਦਾ ਕੋਈ ਵੀ ਜੀਵ ਅਜੇਹਾ ਨਾ ਰਹਿੰਦਾ ਜਿਹੜਾ ਉਪ੍ਰੋਕਤ ਪ੍ਰਸ਼ਨ ਦਾ ਬੜੀ ਸਰਲਤਾ ਨਾਲ ਠੀਕ ਉਤਰ ਨਾ ਦੇ ਸਕਦਾ :--(੧) ਗੁਰੂ ਦਾ ਸਿੱਖ ਕਿਸੇ ਦੂਜੇ ਨੂੰ ਉਸ ਦੇ ਧਰਮ ਬਾਰੇ ਪੁੱਛਣਾ ਹੀ ਨਹੀਂ ਜਾਣਦਾ। (੨) ਗੁਰਸਿੱਖ, ਸਾਰੇ ਸੰਸਾਰ ਦੇ ਜੀਆਂ ਨੂੰ ਭਾਵ,(ਬਿਨਾ ਦੇਸ਼ ਕੌਮ ਜ਼ਾਤ ਗੋਤ ਆਦਿ ਦੇ ਵਿਤਕਰੇ ਦੇ) ਸਰਬੱਤ ਨੂੰ (**ਏਕ ਪਿਤਾ ਏਕਸ ਕੇ ਹਮ ਬਾਰਿਕ**--) ਮਾਂ-ਪਿਉ ਜਾਇਆ ਆਪਣਾ ਵੀਰ ਜਾਣਦਾ ਅਤੇ ਪਿਆਰਦਾ ਹੈ। (੩) ਦੂਜੇ ਦਾ ਦੁਖ ਦਰਦ ਦੂਰ ਕਰਨ ਲਈ ਆਪਣਾ ਸਰਬੰਸ ਕੁਰਬਾਨ ਕਰਨ ਤੋਂ ਵੀ ਪਿੱਛੇ ਨਹੀਂ ਹਟਦਾ (੪) ਸਾਰੇ ਪ੍ਰਾਣੀਆਂ ਵਿਚ ਇੱਕ ਪਰਮਾਤਮਾ ਦੀ ਜੋਤਿ ਹੋਣ ਦੇ ਗੁਰਮਤਿ ਸਿਧਾਂਤ ਦੇ ਸਤਿਕਾਰ ਵਿਚ " **ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬ ਏਕੁ ॥** " ਗੁਰੂ ਦਾ ਸਿੱਖ ਹਰ ਦੂਜੇ ਨੂੰ ਆਪਣੇ ਨਾਲੋਂ ਚੰਗਾ ਜਾਣਦਾ ਹੈ। (੫) ਪਰਮਾਤਮਾ ਨੂੰ ਸਦਾ ਯਾਦ ਵਿਚ ਰਖਦਾ ਹੋਇਆ ਦੁਰਲੱਭ ਮਨੁੱਖ ਦੇਹ ਨੂੰ ਜਪਾਂ ਤਪਾਂ ਨਾਲ ਗਾਲਦਾ ਨਹੀਂ ਸਗੋਂ ਇਸ ਦੀ ਪਾਲਣਾ ਕਰਦਾ ਹੋਇਆ ਅਜੇਹਾ ਭੋਜਨ ਨਹੀਂ ਖਾਂਦਾ ਜਿਸ ਤੋਂ ਮਨ ਵਿਚ ਵਿਕਾਰ ਜਾਂ ਸਰੀਰ ਵਿਚ ਰੋਗ ਉਠਦਾ ਹੋਵੇ। ਗੁਰੂ ਦਾ ਸਿੱਖ ਆਪਣੀ ਭੁੱਲ ਮੰਨਣ ਵਿਚ ਕਦੇ ਢਿੱਲ ਨਹੀਂ ਕਰਦਾ ਅਤੇ ਆਪਣੇ ਆਪੇ ਨੂੰ ਸਦਾ ਪੜਤਾਲਦਾ ਰਹਿੰਦਾ ਹੈ। (੬) ਪਰਾਇਆ ਹੱਕ ਮੁਰਦਾਰ ਖਾਣ ਦੇ ਬਰਾਬਰ ਅਮਝਦਾ ਹੋਇਆ ਆਪਣੀ ਨੇਕ ਕਮਾਈ ਵਿਚੋਂ ਦਸਵਾਂ ਹਿੱਸਾ ਗਰੀਬ ਲੋੜਵੰਦਾ ਦੀ ਸਹਾਇਤਾ ਲਈ ਖ਼ਰਚਣਾ ਆਪਣੇ ਸਤਿਗੁਰਾਂ ਦੀ ਸੇਵਾ ਸਮਝਦਾ ਹੋਇਆ ਸਦਾ ਵੰਡ ਛਕਦਾ ਹੈ। (੬) ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਭਰਮਾਂ ਤੋਂ ਰਹਿਤ ਹੈ ਅਤੇ ਝੂਠ ਬੋਲਣਾ ਜਾਣਦਾ ਹੀ ਨਹੀਂ (੭) ਪਰਾਏ ਧਨ ਪਰਾਏ ਤਨ ਵੱਲ ਮੰਦੀ ਭਾਵਣਾ ਨਾਲ ਵੇਖਣਾ ਸਿੱਖ ਲਈ ਮੌਤ ਬਰਾਬਰ ਹੈ। (੮) ਸਿੱਖ ਮਿਠਬੋਲਾ ਅਤੇ ਬਚਨਾਂ ਦਾ ਪੱਕਾ ਹੁੰਦਾ ਹੈ। (੯) ਸਤਿਗੁਰਾਂ ਦਾ ਸਿੱਖ ਆਪ ਨਿਰਭੈ ਹੈ ਅਤੇ ਕਿਸੇ ਦੂਜੇ ਲਈ ਕਦੇ ਵੀ ਭੈ ਦਾ ਕਾਰਨ ਨਹੀਂ ਬਣਦਾ। (੧੦) ਗੁਰੂ ਦਾ ਸਿੱਖ ਖਿਮਾ ਦਾ ਪੁਤਲਾ ਹੈ ਅਤੇ ਬਦਲਾ ਭਾਵਣਾ ਤੋਂ ਅਣਜਾਣ ਹੈ।

ਅਜੇਹੇ ਗੁਰੂ ਸਿੱਖ ਦੀ ਢੂੰਡ ਸਾਰੇ ਸੰਸਾਰ ਦੇ ਜੀਆਂ ਦੀ ਲੋੜ ਬਣ ਜਾਣੀ ਸੀ। ਸਾਰਾ ਸੰਸਾਰ ਗੁਰੂ ਨਾਨਕ ਜੀ ਦਾ ਸਿੱਖ ਬਣਨ ਨੂੰ ਆਪਣੇ ਧਨ ਭਾਗ ਸਮਝਦਾ। ਅਜੇਹੇ ਗੁਰਸਿੱਖ ਨੂੰ ਵੇਖਦਿਆਂ ਹੀ ਮੂੰਹੋਂ ਅਵੱਸੋ ਇਨ੍ਹਾਂ ਅਰਥਾਂ ਵਾਲੇ ਬਚਨ ਨਿਕਲਿਆ ਕਰਨੇ ਸਨ--

੨੪- **ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥**
**ਦਰਿ ਸੇਵਨਿ ਸੰਤ ਜਨ ਖੜੇ, ਪਾਇਨਿ ਗੁਣੀ ਨਿਧਾਨੁ ॥ ੧ ॥ ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥**
**ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥ ੧ ॥ ਰਹਾਉ ॥**
**ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥ ਗੁਰ ਸਬਦੀ ਸਾਲਾਹੀਐ ਰੰਗੇ ਸਹਿਜ ਸੁਭਾਇ ॥ ਅਚੈ**
**ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥੨॥ ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ**
**ਜਾਇ ॥ ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥ ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥**
**੩ ॥ ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ**
**ਨਿਰੰਕਾਰ ॥ ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥ ੪ ॥**[੩੨]-੧੬-੪੯
ਸਾਰੇ ਸੰਸਾਰ ਵਿਚ ਗੁਰਸਿੱਖੀ ਫੁੱਲਦੀ ਫੈਲਦੀ ਰਹਿੰਦੀ---

**ਗੁਰੂ ਵਾਲਾ ਬਣਨਾ ਕਿ ਗੁਰੂ ਤੋਂ ਦੂਰ ਹੋਣਾ?** ਪੰਦਰਵੀ ਸਦੀ ਦੇ ਅਰੰਭ ਤੋਂ ੧੯੫੦ ਤੱਕ ਨਾਨਕ ਨਾਮ ਲੇਵਾ ਸਿੱਖ ਦੀ ਬਾਹਰੀ ਪਛਾਣ, ਸੁੱਚੇ ਕੇਸ ਸਨ। ਪੰਥ ਵਿਚ ਢਿੱਲ-ਮੱਠ ਲਿਆਉਣ ਵਾਲਾ ਸਹਿਜਧਾਰੀ ਲਫ਼ਜ਼ ਉਨ੍ਹਾਂ ਦਿਨਾਂ ਦੀ ਦੇਣ ਹੈ, ਜਿਨ੍ਹਾਂ ਦਿਨਾਂ ਦੀ ਦੇਣ ਹੈ, ਜਿਨ੍ਹਾਂ ਦਿਨਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਧਰਮਸ਼ਾਲਾ ਵਿਚ, ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ, ਸਾਵੀਂ ਪੂਜਾ ਕਰਵਾਉਣ ਲਈ ਦੇਵੀ

ਦੇਵਤਿਆਂ ਦੀਆਂ ਮੂਰਤੀਆਂ ਵੀ ਲਿਆ ਟਿਕਾਈਆਂ ਸਨ। ਜਿਨ੍ਹਾਂ ਦਿਨਾਂ ਵਿਚ ਗੁਰਪ੍ਰਤਾਪ ਸੂਰਜ ਵਿਚ ਦੁਸ਼ਟ ਦਮਨ ਦੀ ਕਥਾ ਲਿਖਣ ਦੇ ਨਾਲ ਦਸ਼ਮੇਸ਼ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਰੂਪ ਰੇਖਾ ਵਿਗਾੜੀ ਗਈ ਸੀ, ਗੁਰਸਿੱਖ ਦਾ ਨਿਆਰਾ ਰੂਪ ਵਿਗਾੜ ਕੇ ਮੁੜ ਉਸੇ (ਕੇਸ ਮੁਨਾ  ਕੇ ਮੰਦਰਾਂ ਵਿਚ ਟੱਲ ਖੜਕਾਉਣ ਵਾਲੀ) ਥਾਂ ਲਿਆਉਣ ਲਈ ਸਹਿਜਧਾਰੀ ਸਿੱਖੀ ਦਾ ਜਨਮ ਹੋ ਪਿਆ ਸੀ।

ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਬਣ ਜਾਣ ਵਾਲਾ ਸਾਡੇ ਲਈ ਅਜੇਹਾ ਧੁਰਾ ਬਣਾ ਦਿੱਤਾ ਗਿਆ ਜਿਸ ਨੇ ਸਿੱਖ ਬੱਚੇ ਨੂੰ ਸਿਰ ਮੁਨਾ ਲੈਣ ਦਾ ਅਥਵਾ ਤਮਾਕੂ ਆਦਿ ਪੀ ਲੈਣ ਦਾ ਹੌਸਲਾ ਦਿੱਤਾ। ਜਿਸ ਮਾਤਾ ਨੇ ਆਪਣੇ ਬੱਚੇ ਨੂੰ ਗ੍ਰਭ ਸਮੇ ਤੋਂ ਉਪ੍ਰੋਕਤ ਵਰਨਣ ਸਿਖਿਆ ਦੇਣੀ ਅਰੰਭ ਕਰਨੀ ਸੀ ਖੰਡੇਪਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸੱਜ ਸਕਣ ਵਾਲੇ ਵਿਧੀ-ਵਿਧਾਨ ਬਣ ਜਾਣ ਤੋ,ਂ ਉਸ ਮਾਤਾ ਦੇ ਵਿਚਾਰ ਇਉਂ ਮੋੜਾ ਖਾ ਗਏ--" **ਹਾਲੀ ਮੌਜ ਮੇਲਾ ਕਰ ਲਵੇ ਆਪੇ ਸਾਡਾ ਕਾਕਾ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾਵੇਗਾ"** ਕਿਤੇ ਗੁਰੂ ਵਾਲਾ ਬਣਨ ਦਾ ਇਹ ਵਿਧਾਨ ਨਾ ਬਣਿਆਂ ਹੁੰਦਾ ਤਾਂ ਸਿਰ-ਗੰਮਿਾਂ ਦਾ ਟੋਲਾ ਕਦੇ ਵੀ ਗੁਰੂ ਦਾ ਸਿੱਖ ਨਾ ਅਖਵਾ ਸਕਦਾ। ਮੋਨੇ ਨੂੰ ਭਰਾ ਵੀਰ ਤਾਂ ਸਮਝਿਆ ਜਾਂਦਾ ਸੀ ਉਸ ਨੂੰ ਸਤਿਗੁਰਾਂ ਦਾ ਸਿੱਖ ਕਦੇ ਨਹੀ ਸੀ ਸਮਝਿਆ ਜਾ ਸਕਦਾ। ਖੰਡੇ-ਬਾਟੇ ਦੇ ਅੰਮ੍ਰਿਤ ਨੇ ਗੁਰਮਤਿ ਤੋਂ ਅਗਿਆਨੀ ਰਹਿਣ ਦਾ ਰਾਹ ਪੱਕਾ ਕੀਤਾ ਅਤੇ ਪਤਿਤ ਪੁਣਾ ਫੈਲਾਇਆ। **ਸਰੀਰ** ਨੂੰ ਸਿੰਘ ਸਜਾ ਲੈਣ ਦੇ ਭਰਮ ਨੇ **ਮਨ** ਨੂੰ ਸਿੱਖ ਬਨਾਉਣ ਦੀ ਲੋੜ ਮੁਕਾ ਦਿੱਤੀ। ਸਤਿਗੁਰਾਂ ਦੇ ਇਸ ਅਨਮੋਲ ਬਚਨ ਦੀ ਮੁਹੱਤਤਾ ਸਮਝਣ ਦੀ ਸਾਨੂ ਕੋਈ ਲੋੜ ਨਾ ਰਹੀ--

੨੫- **ਕਬੀਰ  ਮਨੁ ਮੂੰਡਿਆ ਨਹੀਂ, ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ ੧੦੧ ॥** [੧੩੬੯]

ਕੀ, ਇਸ ਪਾਵਨ ਗੁਰੂ ਵਾਕ ਦਾ ਇਹ ਅਰਥ ਨਹੀਂ ਬਣਦਾ **ਕਿ**, ਕੇਵਲ ਖੰਡੇ ਬਾਟੇ ਦੇ ਅੰਮ੍ਰਿਤ ਛਕਣ ਦਾ ਕੀ ਗੁਣ ਜੇ ਗੁਰਮਤਿ ਅਨੁਸਾਰ ਆਚਰਨ ਨਹੀਂ ਢਾਲਿਆ ? ਜੇ ਮਨ ਨੇ ਸਿੱਖੀ ਧਾਰਨ ਨਹੀਂ ਕੀਤੀ, ਜੇ ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਨਹੀਂ ਬਣਾਇਆ, ਜੇ ਕਰਨਾ ਸਭ ਕੁਝ ਉਹ ਹੈ ਜਿਸ ਤੋਂ ਗੁਰਦੇਵ ਜੀ ਨੇ ਵਰਜਿਆ ਹੈ, ਤਾਂ ਸਰੀਰ ਨੂੰ ਪੰਜ ਕਕਾਰਾਂ ਵਾਲੇ ਬਾਣੇ ਨਾਲ ਸ਼ਿੰਗਾਰਨ ਦਾ ਕੀ ਅਰਥ:--

੨੬- **ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੇ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**[੮੩੬]

ਸਤਿਗੁਰੂ ਨਾਨਕ ਜੀ ਦੇ ਉਸ ਸਿੱਖ ਲਈ ਜਿਸ ਨੇ ਛੱਟਮ-ਪੀਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇ ਮੁਗ਼ਲ-ਸ਼ਾਹੀ ਫੌਜਾਂ ਨੂੰ ਚਾਰ ਵਾਰੀ ਕਰਾਰੀ ਹਾਰ ਦਿੱਤੀ ਸੀ, ਜਿਹੜਾ ਉਬਲਦੀਆਂ ਦੇਗਾ ਵਿਚ ਬੈਠ ਕੇ ਆਲੂ ਵਾਂਗ ਉਬਾਲਿਆ ਜਾਣਾ ਅਥਵਾ ਆਰੇ ਹੇਠ ਬੈਠ ਕੇ ਦੋ ਫਾੜ ਚੀਰਿਆ ਜਾਣਾ, ਖਿੜੇ ਮੱਥੇ ਝੱਲ ਚੁੱਕਾ ਸੀ, ਗੁਰੂ ਨਾਨਲ ਸਾਹਿਬ ਜੀ ਦੀ ਜਿਸ ਸਿੱਖ ਨੇ ਦਸਵੇਂ ਗੁਰੂ ਨਾਨਕ ਜੀ ਦੀ ਅਗਾਵਾਈ ਵਿਚ ਅਚਨਚੇਤ ਗਲ ਆ ਪਏ ਸਭ ਤੋਂ ਵੱਧ ਖ਼ਤਰਨਾਕ ਜੁੱਧ ਨੂੰ ਭੰਗਾਣੀ ਦੇ ਮੈਦਾਨ ਵਿਚ ਜਿਤਿਆ ਸੀ, ਜਿਸ ਸਿੱਖ ਨੇ ਨਦੌਣ ਆਦਿ ਵਾਰਗੇ ਕਈ ਜੰਗ ਜਿੱਤੇ ਸਨ, ਉਸ ਪੂਰਨ ਸੰਤ ਸੂਰਮੇ ਸਿੱਖ-ਪੰਥ ਦੀ ਹੋਂਦ ਨੂੰ ਸਖ਼ਤ ਖਤਰਾ ਬਣਿਆਂ ਅਨੁਭਵ ਕੀਤਾ ਤਾਂ ਇਸ ਦੀ ਮੂਰਤਿ ਸੂਰਤ ਦੀ ਪੱਕੀ ਸੰਭਾਲ ਦਾ ਬਾਨ੍ਹਣੂੰ ਬੰਨ੍ਹਣ ਲਈ ਦਸ਼ਮੇਸ਼ ਜੀ ਨੇ, ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਦਾ ਸਮਾਗਮ ਰਚਿਆ ਸੀ।

ਦਸਮ ਸ੍ਰੀ ਗੁਰੂ ਨਾਨਕ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਤੋਂ ਪਹਿਲਾਂ, ਮੌਤ ਦੀ ਬੜੀ ਭਿਆਨਕ ਲਕੀਰ ਖਿਚੀ ਸੀ। ਇਸ ਲਕੀਰ ਨੂੰ ਪਾਰ ਕਰ ਜਾਣ ਦਾ ਅਰਥ, ਪੂਰਨ ਤੌਰ ਤੇ ਤਿਆਗੀ ਮਰਜੀਵੜਾ ਬਣ ਚੁੱਕਾ ਹੋਣ ਦਾ ਪ੍ਰਤੱਖ ਸਬੂਤ ਸੀ। ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੇ ਰੂਪ ਵਿਚ ਇੱਕ ਬੜਾ ਲਾਹੇਵੰਦ ਅਤੇ ਬੜਾ ਜ਼ਰੂਰੀ ਪ੍ਰਣ ਲਿਆ ਗਿਆ ਸੀ। " ਮੈਂ, ਗੁਰੂ ਨਾਨਕ ਜੀ ਦੀ ਸਿੱਖੀ ਦੀ ਸਿੱਖੀ ਨੂੰ ਆਪਣੀ ਜਿੰਦ ਨਾਲੋਂ ਵੱਧ ਪਿਆਰੀ ਸਮਝਾਂਗਾ। ਪੰਥ ਦੀ ਚੜ੍ਹਦੀ ਕਲਾ ਲਈ, ਸਚਾਈ ਦੀ ਰਖਿਆ ਲਈ, ਜੇ ਖ਼ਤਰਾ ਆ ਬਣੇ ਤਾਂ ਨਿਤਾਣਿਆਂ ਨੂੰ ਉੱਚਾ ਚੁੱਕਣ ਦੇ ਯਤਨਾਂ ਵਿਚ ਪੁਰਜਾ ਪੁਰਜਾ ਕੱਟ ਕੇ ਸ਼ਹੀਦੀ ਪਾਉਣ ਨੂੰ ਧੰਨ ਭਾਗ ਸਮਝਾਂਗਾ। ਅੱਜ ਇਹ ਉਚੇਚਾ ਪ੍ਰਣ ਉਚੇਚੇ ਤੌਰ ਤੇ ਉਸ ਗੁਰਸਿੱਖ ਕੋਲੋਂ ਲੈਣਾ ਚਾਹੀਦਾ ਹੈ ਜਿਸ ਨੇ ਪੰਥ ਦਾ ਆਗੂ ਅਥਵਾ ਜਥੇਦਾਰ ਬਣਨਾ ਹੁੰਦਾ ਹੈ। ਹਰ ਪ੍ਰਕਾਰ ਦੇ ਸੁਆਰਥੀ ਲਾਭ ਦੇ ਤਿਆਗ ਦਾ ਉਚੇਚਾ ਪ੍ਰਣ ਸਿੰਘ ਸਾਹਿਬ ਦੀ ਪਦਵੀ ਵਾਲੇ ਗ੍ਰੰਥੀ ਜੀ ਤੋਂ ਅਤੇ ਕੌਮ ਦੇ ਆਗੂ ਜਥੇਦਾਰ ਜੀ ਤੋਂ ਲੈਣਾ ਚਾਹੀਦਾ ਹੈ। ਜੇ ਉਸ ਦਾ ਜੀਵਨ ਪੂਰਨ ਤੌਰ ਤੇ ਨਿਆਰੇ ਸੰਤ-ਸੂਰਮਿਆਂ ਵਾਲਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੱਚ ਦੇ ਸੱਚੇ ਵਿਚ ਢਲਿਆ ਹੋਇਆ ਬਣ ਗਿਆ, ਤਾਂ ਪੰਥ ਵਿਚ ਢਿੱਲ ਨਹੀਂ ਰਹਿ ਸਕੇਗੀ। ਖੰਡੇ ਬਾਟੇ ਨੂੰ ਗੁਰੂ ਵਾਲਾ ਬਨਾਉਣ ਦਾ ਸਾਧਨ ਮੰਨ ਲੈਣਾ, ਵਡੀ ਭੁੱਲ ਹੈ। ਗੁਰੂਵਾਲਾ ਬਨਾਉਣ ਦੀ ਸੇਵਾ ਮਾਤਾ ਅਤੇ ਪਿਤਾ ਨੂੰ ਸੌਂਪਣ ਲਈ ਅਥਵਾ ਸਿੱਖੀ ਨੂੰਾਂ ਅਗਾਂਹ ਤੋਂ ਅਗਾਂਹ ਸਦੀਵੀ ਪਰਫੁੱਲਤ ਰਹਿਣ ਜੋਗ ਕਰਨ ਲਈ, ਮਾਤਾ ਪਿਤਾ ਦੇ ਜੀਵਨ ਨੂੰ ਸਤਿਗੁਰਾਂ ਦੇ ਇਸ ਪਾਵਨ ਹੁਕਮ ਅਨੁਸਾਰ ਬਨਾਉਣ ਲਈ ਪੰਥਕ ਤੌਰ ਤੇ ਬੜੇ ਵਿਸ਼ਾਲ ਪ੍ਰਬੰਧਾਂ ਦੀ ਲੋੜ ਹੈ:----

੨੭- **ਰਾਮੋ ਰਾਮ ਨਾਮੁ ਸਤੇ ਸਤਿ  ਗੁਰਮੁਖਿ  ਜਾਣਿਆ ਰਾਮ ॥ ਸੇਵਕੋ  ਗੁਰ  ਸੇਵਾ  ਲਾਗਾ,  ਜਿਨਿ ਮਨੁ ਤਨੁ**
**ਅਰਪਿ ਚੜਾਇਆ ਰਾਮ ॥ ਮਨੁ ਤਨੁ  ਅਰਪਿਆ  ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ ॥**
**ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ ॥ ਗੁਰੂ ਸਿਖੁ, ਸਿਖੁ  ਗੁਰੂ ਹੈ  ਏਕੋ ਗੁਰ ਉਪਦੇਸੁ**
**ਚਲਾਏ ॥ ਰਾਮ  ਨਾਮ  ਮੰਤੁ  ਹਿਰਦੈ  ਦੇਵੈ  ਨਾਨਕ ਮਿਲਣੁ ਸੁਭਾਏ ॥ ੮ ॥** [੪੪]-੨-੯

# ੯

# ਅਨੰਦ ਸੰਸਕਾਰ

[ਕਿਉਂਕਿ ਪੰਥ ਵਲੋਂ ਬਣਾਈ ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿਚ ਵਿਆਹ ਸ਼ਾਦੀਆਂ ਦੀ ਮਰਯਾਦਾ ਲਿਖਦਿਆਂ ਏਹੀ ਸਿਰਲੇਖ ਵਰਤਿਆ ਹੋਇਆ ਹੈ ਏਸੇ ਕਾਰਨ ਦਾਸ ਨੇ ਵੀ ਸਿਰਲੇਖ ਵਿਚ ਬ੍ਰਾਹਮਣੀ ਗ੍ਰੰਥਾਂ ਵਾਲਾ ' ਸੰਸਕਾਰ " ਪਦ ਵਰਤਿਆ ਹੈ]

ਇਸ ਪੁਸਤਕ ਦੇ ਪਹਿਲੇ ਭਾਗ ਦੇ ਅਰੰਭ ਵਿਚ ਮਨੁੱਖ ਦੇ ਅਰੰਭਕ ਜੀਵਨ ਬਾਰੇ ਮਿਥਿਹਾਸਕ ਅਤੇ ਇਤਿਹਾਸਕ ਵਿਚਾਰਾਂ ਵਿਸਥਾਰ ਨਾਲ ਕੀਤੀਆਂ ਜਾ ਚੁੱਕੀਆਂ ਹਨ । ਜੰਗਲਾਂ ਵਿਚ ਨੰਗ-ਧੜੰਗੇ ਜਾਨਵਰਾਂ ਵਾਂਗ ਰਹਿਣ ਵਾਲੇ ਮੁਢਲੇ ਇਸਤ੍ਰੀ ਮਨੁੱਖ ਦੇ ਸੰਬੰਧ ਵੀ ਪਸ਼ੂਆਂ ਵਰਗੇ ਹੀ ਸਨ। ਸਮਾਜਕ ਜ਼ਿੰਦਗੀ ਨੇ ਹੌਲੀ ਹੌਲੀ ਵਿਕਾਸ ਕੀਤਾ। ਇਸਤ੍ਰੀ ਮਰਦ ਦੇ ਆਪਸੀ ਸੰਬਧਾਂ ਬਾਰੇ ਕਈ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਭਾਰਤੀ ਮਨੁੱਖ ਦੇ ਇਤਿਹਾਸ ਵਿਚ ਇਹ ਸਮਾ ਵੀ ਰਿਹਾ ਹੈ ਜਦੋਂ ਕੇਵਲ ਇਹ ਕਹਿ ਦੇਣ ਨਾਲ ਕਿ ਮੈਂ ਤੇਰਾ ਪਤੀ ਹਾਂ, ਤਾਂ ਇਸਤ੍ਰੀ ਪਤਨੀ ਰੂਪ ਵਿਚ ਉਸ ਨਾਲ ਜ਼ਿੰਦਗੀ ਗੁਜ਼ਾਰਨ ਤੇ ਰਾਜ਼ੀ ਹੋ ਜਾਂਦੀ ਸੀ। ਅਜੇਹੀ ਸ਼ਾਦੀ ਨੂੰ ' ਗਾਂਧਰਵ ਵਿਆਹ " ਕਿਹਾ ਜਾਂਦਾ ਸੀ । ਮਹਾਂਭਾਰਤ ਗਾਥਾ ਵਿਚ ਕਥਿਤ ਚਕਰਵਰਤੀ ਰਾਜਾ ਭਰਤ ਦੀ ਮਾਤਾ (ਮੇਨਕਾ ਨਾਮੀ ਅਪੱਛਰਾਂ ਅਤੇ ਰਿਖੀ ਵਿਸ਼ਵਾਮਿੱਤ੍ਰ ਦੀ ਧੀ) ਸ਼ਕੁੰਤਲਾ ਦਾ ਮਹਾਰਾਜਾ ਦੁਸ਼ਯੰਤ ਦੇ ਨਾਲ **ਗੰਧਰਵ ਵਿਆਹ** ਹੀ ਦਰਸਾਇਆ ਹੋਇਆ ਹੈ। ਏਸੇ ਤਰ੍ਹਾਂ ਸਤਯਾਵਾਨ ਅਤੇ ਸਾਵਿਤ੍ਰੀ ਦਾ ਵੀ ਗੰਧਰਵ ਵਿਆਹ ਹੀ ਸੀ। ਇਹ ਵਿਆਹ ਭਾਂਵੇਂ ਬ੍ਰਾਹਮਣ ਦੀ ਕਹਾਣੀ ਕਲਾ ਦੀ ਹੀ ਉਪਜ ਹਨ, ਪਰ ਇਸ ਤੋਂ ਇਹ ਸਿੱਧ ਜ਼ਰੂਰ ਹੁੰਦਾ ਹੈ ਕਿ ਲੋਕਾਂ ਵਿਚ ਕਦੇ ਵਿਆਹ ਦੀ ਅਜੇਹੀ ਮਰਯਾਦਾ ਵੀ ਪ੍ਰਚਲਤ ਰਹੀ ਹੈ। ਸਵੈਂਬਰ ਸਮੇ ਇਸਤ੍ਰੀ ਆਪਣੀ ਪਸੰਦ ਦੇ ਮਨੁੱਖ ਦੇ ਗਲ ਵਿਚ ਹਾਰ ਪਾ ਦਿਆ ਕਰਦੀ ਸੀ ਤਾਂ ਉਹ ਜੋੜਾ ਪਤੀ ਪਤਨੀ ਮੰਨੇ ਜਾਂਦੇ ਸਨ। ਹੌਲੀ ਹੌਲੀ ਬ੍ਰਾਹਮਣ ਨੇ ਅਜੇਹਾ ਮਾਇਆ-ਜਾਲ ਵਿਛਾ ਲਿਆ ਕਿ, ਗ੍ਰਭ ਵਿਚ ਆਉਣ ਸਮੇ ਤੋਂ ਅਰੰਭ ਹੋ ਕੇ, ਮਰਨ ਦੇ ਪਿਛੋਂ ਕਈ ਪੀੜ੍ਹੀਆਂ ਤਾਂਈਂ, ਮਨੁੱਖ, ਪ੍ਰੋਹਿਤ ਦੀ ਆਮਦਨ ਦਾ ਸਾਧਨ ਬਣ ਗਿਆ ਸੀ ।

ਬੱਚੀ ਬੱਚੇ ਦੇ ਵਿਆਹ ਨਾਲ ਸੰਬੰਧਤ ਠਾਕੇ ਦੀ ਰਸਮ ਤੋਂ ਮੁਕਲਾਵੇ ਦੀ ਰਸਮ ਤੱਕ ਪ੍ਰੋਹਿਤ ਜੀ ਦੇ ਲਾਗਾਂ ਦੀ ਪੱਕੀ ਸੂਚੀ ਬਣ ਗਈ। ਕਈ ਤਰ੍ਹਾਂ ਦੇ ਸ਼ਗੁਨਾਂ ਅਪਸ਼ਗੁਨਾਂ ਦੇ ਭਰਮਾਂ ਵਿਚ ਫ਼ਸਾ ਕੇ ਹਰ ਸ਼ਗੁਨ ਲਈ ਸ਼ੁੱਭ ਅਤੇ ਅਸ਼ੁਭ ਮਹੂਰਤਾਂ ਦਾ ਪਤਾ ਦੇਣ ਵਾਲੀ ਬ੍ਰਾਹਮਣ ਦੀ ਪੱਤ੍ਰੀ, ਕਈ ਢੰਗਾਂ ਨਾਲ ਗ੍ਰੀਬਾਂ ਦਾ ਲਹੂ ਨਿਚੋੜਨ ਲੱਗ ਪਈ। ਪੁਸਤਕ ਦੇ ਪਹਿਲੇ ਭਾਗ ਵਿਚ ਸਪੱਸ਼ਟ ਕੀਤਾ ਗਿਆ ਹੈ, ਕਿ ਕਥਿਤ ਮਰਯਾਦਾ ਪਰਸ਼ੋਤਮ ਰਾਜਾ ਰਾਮ ਚੰਦ੍ਰ ਜੀ ਦੀ, ਆਪਣੀ ਮਰਯਾਦਾ ਕੋਈ ਹੈ ਹੀ ਨਹੀਂ ਸੀ। ਉਨ੍ਹਾਂ ਨੇ ਸਾਰੀ ਉਮਰ ਉਸੇ ਮਰਯਾਦਾ ਦੀ ਪਾਲਣਾ ਸਾਊਆਂ ਵਾਂਗ ਕੀਤੀ, ਜਿਹੜੀ ਬ੍ਰਾਹਮਣ ਨੇ ਪਹਿਲਾਂ ਤੋਂ ਬਣਾਈ ਹੋਈ ਸੀ। T.V. ਤੇ ਵਿਖਾਈ ਗਈ ਰਾਮਾਇਣ ਗਾਥਾ ਵਿਚ ਸ੍ਰੀ ਰਾਮ ਚੰਦਰ ਜੀ ਦਾ ਵਿਆਹ ਬੜੇ ਵਿਸਥਾਰ ਨਾਲ ਵਿਖਾਇਆ ਹੋਇਆ ਹੈ। ਕੁੜਮਾਈ ਦਾ ਸੁਨੇਹਾ ਆਉਣ ਸਮੇਂ ਸ਼ਾਹੀ ਮਹਲਾਂ ਵਿਚ ਬ੍ਰਾਹਮਣਾ ਨੂੰ ਦਾਨ ਪੁੰਨ ਦਾ ਚੱਕਰ ਚੱਲ ਪੈਂਦਾ ਹੈ। ਜੰਞ ਦੀ ਚੜ੍ਹਾਈ, ਢੁਕਾਈ ਮਿਲਣੀ ਅਤੇ ਫਿਰ ਵਿਆਹ ਸਮੇ ਕਈ ਤਰ੍ਹਾਂ ਦੇ ਸ਼ਗੁਨ, ਬਰਾਤ ਦੀ ਸੇਵਾ ਸੰਭਾਲ, ਜ਼ਨਾਨੀਆਂ ਦੀਆਂ ਸਿਠਨੀਆਂ, ਗੀਤ, ਰਾਮਜਣੀਆਂ ਦੇ ਨਾਚ, ਬੇਸ਼ੁਮਾਰ ਦਾਜ, ਵਿਦਾਇਗੀ ਸਮੇ ਦੇ ਰੋਣੇ ਕੁਰਲਾਉਣੇ ਸਭ ਕੁਝ ਹਿੰਦੂ ਧਰਮ ਦਾ ਅੰਗ ਬਣਿਆਂ ਅਨੋਖਾ ਪ੍ਰਭਾਵ ਪਾ ਰਿਹਾ ਹੁੰਦਾ ਹੈ। " ਵਿਦੇਹ " ਭਾਵ ਵਡਾ ਤਿਆਗੀ ਅਖਵਾਉਣ ਵਾਲਾ ਮਹਾਰਾਜਾ ਜਨਕ, (ਢਿੱਡ ਦੀ ਜੰਮੀ ਨਹੀ,' ਕੇਵਲ) ਹਲ ਦੇ ਸਿਆੜ ਵਿਚੋਂ ਲੱਭੀ ਧੀ, " ਸੀਤਾ ਜੀ " ਦੇ ਵਿਛੋੜੇ ਦੇ ਖ਼ਿਆਲ ਨਾਲ ਹੀ ਬਿਹਬਲ ਹੋਇਆ ਹਟਕੋਰੇ ਭਰਦਾ ਦਰਸਾਇਆ ਹੋਇਆ ਹੈ। ਸਹੁਰੇ ਦੇ ਘਰ ਵਿਚ ਜਵਾਈ ਲਈ ਕੀਤੇ ਗਏ ਸ਼ਗੁਨ ਅਤੇ ਫਿਰ ਅਜੁਧਿਆ ਆ ਕੇ ਸੀਤਾ ਜੀ ਅਤੇ ਰਾਮ ਦਾ ਕੱਚੀ ਲੱਸੀ ਵਿਚੋਂ ਕੰਗਣ ਲਭਣ ਦਾ ਮੁਕਾਬਲਾ, ਕਈ ਕੁੱਝ ਰਾਮ-ਰੱਬ ਜੀ ਕੋਲੋਂ ਕਰਵਾ ਕੇ ਬ੍ਰਾਹਮਣ ਨੇ ਸਾਰੇ ਭਰਮ-ਜਾਲ ਨੂੰ ਰੱਬੀ ਹੁਕਮ ਬਣਵਾ ਲਿਆ।

ਧਰਮ ਗ੍ਰੰਥਾਂ ਵਿਚ ਅਜੇਹਾ ਕੁਝ ਲਿਖਿਆ ਹੋਣੇ ਦੇ ਕਾਰਨ, ਵਿਆਹਾਂ ਤੇ ਕੀਤੇ ਜਾਣ ਵਾਲੇ ਖ਼ਰਚੇ ਏਨੇ ਜਿਆਦਾ ਵਧ ਗਏ ਕਿ ਵਿਆਹ ਦੇ ਮਗਰੋਂ ਕਈ ਸਾਲਾਂ ਤੱਕ ਘਰ ਵਾਲਿਆਂ ਕੋਲੋਂ ਕਰਜ਼ਾ ਨਹੀਂ ਸੀ ਲਾਹਿਆ ਜਾਂਦਾ। ਦਾਜ ਦੀਆਂ ਰਕਮਾਂ ਪੂਰੀਆਂ ਨਾ ਕਰ ਸਕਣ ਵਾਲਿਆਂ ਗ਼ਰੀਬ ਮਾਪਿਆਂ ਦੀਆਂ ਕਈ ਬੱਚੀਆਂ ਨੇ ਕੁਆਰੀਆਂ ਨੇ ਹੀ ਉਮਰ ਗੁਜ਼ਾਰ ਦਿੱਤੀ* । *(Foot note:--ਇਸਤ੍ਰੀ ਦੀ ਜੋ ਮੰਦੀ ਹਾਲਤ ਬ੍ਰਾਹਮਣ ਨੇ ਬਣਾ ਦਿੱਤੀ ਹੋਈ ਸੀ, ਇਸ ਦਾ ਪੂਰਾ ਹਾਲ ਪੁਸਤਕ ਦੇ ਪਹਿਲੇ ਭਾਗ ਵਿਚ ਆ ਚੁੱਕਾ ਹੈ।) ਗ਼ਰੀਬਾਂ ਅਤੇ ਦੁਖੀਆਂ ਦੇ ਹਮਦਰਦ ਅਤੇ ਸੱਚੇ ਸਹਾਈ ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਜਿਵੇਂ ਇਸਤ੍ਰੀ ਦਾ ਸਤਿਕਾਰ ਕਰਨਾ ਸਿਖਾਇਆ ਉਸ ਬਾਰੇ ਵੀ ਲਿਖਿਆ ਜਾ ਚੁੱਕਾ ਹੈ । ਲੋਕਾਂ ਦੇ ਗਲਾਂ ਵਿਚ ਜਨੇਊ ਪਾਉਣ ਦਾ ਪਖੰਡ ਕਰਨ ਵਾਲੇ ਬ੍ਰਾਹਮਣ ਦੇ ਆਪਣੇ ਆਚਰਨ ਵਿਚ ਆਈ ਗਿਰਾਵਟ ਦਾ ਜਿਕਰ ਕਰਦੇ ਸਮੇ, ਸਤਿਗੁਰੂ ਨਾਨਕ ਜੀ ਨੇ, ਪਰੋਹਿਤ ਦੀ ਉਸ ਭਿਆਨਕ **" ਲੁੱਟ "** ਦਾ ਜ਼ਿਕਰ ਵੀ ਕੀਤਾ ਹੈ, ਜਿਹੜੀ ਉਸ ਨੇ ਮੁਹੂਰਤ ਆਦਿ ਦੱਸਣ ਦੇ ਬਹਾਨੇ ਆਪਣੀ ਪੱਤਰੀ ਰਾਹੀਂ, ਅਤੇ ਵਿਆਹ ਕਰਾਉਣ ਦੀ ਰਸਮ ਨਿਭਾਉਂਣ ਦੀ ਫ਼ੀਸ ਵਜੋਂ **ਦੱਛਣਾ** ਦੇ ਰੂਪ ਵਿਚ ਮਚਾਈ ਹੋਈ ਸੀ। ਗੁਰੂ-ਫ਼ੁਰਮਾਨ ਇਸ ਪ੍ਰਕਾਰ ਹੈ:--

੨੮- **ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥**
**ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥**
**ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥**[੪੭੧]-ਵਾਰ-੧੫

[ਨੋਟ:-ਇਸ ਸਲੋਕ ਦੇ ਅਰਥ ਪੁਸਤਕ ਦੇ ਪਹਿਲੇ ਭਾਗ ਦੇ " ਜਨੇਊ ' ਲੇਖ ਵਿਚ ਲਿਖੇ ਜਾ ਚੁੱਕੇ ਹਨ ]

ਨਿਤਾਣੀ ਅਤੇ ਲਿਤਾੜੀ ਹੋਈ ਇਸਤ੍ਰੀ ਜ਼ਾਤੀ ਨਾਲ ਅਥਾਹ ਹਮਦਰਦੀ ਰੱਖਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੀਸਰੇ ਸਰੂਪ ਸਮੇ ਫਿਰ ਬ੍ਰਾਹਮਣ ਨੂੰ ਉਸ ਲੁੱਟ ਤੋਂ ਵਰਜਣ ਦਾ ਯਤਨ ਕਰਦਿਆਂ ਫ਼ੁਰਮਾਨ ਕੀਤਾ:--

੨੯- **ਸਸੈ ਸੰਜਮੁ ਗਇਓ ਮੂੜੇ, ਏਕੁ ਦਾਨੁ ਤੁਧੁ ਕੁਥਾਇ ਲਇਆ ॥ ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ ੬ ॥**[੪੩੫]

**ਅਰਥ:**--(ਆਪਣੇ ਆਪ ਨੂੰ ਪੰਡਿਤ ਸਮਝਣ ਵਾਲੇ) ਹੇ ਮੂਰਖ ! (ਨਿਰੀ ਮਾਇਆ ਦੀ ਖ਼ਾਤਰ ਪੜ੍ਹਨ ਪੜ੍ਹਾਉਣ ਕਾਰਨ ਲਾਲਚ-ਵੱਸ ਹੋ ਕੇ) ਤੂੰ ਜੀਵਨ-ਜੁਗਤ ਵੀ ਗਵਾ ਬੈਠਾ ਹੈਂ । (ਪਰੋਹਿਤ ਹੋਣ ਕਰਕੇ ਤੂੰ ਆਪਣੇ ਜਜਮਾਨ ਪਾਸੋਂ ਹਰ ਦਿਨ-ਦਿਹਾਰ ਤੇ ਦਾਨ ਲੈਂਦਾ ਹੈ, ਪਰ) ਇੱਕ ਦਾਨ ਤੂੰ ਆਪਣੇ ਜਜਮਾਨ ਤੋਂ ਗ਼ਲਤ ਥਾਂ ਲੈਂਦਾ ਹੈ । ਜਜਮਾਨ ਦੀ ਧੀ ਤੇਰੀ ਹੀ ਧੀ ਹੈ (ਧੀ ਦੇ ਵਿਆਹ ਤੇ ਜਜਮਾਨ ਪਾਸੋਂ ਦਾਨ ਲੈਣਾ, ਧੀ ਦੇ ਘਰ ਦਾ ਅੰਨ ਖਾਣ ਨਾਲ (ਇਹ ਪੈਸਾਂ ਖਾਣ ਨਾਲ) ਤੂੰ ਆਪਣਾ ਆਤਮਕ ਜੀਵਨ ਗਵਾ ਲੈਂਦਾ ਹੈਂ।੬। ਫਿਰ ਦਾਜ ਦੀ ਲਾਹਨਤ ਨਾਲ ਧੀਆਂ ਵਾਲਿਆਂ ਦਾ ਆਪਣੇ ਨੱਕ ਨਮੂਜ ਦੀ ਖਾਤਰ ਹੰਕਾਰ ਵੱਸ ਹੋਕੇ ਖ਼ਰਚ ਕਰਨਾ ਅਤੇ ਫਿਰ ਦੁਖੀ ਹੋਣਾ, ਵੀ ਸਤਿਗੁਰਾਂ ਤੋਂ ਬਰਦਾਸ਼ਤ ਨਾ ਹੋਇਆ। ਦਾਨ ਦੇ ਬਹਾਨੇ ਦਾਜ ਦੁਆਰਾ ਲੁੱਟੇ ਜਾ ਰਹੇ ਹੰਕਾਰੀ ਮੂਰਖ ਨੂੰ, ਸਮਝਾਇਆ ਕੀ ਉਸ ਦੀ ਧੀ ਉਸ ਤੋਂ (ਜੀਵ-ਇਸਤ੍ਰੀ ਆਪਣੇ ਸਤਿਗੁਰੂ ਤੋਂ) ਅਜੇਹਾ ਦਾਨ ਲੋੜਦੀ ਹੈ ਜਿਹੜਾ ਲੋਕ ਪਰਲੋਕ ਵਿਚ ਸੋਭਾ ਵਾਲਾ ਹੋਵੇ । ਲੋਕ ਵਿਖਾਵੇ ਲਈ ਜਿਹੜਾ ਦਾਜ ਖਿਲਾਰ ਕੇ ਲੋਕਾਂ ਨੂੰ ਵਿਖਾਉਂਦੇ ਹੋ ਨਿਰਾ ਹੰਕਾਰ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਦੁਖਾਂ ਦਾ ਕਾਰਨ ਬਣਦਾ ਹੈ। ਸੱਚੇ ਹਮਦਰਦ ਸਤਿਗੁਰੂ ਨਾਨਕ ਜੀ ਨੇ ਉਪਦੇਸ਼ ਦੇਣ ਦੇ ਆਪਣੇ ਨਿਆਰੇ ਢੰਗ ਨਾਲ, ਚੌਥੇ ਸਰੂਪ ਵਿਚ ਇਉਂ ਫ਼ੁਰਮਾਨ ਕੀਤਾ :--

੩੦- **ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥ ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ ੪ ॥**[੭੮]-੧

**ਅਰਥ:**--ਹੇ ਮੇਰੇ ਪਿਤਾ ! (ਮੈਂ ਤੈਥੋਂ ਦਾਜ ਮੰਗਦੀ ਹਾਂ) ਮੈਨੂੰ ਹਰੀ-ਪ੍ਰਭੂ ਦੇ ਨਾਮ ਦਾ ਦਾਨ ਦੇਹ, ਮੈਨੂੰ ਇਹੀ ਦਾਜ ਦੇਹ । ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ) ਕੱਪੜੇ ਦੇਹ, ਮੈਨੂੰ ਹਰੀ ਦਾ ਨਾਮ ਹੀ (ਦਾਜ ਦੇ ਗਹਣੇ ਆਦਿਕ) ਧਨ ਦੇਹ, ਇਸ ਦਾਜ ਨਾਲ ਮੇਰਾ (ਪ੍ਰਭੂ ਪਤੀ ਨਾਲ) ਵਿਆਹ ਸੋਹਣਾ ਲੱਗਣ ਲੱਗ ਪਏ । ਪਰਮਾਤਮਾ ਦੀ ਭਗਤੀ ਨਾਲ ਹੀ ਵਿਆਹ ਦਾ ਉੱਦਮ ਸੁਖਦਾਈ ਬਣਦਾ ਹੈ (ਜਿਸ ਜੀਵ-ਮੁਟਿਆਰ ਨੂੰ) ਸਤਿਗੁਰੂ ਨੇ ਦਾਨ (ਇਹ ਦਾਜ) ਦਿਵਾਇਆ ਹੈ, ਹਰੀ-ਨਾਮ ਦੇ ਦਾਜ ਨਾਲ ਉਸ ਦੀ ਸੋਭਾ ਸੰਸਾਰ ਵਿਚ ਹੋ ਜਾਂਦੀ ਹੈ । ਇਹ ਦਾਜ ਐਸਾ ਹੈ ਕਿ ਇਸ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਹੋਰ ਬੰਦੇ ਜੇਹੜਾ ਦਾਜ ਰੱਖ ਕੇ ਵਿਖਾਲਦੇ ਹਨ (ਵਿਖਾਵਾ ਪਾਉਂਦੇ ਹਨ) ਉਹ ਝੂਠਾ ਅਹੰਕਾਰ (ਪੈਦਾ ਕਰਨ ਵਾਲਾ) ਹੈ ਉਹ ਕੱਚ ਸਮਾਨ ਹੈ, ਉਹ ਅਜੇਹਾ ਲੋਕ ਵਿਖਾਵਾ ਹੈ (ਜੋ ਦੁਖਾਂ ਦਾ ਕਾਰਨ ਬਣਦਾ ਹੈ) ।

ਜਿਸ ਨਿਆਰੇ ਗੁਰਦੇਵ ਜੀ ਦੇ ਅਜੇਹੇ ਫ਼ੁਰਮਾਨ ਹਨ, ਅੱਜ ਓਸੇ ਦੇ ਸਿੱਖ ਵਿਆਹ ਸ਼ਾਦੀਆਂ ਵਿਚ ਲਗ-ਪਗ ਸਾਰੇ ਟੱਸਣ ਬ੍ਰਾਹਮਣਾ ਵਾਲੇ ਹੀ ਕਰਦੇ ਹਨ। ਬ੍ਰਾਹਮਣ ਦੀ ਥਾਂ ਅੱਜ ਗ੍ਰੰਥੀਆਂ, ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਤੂੰਬੀ ਵਾਲਿਆਂ ਨੇ ਸਾਂਭੀ ਹੋਈ ਹੈ । ਰਾਮਜਣੀਆਂ ਦੇ ਥਾਂ ਗਾਉਣ ਵਾਲੀਆਂ ਅਤੇ ਧਮਾਲਾਂ ਪਾਉਣ ਵਾਲੀਆਂ ਬੀਬੀਆਂ ਦੇ ਕਈ ਜਥੇ ਬਣ ਚੁੱਕੇ ਹਨ । ਅਜੇਹੇ ਸਮਿਆਂ ਤੇ ਹੁਣ ਉਹ ਆਪਣੇ ਹੱਥ ਰੰਗਦੇ ਹਨ । ਜੰਞ ਦਾ ਰਿਵਾਜ ਸਮੇਂ ਦੀ ਲੋੜ ਸੀ । ਉਜਾੜਾਂ ਵਿਚਦੀ ਲੰਘਦੇ ਪੈਦਲ ਰਸਤੇ, ਡਾਕੂਆਂ ਅਤੇ ਖ਼ੂਨੀ ਲੁਟੇਰਿਆਂ ਦੇ ਖ਼ਤਰਿਆਂ ਨਾਲ ਭਰੇ ਹੁੰਦੇ ਸਨ । ਬਰਾਤੀਆਂ ਨੇ ਨਵ-ਵਿਆਹੀ ਬਹੂ ਬੇਟੀ ਦੇ ਨਾਲ ਉਸ ਨੂੰ ਮਿਲਿਆ ਧਨ ਦੌਲਤ ਡਾਕੂਆਂ ਤੋਂ ਬਚਾ ਕੇ ਘਰ ਲਿਆਉਣਾ ਹੁੰਦਾ ਸੀ । ਕਈ ਵਾਰੀ ਰਸਤੇ ਵਿਚ ਜਾਨਾਂ ਵਾਰਨੀਆਂ ਪੈ ਜਾਂਦੀਆਂ ਸਨ । ਅੱਜ ਸ਼ਰਾਬਾਂ ਪੀਣ ਲਈ ਅਤੇ ਚੰਗਾ ਚੋਖਾ ਖਾਣ ਦਾ ਧਿੰਙਾਣੇ ਦਾ ਖ਼ਰਚ ਵਧਾਉਣ ਲਈ ਜਾਂਞੀਆਂ ਦੀ ਧਾੜ ਨਾਲ ਹੋ ਤੁਰਦੀ ਹੈ । ਲਾਗੀਆਂ ਦੇ ਲਾਗ ਅਤੇ ਹੋਰ ਕਈ ਤਰ੍ਹਾਂ ਦੇ ਖ਼ਰਚ ਉਹੀ ਹਨ ਜਿਹੜੇ ਬ੍ਰਾਹਮਣ ਨੇ ਚਾਲੂ ਕੀਤੇ ਹੋਏ ਸਨ । ਦਾਨ ਦੀ ਲਾਹਣਤ ਦਿਨੋਂ ਦਿਨ ਜ਼ੋਰ ਫੜਦੀ ਹੀ ਜਾ ਰਹੀ ਹੈ । ਥਿੱਤਾਂ, ਵਾਰਾਂ, ਦਿਨਾਂ ਮਹੂਰਤਾਂ ਦਾ ਭਰਮ ਵੀ ਉਵੇਂ ਦਾ ਹੀ ਹੈ । ਲਾਵਾਂ ੧੨ ਵਜੇ ਤੋਂ ਪਹਿਲਾਂ ਕਰਵਾ ਲੈਣ ਲਈ ਘਰ ਵਾਲੇ ਰੌਲਾ ਪਾ ਰਹੇ ਹੁੰਦੇ ਹਨ । ਕੌਣ ਦੱਸੇ ਕਿ ਸੰਸਾਰ ਵਿਚ ਕਿਤੇ ਨਾ ਕਿਤੇ ਅਜੇ ਬਾਰਾਂ ਨਹੀਂ ਵੱਜੇ ਹੁੰਦੇ । ਦਿਨਾਂ ਮਹੂਰਤਾਂ ਦੀ ਚੋਣ ਵਿਅਰਥ ਹੈ । ਵਾਸਤਵ ਵਿਚ ਅਸੀਂ ਹਰ ਪੱਖੋਂ ਬ੍ਰਾਹਮਣ ਦੀ ਹੀ ਛਤਰ-ਛਾਇਆ ਵਿਚ ਜਾ ਬਿਰਾਜੇ ਹਾਂ। ਪਰ ਸਿੱਖ ਪੰਥ ਵਿਚ ਅਜੇਹੀ ਢਿੱਲ ਆ ਜਾਣ ਦਾ ਕਾਰਨ ਪੰਥ ਵਲੋਂ ਤਿਆਰ ਕੀਤੀ ਸਿੱਖ ਰਹਿਤ ਮਰਯਾਦਾ ਵਿਚਲੀ ਕਰਮ ਸੂਚੀ ਹੀ ਹੈ:--

ਪੰਥਕ " ਸਿੱਖ ਰਹਿਤ ਮਰਯਾਦਾ " ਖਰੜੇ (ਐਡੀਸ਼ਨ ੧੯੭੯ ) ਦੇ ੧੯ ਸਫ਼ੇ ਤੇ ਅਨੰਦ ਸੰਸਕਾਰ ਇਸ ਪ੍ਰਕਾਰ ਲਿਖੇ ਹਨ:-

**੨- ਅਨੰਦ ਸੰਸਕਾਰ**

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਦਾ ਹੈ ।

(ਅ) ਸਿੱਖ ਦੀ ਪੁਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ ।

(ੲ) ਸਿੱਖ ਦਾ ਵਿਆਹ ' ਅਨੰਦ ' ਰੀਤੀ ਨਾਲ ਕਰਨਾ ਚਾਹੀਏ ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਜੋਗ ਹੋ ਜਾਵੇ, ਤਾਂ ਕਿਸੇ ਚੰਗੇ ਸਿੱਖ ਨਾਲ ਅਨੰਦ ਪੜ੍ਹਾਇਆ ਜਾਵੇ।

(ਕ) ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ । ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਯਤ ਕਰ ਲੈਣਾ ਚਾਹੀਦਾ ਹੈ ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣੇ, ਬੇਰੀ ਜਾਂ ਜੰਡੀ ਵੱਣੀ, ਘੜੌਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ । ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹ' ਗਜਾਈ ਜਾਵੇ ।

(!ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ । ਸੰਗਤ ਜਾਂ ਰਾਗੀ ਕੀਰਤਨ ਕਰਨ । ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ । ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ । ਸੰਗਤ ਦੀ ਆਗਿਆ ਲੈ ਕੇ 'ਅਨੰਦੁ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ 'ਅਨੰਦੁ' ਦੇ ਅਰੰਭ ਦਾ ਅਰਦਾਸਾ ਸੋਧੇ ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ । ਜਿਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ । ਆਪਸ ਵਿਚ ਪ੍ਰੇਮ ਦਵਾਰਾ " ਏਕ ਜੋਤਿ ਦੁਇ ਮੂਰਤੀ " ਹੋਣਾ ਦਸੇ ਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ " ਅਕਾਲ ਪੁਰਖ " ਨਾਲ ਇਕ ਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫ਼ਲਤਾ ਨਾਲ ਨਿਬਾਹਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ ਵੱਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ। **ਵਰ ਨੂੰ** ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਯੋਗ ਜਾਣ ਕੇ ਵਰ ਚੁਣਿਆਂ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗਨੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ ਹੈ।

ਕੰਨਿਆ ਨੂੰ ਦਸਿਆ ਜਾਵੇ ਕਿ, ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਹੈ। ਆਪ ਇਨ੍ਹਾਂ ਦੇ ਨਿਰਮਲ ਭਉ ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਦੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪਰਦੇਸ ਵਿਚ ਆਪਣੇ ਪਤੀਬਰਤਾ ਧਰਮ ਵਿਚ ਪੱਕੇ ਰਹਿਣਾ ਤੇ ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ । ਫਿਰ ਲੜਕੀ ਦਾ ਪੱਲਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ । ਹਰੇਕ ਲਾਵ ਦਾ ਪਾਠ ਹੋਣ ਮਗਰੋਂ, ਅਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾਂ ਕਰਨ । ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ **ਇੱਕ ਲਾਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਵ ਸੁਣਨ ਲਈ ਖੜੇ ਹੋ ਜਾਣ ।** ਉਪਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ । ਫਿਰ 'ਅਨੰਦੁ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ।

(ਚ) ਅਨ-ਮਤ (ਦੂਜੇ ਧਰਮ) ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੋ ।

(ਜ) ਜੋ ਬਾਲਕੀ ਦੇ ਮਾਪੇ ਕਦੇ-ਕਦਾਈਂ ਸਬੱਬ ਪਾਇ ਕੈ ਬਾਲਕੀ ਦੇ ਗ੍ਰਹ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ । ਅੰਨ ਨਾ ਖਾਣਾ ਸਭ ਭਰਮ ਹੈ । ਖ਼ਾਲਸੇ ਨੂੰ ਖਾਣਾ ਖਲਾਵਣਾ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖ਼ਸ਼ਿਆ ਹੈ । ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇੱਕ ਕੀਤੇ ਹਨ । (ਪ੍ਰੇਮ ਸੁਮਾਰਗ)

(ਝ) ਜਿਸ ਇਸਤ੍ਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ-ਸੰਜੋਗ ਕਰ ਲਵੇ । ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ ।

(ਞ) ਪੁਨਰ-ਵਿਆਹ ਦੀ ਭੀ ਉਹੋ ਰੀਤ ਹੈ, ਜੋ ' ਅਨੰਦੁ ਲਈ ਉਤੇ ਦਸੀ ਹੈ ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ ।

ਅਨੰਦ ਸੰਸਕਾਰਾਂ ਵਿਚ ਭਾਵੇਂ, ਕਈ ਬ੍ਰਾਹਮਣੀ ਰੀਤਾਂ ਦੀ ਮਨਾਹੀ ਕੀਤੀ ਹੋਈ ਹੈ ਪਰ ਠੱਠਾ ਅਖਰ ਤੱਕ ੧੨ ਤਰ੍ਹਾਂ ਦੀ ਸੂਚੀ ਬਣ ਜਾਣ ਨਾਲ ਅਜੇਹੀ ਸੂਚੀ ਵਿਚ ਕਈ ਵਾਧੇ ਹੋ ਜਾਣੇ ਕੁਦਰਤੀ ਗੱਲ ਸੀ । ਏਹੀ ਕਾਰਨ ਹੈ ਕਿ ਵਿਆਹ ਸ਼ਾਦੀਆਂ ਸਮੇ ਵਰਤ ਰਹੀਆਂ ਕਈ ਤਰ੍ਹਾਂ ਦੀਆਂ ਸ਼ਰਮਨਾਕ ਘਟਨਾਵਾਂ ਪੰਥਕ ਹਾਨੀ ਦਾ ਕਰਨ ਬਣਦੀਆਂ ਆ ਰਹੀਆਂ ਹਨ ।

## ੧੦

# ਨਿਆਰੇ ਪੰਥ ਲਈ ਨਿਆਰੀ ਅਨੰਦ ਮਰਯਾਦਾ

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪ ॥**[੮੭੫] ਹੋਰ ਸਾਰੇ ਧਰਮਾਂ ਤੋਂ ਨਿਆਰੇ, ਹਰਖ ਸੋਗ ਤੋਂ ਅਥਵਾ ਮਾਨ ਅਪਮਾਨ ਤੋਂ ਵੀ ਨਿਆਰੇ-" **ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥**[੬੩੩] ਖ਼ਾਲਸਾ ਜੀ ਨੂੰ ਵਿਆਹ ਕਰਨ ਬਾਰੇ ਗੁਰਮਤਿ ਦਾ ਆਸ਼ਾ, **ਸੰਸਕਾਰ** ਪਦ ਵਰਤਣ ਤੋਂ ਬਿਨਾਂ ਵੀ ਸਮਝਾਇਆ ਜਾ ਸਕਦਾ ਸੀ। ਸੱਜੇ ਜਾਂ ਖੱਬੇ ਬੈਠਣ ਦੀ ਵਿਧੀ, ਪੱਲਾ ਫੜਾਉਣਾ, ਫੇਰੇ ਲੈਣੇ, ਬੀਬੀ ਪਿੱਛੇ ਅਤੇ ਕਾਕਾ ਅੱਗੇ ਤੁਰਨ ਦੀ ਗੱਲ ਵਿਚ ਹਰ ਫੇਰੇ ਸਮੇ ਪਹਿਲੀ ਦੂਜੀ ਤੀਜੀ ਅਤੇ ਚੌਥੀ ਲਾਂਵ ਦਾ ਗਾਇਨ ਫੇਰੇ ਉਪ੍ਰੰਤ ਮੱਥਾ ਟੇਕ ਕੇ ਖੜੇ ਹੋ ਜਾਣ ਵਾਲੀ ਪਾਬੰਦੀ ਆਦਿ ਆਦਿ, ਲੰਮੀ ਚੌੜੀ ਕਿਰਿਆ ਸੂਚੀ ਤਿਆਰ ਕੀਤੀ ਜਾਣ ਦੀ ਲੋੜ ਪੈਣੀ ਭਾਵੇਂ ਪ੍ਰੋਹਿਤਵਾਦੀ ਰੁਚੀ ਹੀ ਹੈ, ਫਿਰ ਵੀ ਸ਼ੁਕਰ ਹੈ ਕਿ ਗੁਰੂ ਪੰਥ ਨੇ ਏਥੇ ਜਨਮ ਸੰਸਕਾਰਾਂ ਵਾਂਗ ਕੋਈ ਵਿਸ਼ੇਸ਼ ਗੁਰੂ ਬਾਣੀ ਸ਼ਬਦ ਪੜ੍ਹੇ ਜਾਣ ਦੀ ਜਾਂ ਗਾਏ ਜਾਣ ਦੀ ਮਰਯਾਦਾ ਨਹੀਂ ਲਿਖੀ। ਲਾਵਾਂ ਦੀ ਬਾਣੀ ਨੂੰ ਵੀ ਬਦੋ ਬਦੀ ਖਿੱਚ-ਧੂ ਕੇ ਸੰਸਾਰੀ ਵਿਆਹ ਨਾਲ ਜੋੜਿਆ ਹੋਇਆ ਹੈ, ਉਂਜ ਇਸ ਪਾਵਨ ਬਾਣੀ ਵਿਚ ਵੀ ਜਗਿਆਸੂ ਨੂੰ ਪਰਮਾਤਮਾ ਨਾਲ ਇੱਕ ਮਿੱਕ ਹੋਣ ਦੀ ਹੀ ਵਿਧੀ ਸਮਝਾਈ ਹੋਈ ਹੈ। ਸੋ ਕਾਕਾ ਕਾਕੀ ਦੀ ਸ਼ਾਦੀ ਕਰਨ ਲਈ ਲਾਵਾਂ-ਗੁਰਬਾਣੀ ਦੀ ਅਜੇਹੀ ਵਰਤੋਂ, ਗੁਰੂਬਾਣੀ ਦੀ ਅਥਵਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਯਾਰਵੀਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਤੇ ਅਸੀਂ ਬੇਅਦਬੀ ਤਾਂ ਨਹੀਂ ਕਰ ਹਰੇ ਹੁੰਦੇ ? ਇਸ ਸ਼ੰਕੇ ਦੀ ਨਿਵਿਰਤੀ ਲਈ, ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਪਹਿਲੀ ਚਿੱਠੀ ਮਿਤੀ ਚਿੱਠੀ ੧੦ ਮਈ ੧੯੯੭ ਨੂੰ ਅਤੇ ਦੂਜੀ ਚਿੱਠੀ ੨੧ ਜੁਲਾਈ ੧੯੯੭ ਨੂੰ ਲਿਖੀ ਸੀ ਪਰ ਅੱਜ ਜੂਨ ੧੯੯੮ ਤੱਕ ਕਿਸੇ ਪ੍ਰਕਾਰ ਦਾ ਕੋਈ ਉੱਤਰ ਨਹੀਂ ਆਇਆ।

**ਭਾਈ ਵੀਰ ਸਿੰਘ ਜੀ** ਨੇ ਸ੍ਰੀ ਅਸ਼ਟ ਗੁਰ ਚਮਤਕਾਰ ਭਾਗ ੧--ਦੇ ੧੯੧ ਸਫ਼ੇ ਤੇ ' **ਮਥੋ ਮੁਰਾਰੀ ।** ਸਿਰਲੇਖ ਹੇਠ ਸੂਰਜ ਪ੍ਰਕਾਸ਼ ਦੇ ਹਵਾਲੇ ਨਾਲ ਕਥਾ ਲਿਖੀ ਹੈ। ਪ੍ਰੇਮਾ ਨਾਮੀ ਯਤੀਮ ਨੂੰ ਬਾਲ ਉਮਰਾ ਵਿਚ ਹੀ ਕੋਹੜ ਜਿਹੀ ਭੈੜੀ ਬਿਮਾਰੀ ਹੋ ਗਈ। ਲੋਕਾਂ ਦਾ ਦੁਰਕਾਰਿਆ ਹੋਇਆ ਦੁਖਿਆਰਾ ਅਤੇ ਨਿਆਸਰਾ ਪ੍ਰੇਮਾ ਸਤਿਗੁਰਾਂ ਦੀ ਸੋਭਾ ਸੁਣਕੇ ਰੁਲਦਾ ਢਹਿੰਦਾ ਸ੍ਰੀ ਗੋਇੰਦਵਾਲ ਸਾਹਿਬ, ਪੁੱਜ ਗਿਆ। ਪਤਾ ਲੱਗਾ ਕਿ ਕੁਸ਼ਟੀ ਨੂੰ ਦੀਵਾਨ ਵਿਚ ਬੈਠਣ ਦੀ ਆਗਿਆ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਦੁਆਰੇ ਦੀਵਾਨ ਵਾਲੀ ਜਗਾਹ ਤੋਂ ਬਾਹਰ ਸਾਹਮਣੇ ਬਾਲਕ (ਕੋਹੜੀ) ਪ੍ਰੇਮਾਂ ਡੇਰਾ ਲਾ ਬੈਠਾ। ਕੋਈ ਪ੍ਰੇਮੀ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਦੇ ਜਾਂਦਾ ਅਤੇ ਕਿਸੇ ਗੁਰੂ ਸੁਆਰੇ ਕੋਲੋ ਪ੍ਰੇਮਾ ਗੁਰੂ ਬਾਣੀ ਸਿੱਖਦਾ। ਹੌਲੀ ਹੌਲੀ ਭਾਈ ਪ੍ਰੇਮਾ ਗੁਰਮਤਿ ਦਾ ਗਿਆਤਾ ਬਣਦਾ ਗਿਆ ਅਤੇ ਸੱਚੀ ਪ੍ਰੇਮਾ ਭਗਤੀ ਤੋਂ ਸਤਿਗੁਰਾਂ ਦੀ ਮਿਹਰ ਦਾ ਪਾਤਰ ਬਣ ਗਿਆ। ਇੱਕ ਦਿਨ ਸਤਿਗੁਰਾਂ ਨੇ ਆਪਣੇ ਲਈ ਆਏ ਇਸ਼ਨਾਨ ਵਾਲੇ ਜਲ ਨਾਲ ਪ੍ਰੇਮੇ ਨੂੰ ਇਸ਼ਨਾਨ ਕਵਾਉਣ ਦੀ ਆਗਿਆ ਦਿੱਤੀ । ਸਤਿਗੁਰਃ ਕੀ ਕ੍ਰਿਪਾ ਦ੍ਰਿਸ਼ਟੀ ਨਾਲ ਪ੍ਰੇਮਾ ਅਰੋਗ ਹੋ ਗਿਆ ਅਤੇ ਸਤਿਗੁਰਾਂ ਦੇ ਭੇਜੇ ਸੁੰਦਰ ਸਵੱਛ ਪੁਸ਼ਾਕੇ ਪਹਿਣ ਕੇ ਦਰਬਾਰ ਵਿਚ ਸਤਿਗੁਰਾਂ ਦੇ ਚਰਨੀ ਆ ਲੱਗਾ । ਸੁੰਦਰ ਸਡੌਲ ਸਰੀਰ ਵੇਖ ਕੇ ਸਤਿਗੁਰਾਂ ਨੇ ਉਸ ਦਾ ਨਾਮ ਮੁਰਾਰੀ ਰੱਖ ਕੇ ਸੰਗਤਿ ਵਿਚੋਂ ਕਿਸੇ ਵਰ ਦੀ ਮੰਗ ਕੀਤੀ। **ਭਾਈ ਸ਼ੀਹਾਂ ਉਪੱਲ** ਘਰੋਂ ਆਪਣੀ ਸਪੁੱਤ੍ਰੀ **ਬੀਬੀ ਮਥੋ** ਨੂੰ ਲੈ ਆਇਆ। ਸਤਿਗੁਰਾਂ ਨੇ ਉਸ ਵੇਲੇ ਗ੍ਰਿਸਹਤ ਜੀਵਨ ਬਾਰੇ ਲਾਹੇਵੰਦ ਉਪਦੇਸ਼ ਦੇ ਕੇ ਮਥੋਮੁਰਾਰੀ ਨੂੰ ਪਤੀ ਪੱਤਨੀ ਬਣਾ ਦਿੱਤਾ। ਯੋਗ ਗੁਰਮਤਿ ਉਪਦੇਸ਼ ਦੇਣ ਉਪ੍ਰੰਤ ਉਨ੍ਹਾਂ ਨੂੰ **ਮੰਜੀ** ਸੌਂਪ ਕੇ ਗੁਰਮਤਿ ਦੇ ਪਰਚਾਰਕ ਥਾਪਿਆ । **ਮੱਥੋ-ਮੁਰਰੀ ਗਾਥਾ ਦਾ ਸੰਖੇਪ ਮਹਾਨ ਕੋਸ਼** ਦੇ ੯੪੫ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੋਇਆ ਹੈ:---" ਜ਼ਿਲਾ **ਲਹੌਰ** ਦੇ **ਖਾਈ** ਪਿੰਡ ਦਾ ਵਸਨੀਕ **ਪ੍ਰੇਮਾ ਖੱਤ੍ਰੀ,** ਜੋ ਕੋੜ੍ਹੀ ਸੀ, ਸ੍ਰੀ ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਅਰੋਗ ਹੋਇਆ। ਸਤਿਗੁਰੂ ਜੀ ਨੇ ਇਸ ਦਾ ਨਾਮ " **ਮੁਰਾਰੀ** " ਰੱਖਿਆ। ਸੀਹੋਂ ਉੱਪਲ ਖੱਤ੍ਰੀ ਨੇ ਗੁਰੂ ਸਾਹਿਬ ਦੀ ਆਗਯਾ ਅਨੁਸਾਰ ਮੁਰਾਰੀ ਨੂੰ ਆਪਣੀ ਪੁਤ੍ਰੀ ' **ਮੱਥੋ** ' ਵਿਆਹ ਦਿੱਤੀ। ਇਸ **ਉੱਤਮ ਜੋੜੀ ਨੇ ਗੁਰਮਤਿ ਦਾ ਭਾਰੀ ਪ੍ਰਚਾਰ ਕੀਤਾ**, ਅਰ ਦੋਹਾਂ ਦਾ ਸੰਮਿਲਤ ਨਾਮ ਇਤਿਹਾਸ ਵਿਚ ਪ੍ਰਸਿੱਧ ਹੋਇਆ। ਗੁਰੂ ਸਾਹਿਬ ਨੇ **ਮਥੋਮੁਰਾਰੀ** ਨੂੰ ਪਰਚਾਰਕ ਦੀ ਮੰਜੀ ਬਖ਼ਸ਼ੀ ।

ਉਪ੍ਰੋਕਤ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ ਸਤਿਗੁਰੂ ਜੀ ਨੇ ਬਿਨਾ ਕੁੜਮਾਈ, ਮੰਗਣੇ, ਮਿਲਣੀ ਆਦਿ, ਵਿਅਰਥ ਦੀਆਂ ਰਸਮਾਂ ਦੇ, ਦੋ ਪਰਵਾਰਾਂ ਵਿਚ ਨਾਤਾ ਜੋੜਨ ਦੀ ਮਰਯਾਦਾ ਬਣਾਈ ਸੀ। ਗੁਰੂ ਦਰਬਾਰ ਵਿਚ ਸੱਜੇ ਖੱਬੇ ਦੇ ਵਿਚਾਰ ਨਾਲ ਬਚਿਆਂ ਨੂੰ ਬਿਠਾ ਕੇ ਪੱਲਾ ਫੜਾਉਣ ਦੀ ਅਤੇ ਫੇਰੇ ਦੇਣ ਦੀ ਬ੍ਰਾਹਮਣੀ ਰਸਮਾਂ ਦੀਆਂ ਬੰਦਸ਼ਾਂ ਤੋਂ ਨਿਰਲੇਪ, ਕੇਵਲ ਬੱਚਿਆਂ ਨੂੰ ਗੁਰਮੁਖਾਂ ਵਾਲੇ ਗ੍ਰਿਹਸਤੀ ਜੀਵਨ ਵਿਚ ਸੁਖੀ ਰਹਿਣ ਦਾ ਉਪਦੇਸ਼ ਸਮਝਾਉਣ ਵਿਚ ਪਤੀ ਪਤਨੀ ਘੋਸ਼ਤ ਕਰਨ ਦੀ ਨਿਆਰੀ ਰਸਮ ਚਲਾਈ ਸੀ। ਗੁਰੂ ਇਤਿਹਾਸ ਵਿਚ ਲੰਮੇ ਚੋੜੇ ਅਡੰਬਰ ਦਾ ਕਿਤੇ ਕੋਈ ਨਾਮ ਨਿਸ਼ਾਨ ਨਹੀਂ ਮਿਲਦਾ। ਪਰ ਪੰਥ ਦੀ ਬਣੀ ਅਨੰਦ ਮਰਯਾਦਾ, ਇੱਕ ਤਰ੍ਹਾਂ ਨਾਲ ਬ੍ਰਾਹਮਣੀ ਅਡੰਬਰਾਂ ਦੇ ਹੀ ਜ਼ਿਕਰਾਂ ਵਾਲੀ ਹੈ।

## ਮਨ ਮੰਨੇ ਦਾ ਮੇਲਾ--

ਜਿਵੇਂ ਕਿਸੇ ਦਾ ਸਿੱਖ ਬਣਨਾ ਮਨ ਦੀ ਮਰਜ਼ੀ ਤੇ ਨਿਰਭਰ ਹੈ। **ਮਨ** ਮੰਨ ਜਾਵੇ ਤਾਂ ਸਰੀਰ ਦੀ ਸਾਰੀ ਕਿਰਿਆ ਸਿੱਖੀ ਸੱਚੇ ਵਿਚ ਢੱਲ ਜਾਂਦੀ ਹੈ। ਏਵੇ ਹੀ ਵਿਆਹ ਸ਼ਾਦੀ ਦੀ ਕਾਮਯਾਬੀ ਮੰਨ ਮੰਨਣ ਤੇ ਹੀ ਨਿਰਭਰ ਹੈ। ਬੜੇ ਵੱਡੇ ਖ਼ਰਚਾਂ ਨਾਲ ਕੀਤੇ ਬੜੇ ਵਿਸ਼ਾਲ ਵਿਖਾਵੇ ਵਾਲੇ ਪ੍ਰੀਤੀ ਭੋਜਨ। ਫੇਰਿਆਂ ਦੇ ਸਮਾਗਮ ਲਈ ਬੜੇ ਵਿਸ਼ਾਲ ਗੁਰੂ ਦਰਬਾਰ ਵਿਚ ਬੜੇ ਉਘੇ ਰਾਗੀਆਂ ਦਾ ਕੀਰਤਨ ਬੜੇ ਸਿਆਣੇ ਪਰਚਾਰਕਾਂ ਦੇ ਪਰਚਾਰ ਅਤੇ ਬੜੇ ਮੰਨੇ ਹੋਏ ਵੱਡੇ ਗਿਆਨੀ ਜੀ ਨੇ, ਧੋਤੇ ਪੁਤੇਤਿਆਂ ਦੇ ਮਿਲਾਪ ਦੇ ਜ਼ਿਕਰ ਨਾਲ ਕਾਕੇ ਕਾਕੀ ਦੇ ਅਨੰਦ ਦਾ ਅਰਦਾਸਾ ਸੋਧਿਆ। ਹੁਕਮ ਨਾਮਾ ਲਿਆ-- ਪੂਰੀ ਵਿਧੀ ਅਨੁਸਾਰ ਵਕੀਲ ਕਾਕੇ ਦਾ ਪੱਲਾ ਵਕੀਲ ਕਾਕੀ ਨੂੰ ਫੜਾਇਆ, ਅਤੇ ਪਲੈ ਤੈਂਡੇ ਲਾਗੀ--ਗੁਰੂ ਸ਼ਬਦ ਦਾ ਗਾਇਨ ਬੜੀਆਂ ਨਿਆਰੀਆਂ ਅਤੇ ਮਿੱਠੀਆਂ ਧੁਨਾਂ ਵਿਚ ਗਾਇਆ ਗਿਆ। ਪੰਜਾਂ ਕਕਾਰਾਂ ਵਾਲੇ ਪ੍ਰਭਾਵਸ਼ਾਲੀ ਬਾਣੇ ਵਿਚ ਫੱਬੇ ਹੋਏ ਵਿਦਵਾਨ ਗਿਆਨੀ ਜੀ ਨੇ ਲਵਾਂ ਪੜ੍ਹੀਆਂ ਅਤੇ ਵਿਦਵਾਨ ਬੀਬੀ ਜੀ ਨੇ ਆਪਣੇ ਵਿਦਵਾਨ ਨੀਂਗਰ ਜੀ ਦੇ ਪਿੱਛੇ ਪਿੱਛੇ ਵਡੇ ਸਾਊਆਂ ਵਾਂਗ ਤੁਰ ਕੇ ਫੇਰੇ ਲਏ। ਅਤੇ ਰਾਗੀ ਸਿੰਘਾਂ ਨੇ ਨਾਲ ਨਾਲ ਕਰਮ ਵਾਰ ਲਾਵਾਂ ਗਾਵੀਆਂ। ਚੌਥੀ ਲਾਂਵ ਤੇ (ਸਤਿਗੁਰਾਂ ਦਾ ਸਤਿਕਾਰ ਦਾ ਮੌਜੂ ਉਡਾਉਂਦਿਆਂ), ਸੁਭਾਗ ਜੋੜੇ ਤੇ ਫੁੱਲਾਂ ਦੀ ਬਰਖਾਂ ਨੇ ਸਾਰਾ ਫ਼ਰਸ਼ ਫੁਲਾਂ ਨਾਲ ਢੱਕ ਦਿੱਤਾ। ਫਿਰ ਅਨੰਦ ਸਾਹਿਬ ਜੀ ਦਾ ਪਾਠ ਅਤੇ ਰਾਗੀਆਂ ਨੇ ਵਿਵਾਹ ਹੋਇਆ ਮੇਰੇ ਬਾਬਲਾ ਸ਼ਬਦ ਗਾਵਿਆਂ। ਸਾਰਾ ਕੁਝ ੧੨ ਵਜੇ ਤੋਂ ਪਹਿਲਾਂ ਸਮਾਪਤ ਕਰਨ ਵਾਲਾ ਭਰਮ ਵੀ ਠੀਕ ਢੰਗ ਨਾਲ ਪੂਰਾ ਕਰ ਲਿਆ। ਫਿਰ ਸਿਹਰੇ ਪੜ੍ਹਨ ਵਾਲੇ। ਢੰਢਾਂ ਦੁਆਰਾ ਅਤੇ ਤੂੰਬੀ ਦੁਆਰਾ ਮੁੰਡੇ ਕੁੜੀ ਦੇ ਅਥਵਾ ਘਰ ਵਾਲਿਆਂ ਦੇ ਸੋਹਿਲੇ ਗਾਉਣ ਵਾਲਿਆਂ ਨੇ ਖ਼ੂਬ ਜੇਬਾ ਗਰਮਾਈਆਂ। ਕੁੜੀ ਮੁੰਡੇ ਦੀਆਂ ਝੋਲੀਆਂ ਮਾਇਆ ਨਾਲ ਭਰਨ ਵਾਲੇ ਝੌਲੀ ਚੁੱਕਾਂ ਨੇ ਸਿਰਵਾਰਨੇ ਕਰਿਨ ਵਿਚ ਵੀ ਕੋਈ ਕਸਰ ਨਾ ਰੱਖੀ। ਨਵੀਨਤਾ ਦੇ ਝਲਕਾਰੇ ਮਾਰਦੇ ਬੜੇ ਪ੍ਰਭਾਵਸ਼ਾਲੀ ਡਿੱਠ ਵਾਲਾ ਵਿਖਾਵਾ, ਦਾਜ ਵਿਚ ਬੜੀ ਕੀਮਤੀ ਕਾਰ ਨਾਲ ਸਿੰਗਾਰਿਆਂ ਦਾਜ ਦੌਣ। ਬੀਬੀ ਸੌਹਰੇ ਗਈ। ਪਰ ਰਾਤ ਦੇ ਹਨੇਰੇ ਵਿਚ ਸੌਹਰੇ ਘਰੋਂ ਹੀ ਪਹਿਲਾਂ ਤੋਂ ਮਿਥੇ ਆਪਣੇ ਸੱਜਣ-ਸਾਂਈਂ ਕੋਲ ਜੋ ਵੜੀ। ਅਗਲੇ ਪਿਛਲੇ ਦੋਵੇਂ ਧਿਰਾਂ ਕਈ ਮਹੀਨੇ ਪ੍ਰੇਸ਼ਾਨ ਰਹੇ। ਆਖ਼ਰ ਬੀਬੀ ਜੀ ਦਾ ਪੱਤਰ ਮਾਪਿਆਂ ਕੋਲ ਆ ਗਿਆ। ਤੁਸਾਂ ਆਪਣੀ ਇਕਲੋਤੀ ਧੀ ਦਾ ਵਿਆਹ ਆਪਣੀ ਮਰਜ਼ੀ ਅਨੁਸਾਰ ਕਰ ਕੇ ਅਨੰਦ ਮਾਣ ਲਿਆ ਮੈ ਆਪਣੇ ਮਨਮੀਤ ਨਾਲ ਮਿਲਾਪ ਦਾ ਅਨੰਦ ਮਾਣ ਰਹੀ ਹਾਂ। ਤੁਸੀ ਆਪਣੇ ਥਾਂ ਸੁਖੀ ਰਹੋ, ਮੈ ਪੂਰੀ ਸੰਤੁਸ਼ਟ ਹਾਂ।

ਇਹ ਤਾਂ ਇੰਲੈਂਡ ਵਾਸੀ ਦਾਸ ਦੇ ਜਣੂੰਆਂ ਦੇ ਰਿਸ਼ਤੇਦਾਰਾਂ ਨਾਲ ਵਰਤੀ। ਪਰ ਅਜੇਹੀਆਂ ਕਈ ਘਟਨਾਵਾਂ ਹਨ ਜਿਥੇ ਮਿਥੇ ਹੋਏ ਪੂਰੇ ਵਿਧੀ ਵਿਧਾਨ ਨਾਲ ਕੀਤਾ ਹੋਇਆ ਵਿਆਹ ਥੁਹੜੇ ਸਮੇ ਵਿਚ ਹੀ ਸਮਾਪਤ ਹੋ ਗਿਆ। ਕਾਰਨ ? ਮਨ ਨਹੀਂ ਸਨ ਮੰਨੇ ਹੋਏ। ਦਿਲਾਂ ਦੀ ਡੂੰਘਾਈ ਤੋਂ ਦੋਵੇ ਇੱਕ ਦੂਜੇ ਦੇ ਹੋ ਜਾਣਾ ਹੀ ਅਸਲੀ ਸ਼ਾਦੀ, ਵਿਆਹ ਅਤੇ ਸੱਚਾ ਮਿਲਾਪ ਹੈ। ਗ੍ਰਿਹਸਤੀ ਜੀਵਨ ਬਾਰੇ ਗੁਰਮਤਿ ਦੀ ਸਿਖਿਆ ਲੈਣ ਲਈ

ਅਤੇ ਆਪਣੇ ਨਾ-ਤਜਰਬਾਕਾਰ ਸਿਰਾਂ ਤੇ ਸਤਿਗੁਰਾਂ ਦੇ ਮਿਹਰਾਂ ਭਰੇ ਹੱਥ ਦੀ ਛਾਂ ਦੀ ਪ੍ਰਾਪਤੀ ਲਈ ਹੀ ਸਤਿਗੁਰਾਂ ਦੀ ਹਜ਼ੂਰੀ ਵਿਚ ਜਾਣਾ ਹੁੰਦਾ ਹੈ। ਕਿੱਡਾ ਚੰਗਾ ਹੋਵੇ ਕਿ ਮਾਪੇ ਆਪਣੇ ਬਚਿਆਂ ਨੂੰ ਗੁਰਮਤਿ ਦੀ ਸਿਖਿਆ ਅਰੰਭ ਤੋਂ ਹੀ ਦਿੰਦੇ ਰਹਿ ਕੇ ਗੁਰਮੁਖ ਬਚਿਆਂ ਦੀ ਮਰਜ਼ੀ ਨਾਲ ਜੋੜ ਬਣਾਇਆ ਜਾਵੇ। ਫਿਰ ਪਰਵਾਰ ਸਮੇਤ ਦੋਵੇ ਸਤਿਗੁਰਾਂ ਦੇ ਹਜ਼ੂਰੀ ਵਿਚ ਹਾਜ਼ਰ ਹੋਣ। ਅੱਵਲ ਤਾਂ ਜੋੜੇ ਵਿਚੋਂ ਹੀ ਕੋਈ ਗ੍ਰਿਸਤੀ ਜੀਵਨ ਵਿਚ ਪ੍ਰਵੇਸ਼ ਕਰਨ ਦੀ ਆਗਿਆ ਲੈਣ ਲਈ ਅਤੇ ਗੁਰਮੁਖਾਂ ਵਾਲੀ ਜੀਵਨ-ਜੁਗਤ ਦੀ ਬਖ਼ਸ਼ਸ਼ ਕਰਨ ਲਈ, ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰੇ। ਜੇ ਕਿਸੇ ਗੱਲੋਂ (ਜਿਸ ਦੀ ਸੰਭਵਣਾ ਗੁਰਮੁਖ ਬਚਿਆਂ ਵਿਚ ਨਹੀਂ ਹੋਣੀ ਲੋੜੀਏ) ਬਚਿਆਂ ਵਿਚੋਂ ਅਰਦਾਸਾ ਨਾ ਸੋਧ ਸਕਦਾ ਹੋਵੇ ਤਾਂ ਗੁਰਮਤਿ ਦਾ ਵਿਦਵਾਨ ਗੁਰਮਖ ਸੱਜਣ ਅਰਦਾਸਾ ਸੋਧੇ। ਸਤਿਗੁਰਾਂ ਦਾ ਹੁਕਨਾਮਾ ਲੈ ਕੇ ਤਾਬਿਆ ਬੈਠਾ ਗੁਰਮੁਖ ਸੱਜਣ ਬਚਿਆਂ ਨੂੰ ਗੁਰਮਤਿ ਜੀਵਣੀ ਦੀ ਸਿਖਿਆ ਸਾਣਾਵੇ। ਬੱਚਾ ਅਤੇ ਬੱਚੀ ਗੁਰਮਤਿ ਸਿਖਿਆ ਨੂੰ ਸਵੀਕਾਰ ਕਰਦਿਆਂ ਸਤਿਗੁਰਾਂ ਦੇ ਚਰਨਾਂ ਵਿਚ ਸੀਸ ਝੁਕਾਉਣ। ਅਨੰਦ ਸਹਿਬ ਦਾ ਪਾਠ, ਸਤਿਗੁਰਾਂ ਦਾ ਕੋਟਾਨ ਕੋਟ ਧਨਵਾਦ । ਨਿਆਰੇ ਖ਼ਲਸਾ ਪਰਵਰਾਂ ਵਿਚ ਸ਼ਾਦੀਆਂ ਦਾ ਨਿਆਰਾ ਅਤੇ ਸੰਖੇਪ ਸਾਗਮ। ਸਤਿਗੁਰਾਂ ਦੀ ਹਜ਼ੂਰੀ ਵਿਚ ਦਰਸ਼ਨ ਭੇਟ ਕੇਵਲ ਸੁਗੰਧੀ ਵਾਲੇ ਫੁੱਲ ਅਤੇ ਬੱਸ ਏਹੀ ਖ਼ਰਚ । ਪੱਲੇ ਲਾਉਣਾ ਫੇਰੇ ਆਦਿ ਸਾਰੇ ਬ੍ਰਾਹਮਣ ਵਾਦ ਤੋਂ ਇੱਕ ਦਮ ਛੁੱਟੀ। ਹੰਕਾਰ ਪੈਦਾ ਕਰਨ ਵਾਲੀਆਂ ਵਿਖਾਵੇ ਦੀਆਂ ਕਰਮ-ਕਰਤੂਤਾਂ ਛੱਡ ਕੇ ਇਸ (ਉੱਚੇ ਆਚਰਨ ਵਾਲੀ ਜੀਵਨੀ-ਰੂਪ) ਕਰਮ ਕਰਤੂਤ ਨੂੰ ਗ੍ਰਹਣ ਕਰੀਏ:--

੩੧- **ਆਸਾ ਮਹਲਾ ੧ ॥ ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ ਤਿਸੁ ਰੂਪੁ ਨ ਰੇਖ ਅਨਾਹਦੁ ਵਾਜੇ, ਸਬਦੁ ਨਿਰੰਜਨਿ ਕੀਆ ॥ ੧ ॥ ਕਰੇ ਵਖਿਆਣੁ, ਜਾਣੇ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥ ੧ ॥ ਰਹਾਉ ॥ ਜਿਨ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥ ੨ ॥ ਸਰਬ ਜੋਤਿ ਰੂਪੁ ਤੇਰਾ ਦੇਖਿਆ, ਸਗਲ ਭਵਨ ਤੇਰੀ ਮਾਇਆ ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥ ੩ ॥ ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥ ੪ ॥** [੩੫੧]-੮

# ਤੀਜਾ ਕਾਂਡ

## ੧

## ਮਿਰਤਕ ਸੰਸਕਾਰ ਅਥਵਾ ਕਿਰਿਆ-ਕਰਮ

ਪ੍ਰੋਹਿਤ ਦੇ ਬਣਾਏ ੧੬ ਸੰਸਕਾਰਾਂ ਵਿਚੋਂ ਮਿਰਤਕ-ਸੰਸਾਕਾਰ ਸਭ ਤੋਂ ਬਹੁਤੇ ਦੁਖਦਾਈ ਅਤੇ ਸਭ ਤੋਂ ਵਧ ਲਹੂ-ਪੀਣਾ ਹੈ । ਕਿਰਿਆ ਕਰਮ ਦੇ ਬਿੱਪ੍ਰੀ-ਸੰਸਕਾਰਾਂ ਵੱਲ ਗਹੁ ਨਾਲ ਝਾਤੀ ਮਾਰੀਏ ਤਾਂ ਇਉਂ ਲੱਗਦਾ ਹੈ ਜਿਵੇਂ ਬ੍ਰਾਹਮਣ ਆਪਣੇ ਜਜਮਾਨ ਤੋਂ ਵਿਛੜਨਾ ਆਪਣੀ ਮੌਤ ਸਮਝਦਾ ਹੋਵੇ । ਅਵੱਲ ਤਾਂ ੩੪ ਨਹੀਂ ਤਾਂ ਘੱਟੋ ਘੱਟ ਸਤ ਪੀਹੜੀਆਂ ਆਪਣੇ ਮਰੇ ਜਜਮਾਨ ਦੀ ਯਾਦ ਜਰੂਰ ਮਨਾਉਂਦਾ ਹੈ । ਕਾਰਨ ਇਹ ਹੈ ਜਿਹੜਾ ਜਜਮਾਨ, ਗ੍ਰਭ ਵਿਚ ਆਉਣ ਸਮੇਂ ਤੋਂ ਹੀ ਬ੍ਰਾਹਮਣ-ਬੇਟੇ ਦੀ ਆਮਦਨ ਦਾ ਸਾਧਨ ਬਣ ਗਿਆ ਸੀ, ਜਿਹੜਾ ਜਜਮਾਨ, ਬ੍ਰਾਹਮਣ ਦੀ ਸਲਾਹ ਤੋਂ ਬਿਨਾਂ ਕਿਸੇ ਇਸਤ੍ਰੀ ਨੂੰ ਅਪਣੀ ਜੀਵਨ-ਸਾਥਨ ਵੀ ਨਹੀਂ ਸੀ ਬਣਾਉਂਦਾ, ਜਿਸ ਜਜਮਾਨ ਨੇ ਆਪਣੇ ਕਿੱਤੇ ਦਾ ਅਰੰਭ ਕਰਨ ਲਈ ਵਧੀਆ ਮਹੂਰਤ ਲੱਭਣ ਲਈ, ਮਕਾਨ ਦੀ ਨੀਂਹ ਰੱਖਣ ਲਈ, ਕੋਈ ਪਸ਼ੂ ਮੁੱਲ ਲੈਣ ਲਈ, ਆਪਣੇ ਬਚਿਆਂ ਦੇ ਗਰਭ ਸੰਸਕਾਰ, ਜਾਤਕ ਸੰਸਕਾਰ, ਅਥਵਾ ਜਗਯੋਪਵੀਤ ਸੰਸਕਾਰ, ਬੱਚੇ ਨੂੰ ਪੜ੍ਹਨ ਭੇਜਣ ਲਈ, ਗੱਲ ਕੀ ਜਿੰਦਗੀ ਦੇ ਛੋਟੇ ਤੋਂ ਛੋਟੇ ਕੰਮ ਨਿਰਵਿਘਨ ਨੇਪਰੇ ਚਾੜ੍ਹ ਲੈਣ ਦੇ ਭਰਮ ਨਾਲ, ਚੰਗਾ ਮਹੂਰਤ ਦੱਸਣ ਵਾਲੀ **ਪੱਤ੍ਰੀ** ਦੀ ਮੂੰਹ-ਮੰਗੀ ਫ਼ੀਸ ਤਾਰਨੀ ਕਦੇ ਨਹੀਂ ਸੀ ਭੁੱਲਦਾ, ਜਿਹੜਾ ਜਜਮਾਨ, ਮੱਸਿਆ, ਪੁੰਨਿਆਂ, ਸੰਗ੍ਰਾਂਦ, ਅਥਵਾ ਹੋਰ ਬੇਅੰਤ ਗ੍ਰਿਹਾਂ ਦੇ ਚੰਗੇ ਮੰਦੇ ਅਸਰਾਂ ਤੋਂ ਸੁਚੇਤ ਰਹਿਣ ਲਈ ਪ੍ਰੋਹਿਤ ਨੂੰ ਦੱਛਣਾ ਦੇ ਰੂਪ ਵਿਚ ਮਾਇਆ ਭੇਟ ਕਰੀ ਰੱਖਣੀ ਨਹੀਂ ਸੀ ਵਿਸਾਰਦਾ, ਜਿਹੜਾ ਜਜਮਾਨ ਆਪਣੇ ਪ੍ਰੋਹਿਤ ਕੋਲੋਂ ਤੀਰਥ ਇਸ਼ਨਾਨ ਅਤੇ ਹੋਰ ਧਰਮ-ਕਰਮਾਂ ਤੋਂ ਮਿਲਦੇ ਫਲਾਂ ਦਾ ਪਤਾ ਪੁੱਛਦੇ ਰਹਿਣ ਦੀ ਖੇਚਲ ਦੇਣ ਦੇ ਬਦਲੇ, ਤਕੜੀ ਦੱਛਣਾ ਤਾਰਨ ਤੋਂ ਕਦੇ ਪਾਸਾ ਨਾ ਵੱਟਦਾ,, ਜਿਸ ਜਜਮਾਨ ਨੇ ਦਾਨ ਦੇ ਵੱਟੇ ਬੇਅੰਤ ਗੁਣਾ ਵੱਧ ਲਾਭ ਦੀ ਪ੍ਰਾਪਤੀ ਦੇ ਰੰਗੀਨ ਸੁਪਨੇ ਵਿਖਾਉਣ ਦੀ ਖੇਚਲ ਝੱਲਣ ਦਾ ਮੁੱਲ, ਦਾਨ ਦੀ ਰਕਮ ਤੋਂ ਸਦਾ ਅੱਡ ਤਾਰਿਆ ਹੋਵੇ, ਗੱਲ ਕੀ ਜਿਸ ਜਜਮਾਨ ਨੇ ਪ੍ਰੋਹਿਤ ਦੀਆਂ ਅਜੇਹੀਆਂ ਬੇਅੰਤ ਖੇਚਲਾਂ ਦਾ ਭਰਪੂਰ ਮੁੱਲ ਸਾਰੀ ਉਮਰ ਤਾਰਿਆ ਸੀ, ਉਸ ਬੀਬੇ-ਰਾਣੇ ਜਜਮਾਨ ਦੀ ਮੌਤ ਤੋਂ ਪਏ ਵਿਛੋੜੇ ਦਾ ਦੁੱਖ ਵਿਚਾਰੇ ਪ੍ਰੋਹਿਤ ਤੋਂ ਕਿਵੇਂ ਬਰਦਾਸ਼ਤ ਹਿੰਦਾ ? ਐਸੇ ਸਰਬੰਸ ਦਾਨੀ ਸ਼ਰਧਾਲੂ ਜਜਮਾਨ ਨੂੰ ਬਿੱਪ੍ਰ ਕਿਵੇਂ ਭੁੱਲ ਸਕਦਾ ਸੀ, ਜਿਸ ਨੇ ਆਪਣੀ ਸਭ ਤੋਂ ਸੁਨੱਖੀ, ਸੁੱਖਾਂ-ਲੱਧੀ **ਬੇਟੀ ਪੱਥਰ ਦੇ ਠਾਕਰ ਨਾਲ ਵਿਆਹ** ਕੇ, **ਬ੍ਰਾਹਮਣ ਦੀ ਹਵਸ ਦਾ ਖਿਡਾਉਣਾ ਬਣਾ ਦੇਣ ਵਿਚ ਆਪਣੀ ਕਲਿਆਣ ਮੰਨੀ ਹੋਈ ਸੀ ?** ਐਸੇ ਦਾਨੀ ਜਜਮਾਨ ਦੀ ਪਿਆਰੀ ਯਾਦ ਨੂੰ ਸਦਾ ਤਾਜ਼ੀ ਰੱਖਣ ਲਈ ਉਚੇਚੀ ਮਰਯਾਦਾ ਬਣਾ ਲੈਣੀ ਬ੍ਰਾਹਮਣ ਲਈ ਬੜੀ ਜ਼ਰੂਰੀ ਸਮੱਸਿਆ ਕਿਵੇਂ ਨਾ ਬਣਦੀ ? ਆਖ਼ਰ ਵਿਦਵਾਨ ਅਤੇ ਦੂਰ ਦ੍ਰਿਸ਼ਟ ਬ੍ਰਾਹਮਣ ਨੇ ਅਜੇਹੀ ਯੋਜਨਾਂ ਤਿਆਰ ਕਰ ਲਈ ਕਿ ਉਹ ਕੱਛਾਂ ਵਜਾਉਂਦਾ ਹੋਇਆ ਖ਼ੁਸ਼ੀ ਨਾਲ ਪੁਕਾਰ ਉੱਠਿਆ--ਹੇ ਮੇਰੇ ਪਰਵਾਰ ਵਾਲਿਓ ! ਹੇ ਮਰੀ ਬ੍ਰਾਦਰੀ ਵਾਲਿਓ ! ਜੀਉਂਦੇ ਦਾ ਮੁੱਲ ਵੀ ਭਾਵੇਂ ਲੱਖ ਹੀ ਸੀ ਪਰ ਹੁਣ ਮਰੇ ਹੋਏ ਜਜਮਾਨ (-ਹਾਥੀ) ਦਾ ਮੁੱਲ ਸਵਾ ਲੱਖ ਨਹੀਂ, ਸਗੋਂ ਚਾਰ ਸਵਾਏ ਪੰਜ ਲੱਖ ਪੈ ਜਾਇਆ ਕਰੇਗਾ "।

ਮੁਰਦੇ ਦਾ ਏਡਾ ਵੱਡਾ ਮੁੱਲ ਵੱਟ ਸਕਣ ਵਾਲੀ ਇਹ ਨਵੀਂ ਮਰਯਾਦਾ, ਨਿਰਸੰਦੇਹ ਬੜੀ ਵਿੰਗੀ ਟੇਡੀ ਹੋਣੀ ਸੀ । ਬੜੀਆਂ ਖੇਚਲਾਂ ਸਨ ਜਜਮਾਨ ਦੀ ਸੰਤਾਨ ਲਈ । ਮਰੇ ਹੋਏ ਜਜਮਾਨ ਦੀ ਸੰਤਾਨ ਨੇ, ਬੜੀ ਤਕੜੀ ਲੁੱਟ ਦਾ ਸ਼ਿਕਾਰ ਹੋ ਜਾਣਾ ਸੀ । ਬਿੱਪ੍ਰ ਜੀ ਨੂੰ ਹੁਣ ਇਹ ਚਿੰਤਾ ਲੱਗ ਗਈ ਕਿ ਮਰ-ਮੁੱਕ ਚੁੱਕੇ ਜਜਮਾਨ ਦਾ ਪਰਵਾਰ, ਉਸ ਲਈ ਏਡੀਆਂ ਖੇਚਲਾਂ ਝੱਲਣ ਤੋਂ ਕਿਤੇ ਬਗ਼ਾਵਤ ਹੀ ਨਾ ਕਰ ਦੇਵੇ ? ਬਣੀ ਬਣਾਈ ਯੋਜਨਾਂ ਕਿਤੇ ਠੁੱਸ ਹੀ ਨਾ ਹੋ ਜਾਏ ? ਸੋ ਲੁੱਟ ਨੀਤੀ ਵਾਲੀ ਭਿਆਨਕ ਯੋਜਨਾ ਅਧੀਨ ਜਿਵੇਂ ਇੱਕ ਉਚੇਚਾ ਧਰਮ ਗ੍ਰੰਥ ਸਿਰਜਿਆ ਗਿਆ ਉਸ ਦਾ ਸੰਖੇਪ ਹਾਲ ਜਾਣ ਲੈਣਾ ਲਾਹੇਵੰਦ ਰਹੇਗਾ।

੨

## ਅਪਰਾਧ-ਵਿਧੀ ਅਤੇ ਗਰੁੜ ਪੁਰਾਣ ?

ਚੋਰਾਂ ਦਾ, ਠੱਗਾਂ ਦਾ, ਲੁੱਟਣ-ਹਾਰਿਆਂ ਦਾ, ਡਾਕੂਆਂ ਦਾ, ਪੇਸ਼ਾਵਰ ਕਾਤਲਾਂ ਦਾ, ਬਲਾਤਕਾਰੀਆਂ ਦਾ, ਅੱਡ ਅੱਡ ਅਪਰਾਧ ਕਰਨ ਵਾਲੇ ਅਪਰਾਧੀਆਂ ਦਾ ਅਪਰਾਧ-ਢੰਗ ਆਪਣਾ ਆਪਣਾ ਹੁੰਦਾ ਹੈ। ਭਾਵ, ਇੱਕ ਚੋਰ ਦਾ ਚੋਰੀ ਕਰਨ ਦਾ ਢੰਗ ਦੂਜੇ ਚੋਰ ਨਾਲੋਂ ਅੱਡਰਾ ਹੁੰਦਾ ਹੈ, ਇੱਕ ਡਾਕੂ ਦਾ ਲੁੱਟਣ-ਢੰਗ ਦੂਜੇ ਡਾਕੂ ਦੀ ਡਾਕਾ-ਵਿਧੀ ਨਾਲੋਂ ਵੱਖਰਾ ਹੁੰਦਾ ਹੈ, ਇੱਕ ਕਾਤਲ ਦਾ ਕਤਲ ਕਰਨ ਦਾ ਢੰਗ ਦੂਜੇ ਨਾਲੋਂ ਹੋਰ ਹੁੰਦਾ ਹੈ । ਗੱਲ ਕੀ ਇੱਕੋ ਤਰ੍ਹਾਂ ਦਾ ਅਪਰਾਧ ਕਰਨ ਵਾਲਿਆਂ ਦਾ ਅਧਰਾਧ-ਢੰਗ ਵੀ ਆਪਸ ਵਿਚ ਬੜਾ ਹੀ ਘੱਟ ਰਲਦਾ ਹੈ। ਅਪਰਾਧੀਆਂ ਦੀ ਪਛਾਣ ਉਨ੍ਹਾਂ ਦੇ ਅਪਰਾਧ ਢੰਗ ਤੋਂ ਹੋ ਜਾਂਦੀ ਹੈ । ਸੰਸਾਰ ਭਰ ਦੀ ਪੁਲਸ ਨੇ ਅਜਿਹੇ ਅੱਡਰੇ ਮਹਿਕਮੇ ਬਣਾਏ ਹੋਏ ਹਨ ਜਿਨ੍ਹਾਂ ਦਾ ਕੰਮ ਹੈ ਕਿ ਅਪਰਾਧ-ਢੰਗਾਂ ਤੋਂ ਅਪਰਾਧੀਆਂ ਦੀ ਸੂਚੀ ਤਿਆਰ ਕਰੀ ਰੱਖਣ ਅਤੇ ਅਪਰਾਧੀਆਂ ਨੂੰ ਕਾਬੂ ਕਰਨ ਵਿਚ ਲੋੜੀਂਦੀ ਸੂਹ-ਸਹਾਇਤਾ ਦਿਆ ਕਰਨ। ਚੰਡੀਗੜ੍ਹ ਦੇ ਪੁਲਸ ਵਿਭਾਗ ਵਿਚ ਵੀ ਅਜਿਹਾ ਇੱਕ ਅੱਡਰਾ ਵਿਭਾਗ ਬਣਿਆਂ ਹੋਇਆ ਹੈ। **ਪਰ ਜਦ ਅਧਰਾਧੀਆਂ** ਨੂੰ ਪਤਾ ਲੱਗ ਜਾਵੇ ਕਿ ਉੱਨ੍ਹਾਂ ਦੀ ਪਛਾਣ ਉਨ੍ਹਾਂ ਦੀ ਅਪਰਾਧ-ਵਿਧੀ ਤੋਂ ਹੋ ਰਹੀ ਹੈ ਤਾਂ ਕਈ ਵਾਰੀ ਉਹ ਆਪਣੀ **ਅਪਰਾਧ ਵਿਧੀ ਬਦਲ ਲੈਂਣ ਦਾ ਯਤਨ** ਵੀ ਕਰਦੇ ਹਨ ।

ਲੁੱਟ-ਖਾਣੇ ਧਰਮ-ਆਗੂਆਂ ਦਾ ਲੁੱਟਣ-ਢੰਗ ਵੀ ਆਪਣਾ ਆਪਣਾ ਹੁੰਦਾ ਹੈ। ਉਨ੍ਹਾਂ ਦੇ ਭਾਸ਼ਨਾਂ ਦਾ ਢੰਗ, ਲੋਕਾਂ ਨਾਲ ਉਨ੍ਹਾਂ ਦੀ ਆਮ ਬੋਲ-ਚਾਲ ਦਾ ਢੰਗ, ਉਨ੍ਹਾਂ ਦਾ ਲਿਖਣ ਢੰਗ ਸਦਾ ਆਪਣਾ ਆਪਣਾ ਹੁੰਦਾ ਹੈ । (ਨੋਟ:-ਲੁੱਟ ਖਾਣੇ ਅਜੇਹੇ ਧਰਮ-ਆਗੂਆਂ ਦੀ ਘਰੋਗੀ ਜਿੰਦਗੀ ਵਿਖਾਵੇ ਵਾਲੀ ਜਿੰਦਗੀ ਨਾਲੋਂ ਭਿੰਨ ਹੁੰਦੀ ਹੈ) ਜਿਨ੍ਹਾਂ ਨੂੰ ਅਸੀਂ ਕਾਨੂੰਨ ਦੇ ਦੁਸ਼ਮਣ ਸਮਝ ਕੇ ਜੇਲ੍ਹਾਂ ਵਿਚ ਬੰਦ ਕਰਾ ਕੇ ਸੁਖ ਦਾ ਸਾਹ ਲੈਣਾਂ ਮੰਨ ਚੁੱਕੇ ਹਾਂ ਉਨ੍ਹਾਂ ਅਪਰਾਧੀਆਂ ਨਾਲੋਂ ਧਾਰਮਿਕ ਅਪਰਾਧੀ ਕਈ ਗੁਣਾਂ ਵੱਧ ਘਾਤਕ ਅਤੇ ਭਿਆਨਕ ਹੱਦ ਤਾਂਈ ਵੱਧ ਖਤਰਨਾਕ ਹੁੰਦੇ ਹਨ। ਅਤੇ ਸੱਭ ਤੋਂ ਵੱਡੇ ਦੁੱਖ ਵਾਲੀ ਹਾਲਤ ਇਹ ਹੈ ਕੇ ਸਮਾਜ ਦੇ ਦੂਜੇ ਅਪਰਾਧੀਆਂ ਨੂੰ ਦੇਸ਼ ਦਾ ਕਾਨੂੰਨ ਸਜ਼ਾਵਾਂ ਦਿੰਦਾ ਹੈ, ਜੇਲ੍ਹਾਂ ਵਿਚ ਬੰਦ ਕਰਦਾ ਹੈ ਪਰ ਧਰਮ ਦੇ ਬੁਰਕੇ ਵਾਲਿਆਂ ਇਨ੍ਹਾਂ ਖ਼ਤਰਨਾਕ ਲੁਟੇਰਿਆਂ ਦੀ ਸਗੋਂ ' **ਪੂਜਾ** ' ਕੀਤੀ ਜਾਂਦੀ ਹੈ, ਜੇਲ-ਖਾਨਿਆਂ ਦੇ ਥਾਂ ਉਨ੍ਹਾਂ ਲਈ ਸੋਹਣੇ ਮਹਲ-ਮਾੜੀਆਂ ਬਣਾਈਆਂ ਜਾ ਰਹੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਸਵਾਰੀ ਲਈ ਵਧੀਆਂ ਤੋਂ ਵਧੀਆ ਸਾਧਨ ਉਪਲਬਦ **(Provide)** ਕੀਤੇ ਜਾਂਦੇ ਹਨ। ਦੇਸ਼ ਦੀਆਂ ਸਰਕਾਰਾਂ ਵੀ ਉਨ੍ਹਾਂ ਦੇ ਚਰਨੀ ਹੱਥ ਲਾਉਂਦੀਆਂ ਹਨ। ਏਹੀ ਕਾਰਨ ਹੈ ਕਿ ਧਾਰਮਿਕ **ਲੁਟੇਰੇ ਦੀ ਲੁੱਟ ਨੀਤੀ ਕਦੇ ਨਹੀਂ ਬਦਲਦੀ।** ਸਗੋਂ ਜਿਹੜੀ ਨੀਤੀ ਲੱਖਾਂ ਸਾਲ ਪਹਿਲਾਂ ਕਾਮਯਾਬ ਹੋ ਚੁੱਕੀ ਸੀ, ਧਾਰਮਿਕ ਲੁਟੇਰੇ ਦੀ ਲੁੱਟ-ਨੀਤੀ ਅੱਜ ਵੀ ਉਹੀ ਹੈ ।

ਸਾਡੀ ਲਿਖਤ ਦੇ ਮੁੱਖ ਨਾਇਕ " **ਬਿੱਪ੍ਰ ਜੀ** " ਨੂੰ ਆਪਣੀ ਪੁਰਾਣੀ ਲੁੱਟ-ਨੀਤੀ ਯਾਦ ਆ ਗਈ। " ਕਿਰਿਆ ਕਰਨ ਦੇ ਨਾਮ ਹੇਠ ਬਣਨ ਵਾਲੀ, ਵਿਸ਼ਾਲ ਲੁੱਟ-ਸਾਧਨਾਂ ਭਰਪੂਰ ਇਸ ਅੰਤਮ ਮਰਯਾਦਾ ਨੂੰ ਵੀ ਧਰਮ ਦਾ ਅਟੁਟ ਅੰਗ ਬਣਾ ਲੈਣਾ ਚਾਹੀਦਾ ਹੈ। " ਇਸ ਫੈਸਲੇ ਤੇ ਰਾਤ ਦਿਨ ਵਿਚਾਰਾਂ ਹੋਈਆਂ। ਆਖ਼ਰ ਮਿਰਤਕ ਦੀ ਕਲਿਆਣ ਲਈ ਇੱਕ ਅੱਡਰਾ ਧਰਮ-ਗ੍ਰੰਥ ਤਿਆਰ ਕਰ ਲਿਆ ਗਿਆ। ਨਰਕਾਂ ਦੇ ਦੁਖਾਂ ਦੀ ਬੜੀ ਡਰਾਉਣੀ ਵਿਥਿਆ ਅਤੇ ਸੁਰਗਾਂ ਦੇ ਸੁਖਾਂ ਦੀ ਬੜੀ ਮਨਮੋਹਣੀ ਗਾਥਾਵਾਂ ਨਾਲ ਸ਼ਿੰਗਾਰਿਆ, ਨਰਕਾਂ ਤੋਂ ਬਚਾ ਕੇ ਸਿੱਧਾ ਸੁਰਗ-ਲੋਕ ਵਿਚ ਜਾ ਬਿਰਾਜਣ ਦੀਆਂ ਵਿਧੀਆਂ ਸਮਝਾਉਣ ਵਾਲਾ, ਮਿਰਤਕ ਪ੍ਰਾਣੀਆਂ ਦੀ ਕਲਿਆਣ ਦੇ ਪੱਕੇ ਸਾਧਨਾਂ ਦੀ ਅਦਭੁਤ ਸੂਚੀ ਵਾਲਾ, ਆਕਾਰ ਵਿਚ ਭਾਵੇ ਛੋਟਾ ਪਰ ਬ੍ਰਾਹਮਣ ਲਈ ਕਲਪਬਿਰਛ-ਕਾਮਧੇਨ ਤੋਂ ਵੀ ਵੱਧ ਲਾਹੇਵੰਦ, ਬੜਾ ਕਰਾਮਾਤੀ ਗ੍ਰੰਥ ਸਿਰਜ ਲਿਆ ਗਿਆ। ਲਿਖਣ ਢੰਗ ਬ੍ਰਾਹਮਣ ਦਾ ਉਹੀ ਸੀ ਜਿਹੜਾ ਵੇਦਾਂ ਤੋਂ ਅਰੰਭ ਹੋਇਆ ਸੀ। ਕਿਉਂਕਿ ਇਹ ਗ੍ਰੰਥ ਬੜੇ ਲੰਮੇ ਸਮੇ ਤਾਂਈ ਜਾਰੀ ਰੱਖਣ ਵਾਲੀ ਵੱਧ ਦੁਖਦਾਈ ਲੁੱਟ ਦੀ ਮਰਯਾਦਾ ਵਾਲਾ ਸੀ ਇਸ ਲਈ ਇਸ ਦਾ ਲਿਖਣ ਢੰਗ ਹੋਰ ਵੀ ਵੱਧ ਅਦਭੁਤ ਬਣਾ ਦੇਣਾ ਜ਼ਰੂਰੀ ਸੀ। ਬਾਕੀ ਗ੍ਰੰਥਾਂ ਵਿਚ ਬੋਲਣ ਹਾਰਾ ਕੋਈ ਦੇਵਤਾ, ਰਿਸ਼ੀ ਆਦਿ ਅਤੇ ਸੁਣਨ ਵਾਲਾ ਵੀ ਕੋਈ ਦੇਵੀ ਦੇਵਤਾ, ਰਾਜਾ, ਮਹਾਰਾਜਾ, ਜਾਂ ਧਿਰਤ-ਰਾਸ਼ਟਰ ਦਾ ਰਥਵਾਈ " ਸੰਜਯ " ਆਦਿ ਜਿਹਾ ਮਨੁੱਖਾ ਜ਼ਬਾਨ ਵਾਲਾ ਪਾਤ੍ਰ ਹੁੰਦਾ ਸੀ। ਪਰ ਮਾਇਆ-ਜਾਲ ਦੇ ਭਿਆਨਕ ਤਾਣੇ-ਪੇਟੇ ਵਾਲੇ ਇਸ " ਧਰਮ ਗ੍ਰੰਥ " ਵਿਚ ਵਾਧਾ ਇਹ ਕੀਤਾ ਗਿਆ ਕਿ ਸਿਖਿਆ ਦਾਤੇ, ਜਾਂ ਪੁੱਛਾਂ ਦਾ ਉੱਤਰ ਦੇਣ ਵਾਲੇ, **ਭਗਵਾਨ ਵਿਸ਼ਨੂੰ ਜੀ** ਹੀ ਹਨ। ਪਾਠਕਾਂ ਨੂੰ ਯਾਦ ਹੋਣਾ ਹੈ ਕਿ, ਬ੍ਰਾਹਮਣ ਨੇ ਵਿਸ਼ਨੂੰ ਭਗਵਾਨ ਨੂੰ ਪਹਿਲਾਂ ਤੋਂ ਹੀ ਸੁਰਗਾਂ ਦਾ ਮਾਲਕ, ਅਬਵਾ, ਆਪਣੀ ਧੁੰਨੀ ਵਿਚੋਂ ਕਮਲ ਦਾ ਫੁੱਲ ਪੈਦਾ ਕਰਕੇ ਉਸ ਵਿਚੋਂ ਬ੍ਰਹਮਾਂ ਜੀ ਨੂੰ ਉਤਪਨ ਕਰਨ ਵਾਲਾ, ਆਦਿ ਪੁਰਖ ਵਿਧਾਤਾ ਘੋਸ਼ਤ ਕਰ ਦਿੱਤਾ ਹੋਇਆ ਸੀ। ਕਥਿਤ ਆਦਿ ਪੁਰਖ ਸ੍ਰਿਸ਼ਟੀ ਦੇ ਰਚੇਤਾ, ਵਿਸ਼ਨੂੰ ਜੀ ਤੇ ਪ੍ਰਸ਼ਨ ਕਰਨ ਵਾਲਾ ਵੀ ਕੋਈ ਬੜਾ ਅਲੋਕਾਰ ਸਰੋਤਾ ਹੋਣਾ ਚਾਹੀਦਾ ਸੀ। ਭਗਵਾਨ ਵਿਸ਼ਨੂੰ ਜੀ ਦੇ ਟਾਕਰੇ ਤੇ ਕਿਸੇ ਦੇਵੀ ਦੇਵਤੇ ਨੂੰ ਜਾਂ ਕਿਸੇ ਰਿਖੀ ਆਦਿ ਨੂੰ ਭਿਠਾਉਣਾ ਬ੍ਰਹਾਮਣੀ ਕਥਾ-ਕਲਾ ਨੇ ਹੇਠੀ ਮੰਨ ਲਈ। ਆਖ਼ਰ ਵਿਸ਼ਨੂੰ ਜੀ ਦੀ ਸਵਾਰੀ ਦੀ ਸੇਵਾ ਸਾਂਭੀ ਬੈਠੇ, ਉਨ੍ਹਾਂ ਦੇ ਇਤਬਾਰੀ " ਪੰਛੀ-ਰਾਜ **ਗਰੁੜ ਜੀ** " ਨੂੰ ਸਰੋਤਾ ਮਿਥਿਆ ਗਿਆ। ਵਾਰਤਾਲਾਪ ਦਾ ਅਰੰਭ ਕਰਨ ਵਾਲਾ ਅਤੇ ਅੰਤ ਕਰਨ ਵਾਲਾ ਗਰੁੜ ਜੀ ਦੇ ਬਣ ਜਾਣ ਦੇ ਕਾਰਨ ਇਸ ਅਦਭੁਤ ਗ੍ਰੰਥ ਦਾ ਨਾਮ " **ਗਰੁੜ ਪੁਰਾਣ** " ਮਿਥ ਦਿੱਤਾ ਗਿਆ । ਹਿੰਦੂਆਂ ਦੇ ਲਗ-ਪਗ ਸਾਰੇ ਧਰਮ ਗ੍ਰੰਥਾਂ ਵਾਂਗ ਇਸ ਅਦਭੁਤ ਧਰਮ-ਗ੍ਰੰਥ ਦੇ ਲਿਖਾਰੀ ਦੇ ਦਾ ਅਤਾ-ਪਤਾ ਇਸ ਧਰਮ-ਗ੍ਰੰਥ ਵਿਚੋਂ ਨਹੀਂ ਮਿਲਦਾ। [**ਯਾਦ ਰਹੇ** ਕਿ ਦਸਮਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਬਾਰੇ ਵੀ ਅੱਜ ਤੱਕ ਕੋਈ ਠੀਕ ਨਿਰਣਾ ਨਹੀਂ ਹੋ ਸਕਿਆ। ਮਤੇ ਨਾ ਕਦੇ ਹੋ

ਦਸਮ ਗ੍ਰੰਥ ਦੇ ਅਸਲ ਲਿਖਾਰੀ ਦਾ ਠੀਕ ਪਤਾ ਕਦੇ ਕਿਸੇ ਨੂੰ ਲੱਗ ਹੀ ਸਕਣਾ ਹੈ। ਕਾਰਨ ਏਹੀ ਹੈ ਕਿ, ਇਹ ਰੋਲਘਚੋਲਾ ਵੀ ਮਹਾਂ ਚਲਾਕ ਅਤੇ ਲੋਹੜੇ ਦੇ ਤਜਰਬੇਕਾਰ ਨੀਤੀਵੇਤਾ, ਪ੍ਰੋਹਿਤਜੀ ਦਾ ਹੀ ਪਾਇਆ ਹੋਇਆ ਹੈ ? ]

ਕਈ ਗੁਰਮੁਖਾਂ ਵਲੋਂ ਮੰਗ ਕੀਤੀ ਗਈ ਕਿ ਇਸ ਗ੍ਰੰਥ ਤੋਂ ਗੁਰਸਿੱਖ ਪਾਠਕਾਂ ਦੀ ਜਾਣਕਾਰੀ ਕਰਾਵਾ ਦੇਣੀ ਚਾਹੀਦੀ ਹੈ । ਸੋ ਦਾਸ ਨੇ ਗਰੁੜ-ਪੁਰਾਣ ਦਾ ਸੰਖੇਪ ਰੂਪ ਅਧਿਆਇ ਵਾਰ ਲਿਖਿਆ ਹੈ । ਬੇ ਲੋੜੀਆਂ ਅਤੇ ਮੁੜ ਮੁੜ ਲਿਖੀਆਂ ਗੱਲਾਂ ਛੱਡ ਦਿੱਤੀਆਂ ਹਨ । ਬਾਕੀ ਸਾਰੇ ਗ੍ਰੰਥ ਦਾ ਸੰਖੇਪ ਰੂਪ ਅਗਲੇ ਸਫ਼ਿਆਂ ਤੇ ਹਾਜ਼ਰ ਹੈ । ਗੁਰੜ-ਪੁਰਾਣ ਦੇ ਪੜ੍ਹਨ ਸੁਣਨ ਦੇ ਫਲ ਪੜ੍ਹ ਕੇ, ਹਿੰਦੂ ਧਰਮ ਵਿਚ ਗਰੁੜ ਪੁਰਾਨ ਦੀ ਮਹੱਤਤਾ ਬਣ ਜਾਣ ਦੇ ਕਾਰਨ ਦੀ ਸਮਝ ਆ ਜਾਂਦੀ ਹੈ । ਸੋ ਪਹਿਲਾਂ ਗਰੁੜ ਪੁਰਾਣ ਦੇ ਪਰੜ੍ਹਨ-ਸੁਣਨ ਦੇ ਜੋ ਫਲ ਬ੍ਰਾਹਮਣ ਨੇ ਵਿਸ਼ਨੂੰ ਜੀ ਦੇ ਮੂੰਹ ਵਿਚੋਂ ਅਖਵਾਏ ਹਨ, ਅਗਲੇ ਲੇਖ ਵਿਚ ਉਨ੍ਹਾਂ ਦਾ ਦਰਸ਼ਨ ਕਰ ਲੈਂਦੇ ਹਾਂ ।

੧- **ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨਾ ਜਾਇ ॥ ੧ ॥**[੫੯੩]-ਵਾਰ-੧੮

੩

# ਗਰੁੜ ਪੁਰਾਣ ਪੜ੍ਹਨ-ਸੁਣਨ ਦਾ ਫਲ ?

ਗਰੁੜ ਪੁਰਾਣ ਦੇ ਅੰਤ ਵਿਚ ੧੩੭ ਸਫ਼ੇ ਤੇ ਵਿਸ਼ਨੂ ਭਗਵਾਨ ਜੀ ਦੇ ਮੁਖਾਰਬਿੰਦ ਵਿਚੋਂ ਉਚਾਰਿਆ ਦਰਸਾ ਕੇ ਲਿਖੇ ਫ਼ੁਰਮਾਨ ਦਾ ਉਤਾਰਾ ਇਸ ਪ੍ਰਕਾਰ ਹੈ:--

"ਸ੍ਰੀ ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਇਸ ਪ੍ਰਕਾਰ ਮਰਨ ਪਰ ਕਿਰਿਆ ਕਰਮ ਕਰਨ ਦਾ ਪੁੱਤਰ ਦਾ ਜੋ ਕਰਤਵ ਹੈ, ਉਹ ਸਭ ਅਸਾਂ ਵਿਸਥਾਰ ਪੂਰਬਕ ਤੈਨੂੰ ਸੁਣਾ ਦਿਤਾ ਹੈ। ਇਸ ਕਿਰਿਆ ਕਰਮ ਦੇ ਕਰਨ ਤੋਂ **ਬਾਅਦ ਦਸ ਦਿਨ ਦੇ ਅੰਦਰ** ਇਸ ਪੁਰਾਣ ਦੇ ਪੜ੍ਹਨ ਸੁਣਨ ਨਾਲ ਸਭ ਪਾਪ ਨਾਸ ਹੋ ਜਾਂਦੇ ਹਨ । ਇਹ ਪਰਲੋਕ ਵਾਸਤੇ ਕੀਤਾ ਹੋਇਆ ਕਰਮ ਪਿਤਰਾਂ ਨੂੰ ਮੁਕਤੀ ਦੇਣ ਵਾਲਾ ਹੁੰਦਾ ਹੈ ਤੇ ਕਰਤਾ (ਅਰਥਾਤ ਪੁਤਰ ਆਦਿਕ) ਨੂੰ ਮਨ ਬਾਂਛਤ ਫਲ ਦੇਣ ਵਾਲਾ ਤੇ ਇਸ ਲੋਕ ਤੇ ਪਰਲੋਕ ਵਿਚ ਸੁਖ ਦੇਣ ਵਾਲਾ ਹੈ । ਜਿਹੜਾ ਨਾਸਤਕ ਤੇ ਨੀਚ ਪੁਰਸ਼ ਇਸ ਪਿਤਰ ਕਰਮ ਨੂੰ ਨਹੀਂ ਕਰਦਾ, ਉਸ ਦੇ ਹੱਥ ਦਾ ਜਲ ਵੀ ਨਿਰਸੰਦੇਹ ਸ਼ਰਾਬ ਦੇ ਤੁਲ ਸਮਝ ਕੇ ਨਹੀਂ ਪੀਣਾ ਚਾਹੀਦਾ । ਦੇਵਤੇ ਤੇ ਪਿਤਰ ਉਸ ਦੇ ਘਰ ਨੂੰ ਕਦੀ ਵੀ ਨਹੀਂ ਵੇਖਦੇ । ਪਿਤਰਾਂ ਦੇ ਕੋਪ ਹੋ ਜਾਣ ਨਾਲ ਉਸ ਦੇ ਪੁਤਰ ਤੇ ਪੋਤਰੇ ਗ਼ਰੀਬ ਹੁੰਦੇ ਹਨ। ਇਸ ਕਿਰਿਆ ਦੇ ਨਾ ਕਰਨ ਵਾਲਿਆਂ ਨੂੰ, ਚਾਹੇ ਬ੍ਰਾਹਮਣ ਹੋਣ ਜਾਂ ਖਤਰੀ, ਚਾਹੇ ਵੈਸ਼ ਹੋਣ ਜਾਂ ਸ਼ੂਦਰ ਹੋਣ ਜਾਂ ਕੋਈ ਹੋਰ, ਸਭ ਨੂੰ ਚੰਡਾਲ ਦੇ ਤੁਲ ਜਾਣਨਾ ਚਾਹੀਦਾ ਹੈ । **ਇਸ ਪੁੰਨ ਦਾਇਕ ਗਰੁੜ ਪੁਰਾਣ ਨੂੰ ਜਿਹੜਾ ਮਨੁਖ ਸੁਣਦਾ ਹੈ ਜਾਂ ਸੁਣਾਉਂਦਾ ਹੈ, ਉਹ ਦੋਵੇਂ ਹੀ ਪਾਪਾਂ ਤੋਂ ਛੁਟ ਜਾਂਦੇ ਹਨ ਤੇ ਦੁਰਗਤੀ ਨੂੰ ਪ੍ਰਾਪਤ ਨਹੀਂ ਹੁੰਦੇ ।** ਮਾਤਾ ਤੇ ਪਿਤਾ ਦੇ ਮਰਨ ਪਰ ਜਿਹੜਾ ਪੁਤਰ ਇਸ ਗਰੁੜ ਪੁਰਾਣ ਦੀ ਕਥਾ ਨੂੰ ਸੁਣਦਾ ਹੈ, ਉਸ ਦੇ ਮਾਤਾ ਪਿਤਾ ਮੁਕਤ ਹੋ ਜਾਂਦੇ ਹਨ, ਤੇ ਪੁੱਤਰ ਸੰਤਾਨ ਵਾਲਾ ਹੁੰਦਾ ਹੈ । ਜਿਸ ਨੇ ਗਰੁੜ ਪੁਰਾਣ ਨਹੀਂ ਸੁਣਿਆ, ਸ਼ਰਾਧ ਨਹੀਂ ਕੀਤਾ, ਵਰਿਸ਼ੋਤਸਰਗ ਨਹੀਂ ਕੀਤਾ, ਮਾਸਕ ਤੇ ਵਾਰਸਕ ਸ਼ਰਾਧ ਨਹੀਂ ਕੀਤਾ, ਉਹ ਪੁਤਰ ਕਿਸ ਤਰ੍ਹਾਂ ਪੁਤਰ ਕਹਾਉਣ ਦਾ ਅਧਿਕਾਰੀ ਹੈ ? ਤੇ ਉਹ ਤਿੰਨਾਂ ਰਿਣਾਂ ਤੋਂ ਕਿਸ ਤਰ੍ਹਾਂ ਛੁਟ ਸਕਤਾ ਹੈ? ਤੇ ਉਹ ਆਪਣੇ ਮਾਤਾ ਪਿਤਾ ਨੂੰ ਕਿਸ ਤਰ੍ਹਾਂ ਤਾਰ ਸਕਦਾ ਹੈ? ਇਸ ਲਈ ਜਤਨ ਕਰਕੇ ਇਹ ਗਰੁੜ ਪੁਰਾਣ ਅਵੱਸ਼ ਸੁਣਨਾ ਚਾਹੀਦਾ ਹੈ । ਇਹ ਕਰਮ---**ਧਰਮ, ਅਰਥ, ਕਾਮ** ਅਤੇ **ਮੁਕਤੀ** ਨੂੰ ਦੇਣ ਵਾਲਾ ਤੇ ਦੁਖਾਂ ਨੂੰ ਨਾਸ ਕਰਨ ਵਾਲਾ ਹੈ । ਗਰੁੜ ਪੁਰਾਣ ਪੁੰਨ-ਦਾਇਕ, ਪਵਿੱਤਰ ਤੇ ਪਾਪ-ਨਾਸਕ ਹੈ । ਸੁਣਨ ਵਾਲਿਆਂ ਦੀਆਂ ਸਭ ਕਾਮਨਾ ਪੂਰੀਆਂ ਕਰਨ ਵਾਲਾ ਹੈ, ਇਸ ਲਈ ਇਸ ਦੀ ਕਥਾ ਅਵੱਸ਼ ਸੁਣਨੀ ਚਾਹੀਦੀ ਹੈ । ਇਸ ਦੇਸੁਣਨ ਨਾਲ ਬ੍ਰਾਹਮਣ ਵਿਦਿਆ ਨੂੰ ਖੱਤਰੀ ਪ੍ਰਿਥਵੀ ਨੂੰ, ਵੈਸ਼ ਧਨ ਨੂੰ ਪ੍ਰਾਪਤ ਕਰਦਾ ਹੈ ਤੇ ਸ਼ੂਦਰ ਪਾਤਕ ਤੋਂ ਛੁਟ ਜਾਂਦਾ ਹੈ । ਇਸ ਪੁਰਾਣ ਨੂੰ ਸੁਣਕੇ, **ਕਥਾ ਕਰਨ ਵਾਲੇ ਨੂੰ ਪਹਿਲੇ ਕਹੇ ਸੇਜਾ ਦਾਨ ਆਦਿ ਸਭ ਦਾਨ ਦੇਣੇ ਚਾਹੀਦੇ ਹਨ, ਇਸ ਤੋਂ ਉਲਟ ਕਰਨ ਵਾਲਾ ਸਫ਼ਲ ਨਹੀਂ ਹੁੰਦਾ । ਪੁਰਾਣ ਦੀ ਪੂਜਾ ਕਰਕੇ ਫਿਰ ਬਸਤਰ, ਗਹਿਣੇ, ਗਊ ਦਾਨ ਤੇ ਦਛਣਾਂ ਆਦਿ ਨਾਲ ਆਦਰ ਪੂਰਬਕ ਕਥਾ ਕਰਨ ਵਾਲੇ ਦੀ ਪੂਜਾ ਕਰਨੀ ਚਾਹੀਦੀ ਹੈ । ਭਗਵਾਨ ਜੀ ਕਹਿੰਦੇ ਹਨ ਕਿ ਕਥਾ ਕਰਨ ਵਾਲੇ ਦੀ ਪੂਜਾ ਕਰਨ ਨਾਲ ਮੇਰੀ ਪੂਜਾ ਹੁੰਦੀ ਹੈ, ਇਸ ਵਿਚ ਕੋਈ ਸੰਸਾ ਨਹੀਂ ਹੈ । ਕਥਾ ਕਰਨ ਵਾਲੇ ਦੇ ਪ੍ਰਸੰਨ ਹੋ ਜਾਣ ਨਾਲ ਮੈਂ ਨਿਰਸੰਦੇਹ ਪ੍ਰਸੰਨ ਹੋ ਜਾਂਦਾ ਹਾਂ । (ਗਰੁੜ ਪੁਰਾਣ ਸਮਾਪਤ)।**

ਹਜ਼ਾਰਾਂ ਸਾਲਾਂ ਤੋਂ ਪੜ੍ਹਦੇ ਅਤੇ ਸੁਣਦੇ ਰਹਿਣ ਨਾਲ ਅਥਵਾ ਇਸ ਗ੍ਰੰਥ ਵਿਚ ਲਿਖੇ ਅਨੁਸਾਰ ਕਿਰਿਆ-ਕਰਮ ਕਰਦੇ ਰਹਿਣ ਨਾਲ ਮੰਨ-ਆਤਮਾ ਤੇ ਬਣੇ ਸੰਸਕਾਰ ਏਡੇ ਡੂੰਘੇ ਉੱਕਰੇ ਜਾ ਚੁਕੇ ਸਨ ਕਿ ਹਿੰਦੂਆਂ ਤੋਂ ਛੁਟ, ਬੋਧੀ, ਪਾਰਸੀ, ਮੁਸਲਮਾਨ ਗੱਲ ਕੀ ਸਮੁੱਚੇ ਭਾਰਤ ਦਾ ਮਨੁੱਖ, ਇਸ ਗ੍ਰੰਥ ਦੇ ਪ੍ਰਭਾਵ ਤੋਂ ਅੱਜ ਤੱਕ ਵੀ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਿਆ। ਗੁਰੂ ਨਾਨਕ ਨਿਰੰਕਾਰੀ ਜੀ ਨੇ ਦੋ ਸੌ ਸਾਲ ਤੋਂ ਵੱਧ ਦਾ ਸਮਾਂ ਲਾ ਕੇ ਜਿਸ ਮਨੁੱਖ ਨੂੰ ਬ੍ਰਾਹਮਣੀ ਲੁੱਟ-ਨੀਤੀ ਵਾਲੇ ਕਿਰਿਆ ਕਰਮ ਦੇ ਮਾਇਆ-ਜਾਲ ਵਿਚੋਂ ਮੁਕਤ ਕੀਤਾ ਸੀ, ਉਹ ਖ਼ਾਲਸਾ ਗਰੁੜ ਪੁਰਾਣ ਗ੍ਰੰਥ ਵਿਚਲੀ ਮਰਯਾਦਾ ਦਾ (ਰੂਪ ਵਟਾ ਕੇ) ਪੂਰੀ ਤਰ੍ਹਾਂ ਧਾਰਨੀ ਹੋ ਚੁੱਕਾ ਹੋਇਆ ਹੈ ।

ਬ੍ਰਾਹਮਣ ਨੂੰ ਧਰਮ ਗੁਰੂ ਮੰਨਣ ਵਾਲੇ ਹਿੰਦੂ, ਗਰੁੜ ਪੁਰਾਣ ਨੂੰ ਕੇਵਲ ਆਪਣਾ ਧਰਮ-ਗ੍ਰੰਥ ਹੀ ਮੰਨਦੇ ਹਨ। ਕਿਰਿਆ ਰਕਮ ਦਾ ਵਿਧੀ ਵਧਿਾਨ ਸਮਝਾਲਉਣ ਵਾਲੇ ਇਸ ਗ੍ਰੰਥ ਨੂੰ ਜਿਹੰਦੂ ਆਪਣਾ ਗੁਰੂ ਮੰਨ ਕੇ ਇਸ ਦੀ ਪੂਜਾ ਵੀ ਨਹੀਂ ਕਰਦੇ, ਪਰ ਲਗ-ਪਗ ਸਾਰੇ ਹਿੰਦੂ ਉਸ ਧਰਮ ਗ੍ਰੰਥ ਵਿਚ ਲਿਖੇ ਦੀ ਪਾਲਣਾ ਬੜੀ ਸ਼ਰਧਾ ਨਾਲ ਕਰਦੇ ਹਨ। ਆਪਣੇ ਮਾਤਾ ਪਿਤਾ (ਜਾਂ ਸੰਬੰਧੀ) ਦੀ ਆਤਮਾਂ ਦੀ ਮੁਕਤੀ ਵਾਸਤੇ ਗਰੁੜ ਪੁਰਾਣ ਦਾ ਪਾਠ ਕਰਾ ਕੇ ਪਾਠੀ ਨੂੰ ਦਾਨ-ਦੱਛਣਾ ਦਿੰਦਾ ਹੈ, ਅਥਵਾ ਗਰੁੜ ਪੁਰਾਣ ਵਿਚ ਲਿਖਿਆ ਕਿਰਿਆ-ਕਰਮ ਕਰਦਾ ਹੋਇਆ ਆਪਣਾ ਧਨ ਦੌਲਤ ਬ੍ਰਾਹਮਣਾਂ ਨੂੰ ਦਾਨ ਕਰ ਦੇਣ ਦੇ ਨਾਲ, ਕਈ ਵਾਰੀ, ਆਪਣੀ ਜਾਨ ਤੱਕ ਵਾਰ ਦਿੰਦਾ ਹੈ। ਏਧਰ ਆਪਣੇ ਆਪ ਨੂੰ ਨਿਆਰਾ ਮੰਨਣ ਵਾਲੇ ਖ਼ਾਲਸਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ-ਜੁਗਤਿ ਦੇ ਯਾਰ੍ਹਵਾਂ ਅਤੇ ਸਦੀਵੀ ਪ੍ਰਕਾਸ਼-ਰੂਪ, ਸਰਬ ਕਾਲੀ ਅਤੇ ਸਰਬ-ਗੁਣਾਂ ਭਰਪੂਰ, ਜੁਗੋਂ ਜੁਗ ਅਟੱਲ, ਸੱਚਾ ਸਤਿਗੁਰੂ ਮੰਨਦੇ ਅਤੇ ਸਤਿਕਾਰਦੇ ਹਨ। ਪਰ ਕਿੱਡੇ ਦੁੱਖ ਵਾਲੀ ਹਾਲਤ ਬਣ ਰਹੀ ਹੈ ਕਿ ਗੁਰੂ ਦਾ ਸਿੱਖ **ਕਰਦਾ ਉਹ ਕੁਝ ਹੈ** ਜਿਸ ਤੋਂ ਸਤਿਗੁਰਾਂ ਦੀ ਬਾਣੀ ਨੇ ਬਾਰ-ਬਾਰ **ਰੋਕਿਆ ਹੋਇਆ ਹੈ**। ਜਿਸ ਫੋਕਟ ਕਿਰਿਆ ਕਰਮਾਂ ਅਥਵਾ ਸੰਸਕਾਰਾਂ

ਦੇ ਮੰਨਣ ਵਾਲੇ ਬ੍ਰਾਹਮਣੀ ਭਰਮ-ਜਾਲ ਵਿਚੋਂ ਸਤਿਗੁਰਾਂ ਨੇ ਸਾਨੂੰ ਕੱਢਿਆ ਸੀ, ਅਸੀ ਸਾਰਾ ਉਹੀ ਕੁਝ ਕਰਨਾ ਅਰੰਭ ਕਰ ਲਿਆ ਹੈ। ਇਸ ਤਰ੍ਹਾਂ ਅਨਭਵ ਹੋ ਰਿਹਾ ਹੈ ਜਿਵੇਂ ਦਸ਼ਮੇਸ਼ ਜੀ ਦੇ ਦੂਲੇ ਸਿੰਘ ਨੇ, ਗਰੁੜ ਪੁਰਾਣ ਵਿਚ ਲਿਖੇ ਨੂੰ ਹੀ ਆਪਣੇ ਸਤਿਗੁਰਾਂ ਦਾ ਅਸਲੀ ਹੁਕਮ ਮੰਨ ਲਿਆ ਹੈ। ਗਰੁੜ ਪੁਰਾਣ ਦੇ ਗਿਆਨ ਵਿਚ ਅਜੇਹਾ ਕਿਹੜਾ ਜਾਦੂ ਹੈ ਜੋ ਮਨੁੱਖ ਦੇ ਹਿਰਦੇ ਵਿਚ ਏਡੇ ਡੂੰਘੇ ਪੈਰ ਜਮਾ ਬੈਠਦਾ ਹੈ ? ਇਸ ਭੇਤ ਦੀ ਤਹਿ ਤੱਕ ਪੁੱਜਣ ਲਈ ਪਹਿਲਾਂ ਗਰੁੜ ਪੁਰਾਣ ਦੇ ਸਾਰਿਆਂ ਅਧਿਆਵਾਂ ਦੀ ਜਾਣਕਾਰੀ ਕਰ ਲੈਣੀ ਜ਼ਰੂਰੀ ਹੈ ਅਤੇ ਫਿਰ ਸਾਰੇ ਕੁਝ ਨੂੰ ਗੁਰਬਾਣੀ ਸ਼ਬਦਾਂ ਦੇ ਗਿਆਨ ਦੀ ਕਸਵੱਟੀ ਤੇ ਪਰਖ ਕੇ ਨਿਰਣਾ ਕਰਨਾ ਹੋਵੇਗਾ :--

੩

# ਗਰੁੜ ਪੁਰਾਣ ਦਾ ਸੰਖੇਪ ਰੂਪ

## ਪਹਿਲਾ ਅਧਿਆਇ

[ਨੋਟ:--ਬ੍ਰਾਹਮਣੀ ਲਿਖਣ ਢੰਗ ਦਾ ਅੰਦਾਜ਼ਾ ਠੀਕ ਤਰ੍ਹਾਂ ਲਾ ਸਕਣ ਦੀ ਸਹੂਲਤ ਨੂੰ ਮੁਖ ਰੱਖ ਕੇ,
ਗਰੁੜ ਪੁਰਾਣ ਗ੍ਰੰਥ ਦੇ ਅਨੁਵਾਦਕ ਦੇ ਆਪਣੇ ਸ਼ਬਦਾਂ ਵਿਚ ਲਿਖਣ ਦਾ ਯਤਨ ਕੀਤਾ ਹੈ । ]

ਲਿਖਤ ਇਸ ਪ੍ਰਕਾਰ ਅਰੰਭ ਹੁੰਦੀ ਹੈ:-

ਸ੍ਰੀ ਵਿਸ਼ਨੂੰ ਭਗਵਾਨ ਮਾਨੋ ਇਕ ਬ੍ਰਿਛ ਹੈ। ਧਰਮ ਜਿਸ ਦੀ ਪੱਕੀ ਜੜ੍ਹ ਹੈ। ਵੇਦ ਜਿਸ ਦੇ ਟਾਹਣ ਹਨ। ਪੁਰਾਣ ਜਿਸ ਦੀਆਂ ਟਾਹਣੀਆਂ ਹਨ। ਯੱਗ ਜਿਸ ਦਾ ਫੁਲ ਹੈ ਤੇ ਮੁਕਤੀ ਜਿਸ ਦਾ ਫਲ ਹੈ। ਇਹੋ ਜਿਹੇ ਸਧਸੂਦਨ ਭਗਵਾਨ ਰੂਪੀ ਬ੍ਰਿਛ ਦੀ ਜੈ ਹੋਵੇ ਤੇ ਇਸ ਨੂੰ ਮੇਰੀ ਨਮਸ਼ਕਾਰ ਹੈ।

ਇੱਕ ਸਮੇਂ ਦੇਵਤੇ ਆਪਣੇ ਖੇਤਰ ਨੈਮਿਸ਼ਾਰਣਯ* ਵਿਚ ਸ਼ੌਨਕ ਆਦਿ ਅਠਾਸੀ ਹਜ਼ਾਰ ਰਿਸ਼ੀਆਂ ਸਮੇਤ ਸ੍ਵਰਗ ਦੀ ਪ੍ਰਾਪਤੀ ਵਾਸਤੇ ਇੱਕ ਹਜ਼ਾਰ ਵਰ੍ਹੇ ਵਿਚ ਸਮਾਪਤਿ ਹੋਣ ਵਾਲਾ ਯੱਗ ਕਰ ਰਹੇ ਸਨ। ਇੱਕ ਦਿਨ ਸਵੇਰ ਵੇਲੇ ਹਵਨ ਆਦਿ ਕਰਨ ਤੋਂ ਪਿਛੋਂ ਬੈਠੇ ਹੋਏ ਉਹਨਾਂ ਮੁਨੀਆਂ ਨੇ **ਸ੍ਰੀ ਸੂਤ** ਜੀ ਮਹਾਰਾਜ ਦਾ ਸਨਮਾਨ >>>**

(***Foot Note:**--ਭਾਰਤ ਵਿਚ U.P ਪ੍ਰਦੇਸ਼ ਦੇ **ਸੀਤਾ ਪੁਰ ਜ਼ਿਲ੍ਹੇ** ਵਿਚ ਇੱਕ ਤੀਰਥ ਹੈ ਜਿਥੇ ਪੁਰਾਣੇ ਸਮੇਂ ਵਿਚ ਭਾਰੀ ਜੰਗਲ ਸੀ, ।

(** **Foot Note:-** ਰਿਸ਼ੀ ਵਿਯਾਸ ਦਾ ਇਕ ਚੇਲਾ ਜਿਹੜਾ ਰਿਖੀਆਂ ਨੂੰ ਪੁਰਾਣਕ ਕਥਾ ਸੁਣਾਇਆ ਕਰਦਾ ਸੀ )

**<<** ਕਰਕੇ ਬੜੇ ਪਿਆਰ ਅਤੇ ਸਤਿਕਾਰ ਨਾਲ ਪੁਛਿਆ ਕਿ, **ਹੇ ਸੂਤ ਜੀ ਮਹਾਰਾਜ** ! ਆਪ ਨੇ ਅਤਿਅੰਤ ਸੁਖ ਦੇਣ ਵਾਲੇ ਵੇਦ ਮਾਰਗ ਦਾ ਬੜੀ ਚੰਗੀ ਤਰ੍ਹਾਂ ਵਰਣਨ ਕੀਤਾ ਹੈ । ਹੁਣ ਅਸੀਂ ਆਪ ਤੋਂ ਅਤਿਅੰਤ ਭਿਆਨਕ ਜਮ ਮਾਰਗ ਦਾ ਬ੍ਰਿਤਾਂਤ ਤੇ ਉਸ ਤੋਂ ਪੈਦਾ ਹੋਣ ਵਾਲੇ ਦੁਖਾਂ ਨੂੰ ਨਾਸ ਕਰਨ ਦੇ ਸਾਧਨ ਸੁਣਨਾ ਚਾਹੁੰਦੇ ਹਾਂ । ਇਸ ਲਈ ਆਪ ਕਿਰਪਾ ਕਰਕੇ ਇਸ ਲੋਕ ਤੇ ਪ੍ਰਲੋਕ ਦੇ ਦੁਖਾਂ ਦਾ ਸਹੀ ਰੂਪ ਵਿਚ ਵਰਣਨ ਕਰੋ ।

ਰਿਸ਼ੀਆਂ ਦੀ ਇਹ ਪ੍ਰੇਮ ਭਰੀ ਬੇਨਤੀ ਸੁਣ ਕੇ ਸੂਤ ਜੀ ਕਹਿਣ ਲਗੇ ਕਿ ਹੇ ਰਿਸ਼ੀਓ ਤੇ ਮੁਨੀਓ ! ਆਪ ਦੀ ਇਛਾ ਅਨੁਸਾਰ ਹੁਣ ਅਸੀਂ ਧਰਮੀ ਪੁਰਸ਼ਾਂ ਨੂੰ ਸੁਖ ਦੇਣ ਵਾਲੇ, ਪਾਪੀ ਮਨੁੱਖਾਂ ਨੂੰ ਦੁੱਖ ਦੇਣ ਵਾਲੇ, ਅਤਿਅੰਤ ਕਠਨ ਜਮ ਮਾਰਗ ਦਾ ਬਿਰਤਾਂਤ ਵਰਣਨ ਕਰਦੇ ਹਾਂ । ਇਹੋ ਪ੍ਰਸ਼ਨ ਇਕ ਸਮੇਂ ਗਰੁੜ ਜੀ ਨੇ ਭਗਾਵਾਨ ਵਿਸ਼ਨੂੰ ਜੀ ਦੀ ਸੇਵਾ ਵਿਚ ਕੀਤਾ ਸੀ । ਭਗਵਾਨ ਵਿਸ਼ਨੂੰ ਜੀ ਨੇ ਗਰੁੜ ਜੀ ਦੇ ਪ੍ਰਸ਼ਨ ਦਾ ਜੋ ਉੱਤਰ ਦਿੱਤਾ ਉਹੋ ਇਤਿਹਾਸ ਮੈਂ ਆਪ ਨੂੰ ਸੁਣਾਉਂਦਾ ਹਾਂ । ਆਸ ਹੈ ਇਸ ਇਤਿਹਾਸ ਨੂੰ ਸੁਣ ਕੇ ਆਪ ਦੇ ਸਭ ਸ਼ੰਕੇ ਨਵਿਰਤ ਹੋ ਜਾਣਗੇ ਤੇ ਆਪ ਨੂੰ ਸਭ ਜਾਣਕਾਰੀ ਪ੍ਰਾਪਤ ਹੋ ਜਾਵੇਗੀ ।

ਇਸ ਤੋਂ ਅੱਗੇ ਗਰੁੜ ਜੀ ਵਿਸ਼ਨੂੰ ਭਗਵਾਨ ਜੀ ਕੋਲੋਂ ਸਵਾਲ ਪੁੱਛਦੇ, ਅਤੇ ਵਿਸ਼ਨੂੰ ਜੀ ਸਵਰਗਾਂ ਵਿਚ ਬੈਠੇ ਉਨ੍ਹਾਂ ਪ੍ਰਸ਼ਨਾਂ ਦਾ ਉਂਤਰ ਦਿੰਦੇ ਦਰਸਾਏ ਹੋਏ ਹਨ । ਇਸ ਗ੍ਰੰਥ ਨੂੰ ਪੜ੍ਹ ਕੇ ਜੇ ਕਿਸੇ ਪਾਠਕ ਦੇ ਦਿੱਲ ਵਿਚ ਕਿਸੇ ਪ੍ਰਕਾਰ ਦਾ ਕੋਈ ਸ਼ੰਕਾ ਪੈਦਾ ਹੋਵੇ ਤਾਂ ਬ੍ਰਾਹਮਣ ਦਾ ਉੱਤਰ ਏਹੋ ਹੈ ਕਿ, ਜੋ ਕੁਝ ਵੀ ਗ੍ਰੰਥ ਵਿਚ ਲਿਖਿਆ ਹੋਇਆ ਹੈ ਉਹ **ਵਿਸ਼ਨੂੰ ਭਗਵਾਨ** ਜੀ ਨੇ ਕਿਹਾ ਸੀ ਅਤੇ **ਸੂਤ ਜੀ** ਨੇ ਸੰਸਾਰੀ ਜੀਵਾਂ ਤਾਂਈ ਪੁਚਾਇਆ ਹੈ, ਬ੍ਰਾਹਮਣ ਤਾਂ ਵਿਚਾਰਾ ਭਗਵਾਨ ਦੇ ਇਨ੍ਹਾਂ ਹੁਕਮਾਂ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਵਾਲਾ ਐਵੇਂ ਕਥਾ-ਵਾਚਕ ਜਾਂ ਅਨੁਵਾਦਕ ਹੀ ਹੈ। ਇਸ ਗ੍ਰੰਥ ਵਿਚ ਥਾਂ-ਥਾਂ ਤੇ **ਬ੍ਰਾਹਮਣ ਨੂੰ ਸਰਬ-ਸ੍ਰੇਸ਼ਟ** ਅਤੇ **ਸਾਰੇ ਪਾਪਾਂ ਨੂੰ ਨਾਸ ਕਰਕੇ ਜੀਵ ਨੂੰ ਸੁਰਗਾਂ ਵਿਚ ਪੁਚਾ ਸਕਣ ਦੀ ਸ਼ਕਤੀ ਦਾ ਮਾਲਕ ਲਿਖਣ ਵਾਲਾ ਲਿਖਾਰੀ ਕੀ ਬ੍ਰਾਹਮਣ ਦਾ ਕੋਈ ਗੂਹੜਾ ਰਿਸ਼ਤੇਦਾਰ ਹੈ ? ਉਸ ਨੇ ਬ੍ਰਾਹਮਣ ਵਿਚ ਅਜੇਹੇ ਕਿਹੜੇ ਅਦਭੁਤ ਗੁਣ ਵੇਖ ਲਏ ਜੋ ਉਸ ਨੇ ਬ੍ਰਾਹਮਣ ਦੀ ਖ਼ੁਸ਼ੀ ਵਿਸ਼ਨੂੰ ਜੀ ਦੀ ਨਿੱਜੀ ਖ਼ੁਸ਼ੀ ਬਣਾ ਦਿੱਤੀ ? ਹੈਰਾਨੀ ਹੈ ਕਿ** ਅਜੇਹੇ ਬ੍ਰਾਹਮਣ-ਭਗਤ ਲਿਖਾਰੀ ਦੇ ਅਤੇ-ਪਤੇ ਤੋਂ ਬ੍ਰਾਹਮਣ ਆਪ ਚੀ ਅਣਜਾਣ ਹੈ। ਵੇਦਾਂ ਤੋਂ ਲੈ ਕੇ ਹਿੰਦੂਆਂ ਦੇ ਲਗ-ਪਗ ਸਾਰੇ ਗ੍ਰੰਥਾਂ ਦੇ ਲਿਖਾਰੀ ਦੀ ਠੀਕ ਜਾਣਕਾਰੀ ਦੁਨੀਆਂ ਵਿਚ ਕਿਸੇ ਮਨੁੱਖ ਨੂੰ ਨਹੀਂ ਹੋ ਸਕੀ। ਇਸ (ਗਰੁਚਪੁਰਾਣ)) ਅਦਭੁਤ ਧਰਮ-ਗ੍ਰੰਥ ਦੀ ਸਿਰਜਨਾਂ ਕਦੋਂ ਹੋਈ ਅਤੇ ਕਿਸ ਨੇ ਕੀਤੀ ? ਇਨ੍ਹਾਂ ਪ੍ਰਸ਼ਨਾਂ ਦਾ ਸਹੀ ਸਹੀ ਪਤਾ ਕੋਈ ਨਹੀਂ ਦੇ ਸਕਿਆ। **ਵਿਧਨਾ ਦਾ ਅਜੀਬ ਸੁਮੇਲ ਹੈ ਕਿ ਏਹੀ ਪ੍ਰਸ਼ਨ ਚਿੰਨ੍ਹ ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਉਸ ਦੇ ਲਿਖਾਰੀ ਨਾਲ ਵੀ ਜੁੜਿਆ ਹੋਇਆ ਹੈ ? ਸਾਰੇ ਭਰਮ ਭੁਲੇਖੇ ਮਿਟਾਉਣ ਵਾਲਾ ਸਰਬ ਪ੍ਰਵਾਣਤ ਉੱਤਰ ਏਧਰ ਵੀ ਕਿਸੇ ਕੋਲ ਨਹੀਂ ਹੈ।**

### ਜਮ ਮਾਰਗ ਵਿਚ ਮਿਲਣ ਵਾਲੇ ਦੁੱਖ

" ਸਵਰਗਾਂ ਵਿਚ ਬੈਠੇ ਵਿਸ਼ਨੂੰ ਜੀ ਗਰੁੜ ਦੇ ਪ੍ਰਸ਼ਨ ਦਾ ਉਤਰ ਇਉਂ ਦੇਂਦੇ ਹਨ--ਸ੍ਰੀ ਭਗਵਾਨ ਜੀ ਕਹਿਣ ਲੱਗੇ--ਹੇ ਪੰਛੀ ਰਾਜ ਗਰੁੜ ਜੀ ! ਸੁਣੋ--ਪਾਪੀ ਮਨੁੱਖ ਜਿਸ ਮਾਰਗ ਰਾਹੀਂ ਜਮ ਲੋਕ ਨੂੰ ਜਾਂਦੇ ਹਨ ਉਹ ਸੁਣਨ ਵਿਚ ਬੜਾ ਭਿਆਨਕ ਹੈ । ਜਿਹੜੇ ਮਨੁੱਖ ਦਇਆ ਤੇ ਧਰਮ ਤੋਂ ਦੂਰ ਹਨ, ਬੁਰੀ ਸੰਗਤ ਵਿਚ ਫਸੇ ਰਹਿੰਦੇ ਹਨ, ਸਤਿਸੰਗਤ ਨਹੀਂ ਕਰਦੇ, **ਵੇਦਾਂ ਤੇ ਸ਼ਸਤ੍ਰਾਂ ਨੂੰ ਨਾ ਪੜ੍ਹਦੇ ਹਨ ਤੇ ਨਾ ਸੁਣਦੇ ਹਨ,** ਜਿਹੜੇ ਮਨੁੱਖ ਆਪਣੇ ਅਹੰਕਾਰ ਵਿਚ ਗ੍ਰਸੇ ਕਿਸੇ ਨਾਲ ਨਿੰਮ੍ਰਤਾ ਵਾਲਾ ਵਰਤਾਉ ਨਹੀਂ ਕਰਦੇ, ਮਾਇਆ ਦੇ ਮੋਹ ਵਿਚ ਫਸ ਕੇ ਜਿਨ੍ਹਾਂ ਦਾ ਮਨ ਪਰ ਧਨ ਤੇ ਪਰ ਇਸਤ੍ਰੀ ਵਿਚ ਗ਼ਲਤਾਨ ਰਹਿੰਦਾ ਹੈ, ਜੋ ਕਾਮ ਭੋਗ ਵਿਚ ਫਸੇ ਹੋਏ ਹਨ, **ਜੋ ਬ੍ਰਾਹਮਣਾ ਨੂੰ ਦਾਨ ਪੁੰਨ ਨਹੀਂ ਕਰਦੇ ......** ਮੌਤ ਸਮੇ ਸਭ ਇੰਦਰੀਆਂ ਦੇ ਸਿਥਲ ਹੋ ਜਾਣ ਕਰਕੇ ਉਸ ਦੀ ਚੇਤਨਾ ਨਸ਼ਟ ਹੋ ਜਾਂਦੀ ਹੈ ਤੇ ਜਮਦੂਤਾਂ ਦੇ ਨੇੜੇ ਆ ਜਾਣ ਕਰਕੇ ਪ੍ਰਾਣਵਾਯੂ ਚਾਲੂ ਹੋ ਜਾਂਦੀ

ਹੈ । ਇੱਕ ਇਕ ਪਲ ਜੁਗਾਂ ਵਾਂਗੂੰ ਬੀਤਦਾ ਹੈ, ਸੈਂਕੜੇ ਬਿਛੂਆਂ ਦੇ ਡੰਗਣ ਜਿੰਨੀ ਪੀੜ ਹੁੰਦੀ ਹੈ । ਉਸ ਵੇਲੇ ਉਸ ਦੇ ਮੂੰਹ ਤੋਂ ਝੱਗ ਨਿਕਲਦੀ ਹੈ ਤੇ ਲਾਲਾਂ ਵਗਦੀਆਂ ਹਨ । ਪਾਪੀਆਂ ਦੇ ਪ੍ਰਾਣ ਹੇਠਲੇ ਰਸਤੇ, ਗੁਦਾ ਜਾਂ ਮੂਤਰ ਵਾਲੇ ਥਾਂ ਰਾਹੀਂ ਨਿਕਲਦੇ ਹਨ । ਉਸ ਵੇਲੇ ਦੋ ਬੜੇ ਭਿਆਨਕ ਰੂਪ ਵਾਲੇ ਜਮਦੂਤ, ਜਿਨ੍ਹਾਂ ਦੇ ਹੱਥਾਂ ਵਿਚ ਲੋਹੇ ਦੇ ਡੰਡੇ ਹੁੰਦੇ ਹਨ, ਤੇ ਜਿਨ੍ਹਾਂ ਦੇ ਲੰਮੇ ਲੰਮੇ ਵਾਲ ਉਪਰ ਵਲ ਖੜੇ ਹੁੰਦੇ ਹਨ, ਨੰਗੇ ਸਰੀਰ, ਹੱਥਾਂ ਵਿਚ ਫਾਹੀਆਂ ਫੜੀਆਂ ਹੋਈਆਂ, ਕਾਲੇ ਰੰਗ ਵਾਲੇ, ਜਿਨ੍ਹਾਂ ਤੋਂ ਉਹ ਸ਼ਸਤ੍ਰ ਦਾ ਕੰਮ ਵੀ ਲੈਂਦੇ ਹਨ, ਆ ਕੇ ਸਿਰ ਤੇ ਖੜੇ ਹੋ ਜਾਂਦੇ ਹਨ । ਜਿਨ੍ਹਾਂ ਨੂੰ ਦੇਖ ਕੇ ਉਸ ਮਨੁੱਖ ਦੀ ਟੱਟੀ ਤੇ ਪੇਸ਼ਾਬ ਨਿਕਲ ਜਾਂਦੇ ਹਨ । ਇਸ ਤਰ੍ਹਾਂ ਚੀਕਦਾ ਹੋਇਆ ਮਨੁੱਖ ਜਮਦੂਤਾਂ ਰਾਹੀਂ ਕਢਿਆ ਹੋਇਆ ਅੰਗੂਠੇ ਜਿੰਨਾ ਸੂਖਮ ਸਰੀਰ ਪਾਉਂਦਾ ਹੈ॥**….** ਉਸ ਦੇ ਗਲ ਵਿਚ ਫਾਹੀ ਪਾ ਕੇ ਬੜੇ ਜ਼ੋਰ ਨਾਲ ਇਸ ਤਰ੍ਹਾਂ ਧੂਹਕੇ ਲੈ ਤੁਰਦੇ ਹਨ ਜਿਵੇਂ ਕਿਸੇ ਅਪਰਾਧੀ ਨੂੰ ਸਪਾਹੀ ਲੈ ਕੇ ਜਾਂਦੇ ਹਨ । ..........

ਜਮਦੂਤ ਕਹਿੰਦੇ ਹਨ ਓ ਪਾਪੀ ਮਨੁੱਖ ! ਛੇਤੀ ਚਲ, ਦੇਰ ਨਾ ਕਰ, ਹੁਣੇ ਤੈਨੂੰ ਕੁੰਭੀ ਨਰਕ ਵਿਚ ਸੁਟਿਆ ਜਾਏਗਾ । ਇਸ ਤਰ੍ਹਾਂ ਜਮਦੂਤਾਂ ਦੇ ਬੋਲ ਤੇ ਆਪਣੇ ਸੰਬੰਧੀਆਂ ਦਾ ਰੋਣਾ ਪਿੱਟਣਾ ਸੁਣ ਕੇ ਉਹ ਉੱਚੀ ਉੱਚੀ ਹਾਹਾਕਾਰ ਕਰਦਾ ਹੈ । ਜਮਦੂਤਾਂ ਦੀ ਮਾਰ ਤੋਂ ਡਰਦਿਆਂ ਉਸ ਦਾ ਹਿਰਦਾ ਪਾਟ ਜਾਂਦਾ ਹੈ ਤੇ ਉਹ ਕੰਬਣ ਲਗ ਜਾਂਦਾ ਹੈ । ਆਪਣੇ ਪਹਿਲੇ ਕੀਤੇ ਹੋਏ ਬੁਰੇ ਕਰਮਾਂ ਨੂੰ ਯਾਦ ਕਰਦਾ ਹੋਇਆ ਉਹ ਜਿਸ ਰਾਹ ਥਾਣੀ ਜਾਂਦਾ ਹੈ, **ਉਥੇ ਉਸ ਨੂੰ ਕੁਤੇ ਵਢਦੇ ਹਨ** । ਕਿਤੇ ਭੁੱਖ ਤ੍ਰੇਹ ਕਰਕੇ ਦੁਖੀ ਹੁੰਦਾ ਹੈ, ਕਿਤੇ ਧੁੱਪ ਤੇ ਅੱਗ ਵਾਂਗੂ ਤਪੀ ਹੋਈ ਹਵਾ ਵਿਚ ਤੇ ਕਿਤੇ ਤੱਤੀ ਰੇਤ ਵਾਲੇ ਰਸਤੇ ਵਿਚ ਚਲਣਾ ਪੈਂਦਾ ਹੈ । ਉਸ ਰਸਤੇ ਵਿਚ ਆਰਾਮ ਕਰਨ ਵਾਲੀ ਕੋਈ ਵੀ ਜਗਾਹ ਨਹੀਂ ਹੁੰਦੀ ਅਤੇ ਨਾ ਹੀ ਉਥੇ ਪਾਣੀ ਮਿਲਦਾ ਹੈ । (ਅਜੇਹੇ ਰਸਤੇ ਵਿਚ ਖੱਜਲ ਹੋਣ ਦੀ ਜਮਾਂ ਨੂੰ ਕਿਸ ਅਪਰਾਧ ਦੀ ਸਜ਼ਾਂ ਹੁੰਦੀ ਹੈ ?) ਜਮਦੂਤ ਕੋਰੜੇ ਮਾਰ ਮਾਰ ਕੇ ਉਸ ਨੂੰ ਅੱਗੇ ਤੋਰਦੇ ਹਨ । ਇਸ ਅੰਧਕਾਰਮਈ ਰਸਤੇ ਤੋਂ ਦੋ ਜਾਂ ਤਿੰਨ ਮਹੂਰਤਾਂ ਵਿਚ ਉਸ ਨੂੰ ਜਮਲੋਕ ਵਿਚ ਪੁਚਾਇਆ ਜਾਂਦਾ ਹੈ । ਜਮਰਾਜ ਨੂੰ ਦੇਖ ਕੇ ਉਹ ਡਰ ਜਾਂਦਾ ਹੈ । ਜਮਰਾਜ ਦੀ ਆਗਿਆ ਨਾਲ ਉਹ ਅਕਾਸ਼ ਰਾਹੀਂ ਜਮਦੂਤਾਂ ਨਾਲ ਧਰਤੀ ਵਿਚ ਆਉਂਦਾ ਹੈ ਤੇ ਉਥੇ ਵਾਸ਼ਨਾਂ ਦਾ ਭੁੱਖਾ ਉਹ ਮੁਰਦਾ ਸਰੀਰ ਵਿਚ ਪ੍ਰਵੇਸ਼ ਕਰਨਾ ਚਾਹੁੰਦਾ ਹੈ, ਪਰ ਜਮਦੂਤਾਂ ਦਾ ਬੱਝਾ ਉਹ ਭੁੱਖ ਪਿਆਸ ਨਾਲ ਦੁਖੀ ਹੋਇਆ ਰੋਂਦਾ ਹੈ ।

ਜਿਨ੍ਹਾਂ ਮਨੁੱਖਾਂ ਦੇ ਮਰਨ ਤੋਂ ਬਾਅਦ ਕਿਰਿਆ ਕਰਮ ਤੇ ਪਿੰਡ ਦਾਨ ਨਹੀਂ ਹੁੰਦਾ, ਉਹ **ਕਲਪ ਪ੍ਰਯੰਤ*** ਨਿਰਜਨ ਜੰਗਲ ਵਿਚ ਪਰੇਤ ਬਣ ਕੇ ਫਿਰਦੇ ਰਹਿੰਦੇ ਹਨ **……[* Foot note**:--ਬਿੱਪ੍ਰ ਨੇ ਬ੍ਰਹਮਾਂ ਦੇ ਇੱਕ ਦਿਨ ਨੂੰ **ਕਲਪ** ਲਿਖਿਆ ਹੈ । ਪੁਰਾਣਾ ਅਨੁਸਾਰ ਬ੍ਰਹਮਾਂ ਦੇ ਇਹ ਕਲਪ ਰੂਪੀ ਦਿਨ ੪੩੨੦੦੦੦੦੦੦ (ਚਾਰ ਅਰਬ ੩੨ ਕਰੋੜ ) ਸਾਲਾਂ ਦਾ ਹੁੰਦਾ ਹੈ ]।

**….ਚਾਹੇ ਕਰੋੜਾਂ ਸਾਲ ਬੀਤ ਜਾਣ, ਪਰ ਮਨੁੱਖ ਨੇ ਜਿਹੜੇ, ਚੰਗੇ ਜਾਂ ਮੰਦੇ ਕਰਮ ਕੀਤੇ ਹੁੰਦੇ ਹਨ ਉਹਨਾਂ ਦਾ ਫਲ ਉਸਨੂੰ ਅਵੱਸ਼ ਭੋਗਣਾ ਪੈਂਦਾ ਹੈ । ਕਰਮ ਫਲ ਨਾਸ ਨਹੀਂ ਹੋ ਸਕਦਾ ਤੇ ਜਮ ਦਾ ਦੰਡ ਭੋਗੇ ਬਿਨਾ ਮਨੁੱਖਾ-ਸਰੀਰ ਕਦੀ ਨਹੀਂ ਮਿਲ ਸਕਦਾ । ਇਸ ਲਈ ਮਨੁੱਖ ਦੇ ਪੁਤਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਾਤਾ ਪਿਤਾ ਦੇ ਮਰਨ ਤੋਂ ਬਾਦ ਉਹਨਾਂ ਦਾ ਕਿਰਿਆ ਕਰਮ ਜ਼ਰੂਰ ਕਰਨ ।** (ਭਾਵ, ਜੇ ਮਿਰਤਕ ਦੇ ਪੁੱਤਰ ਬ੍ਰਾਹਮਣ ਦੀ ਦੱਸੀ ਵਿਧੀ ਵਾਲੇ ਕਿਰਿਆਕਰਮ ਕਰ ਦੇਣ ਤਾਂ ਕੀਤੇ ਕਰਮਾਂ ਦਾ ਫਲ ਭੋਗਣ ਦੀ ਲੋੜ ਵੀ ਮੁੱਕ ਜਾਂਦੀ ਹੈ ਅਤੇ ਜਮਾਂ ਦਾ ਦੰਡ ਭੋਗੇ ਬਿਨਾਂ ਹੀ ਮਿਰਤਕ ਨੂੰ ਦੋਬਾਰਾ ਨਰੋਈ ਮਨੁੱਖਾ ਦੇਹੀ ਵੀ ਮਿਲ ਜਾਂਦੀ ਹੈ) ਅਤੇ ਜਿਹੜੇ ਪਿੰਡ* ਦਸ ਦਿਨਾਂ ਤਕ ਦਿਤੇ ਜਾਂਦੇ ਹਨ, ਉਹਨਾਂ ਦੇ ਚਾਰ ਭਾਗ ਹੋ ਜਾਂਦੇ ਹਨ । ਦੋ ਹਿਸਿਆਂ ਨਾਲ ਤਾਂ ਉਸ ਦੇ **ਪੰਜ ਭੂਤਕ ਸਰੀਰ ਨੂੰ ਪੁਸ਼ਟੀ ਮਿਲਦੀ ਹੈ**,…..।

*ਫੁਟ ਨੋਟ:-ਜੌਆਂ ਦੇ ਆਟੇ ਦੇ ਬਣਾਏ ਪਿੰਨੋਂ ਜਿਹੜੇ ਪਿੱਤਰਾਂ ਨਮਿਤ ਅਰਪੇ ਜਾਂਦੇ ਹਨ --**ਪਿੰਡ ਪਤਲਿ ਮੇਰੀ ਕੇਸਉ ਕਿਰਿਆ ॥** (ਆਸਾ ਮ: ੧)

**….** ਇਕ ਹਿੱਸਾ ਜਮਦੂਤਾਂ ਨੂੰ ਮਿਲਦਾ ਹੈ । ਤੇ ਦੂਜਾ ਹਿੱਸਾ ਉਸ ਪ੍ਰੇਤ ਆਤਮਾ ਨੂੰ ਮਿਲਦਾ ਹੈ । ਇਸ ਤਰ੍ਹਾਂ ਨੌਂ ਦਿਨ ਨੌਆਂ ਪਿੰਡਾਂ ਨਾਲ ਉਸ ਪਰੇਤ ਦਾ ਸਰੀਰ ਬਣਦਾ ਹੈ ਤੇ **ਦਸਵੇਂ ਦਿਨ ਦੇ ਪਿੰਡ** ਨਾਲ ਉਸ ਵਿਚ ਬਲ ਆਉਂਦਾ ਹੈ । ਹੇ ਗਰੁੜ ! ਇਸ ਸਰੀਰ ਦੇ ਸੜ ਜਾਣ ਤੋਂ ਪਿਛੋਂ ਪਰੇਤ ਆਤਮਾ ਨੂੰ ਅੰਗੂਠੇ ਜਿੰਨਾ ਸੂਖਮ ਸਰੀਰ ਮਿਲਾਦਾ ਹੈ ਤੇ ਪਿੰਡਾਂ ਦਵਾਰਾ ਉਸ ਦਾ ਇੱਕ ਹੱਥ ਜਿਡਾ ਸਰੀਰ ਬਣ ਜਾਂਦਾ ਹੈ, ਜਿਸ ਨਾਲ ਉਹੁ ਰਸਤੇ ਵਿਚ ਭਲੇ ਬੁਰੇ ਕਰਮਾਂ ਦੇ ਫਲ ਨੂੰ ਭੋਗਦਾ ਹੋਇਆ ਜਮਲੋਕ ਵਿਚ ਜਾਂਦਾ ਹੈ । ਪਹਿਲੇ ਦਿਨ ਜਿਹੜਾ ਪਿੰਡ ਦਿੱਤਾ ਜਾਂਦਾ ਹੈ ਉਸ ਨਾਲ ਮੱਥਾ ਬਣਦਾ ਹੈ, ਦੂਸਰੇ ਪਿੰਡ ਨਾਲ ਗਰਦਨ ਤੇ ਮੋਢੇ, ਤੀਸਰੇ ਪਿੰਡ ਨਾਲ ਹਿਰਦਾ, ਚੌਥੇ ਪਿੰਡ ਨਾਲ ਪਿੱਠ, ਪੰਜਵੇਂ ਪਿੰਡ ਨਾਲ ਧੁੰਨੀ, ਛੇਵੇਂ ਨਾਲ ਲੱਕ ਤੇ ਗੁਪਤ ਅੰਗ (ਗੁਦਾ ਤੇ ਇੰਦਰੀ), ਸਤਵੇਂ ਨਾਲ ਗੋਡਾ ਤੇ ਹੱਡੀਆਂ, ਅਠਵੇਂ ਤੇ ਨੌਵੇਂ ਨਾਲ ਲੱਤਾਂ ਤੇ ਪੈਰ ਬਣਦੇ ਹਨ । ਦਸਵੇਂ ਦਿਨ ਦੇ ਪਿੰਡ ਨਾਲ ਉਸ ਸਰੀਰ ਵਿਚ ਭੁੱਖ ਪਿਆਸ ਪੈਦਾ ਹੁੰਦੀ ਹੈ । ਇਸ ਤਰ੍ਹਾਂ ਉਨਹਾਂ ਦਸ ਦਿਨਾਂ ਦੇ ਦਸ ਪਿੰਡਾਂ ਰਾਹੀਂ ਬਣਿਆ ਹੋਇਆ ਉਹ ਸਰੀਰ ਭੁੱਖ ਪਿਆਸ ਨਾਲ ਵਿਆਕੁਲ ਹੋਇਆ ਪਰੇਤ ਆਤਮਾ ਗਿਆਰਵੇਂ ਤੇ ਬਾਹਰਵੇਂ ਦਿਨ ਦਿਤੇ ਹੋਏ ਪਿੰਡਾਂ ਨਾਲ ਅੰਨ ਆਦਿ ਖਾਣ ਲਈ ਪ੍ਰਾਪਤ ਕਰਦਾ ਹੈ । ਤੇਰ੍ਹਵੇ ਦਿਨ ਉਹ ਪਰੇਤ ਜਮਦੂਤਾਂ ਦਾ ਬੰਨਿਆ ਹੋਇਆ ਕਾਬੂ ਕੀਤੇ ਬਾਂਦਰ ਵਾਂਗ ਇਕੱਲਾ ਉਸ ਰਸਤੇ ਵਿਚ ਚਲਦਾ ਹੈ । (ਦਸ ਦਿਨਾਂ ਤੱਕ ਦਿਤੇ ਜਾਣ ਵਾਲੇ ਪਿੰਡਾਂ ਦੇ ਚਾਰ ਹਿੱਸੇ ਕਰਕੇ ਉਨ੍ਹਾਂ ਦੀ ਵੰਡ ਦਾ ਹਿਸਾਬ ਜਿਸ ਢੰਗ ਨਾਲ ਕੀਤਾ ਹੋਇਆ ਹੈ ਉਸ ਤੋਂ ਹੀ ਸਿੱਧ ਹੋ ਜਾਂਦਾ ਹੈ ਕਿ ਇਹ ਵਾਰਤਾ ਝੂਠੀ ਹੈ । ਆਪਣੇ ਆਪ ਵਿਚ ਹੀ ਝੂਠੀ ਸਿੱਧ ਹੋ ਰਹੀ ਵਾਰਤਾ ਭਗਵਾਨ ਦੇ ਮੂੰਹ ਵਿਚ ਪਾ ਕੇ ਬ੍ਰਾਹਮਣ ਨੇ ਉਸ ਦਾ ਮੌਜੂ ਉਡਾਇਆ ਹੋਇਆ ਹੈ)

**……**ਹੇ ਗਰੁੜ ! ਵੈਤਰਣੀ ਨਦੀ ਨੂੰ ਛੱਡ ਕੇ ਜਮ-ਮਾਰਗ ਦਾ ਵਿਸਥਾਰ ਛਿਆਸੀ ਹਜ਼ਾਰ (੮੬੦੦੦) ਯੋਜਨ ਹੈ । ਪ੍ਰੇਤ ਆਤਮਾ ੨੪੭ ਯੋਜਨ ਹਰ ਰੋਜ਼ ਦਿਨ ਰਾਤ ਚਲਕੇ ੧੬ ਨਗਰਾਂ ਨੂੰ ਪਾਰ ਕਰਕੇ ਧਰਮਰਾਜ ਦੀ ਪੁਰੀ ਵਿਚ ਪਹੁੰਚਦੀ ਹੈ ।

## ਦੂਸਰਾ ਅਧਿਆਇ

ਭਗਵਾਨ ਜੀ ਫੁਰਮਾਨ ਕਰਦੇ ਹਨ--ਹੇ ਗਰੁੜ ! ਭਵੇਂ ਤੂੰ ਸਾਡਾ ਭਗ਼ਤ ਹੀ ਹੈਂ, ਫਿਰ ਵੀ ਜਮਲੋਕ ਦਾ ਬ੍ਰਿਤਾਂਤ ਸੁਣ ਕੇ ਤੂੰ ਕੰਬ ਜਾਏਂਗਾ । ਉਸ ਮਾਰਗ ਵਿਚ ਕੋਈ ਦਰੱਖ਼ਤ ਨਹੀਂ, ਜਿਸ ਦੀ ਛਾਂ ਹੇਠਾਂ ਆਰਾਮ ਕੀਤਾ ਜਾ ਸਕੇ ਅਤੇ ਨਾਂ ਹੀ ਕੋਈ ਅੰਨ ਦਾਣਾ ਉਸ ਮਾਰਗ ਵਿਚ ਮਿਲਦਾ ਹੈ, ਅਤੇ ਨਾਂ ਪਾਣੀ ਹੈ । ਉਥੇ ਪਰਲੋ ਦੇ ਸਮੇਂ ਵਰਗੇ ੧੨ ਸੂਰਜ ਤਪਦੇ ਹਨ । ਰਸਤੇ ਵਿਚਲੀ ਠੰਡੀ ਸੀਤ ਹਵਾ ਨਾਲ ਦੁਖੀ ਹੋਇਆ ਜੀਵ ਕੰਡਿਆਂ ਨਾਲ ਵਿੰਨਿਆਂ ਜਾਂਦਾ ਹੈ । (ਸਾੜ ਦੇਣ ਵਾਲੇ **੧੨ ਸੂਰਜਾਂ** ਦੀ ਗਰਮੀ ਨਾਲ ਉਥੇ ਦੀ ਹਵਾ ਠੰਡੀ ਸੀਤ ਹੋਣੀ ਲਿਖਣਾ ਹੀ ਸਾਬਤ ਕਰਦਾ ਹੈ ਕਿ ਇਹ ਸਾਰਾ ਗ੍ਰੰਥ ਝੂਠ ਦਾ ਪਲੰਦਾ ਹੀ ਹੈ, ਫਿਰ ਸਰਦੀ ਨਾਲ ਠਰਨ ਦੇ ਥਾਂ ਕੰਡਿਆਂ ਨਾਲ ਕਿਵੇਂ ਵਿੰਨਿਆਂ ਗਿਆ ?) ਕਿਤੇ ਉਸ ਨੂੰ ਸੱਪ ਡਸਦੇ ਹਨ, ਕਿਤੇ ਸ਼ੇਰ, ਬਘਿਆੜ ਤੇ ਕਿਤੇ ਕੁੱਤੇ ਉਸ ਨੂੰ ਪਾੜਦੇ ਹਨ । ਕਿਤੇ ਅੱਗ ਵਿਚ ਸੜਦਾ ਹੈ । ਕਿਤੇ ਉਸ ਨੂੰ ਬਿਛੂ ਡੰਗ ਮਾਰਦੇ ਹਨ । ਇਸ ਤੋਂ ਪਿਛੋਂ ਬੜਾ ਭਿਆਨਕ ਬਨ ਆ ਜਾਂਦਾ ਹੈ ਜਿਸ ਦਾ ਵਿਸਥਾਰ ਦੋ ਹਜ਼ਾਰ ਯੋਜਨ ਹੈ ।(ਭਗਵਾਨ ਕੋਲੋਂ ਅਰੰਭ ਵਿਚ ਅਖਵਾਇਆ ਸੀ ਕਿ ਇਸ ਰਸਤੇ ਵਿਚ ਕੋਈ ਦਰਖ਼ਤ ਨਹੀਂ ਤੇ ਹੁਣ ਬਨ ਭਾਵ, ਜੰਗਲ ਆਗਿਆ ਲਿਖ ਦਿੱਤਾ ਹੈ । ਫਿਰ ਨਾ ਹੀ ਇਹ ਪਤਾ ਲੱਗਦਾ ਹੈ ਕਿ ਰਸਤਾ ਗਰਮੀ ਵਾਲਾ ਹੈ ਕਿ ਠੰਡ ਨਾਲ ਠਰਨ ਵਾਲਾ ਹੈ) । ਉਸ ਬਨ ਵਿਚ ਕਾਂ, ਉਲੂ, ਮਧੂਮਖੀਆਂ ਤੇ ਮੱਛਰਾਂ ਦਾ ਕੋਈ ਅੰਤ ਸ਼ੁਮਾਰ ਨਹੀਂ । ਦਾਵਾ ਅਗਨੀ, ਭਾਵ ਜੰਗਲ ਦੀ ਅੱਗ, ਲੱਗੀ ਹੋਈ ਹੈ । ਤਲਵਾਰ ਵਰਗੀ ਤਿੱਖੀ ਧਾਰ ਵਾਲੇ ਪੱਤਰਾਂ ਨਾਲ ਪਾਪੀ ਪੁਰਸ਼ਾਂ ਦੇ ਸਰੀਰ ਛਾਨਣੀ ਹੋ ਜਾਂਦੇ ਹਨ । ਰਸਤੇ ਵਿਚ ਅੰਨ੍ਹੇ ਖੂਹ ਵਿਚ ਡਿਗਣਾ ਪੈਂਦਾ ਹੈ ਤੇ ਕਿਤੇ ਭਿਆਨਕ ਪਹਾੜਾਂ ਨਾਲ ਟੱਕਰਾਂ ਲਗਦੀਆਂ ਹਨ । ਕਿਤੇ ਛੁਰੇ ਦੀ ਧਾਰ ਵਰਗੇ ਕਿੱਲਾਂ ਤੇ ਕੰਡਿਆਂ ਤੇ ਚਲਨਾ ਪੈਂਦਾ ਹੈ । ਕਿਤੇ ਬੜੇ ਡੂੰਘੇ ਟੋਏ ਵਿਚ ਦਿੱਗਣਾ ਪੈਂਦਾ ਹੈ । ਕਿਤੇ ਜੋਕਾਂ ਨਾਲ ਭਰੇ ਚਿੱਕੜ ਵਿਚ ਤੁਰਨਾ ਪੈਂਦਾ ਹੈ । ਕਿਤੇ ਤਪੀ ਹੋਈ ਰੇਤ ਪਰ, ਕਿਤੇ ਤਪੇ ਹੋਏ ਤਾਂਬੇ ਦੇ ਪੱਤਰਿਆਂ ਪਰ ਕਿਤੇ ਧੂੰਏਂ ਨਾਲ ਭਰੇ ਰਸਤੇ ਵਿਚ ਅੱਗ ਦੇ ਅੰਗਿਆਰਾਂ ਤੇ ਚਲਨਾਂ ਪੈਂਦਾ ਹੈ । ਉਸ ਰਸਤੇ ਵਿਚ ਕਿਤੇ ਅੰਗਿਆਰ ਵਰਸਦੇ ਹਨ, ਕਿਤੇ ਪੱਥਰ, ਲਹੂ ਤੇ ਸ਼ਸਤਰਾਂ ਦੀ ਵਰਖਾ ਹੁੰਦੀ ਹੈ । ਕਿਤੇ ਗਰਮ ਪਾਣੀ ਵਰ੍ਹਦਾ ਹੈ ਤੇ ਕਿਤੇ ਚਿੱਕੜ ਦੀ ਬਾਰਸ਼ ਹੁੰਦੀ ਹੈ । ਕਿਤੇ ਰਸਤਾ ਨੀਂਵਾਂ ਹੈ ਤੇ ਕਿਤੇ ਉੱਚੇ ਥਾਂ ਪਹਾੜਾਂ ਤੇ ਚੜ੍ਹਨਾ ਪੈਂਦਾ ਹੈ । ਕਿਤੇ ਬੜੀਆਂ ਹਨੇਰੀਆਂ ਗੁਫ਼ਾਂ ਵਿਚੋਂ ਲੰਘਣਾ ਪੈਂਦਾ ਹੈ । ਕਿਤੇ ਪਾਕ ਲਹੂ ਤੇ ਵਿਸ਼ਟਾ ਨਾ ਭਰੇ ਕੁੰਡ ਵਿਚ ਡਿਗਣਾ ਪੈਂਦਾ ਹੈ । ਇਸ ਰਸਤੇ ਵਿਚ ਡਰਾਉਣੀ ਵੈਤਰਣੀ ਨਦੀ ਆਉਂਦੀ ਹੈ ।

## ਵੈਤਰਣੀ ਨਦੀ

**ਮੁਖਿ ਝੂਠ ਬਿਭੂਖਣ ਸਾਰੰ**--(੪੭੦) ਵਧੀਆ ਗਹਿਣਿਆ ਵਰਗਾ ਬਣਾ ਕੇ ਝੂਠ ਬੋਲਣ ਗਿਝੇ ਬ੍ਰਾਹਮਣ ਦੇ (ਸਿਰਜੇ ਹੋਏ) ਵਿਸ਼ਨੂ ਭਗਵਾਨ ਜੀ ਕਹਿੰਦੇ ਹਨ, ਹੇ ਗਰੁੜ !---ਇਹ ਨਦੀ ਵੇਖਣ ਵਿਚ ਹੀ ਡਰਾਉਣੀ ਨਹੀਂ ਸਗੋਂ ਸੁਣਨ ਵਿਚ ਵੀ ਅਤੀ ਡਰਾਉਣੀ ਹੈ । ਇਹ ਭਿਆਨਕ ਨਦੀ ਚਾਰ ਸੌ ਕੋਹ ਚੌੜੀ ਹੈ । ਉਸ ਵਿਚ ਪਾਕ ਤੇ ਲਹੂ ਵਗਦਾ ਹੈ । ਉਸ ਦੇ ਕੰਢੇ ਹੱਡੀਆਂ ਦੇ ਬਣੇ ਹੋਏ ਹਨ । ਉਸ ਵਿਚ ਮਾਸ ਅਤੇ ਲਹੂ ਦਾ ਚਿੱਕੜ ਭਰਿਆ ਹੋਇਆ ਹੈ । ਪਾਪੀਆਂ ਲਈ ਉਸ ਨੂੰ ਪਾਰ ਕਰਨਾ ਬੜਾ ਕਠਨ ਹੈ । ਉਸ ਵਿਚ ਬੇਅੰਤ ਮਗਰਮੱਛ, **ਇਲਾਂ,** ਤੇ ਡਰਾਉਣੇ ਜੀਵ ਹਨ । **ਉਹ ਨਦੀ ਆਪਣੇ ਨੇੜੇ ਆਏ ਪਾਪੀਆਂ ਨੂੰ ਵੇਖ ਕੇ ਅੱਗ ਦੇ ਧੂਏਂ ਨਾਲ ਇਸ ਤਰ੍ਹਾਂ ਉਬਲਦੀ ਹੈ ਜਿਸ ਤਰ੍ਹਾਂ ਕੜਾਹੀ ਵਿਚ ਘਿਓ ਉਬਾਲੇ ਖਾਂਦਾ ਹੈ ।** (ਕੀ ਨਿਰਾ ਘਿਉ ਕਦੇ ਉਬਾਲੇ ਖਾਂਦਾ ਹੈ ?)

ਉਹ ਨਦੀ ਸੂਈ ਵਰਗੇ ਮੂੰਹਾਂ ਵਾਲੇ ਕੀੜਿਆਂ ਨਾਲ ਭਰੀ ਹੋਈ ਹੈ ਤੇ ਬੱਜਰ ਸਮਾਨ ਚੁੰਜਾਂ ਵਾਲੇ **ਗਿਧਾਂ, ਕਾਂਵਾਂ**, ਮਗਰਮੱਛਾਂ, ਜੋਕਾਂ, ਕਛੂਆਂ ਤੇ ਮਾਸਾਹਾਰੀ ਜੀਵਾਂ ਨਾਲ ਭਰਪੂਰ ਹੈ । ਉਸ ਨਦੀ ਵਿਚ ਪਏ ਹੋਏ ਪਾਪੀ ਜੀਵ ਹਾਏ ਭਰਾ, ਹਾਇ ਪੁਤਰ, ਹਾਏ ਪਿਤਾ, ਇਸ ਤਰ੍ਹਾਂ ਕਹਿ ਕੇ ਚੀਕ ਪੁਕਾਰ ਕਰਦੇ ਹਨ ।* Foot note:--ਮਾਂ, ਭੈਣ, ਚਾਚੀ, ਤਾਈ ਭਾਵ, ਇਸਤ੍ਰੀ ਜਾਤੀ ਵਿਚਲੇ ਕਿਸੇ ਸਾਕ ਸੰਬੰਧੀ ਦਾ ਨਾਮ ਨਹੀਂ ਲਿਖਿਆ । ਕੀ ਕਿਸੇ ਦੁਖਿਆਰੇ ਨੂੰ ਆਪਣੀ ਮਾਤਾ ਦਾ ਵੀ ਚੇਤਾ ਨਹੀਂ ਆਉਂਦਾ ? ਇਸਤ੍ਰੀ ਜਾਤੀ ਦਾ ਨਾਮ ਨਾ ਲਿਖਣ ਦਾ ਕੀ ਕਾਰਨ ? ਬ੍ਰਾਹਮਣ ਦਾ ਭਗਵਾਨ ਵੀ ਕੀ ਇਸਤ੍ਰੀ ਨੂੰ ਸ਼ੂਦਰ ਸਮਝਦਾ ਹੈ ?] **। ਜਦੋਂ ਉਨ੍ਹਾਂ ਨੂੰ ਭੁੱਖ ਪਿਆਸ ਲਗਦੀ ਹੈ ਤਾਂ ਜਮਦੂਤ ਉਨ੍ਹਾਂ ਨੂੰ ਪੀਣ ਲਈ ਲਹੂ ਦਿੰਦੇ ਹਨ, ਕਿਉਂਕਿ ਉਸ ਨਦੀ ਵਿਚ ਝੱਗ ਵਾਲਾ ਲਹੂ ਹੀ ਹੁੰਦਾ ਹੈ ।** ਉਹ ਨਦੀ ਬੜੀ ਭਿਆਨਕ ਆਵਾਜ਼ ਨਾਲ ਗਰਜਦੀ ਹੈ । ਉਸ ਵਲ ਵੇਖਿਆ ਵੀ ਨਹੀਂ ਜਾਂਦਾ । ਇਹੋ ਜਿਹੀ ਭਿਆਨਕ ਨਦੀ ਨੂੰ ਵੇਖ ਕੇ ਪਾਪੀ ਜੀਵ ਬੇਹੋਸ਼ ਹੋ ਜਾਂਦੇ ਹਨ । ਉਸ ਨਦੀ ਵਿਚ ਬਹੁਤ ਸਾਰੇ **ਬਿਛੂ** ਤੇ **ਕਾਲੇ ਸੱਪ** ਹੁੰਦੇ ਹਨ । ਉਨ੍ਹਾਂ ਤੋਂ ਬਚਨ ਦਾ ਕੋਈ ਉਪਾਅ ਨਹੀਂ ਹੁੰਦਾ । ਉਸ ਵੈਤਰਨੀ ਨਦੀ ਵਿਚ ਏਨੀਆਂ ਘੁੰਮਣਘੇਰੀਆਂ ਪੈਂਦੀਆਂ ਹਨ, ਜਿਸ ਵਿਚ ਪਾਪੀ ਜੀਵ ਡਿਗਦਿਆਂ ਹੀ ਇਕ ਦਮ ਪਾਤਾਲ ਵਿਚ ਚਲੇ ਜਾਂਦੇ ਹਨ ਤੇ ਇਕ ਪਲ ਵਿਚ ਫਿਰ ਉਪਰ ਆ ਜਾਂਦੇ ਹਨ । ਉਹ ਨਦੀ ਪਾਪੀਆਂ ਨੂੰ ਡੋਬਣ ਲਈ ਹੀ ਬਣਾਈ ਗਈ ਹੈ । ਉਸ ਦਾ ਕੋਈ ਕੰਢਾ ਵਿਖਾਈ ਨਹੀਂ ਦਿੰਦਾ । ਉਹ ਬਹੁਤ ਭਿਆਨਕ ਹੈ ਤੇ ਉਸ ਨੂੰ ਪਾਰ ਨਹੀਂ ਕੀਤਾ ਜਾ ਸਕਦਾ । ਇਹਨਾ ਦੁਖਾਂ ਨਾਲ ਭਰੇ ਜਮ ਮਾਰਗ ਵਿਚ ਰੋਂਦੇ ਚੀਕਦੇ ਪਾਪੀ ਤੁਰੇ ਜਾਂਦੇ ਹਨ । ਜਮਦੂਤ ਕਿਸੇ ਨੂੰ ਫਾਂਸੀ ਵਿਚ ਬੰਨ੍ਹ ਕੇ ਤੇ ਕਿਸੇ ਦੇ ਕੰਨ ਵਿਚ ਰੱਸੀ ਪਾ ਕੇ, ਕਿਸੇ ਨੂੰ ਕਾਲ ਦੀ ਫਾਹੀ ਵਿਚ ਬੰਨ੍ਹਕੇ ਖਿੱਚੀ ਲਈ ਜਾਂਦੇ ਹਨ । ਕਿਸੇ ਨੂੰ ਕਾਂ ਦੀ ਚੁੰਝ ਨਾਲ ਘਸੀਟਦੇ ਹਨ । ਜਮਦੂਤ ਕਿਸੇ ਦੇ ਗਲ, ਹਥ, ਪੈਰ ਤੇ ਪਿਠ ਵਿਚ ਸੰਗਲ ਬੰਨ੍ਹ ਕੇ ਤੇ ਸਰੀਰ ਤੇ ਲੋਹਾ ਲੱਦ ਕੇ ਲੈ ਜਾਂਦੇ ਹਨ । ਜਮਦੂਤ ਪਾਪੀਆਂ ਨੂੰ ਰਸਤੇ ਵਿਚ ਲੋਹੇ ਦੇ ਡੰਡਿਆਂ ਨਾਲ ਮਾਰਦੇ ਹਨ । ਇਸ ਮਾਰ ਨਾਲ ਉਹਨਾਂ ਦੇ ਮੂੰਹਾਂ ਵਿਚੋਂ ਲਹੂ ਵਗਦਾ ਹੈ, ਉਸੇ ਲਹੂ ਨੂੰ ਉਹ ਪਾਪੀ ਪੀਂਦੇ ਹਨ । ਆਪਣੇ ਕੀਤੇ ਬੁਰੇ ਕਰਮਾਂ ਨੂੰ ਸੋਚਦੇ, ਗਿਲਾਨੀ ਨਾਲ ਭਰਦੇ ਹੋਏ ਤੇ ਬੜੇ ਕਸ਼ਟ ਸਹਿੰਦੇ ਹੋਏ ਪਾਪੀ ਜਮਲੋਕ ਨੂੰ ਜਾਂਦੇ ਹਨ । ਏਨਾ ਦੁਖ ਪਉਂਦੇ ਵੀ ਉਹ ਮੂਰਖ ਰਸਤੇ ਵਿਚ ਹਾਇ ਪੁਤਰ ! ਹਾਏ ਪੁਤਰ ਕਹਿ ਕਹਿਕੇ ਹਾਹਾਕਾਰ ਕਰਦੇ ਹਨ ।

## <u>ਪਾਪੀ ਮਨੁੱਖਾਂ ਅਤੇ ਇਸਤ੍ਰੀਆਂ ਦੀ ਹਾਹਾਕਾਰ ਦਾ ਵੇਰਵਾ</u>

ਭਗਵਾਨ ਜੀ ਦੱਸਦੇ ਹਨ ਕਿ, ਹੇ ਗਰੁੜ ! ਪਾਪੀ ਲੋਕ ਇਸ ਤਰ੍ਹਾਂ ਹਾ ਹਾਕਾਰ ਕਰਦੇ ਪਛਤਾਵਾ ਕਰਦੇ ਹੋਏ ਕਹਿੰਦੇ ਹਨ ਕਿ, ਸਾਨੂੰ ਬੜੇ ਪੁੰਨ ਕਰਮਾਂ ਨਾਲ ਮਨੁਖਾ ਦੇਹੀ ਮਿਲੀ ਸੀ ਪਰ ਅਸਾਂ ਕੋਈ ਧਰਮ ਦਾ ਕਾਰਜ ਨਹੀਂ ਕੀਤਾ, ੧)---ਨਾਂ ਦੇਵੀ ਦੇਵਤਿਆਂ ਦੀ ਪੂਜਾ ਕੀਤੀ, ੨)---ਨਾ ਗੰਗਾ ਜਮੁਨਾ ਤੀਰਥਾਂ ਤੇ ਇਸ਼ਨਾਨ ਕੀਤਾ, ੩)---ਨਾ ਭਲੇ ਪੁਰਸ਼ਾਂ ਦੀ ਸੇਵਾ ਕੀਤੀ, ੪)---ਨਾ ਕੋਈ ਪਰਉਪਕਾਰ ਦਾ ਕੰਮ ਕੀਤਾ, **੫)---ਨਾ ਬ੍ਰਾਹਮਣਾਂ ਦੀ ਸੇਵਾ ਕੀਤੀ ਤੇ ਨਾ ਗਊਆਂ** ਨੂੰ ਘਾ ਆਦਿ ਦਾ ਦਾਨ ਕੀਤਾ, ੬)---ਨਾ ਤੂੰ ਅੰਨ ਆਦਿ ਦਾ ਦਾਨ ਕੀਤਾ, ੭)---ਨਾ ਤੂੰ ਵੇਦਾਂ ਸ਼ਾਸਤ੍ਰਾਂ ਦੇ ਬਚਨਾਂ ਨੂੰ ਸੱਚ ਕਰਕੇ ਮੰਨਿਆਂ, ੮)---ਨਾਂ ਤੂੰ ਪੁਰਾਣਾਂ ਦੀ ਕਥਾ ਸੁਣੀ ਅਤੇ ੯)--- **ਨਾ ਕਿਸੇ ਵਿਦਵਾਨ ਬ੍ਰਾਹਮਣ ਦੀ ਪੂਜਾ ਕੀਤੀ ।** ਇਸ ਲਈ ਹੇ ਜੀਵ ! ਜੈਸਾ ਤੂੰ ਕਰਮ ਕੀਤਾ ਹੈ, ਉਹੋ ਜਿਹਾ ਫਲ ਭੋਗ । (ਪ੍ਰਭੂ ਦੇ ਸਿਮਰਣ ਨੂੰ ਭੁਲ ਜਾਣ ਦਾ ਕੋਈ ਜ਼ਿਕਰ ਨਹੀਂ)

ਇਸਤ੍ਰੀਆਂ ਕਹਿੰਦੀਆਂ ਹਨ ਕਿ ੧)---ਨਾ ਅਸੀਂ ਆਪਣੇ ਪਤੀ ਦੇ ਚੰਗੇ ਬਚਨਾ ਦੀ ਪਾਲਣਾ ਕੀਤੀ, ਨਾ ਪਤੀ-ਬ੍ਰਤ ਧਰਮ ਪਾਲਿਆ ਅਤੇ ਨਾ ਗੁਰੂ ਦੇ ਤੁਲ ਉਨ੍ਹਾਂ ਦਾ ਸਨਮਾਨ ਕੀਤਾ, ਨਾਂ ਬੁਧੀ ਨਾਲ ਆਪਣੇ ਪਤੀ ਦੀ ਸੇਵਾ ਕੀਤੀ, ੨)---**ਨਾ ਪਤੀ ਦੇ ਗੁਜ਼ਰ ਜਾਣ ਤੇ ਉਸ ਨਾਲ ਸਤੀ ਹੋਈ, ਨਾ ਵਿਧਵਾ ਹੋਣ ਤੇ ਵਿਧਵਾ ਧਰਮ ਪਾਲਦਿਆਂ ਆਪਣਾ ਸਰੀਰ ਸੁਕਾਇਆ । ੩)**--- ਨਾ ਚੰਦ੍ਰਾਇਨ ਆਦਿ ਦੇ ਮਹੀਨੇ ਦੇ ਵਰਤ ਰੱਖੇ । **ਪੂਰਬ ਜਨਮ ਦੇ ਪਾਪ ਕਰਮਾਂ ਦੇ ਕਰਨ ਨਾਲ ਇਹ ਦੁਖਦਾਈ ਨਾਰੀ ਦਾ ਸਰੀਰ ਮਿਲਿਆ ਸੀ ਪਰ ਇਸ ਸਰੀਰ ਨੂੰ ਮੈਂ ਬਿਅਰਥ ਗੁਆ ਦਿੱਤਾ** । * [ ਫ਼ੋਤ ਣੋਤੇ:--ਮਰਦ ਦੇ ਸਰੀਰ ਨੂੰ ਭਗਵਾਨ ਜੀ ਦੁਰਲੱਭ ਕਹਿ ਰਿਹੇ ਹਨ ਅਤੇ ਇਸਤ੍ਰੀ ਦੇ ਸਰੀਰ ਨੂੰ---ਪਾਪ ਕਰਮਾਂ ਕਰਕੇ ਮਿਲਣ ਵਾਲਾ **ਦੁਖਦਾਈ**---ਫ਼ੁਰਮਾ ਰਹੇ ਹਨ । ਕੀ ਇਸਤ੍ਰੀ ਦਾ ਜਨਮ ਦੁਰਲੱਭ ਮਨੁੱਖਾ ਜਨਮ ਨਹੀਂ ਹੁੰਦਾ ? ਬ੍ਰਾਹਿਮਣ ਆਪਣੀ ਜਨਮ-ਦਾਤੀ, ਆਪਣੀ ਮਾਤਾ, ਇਸਤ੍ਰੀ ਨੂੰ ਨਿਮਾਣੀਂ, ਭੈਭੀਤ ਅਤੇ ਸ਼ੂਦਰ ਦੀ ਪੱਧਰ ਤੇ ਪਸ਼ੂਆਂ ਤੁੱਲ ਕਿਸ ਕਾਰਨ ਰਖਣਾ ਚਾਹੁੰਦਾ ਸੀ ?]

## <u>ਜਮਲੋਕ ਨੂੰ ਜਾਂਦਿਆਂ ਰਸਤੇ ਵਿਚ ਆਉਣ ਵਾਲੇ ਪੂਰਾਂ (ਭਾਵ, ਲੋਕਾਂ ਅਥਵਾ ਭਵਨਾਂ) ਦਾ ਵੇਰਵਾ</u>

ਭਗਵਾਨ ਜੀ ਫ਼ੁਰਮਾਨ ਕਰਦੇ ਹਨ---ਇਸ ਤਰ੍ਹਾਂ ਜੀਵ ਆਪਣੇ ਪੂਰਬ ਜਨਮ ਦੇ ਕਰਮਾਂ ਨੂੰ ਯਾਦ ਕਰਦਾ ਤੇ ਵਿਰਲਾਪ ਕਰਦਾ ਹੋਇਆ ਇਕੱਲਾ ਹੀ ਵਾਯੂ ਦੇ ਵੇਗ ਨਾਲ **ਸਤਾਰਾਂ ਦਿਨ** (੧੭ ਦਿਨ) ਚਲਦਾ ਅਠਾਰਵੇਂ ਦਿਨ **ਸੌਮਯਪੁਰ** ਵਿਚ ਜਾ ਪਹੁੰਚਦਾ ਹੈ । ਜਮਦੂਤ ਥੋਹੜਾ ਸਮਾਂ ਉਸ ਨੂੰ ਉਥੇ ਅਰਾਮ ਕਰਾਉਂਦੇ ਹਨ । ਜਮਦੂਤ ਕਈ ਤਰ੍ਹਾਂ ਦੇ ਭਿਆਨਕ ਡਰ ਪਾਉਂਦੇ ਹੋਏ ਕਹਿੰਦੇ ਹਨ---ਕੀ ਤੂੰ ਉਸ ਪ੍ਰਸਿੱਧ ਮਾਰਗ ਨੂੰ ਨਹੀਂ ਜਾਣਦਾ, ਜਿਸ ਨੂੰ ਬਾਲਕ ਤੇ ਬ੍ਰਿਧ ਸਭ ਜਾਣਦੇ ਹਨ ? ਕੀ ਤੂੰ **ਬ੍ਰਾਹਮਣਾਂ** ਤੋਂ ਪੁਰਾਣਾਂ ਦੇ ਬਚਨ ਨਹੀਂ ਸੁਣੇ ? ਇਹ ਕਹਿ ਕੇ ਜਮਦੂਤ ਉਸ ਨੂੰ ਮੁਗਦਰਾਂ ਨਾਲ ਮਾਰਦੇ ਹਨ ਅਤੇ ਨੱਠਦੇ ਭਜਦੇ ਉਸ ਪ੍ਰਾਣੀ ਨੂੰ ਫੜ ਕੇ ਰੱਸਿਆਂ ਨਾਲ ਬੰਨ੍ਹਕੇ ਖਿਚਦੇ ਹਨ । ਇਸ ਥਾਂ ਪੁਤਰਾਂ ਜਾਂ ਪੋਤਰਿਆਂ ਦੇ ਸਨੇਹ ਪੂਰਬਕ ਜਾਂ ਕਿਰਪਾ ਪੂਰਬਕ ਦਿਤੇ ਹੋਏ ਮਾਸਕ ਪਿੰਡ ਨੂੰ ਖਾ ਕੇ ਉਹ ਜੀਵ **ਸੌਰਿਪੁਰ** ਨੂੰ ਜਾਂਦਾ ਹੈ । ਉਥੇ ਕਾਲ ਦਾ ਰੂਪ **ਜੰਗਮ** ਨਾਂ ਦਾ ਰਾਜਾ ਹੈ । ਏਸੇ ਤਰ੍ਹਾਂ ਕਈ ਤਰ੍ਹਾਂ ਦੇ ਦੁਖ ਭੋਗਦਾ, ਬ੍ਰਾਹਮਣਾ ਨੂੰ ਖ਼ੁਸ਼ੀ ਨਾ ਕਰ ਸਕਣ ਲਈ ਪਛਤਾਉਂਦਾ ਅਤੇ ਆਪਣੇ ਪੁਤਰਾਂ ਪੋਤਰਿਆਂ ਦੇ ਮਾਸਕ ਪਿੰਡ ਖਾਂਦਾ, **ਨਿਗੇਂਦ੍ਰਭਵਨ ਪੁਰ,** ਫਿਰ **ਗੰਧਰਵ ਪੁਰ, ਫਿਰ ਸ਼ੈਲਾਗਮ ਪੁਰ, ਫਿਰ ਕ੍ਰੌਂਚਪੁਰ, ਫਿਰ ਕਰੂਰਪੁਰ** ਜਾਂਦਾ ਹੈ । ਉਥੇ ਸਾਢੇ ਪੰਜ ਮਹੀਨੇ ਦੇ ਦਿਤੇ ਹੋਏ **ਨਿਊਨ ਸ਼ਟਮਾਸਲਾਦਿ** ਪਿੰਡ ਨੂੰ ਖਾ ਕੇ **ਚਿਤ੍ਰਭਵਨ** ਨਾਂ ਦੇ ਪੁਰ ਵਿਚ ਪਹੁੰਚਦਾ ਹੈ । ਉਥੇ **ਵਿਚਿਤ੍ਰ** ਨਾਂ ਦਾ ਰਾਜਾ ਰਾਜ ਕਰਦਾ ਹੈ । ਉਸ ਅਤੀ ਭਿਆਨਕ ਰਾਜੇ ਨੂੰ ਵੇਖਕੇ ਜਦੋਂ ਉਹ ਡਰ ਨਾਲ ਭਜਦਾ ਹੈ, ਤਦ ਉਸ ਦੇ ਸਾਹਮਣੇ ਬੇੜੀ ਦੇ ਮਲਾਹ ਆ ਕੇ ਕਹਿੰਦੇ ਹਨ ਕਿ ਅਸੀਂ ਤੈਨੂੰ ਮਹਾਂ ਨਦੀ **ਵੈਤਰਣੀ** ਤੋਂ ਪਾਰ ਲੈ ਜਾਣ ਲਈ ਬੇੜੀ ਲੈ ਕੇ ਆਏ ਹਾਂ । ਜੇ ਤੇਰਾ **ਦਾਨ-ਪੁੰਨ** ਇਸ ਯੋਗ ਹੈ ਤਾਂ ਤੂੰ ਬੇੜੀ ਤੇ ਬੈਠ ਸਕਦਾ ਹੈਂ । **ਗਿਆਨੀਆਂ (ਪੰਡਿਤਾਂ) ਦੇ ਦਾਨ ਨੂੰ ਵਿਤਰਣ ਕਿਹਾ ਹੈ, ਬ੍ਰਾਹਮਣਾ ਨੂੰ ਕੀਤੇ ਦਾਨ ਦੇ ਬਲ ਨਾਲ ਹੀ ਵੈਤਰਣੀ ਨਦੀ ਪਾਰ ਕੀਤੀ ਜਾ ਸਕਦੀ ਹੈ ।** ਇਸੇ ਲਈ ਇਸ ਦਾ ਨਾਮ **ਵੈਤਰਣੀ** ਹੈ । ਜੇ ਤੂੰ ਗਊ ਦਾਨ ਕੀਤੀ ਹੈ ਤਾਂ ਇਹ ਬੇੜੀ ਤੇਰੇ ਲਈ ਆ ਸਕਦੀ ਹੈ, ਨਹੀਂ ਤਾਂ ਨਹੀਂ । ਮਲਾਹਾਂ ਦੇ ਇਹ ਬਚਨ ਸੁਣ ਕੇ ਪਾਪੀ ਹਾਇ ਦੇਵ ਕਹਿੰਦਾ ਹੈ । ਇਸ ਪਾਪੀ ਨੂੰ ਵੇਖ ਕੇ ਨਦੀ ਉਬਲਦੀ ਹੈ ਤੇ ਦਾਨ ਨਾ ਦੇਣ ਕਰਕੇ ਉਹ ਪਾਪੀ ਉਸ ਵਿਚ ਡੁਬ ਜਾਂਦਾ ਹੈ । ਤਦ ਆਕਾਸ਼ ਵਿਚ ਰਹਿੰਦੇ ਜਮਦੂਤ ਉਸ ਦੇ ਮੂੰਹ ਵਿਚ ਕੁੰਡਾ ਪਾਕੇ ਉਸ ਨੂੰ ਇਉਂ ਖਿਚ ਲੈਂਦੇ ਹਨ ਜਿਵੇਂ ਕੁੰਡੀ ਵਿਚ ਮੱਛੀ ਨੂੰ ਸ਼ਿਕਾਰੀ ਖਿਚ ਲੈਂਦੇ ਹਨ । ਉਥੇ ਨਦੀ ਤੋਂ ਪਾਰ ਛੇਂਵੇਂ ਮਹੀਨੇ ਦੇ ਪਿੰਡ ਨੂੰ ਖਾ ਕੇ ਰੋਂਦਾ ਚੀਕਦਾ ਤੇ ਭੁਖਾ ਪਿਆਸਾ, ਦੁਖੀ ਹੋਇਆ ਅੱਗੇ ਚੱਲਦਾ ਹੈ । ਸਤਵੇਂ ਮਹੀਨੇ **ਵਹਿਵਾਦਪੁਰ** ਪੁੱਜਦਾ ਹੈ । ਫਿਰ ਆਕਾਸ਼ ਮਾਰਗ ਵਿਚ ਚਲਦਾ **ਦੁਖਦਪੁਰ** ਪੁਜਦਾ ਹੈ । ਨੌਂਵੇਂ ਮਹੀਨੇ ਦੇ ਅਖ਼ੀਰ ਤੇ **ਨਾਨਾਕ੍ਰੰਦਪੁਰ** ਪੁਜਦਾ ਹੈ । ਦਸਵੇਂ ਮਹੀਨੇ **ਸੁਤਪਤਭਵਨ** ਵਿਚ ਜਾਂਦਾ ਹ । ਗਿਆਰਵੇਂ ਮਹੀਨੇ ਦੇ ਅਖ਼ੀਰ ਵਿਚ **ਰੌਦ੍ਰਪੁਰ** ਅਤੇ ਫਿਰ ਸਾਢੇ ਗਿਆਰਾਂ ਮਹੀਨਿਆਂ ਵਿਚ **ਪਯੋਵਰਸ਼ਣ** ਨਾਂ ਦੇ ਪੁਰ ਵਿਚ ਪਹੁੰਚ ਜਾਂਦਾ ਹੈ । ਉਥੇ ਪੂਰਾ ਸਾਲ ਬੀਤ ਜਾਣ ਤੇ **ਸ਼ੀਤਾਸ਼ਮਪੁਰ** ਵਿਚ ਪਹੁੰਚਦਾ ਹੈ ਜਿਥੇ ਹਿਮਾਲਾ ਪਰਬਤ ਨਾਲੋਂ ਭੀ ਸੌ ਗੁਣਾਂ ਵਧੇਰੇ ਠੰਢ ਹੁੰਦੀ ਹੈ । ਠੰਢ ਨਾਲ ਦੁਖੀ ਤੇ ਭੁਖ ਪਿਆਸ ਨਾਲ ਆਤੁਰ ਹੋਇਆ ਉਹ ਪ੍ਰਾਣੀ ਚਾਰੇ ਪਾਸੇ ਵੇਖਦਾ ਹੈ ਕਿ ਇਥੇ ਮੇਰਾ ਕੋਈ ਸੰਬੰਧੀ ਵੀ ਹੈ ਜੋ ਮੇਰੇ ਦੁਖਾਂ ਨੂੰ ਨਵਿਰਤ ਕਰ ਸਕੇ (ਕੀ ਸੰਬੰਧੀ ਜਮਾਂ ਨਾਲੋਂ ਵਡੀ ਸ਼ਕਤੀ ਵਾਲਾ ਹੋਣਾ ਸੀ ? ਪਰ ਇਹ ਭੁਲੇਖਾ ਸਵਾਏ ਭਗਵਾਨ ਦੇ ਹੋਰ ਕਿਹੜਾ ਦੂਰ

ਕਰੇ ? ਬ੍ਰਾਹਮਣ ਵਿਚਾਰੇ ਨੇ ਆਪ ਤਾਂ ਲਿਖਿਆ ਹੀ ਕੁੱਝ ਨਹੀਂ) ਤਦ ਜਮਦੂਤ ਉਸ ਨੂੰ ਕਹਿੰਦੇ ਹਨ ਕਿ ਤੂੰ ਇਹੋ ਜਿਹਾ ਕਿਹੜਾ **ਦਾਨ-ਪੁੰਨ** ਕੀਤਾ ਹੈ ਜਿਸ ਦੇ ਪ੍ਰਭਾਵ ਨਾਲ ਤੇਰਾ ਦੁਖ ਨਵਿਰਤ ਹੋਵੇ । ਏਥੇ ਵਾਰਸਿਕ ਪਿੰਡ ਖਾ ਕੇ ਉਸ ਨੂੰ ਕੁਛ ਸ਼ਾਂਤੀ ਮਿਲਦੀ ਹੈ । ਫਿਰ ਸਾਲ ਦੇ ਅਖ਼ੀਰ ਵਿਚ ਜਮਲੋਕ ਕੋਲ **ਬਹੁਭੀਤਿਪੁਰ** ਵਿਚ ਜਾ ਕੇ ਹਥ ਜਿਡੇ ਸਰੀਰ ਨੂੰ ਛੱਡ ਦਿੰਦਾ ਹੈ ਤੇ ਕਰਮਾਂ ਦਾ ਫਲ ਭੋਗਣ ਲਈ ਉਹ **ਆਕਾਸ਼ਚਾਰੀ** ਵਾਯੂ ਰੂਪ ਨਾਲ ਕਸ਼ਟ ਸਹਿਣ ਲਈ ਅੰਗੂਠੇ ਜਿਡੇ ਸਰੀਰ ਨੂੰ ਗ੍ਰਹਿਣ ਕਰਕੇ ਜਮਦੂਤਾਂ ਦੇ ਨਾਲ ਜਾਂਦਾ ਹੈ ।

**ਪੁਰ**-- ਪੁਰ ਦਾ ਅਰਥ **ਪੁਲ, ਚਾਰ ਹੱਥ ਦਾ ਮਾਪ, ਪੁੜ**--**ਦੁਇ ਪੁਰ ਜੋਰਿ ਰਸਾਈ ਭਾਠੀ**--(ਰਾਮਕਲੀ ਕਬੀਰ) **ਅਟਾਰੀ, ਘਰ ਰਹਿਣ ਦਾ ਅਸਥਾਨ, ਕਿਲ੍ਹਾ, ਨੱਗਰ, ਦੇਹ, ਸਰੀਰ, ਭਰਿਆ ਹੋਇਆ, ਪੂਰਾ ਮੁਕੰਮਲ** ਆਦਿ ਵੀ ਹਨ ।

ਮਰਨ ਉਪ੍ਰੰਤ ਆਤਮਾ ਦੇ ਰਸਤੇ ਵਿਚਲੇ ਇਸ **ਪੁਰ** ਨੂੰ ਇਸਲਾਮ ਧਰਮ ਦੇ ਆਗੂਆਂ ਨੇ **ਪੁਰਸਲਾਤ** (ਭਾਵ, **ਪੁਲ ਸਿਰਾਤ)** ਵੀ ਕਿਹਾ ਹੈ । ਉਨ੍ਹਾਂ ਦੇ ਖ਼ਿਆਲ ਅਨੁਸਾਰ ਇਹ ਪੁਲ ਦੋਜ਼ਖ਼ ਦੀ ਅੱਗ ਉਤੇ ਬਣਿਆ ਹੋਇਆ ਹੈ ਜੋ ਬਾਲ ਤੋਂ ਵੀ ਬਰੀਕ ਹੈ ਅਤੇ ਤਲਵਾਰ ਦੀ ਧਾਰ ਤੋਂ ਤਿੱਖਾ ਹੈ, ਦੋਹੀਂ ਪਾਸੀਂ ਤਿੱਖੇ ਕੰਡੇ ਹਨ, ਜੋ ਏਧਰ ਓਧਰ ਹਿੱਲਣ ਨਹੀਂ ਦਿੰਦੇ । ਮੁਸਲਮਾਨਾਂ ਦਾ ਵਿਚਾਰ ਹੈ ਕਿ ਧਰਮੀ ਇਸ ਪੁਲ ਉਪਰੋਂ ਛੇਤੀ ਲੰਘ ਜਾਂਦੇ ਹਨ ਅਤੇ ਪਾਪੀ ਨਰਕ ਦੀ ਅੱਗ ਵਿਚ ਡਿੱਗ ਪੈਂਦੇ ਹਨ । ਮੁਸਲਮਾਨ ਨੇ ਇਸ ਪੁਲ ਦਾ ਖ਼ਿਆਲ ਪਾਰਸੀਆਂ ਤੋਂ ਲਿਆ ਹੈ, ਜਿਨ੍ਹਾਂ ਨੇ--**ਚਿਨਵਤ ਪੇਰੇਤੂ**---ਨਾਮਕ ਪੁਲ ਪਰਲੋਕ ਵਿਚ ਮੰਨਿਆ ਹੈ । ਯਹੂਦੀ ਵੀ ਨਰਕ ਦਾ ਪੁਲ ਮੰਨਦੇ ਹਨ । ਪੁਰਸਲਾਤ ਸ਼ਬਦ ਵਰਤਿਆ ਗੁਰਬਾਣੀ ਵਿਚ ਵੀ ਮਿਲਦਾ ਹੈ---**ਪੁਰਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥**(੭੯੩) । ਫਰੀਦ ਸਾਹਿਬ ਦੇ ਪਹਿਲੇ ਸਲੋਕ ਵਿਚ ਵੀ **ਪੁਰਸਲਾਤ** ਦਾ ਜਿਕਰ ਹੈ--**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣਆਇ ॥ ਫ਼ਰੀਦਾ ਕਿੜੀ ਪਵੰਦਈ, ਖੜਾ ਨ ਆਪ ਮੁਹਾਇ ॥** (੧੩੭੭) । ਗੁਰਬਾਣੀ ਵਿਚ ਇਸ ਪੁਰਸਲਾਤ ਦਾ ਜ਼ਿਕਰ ਕਿਸੇ ਅਜੇਹੇ ਪੁਲ ਦੀ ਹੋਂਦ ਦੀ ਪੁਸ਼ਟੀ ਨਹੀਂ ਕਰਦਾ । ਪਹਿਲਾਂ ਤੋਂ ਪਰਚਾਰੇ ਗਏ ਅਤੇ ਲੋਕਾਂ ਦੇ ਮਨਾ ਵਿਚ ਬੈਠੇ ਹੋਏ ਅਜੇਹੇ ਦੁਖਦਾਈ ਪੁਲ ਦਾ ਚੇਤਾ ਕਰਾ ਕੇ ਮਨੁੱਖ ਨੂੰ ਪ੍ਰਭੂ ਦੇ ਸਿਮਰਨ ਨਾਲ ਜੋੜਨ ਦਾ ਅਥਵਾ ਨੇਕੀ ਦਾ ਰਸਤਾ ਅਪਨਾਉਣ ਦਾ ਉਪਦੇਸ਼ ਹੈ । ਏਧਰ ਬ੍ਰਾਹਮਣ ਦਾ ਜਮ ਮਾਰਗ ਅਥਵਾ ਵੈਤਰਣੀ ਨਦੀ, ਸਾਰੀ ਦੁਨੀਆਂ ਦੇ ਧਰਮਾਂ ਤੋਂ ਵਖਰੇ ਡਰਾਂ ਨਾਲ ਭਰਪੂਰ ਹੈ ਅਤੇ ਰੱਬ ਦੇ ਨਾਮ ਨਾਲ ਜੋੜਨ ਦੇ ਉਪਦੇਸ਼ ਦੇ ਥਾਂ, ਭਿਆਨਕ ਡਰਾਵਿਆਂ ਨਾਲ ਮਨੁੱਖ ਨੂੰ ਭੈ-ਭੀਤ ਕਰਕੇ ਇਨ੍ਹਾਂ ਤੋ ਛੁਟਕਾਰੇ ਦਾ ਕੇਵਲ ਮਾਤ੍ਰ ਸਾਧਨ, ਬ੍ਰਾਹਮਣਾਂ ਨੂੰ ਦਿੱਤਾ ਦਾਨ ਦੱਸ ਕੇ, ਮਾਇਆ ਠੱਗਣ ਦਾ ਯਤਨ ਹੈ ।

## ਤੀਸਰਾ ਅਧਿਆਇ (ਸੰਖੇਪ)

ਇਸ ਅਧਿਆਇ ਵਿਚ ਭਗਵਾਨ ਵਿਸ਼ਨੂੰ ਜੀ ਗਰੁੜ ਜੀ ਦੇ ਪੁੱਛਣ ਤੇ ਜਮਲੋਕ ਵਿਚ ਪੁਜੀ ਪਾਪਾਤਮਾ ਨੂੰ ਮਿਲਦੇ ਕੱਸ਼ਟਾਂ ਦਾ ਵੇਰਵਾ ਦੱਸਦੇ ਹੋਏ ਫੁਰਮਾਨ ਕਰਦੇ ਹਨ--ਬਹੁਭੀਤਪੁਰ ਤੋਂ ਅੱਗੇ ਚਾਲੀ ਯੋਜਨ ਲੰਮਾ ਚੌੜਾ ਬੜਾ ਭਾਰੀ ਧਰਮਰਾਜ ਦਾ ਲੋਕ ਹੈ । ਉਥੇ ਹਰ ਵੇਲੇ ਹਾਹਾਕਾਰ ਮਚਿਆ ਰਹਿੰਦਾ ਹੈ, ਜਿਸ ਨੂੰ ਵੇਖ ਕੇ ਪਾਪੀ ਚੀਕਦਾ ਹੈ । ਉਥੇ ਧਰਮਧਵੱਜ ਨਾਂ ਦਾ ਦਵਾਰਪਾਲ ਰਹਿੰਦਾ ਹੈ । ਧਰਮਰਾਜ ਪਾਪੀਆਂ ਦੇ ਪਾਪਾਂ ਬਾਰੇ ਚਿਤ੍ਰਗੁਪਤ ਕੋਲੋਂ ਪੁਛਦਾ ਹੈ । ਚਿਤ੍ਰਗੁਪਤ ਸ੍ਰਵਣਾਂ ਕੋਲੋਂ ਪੁਛਦਾ ਹੈ । ਇਹ ਸ੍ਰਵਣ ਬ੍ਰਹਮਾਂ ਦੇ ਪੁਤ੍ਰ ਹਨ, ਉਹ ਸ੍ਰਰਗ, ਪਾਤਾਲ ਤੇ ਪ੍ਰਿਥਵੀ ਲੋਕ ਸਭ ਥਾਂਵਾਂ ਤੇ ਫਿਰਦੇ ਰਹਿੰਦੇ ਹਨ । ਉਨ੍ਹਾਂ ਨੂੰ ਦੂਰ ਤੋਂ ਸੁਣਨ ਅਤੇ ਵੇਖਣ ਦਾ ਗਿਆਨ ਹੈ । ਉਹਨਾਂ ਸ੍ਰਵਣਾ ਦੀਆਂ ਵੱਖੋ ਵੱਖ ਨਾਵਾਂ ਵਾਲੀਆਂ ਇਸਤ੍ਰੀਆਂ ਵੀ ਉਨ੍ਹਾਂ ਵਰਗੀਆਂ ਹੁੰਦੀਆਂ ਹਨ । ਇਹ ਸ੍ਰਵਣੀਆਂ ਇਸਤ੍ਰੀਆਂ ਪੁਰਸ਼ਾਂ ਦੇ ਗੁਪਤ ਤੇ ਪ੍ਰਗਟ ਕੀਤੇ ਕਰਮਾਂ ਤੇ ਬਚਨਾਂ ਨੂੰ ਚਿਤ੍ਰਗੁਪਤ ਨੂੰ ਦਸ ਦਿੰਦੀਆਂ ਹਨ । ਜਿਹੜਾ ਮਨੁੱਖ ਉਹਨਾਂ ਨੂੰ **ਬ੍ਰਤ, ਦਾਨ** ਤੇ ਸੱਚੀ ਬਾਣੀ ਨਾਲ ਪ੍ਰਸੰਨ ਕਰ ਦਿੰਦਾ ਹੈ ਉਹ ਪੁਰਸ਼ ਚੰਗੇ ਅਤੇ ਸਵਰਗ ਵਿਚ ਜਾਣ ਵਾਲੇ ਬਣਦੇ ਹਨ ।

ਉਹ ਪਾਪੀ ਲੋਕ, ਹੱਥ ਵਿਚ ਡੰਡਾ ਫੜੇ ਹੋਏ, ਵਡੇ ਸਰੀਰ ਵਾਲੇ ਝੋਟੇ ਤੇ ਚੜ੍ਹੇ ਹੋਏ ਜਮਰਾਜ ਦਾ ਭਿਆਨਕ ਰੂਪ ਵੇਖਦੇ ਹਨ । ਚਿਤ੍ਰਗੁਪਤ ਵੀ ਬੜੇ ਭਿਆਨਕ ਰੂਪ ਵਾਲਾ ਹੈ । ਜਮਰਾਜ ਦੇ ਦੂਤ ਜਮਰਾਜ ਵਾਂਗ ਹੀ ਗੱਜਦੇ ਹਨ ਜਿਨ੍ਹਾਂ ਤੋਂ ਡਰਦਾ ਪਾਪੀ ਹਾਹਾਕਾਰ ਕਰਦਾ ਤੇ (**ਬ੍ਰਾਹਮਣਾਂ ਨੂੰ) ਦਾਨ ਨਾ ਦੇਣ** ਕਰਕੇ ਕੰਬਦਾ ਤੇ ਰੋਂਦਾ ਹੈ **........**ਜਮਰਾਜ ਦੀ ਆਗਿਆ ਦਾ ਪਾਲਨ ਕਰਨ ਵਾਲੇ ਭਿਆਨਕ ਜਮਦੂਤ ਉਹਨਾਂ ਨੂੰ ਇੱਕ ਫਾਹੀ ਵਿਚ ਬੰਨ੍ਹਕੇ ਨਰਕਾਂ ਵਿਚ ਲੈ ਜਾਂਦੇ ਹਨ । ਉਥੇ ਬਲਦੀ ਹੋਈ ਅੱਗ ਵਰਗੀ ਕਰਾਂਤੀ ਵਾਲਾ **ਸ਼ਾਲਮਲੀ** ਨਾਂ ਦਾ ਇੱਕ ਦਰਖਤ ਹੈ । ਇਹ ਦਰਖ਼ਤ ਪੰਜ ਯੋਜਨ (ਭਾਵ, ੨੦ ਕੋਹ) ਚੌੜਾ ਅਤੇ ਇੱਕ ਯੋਜਨ (੪ ਕੋਹ) ਉੱਚਾ ਹੈ । ਪਾਪੀਆਂ ਨੂੰ ਇਸ ਦਰਖ਼ਤ ਨਾਲ ਪੁੱਠਾ ਕਰਕੇ ਸੰਗਲਾਂ ਨਾਲ ਬੰਨ੍ਹਕੇ ਜਮਦੂਤ ਖੁਬ ਮਾਰਦੇ ਹਨ । ਉਸ ਬ੍ਰਿਛ ਦੀ ਅੱਗ ਨਾਲ ਸੜਦੇ ਹੋਏ ਉਹ ਪਾਪੀ ਰੋਂਦੇ ਹਨ । ਇਸ ਤਰ੍ਹਾਂ ਅਨੇਕਾਂ ਪਾਪੀ **ਸ਼ਾਲਮਲੀ** ਦਰਖਤ ਨਾਲ ਭੁੱਖੇ ਪਿਆਸੇ ਲਟਕਦੇ ਹਨ । ਜਮਦੂਤ ਉਨ੍ਹਾਂ ਨੂੰ ਲੋਹੇ ਦੀਆਂ ਡਾਂਗਾਂ ਨਾਲ ਅਤੇ ਮੂਸਲਾਂ (ਮੋਹਲਿਆਂ) ਨਾਲ ਮਾਰਦੇ ਹਨ ਅਤੇ ਕਹਿੰਦੇ ਹਨ---(**ਪਾਪਾਂ ਦਾ ਵੇਰਵਾ)**--ਹੇ ਦੁਰਾਚਾਰੀਓ ! ਤੁਸਾਂ ਹਮੇਸ਼ਾਂ ਪਾਪ ਦੇ ਕਰਮ ਹੀ ਕੀਤੇ, ਧਰਮ ਦੇ ਕਰਮ ਕਿਉਂ ਨਾ ਕੀਤੇ । ਤੁਸਾਂ ਜਲ ਵਰਗੀ ਸੁਲਭ ਵਸਤੂ ਵੀ ਕਦੀ ਦਾਨ ਨਹੀਂ ਕੀਤੀ ਸੀ । ਤੁਸਾਂ ਕੁੱਤੇ, ਕਾਂ ਨੂੰ ਵੀ ਬਲੀ ਨਹੀਂ ਦਿੱਤੀ **....**ਨਾ ਕਦੀ ਪਿਤਰਾਂ ਨੂੰ ਤਰਪਣ ਕੀਤਾ । ਤੁਸਾਂ ਜਮਰਾਜ ਜਾਂ ਚਿਤ੍ਰਗੁਪਤ ਦੇ ਮੰਤਰਾਂ ਨੂੰ ਹੀ ਜਪਿਆ ਹੁੰਦਾ ਤਾਂ ਤੁਹਾਨੂੰ ਏਨੇ ਕਸ਼ਟ ਨਾ ਸਹਿਣੇ ਪੈਂਦੇ । (ਪਰਮਾਤਮਾ ਦੇ ਸਿਮਰਣ ਦਾ ਕੋਈ ਜ਼ਿਕਰ ਨਹੀਂ) ਤੁਸਾਂ ਨਾਂ ਕੋਈ ਤੀਰਥ ਯਾਤਰਾ ਹੀ ਕੀਤੀ, ਨਾ ਹੀ ਦੇਵਤਿਆਂ ਦੀ ਪੂਜਾ ਕੀਤੀ ਤੇ ਨਾ ਹੀ ਗ੍ਰਹਸਤ ਆਸ਼ਰਮ ਵਿਚ ਰਹਿ ਕੇ ਹੰਤਕਾਰ (ਸ਼ੋਲਹਗ੍ਰਾਸ) ਆਦਿ ਦਿਤਾ । ਨਾਂ ਹੀ ਕਦੇ **ਬ੍ਰਾਹਮਣਾ** ਸੰਤਾਂ ਸਾਧੂਆਂ ਦੀ ਸੇਵਾ ਕੀਤੀ । ਤੁਹਾਡੇ ਅਪਰਾਧ ਕੇਵਲ ਭਗਵਾਨ ਹੀ ਖਿਮਾ ਕਰ ਸਕਦੇ ਹਨ, ਅਸੀਂ ਤਾਂ ਉਹਨਾਂ ਦੀ ਆਗਿਆ ਅਨੁਸਾਰ ਅਪਰਾਧੀਆਂ ਨੂੰ ਦੰਡ ਹੀ ਦਿੰਦੇ ਹਾਂ ।

**(ਕਸ਼ਟਾਂ ਦਾ ਇਕ ਹੋਰ ਵੇਰਵਾ)**--ਇਸ ਤਰ੍ਹਾਂ ਦੀਆਂ ਗੱਲਾਂ ਕਹਿਕੇ ਜਮਦੂਤ ਫਿਰ ਬੜੀ ਬੇਰਹਿਮੀ ਨਾਲ ਪਾਪੀਆਂ ਨੂੰ ਮਾਰਦੇ ਹਨ ਜਿਸ ਕਾਰਨ ਉਹ ਪਾਪੀ ਸੜਦੇ ਅੰਗਿਆਰਾਂ ਵਾਂਗ ਹੇਠਾਂ ਡਿੱਗਦੇ ਹਨ । ਹੇਠਾਂ ਡਿੱਗਣ ਨਾਲ ਉਸ **ਸ਼ਾਲਮਲੀ ਬ੍ਰਿਛ** ਦੇ ਤੇਜ਼ ਧਾਰ ਵਾਲੇ ਪੱਤਿਆਂ ਨਾਲ ਉਹਨਾਂ ਦੇ ਸਰੀਰ ਛਣਨੀ ਛਣਨੀ ਹੋ ਜਾਂਦੇ ਹਨ ਜਿਨ੍ਹਾਂ ਨੂੰ ਕੁੱਤੇ ਆਦਿ ਕਟਦੇ ਹਨ । ਦੁਖੀ ਹੋ ਕੇ ਜਦ ਰੋਂਦੇ ਹਨ ਤਾਂ ਜਮਦੂਤ ਉਹਨਾਂ ਦੇ ਮੂੰਹ ਵਿਚ ਗਰਮ ਗਰਮ ਰੇਤ ਭਰ ਦੇਂਦੇ ਹਨ । ਕਈ ਜਮਦੂਤ ਪਾਪੀਆਂ ਦੇ ਸਰੀਰਾਂ ਨੂੰ ਲੱਕੜੀ ਵਾਂਗ ਚੀਰਦੇ ਹਨ, ਕਈਆਂ ਨੂੰ ਕੁਹਾੜੀਆਂ ਨਾਲ ਵਢਦੇ ਹਨ, ਕਈਆਂ ਨੂੰ ਟੋਏ ਵਿਚ ਗੱਡ ਕੇ ਉਹਨਾਂ ਦੇ ਮਥਿਆਂ ਨੂੰ ਤੀਰਾਂ ਨਾਲ ਵਿੰਨ੍ਹਦੇ ਹਨ, ਕਈਆਂ ਨੂੰ ਕੋਹਲੂ ਵਿਚ ਪਾ ਕੇ ਤਿਲਾਂ ਵਾਂਗੂੰ ਨਪੀੜਦੇ ਹਨ, ਕਈਆਂ ਨੂੰ ਬਲਦੀਆਂ ਲੱਕੜਾਂ ਦੇ ਅੰਗਿਆਰਿਆਂ ਵਿਚ ਸਾੜਦੇ ਹਨ, ਕਿਸੇ ਨੂੰ ਸੜਦੇ ਘਿਓ ਦੀ ਕੜਾਹੀ ਵਿਚ ਪਾ ਕੇ ਤਲਦੇ ਹਨ, ਕਿਸੇ ਨੂੰ ਮਸਤ ਹਾਥੀ ਅੱਗੇ ਸੁਟਦੇ ਹਨ, ਕਿਸੇ ਦੇ ਹਥ ਪੈਰ ਬੰਨ੍ਹ ਕੇ ਪੁੱਠਾਂ ਕਰਕੇ ਲਮਕਾ ਦੇਂਦੇ ਹਨ, ਕਿਸੇ ਨੂੰ ਖੂਹ ਵਿਚ ਸੁਟ ਦੇਂਦੇ ਹਨ, ਕਿਸੇ ਨੂੰ ਕੀੜਿਆਂ ਨਾਲ ਭਰੇ ਕੁੰਡ ਵਿਚ ਪਾ ਦਿੰਦੇ ਹਨ । ਵੱਡੀਆਂ ਵੱਡੀਆਂ ਚੁੰਜਾਂ ਵਾਲੇ ਕਾਵਾਂ ਤੇ ਗਿਰਝਾਂ ਕੋਲੋਂ ਉਹਨਾਂ ਦਾ ਸਿਰ ਨੁਚਵਾਇਆ ਜਾਂਦਾ ਹੈ । ਜਮਦੂਤ ਉਹਨਾਂ ਦਾ ਮਾਸ ਗੰਡਾਸਿਆਂ ਨਾਲ ਵੱਢ ਵੱਢ ਕੇ ਕਰਜ਼ਾ ਮੰਗਣ ਵਾਲਿਆਂ ਨੂੰ ਦੇਈ ਜਾਂਦੇ ਹਨ । ਹੇ ਗਰੁੜ ! ਭਾਵੇਂ ਨਰਕਾਂ ਵਿਚ ਬੜਾ ਦੁਖ ਹੁੰਦਾ ਹੈ, ਪਰ ਸ਼ਾਲਮਲੀ ਬ੍ਰਿਛ ਕੋਲੋਂ ਉਹਨਾਂ ਪਾਪੀਆਂ ਨੂੰ ਜੋ ਬੜਾ ਭਾਰੀ ਦੁੱਖ ਹੁੰਦਾ ਹੈ, ਉਹ ਕਿਹਾ

ਨਹੀਂ ਜਾ ਸਕਦਾ। (ਬ੍ਰਾਹਮਣ ਨੇ ਮਨੁੱਖ ਨੂੰ ਵਿਦਿਆਂ ਹੀਣ ਇਸ ਕਰਕੇ ਹੀ ਰਖਿਆ ਸੀ ਕਿ ਉਹ ਪੁੱਛ ਹੀ ਨਾ ਸਕੇ ਕਿ, ਕੀ ਆਤਮਾਂ ਦਾ ਵੀ ਕੋਈ ਅਜੇਹਾ ਸਰੀਰ ਹੁੰਦਾ ਹੈ ਜਿਸ ਨੂੰ ਵੱਢਿਆ ਟੁਕਿਆ ਅਥਵਾ ਕਸ਼ਟ ਦਿੱਤਾ ਜਾ ਸਕੇ ? )

**ਨਰਕਾਂ ਦਾ ਵੇਰਵਾ:**--ਹੇ ਗਰੁੜ ! ਲੱਖ ਨਰਕ ਹਨ। ਉਹਨਾਂ ਵਿਚੋਂ ਸਭ ਤੋਂ ਕਠਨ ਤੇ ਮਹਾਂਘੋਰ ਇੱਕੀ ਨਰਕ ਇਹ ਹਨ--੧- ਤਾਮਿਸਤ੍ਰ, ੨- ਲੋਹਸ਼ੰਕੁ, ੩- ਮਹਾਂਰੌਰਵ, ੪- ਸ਼ਾਲਮਲੀ, ੫- ਰੌਰਵ, ੬- ਕੁਡਮਲ, ੭- ਕਾਲਸੂਤ੍ਰ, ੮- ਪੂਤਿ ਮ੍ਰਿਤਕ, ੯- ਸੰਘਾਤ, ੧੦- ਲੋਹਿ ਤੋਦ, ੧੧- ਸਵਿਸ਼, ੧੨- ਸੰਪ੍ਰਤਾਪਨ, ੧੩- ਮਹਾਨਿਸ਼, ੧੪- ਕਾਕੋਲ, ੧੫- ਸੰਜੀਵਨ, ੧੬- ਮਹਾਪਥ, ੧੭- ਅਵੀਚਿ, ੧੮- ਅੰਧਤਾਮਿਸਤ੍ਰ, ੧੯- ਕੁੰਭੀਪਾਕ, ੨੦- ਸੰਪ੍ਰਤਾਪਨ ਤੇ ੨੧- ਤਪਨ। ਇਨ੍ਹਾਂ ਸਭਨਾਂ ਵਿਚ ਕਈ ਤਰ੍ਹਾਂ ਦੇ ਕਸ਼ਟ ਹੁੰਦੇ ਹਨ। ਇਹਨਾਂ ਨਰਕਾਂ ਜੋ ਤਾਮਿਸਤ੍ਰ, ਅੰਧਤਾਮਿਸਤ੍ਰ ਤੇ ਰੌਰਵਾਦਿ ਨਰਕ ਹਨ, ਉਹਨਾਂ ਨੂੰ ਇਸਤ੍ਰੀ ਤੇ ਪੁਰਸ਼ ਇਕਠੇ ਭੋਗਦੇ ਹਨ। ਨਰ ਲੋਕ ਤੋਂ ਹੇਠਾਂ ਜਿੰਨੇ ਕਸ਼ਟ ਹਨ, ਉਹਨਾਂ ਨੂੰ ਭੋਗ ਕੇ, ਜੀਵ ਸ਼ੁਧ ਹੋ ਕੇ ਫਿਰ ਇਸ ਮਾਤ ਲੋਕ ਵਿਚ ਮਨੁੱਖਾ ਜਨਮ ਲੈਂਦਾ ਹੈ।

## **ਚੌਥਾ ਅਧਿਆਇ** (ਸੰਖੇਪ)

ਗਰੁੜ ਜੀ ਪੁਛਦੇ ਹਨ ਕਿ ਹੇ ਭਗਵਾਨ ! ਕਿਹੜੇ ਪਾਪਾਂ ਕਰਕੇ ਪ੍ਰਾਣੀ ਜਮ ਮਾਰਗ ਵਿਚ ਜਾਂਦਾ ਹੈ ਤੇ ਕਿਹੜੇ ਪਾਪਾਂ ਕਰਕੇ ਵੈਤਰਣੀ ਨਦੀ ਵਿਚ ਡਿੱਗਦਾ ਹੈ ? ਸ੍ਰੀ ਵਿਸ਼ਨੂੰ ਭਗਵਾਨ ਜੀ ਨੇ ਉੱਤਰ ਵਿਚ ਕਿਹਾ ਕਿ ਹੇ ਗਰੁੜ ! .....ਧਾਰਮਿਕ ਪੁਰਸ਼ ਪੂਰਬ, ਪੱਛਮ ਤੇ ਉੱਤਰ ਦੇ ਦਵਾਰ ਰਾਹੀਂ ਧਰਮਰਾਜ ਦੀ ਪੁਰੀ ਨੂੰ ਜਾਂਦੇ ਹਨ ਤੇ ਪਾਪੀ ਜੀਵ ਕੇਵਲ ਦੱਖਣੀ ਦਵਾਰ ਦੇ ਰਾਹੀਂ ਜਾਂਦੇ ਹਨ। ਇਸ ਦੁਖਦਾਈ ਮਾਰਗ ਵਿਚ ਵੈਤਰਣੀ ਨਦੀ ਆਉਂਦੀ ਹੈ। ਉਸ ਵਿਚ ਜਾਣ ਵਾਲੇ ਪਾਪੀਆਂ ਬਾਰੇ ਅਸੀਂ ਵਰਣਨ ਕਰਦੇ ਹਾਂ:--

### **ਜਮ-ਮਾਰਗ ਨੂੰ ਜਾਣ ਵਾਲੇ ਪਾਪੀ**

ਬ੍ਰਾਹਮਣ ਨੂੰ ਮਾਰਨ ਵਾਲਾ, ਸ਼ਰਾਬ ਪੀਣ ਵਾਲਾ, ਗਊ ਦੀ ਹੱਤਿਆ ਕਰਨ ਵਾਲਾ, ਬਾਲਕ ਨੂੰ ਮਾਰਨ ਵਾਂਲਾ, ਗਰਭਪਾਤ ਕਰਨ ਵਾਲਾ, ਜ਼ਹਿਰ ਦੇਣ ਵਾਲਾ, ਕੇਵਲ ਦੋਸ਼ਾਂ ਨੂੰ ਗ੍ਰਹਿਣ ਕਰਨ ਵਾਲਾ ਅਤੇ ਗੁਣਾਂ ਤੋਂ ਦੂਰ ਰਹਿਣ ਵਾਲਾ, **ਬ੍ਰਾਹਮਣਾ** ਨਾਲ ਈਰਖਾ ਕਰਨ ਵਾਲਾ, ਮੂਰਖ, ਤੀਰਥ, ਸਜਣ ਜਨ, ਚੰਗੇ ਕਰਮ, **ਬ੍ਰਾਹਮਣ** ਗੁਰੂ ਤੇ ਦੇਵਤਿਆਂ ਦੀ ਨਿੰਦਾ ਕਰਨ ਵਾਲਾ, ਪੁਰਾਣਾਂ, ਵੇਦਾਂ, ਮੀਮਾਸਾਂ, ਨਿਆਇ ਤੇ ਵੇਦਾਂਤ ਦੀ ਬੁਰਿਆਈ ਕਰਨ ਵਾਲਾ, ਸ਼ਾਸਤ੍ਰਾਂ ਦੀ ਵਾਰਤਾ ਨਾ ਸੁਣਨ ਵਾਲਾ, ਮੂਰਖ ਹੁੰਦਾ ਹੋਇਆ ਆਪਣੇ ਆਪ ਨੂੰ ਪੰਡਿਤ ਮੰਨਣ ਵਾਲਾ, ਅਜੇਹੇ ਜੀਵ ਤੇ ਹੋਰ ਵੀ ਬਹੁਤ ਸਾਰੇ ਧਰਮਹੀਨ ਪਾਪੀ ਦਿਨ ਰਾਤ ਰੋਂਦੇ ਹੋਏ ਜਮ ਮਾਰਗ ਵਲ ਜਾਂਦੇ ਹਨ।

### **ਵੈਤਰਣੀ ਨਦੀ ਵਿਚ ਸੁਟੇ ਜਾਣ ਵਾਲੇ ਪਾਪੀ**

ਹੇ ਗਰੁੜ ! ਜਮਦੂਤਾਂ ਦੀ ਮਾਰ ਖਾਣ ਤੋਂ ਬਾਅਦ ਜਿਹੜੇ ਜੀਵ ਵੈਤਰਣੀ ਨਦੀ ਵਿਚ ਸੁਟੇ ਜਾਂਦੇ ਹਨ ਉਹ ਸੁਣੋ :- ਮਾਤਾ, ਪਿਤਾ, ਗੁਰੂ, ਅਚਾਰੀਯ ਤੇ ਪੂਜਨੀਕ ਪੁਰਸ਼ਾਂ ਦਾ ਅਪਮਾਨ ਕਰਨ ਵਾਲੇ। ਜਿਹੜੇ ਪੁਰਸ਼ ਪਤੀਬ੍ਰਤਾ, ਸ਼ੀਲਵਤੀ, ਚੰਗੀ ਕੁਲ ਵਾਲੀ ਤੇ ਨਿੰਮਰ ਸੁਭਾਅ ਵਾਲੀ ਇਸਤ੍ਰੀ ਨੂੰ ਵੈਰ ਭਾਵਨਾ ਨਾਲ ਤਿਆਗ ਦੇਂਦੇ ਹਨ, ਉਹਨਾਂ ਨੂੰ ਵੈਤਰਣੀ ਨਦੀ ਵਿਚ ਸੁਟਿਆ ਜਾਂਦਾ ਹੈ। (ਕੁਝ ਚੰਗੀਆਂ ਗੱਲਾਂ ਭਗਵਾਨ ਕੋਲੋਂ ਅਖਵਾ ਕੇ, ਬਿੱਪ੍ਰ ਜੀ ਹੁਣ ਅਸਲ ਮਤਲਬ ਵਲ ਆਉਂਦੇ ਹਨ) ਜਿਹੜੇ ਪੁਰਸ਼ **ਬ੍ਰਾਹਮਣਾ** ਨੂੰ ਦਾਨ ਦੇਣਾ ਕਹਿ ਕੇ ਮੁਕਰ ਜਾਂਦੇ ਹਨ ਤੇ ਜਿਹੜੇ ਉਹਨਾ ਨੂੰ ਬੁਲਾ ਕੇ ਫਿਰ ਇਨਕਾਰ ਕਰ ਦੇਂਦੇ ਹਨ, ਦਾਨ ਦੇ ਕੇ ਫਿਰ ਖੋਹ ਲੈਂਦੇ ਹਨ, ਜਾਂ ਦਾਨ ਦੇਂਦੇ ਨੂੰ ਰੋਕਦੇ ਹਨ, ਜਿਹੜੇ ਜੀਵ ਯੱਗ ਨੂੰ ਨਾਸ ਕਰਦੇ ਹਨ, ਕਥਾ ਵਿਚ ਵਿਘਨ ਪਾਉਂਦੇ ਹਨ ,.... ਯੱਗ ਤੋਂ ਬਿਨਾਂ ਆਪਣੇ ਖਾਣ ਲਈ ਹੋਰ ਪਸ਼ੂਆਂ ਨੂੰ ਮਾਰਦੇ ਹਨ (ਭਾਵ, ਯੱਗਾਂ ਵਿਚ ਮਾਸ ਖਾ ਸਕੀਦਾ ਹੈ) ਅਜੇਹੇ ਸਾਰੇ ਪੁਰਸ਼ ਵੈਤਰਣੀ ਨਦੀ ਵਿਚ ਸੁੱਟੇ ਜਾਂਦੇ ਹਨ। ਜੋ **ਸ਼ੂਦਰ** ਹੋ ਕੇ ਵੇਦਾਂ ਨੂੰ ਪੜ੍ਹਦਾ ਹੈ, ਕਪਲਾ ਗਊ ਦਾ ਦੁਧ ਪੀਂਦਾ ਹੈ, ਜੰਞੂ ਧਾਰਨ ਕਰਦਾ ਹੈ ਤੇ **ਬ੍ਰਾਹਮਣੀ** ਨੂੰ ਆਪਣੀ ਪਤਨੀ ਬਣਾਉਂਦਾ ਹੈ ਉਹ ਸ਼ੂਦਰ ਵੀ ਵੈਤਰਣੀ ਨਦੀ ਵਿਚ ਪਾਇਆ ਜਾਂਦਾ ਹੈ ......

ਹੇ ਗਰੁੜ ! ਸਭ ਨਰਕਾਂ ਤੋਂ ਭਿਆਨਕ ਵੈਤਰਣੀ ਨਦੀ ਹੀ ਹੈ ਇਸ ਲਈ ਅਜੇਹੇ ਪਾਪੀਆਂ ਨੂੰ ਵੀ ਉਸ ਵਿਚ ਹੀ ਸੁਟਿਆ ਜਾਂਦਾ ਹੈ ਜਿਨ੍ਹਾਂ **ਪੁਰਸ਼ਾਂ ਨੇ ਕਾਲੀ ਗਊ ਦਾ ਦਾਨ ਨਹੀਂ ਕੀਤਾ,** ਜਿਨ੍ਹਾਂ ਦੀ ਮਰਨ ਪਿਛੋਂ ਪਿੰਡ ਆਦਿਕ ਕਿਰਿਆ ਨਹੀਂ ਕੀਤੀ ਗਈ, .... ਜਿਹੜੇ ਤੀਰਥ ਬਰਤ ਨੂੰ ਛੱਡ ਕੇ ਵਿਧਵਾ ਦੇ ਧਰਮ ਨੂੰ ਭ੍ਰਸ਼ਟ ਕਰਦੇ ਹਨ, ਜਿਹੜੀ ਇਸਤ੍ਰੀ ਆਪਣੇ ਪਤੀ ਨੂੰ ਦੋਸ਼ ਲਗਾ ਕੇ ਪਰਾਏ ਪੁਰਸ਼ ਨਾਲ ਪ੍ਰੇਮ ਕਰਦੀ ਹੈ।

ਹੇ ਗਰੁੜ ! ਜਿਹੜੇ ਮਨੁੱਖ ਨਾਸਤਕ ਹਨ, ਮਰਿਆਦਾ ਨੂੰ ਭੰਗ ਕਰਨ ਵਾਲੇ ਕਾਇਰ, ਵਿਸ਼ਿਆਂ ਦੇ ਪਰੇਮੀ, ਪਾਖੰਡੀ ਸਭ ਨਰਕਾਂ ਨੂੰ ਜਾਂਦੇ ਹਨ। ..... ਜਿਹੜੇ ਪੁਰਸ਼ ਸ਼ਿਵ, ਪਾਰਬਤੀ, ਭਗਵਾਨ, ਸੂਰਜ, ਗਣੇਸ਼, **ਬ੍ਰਾਹਮਣ** ਗੁਰੂ ਤੇ ਵਿਦਵਾਨ ਦੀ ਪੂਜਾ ਨਹੀਂ ਕਰਦੇ, ਉਹ ਨਰਕ ਵਿਚ ਜਾਂਦੇ ਹਨ। ....... ਜਿਹੜੇ ਮਨੁੱਖ ਦੇਵਤਿਆਂ ਦੀ ਪੂਜਾ ਨਹੀਂ ਕਰਦੇ ਉਹ ਨਰਕ ਵਿਚ ਜਾਂਦੇ ਹਨ। ਬ੍ਰਾਹਮਣਾ ਤੇ ਗਊਆਂ ਦੀ ਲੜਾਈ ਵੇਖ ਕੇ ਜਿਹੜੇ ਜੀਵ ਪ੍ਰਸੰਨ ਹੁੰਦੇ ਹਨ ਉਹ ਪਾਪੀ ਅਵੱਸ਼ ਨਰਕਾਂ ਵਿਚ ਜਾਂਦੇ ਹਨ। ਅਧਿਆਤਮਕ ਵਿਦਿਆ ਦੇਣ ਵਾਲੇ **ਬ੍ਰਾਹਮਣ** ਨੂੰ ਜਿਹੜੇ ਗੁਰੂ ਨਹੀਂ ਮੰਨਦੇ, ਮਿੱਤਰ ਨਾਲ ਧਰੋਹ ਕਰਨ ਵਾਲੇ, ਕਿਸੇ ਦੀ ਆਸ ਨੂੰ ਤੋੜਨ ਵਾਲੇ, ਵਿਆਹ, ਦੇਵ ਯਾਤਰਾ ਤੇ ਜਾਣ ਵਾਲੇ ਨੂੰ ਜਿਹੜੇ ਲੋਕ ਲੁੱਟਦੇ ਹਨ ਉਹ ਘੋਰ ਨਰਕ ਵਿਚ ਜਾਂਦੇ ਹਨ। ਅਜੇਹੇ ਲੋਕਾਂ ਨੂੰ ਜਦ ਤਰੇਹ ਲੱਗਦੀ ਹੈ ਤਾਂ ਜਮਦੂਤ ਉਸ ਨੂੰ ਗਰਮ ਤੇਲ ਪੀਣ ਨੂੰ ਦਿੰਦੇ ਹਨ .......

ਅਜੇਹੇ ਲੋਕ ਸੱਭ ਆਪਣੇ ਕੀਤੇ ਪਾਪਾਂ ਦਾ ਫਲ ਭੋਗ ਕੇ ਜਮਰਾਜ ਦੀ ਆਗਿਆ ਨਾਲ ਪ੍ਰਿਥਵੀ ਤੇ ਆ ਕੇ ਪਹਿਲਾਂ ਸਥਾਵਰ ਆਦਿ ਜੂਨੀਆਂ ਵਿਚ ਪੈਦਾ ਹੁੰਦੇ ਹਨ। ਬ੍ਰਿਛ, ਵੇਲ, ਪਹਾੜ ਤੇ ਘਾ ਆਦਿ ਨੂੰ ਸਥਾਵਰ ਕਹਿੰਦੇ ਹਨ। ਇਹ ਸਭ ਮੋਹ ਵਿਚ ਘਿਰੇ ਰਹਿੰਦੇ ਹਨ। ਕੀੜੇ, ਪਸ਼ੂ, ਪੰਛੀ, ਪਾਣੀ ਵਿਚ ਰਹਿਣ ਵਾਲੇ ਮੱਛ ਕੱਛ ਤੇ ਦੇਵਤੇ ਇਹ ਸਭ ਚੁਰਾਸੀ ਲੱਖ ਜੂਨੀਆਂ ਕਹੀਆਂ ਜਾਂਦੀਆਂ ਹਨ। ਇਹਨਾਂ ਸਭ ਜੂਨੀਆਂ ਵਿਚੋਂ ਲੰਘ ਕੇ ਉਹ ਪਾਪੀ ਜੀਵ ਫਿਰ ਮਨੁੱਖ ਜੂਨੀ ਵਿਚ ਜਾਂਦੇ ਹਨ।

## **ਪੰਜਵਾਂ ਅਧਿਆਇ** (ਸੰਖੇਪ)

ਗਰੁੜ ਜੀ ਦੇ ਪੁਛਦੇ ਹਨ ਕਿ ਹੇ ਕੇਸ਼ਵ ! ਜਿਹੜੇ ਜਿਹੜੇ ਪਾਪ ਕਰਨ ਨਾਲ ਜੋ ਜੋ ਨਿਸ਼ਾਨ ਮਨੁੱਖਾਂ ਵਿਚ ਹੁੰਦੇ ਹਨ ਤੇ ਜਿਸ ਜਿਸ ਜੂਨੀ ਵਿਚ ਉਹ ਜਨਮ ਲੈਂਦੇ ਹਨ, ਇਸ ਦਾ ਸਭ ਬ੍ਰਿਤਾਂਤ ਮੈਨੂੰ ਸੁਨਾਉਣ ਦੀ ਕ੍ਰਿਪਾਲਤਾ ਕਰੋ।

ਸੀ ਵਿਸ਼ਣੂੰ ਜੀ ਨੇ ਕਿਹਾ ਕਿ ਹੇ ਗਰੁੜ ! ਨਰਕ ਤੋਂ ਵਾਪਸ ਆਏ ਪਾਪੀ ਕਿਸ ਜੂਨੀ ਵਿਚ ਜਾਂਦੇ ਹਨ ਤੇ ਉਨ੍ਹਾਂ: ਦੇ ਪਾਪਾਂ ਦੇ ਚਿਨ੍ਹਾਂ ਨੂੰ ਕਿਵੇਂ ਪਛਾਣਿਆ ਜਾਂਦਾ ਹੈ ਇਹ ਸਾਰਾ ਬ੍ਰਿਤਾਂਤ ਅਸੀਂ ਤੈਨੂੰ ਦਸਦੇ ਹਾਂ :---

**ਬ੍ਰਾਹਮਣ ਨੂੰ ਮਾਰਨ ਵਾਲਾ ਤਪਦਿਕ ਦਾ ਰੋਗੀ, ਗਊ ਦੀ ਹਤਿਆ ਕਰਨ ਵਾਲਾ ਕੁੱਬਾ,** ਕੰਨਿਆਂ ਨੂੰ ਮਾਰਨ ਵਾਲਾ ਕੋਹੜਾ ਹੈ ਤੇ ਤਿੰਨੇ ਚੰਡਾਲ ਦੇ ਘਰ ਜਨਮ ਲੈਂਦੇ ਹਨ ......ਦੂਸਰੇ ਨੂੰ ਦੇਣ ਤੋਂ ਬਿਨਾਂ ਆਪੇ ਇਕੱਲਾ ਮਠਿਆਈ ਖਾਣ ਵਾਲਾ ਗਲਗਣਡ ਰੋਗ ਵਾਲਾ ਹੁੰਦਾ ਹੈ। ਜਿਹੜਾ ਪੁਰਸ਼ ਸ਼ਰਾਧ ਵਿਚ ਅਪਵਿੱਤ੍ਰ ਅੰਨ ਦਿੰਦਾ ਹੈ ਉਹ ਸਫੈਦ ਕੋਹੜ (ਫੁਲਬਹਿਰੀ) ਵਾਲਾ ਹੁੰਦਾ ਹੈ ..... ਜਿਹੜਾ ਪੁਰਸ਼ ਵੇਦਾਂ ਸ਼ਾਸਤ੍ਰਾਂ ਦੀ ਨਿੰਦਾ ਕਰਦਾ ਹੈ ਉਸ ਨੂੰ ਪਾਂਡੂ ਰੋਗ ਹੁੰਦਾ ਹੈ .... **ਬ੍ਰਾਹਮਣ ਨੂੰ ਲੱਤ ਮਾਰਨ ਵਾਲਾ ਕੁੱਬਾ ਤੇ ਪਿੰਗਲਾ ਜੰਮਦਾ ਹੈ .......** ਅੰਨ ਦੀ ਚੋਰੀ ਕਰਨ ਵਾਲਾ ਚੂਹਾ, ਚੌਲਾਂ ਦਾ ਚੋਰ ਟਿੱਡੀ, ਪਾਣੀ ਚੁਰਾਣ ਵਾਲਾ ਪਪੀਹਾ ਤੇ ਵਿਹੁ (ਜ਼ਹਿਰ) ਦਾ ਚੋਰ ਬਿੱਛੂ ਹੁੰਦਾ ਹੈ। ਸਾਗ ਤੇ ਪੱਤਿਆਂ ਦੀ ਚੋਰੀ ਕਰਨ ਵਾਲਾ ਮੋਰ ...... ਜਿਹੜੇ ਮਨੁੱਖ ਆਪਣੇ ਗੁਰੂ ਨਾਲ ਤਕਰਾਰ ਕਰਦਾ ਹੈ **ਤੇ ਬ੍ਰਾਹਮਣ ਨਾਲ ਬਿਅਰਥ ਝਗੜਾ ਕਰੇ ਉਹ ਜੰਗਲ ਵਿਚ ਰਾਖਸ਼ ਬਣਦਾ ਹੈ। ਜਿਹੜਾ ਮਨੁੱਖ ਬ੍ਰਾਹਮਣਾ ਨੂੰ ਦਾਨ ਦੇਣ ਦਾ ਇਕਰਾਰ ਕਰਕੇ ਮੁਕਰ ਜਾਂਦਾ ਹੈ, ਉਹ ਗਿੱਦੜ ਬਣਦਾ ਹੈ ......**ਜਿਹੜੀ ਇਸਤ੍ਰੀ ਆਪਣੇ ਪਤੀ ਨੂੰ ਛੱਡ ਕੇ ਪਰਾਏ ਪੁਰਸ਼ ਨਾਲ ਰਹਿੰਦੀ ਹੈ, ਉਹ ਚਮਗਾਦੜੀ, ਕੋਹੜ ਕਿਰਲੀ ਤੇ ਦੋਮੂੰਹੀਂ ਸਪਣੀ ਬਣਦੀ ਹੈ। ਜਿਹੜਾ ਮਨੁੱਖ ਆਪਣੇ ਗੋਤ ਦੀ ਇਸਤ੍ਰੀ ਨਾਲ ਸੰਗ ਕਰਦਾ ਹੈ ਉਹ ਰਿੱਛ ਦੀ ਜੂਨ ਪੈਂਦਾ ਹੈ। ਆਪਣੇ ਗੁਰੂ ਦੀ ਪਤਨੀ ਨਾਲ ਭੋਗ ਕਰਨ ਵਾਲਾ ਗਿਰਗਿਟ ਬਣਦਾ ਹੈ। ਰਾਜੇ ਦੀ ਇਸਤ੍ਰੀ ਨਾਲ ਸੰਗ ਕਰਨ ਵਾਲਾ ਊਠ, ਮਿੱਤਰ ਦੀ

ਇਸਤ੍ਰੀ ਨਾਲ ਸੰਗ ਕਰਨ ਵਾਲਾ ਖੋਤੇ ਦੀ ਜੂਨ ਪੈਂਦਾ ਹੈ । ਗੁਦਾ ਭੋਗ ਕਰਨ ਵਾਲਾ ਵਿਸ਼ਟਾ ਖਾਣ ਵਾਲਾ ਸੂਰ ਤੇ ਸੂਦਰਨੀ ਨਾਲ ਸੰਗ ਕਰਨ ਵਾਲਾ ਬੈਲ ਬਣਦਾ ਹੈ । ਜਿਹੜਾ ਮਰਨ ਵਾਲੇ ਦਿਨ ਭੋਜਨ ਕਰਦਾ ਹੈ ਉਹ ਕੁੱਤਾ, ਜਿਹੜਾ ਬ੍ਰਾਹਮਣ ਧਨ ਦੇ ਲਾਲਚ ਕਰਕੇ ਦੇਵਤੇ ਦੀ ਪੂਜਾ ਕਰਦਾ ਹੈ, ਉਹ ਕੁੱਕੜ ਹੁੰਦਾ ਹੈ । **ਬ੍ਰਹਮ ਹਤਿਆ ਕਰਨ ਵਾਲਾ ਖੋਤਾ, ਊਠ ਤੇ ਮਹਿੰ ਦੀ ਜੂਨ ਪੈਦਾ ਹੁੰਦਾ ਹੈ । ਬ੍ਰਾਹਮਣ ਦਾ ਧਨ ਚੋਰੀ ਕਰਨ ਵਾਲਾ ਰਾਖਸ਼ ਹੁੰਦਾ ਹੈ । ਧੋਖੇ ਨਾਲ ਖਾਧਾ ਬ੍ਰਾਹਮਣ ਦਾ ਧਨ ਸੱਤ ਕੁਲਾਂ ਨਾਸ ਕਰਦਾ ਹੈ । ਜ਼ੋਰ ਨਾਲ, ਜਾਂ ਚੋਰੀ ਕਰਕੇ ਬ੍ਰਾਹਮਣ ਦਾ ਖਾਧਾ ਧਨ, ਜਦੋਂ ਤਕ ਚੰਦਰਮਾਂ ਤਾਰੇ ਹਨ ਓਦੋਂ ਤਕ ਕੁਲ ਨੂੰ ਨਾਸ ਕਰਨ ਵਾਲਾ ਹੈ । ਆਪਣੀ ਦਾਨ ਦਿਤੀ ਹੋਈ ਜਾਂ ਦੂਸਰੇ ਦੀ ਦਾਨ ਕੀਤੀ ਜ਼ਮੀਨ ਨੂੰ ਜਿਹੜਾ ਮਨੁੱਖ ਮੁੜ ਕੇ ਖੋਹੰਦਾ ਹੈ, ਉਹ ਪਾਪੀ ਪਰਲੈ ਤਕ ਨਰਕ ਵਿਚ ਵਸਦਾ ਹੈ ਅਤੇ ਫਿਰ ਸੱਠ ਹਜ਼ਾਰ ਵਰਹੇ ਤਕ ਵਿਸ਼ਟਾ ਦਾ ਕੀੜਾ ਬਣਦਾ ਹੈ । ਜਿਹੜਾ ਮਨੁੱਖ ਬ੍ਰਾਹਮਣ ਨੂੰ ਰੋਜ਼ੀ ਦੇ ਕੇ ਯਤਨ ਨਾਲ ਉਸ ਦੀ ਪਾਲਣਾ ਨਹੀਂ ਕਰਦਾ, ਜਾਂ ਉਸ ਦੀ ਰਖਿਆ ਨਹੀਂ ਕਰਦਾ ਉਹ ਪਿੰਗਲਾ ਕੁੱਤਾ ਬਣਦਾ ਹੈ । ਬ੍ਰਾਹਮਣ ਦੀ ਰੋਜ਼ੀ ਲਗਾਉਣ ਨਾਲ ਲੱਖ ਗਊਆਂ ਦੇ ਦਾਨ ਜਿੰਨਾ ਫਲ ਹੁੰਦਾ ਹੈ ਤੇ ਬ੍ਰਾਹਮਣ ਦੀ ਰੋਜ਼ੀ ਨਾਸ ਕਰਨ ਵਾਲਾ ਕੁਤੇ ਜਾਂ ਬਾਂਦਰ ਦੀ ਜੂਨੀ ਵਿਚ ਜਾਂਦਾ ਹੈ ।** (ਛੇਵਾਂ ਅਧਿਆਇ ਪ੍ਰਕਰਣ ਅਖ਼ੀਰ ਵਿਚ ਹੈ)

## ਸਤਵਾਂ ਅਧਿਆਇ (ਸੰਖੇਪ)

ਸੂਤ ਜੀ ਕਹਿੰਦੇ ਹਨ ਕਿ ਇਸ ਪ੍ਰਕਾਰ ਸ੍ਰੀ ਵਿਸ਼ਨੂੰ ਭਗਵਾਨ ਜੀ ਤੋਂ ਪਾਪੀਆਂ ਦੀ ਹਾਲਤ ਸੁਣ ਕੇ ਗਰੁੜ ਜੀ ਪਿੱਪਲ ਦੇ ਪੱਤੇ ਵਾਂਗ ਕੰਬਣ ਲੱਗ ਪਏ । (ਡਰ, ਸਦਾ ਪਾਪਾਂ ਦਾ ਹੁੰਦਾ ਹੈ । ਗਰੁੜ ਭਗਵਾਨ ਜੀ ਨੂੰ ਕਿਨ੍ਹਾਂ ਪਾਪਾਂ ਕਰਕੇ ਕਾਂਬਾ ਛਿੜ ਗਿਆ ਸੀ ?) । ਗਰੁੜ ਜੀ ਨੇ ਹੌਸਲਾ ਕਰਕੇ ਭਗਵਾਨ ਜੀ ਕੋਲੋਂ ਪੁਛ ਲਿਆ ਕਿ ਹੇ ਭਗਵਾਨ ! ਮਨੁੱਖ ਨੂੰ ਜਾਣ ਕੇ ਜਾਂ ਅਣਜਾਂਣੇ, ਪਾਪ ਕਰਨ ਪਰ ਵੀ ਜਮ ਦੇ ਕਸ਼ਟ ਨਾ ਭੋਗਣੇ ਪੈਣ, ਇਹੋ ਜਿਹਾ ਕੋਈ ਉਪਾਅ ਦੱਸੋ । ਹੇ ਸੁਆਮੀ ! ਕਿਸ ਉਪਾਅ ਨਾਲ ਮਨੁੱਖ ਉਤਮ ਗਤੀ ਨੂੰ ਪ੍ਰਾਪਤ ਹੁੰਦਾ ਹੈ ?

ਸ੍ਰੀ ਭਗਵਾਨ ਜੀ ਕਹਿਣ ਲੱਗੇ--ਪਾਪੀਆਂ ਦੀ ਜੋ ਦਸ਼ਾ ਤੁਸਾਂ ਸੁਣੀ ਹੈ ਇਹ ਕੇਵਲ ਪੁਤਰਹੀਨਾਂ ਦੀ ਹੁੰਦੀ ਹੈ । ਪੁੱਤਰਾਂ ਵਾਲਿਆਂ ਤੇ ਧਰਮਾਤਮਾ ਦੀ ਦੁਰਗਤੀ ਕਦੇ ਨਹੀਂ ਹੁੰਦੀ । ਪੁੱਤਰ ਦੀ ਪ੍ਰਾਪਤੀ ਵਾਸਤੇ ਜ਼ਰੂਰੀ ਯਤਨ ਕਰਨਾ ਚਾਹੀਦਾ ਹੈ । ਹਰਿਵੰਸ਼ ਪੁਰਾਣ ਦੀ ਕਥਾ ਸੁਣੇ ਜਾਂ ਸ਼ਤਚੰਡੀ ਦੇ ਵਿਧਾਨ ਨਾਲ ਦੁਰਗਾ ਪਾਠ ਕਰਕੇ ਤਥਾ ਭਗਤੀ ਨਾਲ ਸ਼ਿਵ ਜੀ ਦੀ ਅਰਾਧਨਾ ਕਰਕੇ ਬੁਧੀਵਾਨ ਪੁੱਤਰ ਪੈਦਾ ਕਰਨ ਦੀ ਕੋਸ਼ਸ਼ ਕਰੇ । ਪੁਤਰ ਦਾ ਅਰਥ ਹੀ, ਪੁੰਨਾਮ, ਅਰਥਾਤ ਨਰਕ ਤੋਂ ਪਿਤਾ ਦੀ ਰਖਿਆ ਕਰਨਾ ਹੈ, ਇਸ ਲਈ ਬ੍ਰਹਮਾ ਜੀ ਨੇ ਇਸ ਨੂੰ ਪੁੱਤਰ ਕਿਹਾ ਹੈ । ਪੱਤਰ ਦਾ ਮੂਹ ਵੇਖ ਕੇ ਮਨੁੱਖ ਪਿਤਰਾਂ ਦੇ ਰਿਣ ਤੋਂ ਛੁਟ ਜਾਂਦਾ ਹੈ । ਪੋਤਰੇ ਨਾਲ ਮਨੁੱਖ ਜਮ ਲੋਕ ਆਦਿ ਤੋਂ ਲੰਘ ਕੇ ਸਵਰਗ ਵਿਚ ਚਲਾ ਜਾਂਦਾ ਹੈ । ਬਿਨ ਵਿਆਹੀ ਇਸਤ੍ਰੀ ਤੋਂ ਉਤਪੰਨ ਪੁਤਰ ਨਰਕ ਵਿਚ ਪੁਚਾਂਦਾ ਹੈ । ਹੇ ਗਰੁੜ ! ਸਵਰਨ ਇਸਤ੍ਰੀ ਤੇ ਸਵਰਨ ਪੁਤਰ ਤੋਂ ਪੈਦਾ ਹੋਇਆ ਪੁਤਰ ਔਰਸ਼ ਹੁੰਦਾ ਹੈ । **ਏਹੀ ਪੁਤਰ ਸ਼ਰਾਧ ਆਦਿ ਦਾਨਾਂ ਨਾਲ ਆਪਣੇ ਪਿਤਰਾਂ ਨੂੰ ਸਵਰਗ ਵਿਚ ਪੁਚਾਉਂਦਾ ਹੈ । ਪੁੱਤਰ ਦੇ ਦਿੱਤੇ ਹੋਏ ਸ਼ਰਾਧ ਪਿੰਡ ਨਾਲ ਪਿਤਾ ਸਵਰਗ ਵਿਚ ਚਲਾ ਜਾਂਦਾ ਹੈ । ਪਰ ਦੂਸਰੇ ਦੇ ਦਿੱਤੇ ਸ਼ਰਾਧਾਂ ਨਾਲ ਵੀ ਪ੍ਰੇਤ ਸਵਰਗ ਵਿਚ ਚਲਾ ਜਾਂਦਾ ਹੈ ।** ਇਸ ਦੀ ਪੁਸ਼ਟੀ ਲਈ ਅਸੀਂ ਤੈਨੂੰ ਇੱਕ ਇਤਿਹਾਸ ਸੁਣਾਉਂਦੇ ਹਾਂ :- (ਬ੍ਰਾਹਮਣ ਜੀ ਦਾ ਵਿਚਾਰ ਹੈ ਕਿ ਲਗਦੇ ਵਾਹ ਸ਼ਿਕਾਰ ਹੱਥੋਂ ਨਾ ਨਿਕਲ ਜਾਵੇ)

ਵਿਸ਼ਨੂੰ ਜੀ ਨੇ ਇੱਕ ਅਜੇਹੇ ਪ੍ਰਾਣੀ ਦੀ ਵਿਥਿਆ ਸੁਣਾਈ ਜਿਹੜਾ ਬੇਔਲਾਦ ਮਰਨ ਕਰਕੇ ਪ੍ਰੇਤ ਬਣ ਗਿਆ ਸੀ ਅਤੇ ਜੰਗਲਾਂ ਵਿਚ ਭਟਕਦਾ ਫਿਰਦਾ ਸੀ । ਦੇਵਨੇਤ ਨਾਲ ਉਹ ਇੱਕ ਰਾਜੇ ਨੂੰ ਮਿਲਿਆ ਅਤੇ ਉਸ ਨੇ ਆਪਣੀ ਕਹਾਣੀ ਸੁਣਾ ਕੇ ਕਿਹਾ ਕਿ ਰਾਜਾ ਉਸ ਦਾ ਕਿਰਿਆ ਕਰਮ ਕਰਕੇ ਉਸ ਨੂੰ ਪ੍ਰੇਤ ਜੂਨੀ ਤੋਂ ਮੁਕਤੀ ਦਿਵਾ ਕੇ ਸੁਰਗਾਂ ਵਿਚ ਪੁਚਾਏ । ਰਾਜੇ ਨੇ ਉਸ ਦੀ ਸਦਗਤੀ ਵਾਸਤੇ ਕਿਰਿਆ ਕਰਮ ਦਾ ਢੰਗ ਪੁਛਿਆ । ਉਸ ਪ੍ਰੇਤ ਨੇ ਰਾਜੇ ਨੂੰ ਜਿਹੜਾ ਢੰਗ ਸਮਝਾਇਆ ਉਹ, ਵਿਸ਼ਨੂੰ ਜੀ ਦੀ ਜ਼ਬਾਨੀ ਇਸ ਪ੍ਰਕਾਰ ਹੈ :--

**ਪ੍ਰੇਤ ਨੇ ਕਿਹਾ**--ਜੇ ਮੇਰੇ ਵਾਸਤੇ ਵਿਧੀ ਪੂਰਬਕ ਨਾਰਾਇਣ ਬਲੀ ਹੋਵੇ ਤੇ ਵੇਦ ਮੰਤ੍ਰਾਂ ਦੁਆਰਾ ਕਿਰਿਆ ਹੋਵੇ ਤਾਂ ਮੈਂ ਇਸ ਪ੍ਰੇਤ ਜੂਨੀ ਤੋਂ ਛੁਟ ਸਕਦਾ ਹਾਂ । ਮੈਂ ਸੁਣਿਆ ਹੈ ਕਿ ਵੇਦ ਮੰਤ੍ਰਾਂ, ਤਪ, ਦਾਨ, ਸਭ ਪ੍ਰਾਣੀਆਂ ਤੇ ਦਇਆ, ਚੰਗੇ ਸ਼ਾਸਤ੍ਰਾਂ ਦਾ ਸੁਣਨਾ, ਭਗਵਾਨ ਦੀ ਸੰਗਤ ਕਰਨ ਨਾਲ ਪ੍ਰੇਤ ਜੂਨੀ ਦਾ ਕਸ਼ਟ ਖ਼ਤਮ ਹੋ ਸਕਦਾ ਹੈ । ਪੂਜਾ ਦੀ ਵਿਧੀ ਮੈਂ ਦਸਦਾ ਹਾਂ । ਹੇ ਰਾਜਨ ! **ਧਰਮ ਦੀ ਕਮਾਈ ਨਾਲ ਇਕੱਠਾ ਕੀਤਾ ਦੋ ਮਾਸ਼ੇ ਸੋਨਾ ਲੈ ਕੇ ਉਸ ਨਾਲ ਭਗਵਾਨ ਦੀ ਮੂਰਤੀ ਬਣਾਈ ਜਾਏ, ਫਿਰ ਉਸ ਨੂੰ ਪੰਚਾਮ੍ਰਿਤ**--(ਸਿਮ੍ਰਿਤੀਆਂ ਅਨੁਸਾਰ--ਦੁੱਧ, ਦਹੀਂ, ਘਿਉ, ਖੰਡ ਅਤੇ ਸ਼ਹਦ ਪੰਚਾਮ੍ਰਿਤ ਹੈ) **ਗੰਗਾਜਲ ਆਦਿ ਨਾਲ ਇਸ਼ਨਾਨ ਕਰਾ ਕੇ ਦੋ ਪੀਲੇ ਰੇਸ਼ਮੀ ਬਸਤ੍ਰਾਂ ਵਿਚ ਰਖਿਆ ਜਾਏ ਤੇ ਕਈ ਤਰ੍ਹਾਂ ਦੇ ਗਹਿਣੇ ਪਾ ਕੇ ਉਸ ਨੂੰ ਸਿੰਘਾਸਣ ਤੇ ਬਿਠਾਇਆ ਜਾਏ ਤੇ ਫਿਰ ਉਸ ਦੀ ਪੂਜਾ ਕੀਤੀ ਜਾਏ । ਪੂਰਬ ਵਿਚ ਸ੍ਰੀਧਰ, ਦੱਖਣ ਵਿਚ ਮਧੁਸੂਦਨ, ਪੱਛਮ ਵਿਚ ਵਾਮਨ, ਉੱਤਰ ਵਿਚ ਗਦਾਧਰ, ਤੇ ਵਿਚਕਾਰ ਬ੍ਰਹਮਾ ਤੇ ਸ਼ਿਵਜੀ ਨੂੰ ਸਥਾਪਤ ਕਰੇ । ਵਿਧੀ ਪੂਰਬਕ ਸੁਗੰਧੀ, ਫੁਲ ਆਦਿ ਨਾਲ ਵਖੋ ਵਖਰੀ ਸਭ ਦੀ ਪੂਜਾ ਕਰੇ । .......ਇਸ ਤੋਂ ਬਾਅਦ ਬ੍ਰਾਹਮਣਾਂ ਨੂੰ ਤੇਰ੍ਹਾਂ ਪਦ ਦੇਵੇ ਫਿਰ ਸੇਜਾ ਦਾਨ ਦੇ ਕੇ ਘੜਾ ਦਾਨ ਕਰੇ ।**

**ਘੜੇ ਦਾ ਦਾਨ** ਸਭ ਖੋਟੇ ਕਰਮਾਂ ਨੂੰ ਨਾਸ ਕਰਨ ਵਾਲਾ ਹੈ । ਸਭ ਲੋਕਾਂ ਦੀ ਦੁਰਗਤੀ ਨੂੰ ਦੂਰ ਕਰਨ ਵਾਲਾ ਤੇ ਅਤੀ ਦੁਰਲਭ ਹੈ । ਚੰਗੀ ਤਰ੍ਹਾਂ ਤਪਾਏ ਹੋਏ ਸੋਨੇ ਦਾ ਕਲਸ ਬਣਾ ਕੇ ਉਸ ਤੇ ਲੋਕਪਾਲਾਂ* ਸਮੇਤ ਬ੍ਰਹਮਾਂ, ਸ਼ਿਵ ਤੇ ਭਗਵਾਨ ਵਿਸ਼ਨੂੰ, ਦੀ ਮੂਰਤੀ ਸਥਾਪਤ ਕਰੇ ......

Foot Note:---ਲੋਕਪਾਲ--ਅਥਵਾ ਦਿਗਪਾਲ ਭਾਵ ਦਿਸ਼ਾਂ ਦੇ ਪਾਲਣ ਵਾਲੇ ਦੇਵਤੇ ਜਿਨ੍ਹਾਂ ਦੀ ਗਿਣਤੀ ਅੱਠ ਲਿਖੀ ਹੈ --ਪੂਰਵ ਦਾ **ਇੰਦ੍ਰ,** ਦੱਖਣ ਪੂਰਵ ਦਾ **ਅਗਨਿ,** ਦੱਖਣ ਦਾ **ਯਮ,** ਦੱਖਣ ਪੱਛਮ ਦਾ **ਸੂਰਜ** ਪੱਛਮ ਦਾ **ਵਰੁਣ,** ਉੱਤਰ ਪੱਛਮ ਦਾ **ਵਾਯੂ,** ਉੱਤਰ ਦਾ **ਕੁਬੇਰ,** ਉੱਤਰ ਪੂਰਵ ਦਾ **ਸੋਮ,** ਇਨ੍ਹਾਂ ਅੱਠਾਂ ਪਾਸ ਇੱਕ ਇੱਕ ਹਾਥੀ ਹੈ । ਪਰਾਣਾਂ ਅਨੁਸਾਰ ਹਾਥੀਆਂ ਦਾ ਵੇਰਵਾ ਇਸ ਤਰ੍ਹਾਂ ਹੈ--ਪੂਰਵ ਵਿਚ **ਐਰਾਵਤ,** ਪੂਰਵ ਦੱਖਣ ਕੋਣ ਵਿਚ **ਪੁੰਡਰੀਕ,** ਦੱਖਣ ਵਿਚ **ਵਾਮਨ,** ਦੱਖਣ ਪੱਛਮ ਵਿਚ **ਕੁਮੁਦ,** ਪੱਛਮ ਵਿਚ **ਅੰਜਨ,** ਪੱਛਮ ਉਤਰ ਵਿਚ **ਪੁਸ਼ਪਦੰਤ,** ਉੱਤਰ ਵਿਚ **ਸਾਰਭੋਮ** ਅਤੇ ਉੱਤਰ ਪੂਰਵ ਵਿੱਚ **ਸੁਪ੍ਰਤੀਕ** । ਇਨ੍ਹਾਂ ਅੱਠਾਂ ਦੀਆਂ ਹਥਣੀਆਂ ਦੇ ਨਾਮ ਕਰਮਵਾਰ ਇਹ ਲਿਖੇ ਹਨ--**ਅਭਰਮੂ, ਕਪਿਲਾ, ਪਿੰਗਲਾ, ਅਨੁਪਮਾ, ਅੰਜਨਵਤੀ, ਸ਼ੁਭਦੰਤੀ, ਅੰਜਨਾ ਅਤੇ ਤਾਮ੍ਰਕਰਣੀ** ।ਅੇਜੇਹੇ ਵੇਰਵੇ ਹੀ ਬ੍ਰਾਹਮਣੀ ਮਾਇਆਜਾਲ ਨੂੰ ਸੰਘਣਾ ਅਤੇ ਅਟੁਟ ਬਣਾਉਂਦੇ ਹਨ । ਪੂਜਾ ਅਤੇ ਦਾਨ ਕਰਨ ਵਾਸਤੇ ਇਨ੍ਹਾਂ ਸਾਰਿਆਂ ਦੀਆਂ ਮੁਰਤੀਆਂ ਵੀ ਗਰਮ ਸੋਨੇ ਨਾਲ ਹੀ ਬਣਾਈ ਜਾਣੀਆਂ ਹੁੰਦੀਆਂ ਹਨ ।

.....**ਵਿਧੀ ਪੂਰਬਕ ਫੁਲ, ਚੰਦਨ ਤੇ ਧੂਪ ਆਦਿ ਨਾਲ ਉਸ ਦੀ ਪੂਜਾ ਕਰਕੇ ਦੁੱਧ ਘਿਓ ਨਾਲ ਭਰੇ ਤੇ ਸੋਨੇ ਦੇ ਘੜੇ ਦਾ ਦਾਨ ਬ੍ਰਾਹਮਣ ਨੂੰ ਦੇਵੇ । ਇਹ ਘੜਾ ਦਾਨ ਸਭ ਦਾਨਾਂ ਤੋਂ ਵਧੇਰੇ ਮਹਾਂ ਪਾਤਕ** (ਭਾਵ, ਪਾਪ, ਗੁਨਾਹ) **ਨਾਸ ਕਰਨ ਵਾਲਾ ਹੈ । ਇਸ ਲਈ ਹੇ ਰਾਜਨ ਪ੍ਰੇਤ ਜੂਨ ਤੋਂ ਛੁਟਕਾਰਾ ਕਰਾਉਣ ਲਈ ਸ਼ਰਧਾ ਨਾਲ ਇਹ ਘੜਾ ਦਾਨ ਕਰੋ ।** ਰਾਜੇ ਨੇ ਘਰ ਜਾ ਕੇ ਪ੍ਰੇਤ ਦੇ ਦੱਸੇ ਅਨੁਸਾਰ ਘੜਾ ਦਾਨ ਕੀਤਾ ਤਾਂ ਪ੍ਰੇਤ ਮੁਕਤ ਹੋ ਕੇ ਸਵਰਗ ਨੂੰ ਚਲਾ ਗਿਆ । ਇਸ ਪੁੰਨ ਦਾਇਕ ਇਤਿਹਾਸ ਨੂੰ ਜਿਹੜਾ ਮਨੁੱਖ ਪੜ੍ਹੇਗਾ ਜਾਂ ਸੁਣੇਗਾ ਉਸ ਨੇ ਚਾਹੇ ਕਿੰਨੇ ਵੀ ਭਿਅੰਕਰ ਪਾਪ ਕੀਤੇ ਹੋਣ ਪ੍ਰੇਤ ਭਾਵ ਨੂੰ ਪ੍ਰਾਪਤ ਨਹੀਂ ਹੋਵੇਗਾ ।

## ਅਠਵਾਂ ਅਧਿਆਇ (ਸੰਖੇਪ)

ਗਰੁੜ ਜੀ ਕਹਿਣ ਲੱਗੇ ਕਿ ਹੁਣ ਹੇ ਭਗਵਾਨ ! ਆਪਣੇ ਮਾਤਾ ਪਿਤਾ ਦੇ ਮਰਨ ਪਰ ਪੁਤਰ ਨੂੰ ਕਿਸ ਤਰ੍ਹਾਂ ਦਾ ਕਿਰਿਆ ਕਰਮ ਕਰਨਾ ਚਾਹੀਦਾ ਹੈ ? ਭਗਵਾਨ ਜੀ ਕੇ ਕਿਹਾ ਹੇ ਗਰੁੜ ! ਧਰਮਾਤਮਾ ਪਰੁਸ਼ ਨੂੰ ਚਾਹੀਦਾ ਹੈ ਕਿ ਜਦ ਮੌਤ ਦਾ ਸਮਾ ਨੇੜੇ ਸਮਝੇ ਤਾਂ ਜਾਣਕਾਰੀ ਵਿਚ ਕੀਤੇ ਗਏ ਜਾਂ ਅਨਜਾਣੇ ਕੀਤੇ ਗਏ ਪਾਪਾਂ ਦੇ ਪ੍ਰਾਸ਼ਚਿਤ ਦੀ ਚੇਸ਼ਟਾ ਕਰੇ । ਜਦੋਂ ਮਰਨ ਦਾ ਸਮਾ ਆ ਜਾਵੇ ਤਾਂ ਇਸ਼ਨਾਨ ਕਰਕੇ ਸਾਲਗਰਾਮ ਰੂਪੀ ਵਿਸ਼ਨੂੰ ਦੀ ਪੂਜਾ ਕਰੇ । **ਸੁਗੰਧੀ, ਫੁਲ, ਕੇਸਰ, ਤੁਲਸੀ ਪੱਤਰ, ਧੂਪ, ਦੀਪ ਤੇ ਬਹੁਤ ਸਾਰੇ ਲਡੂਆਂ ਸਹਿਤ ਨੈਵੇਦ--(ਭਾਵ, ਭੋਜਨ ਆਦਿ ਉਹ ਸਮੱਗ੍ਰੀ ਜੋ ਦੇਵਤੇ ਨੂੰ ਭੇਟਾ ਕੀਤੀ ਜਾਵੇ) ਨਾਲ ਪੂਜਾ ਕਰਾਵੇ । ਨੈਵੇਦ ਨਾਲ ਬ੍ਰਹਮਣਾ ਨੂੰ ਭੋਜਨ ਕਰਾ ਕੇ**

**ਦਖਣਾ**--(ਦਖਿਣਾ ਜਾਂ ਦੱਛਣਾ, ਬ੍ਰਾਹਮਣਾ ਨੂੰ ਮਾਇਆ ਆਦਿ ਪਦਾਰਥਾਂ ਦੀ ਭੇਟਾ ਕਰਨਾ) **ਦੇਵੇ ਤੇ ਭਗਵਾਨ ਦਾ ਅਸ਼ਟਾਚਾਰ ਮੰਤਰ (ਓਂਮ ਨਮੋ ਨਾਰੁਣਾਯ) ਦਵਾਦਸ਼ਾ ਮੰਤਰ (ਓਂਮ ਨਮੋ ਭਗਵਤੇ ਵਾਸਦੇਵਾਯ)** ਦਾ ਜਪ ਕਰੇ ਫਿਰ ਵਿਸ਼ਨੂੰ ਜੀ ਜਾਂ ਸ਼ਿਵ ਜੀ ਦੇ ਨਾਮ ਨੂੰ ਜਪੇ ਜਾਂ ਸੁਣੇ, ਕਿਉਂਕਿ ਭਗਵਾਨ ਦਾ ਨਾਂ ਸੁਣਨ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ ।...... ਮੱਛ, ਕੱਛ, ਵਰਾਹ, ਨਰਸਿੰਘ, ਵਾਮਨ, ਰਾਮ ਚੰਦਰ, ਕ੍ਰਿਸ਼ਨ, ਬੁਧ ਤੇ ਕਲਿਕ, ਇਹਨਾਂ ਨਾਵਾਂ ਨੂੰ ਸਦਾ ਸੁਣੇ । ਜਿਸ ਦੀ ਬਾਣੀ ਵਿਚ ਭਗਵਾਨ ਕ੍ਰਿਸ਼ਨ ਦਾ ਮੰਗਲਮਈ ਨਾਂ ਰਹਿੰਦਾ ਹੈ ਉਸ ਦੇ ਕਰੋੜਾਂ ਮਹਾਂ ਪਾਪ ਨਾਸ ਹੋ ਜਾਂਦੇ ਹਨ । ਮਰਨ ਸਮੇਂ ਪੁਤਰ ਨੂੰ ਬੁਲਾਉਣ ਲਈ ਭਗਵਾਨ ਦਾ ਨਾਮ ਲੈਂਦੇ ਅਜਾਮਲ ਵਰਗਾ ਪਾਪੀ ਵੀ ਬੈਕੁੰਠ ਨੂੰ ਚਲਾ ਗਿਆ, ਤਾਂ ਜਿਹੜੇ ਮਨੁਖ ਸ਼ਰਧਾ ਨਾਲ ਭਗਵਾਨ ਦਾ ਨਾਮ ਲੈਂਦੇ ਹਨ, ਉਹਨਾਂ ਦੀ ਗਤੀ ਕਿਉਂ ਨਹੀਂ ਹੋਵੇਗੀ ? ਜਿਵੇਂ ਬਿਨਾ ਇੱਛਾ ਦੇ ਥੁਹੜੀ ਜਿਹੀ ਲਗੀ ਹੋਈ ਅੱਗ ਸਰੀਰ ਨੂੰ ਸਾੜ ਦਿੰਦੀ ਹੈ, ਇਸੇ ਤਰ੍ਹਾਂ ਹਰੀ ਨਾਮ ਦਾ ਸਿਮਰਨ ਪਾਪੀਆਂ ਦੇ ਪਾਪਾਂ ਨੂੰ ਸਾੜ ਦਿੰਦਾ ਹੈ । ਧਰਮਰਾਜ ਜਮਦੂਤਾਂ ਨੂੰ ਕਹਿੰਦਾ ਹੈ ਕਿ ਨਾਸਤਕਾਂ ਨੂੰ ਇਥੇ ਲਿਆਇਆ ਕਰੋ, ਪਰ ਭਗਵਾਨ ਦਾ ਨਾਮ ਲੈਣ ਵਾਲੇ ਨੂੰ ਭੁਲ ਕੇ ਵੀ ਨਾ ਲਿਆਉਣਾ । ਹੇ ਪੰਛੀ ਰਾਜ ਗਰੁੜ ! ਇਸ ਤਰ੍ਹਾਂ ਇਸ ਸੰਸਾਰ ਵਿਚ ਭਗਵਾਨ ਦਾ ਕੀਰਤਨ ਬੜੇ ਭਾਰੀ ਪਾਪਾਂ ਦਾ ਇਕ ਹੀ ਪ੍ਰਾਸਚਿਤ ਹੈ ।

ਭਗਵਾਨਾਂ ਦੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਫਿਰ **ਬ੍ਰਾਹਮਣਾ** ਨੂੰ ਦਾਨ ਦੇਣ ਦੇ ਕਈ ਢੰਗ ਅਤੇ ਅਜੇਹੇ ਦਾਨ ਨਾਲ ਕਈ ਤਰ੍ਹਾਂ ਦੇ ਭਿਅੰਕਰ ਪਾਪਾਂ ਦਾ ਨਾਸ ਹੋ ਸਕਣ ਦੀ ਗੱਲ ਵੀ ਬਿੱਪ੍ਰ ਜੀ ਨੇ ਨਾਲ ਹੀ ਕਰ ਦਿਤੀ ਹੈ ।

ਭਗਾਵਾਨ ਜੀ ਫ਼ੁਰਮਾਨ ਕਰਦੇ ਹਨ, ਜਿਹੜਾ ਪੁਰਸ਼ **ਅੰਤ ਸਮੇਂ ਬ੍ਰਾਹਮਣ ਨੂੰ ਗਊ ਦਾਨ ਕਰਦਾ ਹੈ ਉਹ ਵੈਤਰਣੀ ਨਦੀ ਵਿਚ ਕਦੇ ਨਹੀਂ ਡਿਗਦਾ .......ਇਕਾਦਸ਼ੀ ਦਾ ਬਰਤ, ਗੀਤਾ, ਗੰਗਾ ਜਲ, ਤੁਲਸੀ ਪੱਤਰ ਭਗਵਾਨ ਦਾ ਚਰਨਾਂਮ੍ਰਿਤ** ਤੇ ਭਗਵਾਨ ਦੇ ਸਾਰੇ ਨਾਂ ਮਰਨ ਸਮੇਂ ਮੁਕਤੀ ਦੇਣ ਵਾਲੇ ਹਨ । ਇਸ ਤੋਂ ਪਿਛੋਂ **ਸੋਨੇ ਸਮੇਤ ਅੰਨ ਦਾ ਸੰਕਲਪ ਕਰੇ ਤੇ ਵੇਦ ਪਾਠੀ ਬ੍ਰਾਹਮਣ ਨੂੰ ਵੱਛੇ ਸਮੇਤ ਗਊ ਦਾ ਦਾਨ ਕਰੇ ।** ਹੇ ਗਰੁੜ ! ਅੰਤ ਸਮੇਂ ਜਿਹੜੇ ਮਨੁੱਖ ਥੋੜਾ ਜਾਂ ਬਹੁਤਾ, ਜੋ ਕੁਛ ਵੀ ਦਾਨ ਦਿੰਦਾ ਹੈ, ਉਹ ਅਖ਼ਸ਼ੈ ਹੋ ਜਾਂਦਾ ਹੈ । ਜਿਹੜਾ ਪੁਤਰ ਪਿਤਾ ਲਈ ਦਾਨ ਦਿੰਦਾ ਹੈ ਉਹ ਵੀ ਅਖਸ਼ੈ ਹੋ ਜਾਂਦਾ ਹੈ । ਅੰਤ ਸਮੇ ਚੰਗੇ ਪੁਤਰ ਨੂੰ ਚਾਹੀਦਾ ਹੈ ਕਿ ਪਿਤਾ ਦੇ ਹਥੋਂ ਸਭ ਦਾਨ ਕਰਵਾਵੇ । ਏਸੇ ਸਮੇ ਲਈ ਭਲੇ ਪੁਰਸ਼ ਸੰਸਾਰ ਵਿਚ ਪੁਤਰ ਦੀ ਕਾਮਨਾ ਕਰਦੇ ਹਨ ...ਜਿਹੜਾ ਸਪੁਤਰ ਆਪਣੇ ਪਿਤਾ ਦੇ ਸ਼ਰਾਧ ਆਦਿ ਕਰਦਾ ਹੈ ਮਰਨ ਤੋਂ ਬਾਅਦ ਉਹ ਪਿਤਾ ਪਰਲੋਕ ਵਿਚ ਨਿਰਵਿਘਨ ਜਾਂਦਾ ਹੈ, ਉਹ ਰਸਤੇ ਵਿਚ ਕਿਸੇ ਤਰ੍ਹਾਂ ਦੇ ਕਸ਼ਟ ਨਹੀਂ ਪਾਉਂਦਾ । **ਅੰਤ ਸਮੇਂ ਜੋ ਦਾਨ ਦਿਤਾ ਜਾਂਦਾ ਹੈ ਉਹ ਵਿਸ਼ੇਸ਼ ਫਲਦਾਇਕ ਹੁੰਦਾ ਹੈ । ਇਸ ਲਈ ੧- ਪਿੱਤਲ, ੨- ਲੋਹਾ, ੩- ਸੋਨਾ, ੪- ਕਪਾਹ, ੫- ਲੂਣ, ੬- ਸਤਨਾਜਾ, ੭- ਉਤਰ ਤੇ ੮- ਗਊ,** ਇਹਨਾਂ ਵਿਚੋਂ ਹਰ ਇਕ ਵਸਤੂ ਪਵਿਤਰ ਹੈ । ਮਹਾਂ ਪਾਪਾਂ ਨੂੰ ਨਾਸ ਕਰਨ ਲਈ ਇਹ ਅੱਠ ਮਹਾਂ ਦਾਨ ਅੰਤ ਸਮੇਂ ਜ਼ਰੂਰ ਦੇਣੇ ਚਾਹੀਦੇ ਹਨ । ਇਹਨਾਂ ਵਸਤੂਆਂ ਦੇ ਦਾਨ ਕਰਨ ਦਾ ਜੋ ਫਲ ਹੈ ਉਹ ਸੁਣੋ--**ਮੇਰੇ ਪਸੀਨੇ ਤੋਂ ਪੈਦਾ ਹੋਏ ਤਿੰਨ ਤਰ੍ਹਾਂ ਦੇ ਤਿਲ ਪਵਿਤਰ ਹੁੰਦੇ ਹਨ । ਇਹਨਾਂ ਤਿੰਨਾਂ ਦੇ ਦਾਨ ਕਰਨ ਨਾਲ ਅਸੁਰ, ਦਾਨਵ ਤੇ ਦੈਂਤ ਤਿੰਨੇ ਹੀ ਤ੍ਰਿਪਤ ਹੁੰਦੇ ਹਨ ।** ਤਿਲ ਚਿਟੇ, ਕਾਲੇ ਤੇ ਭੂਰੇ ਰੰਗ ਦੇ ਹੁੰਦੇ ਹਨ । ਇਹ ਤਿਨਾਂ ਤਰ੍ਹਾਂ ਦੇ ਪਾਪ ਨਾਸ ਕਰਦੇ ਹਨ । **ਧਰਤੀ ਤੇ ਹਥ ਰਖ ਕੇ ਲੋਹੇ ਦਾ ਦਾਨ ਕਰਨ ਨਾਲ ਪ੍ਰਾਣੀ ਜਮ ਦੀ ਹੱਦ ਤੇ ਜਮ ਮਾਰਗ ਵਿਚ ਨਹੀਂ ਜਾਂਦਾ ।** ਪਾਪੀ ਮਨੁੱਖਾਂ ਨੂੰ ਦੰਡ ਦੇਣ ਲਈ ਜਮਰਾਜ ਦੇ ਹੱਥ ਵਿਚ ਕੁਹਾੜੀ, ਮੂਸਲ, ਡੰਡਾ, ਤਲਵਾਰ ਤੇ ਛੁਰੀ ਆਦਿ ਸਭ ਸ਼ਸਤ੍ਰ ਹੁੰਦੇ ਹਨ । ਜਮਰਾਜ ਦੇ ਇਹਨਾਂ ਹਥਿਆਰਾਂ ਤੋਂ ਬਚਨ ਲਈ ਹੀ ਇਹ ਲੋਹਾ ਦਾਨ ਕਰਨ ਲਈ ਕਿਹਾ ਗਿਆ ਹੈ ।

ਹੇ ਗਰੁੜ ! ਪਰਮ ਗੁਪਤ ਸਭ ਦਾਨਾਂ ਤੋਂ ਉਤਮ ਦਾਨ ਦਾ ਬ੍ਰਿਤਾਂਤ ਸੁਣੋ । **ਸੋਨੇ ਦਾ ਦਾਨ ਦੇਣ ਨਾਲ ਭੂਮੀ ਲੋਕ, ਭੂਵ ਲੋਕ ਤੇ ਸਵਰਗ ਲੋਕਾਂ ਦੇ ਨਿਵਾਸੀ ਪ੍ਰਸੰਨ ਹੁੰਦੇ ਹਨ । ਬ੍ਰਹਮਾਂ ਆਦਿ ਦੇਵਤੇ, ਰਿਸ਼ੀ ਲੋਕ, ਧਰਮਰਾਜ ਆਦਿ ਇਹ ਸਾਰੇ ਸੋਨੇ ਦੇ ਦਾਨ ਕਰਨ ਨਾਲ ਪਾਪੀ ਨੂੰ ਨਰਕ ਵਿਚ ਨਹੀਂ ਜਾਣ ਦਿੰਦੇ ਤੇ ਉਸ ਨੂੰ ਸਵਰਗ ਲੈ ਜਾਂਦੇ ਹਨ । ਸੋਨਾ ਦਾਨ ਕਰਨ ਵਾਲੇ ਬਹੁਤੇ ਦਿਨਾਂ ਤਕ ਸਤਿ ਲੋਕ ਵਿਚ ਵਸ ਕੇ ਫਿਰ ਉਹ ਇਸ ਲੋਕ ਵਿਚ ਆ ਕੇ ਰਾਜੇ ਬਣਦੇ ਹਨ । ਰੂਈ ( ਰੂੰ ) ਦਾ ਦਾਨ ਕਰਨ ਨਾਲ ਜਮਦੂਤਾਂ ਦਾ ਡਰ ਨਹੀਂ ਰਹਿੰਦਾ । ਜਿਹੜਾ ਲੁਣ ਦਾ ਦਾਨ ਕਰਦਾ ਹੈ ਉਸ ਨੂੰ ਜਮਰਾਜ ਦਾ ਭੈ ਨਹੀਂ ਰਹਿੰਦਾ । ਲੋਹਾ, ਲੂਣ, ਤਿਲ ਤੇ ਸੋਨੇ ਦਾ ਦਾਨ ਕਰਨ ਨਾਲ ਜਮਲੋਕ ਵਿਚ ਰਹਿਣ ਵਾਲੇ ਚਿਤ੍ਰਗੁਪਤ ਆਦਿ ਸਾਰੇ ਪ੍ਰਸੰਨ ਹੋ ਜਾਂਦੇ ਹਨ । ਸਤਨਾਜੇ ਦੇ ਦਾਨ ਕਰਨ ਨਾਲ ਧਰਮਧਵੱਜ ਤੇ ਬਾਕੀ ਤਿੰਨੇ ਦਵਾਰਪਾਲ ਪ੍ਰਸੰਨ ਹੁੰਦੇ ਹਨ । ਧਾਨ, ਜੌਂ, ਕਣਕ, ਮੂੰਗੀ, ਮਾਂਹ, ਕੰਗਨੀ ਤੇ ਛੋਲੇ, ਇਹ ਸਤ ਤਰ੍ਹਾਂ ਦਾ ਮਿਲਿਆ ਹੋਇਆ ਅੰਨ ਸਤਨਾਜਾ ਕਹਾਉਂਦਾ ਹੈ । ਸੁਪਾਤ੍ਰ ਭਾਵ ਬ੍ਰਾਹਮਣ ਨੂੰ ਵਿਧੀ ਪੂਰਬਕ ਗੋਚਰਮ (ਜਿਨੀ ਜਗਾਹ ਵਿਚ ਗਊ ਚੰਗੀ ਤਰ੍ਹਾਂ ਬੈਠ ਸਕੇ) ਦੇ ਬਰਾਬਰ ਪ੍ਰਿਥਵੀ ਦਾ ਦਾਨ ਕਰਨ ਨਾਲ ਮਨੁੱਖ ਬ੍ਰਹਮ ਹਤਿਆ ਤਕ ਤੋਂ ਛੁਟ ਜਾਂਦਾ ਹੈ । ਰਾਜੇ ਦਾ ਕੀਤਾ ਹੋਇਆ ਪਾਪ ਵਰਤ, ਤੀਰਥ ਯਾਤਰਾ ਤੇ ਹੋਰ ਦਾਨਾਂ ਨਾਲ ਨਾਸ ਨਹੀਂ ਹੁੰਦਾ, ਪਰ ਭੂਮੀ ਦਾਨ ਨਾਲ ਨਸ਼ਟ ਹੋ ਜਾਂਦਾ ਹੈ । ਜਿਹੜਾ ਮਨੁੱਖ ਧਾਨ ਨਾਲ ਭਰੀ ਹੋਈ ਖੇਤੀ ਬ੍ਰਾਹਮਣ ਨੂੰ ਦਾਨ ਦਿੰਦਾ ਹੈ ਉਹ ਦੇਵਤਾ ਤੇ ਦਾਨਵਾਂ ਤੋਂ ਪੂਜਿਤ ਹੋ ਕੇ ਇੰਦਰ ਲੋਕ ਵਿਚ ਜਾਂਦਾ ਹੈ । ਧਰਤੀ ਦਾਨ ਦਾ ਫਲ ਦਿਨੋਂ ਦਿਨ ਵਧਦਾ ਰਹਿੰਦਾ ਹੈ । ਜੋ ਰਾਜਾ ਹੋ ਕੇ ਬ੍ਰਾਹਮਣਾ ਨੂੰ ਪ੍ਰਿਥਵੀ ਦਾਨ ਨਹੀਂ ਕਰਦਾ ਉਸ ਨੂੰ ਦੂਸਰੇ ਜਨਮ ਵਿਚ ਰਹਿਣ ਨੂੰ ਕੁਟੀਆ ਵੀ ਨਹੀਂ ਮਿਲਦੀ ਅਤੇ ਜਦੋਂ ਤੱਕ ਸ਼ੇਸ਼ਨਾਗ ਪ੍ਰਿਥਵੀ ਨੂੰ ਧਾਰਨ ਕਰਦਾ ਹੈ ਓਨਾਂ ਚਿਰ ਤਕ ਉਹ ਰਾਜਾ ਨਰਕ ਵਿਚ ਰਹਿੰਦਾ ਹੈ । ਅੰਤ ਵਿਚ ਧੇਨੁ, ਰੁਪਤ ਧੇਨੁ, ਰਿਣ ਧੇਨ, ਮੋਖਸ਼ ਧੇਨ ਤੇ ਵੈਤਰਣੀ ਧੇਨ--ਇਹ ਪੰਜ ਗਊਆਂ ਦਾਨ ਮੰਨੇ ਗਏ ਹਨ । ਅਰਥਾਤ ਇਸ ਤਰ੍ਹਾਂ ਪੰਜ ਗਊਆਂ ਤਾਂ ਜ਼ਰੂਰ ਦਾਨ ਕਰਨੀਆਂ ਚਾਹੀਦੀਆਂ ਹਨ ।**

ਹੇ ਗਰੁੜ ! ਗਊ ਦਾ ਦਾਨ, ਸਵੇਰ ਵੇਲੇ, ਦੁਪਹਿਰ ਵੇਲੇ ਤੇ ਸੰਧਿਆ ਵੇਲੇ ਕੀਤੇ ਤਿੰਨ ਤਰ੍ਹਾਂ ਦੇ ਪਾਪ ਨਾਸ ਕਰਦਾ ਹੈ । ਸਰੀਰ, ਮਨ ਜਾਂ ਬਾਣੀ ਨਾਲ ਕੀਤੇ ਸਭ ਪਾਪ ਤਪੱਸਵੀ **ਬ੍ਰਾਹਮਣ** ਨੂੰ ਸਭ ਸਮੱਗਰੀ ਤੇ ਵਛੇ ਸਮੇਤ ਦੁਧ ਵਾਲੀ ਕਪਿਲਾ ਗਊ ਨੂੰ ਇਕ ਵਾਰ ਦਾਨ ਕਰ ਦੇਣ ਨਾਲ ਨਾਸ ਹੋ ਜਾਂਦੇ ਹਨ । ਸਭ ਭਾਵਨਾ ਨਾਲ ਇਕ ਗਊ ਦਾਨ ਦੇਣ ਨਾਲ ਜੋ ਫਲ ਮਿਲਦਾ ਹੈ ਉਹ ਅੰਤ ਸਮੇਂ ਸੌ ਗਊਆਂ ਦਾਨ ਦੇਣ ਨਾਲ ਤਥਾ ਮਰਨ ਸਮੇਂ ਹਜ਼ਾਰ ਗਊਆਂ ਦੇ ਦਾਨ ਦੇਣ ਵਰਗਾ ਹੁੰਦਾ ਹੈ ਤੇ ਮਰਨ ਪਿਛੋਂ ਵਿਧੀ ਪੂਰਬਕ ਇਕ ਲੱਖ ਗਊਆਂ ਦਾਨ ਦੇਣ ਨਾਲ ਉਹੋ ਫਲ ਮਿਲਦਾ ਹੈ । ਕੁਪਾਤ੍ਰ ਨੂੰ (ਭਾਵ, ਬ੍ਰਾਹਮਣ ਤੋਂ ਬਿਨਾਂ ਕਿਸੇ ਹੋਰ ਨੂੰ) ਦਾਨ ਕੀਤੀ ਉਹੋ ਗਊ ਦਾਤੇ ਨੂੰ ਨਰਕ ਵਿਚ ਪੁਚਾਉਂਦੀ ਹੈ ਤੇ ਲੈਣ ਵਾਲੇ ਦੀਆਂ ਸੌ ਕੁਲਾਂ ਨੂੰ ਨਰਕ ਵਿਚ ਡੇਗਦੀ ਹੈ । ਵੇਚੀ ਹੋਈ ਜਾਂ ਵੰਡੀ ਹੋਈ ਗਊ ਦਾ ਦਾਨ ਸੱਤ ਪੀਹੜੀਆਂ ਨਾਸ ਕਰਦਾ ਹੈ ।

ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! **ਵੇਤਰਣੀ ਨਦੀ ਤੋਂ ਪਾਰ ਖੜਨ ਵਾਲੀ ਗਊ ਦਾਨ ਦੀ ਵਿਧੀ ਸਮਝ ਲੈ**- -ਕਾਲੀ ਜਾਂ ਲਾਲ ਰੰਗ ਦੀ ਗਊ ਨੂੰ ਸੋਨੇ ਦੇ ਸਿੰਗਾਂ, ਚਾਂਦੀ ਦੇ ਖੁਰਾਂ ਤੇ ਗਹਿਣਿਆਂ ਨਾਲ ਖੂਬ ਸਜਾ ਕੇ ਕਹਿੰ ਦੀ ਦੋਹਨੀ (ਭਾਂਡਾ) ਹੋਵੇ । ਗਊ ਪਰ ਦੋ ਕਾਲੇ ਕੱਪੜੇ ਪਾਓ ਤੇ ਗਲ ਵਿਚ ਘੰਟੀ ਬੰਨ੍ਹੋ, ਫਿਰ ਰੂੰ ਪਰ ਬਸਤਰ ਸਹਿਤ ਤਾਂਬੇ ਦਾ ਕਲਸ ਸਥਾਪਤ ਕਰੋ । ਉਸ ਪਰ ਲੋਹੇ ਦੇ ਡੰਡੇ ਸਮੇਤ ਧਰਮਰਾਜ ਦੀ ਸੋਨੇ ਦੀ ਮੂਰਤੀ ਤੇ ਘਿਓ ਨਾਲ ਭਰਿਆ ਹੋਇਆ ਕਹਿੰ ਦਾ ਕਟੋਰਾ ਸਥਾਪਤ ਕਰੋ । ਈਖ ਦੀ ਬੇੜੀ ਬਣਾ ਕੇ ਉਸ ਪਰ ਰੇਸ਼ਮ ਦਾ ਧਾਗਾ ਲਪੇਟ ਦਿਓ ਤੇ ਪੁੱਟੇ ਹੋਏ ਟੋਏ ਵਿਚ ਪਾਣੀ ਭਰ ਕੇ ਉਸ ਵਿਚ ਬੇੜੀ ਛੱਡ ਦਿਓ । **ਬ੍ਰਾਹਮਣ** ਨੂੰ ਗਹਿਣਿਆਂ ਸਮੇਤ ਕੱਪੜੇ ਦਿਓ ਅਤੇ ਵਿਧੀ ਪੂਰਬਕ ਉਸ ਬ੍ਰਾਹਮਣ ਦੀ ਪੂਜਾ ਕਰੋ । ਹੱਥ ਨਾਲ ਗਊ ਦੀ ਪੂਛ ਫੜਕੇ ਤੇ ਪੈਰ ਨੂੰ ਬੇੜੀ ਵਿਚ ਰਖ ਕੇ ਬ੍ਰਾਹਮਣ ਨੂੰ ਸਾਹਮਣੇ ਖੜਾ ਕਰਕੇ ਇਹ ਮੰਤਰ ਪੜ੍ਹੋ--**ਹੇ ਜਗਨ ਨਾਥ ! ਸਰਣਾਗਤ ਵਤਸਲ ਭਗਵਾਨ ! ਸੰਸਾਰ ਰੂਪੀ ਸਾਗਰ ਵਿਚ ਡੁੱਬੇ ਹੋਏ ਤੇ ਸ਼ੋਕ--ਸੰਤਾਪ ਨਾਲ ਦੁਖੀ ਮਨੁਖਾਂ ਦੇ ਤੁਸੀਂ ਹੀ ਰਖਿਅਕ ਹੋ ।** ਵਿਸ਼ਨੂੰ ਰੂਪ ਬ੍ਰਾਹਮਣ ਵਿਚ ਹੇ ਉਤਮ ਪ੍ਰਿਥਵੀ ਦੇਵਤਾ ! ਦਖਣਾ ਸਮੇਤ ਮੈਂ ਤੁਹਾਨੂੰ ਵੈਤਰਣੀ ਗਊ ਦਾਨ ਦਿਤੀ ਹੈ....ਆਦਿ ।

ਹੇ ਗਰੁੜ ! ਗਊ ਦਾ ਦਾਨ ਕਰਨ ਨਾਲ ਮਹਾਂ ਮਾਰਗ ਵਿਚ ਉਹ ਨਦੀ ਨਹੀਂ ਆਂਉਂਦੀ । ਇਸ ਲਈ ਸਦਾ ਪੁੰਨ ਸਮੇਂ ਗਊ ਦਾਨ ਕਰੋ । ਗੰਗਾ ਆਦਿ ਸਭ ਤੀਰਥਾਂ ਵਿਚ, **ਬ੍ਰਾਹਮਣ ਦੀਆਂ ਇਸਤ੍ਰੀਆਂ ਵਿਚ,** ਸੂਰਜ ਤੇ ਚੰਦ੍ਰਮਾਂ ਦੇ ਗ੍ਰਹਣ ਦੇ ਅਵਸਰ ਪਰ, ਸੰਗ੍ਰਾਂਦ ਤੇ ਮਸਿਆ ਦੇ ਦਿਨ ਦੱਖਣ, ਉੱਤਰ ਅਯਨਾਂ (ਭਾਵ, ਸੂਰਜ ਦੀ ਹਤੀ ਦੇ ਹਿਸਾਬ) ਵਿਚ, ਮੇਖ, ਤੁਲਾ, ਮਕਰ ਤੇ ਕਰਕ ਦੀਆਂ ਸੰਗ੍ਰਾਂਦਾਂ ਵਿਚ, ਅਥਵਾ ਸਭ ਉੱਤਮ ਸਮਿਆਂ ਵਿਚ ਗਊ ਦਾਨ ਕਰਨਾ ਚਾਹੀਦਾ ਹੈ । ਕਿਉਂਕਿ ਦੌਲਤ ਸਦਾ ਸਥਿਰ ਨਹੀਂ ਰਹਿੰਦੀ ਤੇ ਸਰੀਰ ਸਦਾ ਕਾਇਮ ਨਹੀਂ ਰਹਿੰਦਾ, ਮੌਤ ਸਦਾ ਨੇੜੇ ਹੀ ਰਹਿੰਦੀ ਹੈ ਅਤੇ ਕੀਤਾ ਹੋਇਆ ਦਾਨ ਸਦਾ ਅਨੰਤ ਹੁੰਦਾ ਹੈ ਇਸ ਆਪਣੀ ਕਲਿਆਣ ਲਈ, ਇਨ੍ਹਾਂ ਸ਼ੁਭ

ਸਮਿਆਂ ਵਿਚ ਜਦੋਂ ਵੀ ਵਿਦਵਾਨ ਜਾਂ ਸੁਪਾਤ੍ਰ **ਬ੍ਰਾਹਮਣ** ਮਿਲ ਜਾਏ, ਦਾਨ ਦਿੰਦੇ ਹੀ ਰਹਿਣਾ ਚਾਹੀਦਾ ਹੈ ..... ਧਨ ਤਾਂ ਘਰ ਵਿਚ ਪਿਆ ਰਹਿ ਜਾਂਦਾ ਹੈ ਤੇ ਭਾਈਬੰਦ ਸਭ ਮਸਾਣਾਂ ਵਿਚੋਂ ਮੁੜ ਆਉਂਦੇ ਹਨ। ਕੇਵਲ ਦਾਨ ਪੁੰਨ ਧਰਮ ਦੇ ਕਰਮ ਹੀ ਨਾਲ ਜਾਂਦੇ ਹਨ .....ਬਹੁਤਾ ਧਨ ਇਕੱਠਾ ਕਰਨ ਨਾਲ ਧਰਮ ਨਹੀਂ ਮਿਲਦਾ, ਧਨਹੀਨ ਹੋਣ ਕਰਕੇ ਮੁਨੀ ਜਨ ਸ਼ਰਧਾ ਨਾਲ ਸਵਰਗ ਨੂੰ ਚਲੇ ਜਾਂਦੇ ਹਨ ....ਇਸ ਲਈ ਵਿਧੀ ਪੂਰਬਕ ਦਾਨ ਜ਼ਰੂਰ ਦੇਣਾ ਚਾਹੀਦਾ ਹੈ। ਥੋਹੜਾ ਹੋਵੇ ਜਾਂ ਬਹੁਤਾ ਇਸ ਗੱਲ ਦੀ ਗਿਣਤੀ ਵਿਚ ਨਹੀਂ ਪੈਣਾ ਚਾਹੀਦਾ।

**ਜਿਹੜਾ ਪੁਤਰ ਅੰਤ ਸਮੇਂ ਪਿਤਾ ਕੋਲੋਂ ਭੂਮੀ ਦਾਨ ਕਰਵਾਉਂਦਾ ਹੈ, ਉਸ ਧਰਮਾਤਮਾ ਪੁਤਰ ਦੀ ਦੇਵਤੇ ਪੂਜਾ ਕਰਦੇ ਹਨ। ॥॥॥॥॥॥॥** ਜਿਹੜੇ ਲੋਭ ਦੇ ਅਧੀਨ ਹੋ ਕੇ ਦਾਨ ਨਹੀਂ ਕਰਦੇ, ਹੇ ਗਰੁੜ ਜੀ ! ਉਹ ਪਾਪੀ ਕਾਇਰ ਮਰਨ ਤੋਂ ਪਿਛੋਂ ਪਛਤਾਉਂਦੇ ਹਨ। ਜਿਹੜੇ ਪੁਤਰ, ਪੋਤਰੇ, ਭਰਾ, ਮਿੱਤਰ ਆਦਿ ਅੰਤ ਸਮੇ ਦਾਨ ਨਹੀਂ ਦਿੰਦੇ, ਉਹ **ਬ੍ਰਹਮ ਹਤਿਆਰੇ** ਹਨ।

ਇਸ ਅਧਿਆਇ ਵਿਚ ਜੀਵ ਦੀ ਕਲਿਆਣ ਦਾ ਸਾਧਨ ਮੁੱਖ ਰੂਪ ਵਿਚ **ਬ੍ਰਾਹਮਣਾਂ** ਨੂੰ ਦਾਨ ਦੇਣਾ ਹੀ ਦੱਸਿਆ ਹੈ। ਕਈ ਰੰਗਾਂ ਦੇ ਦਾਨ ਕਰਨ ਦੀਆਂ ਵਿਧੀਆਂ ਵਿਚ ਪ੍ਰਭੂ ਸਿਮਰਨ ਦੀ ਗੱਲ ਗੁੰਮ ਹੋ ਕੇ ਰਹਿ ਜਾਂਦੀ ਹੈ।

## ਨੌਵਾਂ ਅਧਿਆਇ (ਸੰਖੇਪ)

ਗਰੁੜ ਜੀ ਸ੍ਰੀ ਭਗਵਾਨ ਜੀ ਦੀ ਸੇਵਾ ਵਿਚ ਪ੍ਰਾਰਥਨਾ ਕਰਦੇ ਹਨ ਕਿ ਹੇ ਸੀ ਭਗ਼ਵਾਨ ਜੀ ਹੁਣ ਮਰਨ ਸਮੇਂ ਦੇ ਦਾਨ ਦਾ ਜੋ ਕਰਤਵ ਹੈ, ਕਿਰਪਾ ਕਰਕੇ ਉਸ ਦਾ ਵਰਣਨ ਕਰੋ।

ਸੀ ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਜਦੋਂ ਸਰੀਰ ਧਾਰੀ ਆਪਣੇ ਸਰੀਰ ਨੂੰ ਛਡਣਾ ਚਾਹੇ ਉਸ ਸਮੇਂ, ਤੁਲਸੀ ਜੀ ਦੇ ਨੇੜੇ ਗੋਹੇ ਦਾ ਚੌਕਾ ਫੇਰੇ, ਉਸ ਪਰ ਮੇਰੇ ਪਸੀਨੇ ਵਿਚੋ ਪੈਦਾ ਹੋਏ ਤਿਲ ਤੇ ਮੇਰੇ ਰੋਮਾਂ ਤੋਂ ਪੈਦਾ ਹੋਈ ਕੁਸ਼ਾ ਵਿਛਾਏ। ਉਸ ਤੋਂ ਅਸੁਰ ਦਾਨਵ ਤੇ ਦੈਂਤ ਦੂਰ ਤੋਂ ਹੀ ਭੱਜ ਜਾਂਦੇ ਹਨ। ਫਿਰ ਉਸ ਜਗਾਹ ਸ਼ਾਲਿਗਰਾਮ ਜੀ ਦੀ ਮੂਰਤੀ ਸਥਾਪਤ ਕਰੇ ਅਤੇ ਨਾਲ ਜਿਥੇ ਦੁਨੀਆਂ ਦੇ ਸੰਤਾਪਾਂ ਨੂੰ ਦੂਰ ਕਰਨ ਵਾਲੀ ਤੁਲਸੀ ਦੇ ਬੂਟੇ ਦੀ ਛਾਂ ਹੈ, ਉਥੇ ਮਰਨ ਵਾਲੇ ਦੀ ਅਵੱਸ਼ ਮੁਕਤੀ ਹੋ ਜਾਂਦੀ ਹੈ। ਜਿਸ ਘਰ ਵਿਚ ਤੁਲਸੀ ਦਾ ਬੂਟਾ ਹੈ ਉਹ ਘਰ ਤੀਰਥ ਰੂਪ ਹੈ। **ਉਥੇ ਜਮਦੂਤ ਨਹੀਂ ਆਉਂਦਾ ਚਾਹੇ ਮਨੁੱਖ ਨੇ ਕਿੰਨੇ ਪਾਪ ਕੀਤੇ ਹੋਣ।** ਤੁਲਸੀ ਪੱਤਰ ਮੂੰਹ ਵਿਚ ਰੱਖ ਕੇ ਜਿਹੜਾ ਮਨੁੱਖ ਤਿਲ ਤੇ ਕੁਸ਼ਾ ਦੇ ਆਸਣ ਪਰ ਮਰਦਾ ਹੈ, ਉਹ **ਚਾਹੇ ਪੁਤਰਹੀਨ ਹੀ ਕਿਉਂ ਨਾ ਹੋਵੇ ਉਹ ਬੈਕੁੰਠ ਵਿਚ ਅਵੱਸ਼ ਜਾਂਦਾ ਹੈ**। ਕੁਸ਼ਾ (ਦੱਭ) ਦੀ ਜੜ੍ਹ ਵਿਚ **ਬ੍ਰਹਮਾਂ** ਜੀ, ਕੁਸ਼ਾ ਦੇ ਮਧ ਵਿਚ **ਵਿਸ਼ਨੂੰ** ਜੀ ਤੇ ਕੁਸ਼ਾ ਦੇ ਅਗਲੇ ਹਿਸੇ ਵਿਚ **ਸ਼ਿਵਜੀ** ਸਥਿਤ ਹਨ। ਇਸ ਲਈ **ਕੁਸ਼ਾ, ਅਗਨੀ, ਮੰਤਰ, ਤੁਲਸੀ, ਬ੍ਰਾਹਮਣ ਤੇ ਗਊ,** ਇਹ ਬਾਰ-ਬਾਰ ਕੰਮ ਵਿਚ ਲਿਆਉਣ ਪਰ ਵੀ ਅਸ਼ੁਧ ਨਹੀਂ ਹੁੰਦੇ। ਇਸ ਤੋਂ ਪਿਛੋਂ ਆਤੁਰ ਨੂੰ ਲਿਪੀ ਹੋਈ ਭੂਮੀ ਤੇ ਸੁਆ ਕੇ ਉਸ ਦੇ ਮੂੰਹ ਵਿਚ **ਸੋਨਾ ਤੇ ਰਤਨ** ਪਾਓ ਤੇ ਭਗਵਾਨ ਵਿਸ਼ਨੂੰ ਦਾ ਸਰੂਪ ਜੋ ਸ਼ਾਲਗਰਾਮ ਹੈ, ਉਸ ਦਾ **ਚਰਨਾਂਮ੍ਰਿਤ** ਦਿਓ। ਜਿਹੜਾ ਮਨੁੱਖ ਭਗਵਾਨ ਦੇ ਚਰਨਾਂਮ੍ਰਿਤ ਦੀ ਇਕ ਬੂੰਦ ਵੀ ਪੀ ਲੈਂਦਾ ਹੈ, ਉਹ ਪਾਪਾਂ ਤੋਂ ਮੁਕਤ ਹੋ ਕੇ ਭਗਵਾਨ ਦੇ ਬੈਕੁੰਠ ਲੋਕ ਵਿਚ ਚਲਾ ਜਾਂਦਾ ਹੈ। ਫਿਰ ਮਹਾਂ ਪਾਪਾਂ ਦਾ ਨਾਸ ਕਰਨ ਵਾਲਾ **ਗੰਗਾ ਜਲ** ਜੋ ਸਭ ਤੀਰਥਾਂ ਦੇ ਇਸ਼ਨਾਨ, ਦਾਨ ਪੁੰਨ ਦੇ ਫਲ ਦੇਣ ਵਾਲਾ ਹੈ, ਤੇ ਇੱਕ ਹਜ਼ਾਰ ਚੰਦ੍ਰਾਇਣ ਦੇ ਵਰਤ ਬਰਾਬਰ ਹੈ, ਮਰਨ ਵਾਲੇ ਪ੍ਰਾਣੀ ਨੂੰ ਪਿਲਾਇਆ ਜਾਏ।

ਹੇ ਗਰੁੜ ! ਜਿਵੇਂ ਰੂੰ ਦੇ ਢੇਰ ਨੂੰ ਅੱਗ ਭਸਮ ਕਰ ਦਿੰਦੀ ਹੈ, ਇਸੇ ਤਰ੍ਹਾਂ ਹੀ **ਗੰਗਾ-ਜਲ ਪੀਣ ਨਾਲ ਸਭ ਪਾਪ ਭਸਮ ਹੋ** ਜਾਂਦੇ ਹਨ। ਜਿਹੜਾ ਮਨੁੱਖ ਸੂਰਜ ਦੀਆਂ ਕਿਰਨਾਂ ਨਾਲ ਤਪਿਆ ਹੋਇਆ ਗੰਗਾਜਲ ਪੀਂਦਾ ਹੈ ਉਹ ਸਭ ਜੂਨੀਆਂ ਤੋਂ ਛੁਟ ਕੇ ਬੈਕੁੰਠ ਨੂੰ ਚਲਾ ਜਾਂਦਾ ਹੈ। ਜਿੰਨੀਆਂ ਨਦੀਆਂ ਹਨ, ਉਨ੍ਹਾਂ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਪਵਿੱਤਰ ਹੋ ਜਾਂਦਾ ਹੈ ਪਰ ਗੰਗਾ ਜੀ ਦੇ ਦਰਸ਼ਨ ਕਰਨ ਨਾਲ, ਸਪਰਸ਼ ਕਰਨ ਨਾਲ, ਗੰਗਾ-ਜਲ ਪੀਣ ਨਾਲ ਤੇ ਗੰਗਾ ਦਾ ਨਾਂ ਲੈਣ ਨਾਲ ਹੀ ਸੈਂਕੜੇ ਤੇ ਹਜ਼ਾਰਾਂ ਮਨੁੱਖ ਪਵਿੱਤਰ ਹੋ ਜਾਂਦੇ ਹਨ। ਜਿਹੜਾ ਪੁਰਸ਼ ਮਰਨ ਸਮੇਂ ਸੰਨਿਆਸ ਧਾਰਨ ਕਰਕੇ ਵਰਤ ਕਰੇ ਜਾਂ ਹਰ ਇਕ ਵਸਤੂ ਦੇ ਤਿਆਗ ਕਰਨ ਦਾ ਬ੍ਰਤ ਧਾਰਨ ਕਰੇ, ਉਹ ਬੈਕੁੰਠ ਵਿਚ ਜਾ ਕੇ ਫਿਰ ਜਨਮ ਨਹੀਂ ਲੈਂਦਾ ......**ਦਾਨ ਦੇ ਪਰਤਾਪ ਨਾਲ ਧਰਮੀ ਮਨੁੱਖ ਦੇਵਤਿਆਂ ਤੋਂ ਵੀ ਪੂਜਨੀਕ ਹੋ ਕੇ ਸਵਰਗ ਵਿਚ ਜਾਂਦੇ ਹਨ।**

## ਦਸਵਾਂ ਅਧਿਆਇ (ਸੰਖੇਪ)

ਗਰੁੜ ਜੀ ਕਹਿੰਦੇ ਹਨ ਕਿ ਹੇ ਭਗਵਾਨ ! ਮਨੁਖ ਦੇ ਸਰੀਰ ਦਾ ਵਾਹ ਕਰਮ ਕਿਹੜੇ ਢੰਗ ਨਾਲ ਕੀਤਾ ਜਾਵੇ ?

ਸ੍ਰੀ ਵਿਸ਼ਨੂੰ ਜੀ ਬੋਲੇ, ਕਿ ਹੇ ਗਰੁੜ ! ਪ੍ਰਾਣੀ ਦੇ ਮਰਨ ਤੋਂ ਬਾਅਦ ਜੋ ਕਿਰਿਆ ਕਰਮ ਕੀਤਾ ਜਾਂਦਾ ਹੈ ਉਸ ਦੇ ਕਰਨ ਨਾਲ ਪੁਤਰ ਤੇ ਪੋਤਰੇ ਪਿਤਾ ਦੇ ਰਿਣ ਤੋਂ ਮੁਕਤ ਹੋ ਜਾਂਦੇ ਹਨ। ਬਹੁਤੇ ਸਾਰੇ ਦਾਨ ਤੋ ਤਦ ਹੀ ਲਾਭ੍ਹ ਪ੍ਰਾਪਤ ਹੁੰਦਾ ਹੈ ਜੇ ਆਪਣੇ ਮਾਤਾ ਪਿਤਾ ਦਾ ਕਿਰਿਆ ਕਰਮ ਵਿਧੀ ਅਨੁਸਾਰ ਕਰੇ। ਸੋ ਮਾਤਾ ਜਾਂ ਪਿਤਾ ਦੇ ਮਰਨ ਪਰ ਪੁਤਰ ਆਪਣੇ ਸੰਬੰਧੀਆਂ ਸਮੇਤ **ਮੁੰਡਨ ਕਰਵਾਏ। ਮੁੰਡਨ ਨਾ** ਕਰਾਉਣ ਵਾਲਾ ਕਦੇ ਵੀ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਉਤਰ ਸਕਦਾ। ਇਸ ਲਈ ਨਹੁੰ ਤੇ ਕੱਛ ਤੋਂ ਬਿਨਾਂ ਸਭ ਮੁੰਡਨ ਕਰਵਾਉਣਾ ਚਾਹੀਦਾ ਹੈ। ਫਿਰ ਸੰਬੰਧੀਆਂ ਸਮੇਤ ਇਸ਼ਨਾਨ ਕਰਕੇ ਸਾਫ਼ ਧੋਤੇ ਹੋਏ ਬਸਤਰ ਧਾਰਨ ਕਰਨੇ ਚਾਹੀਦੇ ਹਨ। ਫਿਰ ਸ਼ੁਧ ਨਵੇਂ ਜਲ ਨਾਲ ਮ੍ਰਿਤਕ ਦਾ ਇਸ਼ਨਾਨ ਕਰਵਾਵੇ। ਚੰਦਨ, ਫੁੱਲ-ਮਾਲਾ ਤੇ ਗੰਗਾ ਜਲ ਨਾਲ ਅਤੇ ਨਵੇਂ ਬਸਤਰਾਂ ਨਾਲ ਮ੍ਰਿਤਕ ਨੂੰ ਢੱਕ ਕੇ ਸ਼ੋਭਿਤ ਕਰੇ। ਆਪਣੇ ਨਾਂ ਅਤੇ ਗੋਤ੍ਰ ਦਾ ਉਚਾਰਨ ਕਰਕੇ ਸੰਕਲਪ ਕਰਕੇ ਦਖਣਾ (ਮਾਇਆ)--(**ਬ੍ਰਾਹਮਣ** ਨੂੰ ਭੇਟਾ ਕੀਤਾ ਜਾਣ ਵਾਲਾ ਧਨ) ਸਮੇਤ ਪਿੰਡ ਦੇਵੇ। ਮ੍ਰਿਤੂ ਅਸਥਾਨ ਵਿਚ ਸ਼ਵਨਾਮ ਪਿੰਡ ਦੇਵੇ, ਜਿਸ ਨਾਲ ਭੂਮੀ ਤੇ ਦੇਵਤੇ ਖ਼ੁਸ਼ ਹੁੰਦੇ ਹਨ। ਘਰ ਦੇ ਦਵਾਰ ਪਰ ਪੰਜ ਨਾਮਕ ਪਿੰਡ ਦੇਵੇ ਜਿਸ ਨਾਲ ਭੂਤ ਪਸ਼ਾਚ ਆਦਿ ਕਾਰਨ ਵਿਘਨ ਨਹੀਂ ਹੁੰਦਾ। ਇਸ ਤੋਂ ਪਿਛੋਂ ਨੂੰਹਾਂ ਉਸ ਦੀ ਪਰਦਖਣਾ ਕਰਕੇ ਪੈਰਾਂ ਨੂੰ ਪੂਜਣ। ਜ੍ਹਿਹੜਾ ਪੁਤਰ ਆਪਣੇ ਮਾਤਾ ਪਿਤਾ ਦੇ ਮਰਨ ਪਰ ਮੋਢਾ ਦੇ ਕੇ ਮਸਾਣਾਂ ਨੂੰ ਲੈ ਜਾਂਦਾ ਹੈ ਉਹ ਪੈਰ ਪੈਰ ਤੇ ਅਸ਼ੁਮੇਧ ਯਗ ਦੇ ਫਲ ਨੂੰ ਪ੍ਰਾਪਤ ਕਰਦਾ ਹੈ। **ਫਿਰ ਅੱਧਾ ਰਾਹ ਲੰਘ ਕੇ** ਭੂਮੀ ਨੂੰ ਸਾਫ਼ ਕਰਕੇ ਪਾਣੀ ਛਿੜਕਾਵੇ ਤੇ ਬਿਸਰਾਮ ਕਰਾਵੇ ਤੇ **ਪਰੇਤ ਦੇ ਨਮਿਤ ਦਾਨ ਕਰੇ**। ਇਸ ਤੋਂ ਪਿਛੋਂ ਦੇਹ ਨੂੰ ਮਸਾਣਾਂ ਵਿਚ ਲਿਜਾ ਕੇ ਸਸਕਾਰ ਵਾਸਤੇ ਜ਼ਮੀਨ ਨੂੰ ਸਾਫ਼ ਕਰਕੇ ਗੋਹੇ ਦਾ ਪੋਚਾ ਫੇਰ ਕੇ ਸ਼ੁਧ ਕਰੇ। ਕੱਚੇ ਮਾਸ ਦੇ ਭਖਸ਼ਕ ਅਗਨੀ ਦੇਵ ਦੀ ਪੂਜਾ ਕਰੇ ਕਹੇ ਹੇ ਅਗਨੀ ਦੇਵ ! ਤੁਸੀਂ ਸਭ ਜਗਤ ਦੇ ਧਾਰਨ ਕਰਨ ਵਾਲੇ ਹੋ, ਇਸ ਮ੍ਰਿਤਕ ਦੀ ਆਤਮਾ ਦਾ ਸਵਰਗਵਾਸ ਕਰੋ। ਫਿਰ ਚੰਦਨ, ਤੁਲਸੀ, ਲਕੜ, ਪਲਾਸ ਤੇ ਪਿੱਪਲ ਦੀਆਂ ਲਕੜੀਆਂ ਦੀ ਚਿਤਾ ਤੇ ਮਿਰਤਕ ਨੂੰ ਰੱਖ ਕੇ **ਦੱਖਣਾ ਸਮੇਤ ਪਿੰਡ ਦੇਵੇ**। ਇਸ ਤਰ੍ਹਾਂ ਪ੍ਰੇਤ ਨੂੰ ਪੰਜ ਪਿੰਡ ਦੇ ਕੇ ਪਹਿਲੇ ਲੋਮਭਯ: ਸਵਾਹਾ : ਇਹਨਾਂ ਵਾਕਾਂ ਨਾਲ ਹੋਮੀ ਗਈ ਅੱਗ ਨੂੰ ਘਾਹ ਵਿਚ ਲਗਾ ਕੇ ਪੁਤਰ ਅਗਨੀ ਦੇਵੇ। ਜੇ ਪੰਚਕਾਂ ਵਿਚ ਸਸਕਾਰ ਕਰ ਦਿੱਤਾ ਜਾਵੇ ਤਾਂ ਘਰ ਦੇ **ਦੂਸਰਿਆਂ ਦੀ ਮੌਤ ਹੁੰਦੀ** ਹੈ। (ਅਧੇ-ਧਨਿਸ਼ਠਾ ਤੋਂ ਲੈ ਕੇ ਰੇਵਤੀ ਦੇ ਅੰਤ ਤਕ ਪੰਜ ਨਿਛਤਰਾਂ ਨੂੰ ਪੰਚਕ ਕਹਿੰਦੇ ਹਨ) (ਇਨ੍ਹਾਂ ਨਛੱਤਰਾਂ ਦਾ ਪਤਾ ਲੈਣ ਲਈ **ਬ੍ਰਾਹਮਣ ਦੀ ਪ੍ਰਸੰਨਤਾ ਲੈਣੀ ਅਤੀ ਜ਼ਰੂਰੀ** ਹੈ) ਨਹੀਂ ਤਾਂ ਤਿਲ ਦਾ ਪਾਤ੍ਰ, ਸੋਨਾ, ਚਾਂਦੀ ਤੇ ਰਤਨ ਆਦਿ ਨੂੰ ਯਥਾਕ੍ਰਮ ਕਹਿੰ ਦੇ ਭਾਂਡੇ ਵਿਚ ਘਿਉ ਭਰ ਕੇ ਦੋਸ਼ ਦੀ ਸ਼ਾਂਤੀ ਵਾਸਤੇ **ਬ੍ਰਾਹਮਣ ਨੂੰ ਦਾਨ** ਕਰੇ ..........

ਅੱਧਾ ਸੜ ਜਾਣ ਪਰ ਜਾਂ ਸਾਰਾ ਸੜ ਜਾਣ ਪਰ ਮ੍ਰਿਤਕ ਦੇ ਮੱਥੇ ਨੂੰ ਫੋੜੇ (ਕਪਾਲ ਕਿਰਿਆ ਕਰੇ), ਗ੍ਰਿਹਸਥੀ ਦੇ ਮੱਥੇ ਨੂੰ ਲੱਕੜ ਨਾਲ, ਯਤੀ ਦੇ ਮੱਥੇ ਨੂੰ ਨਰੇਲ ਨਾਲ ਫੋੜੇ। ਬ੍ਰਹਮਲੋਕ ਦੀ ਪ੍ਰਾਪਤੀ ਵਾਸਤੇ ਉਸ ਦੇ ਬ੍ਰਹਮਰੰਧਰ ਦਾ ਭੇਦਨ ਕਰੇ ਤੇ ਪੁਤਰ ਇਸ ਮੰਤ੍ਰ ਨਾਲ ਘਿਓ ਦੀ ਆਹੂਤੀ ਦੇਵੇ---ਹੇ ਪਾਵਕ (ਅੱਗਨੀ) ! ਤੂੰ ਵਾਸਦੇਵ ਤੋਂ ਪੈਦਾ ਹੋਈ ਹੈਂ, ਤੂੰ ਇਸ ਮ੍ਰਿਤਕ ਦੀ ਆਤਮਾ ਨੂੰ ਸਵਰਗ ਲੋਕ ਵਿਚ ਪੁਚਾਣ ਲਈ ਪ੍ਰਜ੍ਵਲਤ ਹੋ ਕੇ ਇਸ ਦੀ ਸਥੂਲ ਦਿਹ ਨੂੰ ਭਸਮ ਕਰ---**ਫਿਰ ਉੱਚੀ ਸਾਰੀ ਸੁਰ ਨਾਲ ਰੋਣਾ ਚਾਹੀਦਾ ਹੈ।** ਇਸ ਨਾਲ ਪ੍ਰਾਣੀ ਨੂੰ ਸੁਖ ਪ੍ਰਾਪਤ ਹੁੰਦਾ ਹੈ। ਸਸਕਾਰ ਦੇ ਪਿਛੋਂ ਪਹਿਲੇ ਇਸਤ੍ਰੀਆਂ ਤੇ ਫਿਰ ਪੁਤਰਾਂ ਨੂੰ ਇਸ਼ਨਾਨ ਕਰਨਾ ਚਾਹੀਦਾ ਹੈ। ਆਪਣੇ ਨਾਂ ਤੇ

ਗੋਤਰ ਦਾ ਉਚਾਰਨ ਕਰਕੇ ਤਿਲਾਂਜਲੀ ਦੇਵੇ । ਫਿਰ ਕੁਛ ਨਿੰਮ ਦੇ ਪੱਤੇ ਚੱਖਣੇ ਚਾਹੀਦੇ ਹਨ ਤੇ ਮ੍ਰਿਤਕ ਦੇ ਗੁਣਾਂ ਦਾ ਵਰਣਨ ਕਰਦੇ ਹੋਏ ਪਹਿਲੇ ਇਸਤ੍ਰੀਆਂ ਫਿਰ ਆਦਮੀ ਘਰ ਨੂੰ ਜਾਣ । ਘਰ ਵਿਚ ਫਿਰ ਇਸ਼ਨਾਨ ਕਰਕੇ ਗੌਗ੍ਰਾਸ ਦੇ ਕੇ ਪੱਤਲ ਵਿਚ ਭੋਜਨ ਕਰੋ ਤੇ ਆਪਣੇ ਘਰ ਦਾ ਅੰਨ ਨਾ ਖਾਓ । ਇਸ ਤੋਂ ਪਿਛੋਂ ਦਖਸ਼ਣਾ-ਭਿਮੁਖ ਹੋ ਕੇ ਮਿਰਤਕ ਦੇ ਥਾਂ ਨੂੰ ਲਿਪੋ । ਬਾਰਾਂ ਦਿਨ ਤਕ ਰਾਤ ਦਿਨ ਮਿਰਤਕ ਅਸਥਾਨ ਪਰ ਦੀਵਾ ਜਗਾਓ ।

ਹੇ ਗਰੁੜ ! ਸੂਰਜ ਅਸਤ ਹੋਣ ਸਮੇਂ ਮਸਾਣਾਂ ਵਿਚ ਜਾਂ ਚੌਰਾਹੇ ਵਿਚ ਮਿੱਟੀ ਦੇ ਭਾਂਡੇ ਵਿਚ ਦੁਧ ਤੇ ਪਾਣੀ ਤਿੰਨ ਦਿਨ ਰਖੇ । ਸੂਤਰ ਨਾਲ ਤਿੰਨ ਲਕੜੀਆਂ ਨੂੰ ਬੰਨ੍ਹ ਕੇ ਇਕ ਤਪਾਈ ਬਣਾਵੇ ਤੇ ਉਸ ਤੇ ਦੁਧ ਰਖ ਕੇ ਇਹ ਮੰਤਰ ਪੜ੍ਹੇ--ਤੁਸੀਂ ਸ਼ਮਸ਼ਾਨ ਦੀ ਅੱਗ ਦੇ ਨਾਲ ਭਸਮ ਹੋਏ ਤੇ ਸੰਬੰਧੀਆਂ ਤੋਂ ਤਿਆਗੇ ਗਏ ਹੋ, ਤੁਹਾਡੇ ਲਈ ਇਹ ਜਲ ਹੈ ਤੇ ਇਹ ਦੁਧ ਹੈ, ਜਲ ਨਾਲ ਇਸ਼ਨਾਨ ਕਰੋ ਤੇ ਦੁਧ ਪੀਓ----। ਜਿਹੜਾ ਅਗਨੀਹੋਤਰੀ ਹੋਵੇ ਉਸ ਦੇ ਚੌਥੇ ਦਿਨ ਤੇ ਜਿਹੜਾ ਅਗਨੀਹੋਤਰੀ ਨਾ ਹੋਵੇ, ਉਸ ਦੇ ਤੀਸਰੇ ਜਾਂ ਦੂਸਰੇ ਦਿਨ ਫੁਲ ਚੁਣਨੇ ਚਾਹੀਦੇ ਹਨ । ਮਸਾਣਾ ਵਿਚ ਜਾ ਕੇ ਇਸ਼ਨਾਨ ਕਰਕੇ ਮੰਤ੍ਰ ਨਾਲ ਬਲੀ ਦੇ ਕੇ ਤਿੰਨ ਪਰਕਰਮਾ ਕਰੇ ਤੇ ਦੁਧ ਛਿੜਕ ਕੇ ਫੁਲ ਚੁਣੇ । ਅਸਥੀਆਂ ਨੂੰ ਦੁਧ ਨਾਲ ਧੋ ਕੇ ਫਿਰ ਪਾਣੀ ਨਾਲ ਧੋਵੇ । ਫਿਰ ਕਿਸੇ ਭਾਂਡੇ ਵਿਚ ਰਖ ਦੇਵੇ ਤੇ ਵਿਧੀ ਪੂਰਬਕ ਸ਼ਰਾਧ ਕਰੇ । ਫਿਰ ਤਿਕੋਨਾ ਸਥੰਡਲ (ਥੜ੍ਹਾ, ਚੌਤਰਾ) ਬਣਾ ਕੇ ਗੋਹੇ ਨਾਲ ਚੌਕਾ ਫੇਰੇ ਤੇ ਦੱਖਣ ਵਲ ਮੂੰਹ ਕਰਕੇ ਤਿੰਨ ਦਿਸ਼ਾਂ ਵਿਚ ਤਿੰਨ ਪਿੰਡ ਦੇਵੇ, ਚਿਤਾ ਦੀ ਭਸਮ ਨੂੰ ਇਕੱਠਾ ਕਰਕੇ ਲਕੜੀ ਦੀ ਤਿਪਾਈ ਰਖ ਕੇ ਉਸ ਪਰ ਪਾਣੀ ਦਾ ਭਰਿਆ ਘੜਾ ਰਖੋ,ਇਸ ਦੇ ਪਿਛੋਂ ਚੌਲਾਂ ਦਾ ਪਾਕ ਬਣਾ ਕੇ ਤੇ ਘਿਉ ਮਿਲਾਕੇ ਵਿਧੀ ਪੂਰਬਕ ਪਰੇਤ ਵਾਸਤੇ ਮਿੱਠੀ ਬਲੀ ਦੇਵੇ । ਪੰਜ ਦਸ ਕਦਮ ਉੱਤਰ ਵਲ ਚਲ ਕੇ ਟੋਆ ਖੋਦ ਕੇ ਫੁਲਾਂ ਦੇ ਭਾਂਡੇ ਨੂੰ ਉਸ ਵਿਚ ਰਖ ਦੇਵੇ । **ਫਿਰ ਸਸਕਾਰ ਦੀ ਪੀੜ (ਦਰਦ) ਨਾਸ ਕਰਨ ਲਈ ਪਿੰਡ ਦੇਵੇ ।** ਫੁਲਾਂ ਦੇ ਭਾਂਡੇ ਨੂੰ ਕੱਢ ਕੇ ਕਿਸੇ ਜਲ ਵਾਲੇ ਥਾਂ ਜਾ ਕੇ, ਦੁਧ ਤੇ ਪਾਣੀ ਨਾਲ ਬਾਰ ਬਾਰ ਅਸਥੀਆਂ ਨੂੰ ਧੋਵੇ । ਫਿਰ ਉਨ੍ਹਾਂ ਨੂੰ ਚੰਦਨ ਕੇਸਰ ਆਦਿ ਨਾਲ ਚੰਗੀ ਤਰ੍ਹਾਂ ਚਰਿਤਰ ਕਰੇ । ਉਹਨਾਂ ਅਸਥੀਆਂ ਨੂੰ ਆਪਣੇ ਮਥੇ ਤੇ ਹਿਰਦੇ ਨਾਲ ਲਗਾ ਕੇ ਉਹਨਾਂ ਦੀ ਪਰਕਰਮਾਂ ਤੇ ਨਮਸ਼ਕਾਰ ਕਰਕੇ ਸ੍ਰੀ ਗੰਗਾ ਜੀ ਵਿਚ ਪ੍ਰਵਾਹ ਕਰੇ ।ਜਿਸ ਪ੍ਰਾਣੀ ਦੀਆਂ ਅਸਥੀਆਂ ਦਸ ਦਿਨ ਦੇ ਅੰਦਰ ਗੰਗਾ ਜੀ ਵਿਚ ਪੈ ਜਾਂਦੀਆਂ ਹਨ, ਉਹ ਫਿਰ ਬਾਹਮਲੋਕ ਤੋਂ ਇਸ ਲੋਕ ਵਿਚ ਨਹੀਂ ਆਉਂਦਾ । ਜਿੰਨੇ ਸਾਲ ਤਕ ਮਨੁੱਖ ਦੀਅ ਅਸਥੀਆਂ ਗੰਗਾ ਜਲ ਵਿਚ ਰਹਿਣ ਓਨੇ ਹਜ਼ਾਰ ਬਰਸ ਉਹ ਸਵਰਗ ਲੋਕ ਵਿਚ ਅਨੰਦ ਮਾਣਦਾ ਹੈ ।

ਹੰਸ, ਪਰਮਹੰਸ, ਕੁਟੀ ਚਕ੍ਰ, ਬਹੁਦਕ--ਇਹਨਾ ਸੰਨਿਆਸੀਆਂ ਦੇ ਮਰਨ ਪਰ ਇਹਨਾਂ ਨੂੰ ਜ਼ਮੀਨ ਵਿਚ ਦਬਾ ਦਿਓ ਦਾਹ ਕਰਮ ਨਾਂ ਕਰੋ । ਜੋ ਗੰਗਾ ਆਦਿ ਮਹਾਂ ਨਦੀ ਨੇੜੇ ਮਰੇ ਤਾਂ ਉਸ ਨਦੀ ਵਿਚ ਪ੍ਰਵਾਹ ਕਰ ਦਿਉ, ਨਹੀਂ ਤਾਂ ਜ਼ਮੀਨ ਵਿਚ ਦਬ ਦਿਓ ।

## ਗਿਆਰਵਾਂ ਅਧਿਆਇ (ਸੰਖੇਪ)

.............ਇਸ ਅਧਿਆਏ ਵਿਚ ਗਰੁੜ ਜੀ ਦਸ਼ਗਾਤ੍ਰ ਦਾ ਫਲ ਪੁਛ ਕੇ ਇਹ ਵੀ ਪੁਛਦੇ ਹਨ ਕਿ ਜੇ ਪੁਤਰ ਨਾ ਹੋਵੇ ਤਾਂ ਦਸ਼ਗਾਤ੍ਰ ਕੌਣ ਕਰੇ ? ਪਹਿਲਾਂ ਦਸ਼ ਗਾਤ੍ਰ ਦੇ ਅਰਥ ਸਮਝ ਲਈਏ :-

**ਗਾਤ੍ਰ**--ਦਾ ਅਰਥ ਹੈ ਦੇਹ, ਸਰੀਰ ਅੰਗ । ਜਮਦੂਤਾਂ ਦੀਆਂ ਸਜ਼ਾਵਾਂ ਦਾ ਭਿਆਨਕ ਡਰ ਪਾਉਣ ਲਈ ਅਥਵਾ ਸਵਰਗ ਲੋਕ ਨੂੰ ਮਾਨਣ ਲਈ ਬ੍ਰਾਹਮਣ ਨੇ ਮਰੇ ਹੋਏ ਪ੍ਰਾਣੀ ਲਈ ਮਨੁੱਖਾ ਸਰੀਰ ਵਰਗਾ ਇਕ ਨਵਾਂ ਸਰੀਰ ਆਪ ਹੀ ਘੜ ਲਿਆ ਹੋਇਆ ਹੈ । ਪ੍ਰੋਹਤ ਜੀ ਦਾ ਕਥਨ ਹੈ ਕਿ ਇਸ ਸਰੀਰ ਨੂੰ ਬਣਾਉਣ ਲਈ ਪਹਿਲੇ ਦਸ ਦਿਨਾਂ ਦੇ ਪਿੰਡ ਬੜੇ ਜ਼ਰੂਰੀ ਹਨ । ਇਹ ਭਰਮ-ਕਰਮ ਹਿੰਦੂ ਧਰਮ ਦਾ ਹਿੱਸਾ ਬਣ ਚੁੱਕਾ ਹੈ । ਇਸ ਮਤ ਦੇ ਅਨੁਸਾਰ ਮੋਏ ਪ੍ਰਾਣੀ ਪਿਛੋਂ **ਦਸ ਦਿਨਾਂ ਦਾ ਕਰਮ ਦਸ਼ਗਾਤ੍ਰ** ਹੈ । ਇਸ ਵਿਚ ਪਿੰਡ ਦਾਨ ਆਦਿ ਕੀਤਾ ਜਾਂਦਾ ਹੈ । ਇਸ ਪਿੰਡਦਾਨ ਤੋਂ ਦਸ ਦਿਨਾਂ ਵਿਚ ਪ੍ਰੇਤ ਦਾ ਗਾਤ੍ਰ (ਸਰੀਰ) ਬਣਦਾ ਹੈ । ਪਹਿਲੇ ਦਿਨ ਦੇ ਪਿੰਡ ਤੋਂ ਸਿਰ, ਦੂਜੇ ਦਿਨ ਦੇ ਪਿੰਡ ਤੋਂ ਨੱਕ, ਕੰਨ, ਅੱਖਾਂ ਆਦਿ, ਇਸੇ ਤਰ੍ਹਾਂ ਦਸਵੇਂ ਦਿਨ ਪੈਰ ਬਣਕੇ ਦੇਹ ਪੂਰੀ ਹੋ ਜਾਂਦੀ ਹੈ । ...........ਬ੍ਰਾਹਮਣ ਦੀ ਕਲਪਣਾ ਦੀ ਉਪਜ ਸ੍ਰੀ ਵਿਸ਼ਨੂੰ ਭਗਵਾਨ ਜੀ ਫੁਰਮਾਨ ਕਰਦੇ ਹਨ ਕਿ ਜੇ ਪੁਤਰ ਨਾ ਹੋਵੇ ਤਾਂ ਨੂੰਹ ਇਹ ਕਿਰਿਆ ਕਰਮ ਕਰੇ, ਨੂੰਹ ਨਾ ਹੋਵੇ ਤਾਂ ਉਸ ਦਾ ਸਕਾ ਭਰਾ ਕਰੇ, ਪ੍ਰਾਣੀ ਦੇ ਵਡੇ ਭਰਾ ਜਾਂ ਛੋਟੇ ਭਰਾ ਦਾ ਪੁਤਰ ਪੋਤ੍ਰਾ, ਅਥਵਾ ਮਿੱਤਰ ਵੀ ਦਸ਼ਗਾਤ੍ਰ ਕਰ ਸਕਦਾ ਹੈ । ਜੇ ਕੋਈ ਨਾ ਹੋਵੇ ਤਾਂ ਪ੍ਰੋਹਤ ਕਰੇ । ਜਿਹੜਾ ਕੋਈ ਅਨਾਥ ਪ੍ਰੇਤ ਦਾ ਸੰਸਕਾਰ ਕਰਾਉਂਦਾ ਹੈ ਉਸ ਨੂੰ ਕ੍ਰੋੜਾਂ ਯੱਗਾਂ ਦਾ ਫਲ ਮਿਲਦਾ ਹੈ । ਜੇ ਬਹੁਤੇ ਪੁਤ੍ਰਾਂ ਵਿਚ ਪਿਤਾਂ ਦੀ ਜਾਇਦਾਦ ਦੀ ਵੰਡ ਹੋ ਗਈ ਹੋਵੇ ਤਾਂ ਸਾਰੇ ਪੁਤਰ ਸ਼ਰਾਧ ਆਦਿ ਸਭ ਕੁਝ ਵਖੋ ਵਖਰੇ ਕਰਨ । ਬ੍ਰਾਹਮਣ ਦੀ ਆਮਦਨ ਦਾ ਵਿਸ਼ਨੂੰ ਜੀ ਨੂੰ ਬੜਾ ਉਚੇਚਾ ਫਿਕਰ ਕਿਸ ਕਾਰਨ ਉਪਜ ਰਿਹਾ ਹੈ ?

ਭਗਵਾਨ ਜੀ ਕਹਿੰਦੇ ਹਨ ਕਿ ਜਿਹੜਾ ਪੁਤਰ ਆਪਣੇ ਮਾਤਾ ਪਿਤਾ ਦੇ ਦਸ਼ਗਾਤ੍ਰ ਤੋਂ ਲੈ ਕੇ ਵਰ੍ਹਾ ਭਰ ਸ਼ਰਾਧ ਕਰਦਾ ਹੈ, ਉਸ ਨੂੰ ਗਯਾ--ਸ਼ਰਾਧ ਦੇ ਬਰਾਬਰ ਫਲ ਮਿਲਦਾ ਹੈ ...... ਅੰਨ ਬਸਤ੍ਰ, ਫਲ ਤੇ ਹੋਰ ਵਸਤੂ ਜੇ ਪ੍ਰੇਤ ਸ਼ਬਦ ਨਾਲ ਦਿਤੀ ਜਾਵੇ ਉਹ ਮ੍ਰਿਤਕ ਨੂੰ ਆਨੰਦ ਫਲ ਦੇਣ ਵਾਲੀ ਹੁੰਦੀ ਹੈ । ਜਿਸ ਵਿਧੀ ਨਾਲ ਪਹਿਲੇ ਦਿਨ ਪਿੰਡ ਦੇਵੇ ਉਸੇ ਵਿਧੀ ਨਾਲ ਨੌਂ ਦਿਨ ਤਕ ਪਿੰਡ ਦੇਵੇ ........**ਦੂਸਰੇ ਦਿਨ** ਮਾਸ ਦਾ ਪਿੰਡ ਦਿਓ, ਕਿਉਂਕਿ ਕਲਿਜੁਗ ਵਿਚ ਮਾਸ ਦਾ ਪਿੰਡ ਦੇਣਾ ਮਨ੍ਹਾਂ ਹੈ ਇਸ ਲਈ ਮਾਂਹ ਦਾ ਪਿੰਡ ਦਿਓ । ਦਸਵੇਂ ਦਿਨ ਸਭ ਸਬੰਧੀ ਕਿਰਿਆ ਕਰਨ ਵਾਲੇ ਪੁਤਰ ਸਮੇਤ ਮੁੰਡਨ ਕਰਾਉਣ । ਦਸ ਦਿਨ ਤਕ ਇਕ ਇਕ **ਬ੍ਰਾਹਮਣ** ਨੂੰ ਮਠਿਆਈ ਦਾ ਭੋਜਨ ਕਰਾਓ ਅਤੇ ਉਸ ਦੇ ਅੱਗੇ ਹਥ ਜੋੜ ਕੇ ਪ੍ਰੇਤ ਦੀ ਮੁਕਤੀ ਲਈ ਪ੍ਰਾਰਥਨਾ ਕਰੋ ਅਤੇ **ਦਖਣਾ**--(ਮਾਇਆ) ਦਿਓ ।

## ਬਾਰ੍ਹਵਾਂ ਅਧਿਆਇ (ਸੰਖੇਪ)

ਗਰੁੜ ਜੀ ਕਹਿਣ ਲੱਗੇ ਕਿ ਹੇ ਸੁਰੇਸ਼ਵਰ ! ਕਿਰਪਾ ਕਰਕੇ ਗਿਆਰ੍ਹਵੇਂ ਦਿਨ ਦੀ ਕਰਮ ਵਿਧੀ ਤੇ ਵੱਛਾ ਛਡਣ ਵਾਲੀ, ਵਰਿਸ਼ੋਤਸਰਗ ਕਿਰਿਆ ਸਮਝਾਉ।

ਭਗਵਾਨ ਜੀ ਨੇ ਕਿਹਾ, ਹੇ ਗਰੁੜ ! ਇਕਾਦਸ਼ੀ ਵਾਲੇ ਦਿਨ ਕਿਸੇ ਜਲ ਵਾਲੇ ਅਸਥਾਨ ਦੇ ਕੋਲ ਸਭ ਕਿਰਿਆ ਕਰਨੀ ਚਾਹੀਦੀ ਹੈ । **ਯਥਾਸ਼ਕਤ ਭੇਟਾ ਲੈ ਜਾ ਕੇ ਵੇਦ ਤੇ ਸ਼ਾਸਤ੍ਰ ਦੇ ਗਿਆਤਾ ਬ੍ਰਾਹਮਣ ਕੋਲ ਜਾਉ । ਹਥ ਜੋੜ ਕੇ ਨਮਸ਼ਕਾਰ ਕਰਕੇ ਪਰੇਤ ਦੀ ਮੁਕਤੀ ਦੀ ਇੱਛਾ ਕਰੋ । ਦਸ ਦਿਨ ਤੱਕ ਸ਼ਰਾਧ ਕਰੇ ਤੇ ਗਿਆਰਵੇਂ ਦਿਨ ਪਰੇਤ ਦੇ ਨਮਿਤ ਪਿੰਡ ਦਾਨ ਕਰੇ । ਸੋਨੇ ਦੀ ਵਿਸ਼ਨੂੰ ਦੀ ਮੂਰਤੀ, ਬ੍ਰਹਮਾਂ ਦੀ ਚਾਂਦੀ ਦੀ, ਰੁਦਰ ਦੀ ਤਾਂਬੇ ਦੀ ਤੇ ਜਮਰਾਜ ਦੀ ਲੋਹੇ ਦੀ ਮੂਰਤੀ ਬਣਵਾਵੇ । ਪੱਛਮ ਦਿਸ਼ਾ ਵਿਚ ਗੰਗਾ ਜਲ ਸਮੇਤ ਵਿਸ਼ਨੂੰ ਦਾ ਕਲਸ ਸਥਾਪਤ ਕਰੇ ਤੇ ਉਸ ਪਰ ਪੀਲੇ ਕਪੜੇ ਵਿਚ ਲਪੇਟ ਕੇ ਵਿਸ਼ਨੂੰ ਦੀ ਮੂਰਤੀ ਰਖੇ**-- (ਕੀ ਇਹ ਕੁਝ ਵਿਸ਼ਨੂੰ ਭਗਵਾਨ ਆਪ ਹੀ ਕਹਿ ਰਿਹੇ ਸਨ ?) ਉੱਤਰ ਵਿਚ ਸ਼ਹਿਦ ਤੇ ਘਿਓ ਨਾਲ ਭਰ ਕੇ ਰੁਦਰ ਦੇ ਕਲਸ਼ ਨੂੰ ਰਖੇ, ਉਸ ਪਰ ਲਾਲ ਬਸਤ੍ਰ ਲਪੇਟ ਕੇ ਰੁਦਰ ਦੀ ਮੂਰਤੀ ਸਥਾਪਤ ਕਰੇ । ਦੱਖਣ ਦਿਸ਼ਾ ਵਿਚ ਇੰਦਰ-ਜਲ ਨਾਲ ਭਰ ਕੇ ਯਮ ਦੇ ਘੜੇ ਨੂੰ ਰਖੇ ਤੇ ਉਸ ਪਰ ਕਾਲਾ ਕਪੜਾ ਲਪੇਟ ਕੇ ਯਮ ਦੀ ਮੂਰਤੀ ਸਥਾਪਤ ਕਰੇ । ਬ੍ਰਹਮਾ, ਵਿਸ਼ਨੂੰ, ਰੁਦਰ ਤੇ ਯਮ, ਇਹਨਾਂ ਦਾ ਵੇਦ-ਮੰਤਰ ਨਾਲ ਤਰਪਣ ਕਰੇ ਤੇ ਹਵਨ ਤੋਂ ਪਿਛੋਂ ਦਸ ਘਟ ਆਦਿ ਸ਼ਰਾਧ ਕਰੇ ਤੇ ਪਿਤਰਾਂ ਦੀ ਮੁਕਤੀ ਵਾਸਤੇ **ਗਊ ਦਾਨ ਕਰੇ**, ਤੇ ਇਹ ਪ੍ਰਾਰਥਨਾ ਕਰੇ ਹੇ ਮਾਧਵ ! ਆਪ ਦੀ ਪ੍ਰਸੰਨਤਾ ਵਾਸਤੇ ਮੈਂ ਇਹ ਗੋ ਦਾਨ ਮ੍ਰਿਤ ਦੀ ਮੁਕਤੀ ਵਾਸਤੇ ਕਰਦਾ ਹਾਂ । ਮ੍ਰਿਤਕ ਦੇ ਪਹਿਨੇ ਹੋਏ ਜਿਹੜੇ ਬਸਤਰ, ਗਹਿਣੇ ਤੇ ਵਾਹਨ ਹੋਣ, ਉਹਨਾਂ ਨੂੰ ਤੇ ਘਿਓ ਨਾਲ ਭਰੇ ਹੋਏ ਕੈਂਹ ਦੇ ਭਾਂਡੇ ਨੂੰ ਸਤਨਾਜਾ ਅਤੇ ਮ੍ਰਿਤਕ ਦੀ ਹੋਰ ਪਿਆਰੀ ਵਸਤੂ, ਤਿਲ ਆਦਿ ਅੱਠ ਮਹਾਂ ਦਾਨ ਜਿਹੜੇ ਅੰਤ ਸਮੇਂ ਸੰਕਲਪ ਕੀਤੇ ਹੋਣ, ਇਹਨਾਂ ਸਭਨਾਂ ਨੂੰ ਸੇਜਾ ਦਾਨ ਦੇ ਕੋਲ ਰੱਖ ਕੇ **ਬ੍ਰਾਹਮਣ** ਨੂੰ ਦਾਨ ਕਰ ਦਿਓ । **ਬ੍ਰਾਹਮਣ** ਦੇ ਚਰਨਾਂ ਨੂੰ ਧੋ ਕੇ ਬਸਤਰ ਆਦਿ ਨਾਲ ਉਸ (ਬ੍ਰਾਹਮਣ) ਦੀ ਪੂਜਾ ਕਰੇ ਤੇ ਲੱਡੂ, ਮਾਲ ਪੂੜਾ ਤੇ ਦੁਧ ਉਸ ਨੂੰ ਦੇਵੇ । ਉਸ ਸਮੇਂ ਸੇਜਾ ਪਰ ਪ੍ਰੇਤ ਦੀ ਸੋਨੇ ਦੀ ਮੂਰਤੀ ਸਥਾਪਤ ਕਰਕੇ ਉਸ ਦੀ ਪੂਜਾ ਕਰਕੇ **ਮ੍ਰਿਤਕ ਸੇਜਾ ਨਾਲ ਬ੍ਰਾਹਮਣ ਨੂੰ ਦੇਵੇ ।** ਫਿਰ ਇਸ ਤਰ੍ਹਾਂ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ, **ਹੇ ਬਿੱਪਰ ! ਪ੍ਰੇਤ ਦੀ ਮੂਰਤੀ ਸਮੇਤ ਤੇ ਸਾਰੀ ਸਮੱਗ੍ਰੀ ਸਹਿਤ ਇਹ ਪ੍ਰੇਤ-ਸੇਜਾ ਆਪ ਨੂੰ ਪ੍ਰੇਤ ਮੁਕਤੀ ਵਾਸਤੇ ਦੇ ਰਿਹਾ ਹਾਂ ।** ਅਤੇ ਉਸ ਦੀ ਪਰਕਰਮਾਂ ਕਰਕੇ ਨਮਸ਼ਕਾਰ ਕਰੇ ।

ਗਿਆਰ੍ਹਵੇਂ ਦਿਨ ਵਿਧੀ ਪੂਰਬਕ ਵਰਿਸ਼ੋਤਸਰਗ ਕਰੇ ਭਾਵ ਵੱਛਾ ਛੱਡੇ ।। ਜਸ ਵੱਛੇ ਦੀਆਂ ਲਾਲ ਅੱਖਾਂ ਹੋਣ ਤੇ ਪਿੰਗਲ ਵਰਣ ਹੋਵੇ ਖੁਰ ਜਿਸਦੇ ਲਾਲ ਹੋਣ, ਢਿੱਡ ਚਿੱਟਾ, ਪਿੱਠ ਕਾਲੀ--ਇਹ ਬ੍ਰਾਹਮਣ ਲਈ ਕਿਹਾ ਗਿਆ ਹੈ । (ਏਸੇ ਤਰ੍ਹਾਂ ਹੀ ਖਤਰੀ, ਵੈਸ਼ ਅਤੇ ਸ਼ੂਦਰ ਮ੍ਰਿਤਕਾਂ ਦੀ ਗਤੀ ਕਰਨ ਵਾਲੇ ਵਛਿਆਂ ਦਾ ਅੱਡ ਅੱਡ ਹੁਲੀਆ ਲਿਖਿਆ ਹੈ) ਭਗਵਾਨ ਜੀ ਫ਼ੁਰਮਾਨ ਕਰਦੇ ਹਨ, ਉਹੋ ਪੁਤਰ ਸ੍ਰੇਸ਼ਟ ਹੈ ਜੋ **ਗਯਾ-ਸ਼ਰਾਧ** ਕਰੇ ਤੇ ਵੱਛਾ ਛੱਡੇ । ਹੋਰ ਤਾਂ ਸਭ ਵਿਸ਼ਟਾ ਸਮਾਨ ਹਨ । **ਜਿਸ ਦਾ ਪਿਤਾ ਨਰਕ ਵਿਚ ਹੁੰਦਾ ਹੈ, ਉਸ ਦੀਆਂ ਵਰਿਸ਼ੋਤਸਰਗ ਕਰਨ ਨਾਲ, (ਭਾਵ, ਵੱਛਾ ਛੱਡਣ ਨਾਲ) ਇੱਕੀ ਕੁਲਾਂ ਸਵਰਗ ਨੂੰ ਚਲੀਆਂ ਜਾਂਦੀਆਂ ਹਨ ।**

ਭਗਵਾਨ ਜੀ ਗਰੁੜ ਨੂੰ ਸਮਝਾਉਂਦੇ ਹਨ ਕਿ ਸਭ ਯੱਗਾਂ ਵਿਚੋਂ ਵਰਿਸ਼-ਯੱਗ ਸਾਨੂੰ ਨਿਸਚੇ ਪੂਰਬਕ ਮੁਕਤੀ ਦੇਣ ਵਾਲਾ ਹੈ । (ਅਜੇਹਾ ਲਿਖਣ ਤੋਂ ਵਿਸ਼ਨੂੰ ਜੀ ਵੀ ਮੁਕਤੀ ਦੇ ਚਾਹਵਾਨ ਸਿੱਧ ਹੋ ਰਹੇ ਹਨ) । ਪਹਿਲੇ ਗ੍ਰੈਹਾਂ ਨੂੰ ਸਥਾਪਤ ਕਰੇ ਤੇ ਉਹਨਾਂ ਦੇ ਮੰਤਰਾਂ ਨਾਲ ਵਰਿਸ਼ (ਵੱਛਾ-ਵਛੀ ਜੋੜੇ) ਦੀ ਪੂਜਾ ਕਰੇ । ਵੱਛੇ ਤੇ ਵੱਛੀ ਨੂੰ ਰੁਦਰ ਕੁੰਭ ਦੇ ਜਲ ਨਾਲ ਇਸ਼ਨਾਨ ਕਰਾਵੇ, ਫਿਰ ਸੁਗੰਧੀ ਤੇ ਫੁਲ-ਮਾਲਾ ਨਾਲ ਪੂਜਾ ਕਰਕੇ ਉਹਨਾਂ ਦੀ ਪਰਕਰਮਾ ਕਰੇ, ਸੱਜੇ ਪਾਸੇ ਤ੍ਰਿਸ਼ੂਲ ਤੇ ਖੱਬੇ ਪਾਸੇ ਚੱਕਰ ਦਾ ਚਿੰਨ੍ਹ ਲਗਾਵੇ, ਹੱਥ ਜੋੜ ਕੇ ਪੁਤਰ ਇਹ ਮੰਤਰ ਪੜ੍ਹੇ--ਹੇ ਵਰਿਸ਼ ! ਤੁਸੀ ਧਰਮ ਰੂਪ ਹੋ, ਤੁਹਾਨੂੰ ਬ੍ਰਹਮਾ ਨੇ ਪਹਿਲੇ ਬਣਾਇਆ । ਇਸ ਲਈ ਉਤਸਰਗ ਰੂਪ ਨਾਲ ਸੰਸਾਰ ਸਾਗਰ ਤੋਂ ਪਾਰ ਕਰੋ । ਮੰਤ੍ਰ ਪੜ੍ਹ ਕੇ ਨਮਸ਼ਕਾਰ ਕਰੇ ਤੇ ਵੱਛੇ ਵਛੀ ਨੂੰ ਛੱਡ ਦੇਵੇ ਤੇ ਕਹੇ ਕਿ ਆ ਪਰੇਤ ਨੂੰ ਮੁਕਤੀ ਦਾ ਦਾਨ ਦਿਓ **.....ਬ੍ਰਾਹਣ ਨੂੰ ਦਾਨ ਦੇਵੇ** ।(੮੯ ਤੇ ੯੦ ਸਫ਼ੇ ਤਕ)

ਹੇ ਗਰੁੜ ! ਪੁਤਰ ਵਾਲਾ ਹੋਵੇ ਜਾਂ ਪੁਤਰ ਹੀਨ, ਇਸ ਤਰ੍ਹਾਂ ਵਿਧੀ ਪੂਰਬਕ ਵਰਿਸ਼ੋਤਸਰਗ ਕਰਨ ਨਾਲ ਅਤੇ ਇਸ ਦੇ ਪਿਛੋਂ ੧੬ ਸ਼ਰਾਧ ਕਰਨ ਨਾਲ, ਮਨੁੱਖ ਮਨ-ਇਛਤ ਫਲ ਪ੍ਰਾਪਤ ਕਰਦਾ ਹੈ । **ਬਚਪਨ ਤੋਂ ਲੈ ਕੇ ਬੁਢੇਪੇ ਤਾਂਈ ਕੀਤੇ ਸਾਰੇ ਪਾਪ ਇਸ ਵਰਿਸ਼ੋਤਸਰਗ ਯੱਗ ਨਾਲ ਨਾਸ ਹੋ ਜਾਂਦੇ ਹਨ ।** ਇਸ ਵਿਚ ਕੋਈ ਸੰਸਾ ਨਹੀਂ । ਹੇ ਗਰੁੜ ! ਜਿਹੜੇ ਮਨੁੱਖ ਬੈਲ ਨੂੰ ਕੰਧੋ ਨਾਲ ਜੋੜਦੇ ਹਨ ਜਾਂ ਉਸ ਦੀ ਪਿਠ ਤੇ ਬੋਝ ਲਦਦੇ ਹਨ ਉਹ ਮਹਾਂ ਪਰਲੈ ਤਕ ਮਹਾਂ ਘੋਰ ਨਰਕਾਂ ਵਿਚ ਰਹਿੰਦੇ ਹਨ । ਜਿਹੜੇ ਨਿਰਦਈ ਮਨੁੱਖ ਮੁਕੀਆਂ ਜਾਂ ਡਾਂਗਾਂ ਨਾਲ ਬੈਲ ਨੂੰ ਮਾਰਦੇ ਹਨ, ਉਹ ਮਨੁੱਖ ਕਲਪ ਪ੍ਰਯੰਤ ਜਮ ਦੇ ਕਸ਼ਟ ਸਹਿੰਦੇ ਹਨ **।*** [**Foot note**:--ਜ਼ਮੀਂਦਾਰੇ ਦੇ ਸਾਰੇ ਕੰਮ, ਹਲ ਚਲਾਉਂਣਾ, ਗੱਡਾ ਖਿਚਣਾ, ਖਰਾਸ, ਵੇਲਣਾ ਆਦਿ ਬੈਲ ਦੇ ਕੰਧੇ ਨਾਲ ਹੀ ਕੀਤੇ ਜਾਂਦੇ ਹਨ । ਅੱਥਰੇ ਅਤੇ ਮਾਰਨ ਵਾਲੇ, ਅੜੀ ਕਰਨ ਵਾਲੇ ਆਦਿ ਅਮੋੜ ਬੈਲਾਂ ਨੂੰ ਮਾਰਨਾ ਵੀ ਪੈਂਦਾ ਹੈ । ਇਸ ਦਾ ਭਾਵ ਹੈ ਸਾਰੇ ਕਿਸਾਨ ਘੋਰ ਨਰਕਾਂ ਤੋਂ ਨਹੀਂ ਬਚ ਸਕਦੇ ? ਫਿਰ ਸ਼ਿਵ ਜੀ ਤਾਂ ਸਦਾ ਬੈਲ ਉਤੇ ਹੀ ਚੜ੍ਹੇ ਫਿਰਦੇ ਹਨ । ਉਨ੍ਹਾਂ ਦੇ ਇਸ ਪਾਪ ਦਾ ਕੀ ਬਣੇਗਾ ? ]

ਹੇ ਗਰੁੜ ! ਸਪਿੰਡੀ ਕਰਨ ਤੋਂ ਪਹਿਲਾਂ ਕਰਨ ਵਾਲੇ ਕਰਮਾਂ ਨੂੰ ਅਸੀਂ ਤੈਨੂੰ ਦਸਦੇ ਹਾਂ--ਅਸਥਾਨ ਵਿਚ, ਦਵਾਰ, ਅਧਮਾਰਗ ਵਿਚ, ਚਿਤਾ ਪਰ, ਮ੍ਰਿਤਕ ਦੇ ਹੱਥ ਪਰ, ਫੁਲ ਚੁਣਨ ਸਮੇਂ ਤੇ ਦਸ ਦਿਨ ਦੇ ਦਸ਼ਪਿੰਡ, ਇਹ ਪਹਿਲੀ ਸ਼ੌਡਸ਼ੀ ਹੋਈ । ਇਸ ਨੂੰ ਮਿਲਨ ਸ਼ੋਡਸ਼ੀ ਵੀ ਕਹਿੰਦੇ ਹਨ । ਹੁਣ ਮਧਮ ਸ਼ੋਡਸ਼ੀ ਸੁਣੋ--ਪਹਿਲੇ ਪਿੰਡ ਵਿਸ਼ਨੂੰ ਦੇ ਨਮਿਤ ਦੇਵੇ, ਦੂਜੇ ਸ਼ਿਵ ਦੇ, ਤੀਜੇ ਪਰਿਵਾਰ ਸਮੇਤ ਜਮ ਲਈ, ਚੌਥਾ ਸੋਮਰਾਜ ਵਾਸਤੇ, ਪੰਜਵਾਂ ਹਵਯਵਾਹ ਲਈ, ਛੇਵਾਂ ਕਵਯਵਾਹ ਲਈ, ਸਤਵਾਂ ਕਾਲ ਦੇ ਨਮਿਤ, ਅਠਵਾਂ ਰੁਦਰ ਵਾਸਤੇ, ਨੌਵਾਂ ਪੁਰਸ਼ ਦੇ ਪਰੇਤ ਵਾਸਤੇ, ਦਸਵਾਂ ਤੇ ਗਿਆਰਵਾਂ ਵਿਣੂ ਲਈ, ਬਾਰ੍ਹਵਾਂਮ ਬ੍ਰਹਮਾ ਵਾਸਤੇ ਤੇ ਤੇਰ੍ਹਵਾਂ ਵਿਸ਼ਨੂੰ ਦੇ ਨਮਿਤ (ਵਿਸ਼ਨੂੰ ਜੀ ਨੇ ਪਹਿਲਾ ਵੀ ਵਿਸ਼ਨੂੰ ਲਈ ਹੀ ਦੱਸਿਆ ਸੀ ਹੁਣ ਤੇਰ੍ਹਵਾਂ ਫਿਰ ਆਪਣੇ ਲਈ, ਇਸ ਦਾ ਕੀ ਕਾਰਨ ?) ਚੋਧਵਾਂ ਸ਼ਿਵ ਜੀ ਦੇ ਨਮਿਤ (ਇਸ ਦਾ ਹਿੱਸਾ ਵੀ ਦੂਹਰਾ ?) ਪੰਦਰਵਾਂ ਫਿਰ ਜਮ ਵਾਸਤੇ ਤੇ ਸੋਲ੍ਹਵਾਂ ਪੁਰਸ਼ ਲਈ ਦਾਨ ਕਰੇ । ਬਾਰਾਂ ਮਹੀਨਿਆਂ ਦੇ ਪੱਖ, ਤ੍ਰੈ ਪੱਖ ਨਿਊਨ ਅਧਿਕ ਪਿੰਡ ਦਾ ਦਾਨ ਕਰੇ । ਇਹ ਉਤਮ ਅਤੇ ਤੀਜੀ ਸ਼ੋਡਸ਼ੀ ਅਸਾਂ ਤੈਨੂੰ ਦਸੀ ਹੈ **......**ਜਿਨਾਂ ਚਿਰ ਇਹ ਤਿੰਨ ਸ਼ੋਡਸ਼ੀਆਂ ਨਹੀਂ ਦਿਤੀਆਂ ਜਾਂਦੀਆਂ, ਓਨਾ ਚਿਰ ਆਪਣਾ ਦਿਤਾ ਹੋਇਆ ਜਾਂ ਦੂਸਰੇ ਤੋਂ ਦਿਵਾਇਆ ਹੋਇਆ ਪਿੰਡ ਪ੍ਰੇਤ ਦੇ ਨਮਿਤ ਸਭ ਬਿਅਰਥ ਹੋ ਜਾਂਦਾ ਹੈ । ਇਸ ਲਈ ਪੁਤਰ ਨੂੰ ਚਾਹੀਦਾ ਹੈ ਕਿ ਉਹ ਉੱਦਮ ਕਰਕੇ ਤਿੰਨੇ ਸ਼ੌਡਸ਼ੀਆਂ ਕਰਾਵੇ । ਜੇ ਇਸਤ੍ਰੀ ਆਪਣੇ ਮਰੇ ਹੋਏ ਪਤੀ ਦਾ ਪਾਖਸ਼ਿਕ ਤੇ ਮਾਸਕ ਸ਼ਰਾਧ ਸ਼ਰਧਾ ਨਾਲ ਕਰਦੀ ਹੈ ਤੇ ਵਿਧਵਾ ਧਰਮ ਵਿਚ ਪ੍ਰਪੱਕ ਰਹਿੰਦੀ ਹੈ, ਉਹ ਸਤੀ ਦੇ ਸਮਾਨ ਹੈ ।

ਭਗਵਾਨ ਵਿਸ਼ਨੂੰ ਜੀ ਕਹਿੰਦੇ ਹਨ ਕਿ ਹੇ ਗਰੜ ! ਜਿਹੜਾ ਮਨੁੱਖ ਸੱਪ ਦੇ ਡਸਣ ਨਾਲ ਮਰੇ ਜਾਂ ਕੋਈ ਜ਼ਹਿਰ ਖਾ ਕੇ ਮਰ ਜਾਏ ਤਾਂ ਉਸ ਦੇ ਲਈ ਦੋਹਾਂ ਪੱਖਾਂ ਦੀ ਪੰਚਮੀ ਨੂੰ **ਨਾਗ ਦੇਵਤਾ ਦੀ ਪੂਜਾ** ਕਰਨੀ ਚਾਹੀਦੀ ਹੈ । ਪ੍ਰਿਥਵੀ ਤੇ ਆਟੇ ਆਦਿ ਨਾਲ ਸੱਪ ਦੀ ਮੂਰਤੀ ਬਣਾਵੋ, ਉਸ ਦੀ ਚਿੱਟੇ ਫੁਲਾਂ, ਸੁਗੰਧੀ ਤੇ ਚੰਦਨ ਨਾਲ ਪੂਜਾ ਕਰੋ, ਧੂਪ, ਦੀਪ, ਪੀਸੇ ਹੋਏ ਚੌਲ ਚੜ੍ਹਾਵੋ, ਦੁਧ ਤੇ ਨੈਵੇਦਨ ਕਰੋ, ਸ਼ਕਤੀ ਅਨੁਸਾਰ **ਸੋਨੇ ਦਾ ਨਾਗ ਤੇ ਗਊ ਬ੍ਰਾਹਮਣ ਨੂੰ ਦਾਨ ਕਰੋ** ਤੇ ਫਿਰ ਹੱਥ ਜੋੜਕੇ ਨਾਗ ਦੇਵਤਾ ਦੀ ਪ੍ਰਸੰਨਤਾ ਵਾਸਤੇ ਉਸਦੀ ਉਸਤਤੀ ਕਰੋ । ਇਸ ਪਿਛੋਂ ਨਾਰਾਇਣ ਬਲੀ ਦੀ ਕਿਰਿਆ ਕਰੋ । ਇਸ ਪ੍ਰਕਾਰ ਕਿਰਿਆ ਕਰਕੇ ਅੰਨ ਤੇ ਜਲ ਸਮੇਤ ਥੜਾ ਦਾਨ ਅਰ ਪਿੰਡ ਦਾਨ ਕਰੋ । ਇਕਾਦਸ਼ੀ ਸ਼ਰਾਧ ਕਰਕੇ ਸਪਿੰਡੀ ਅਰ ਸੂਤਕ ਨਵਿਰਤ ਹੋਣ, ਅਰ ਸੇਜਾ ਅਰ ਪਦ ਦਾਨ ਕਰੋ । ਇਸ ਤਰ੍ਹਾਂ ਦੀ ਕਿਰਿਆ ਕਰਨ ਨਾਲ ਸਭ ਪਾਪਾਂ ਤੋਂ ਛੁਟ ਕੇ ਸਵਰਗ ਵਿਚ ਨਿਵਾਸ ਮਿਲਦਾ ਹੈ ।

## ਤੇਰ੍ਹਵਾਂ ਅਧਿਆਇ (ਸੰਖੇਪ)

ਗਰੁੜ ਜੀ ਕਹਿਣ ਲੱਗੇ ਹੇ ਭਗਵਾਨ ! ਹੁਣ ਸਪਿੰਡੀ ਦੀ ਵਿਧੀ ਤੇ ਸੂਤਕ ਦਾ ਨਿਰਣਾ ਤੇ ਪਦ ਦਾਨ ਦੀ ਸਾਮੱਗ੍ਰੀ ਦਸੋ ?

ਸ੍ਰੀ ਵਿਸ਼ਨੂੰ ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਸਪਿੰਡੀ ਦਾਨ ਪ੍ਰੇਤ ਜੂਨੀ ਤੋਂ ਮੁਕਤ ਕਰਕੇ ਗਣਾਂ ਵਿਚ ਸ਼ਾਮਲ ਕਰਦਾ ਹੈ । ਜਿਸ ਦਾ ਪਿੰਡ ਜਦੋਂ ਤਕ ਪਿਤਾਮਹ, ਪ੍ਰਪਿਤਾਮਹ ਤੇ ਬਿਰਧ ਪਿਤਾਮਹ ਵਿਚ ਸ਼ਾਮਲ ਨਹੀਂ ਹੁੰਦਾ ਤਦੋਂ ਤਕ ਪੁਤਰ ਦਾ ਦਿੱਤਾ ਗਿਆ ਕੋਈ ਵੀ ਦਾਨ ਉਸ ਨੂੰ ਨਹੀਂ ਮਿਲਦਾ । ਸਪਿੰਡੀ ਸ਼ਰਾਧ ਕੀਤਾ ਜਾਏ ਤਦ ਪਾਤਕ ਦੀ ਨਵਿਰਤੀ ਹੁੰਦੀ ਹੈ । ਇਸ ਲਈ ਸੂਤਕ ਦੇ ਅੰਤ ਵਿਚ ਪੁਤਰ ਨੂੰ ਸਪਿੰਡੀ ਸ਼ਰਾਧ ਕਰਨਾ ਚਾਹੀਦਾ ਹੈ--(ਬ੍ਰਾਹਮਣ ਦੇ ਲਿਖੇ ਅਨੁਸਾਰ ਇਸ ਸ਼ਰਾਧ ਵਿਚ ਪਿਛਲੀਆਂ ਤਿੰਨ ਪੀਹੜੀਆਂ ਦੇ ਬਜ਼ੁਰਗਾਂ ਨਮਿਤ ਵੀ ਦਾਨ ਪੁੰਨ ਕਰਨਾ ਹੁੰਦਾ ਹੈ)।

ਭਗਵਾਨ ਜੀ ਸੂਤਕ ਬਾਰੇ ਦਸਦੇ ਹਨ ਕਿ ਮੌਤ ਦੇ ਸੂਤਕ ਤੋਂ ਬ੍ਰਾਹਮਣ ਦਸ ਦਿਨ ਵਿਚ, ਖੱਤਰੀ ਬਾਰਾਂ ਦਿਨ ਵਿਚ, ਵੈਸ਼ ਪੰਦਰਾਂ ਦਿਨ ਵਿਚ ਤੇ ਸ਼ੂਦਰ ਇਕ ਮਹੀਨੇ ਵਿਚ ਸ਼ੁਧ ਹੋ ਜਾਂਦਾ ਹੈ । **......**ਅਸ਼ੀਰਵਾਦ, ਦੇਵਪੂਜਾ, ਅਭਿਵਾਦਨ, ਸੇਜ ਤੇ ਸੌਣਾ, ਸਪਰਸ਼--ਇਹ, ਸੰਧਿਆ--ਦਾਨ, ਜਪ-ਹੋਮ, ਵੇਦਾਂ ਦਾ ਪੜ੍ਹਨਾ, ਪਿਤ੍ਰਾਂ ਦਾ ਤਰਪਣ, **ਬ੍ਰਾਹਮਣ ਭੋਜਨ** ਆਦਿ ਸਾਰੇ ਕਰਮ ਸੂਤਕ ਵਿਚ ਨਹੀਂ ਕਰਨੇ ਚਾਹੀਦੇ **.....** ਵਿਆਹ, ਉਤਸ਼ਵ ਤੇ ਯੱਗ ਵਿਚ ਮ੍ਰਿਤ ਸੂਤਕ ਤੋਂ ਪਹਿਲੇ ਦਾ ਬਣਿਆ ਹੋਇਆ ਅੰਨ ਖਾ ਲੈਣਾ ਚਾਹੀਦਾ ਹੈ । ਇਹ ਮੰਨੂੰ ਜੀ ਨੇ ਕਿਹਾ ਹੈ । ਸੂਤਕ ਦੀ ਸ਼ੁਧੀ ਲਈ ਪਿਤਾ ਦੀ ਸਪਿੰਡੀ ਕਰਾਵੇ, ਜਿਸ ਤੋਂ ਉਹ ਪ੍ਰੇਤਪਨ ਤੋਂ ਛੁਟ ਕੇ ਪਿਤਰਗਣਾ ਵਿਚ ਸ਼ਾਮਲ ਹੋ ਜਾਂਦਾ ਹੈ । ਬਾਹਰਵੇਂ ਦਿਨ ਵਿਚ, ਮਹੀਨੇ ਵਿਚ, ਡੇਢ ਮਹੀਨੇ ਵਿਚ, ਛੇ ਮਹੀਨਿਆਂ ਵਿਚ ਜਾਂ ਸਾਲ ਭਰ ਵੀ ਸਪਿੰਡੀ ਕਰਮ ਹੋ ਸਕਦਾ ਹੈ । ਬਾਹਰਵੇਂ ਦਿਨ ਸਪਿੰਡੀ ਕਰਨਾ ਚੰਗਾ ਹੈ । ਸੂਤਕ ਵਿਚ ਅੰਨ ਗ੍ਰਹਣ ਨਹੀਂ ਕਰਨਾ ਚਾਹੀਦਾ । ਭਿਖਿਆ ਮੰਗਣ ਵਾਲਾ ਵੀ ਭਿਖਿਆ ਨਾ ਲਵੇ । ਇਸ ਲਈ ਬਾਹਰਵੇਂ ਦਿਨ ਸਪਿੰਡੀ ਕਰਮ ਜ਼ਰੂਰ ਕਰ ਦੇਣਾ ਚਾਹੀਦਾ ਹੈ । ਜਿਹੜਾ ਫਲ ਸਭ ਤੀਰਥਾਂ ਦਾ ਜਾਂ ਸਭ ਯੱਗਾਂ ਦਾ ਹੁੰਦਾ ਹੈ, ਉਹੋ ਫਲ ਬਾਹਰਵੇਂ ਦਿਨ ਸਪਿੰਡੀ ਦਾ ਹੈ । ਬਾਹਰਵੇਂ ਦਿਨ ਇਸ਼ਨਾਨ ਕਰਕੇ ਮ੍ਰਿਤਕ ਸਥਾਨ ਵਿਚ ਗੋਹੇ ਦਾ ਪੋਚਾ ਫੇਰੋ ਤੇ ਸ਼ਾਸਤ੍ਰ ਵਿਚ ਕਹੇ ਗਏ ਵਿਧਾਨ ਅਨੁਸਾਰ ਪੁਤਰ ਆਪਣੇ ਮਾਤਾ ਪਿਤਾ ਦੀ ਸਪਿੰਡੀ ਕਰਾਵੇ । ਪਿਤਾਮਹ, ਪ੍ਰਪਿਤਾਮਹ ਤੇ ਬ੍ਰਿਧ-ਪਿਤਾਮਹ ਆਦਿ ਨੂੰ ਯਥਾ ਪ੍ਰਮ ਤਿੰਨ ਪਿੰਡ ਦੇਵੇ ਤੇ ਚੌਥਾ ਮ੍ਰਿਤਕ ਦਾ ਦੇਵੇ, ਚੰਦਨ, ਤੁਲਸ਼ੀ-ਪੱਤ੍ਰ, ਧੂਪ ਦੀਪ, ਉਤਮ ਭੋਜਨ, ਮੁਖ-ਵਾਸ, ਇਲਾਇਚੀ ਆਦਿ ਉਤਮ ਬਸਤ੍ਰ ਤੇ ਦਖਣਾ ਨਾਲ ਪੂਜਾ ਕਰੇ । **ਸੋਨੇ ਤੇ ਚਾਂਦੀ ਦੀਆਂ ਸਲਾਈਆਂ ਨਾਲ** ਪਰੇਤ ਦੇ ਪਿੰਡ ਦੇ ਤਿੰਨ ਭਾਗ ਕਰਕੇ ਪਿਤਾਮਹ ਆਦਿ ਤਿੰਨਾਂ ਪਿੰਡਾਂ ਨਾਲ ਸਪਿੰਡੀ ਕਰੇ **......** **ਬ੍ਰਾਹਮਣ** ਦੀ ਪੂਜਾ ਕਰਕੇ ਦਾਨ ਦੇਣਾ ਚਾਹੀਦਾ ਹੈ । ਸਾਲ ਦੇ ਗੁਜ਼ਾਰੇ ਦਾ ਘਿਉ, ਅੰਨ, ਸੋਨਾ, ਚਾਂਦੀ, ਗਊ, ਘੋੜਾ, ਹਾਥੀ, ਭੂਮੀ ਇਸ ਸਭ **ਆਚਾਰੀਆ ਬ੍ਰਾਹਮਣ** ਨੂੰ ਦੇਵੇ **......** ਫਿਰ ਕਈ ਤਰ੍ਹਾਂ ਦੇ ਮਿਠੇ ਭੋਜਨਾਂ ਨਾਲ **ਬ੍ਰਾਹਮਣਾਂ** ਨੂੰ ਭੋਜਨ ਖੁਆਵੇ, ਦਖਣਾ ਸਮੇਤ ਜਲ, ਅੰਨ ਤੇ ਘਰਾਂ ਦਾ ਦਾਨ ਕਰੇ ।

### ਸੇਜਾ ਦਾਨ

ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਫਿਰ ਸੇਜਾ ਦਾਨ ਜ਼ਰੂਰ ਕਰੇ, ਇਸ ਨਾਲ ਇੰਦਰ ਆਦਿ ਦੇਵਤੇ ਪ੍ਰਸ਼ੰਸਾ ਕਰਦੇ ਹਨ । ਸੇਜ ਚੰਗੀ ਪੱਕੀ ਲਕੜੀ ਦੀ, ਚਿਤਰਾਂ ਨਾਲ ਸੁਸ਼ੋਭਿਤ, ਰੇਸ਼ਮੀ ਸੂਤ ਨਾਲ ਉਣੀ ਹੋਈ ਤੇ ਸੋਨੇ ਦੇ ਪਤਰਿਆਂ ਨਾਲ ਸ਼ਿੰਗਾਰੀ ਹੋਈ ਹੋਵੇ । ਹੰਸ ਵਰਗੀ ਚਿੱਟੀ ਰੂੰ ਨਾਲ ਬਣਿਆ ਹੋਇਆ ਸਰਹਾਣਾ ਹੋਵੇ,ਉਪਰ ਲੈਣ ਵਾਲੇ ਤੇ ਵਿਛਾਣ ਵਾਲੇ ਸੁੰਦਰ ਬਸਤਰ ਹੋਣ, ਸੁਗੰਧੀ ਨਾਲ ਤਰ ਸੁੰਦਰ ਦਿਵਯ ਬੰਧਨਾ ਨਾਲ ਬੰਨ੍ਹੀ ਹੋਈ, ਸੁਖ ਦੇਣ ਵਾਲੀ ਸੇਜਾ ਹੋਵੇ, ਏਹੋ ਜਿਹੀ ਸੇਜਾ ਬਣਾਕੇ ਭੂਮੀ ਪਰ ਸਥਾਪਤ ਕਰੇ ।

ਛਤਰੀ, ਚਾਂਦੀ ਦੀ ਦੀਵਟ, ਚੌਰ, ਆਸਣ, ਪਾਤ੍ਰ ਝਾਰੀ, ਲੋਟਾ, ਸ਼ੀਸ਼ਾ ਤੇ ਪੰਜ ਰੰਗ ਦਾ ਚੰਦੋਆ ਤੇ ਹੋਰ ਜੋ ਸੇਜਾ ਦਾਨ ਦੀਆਂ ਉਪਯੋਗੀ ਵਸਤੂਆਂ ਹੋਣ, ਉਹ ਉਸ ਸੇਜ ਦੇ ਚੌਹੀਂ ਪਾਸੀਂ ਰਖੇ । ਉਸ ਸੇਜਾ ਪਰ ਸੋਨੇ ਦੀ ਬਣੀ ਹੋਈ ਲਛਮੀ ਜੀ ਦੇ ਸਮੇਤ ਵਿਸ਼ਨੂੰ ਭਗਵਾਨ ਦੀ ਮੂਰਤੀ ਰਖੇ । ਮੂਰਤੀ ਸਭ ਗਹਿਣਿਆਂ ਨਾਲ ਤੇ ਸੰਖ ਚੱਕਰ ਆਦਿ ਨਾਲ ਸੰਯੁਕਤ ਹੋਵੇ ਤੇ ਬਸਤਰਾਂ ਸਮੇਤ ਹੋਵੇ । ਇਸਤ੍ਰੀਆਂ ਦੀ ਸੇਜਾ ਪਰ ਕਾਜਲ, ਮਹਿੰਦੀ, ਬਸਤਰ ਤੇ ਜੋ ਗਹਿਣੇ ਆਦਿ ਹਨ ਸਭ ਰਖੇ । ਉਸ ਤੋ ਪਿਛੋ ਸੁਗੰਧੀ ਤੇ ਫੂਲਾਂ ਨਾਲ ਭੂਸ਼ਿਤ **ਬ੍ਰਾਹਮਣ ਦੇ ਕੰਨਾ ਦੇ ਗਹਿੰਣੇ, ਮੁੰਦਰੀ ਤੇ ਸੋਨੇ ਦਾ ਬਣਿਆ ਹੋਇਆ ਗਲ ਦਾ ਗਹਿਣਾ ਦੇਵੇ ।** ਪੱਗ, ਦੁਪੱਟਾ ਤੇ ਜਾਮਾ ਆਦਿ ਪਹਿਨਾ ਕੇ **ਬ੍ਰਾਹਮਣ ਨੂੰ ਲਛਮੀ ਨਾਰਾਇਣ ਦੀ ਮੂਰਤੀ ਦੇ ਅੱਗੇ ਸੁਖ ਸੇਜਾ ਪਰ ਬਿਠਾਵੇ ।** ਫੂਲਾਂ ਦੀ ਅੰਜਲਿ ਲੈ ਕੇ **ਬ੍ਰਾਹਮਣ** ਦੇ ਅੱਗੇ ਖੜਾ ਹੋ ਕੇ ਇਸ ਮੰਤਰ ਦਾ ਉਚਾਰਨ ਕਰੇ--**ਹੇ ਕ੍ਰਿਸ਼ਨ ! ਖੀਰ ਸਾਗਰ ਵਿਚ ਆਪਦੀ ਸੇਜਾ ਹੈ, ਇਹੋ ਜਿਹਾ ਹੀ ਸੁਖ ਜਨਮ ਜਨਮਾਂਤਰਾਂ ਵਿਚ ਮੈਨੂੰ ਪ੍ਰਾਪਤ ਹੋਵੇ** । ਫਿਰ ਸਭ ਕੁਝ **ਬ੍ਰਾਹਮਣ** ਦੇ ਅਗੇ ਛਡ ਦੇਵੇ । ਸੇਜਾ ਪਰ ਬੈਠੇ **ਬ੍ਰਾਹਮਣ** ਨੂੰ ਲਛਮੀ ਨਾਰਾਇਣ ਦੀ ਮੂਰਤੀ ਅਗੇ ਬਾਰੰਬਾਰ ਨਮਸ਼ਕਾਰ ਕਰੇ । ਜੇ ਸ਼ਕਤੀ ਹੋਵੇ ਤਾਂ **ਮਕਾਨ ਹੀ ਦਾਨ ਕਰਕੇ ਬ੍ਰਾਹਮਣ ਨੂੰ ਦੇਵੇ** । ਜੇ ਕੋਈ ਮਨੁੱਖ ਆਪਣੇ ਜੀਵਨ ਦਾ ਦਾਨ ਕਰੇ ਤਾਂ ਵਰਿਸ਼ੋਤਸਰਗ (ਵਛਾ ਛਡਣਾ) ਵੀ ਜੀਵਨ ਵਿਚ ਕਰ ਲੈਣਾ ਚਾਹੀਦਾ ਹੈ । ਇਹ ਸੇਜਾ ਇਕ ਨੂੰ ਹੀ ਦੇਣੀ ਚਾਹੀਦੀ ਹੈ, ਵੇਚੀ ਗਈ ਜਾਂ ਵੰਡੀ ਗਈ ਸੇਜਾ, ਦਾਤਾ ਨੂੰ ਨਰਕ ਵਿਚ ਸੁਟਦੀ ਹੈ । ਸੁਪਾਤ੍ਰ (ਬ੍ਰਾਹਮਣ) ਨੂੰ ਸੇਜਾ ਦਾਨ ਕਰਨ ਨਾਲ ਪਿਤਾ ਸਵਰਗ ਵਿਚ ਜਾਂਦਾ ਹੈ ਤੇ ਪੁਤਰ (ਦਾਤਾ) ਇਸ ਲੋਕ ਵਿਚ ਆਨੰਦ ਭੋਗਦਾ ਹੈ ।॥॥ ਦਾਤਾ ਸ੍ਰੇਸ਼ਟ ਵਿਮਾਨ ਵਿਚ ਬੈਠ ਕੇ ਅਪੱਸਰਾਂ ਤੋਂ ਸੇਵਾ ਲੈਂਦਾ ਹੋਇਆ ਮਹਾਂ ਪਰਲੈ ਤਕ ਪੀੜਾ ਰਹਿਤ ਹੋ ਕੇ ਸਥਿਤ ਰਹਿੰਦਾ ਹੈ । ਸਭ ਤੀਰਥਾਂ ਤੇ ਸਭ ਪਰਵਾਂ ਸਮੇਂ ਜਿਹੜਾ ਪੁੰਨ ਹੁੰਦਾ ਹੈ, ਉਸ ਤੋਂ ਵਧਕੇ ਪੁੰਨ ਸੇਜਾ ਦਾਨ ਕਰਨ ਨਾਲ ਪ੍ਰਾਪਤ ਹੁੰਦਾ ਹੈ ।

## ਪਦ ਦਾਨ

ਹੇ ਗਰੁੜ ! ਹੁਣ ਅਸੀਂ ਤੈਨੂੰ ਪਦ ਦਾਨ ਦਾ ਫਲ ਦਸਦੇ ਹਾਂ । ਛਤਰੀ, ਜੁਤੀ, ਕਪੜੇ, ਮੁੰਦਰੀ, ਕਮੰਡਲ, ਆਸਣ, ਪੰਚਪਾਤ੍ਰ ਇਹ ਪਦ ਪੰਜ ਤਰ੍ਹਾਂ ਦੇ ਕਹੇ ਗਏ ਹਨ । ਬਾਹਰਵੇਂ ਦਿਨ **ਬ੍ਰਾਹਮਣ** ਨੂੰ ਪਦ ਦਾਨ ਕਰੇ । ਇਸ ਪਦ ਦਾਨ ਦੇ ਕਰਨ ਨਾਲ ਧਾਰਮਕ ਪੁਰਸ਼ ਸਦਗਤੀ ਨੂੰ ਪ੍ਰਾਪਤ ਹੁੰਦਾ ਹੈ ਤੇ ਜਮ-ਮਾਰਗ ਵਿਚ ਪਗਦਾਨ ਸੁਖ ਦੇਣ ਵਾਲਾ ਹੁੰਦਾ ਹੈ । ਜਮ-ਮਾਰਗ ਵਿਚ ਬਹੁਤ ਤੇਜ਼ ਧੁਪ ਹੁੰਦੀ ਹੈ ॥ ਪਰ ਜਿਸ ਲਈ ਛਤਰੀ ਦਾਨ ਕੀਤੀ ਹੋਵੇ ਉਸ ਦੇ ਮੱਥੇ ਤੇ ਬੜੀ ਠੰਡੀ ਤੇ ਸੁੰਦਰ ਛਾਂ ਰਹਿੰਦੀ ਹੈ । ਉਚੇ ਨੀਵੇਂ ਅਤੇ ਅਤੀ ਤੰਗ ਜਮ-ਮਾਰਗ ਵਿਚ, ਜਿਨ੍ਹਾਂ ਨੇ ਜੁੱਤੀ ਦਾ ਦਾਨ ਕੀਤਾ ਹੈ, ਉਹ ਘੋੜੇ ਦੀ ਸਵਾਰੀ ਵਾਂਗ ਆਰਮ ਨਾਲ ਤੁਰਿਆ ਜਾਂਦਾ ਹੈ । ਉਥੇ ਠੰਢ ਤੇ ਗਰਮੀ ਦਾ ਬੜਾ ਦੁਖ ਹੁੰਦਾ ਹੈ, ਪਰ ਜਿਨ੍ਹਾਂ ਨੇ ਕਪੜੇ ਦਾ ਦਾਨ ਕੀਤਾ ਹੈ, ਉਹ ਬੜੇ ਸੁਖੀ ਰਹਿੰਦੇ ਹਨ । ਜਮਰਾਜ ਦੇ ਦੂਤ ਬੜੇ ਭਿਆਨਕ ਤੇ ਕਾਲੇ ਰੰਗ ਦੇ ਹੁੰਦੇ ਹਨ, ਪਰ ਮੁੰਦਰੀ ਦਾਨ ਕਰਨ ਨਾਲ ਉਹ ਕਿਸੇ ਤਰ੍ਹਾਂ ਦੁਖੀ ਨਹੀਂ ਕਰਦੇ । ਹਵਾ ਤੇ ਜਲ ਤੋਂ ਰਹਿਤ ਜਮ-ਮਾਰਗ ਜਿਨ੍ਹਾਂ ਨੇ ਕਰਮੰਡਲ ਦਾ ਦਾਨ ਕੀਤਾ ਹੈ, ਉਹ ਪਿਆਸੇ ਹੋਣ ਤੇ ਬੜੀ ਚੰਗੀ ਤਰ੍ਹਾਂ ਪਾਣੀ ਪੀਂਦੇ ਹਨ । ਮ੍ਰਿਤਕ ਦੇ ਨਮਿਤ ਜਿਹੜਾ ਤਾਂਬੇ ਦਾ ਭਾਂਡਾ ਦਾਨ ਕਰਦਾ ਹੈ, ਉਹ ਹਜ਼ਾਰ ਛਬੀਲਾਂ ਲਾਉਣ ਦੇ ਫਲ ਦਾ ਭਾਗੀ ਹੁੰਦਾ ਹੈ । ਇਸ ਪ੍ਰਕਾਰ ਸਪਿੰਡੀ ਦੇ ਦਾਨ ਆਦਿ ਕਰਕੇ, ਬਹੁਤ ਸਾਰੇ **ਬ੍ਰਾਹਮਣਾ** ਭੋਜਨ ਖੁਆਵੇ ਤੇ ਸਾਲ ਦੇ ਅੰਦਰ ਅੰਦਰ ਪਿੰਡ ਸਮੇਤ ਜਲ ਦਾ ਕੁੰਭ ਦਾਨ ਕਰਨਾ ਬੜਾ ਫਲ ਦਾਇਕ ਹੈ । ॥॥(ਅੱਗੇ ਚੰਦਰਮੇ ਦੇ ਵਧਾ ਘਟਾ ਦੇ ਹਿਸਾਬ ਨਾਲ ਅਥਵਾ ਸੰਗਰਾਂਦਾਂ ਅਤੇ ਥਿੱਤਾ ਵਾਰਾਂ ਦੇ ਹਿਸਾਬ ਨਾਲ ਹਰ ਮਹੀਨੇ, ਇੱਕ ਤੋ ਵੱਧ ਸ਼ਰਾਧ ਕਰਾਉਣ ਦੀ ਕਰੜੀ ਮਰਯਾਦਾ ਲਿਖੀ ਹੈ)

ਸੀ ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਹਿਮਾਲਿਆ ਦੇ ਨੇੜੇ ਕਲਾਪ* ਨਾਂ ਦਾ ਇਕ ਪਿੰਡ ਹੈ । ॥॥

**ਫ਼ੋਟ ਣੋਟੇ**--ਮਹਾਨ ਕੋਸ਼ ਵਿਚ ਕਲਾਪ ਦੇ ਅਰਥ ਇਹ ਲਿਖੇ ਹਨ---ਸਮੂਹ, ਸਮੁਦਾਇ । ੨--ਮੋਰ ਦੀ ਪੂਛ (ਪੰਖ ਧਰਯੋ ਭਗਵਾਨ ਕਲਾਪੀ-ਕ੍ਰਿਸ਼ਨਾਵ ।) ੩ ਭੱਥਾ, ਤੀਕਸ਼ । ੪--ਕਮਰਬੰਦ । ੫--ਵਿਆਪਾਰ, ਵਣਿਜ । ਕਿਸੇ ਪਿੰਡ ਦਾ ਜ਼ਿਕਰ ਨਹੀਂ ਹੈ ।

ਖ਼ਖ਼ਖ਼-- ਉਥੇ ਮੰਨੂ ਜੀ ਦੇ ਪੁਤਰ ਇਖਸ਼ਵਾਕ ਦੀ ਪਿਤਰਾਂ ਲਈ ਗਾਈ ਗਈ ਗਾਥਾ ਸੁਣੀ ਜਾਂਦੀ ਹੈ । ਸਭ ਦੇ ਪਿਤਰ ਸਦਾ ਇਹ ਵਿਚਾਰ ਕਰਦੇ ਰਹਿੰਦੇ ਹਨ ਕਿ ਸਾਡੀ ਕੁਲ ਵਿਚ ਕੋਈ ਇਹੋ ਜਿਹਾ ਸੰਮਾਰਗਸ਼ੀਲ ਪੈਦਾ ਹੋਵੇ ਜਿਹੜਾ ਆਦਰ ਨਾਲ ਸਾਡਾ ਗਯਾ ਸ਼ਰਾਧ ਕਰਾਵੇ ......

ਜਿਹੜਾ ਗਰੀਬ ਮਨੁੱਖ ਇਸ ਕਥਾ ਨੂੰ ਸੁਣੇਗਾ ਉਹ ਪਾਪਾਂ ਤੋਂ ਛੁਟਕੇ ਦਾਨ ਦੇ ਫਲ ਨੂੰ ਪ੍ਰਾਪਤ ਕਰੇਗਾ । ਜਿਹੜਾ ਕੋਈ ਮੇਰੀ ਕਹੀ ਗਈ ਵਿਧੀ ਅਨੁਸਾਰ ਸ਼ਰਾਧ ਤੇ ਦਾਨ ਆਦਿ ਕਰੇਗਾ ਤੇ ਗਰੁੜ ਪੁਰਾਣ ਦੀ ਕਥਾ ਸੁਣੇਗਾ ਉਹ ਅਨੇਕ ਅਨੇਕ ਫਲਾਂ ਨੂੰ ਪ੍ਰਾਪਤ ਕਰੇਗਾ ।

# ਚੌਧਵਾਂ ਅਧਿਆਇ (ਸੰਖੇਪ)

ਗਰੁੜ ਜੀ ਸ੍ਰੀ ਭਗਵਾਨ ਵਿਸ਼ਨੂੰ ਜੀ ਅਗੇ ਪ੍ਰਰਥਨਾ ਕਰਦੇ ਹਨ ਕਿ ਹੇ ਭਗਵਾਨ ! ਜਮਲੋਕ ਦਾ ਵਿਸਥਾਰ ਕਿੰਨਾ ਹੈ ? ਉਹ ਕਿਸ ਤਰ੍ਹਾਂ ਬਣਿਆ ਹੋਇਆ ਹੈ ? ਜਮਰਾਜ ਦੀ ਸਭਾ ਵਿਚ ਕੌਣ ਕੌਣ ਬੈਠਦਾ ਹੈ ?

ਸ੍ਰੀ ਵਿਸ਼ਨੂੰ ਜੀ ਕਹਿਣ ਲੱਗੇ ਕਿ ਹੇ ਗਰੁੜ ਧਰਮਰਾਜ ਦੀ ਪੁਰੀ ਬੜੇ ਪੁੰਨ ਕਰਮਾਂ ਨਾਲ ਮਿਲਦੀ ਹੈ । ਦਖਣ ਪੱਛਮ ਦੀ ਨੁੱਕਰੇ ਜੋ ਵੈਵਸਤਪੁਰ ਹੈ, ਉਹ ਸਾਰਾ ਬਜ੍ਰਮਯ ਹੈ, ਦਿਵਯ ਹੈ, ਸੁਰ ਤੇ ਅਸੁਰਾਂ ਤੋਂ ਭਦੇਨ ਨਹੀਂ ਹੋਸਕਦਾ, ਉਹ ਕੂਟ (ਕੂਟ ਦਾ ਅਰਥ ਪਹਾੜ ਜਾਂ ਝੂਠ ਵੀ ਹੈ) ਦਾ ਬਣਿਆ ਹੋਇਆ ਹੈ ਤੇ ਉੱਚੀ ਚਾਰਦੀਵਾਰੀ ਨਾਲ ਘਿਰਿਆ ਹੋਇਆ ਹੈ । ਚਾਰ ਹਜ਼ਾਰ ਕੋਹ ਦਾ ਉਸ ਦਾ ਵਿਸਥਾਰ ਹੈ । ਉਸ ਵਿਚ ਸੈਂਕੜੇ ਗਲੀਆਂ ਹਨ ਜੋ ਝੰਡੀਆਂ ਨਾਲ ਸਸ਼ੋਭਿਤ ਹਨ । ਵਿਮਾਨਾਂ ਨਾਲ ਅਕਾਸ਼ ਭਰਿਆ ਰਹਿੰਦਾ ਤੇ ਗਾਣ ਵਜਾਣ ਨਾਲ ਸੁੰਦਰ ਸ਼ਬਦ ਹੁੰਦਾ ਰਹਿੰਦਾ ਹੈ । ਬਾਗ਼ ਤੇ ਫੁਲਵਾੜੀਆਂ ਅਤੀ ਸੁੰਦਰ ਹਨ ਤੇ ਭਾਂਤ ਭਾਂਤ ਦੇ ਪੰਛੀ ਬੋਲ ਰਹੇ ਹਨ । ਇਸ ਅਦਭੁਤ ਸਭਾ ਵਿਚ ਚਿਤ੍ਰਗੁਪਤ ਇਕ ਸੁੰਦਰ ਆਸਣ ਪਰ ਬੈਠਦਾ ਹੈ । ਚਿਤ੍ਰਗੁਪਤ ਦੇ ਘਰ ਦੀ ਪੂਰਬ ਦਿਸ਼ਾ ਵਲ ਜਵਰ ਦਾ ਬੜਾ ਭਾਰੀ ਘਰ ਹੈ । ਦਖਣ ਦਿਸ਼ਾ ਵਲ ਸੂਲ ਤੇ ਵਿਸਫੋਟ ਦਾ ਘਰ ਹੈ । ਪੱਛਮ ਦਿਸ਼ਾ ਵਲ ਕਾਲ ਪਾਸ, ਅਜੀਰਨ ਅਤੇ ਅਰੁਚੀ ਦੇ ਥਾਂ ਹਨ । ਉੱਤਰ ਦਿਸ਼ਾ ਵਲ ਰਾਜ ਰੋਗ ਤੇ ਪਾਂਡੂ ਰੋਗ ਦਾ ਘਰ ਹੈ । ਈਸ਼ਾਨ (ਉੱਤਰ ਅਤੇ ਪੂਰਬ) ਕੋਣ ਵਲ ਸਿਰ ਦੀ ਪੀੜ ਤੇ ਅਗਨੀ ਕੋਣ ਵਲ ਮੂਰਛਾ ਦਾ ਘਰ ਹੈ । ਨੈਰਿਤ ਕੌਣ ਵਿਚ ਅਤੀਸਾਰ, ਤੇ ਵਾਯਵਯ ਕੌਣ ਵਿਚ ਸ਼ੀਤ ਤੇ ਦਾਹ ਦਾ ਘਰ ਹੈ । ਇਨ੍ਹਾਂ ਅਨੇਕ ਰੋਗਾਂ ਵਿਚ ਘਿਰੇ ਹੋਏ ਚਿਤ੍ਰਗੁਪਤ ਮਨੁੱਖਾਂ ਦੇ ਚੰਗੇ ਤੇ ਮੰਦੇ ਕਰਮਾਂ ਨੂੰ ਲਿਖਦਾ ਹੈ ।

ਇਸ ਤੋਂ ਅੱਗੇ ਮਹਾਨ ਪ੍ਰਕਾਸ਼ਵਾਨ ਧਰਮਰਾਜ ਦਾ ਰਤਨਮਈ ਮੰਦਰ ਹੈ, ਜਿਸ ਵਿਚ ਬਿਜਲੀ ਦੀ ਜਵਾਲਾ ਤੇ ਸੂਰਜ ਦੇ ਸਮਾਨ ਪ੍ਰਕਾਸ਼ ਹੈ । ਲੰਬਾਈ ਚੌੜਾਈ ਅੱਠ ਸੌ ਕੋਹ ਤੇ ਉਚਾਈ ਦੋ ਸੌ ਕੋਹ ਹੈ । {ਨੋਟ=ਤੀਸਰੇ ਅਧਿਆਇ ਵਿਚ ਧਰਮਰਾਜ ਦਾ ਲੋਕ ਸਿਰਫ਼ ਚਾਲੀ ਯੋਜਨ ਲਿਖਿਆ ਹੈ] ਇਹ ਮੰਦਰ ਹਜ਼ਾਰਾਂ ਖੰਭਿਆਂ ਦੇ ਸਹਾਰੇ ਤੇ ਮਣੀਆਂ ਨਾਲ ਸ਼ੋਭਨੀਕ ਹੈ । ਸੋਨੇ ਨਾਲ ਅਲੰਕ੍ਰਿਤ ਤੇ ਕਈ ਤਰ੍ਹਾਂ ਦੇ ਮਹਿਲਾਂ ਤੇ ਬਾਗ਼ਾਂ ਨਾਲ ਭਰਿਆ ਹੋਇਆ ਹੈ । ........ਨਾਨਾ ਪ੍ਰਕਾਰ ਦੇ ਅਸਚਰਜ ਕਰਨ ਵਾਲੇ ਸੋਨੇ ਦੇ ਸੈਂਕੜੇ ਦਵਾਰਾਂ ਨਾਲ ਭਰਿਆ ਹੋਇਆ ਹੈ । ਕਈ ਤਰ੍ਹਾਂ ਦੇ ਦਰਖ਼ਤਾਂ ਤੇ ਵੇਲਾਂ ਸ਼ੋਭਿਤ ਹਨ । ਇਹ ਅਸਅਥਨਾ ਵਿਸ਼ਵਕਰਮਾ ਨੇ ਆਪਣੇ ਯੋਗ ਦੇ ਪ੍ਰਭਾਵ ਨਾਲ ਬਣਾਇਆ ਹੈ । ਉਸ ਵਿਚ ਸੌ ਯੋਜਨ ਉਚੀ ਧਰਮਰਾਜ ਦੀ ਦਿਵਯ ਆਭਾ ਹੈ ਜਿਸ ਦਾ ਸੂਰਜ ਵਰਗਾ ਪ੍ਰਕਾਸ਼ ਹੈ । ਉਸ ਜਗ੍ਹਾ ਨਾ ਤਾਂ ਬਹੁਤ ਗਰਮੀ ਹੈ ਤੇ ਨਾ ਹੀ ਅਤੀ ਠੈਂਡ, ਅਤੀ ਅਨੰਦ ਦੇਣ ਵਾਲੀ ਉਸ ਪੁਰੀ ਵਿਚ ਨਾ ਸ਼ੋਕ ਹੈ, ਨਾ ਬੁਢਾਪਾ ਤੇ ਨਾ ਹੀ ਭੁਖ ਪਿਆਸ ਹੈ । ਮਨੁੱਖ ਲਈ ਸਭ ਵਸਤੂਆਂ ਉਥੇ ਸਦਾ ਹਾਜ਼ਰ ਰਹਿੰਦੀਆਂ ਹਨ ਤੇ ਬੜੇ ਸੁਆਦੀ ਭੋਜਨ ਵੀ ਉਥੇ

ਤਿਆਰ ਰਹਿੰਦੇ ਹਨ । ਉਥੇ ਬਹੁਤ ਮਿੱਠਾ ਤੇ ਸਵਾਦਿਸ਼ਟ ਜਲ, ਠੰਡਾ ਤੇ ਗਰਮ ਦੋਹਾਂ ਤਰ੍ਹਾਂ ਦਾ ਹੁੰਦਾ ਹੈ । .....[ਨੋਟ=ਤੀਸਰੇ ਅਧਿਆਇ ਵਿਚ ਲਿਖਿਆ ਹੈ ਕਿ ਧਰਮ ਰਾਜ ਦੇ ਲੋਕ ਵਿਚ ਹਰ ਵੇਲੇ ਹਾਹਾਕਾਰ ਮਚਿਆ ਰਹਿੰਦਾ ਹੈ ਜਿਸ ਨੂੰ ਵੇਖ ਕੇ ਚੀਕਾਂ ਨਿਕਲਦੀਆਂ ਰਹਿੰਦੀਆਂ ਹਨ, ਪਰ ਏਥੇ ਇਸ ਨੂੰ ਪੂਰਨ ਰੂਪ ਵਿਚ ਅਨੰਦ ਮਈ ਲਿਖਿਆ ਹੈ]

## ਪੰਦਰਵਾਂ ਅਧਿਆਇ--

ਗਰੁੜ ਜੀ ਪੁੱਛਦੇ ਹਨ ਕਿ ਹੇ ਭਗਵਾਨ ! ਆਪ ਨੇ ਹੁਣੇ ਕਿਹਾ ਹੈ ਕਿ ਧਰਮਾਤਮਾ ਪੁਰਸ਼ ਸਵਰਗ ਦੇ ਸੁਖਾਂ ਨੂੰ ਭੋਗ ਕੇ ਉਤਮ ਕੁਲ ਵਿਚ ਪੈਦਾ ਹੁੰਦਾ ਹੈ। ਇਸ ਲਈ ਮਾਤਾ ਦੇ ਗੇਗ ਵਿਚ ਜਿਵੇਂ ਉਸ ਦੀ ਉਤਪਤੀ ਹੁੰਦੀ ਹੈ, ਕਿਰਪਾ ਕਰਕੇ ਇਸ ਦਾ ਬ੍ਰਿਤਾਂਤ ਮੈਨੂੰ ਦੱਸੋ ।

ਸ੍ਰੀ ਵਿਸ਼ਨੂੰ ਭਗਵਾਨ ਜੀ ਕਹਿੰਦੇ ਹਨ ਕਿ ਹੇ ਗਰੁੜ ! ਤੂੰ ਬਹੁਤ ਸੁੰਦਰ ਪ੍ਰਸ਼ਨ ਕੀਤਾ ਹੈ। ਅਸੀਂ ਤੈਨੂੰ ਇਹ ਪਰਮ ਗੁਪਤ ਬ੍ਰਿਤਾਂਤ ਦਸਦੇ ਹਾਂ, ਜਿਸ ਦੇ ਜਾਣਣ ਨਾਲ ਮਨੁੱਖ **ਸਰਬੱਗਯ** ਹੋ ਜਾਂਦਾ ਹੈ। ....

ਬਿੱਪ੍ਰਨ ਕੀ ਰੀਤ ਦੇ ਨਾਲ ਗੁਰਬਾਣੀ ਦਾ ਗਿਆਨ ਵੀ ਵੱਧ ਤੋਂ ਵੱਧ ਉਜਗਰ ਕਰਨ ਦਾ ਯਤਨ ਵੀ ਕਰਨ ਦਾ ਪਾਠਕਾਂ ਨਾਲ ਬਚਨ ਕੀਤਾ ਹੋਣ ਦੇ ਕਾਰਨ, ਅੱਗੇ ਚੱਲਣ ਤੋਂ ਪਹਿਲਾਂ ਪਾਠਕਾਂ ਦੇ ਧਿਆਨ ਗੋਚਰਾਂ ਕਰ ਲਵਾਂ ਕਿ ਗੁਰਬਾਣੀ ਵਿਚ ਕਸਰਬੱਗੁਯ ਲਫ਼ਜ਼ ਅਕਾਲਪੁਰਖ ਦਾ ਸੂਚਕ ਹੈ:--

੨- **ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥ ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥ ਸਰਬਗੵ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰਣਾ ਮੁਹ ॥ ਘਟਿ ਘਟਿ ਬਸੰਤ ਬਾਸਦੇਵਹ ਪਾਰਬ੍ਰਹਮ ਪਰਮੇਸੁਰਹ ॥ ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥ ੨੧ ॥**[੧੩੫੫/੫੬]

ਭਗਵਾਨ ਵਿਸ਼ਨੂੰ ਜੀ ਗਰੁੜ ਨੂੰ ਸਮਝਾਉਂਦੇ ਹਨ ਕਿ:-- ਚੰਗੇ ਕਰਮ ਕਰਨ ਵਾਲਾ ਜਿਸ ਤਰ੍ਹਾਂ ਪਵਿੱਤਰ ਪੁਰਸ਼ਾਂ ਦੇ ਘਰ ਵਿਚ ਪੈਦਾ ਹੁੰਦਾ ਹੈ, ਇਹ ਵਿਧਾਨ ਤੇ ਉਸ ਦੀ ਮਾਤਾ ਦੇ ਨਿਯਮ ਤੈਨੂੰ ਦੱਸਦੇ ਹਾਂ। ਰਿਤੂ ਕਾਲ ਦੇ ਸਮੇ ਇਸਤ੍ਰੀਆਂ ਦੇ ਸਰੀਰ ਨੂੰ ਚਾਰ ਦਿਨਾਂ ਲਈ ਤਿਆਗ ਦੇਣਾ ਚਾਂਹੀਦਾ ਹੈ, ਕਿਉਂਕਿ ਜਦੋਂ ਤਕ ਇਸਤ੍ਰੀਆਂ ਦੇ ਸਰੀਰ ਵਿਚ ਪਾਪ ਰਹਿੰਦਾ ਹੈ (ਇੰਦਰ ਦੀ ਦਿਤੀ ਹੋਈ ਬ੍ਰਹਮ ਹਤਿਆ ਰਹਿੰਦੀ ਹੈ) ਤਦੋਂ ਤਕ ਉਸ ਦਾ ਮੂੰਹ ਨਹੀਂ ਵੇਖਣਾ ਚਾਹੀਦਾ। ਰਿਤੂ ਕਾਲ ਵਾਲੀ ਇਸਤ੍ਰੀ ਚੌਥੇ ਦਿਨ ਸਚੈਲ (ਕਪੜਿਆਂ ਸਮੇਤ) ਇਸ਼ਨਾਨ ਕਰਕੇ ਸੁਧ ਹੁੰਦੀ ਹੈ। ਸਤ ਦਿਨਾਂ ਤਕ ਉਹ ਪਿਤਰਾਂ ਤੇ ਦੇਵਤਿਆਂ ਦੀ ਪੂਜਾ ਕਰਨ ਦੇ ਯੋਗ ਹੁੰਦੀ ਹੈ। ਸਤ ਦਿਨ ਦੇ ਅੰਦਰ ਜੋ ਗਰਭ ਠਹਿਰਦਾ ਹੈ, ਉਹ ਮਲੀਨ ਹੁੰਦਾ ਹੈ। ਅਠ ਦਿਨ ਦੇ ਅੰਦਰ ਜਿਹੜਾ ਪੁਤਰ ਹੁੰਦਾ ਹੈ, ਉਹ ਥੋੜੀ ਉਮਰ ਵਾਲਾ ਹੁੰਦਾ ਹੈ। ਯੁਗਮ (ਸਮ) ਰਾਤਾਂ ਵਿਚ ਗਰਭਾਧਨ ਹੋਣ ਨਾਲ ਪੁਤਰ ਤੇ ਵਿਸ਼ਮ ਰਾਤਾਂ ਵਿਚ ਲੜਕੀ ਪੈਦਾ ਹੁੰਦੀ ਹੈ। ਪਹਿਲੀਆਂ ਸਤ ਰਾਤਾਂ ਨੂੰ ਛਡਕੇ ਯੁਗਮ (ਸਮ) ਰਾਤਾਂ ਵਿਚ ਗਰਭਾਧਾਨ ਕਰਨਾ ਚਾਹੀਦਾ ਹੈ। ਇਸਤ੍ਰੀਆਂ ਦੇ ਰਿਤੂ ਦੀਆਂ ਸੋਲਾਂ ਰਾਤਾਂ ਸਾਮਾਨ ਕਹੀਆਂ ਗਈਆਂ ਹਨ। ਚੌਧਵੀਂ ਰਾਤ ਵਿਚ ਜਿਹੜਾ ਗਰਭ ਠਹਿਰਦਾ ਹੈ, ਉਸ ਨਾਲ ਜਿਹੜਾ ਪੁਤਰ ਪੈਦਾ ਹੁੰਦਾ ਹੈ ਉਹ ਗੁਣਵਾਨ, ਭਾਗਵਾਨ ਤੇ ਧਾਰਮਿਕ ਹੁੰਦਾ ਹੈ। ਇਹ ਚੌਧਵੀਂ ਰਾਤ ਸਾਧਾਰਨ ਜੀਵਾਂ ਨੂੰ ਨਹੀਂ ਮਿਲਦੀ। ਪੰਜਵੇਂ ਦਿਨ ਇਸਤ੍ਰੀ ਨੂੰ ਮਿੱਠਾ ਭੋਜਨ ਕਰਨਾ ਚਾਹੀਦਾ ਹੈ। ਕੌੜਾ, ਕਰਾਰਾ, ਤੇਜ ਤੇ ਗਰਮ ਭੋਜਨ ਦੂਰ ਤੋਂ ਤਿਆਗ ਦੇਣਾ ਚਾਹੀਦਾ ਹੈ। ਇਹ ਗਰਭਾਸ਼ਯ ਰੂਪੀ ਖੇਤਰ ਔਧਸ਼ਾਂ ਦਾ ਪਾਤਰ ਹੈ ਬੀਜ ਅੰਮ੍ਰਿਤ ਦਾ ਘਰ ਹੈ, ਉਸ ਵਿਚ ਸਵਾਮੀ ਪੁਰਸ਼ ਬੀਜ ਬੋ ਕੇ ਅੱਛਾ ਫਲ ਪਾਉਂਦਾ ਹੈ। ਪੁਰਸ਼ **ਪਾਨ ਖਾਕੇ, ਫੁਲਾਂ ਦੇ ਹਾਰ ਤੇ ਚੰਦਨ ਆਦਿ** ਸੁਗੰਧੀਆਂ ਲਾਕੇ, ਸਾਫ਼ ਬਸਤਰ ਪਹਿਨਕੇ, ਮਨ ਵਿਚ ਧਾਰਮਿਕ ਵਿਚਾਰ ਲੈਕੇ ਉਤਮ ਸੇਜ ਤੇ ਜਾਵੇ। ਸੰਜੋਗ ਸਮੇਂ ਮਨੁੱਖ ਦੇ ਚਿਤ, ਵਿਚ ਜਿਹੋ ਜਿਹੀ ਭਾਵਨਾਂ ਜਾਂ ਕਲਪਨਾ ਹੁੰਦੀ ਹੈ, ਉਸੇ ਸੁਭਾਅ ਦਾ ਜੀਵ ਉਦਰ ਵਿਚ ਪ੍ਰਵੇਸ਼ ਕਰਦਾ ਹੈ। ਆਦਿ ਕਈ ਤਰ੍ਹਾਂ ਦੇ ਵਿਚਾਰ ਅਤੇ ਯੱਗ ਆਦਿ ਕਰਨੇ ਲਿਖੇ ਹਨ। ਇਨ੍ਹਾਂ ਦਾ ਵਾਸਤਾ ਨਾ ਹੀ ਕਿਰਿਆ ਕਰਨ ਨਾਲ ਹੈ ਅਤੇ ਨਾ ਹੀ ਇਹ ਗੁਰਮਤਿ ਹੈ।

## ਸੋਲਵਾਂ ਅਧਿਆਇ--

ਗਰੁੜ ਪੁਰਾਣ ਦਾ ਇਸ ਅੰਤਮ ਅਧਿਆਇ ਹੈ । ਇਅ ਦਾ ਅਰੰਭ ਇਸ ਪ੍ਰਕਾਰ ਦੀ ਮੰਗ ਨਾਲ ਹੈ:--

ਪਰਮ ਪਵਿੱਤਰ ਸ੍ਰੀ ਵਿਸ਼ਨੂੰ ਭਗਵਾਨ ਜੀ ਤੋਂ ਗਰੁੜ ਜੀ ਪੁਛਦੇ ਹਨ ਕਿ ਹੇ ਦਯਾਨਿਧ ! ਇਸ ਸੰਸਾਰ ਵਿਚ ਅਗਿਆਨ ਨਾਲ ਜੀਵਾਂ ਦਾ ਆਉਣਾ ਮੈਂ ਸੁਣਿਆਂ ਹੈ। ਹੁਣ ਤੁਸੀ ਇਹ ਦੱਸੋ ਕਿ ਜੋ ਸਨਤਾਨ ਮੋਖਸ਼ ਹੈ, ਉਸ ਨੂੰ ਪ੍ਰਾਪਤ ਕਰਨ ਦਾ ਕੀ ਉਪਾਅ ਹੈ ? ਇਸ ਬਾਰੇ ਸਾਰਾ ਬ੍ਰਿਤਾਂਤ ਮੈਂ ਸੁਣਨਾ ਚਾਹੁੰਦਾ ਹਾਂ । ਹੇ ਸ਼੍ਰਣਾਗਤ ਵਤਸਲ ! ਹੇ ਦੇਵਤਿਆਂ ਦੇ ਦੇਵਤਾ ! ਹੇ ਭਗਵਾਨ ! ਇਹ ਸੰਸਾਰ ਘੋਰ ਦੁਖਾਂ ਨਾਲ ਭਰਿਆ ਹੋਇਆ ਹੈ ਤੇ ਸਾਰ ਰਹਿਤ ਹੈ। ਕਈ ਤਰ੍ਹਾਂ ਦੇ ਸਰੀਰਾਂ ਵਿਚ ਸਥਿਤ ਅਨੇਕ ਜੀਵ ਸਮੂਹ ਜਨਮ ਲੈਂਦੇ ਹਨ ਤੇ ਮਰ ਜਾਂਦੇ ਹਨ, ਉਨ੍ਹਾਂ ਦਾ ਕੋਈ ਅੰਤ ਨਹੀਂ ਹੈ । ਉਹ ਦੁੱਖਾਂ ਨਾਲ ਆਤੁਰ ਹੀ ਰਹਿੰਦੇ ਹਨ, ਕਦੀ ਸੁਖੀ ਨਹੀਂ ਹੁੰਦੇ। ਸੋ ਹੇ ਮੋਖਸ਼ ਦੇ ਸੁਆਮੀ ਪ੍ਰਭੂ ! ਉਹ ਕਿਸ ਉਪਾਅ ਨਾਲ ਇਸ ਸੰਸਾਰ ਤੋਂ ਮੁਕਤ ਹੋ ਸਕਦੇ ਹਨ ? ਇਸ ਬਾਰੇ ਕਿਰਪਾ ਕਰਕੇ ਆਪ ਮੈਨੂੰ ਦੱਸੋ ।

ਇਸ ਅਧਿਆਇ ਵਿਚਲਾ ਵਿਸ਼ਨੂੰ ਜੀ ਦਾ ਭਾਸ਼ਨ ਵੀ ਕਿਰਿਆ ਕਰਮ ਨਾਲ ਸੰਬਧਤ ਨਹੀਂ ਹੈ। ਗਰੁੜ ਨੇ ਸੰਸਾਰ ਨੂੰ ਦੁਖਾਂ ਦਾ ਘਰ ਦੱਸ ਕੇ ਦੁਖਾਂ ਤੋਂ **ਛੁਟਕਾਰੇ** ਦਾ ਅਤੇ **ਮੁਕਤੀ** ਦਾ ਮਾਰਗ ਪੁਛਿਆ ਹੈ। । ਦੁਖ ਅਤੇ ਸੁਖ ਬਾਰੇ ਗੁਰਮਤਿ ਵਿਚਾਰ ਅਸਾਂ ਪੁਸਤਕ ਦੇ ਚੌਥੇ ਭਾਗ ਵਿਚ ਬੜੇ ਵਿਸਥਾਰ ਨਾਲ ਪੜ੍ਹ ਲਏ ਹਨ। ਜਪੁ ਸਾਹਿਬ ਦਾ ਪਾਠ ਇਕਾਗਰਤਾ ਨਾਲ ਕਰਨ ਵਾਲੇ ਗੁਰਮੁਖ ੨੫ਵੀਂ ਪਉੜੀ ਦੀ ਇਸ ਪੰਗਤੀ --**ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥** ਦੀ ਵਿਚਾਰ ਵੀ ਰੋਜ਼ ਹੀ ਕਰਦੇ ਹਨ। ਬਅੰਤ ਜੀਵਾਂ ਨੂੰ ਦੁਖ ਭੁੱਖ ਅਤੇ ਕਈ ਤਰ੍ਹਾਂ ਦੇ ਕਲੇਸ਼ ਰਹਿੰਦੇ ਹਨ ਜਿਸ ਨੂੰ ਵੀ ਉਸ ਦਾਤਾਰ ਦੀ ਦਾਤ ਹੀ ਜਾਣ ਕੇ ਮੁਖੋਂ ਇਹ ਅਲਾਪਦੇ ਰਹਿਣਾ ਗੁਰਮਤਿ ਹੈ:--

੩- **ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤੁ ਜੋਗ ਕਉ ਬੇਤੈ ॥ ੧ ॥ ਰਹਾਉ ॥ ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥ ੧ ॥ ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥ ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥ ੨ ॥**[੧੩੦੨]-੩-੨੨

ਜਿਸ ਮੁਕਤੀ ਦੀ ਗੱਲ ਅਥਵਾ ਜਿਸ ਮੋਖ਼ਸ਼ਯ ਦੀ ਲੋਚਨਾ ਬ੍ਰਾਹਮਣੀ ਗ੍ਰੰਥ ਕਰਦੇ ਹਨ ਅਥਵਾ ਜਿਸ ਪ੍ਰਕਾਰ ਦੀ ਮੁਕਤੀ ਦੀ ਗਲ ਗਰੁੜ ਜੀ ਕਰ ਰਹੇ ਹਨ ਉਸ ਬਾਰੇ ਗੁਰਮਤਿ ਦਾ ਫਤਵਾ ਇਸ ਪ੍ਰਕਾਰ ਹੈ:--

੪- **ਕਈ ਬੈਕੁੰਠ ਨਾਹੀ ਲਵੈ ਲਾਗੈ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੈ ॥**

**ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥ ੮ ॥**[੧੦੭੮]-੨-੭

ਗਰੁੜ ਪੁਰਾਣ ਦੇ ਪੜ੍ਹਨ ਸੁਣਨ ਦੇ ਫਲ ਅਸੀਂ ਇਸ ਲੇਖ ਦੇ ਅਰੰਭ ਵਿਚ ਹੀ ਪੜ੍ਹ ਲੜੇ ਹਨ। ਸੋ ਗਰੁੜ ਪੁਰਾਣ ਵਿਚ ਡ਼ੇਹੀ ਕੁਝ ਹੈ ਅਤੇ ਅਸੀਂ ਥੋਹੜੇ ਹੇਰ ਫੇਰ ਨਾ ਸਭ ਕੁਝ ਇਹੀ ਕਰ ਰਹੇ ਹਾਂ। ਗੁਰਮਤਿ ਨੂੰ ਅਸੀ ਪਿੱਠੀ ਦੇਵੀ ਤੁਰੇ ਜਾ ਰਹੇ ਹਾਂ। ਸੋ ਹੇ ਪੰਥ ਦੇ ਸਰਬਰਾ ਜੀਓ ਕੰਨ ਲਾ ਕੇ ਸਤਿਗੁਰਾਂ ਦੀ ਸੱਦ ਸੁਣੋ ਅਤੇ ਖਾਉ ਮੋੜਾ:--

੫- **ਦੁਨੀਆ ਹੁਸਿਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥ ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ ੧ ॥ ਰਹਾਉ ॥ ਨੀਂਬੁ ਭਇਓ ਆਂਬੁ, ਆਂਬੁ ਭਇਓ ਨੀਂਬਾ, ਕੇਲਾ ਪਾਕਾ ਝਾਰਿ ॥ ਨਾਲੀਏਰ ਫਲੁ ਸੇਬਰਿ ਪਾਕਾ, ਮੂਰਖ ਮੁਗਧ ਗਵਾਰ ॥ ੧ ॥ ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ, ਹਸਤੀਂ ਚੁਨਿਓ ਨ ਜਾਈ ॥ ਕਹਿ ਕਮੀਰ, ਕੁਲ ਜਾਤਿ ਪਾਂਤਿ ਤਜਿ, ਚੀਟੀ ਹੋਇ ਚੁਨਿ ਖਾਈ ॥ ੨ ॥**[੯੧੨]-੩-੧੨

ਧਿਆਨ ਰਹੇ ਕਿ, ਸਾਡੇ ਲਈ ਅੱਜ **ਨਿਗਮ** ਦਾ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

੫

# ਗਰੁੜ ਪੁਰਾਣ ਦਾ ਮਨੁਖੀ ਜੀਵਨ ਤੇ ਪ੍ਰਭਾਵ

ਇਸ ਅਦਭੁਤ ਗ੍ਰੰਥ ਵਿਚਲੇ ਕਿਰਿਆ-ਕਰਮ ਦੇ ਨਾਮ ਹੇਠ ਬਣਾਏ ਭਰਮਾਊ ਮਾਇਆਜਾਲ ਨੂੰ ਅਜੇਹੀ ਹੁਸ਼ਿਆਰੀ ਅਤੇ ਚਤੁਰਾਈ ਨਾਲ ਤਿਆਰ ਕੀਤਾ ਹੋਇਆ ਹੈ, ਕਿ, ਮਨੁਖਾ ਨੇ ਇਸ ਤੋਂ ਡੂੰਘਾ ਅਤੇ ਬੜਾ ਦੂਰ-ਰਸ ਪ੍ਰਭਾਵ ਕਬੂਲ ਕਰ ਲਿਆ । ਮਨੁੱਖ ਨੂੰ ਸਦੀਵੀ ਤੌਰ ਤੇ ਇਸ ਗੰਭੀਰ ਮਾਇਆ ਜਾਲ ਵਿਚ ਫਸਾਈ ਰੱਖਣ ਲਈ, ਬ੍ਰਾਹਮਣ ਲਿਖਾਰੀ ਨੇ, ਇਸ ਗ੍ਰੰਥ ਦੀ ਸਿਰਜਣਾ ਵਿਚ ਜਿਹੜੀਆਂ ਉਚੇਚੀਆਂ ਵਿਧੀਆਂ ਵਰਤੀਆਂ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

**੧=** ਪਹਿਲਿਆਂ ਤਿੰਨ ਅਧਿਆਵਾਂ ਵਿਚ ਜਮ-ਮਾਰਗ, ਜਮ ਲੋਕ, ਵੈਤਰਨੀ ਨਦੀ, ਸ਼ਾਲਮਲੀ ਬਿਰਛ ਆਦ ਦੇ ਭਿਆਨਕ ਕਸ਼ਟਾਂ ਦਾ ਜ਼ਿਕਰ ਅਜੇਹੇ ਸ਼ਬਦਾਂ ਦੁਆਰਾ ਕੀਤਾ ਹੈ ਕਿ ਚੰਗਾ ਭਲਾ ਸਿਆਣਾ ਮਨੁੱਖ ਵੀ ਭੈ-ਭੀਤ ਹੋਣੋ ਨਹੀਂ ਬਚ ਸਕਦਾ । ਜਮਦੂਤ, ਚਿਤ੍ਰ-ਗੁਪਤ ਅਤੇ ਧਰਮਰਾਜ ਦਾ ਬੜਾ ਭਿਆਨਕ ਰੂਪ ਦਰਸਾਇਆ ਗਿਆ ਹੈ । ਫਿਰ ਨਰਕਾਂ ਦੀ ਗਿਣਤੀ **ਇਕ ਲੱਖ** ਦੱਸ ਕੇ, ਇੱਕੀ (੨੧) ਨਰਕਾਂ ਦੇ ਮਨਘੜਤ ਜਿਹੇ ਨਾਮ ਵੀ ਲਿਖ ਦਿਤੇ । ਪਾਪੀਆਂ ਨੂੰ ਹਾਹਾ-ਕਾਰ ਕਰਦੇ ਦਰਸਾਉਣ ਵਿਚ ਵੀ ਕਮਾਲ ਦੀ ਹੁਸ਼ਿਆਰੀ ਵਰਤੀ ਹੈ । ਸਾਰੇ ਹੀ ਪਾਪੀ ਵਿਸ਼ੇਸ਼ ਕਰਕੇ ਉਨ੍ਹਾਂ ਫੋਕਟ ਕਰਮਕਾਂਡਾਂ ਨੂੰ ਨਾ ਕਰ ਸਕਣ ਦੀ ਭੁੱਲ ਕਾਰਨ ਹੀ ਪਛਤਾਉਂਦੇ ਦਿਸਦੇ ਹਨ, ਜਿਹੜੇ ਵਾਸਤਵ ਵਿਚ ਬ੍ਰਾਹਮਣੀ ਲੁਟ-ਨੀਤੀ ਦੀ ਹੀ ਉਪਜ ਸਨ । ਜਿਵੇਂ, ਹਾਏ ਮੈਂ ਦੇਵੀ ਦੇਵਤੇ ਕਿਉਂ ਨਾ ਪੂਜੇ ? ਹਾਏ ਮੈ ਗੰਗਾ ਜਮੁਨਾਂ ਤੀਰਥਾਂ ਤੇ ਇਸ਼ਨਾਨ ਕਿਉਂ ਨ ਕੀਤਾ ? ਹਾਏ ਮੈਂ ਬ੍ਰਾਹਮਣਾਂ ਨੂੰ ਗਊ-ਦਾਨ ਜਾਂ ਹੋਰ ਪਦਾਰਥਾਂ ਦਾ ਦਾਨ ਕਿਉਂ ਨਾ ਕੀਤਾ? ਹਾਏ ਮੈਂ ਪੁਰਾਣਾ ਦੀ ਕਥਾ ਕਿਉਂ ਨਾ ਸੁਣੀ ? ਹਾਏ ਮੈਂ ਪਤੀ ਨਾਲ ਸਤੀ ਨਾ ਹੋਈ, ਹਾਏ ਮੈਂ ਵਰਤ ਕਿਉਂ ਨਾ ਰੱਖੇ ? ਆਦਿ । ਪਾਪੀ ਮਰਦਾਂ ਅਤੇ ਇਸਤ੍ਰੀਆਂ ਦੀ ਹਾਹਾਕਾਰ ਸਾਰੀ ਦੀ ਸਾਰੀ ਬ੍ਰਾਹਮਣ ਦੀ ਮਰਜ਼ੀ ਦੇ ਅਨਕੂਲ ਹੋ ਰਹੀ ਨਜ਼ਰ ਆਉਂਦੀ ਹੈ। ਬ੍ਰਾਹਮਣ ਦੇ ਮਾਇਆ ਜਾਲ ਦਾ ਵਿਸਥਾਰ ਏਡਾ ਵਿਸ਼ਾਲ ਅਤੇ ਯੋਜਨਾਂ-ਬੱਧ ਹੈ ਕਿ--**ਬਿੱਪ੍ਰਨ ਕੀ ਰੀਤ**--ਦੇ ਹਰ ਨਵੇਂ ਨਿਯਮ ਵਿਚ ਮਾਇਆ ਜਾਲ ਦੀਆਂ ਤੰਦਾਂ ਆਪਸ ਵਿਚ ਪਲਚੀਆਂ ਹੋਈਆਂ ਸਪੱਸ਼ਟ ਨਜ਼ਰ ਆਉਂਦੀਆਂ ਹਨ। ਜਿਸ ਦਾ ਹੀ ਕਾਰਨ ਹੈ ਕਿ, ਮਨੁਖੀ ਸੋਚ ਬ੍ਰਾਹਮਣ ਦੇ ਮਾਇਆ ਜਾਲ ਵਿਚ ਵਿਰੰਤਰ ਫਸਦੀ ਹੀ ਤੁਰੀ ਜਾਂਦੀ ਹੈ ।

**੨=** ਫਿਰ ਅਜੇਹਾ ਕੁੜ ਵਰਣਨ ਕਰਨ ਵਾਲਾ ਕੋਈ ਦੁਨਿਆਵੀ ਮਨੁੱਖ ਨਹੀਂ ਹੈ ਸਗੋਂ ਅਣਡਿਠੀ ਦੁਨੀਆਂ ਸਮੇਤ ਸਾਰੇ ਸੰਸਾਰ ਦੇ (ਕਥਿਤ ਤੌਰ ਤੇ) ਰਚਨ-ਹਾਰੇ ਭਗਵਾਨ ਵਿਸ਼ਨੂੰ ਜੀ, ਆਪ ਹੀ ਸਾਰੇ ਵੇਰਵੇ ਗਰੁੜ ਜੀ ਨੂੰ ਸਮਝਾ ਰਹੇ ਰਹੇ ਹਨ । ਭਿਆਨਕ ਦੁਖਾਂ ਦਾ ਹਾਲ ਸੁਣ ਕੇ ਗਰੁੜ ਭਗਵਾਨ ਜੀ ਨੂੰ ਵੀ ਡਰ ਨਾਲ ਥਰ ਥਰ ਕੰਬਦੇ ਦਰਸਾਇਆ ਹੈ । ਧਾਰਮਿਕ ਭਾਵਣਾ ਵਾਲਾ ਮਨੁੱਖ ਗਰੁੜਪੁਰਾਣ ਦੇ ਹਰ ਅੱਖਰ ਨੂੰ ਰੱਬੀ ਹੁਕਮ ਮੰਨਕੇ ਇਸ ਦਾ ਡੂੰਘਾ ਅਸਰ ਕਬੂਲ ਕਰ ਲੈਣ ਤੋਂ ਬਚਿਆ ਨਹੀਂ ਸੀ ਰਹਿ ਸਕਦਾ ।

**੩=** ਵਿਸ਼ਨੂੰ ਭਗਵਾਨ ਜੀ ਦੇ ਆਪਣੇ ਮੁਖਾਰਬਿੰਦ ਦਾ ਉਪਦੇਸ਼ ਹੋਣ ਕਰਕੇ, ਮਨੁੱਖ ਨੇ ਇਸ ਸਭ-ਕੁਝ ਦਾ ਏਨਾ ਅਸਰ ਕਬੂਲ ਲਿਆ, ਕਿ ਹਿੰਦੂ ਧਰਮ ਦੇ ਪ੍ਰਭਾਵ ਹੇਠ ਆਏ ਭਾਰਤੀ ਮਨੁੱਖ (ਬੜੇ ਥੋਹੜੇ ਭਾਗਾਂ ਵਾਲਿਆਂ ਨੂੰ ਛੱਡ ਕੇ, ਲਗ-ਪਗ ਸਾਰੇ ਗੁਰਸਿੱਖਾਂ ਸਮੇਤ) ਅੱਜ ਤੱਕ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੀ ਅਨੁਭਵ ਨਹੀਂ ਕੀਤੀ :--

**ੳ)** ਦੋ ਜੋਜਨ-- (੪ ਕੋਹ=੬ ਮੀਲ--) ਚੌੜੀ ਅਤੇ ੫੦੦ ਯੋਜਨ ਲੰਮੀ ਕਥਿਤ ਵੈਤਰਣੀ ਨਦੀ, ਵਿਚ ਏਨੇ ਗਰਮ ਲਹੂ ਮਿਝ ਦਾ ਗਾਰਾ ਕਿਥੋਂ ਆ ਸਕਦਾ ਸੀ ਕਿ ਉਹ ਸਦਾ ਠਾਠਾਂ ਮਾਰਦੀ ਅਤੇ ਉਬਾਲੇ ਖਾਂਦੀ ਰਹਿੰਦੀ ਹੈ ?

**ਅ)** ਜਿਸ ਨਦੀ ਵਿਚ ਜਾਨਵਰਾਂ ਦੇ ਬੈਠਣ ਲਈ ਕੋਈ ਟਿੱਬਾ, ਜਾਂ ਕੋਈ ਰੁੱਖ ਹੈ ਹੀ ਨਹੀਂ ਸੀ, ਓਥੇ ਕਾਂ, ਗਿਰਝਾਂ, ਬਘਿਆੜ, ਅਠੂਹੇਂ, ਸੱਪ ਆਦਿ (ਖੁਸ਼ਕੀ ਦੇ ਜਾਨਵਰ), ਨਦੀ ਵਿਚਲੇ ਲਹੂ ਮਿਝ ਦੇ ਗਾਰੇ ਦੇ ਡੂੰਘੇ ਅਤੇ ਉਬਾਲੇ ਖਾਂਦੇ ਹੜ੍ਹ ਵਿਚ ਕਿਵੇਂ ਰਹਿ ਸਕਦੇ ਸਨ ? ਇਹ ਸਾਰੇ ਪਸ਼ੂ-ਪੰਛੀ ਆਦਿ, ਕਿਹੜੇ ਦੋਸ਼ਾਂ ਦੇ ਕਾਰਨ, ਏਡੇ ਨਰਕੀ-ਗੰਦ ਵਿਚ ਰੱਖੇ ਹੋਏ ਹਨ ?

**ੲ)** ਇਹ ਵਿਚਾਰ ਵੀ ਨਹੀਂ ਆਈ ਕਿ ਅਜੇਹੇ ਜ਼ਹਿਰੀਲੇ ਅਤੇ ਲਹੂ-ਪੀਣੇ ਜਾਨਵਰਾਂ ਨੇ ' ਮਨੁੱਖਾ ਸਰੀਰ ' ਦਾ ਮਾਸ ਖਾਣਾ ਅਤੇ ਲਹੂ ਪੀਣਾ ਹੁੰਦਾ ਹੈ । ਇਨ੍ਹਾਂ , ਸ਼ੇਰਾਂ ਅਥਵਾ ਸੱਪਾਂ ਆਦਿ ਦਾ ਡਰ ਤਾਂ ਦੇਹ ਨੂੰ ਹੀ ਹੈ । ਜਦ ਆਤਮਾਂ ਦਾ ਸਰੀਰ ਹੀ ਕੋਈ ਨਹੀਂ, ਤਾਂ ਉਸ ਨੂੰ ਮਾਸ ਖਾਧੇ ਜਾਣ ਦਾ ਜਾਂ ਲਹੂ ਪੀਤੇ ਜਾਣ ਦਾ ਡਰ ਕਿਵੇ ਰਿਹਾ ? ਫਿਰ ਜਿਸ ਮਨੁੱਖਾ ਸਰੀਰ ਲਈ ਮੌਤ ਬਣੀ ਹੈ,

ਉਹ ਤਾਂ ਪਹਿਲਾਂ ਹੀ ਮਰ ਕੇ ਅੱਗ ਵਿਚ ਸੜ ਚੁੱਕਾ ਹੈ । ਆਤਮਾ ਤਾਂ ਹੈ ਹੀ ਅਮਰ, ਉਸ ਨੂੰ ਅਜੇਹੇ ਡਰਾਉਣੇ ਜਾਨਵਰਾਂ ਨਾਲ ਕੀ ਵਾਸਤਾ ?

੪= ਗਰੁੜ ਪੁਰਾਣ ਦੇ ਅਦਭੁਤ ਲਿਖਣ-ਢੰਗ ਦੇ ਕਾਰਨ, ਵੈਤਰਣੀ ਨਦੀ ਤੋ ਮਿਲਦੇ ਦੁੱਖਾਂ ਤੋਂ ਬਚ ਸਕਣ ਦੀ ਲਾਲਸਾ ਅਗਿਆਨੀ ਮਨੁੱਖ ਦੇ ਮਨ ਵਿਚ ਪੈਦਾ ਹੋ ਜਾਣੀ ਕੁਦਰਤੀ ਗੱਲ ਸੀ। ਚਾਤਰ ਬ੍ਰਾਹਮਣ ਨੇ ਦੂਜੇ ਅਧਿਆਇ ਵਿਚ ਹੀ ਇਸ਼ਾਰਾ ਕਰ ਦਿੱਤਾ, ਕਿ, **ਬ੍ਰਾਹਮਣਾਂ ਨੂੰ ਕੀਤੇ ਦਾਨ ਦੀ ਸ਼ਕਤੀ ਨਾਲ ਹੀ** ਵੈਤਰਣੀ ਨਦੀ ਪਾਰ ਕੀਤੀ ਜਾ ਸਕਦੀ ਹੈ। ਫਿਰ ਤੇਰ੍ਹਵੇਂ ਅਧਿਆਇ ਤਾਂਈਂ ਕਈ ਪ੍ਰਕਾਰ ਦੇ ਪਿੰਡ-ਦਾਨ, ਗਊ ਦਾਨ, ਵੱਛਾ ਛੱਡਣ ਦੇ ਨਾਲ ਕੀਤੇ ਜਾਣ ਵਾਲੇ ਦਾਨ, ਸ਼ਰਾਧਾਂ ਸਮੇਂ ਦੱਛਣਾ ਵਿਚ ਵੱਧ ਤੋਂ ਵੱਧ ਮਾਇਆ ਤੇ ਪਦਾਰਥਾਂ ਦਾ ਦਾਨ, ਘੜਾ ਦਾਨ, ਸੇਜਾ ਦਾਨ, ਪਦ ਦਾਨ, ਘਰਾਂ ਦਾ ਦਾਨ ਅਤੇ ਫਿਰ ਆਪਣੇ ਸਰੀਰ ਦੀ ਬਲੀ ਦੇ ਦੇਣ ਨੂੰ ਸਭ ਤੋਂ ਉੱਤਮ ਅਤੇ ਸਦਾ ਵਾਸਤੇ ਸਵਰਗ ਦੇਣ ਵਾਲਾ ਦਾਨ ਕਹਿ ਕੇ ਬ੍ਰਾਹਮਣ ਨੇ ਲੋਕਾਂ ਦੀ ਜਾਨ ਲੈਣੀ ਵੀ ਅਰੰਭ ਕਰ ਦਿੱਤੀ। ਨਰਕਾਂ ਤੋਂ ਬਚ ਕੇ ਸਿੱਧਾ ਸੁਰਗਾਂ ਵਿਚ ਜਾ ਬਿਰਾਜਣ ਦੀ ਲਾਲਸਾ ਵਿਚ ਕਈ ਅਗਿਆਨੀ ਅਥਵਾ ਭੋਲੇ-ਭਾਲੇ ਮਨੁੱਖ ਆਪਣੀਆਂ ਜਾਨਾਂ ਗੁਆ ਬੈਠੇ ਸਨ। [ਬਨਾਰਸ ਵਿਚ ਰੱਖੇ ਤਰਵੱਤ, ਪ੍ਰਯਾਗ ਵਿਚਲੇ ਕਰਵੱਤ ਅਤੇ ਬੱਟ ਦੇ ਰੁਖ ਨਾਲ, ਜਗਨਾਥਪੁਰੀ ਵਿਚ ਰੱਥ ਹੇਠ ਆ ਕੇ ਮਰਦੇ ਰਹਿਣ ਦੀ ਮੌਤ ਦਾ ਕਾਰਨ ਸੁਰਗਾਂ ਦੀ ਪ੍ਰਾਪਤੀ ਦਾ ਝੂਠਾ ਵਿਸ਼ਵਾਸ਼ ਹੀ ਕੰਮ ਕਰਦਾ ਆ ਰਿਹਾ ਹੈ]

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਾਰੇ ਪੁਰਾਣ ਵਿਚ ਪਾਪਾਂ ਦਾ ਨਾਸ ਕਰਕੇ ਸੁਖਾਂ ਦਾ ਅਥਵਾ ਸਦਗਤੀ ਦੀ ਪ੍ਰਪਤੀ ਦਾ ਕੇਵਲ ਮਾਤ੍ਰ ਸਾਧਨ ' ਬ੍ਰਾਹਮਣ ਦੀ ਖ਼ੁਸ਼ੀ ' ਹੀ ਦੱਸੀ ਹੋਈ ਹੈ। ਅਤੇ ਬ੍ਰਾਹਮਣ ਦੀ ਖ਼ੁਸ਼ੀ ਦਾ ਸਾਧਨ ਵੱਖ ਵੱਖ ਤਰ੍ਹਾਂ ਦੀ ਕਈ ਵਿਧੀਆਂ ਦੁਆਰਾ ਦਿੱਤਾ ਦਾਨ ਹੈ। ਪ੍ਰਭੂ ਦੀਆਂ ਵਡਿਆਈ ਦੀ ਯਾਦ ਵਿਚ ਜੁੜਨ ਦਾ, ਅਥਵਾ ਉੱਚੇ ਆਚਰਨ ਵਾਲੀ ਸੁੱਚੀ ਜੀਵਨ-ਜੁਗਤ ਬਣਾਉਂਣ ਦਾ ਕਿਸੇ ਇੱਕ ਥਾਂ ਵੀ ਕੋਈ ਇਸ਼ਾਰਾ ਤੱਕ ਨਹੀਂ ਹੈ। ਹੋਰ ਵੀ ਬਹੁਤੀ ਹੈਰਾਨੀ ਵਾਲੀ ਗੱਲ ਇਹ ਹੈ ਕਿ, ਬ੍ਰਾਹਮਣ ਨੇ ਜਿਸ ਵਿਸ਼ਨੂੰ ਭਗਵਾਨ ਨੂੰ, ਸ੍ਰਿਸ਼ਟੀ ਦਾ ਸਿਰਜਣਹਾਰ, ਪਾਲਣਹਾਰ ਮਾਤਾ-ਪਿਤਾ ਆਦਿ ਲਿਖਿਆ ਹੈ, ਓਸੇ ਵਿਸ਼ਨੂੰ ਰੱਬ ਜੀ ਦੇ ਮੂੰਹੋਂ, ਇਸ ਗ੍ਰੰਥ ਵਿਚ ਕਈ ਥਾਈਂ, **ਬ੍ਰਾਹਮਣ ਨੂੰ ਸੰਸਾਰੀ ਜੀਵਾਂ ਦਾ ਮਾਤਾ-ਪਿਤਾ ਕਹਾਇਆ ਹੋਇਆ** ਹੈ । ਬਾਕੀ ਸਾਰੇ ਅਨਰਥਾਂ ਨਾਲੋਂ ਬ੍ਰਾਹਮਣ ਦੀ ਇਹ ਦਲੇਰੀ ਹੈਰਾਨ ਕਰ ਦੇਣ ਵਾਲੀ ਹੈ ਕਿ ਉਸ ਨੇ ਸ਼ੂਦਰ ਅਥਵਾ ਇਸਤ੍ਰੀ ਬਾਰੇ ਹੇਠੀ ਵਾਲੀ ਭਾਸ਼ਾ ਭਗਵਾਨ ਵਿਸ਼ਨੂੰ ਜੀ ਮੂੰਹੋਂ ਹੀ ਬੁਲਵਾਈ ਹੋਈ ਹੈ । ਅਤੇ ਫਿਰ ਵਿਸ਼ਨੂੰ ਜੀ ਕੋਲੋਂ ਏਥੋਂ ਤੱਕ ਅਖਵਾ ਲਿਆ ਕਿ, " ਬ੍ਰਾਹਮਣ ਦੀ ਖ਼ੁਸ਼ੀ ਵਿਚੋਂ ਹੀ ਮੇਰੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ,, ਅਤੇ ਪਾਪਾਂ ਨੂੰ ਨਾਸ ਕਰ ਸਕਣ ਦੀ ਸ਼ਕਤੀ ਕੇਵਲ ਬ੍ਰਾਹਮਣ ਨੂੰ ਦਿੱਤੇ ਦਾਨ ਵਿਚ ਹੀ ਲੁਕੀ ਹੋਈ ਹੈ "। ਭਗਵਾਨ ਵਿਸ਼ਨੂੰ ਜੀ ਨੂੰ ਪੱਕਾ ਧੜੇਬਾਜ਼, ਪੱਖਪਾਤੀ, ਬ੍ਰਾਹਮਣ ਦਾ ਝੋਲੀ-ਚੁੱਕ ਅਤੇ ਬੇਅਸੂਲਾ ਗੱਪੀ, ਸਿੱਧ ਕਰਨ ਤੋਂ ਲਿਖਾਰੀ ਨੇ ਜ਼ਰਾ ਝਿਜਕ ਨਹੀਂ ਕੀਤੀ। ਭਗਵਾਨ ਆਪਣੀ ਹੀ ਔਲਾਦ ਵਿਚ ਵਿਤਕਰਾ ਕਰਨ ਵਾਲਾ ਬਣਾ ਦਿੱਤਾ । ਅਜੇਹੀਆਂ ਕਈ ਤਰ੍ਹਾਂ ਦੀਆਂ ਕਮੀਆਂ ਦੇ ਹੁੰਦਿਆਂ ਵੀ, ਬਿੱਪ੍ਰ ਜੀ ਦੇ ਲਿਖਣ ਵਿਧੀ ਦਾ ਹੀ ਕਮਾਲ ਹੈ ਕਿ ਹਜ਼ਾਰਾਂ ਸਾਲਾਂ ਤੋਂ ਅਰੰਭ ਹੋ ਕੇ ਅੱਜ ਸਾਇੰਸ ਜੇ ਯੁੱਗ ਵਿਚ ਵੀ ਬ੍ਰਾਹਮਣ-ਭਗਤ ਸਾਰੇ ਹਿੰਦੂ, ਝੂਠ ਦੀ ਪੂਜਾ ਕਰੀ ਜਾ ਰਿਹਾ ਹੈ । ਬ੍ਰਾਹਮਣ ਦੀ ਲਿਖਣ ਸ਼ੈਲੀ ਦੀ ਜਾਦੂਗਿਰੀ ਦਾ ਹੀ ਕਮਾਲ ਹੈ ਕਿ ਨਿਆਰੇ ਸਤਿਗੁਰੂ ਨਾਨਕ ਜੀ ਸਾ ਸਿੱਖ ਵੀ ਪੈਰਾਂ ਤੋਂ ਹਿਲ ਚੁੱਕਾ ਹੈ। ਸਚੁ ਦੀ ਪਛਾਣ ਮੁਢੋਂ ਹੀ ਭੁੱਲ ਜਾਣ ਦਾ ਬੜਾ ਉਜਾਗਰ ਸਬੂਤ, ਹਰਿਮੰਦਰ ਸਾਹਿਬ ਦੇ ਚੌਗਿਦੇ ਵਾਲੇ ਸਰੋਵਰ ਦੇ ਕੰਢੇ ਤੇ ਦੁਖਭੰਜਣੀ ਬੇਰੀ ਅਤੇ ਦੀਵਾਲੀ ਵਾਲੀ ਰਾਤ ਦੀਪ-ਮਾਲਾ ਅਤੇ ਆਤਸ਼ਬਾਜ਼ੀ ਦੁਆਰਾ ਸਤਿਗੁਰਾਂ ਦੇ ਪਾਵਨ ਦਰਬਾਰ ਦੀ ਥਾਂ ਵਿਚ ਮਚ ਰਿਹਾ **ਤਕੜਾ ਘੜਮੱਸ।**

੬- **ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ ਹਮ ਪਾਪੀ ਹਮ ਪਾਪੀ**
**ਨਿਰਗੁਣ ਦੀਨ ਤੁਮ੍ਾਰੇ ਰਾਮ ॥ ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ ॥**
**ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥ ਸਤਿਗੁਰ ਭੇਟਿ ਰਾਮ ਰਸੁ ਪਾਇਆ**
**ਜਨ ਨਾਨਕ ਨਾਮਿ ਉਧਾਰੇ ॥ ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ ੪ ॥**[੫੭੫]-੪

੬

# ਮਿਰਤਕ ਸੰਸਕਾਰਾਂ ਦਾ ਸੰਖੇਪ ਵੇਰਵਾ

ਗਰੁੜ ਪੁਰਾਣ ਦੇ ਅਧਾਰ ਤੇ ਪ੍ਰੋ: ਸਾਹਿਬ ਸਿੰਘ ਜੀ ਨੇ, ਹਿੰਦੂ ਧਰਮ ਵਿਚ ਪਰਚਲਤ ਮਿਰਤਕ ਸੰਸਕਾਰਾਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈਂ:---

ਜਦੋਂ ਵੀ ਕਿਸੇ ਹਿੰਦੂ ਦੇ ਘਰ ਵਿਚ ਕੋਈ ਪ੍ਰਾਣੀ ਮਰਨ ਲਗਦਾ ਹੈ ਤਾਂ ਉਸ ਦੇ ਪੁੱਤਰ ਇਸਤ੍ਰੀ ਆਦਿਕ ਵਾਰਸ, ਉਸ ਨੂੰ ਮੰਜੇ ਤੋਂ ਹੇਠਾਂ ਲਾਹ ਲੈਂਦੇ ਹਨ । ਭੁੰਜੇਂ ਦੱਭ ਵਿਛਾ ਕੇ ਉਪਰ ਕਪੜਾ ਆਦਿ ਵਿਛਾ ਦੇਣ ਦੀ ਮਰਯਾਦਾ ਹੈ । ਉਸ ਦੇ ਹਥ ਦੀ ਤਲੀ ਤੇ ਆਟੇ ਦਾ ਦੀਵਾ ਰੱਖ ਕੇ ਜਗਾ ਦਿੰਦੇ ਹਨ । ਦੀਵੇ ਵਿਚ ਬ੍ਰਾਹਮਣ ਦੀ ਭੇਟਾ ਲਈ ਸਮਰਥਾ ਅਨੁਸਾਰ ਅਠਿਆਨੀ, ਰੁਪਈਆ ਆਦਿਕ ਚਾਂਦੀ ਸੋਨੇ ਦਾ ਸਿੱਕਾ ਪਾ ਦਿੰਦੇ ਹਨ, ਅਖੇ ਮਰਨ ਵਾਲੇ ਦੀ ਆਤਮਾ ਨੇ ਅੱਗੇ ਬੜੇ ਹਨੇਰੇ ਪੈਂਡਿਆਂ ਵਿਚਦੀ ਲੰਘਣਾ ਹੈ ਜਿਥੇ ਰਾਹ-ਖਹਿੜਾ ਵੇਖਣ ਲਈ ਉਸ ਨੂੰ ਚਾਨਣ ਦੀ ਲੋੜ ਪੈਂਦੀ ਹੈ । ਇਹ ਦੀਵਾ ਉਸ ਹਨੇਰੇ ਰਸਤੇ ਵਿਚ ਚਾਨਣ ਕਰਦਾ ਹੈ ਤੇ ਮਾਇਆ ਰਸਤੇ ਵਿਚਲੇ ਖ਼ਰਚਾਂ ਦਾ ਬੁੱਤਾ ਸਾਰਦੀ ਹੈ ।

ਦੇਹ ਦਾ ਸਸਕਾਰ ਕਰਨ ਤੋਂ ਪਹਿਲਾਂ ਜਵਾਂ ਦੇ ਆਟੇ ਦੇ ਪੇੜੇ ਪਤਲਾਂ ਉਤੇ ਰੱਖ ਕੇ ਮਣਸੇ ਜਾਂਦੇ ਹਨ । ਬ੍ਰਾਹਮਣ ਪੁਰਾਣ ਆਦਿਕ ਦੇ ਮੰਤ੍ਰ ਪੜ੍ਹਦਾ ਹੈ । ਘਰੋਂ ਤੁਰ ਕੇ ਮਸਾਣਾਂ ਤੋਂ ਉਰੇ ਅੱਧਵਾਟੇ (ਅੱਧਮਾਰਗੀ) ਮ੍ਰਿਤਕ ਦਾ ਫੱਟਾ ਭੁੰਞੇ ਰੱਖ ਦਿੱਤਾ ਜਾਂਦਾ ਹੈ । ਉਸ ਅੱਧ ਮਾਰਗ ਤੇ ਘਰੋਂ ਲਿਆਂਦਾ ਕੋਰਾ ਭਾਂਡਾ ਭੰਨ ਦਿੰਦੇ ਹਨ, ਤੇ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਬਹੁਤ ਉਚੀ ਡਰਾਉਣੀ ਆਵਾਜ਼ ਵਿਚ ਢਾਹ ਮਾਰਦਾ ਹੈ । ਇਸ ਭਿਆਨਕ ਢਾਹ ਨਾਲ ਮਿਰਤਕ ਦੀ ਆਤਮਾ ਨੂੰ ਡਰਾਉਂਦੇ ਹਨ ਜੋ ਸਰੀਰ ਦਾ ਮੋਹ ਕਰਕੇ ਮੁਰਦੇ ਦੇ ਦੁਆਲੇ ਭੌਂਦੀ ਰਹਿੰਦੀ ਹੈ । ਨੇੜਾਂ ਆਦਿ ਮਿਰਤਕ ਦੀ ਪ੍ਰਦੱਖਣਾ ਕਰਕੇ ਮੱਥਾ ਟੇਕਦੀਆਂ ਹਨ ।

ਸਸਕਾਰ ਕਰਨ ਵੇਲੇ ਬ੍ਰਾਹਮਣ ਕੁਝ ਮੰਤ੍ਰ ਪੜ੍ਹਦਾ ਹੈ । ਸੜਨੋ ਬਚੀਆਂ ਹੱਡੀਆਂ (ਅਸਥੀਆਂ) ਹਰਦੁਆਰ ਵਿਖੇ ਗੰਗਾ ਨਦੀ ਵਿਚ ਪਾਈਆਂ ਜਾਂਦੀਆਂ ਹਨ ਅਤੇ ਓਥੋਂ ਦੇ ਬ੍ਰਾਹਮਣਾਂ ਨੂੰ ਦਾਨ ਦੇਣਾਂ ਪ੍ਰਾਣੀ ਦੀ ਗਤੀ ਲਈ ਜ਼ਰੂਰੀ ਸੰਸਕਾਰ ਹਨ ।

ਮਰਨ ਪਿਛੋਂ ੧੩ ਦਿਨਾਂ ਤੱਕ ਹਰੇਕ ਪ੍ਰਾਣੀ ਦੀ ਆਤਮਾ ਪ੍ਰੇਤ ਬਣ ਕੇ ਆਪਣੇ ਘਰਾਂ ਦੇ ਦੁਆਲੇ ਭੌਂਦੀ ਰਹਿੰਦੀ ਹੈ । ਸ਼ਰੀਕੇ ਬਰਾਦਰੀ ਦੇ ਘਰਾਂ ਵਿਚੋਂ ਇਸਤ੍ਰੀ ਮਰਦ ਰਾਤ ਨੂੰ ਮਰਨ ਵਾਲੇ ਦੇ ਪਰਵਾਰ ਕੋਲ ਆ ਸੌਂਦੇ ਹਨ । ੧੩ ਦਿਨਾਂ ਤਾਂਈਂ ਪਹਿਰ ਰਾਤ ਨਾਲ ਉੱਠ ਕੇ ਮਰੇ ਪ੍ਰਾਣੀ ਦਾ ਪੁੱਤਰ, ਭਰਾ ਆਦਿਕ ਡਰਾਉਣੀ ਢਾਹ ਮਾਰਦਾ ਹੈ ਤਾਂ ਜੋ ਆਤਮਾ ਡਰ ਕੇ ਚਲੀ ਜਾਏ । (ਇਹ ਕੁਝ ਬ੍ਰਾਹਮਣ ਨੇ ਆਪਣੇ ਅਧਿਕਾਰ ਨਾਲ ਹੀ ਵਾਧਾ ਕੀਤਾ ਹੋਇਆ ਹੈ । ਗਰੁੜ ਪੁਰਾਣ ਇਸ ਮਰਯਾਦਾ ਬਾਰੇ ਚੁੱਪ)

ਤੇਰ੍ਹਵੇਂ ਦਿਨ ਅਚਾਰੀਆ (ਬਿੱਪ੍ਰ) ਆ ਕੇ ਕਿਰਿਆ ਦੀ ਰਸਮ ਕਰਾਉਂਦਾ ਹੈ । ਇਹ ਮਰਯਾਦਾ ਵਿਛੜੀ ਆਤਮਾ ਨੂੰ ਪ੍ਰੇਤ ਜੂਨ ਵਿਚੋਂ ਕੱਢ ਕੇ ਪਿਤਰ-ਲੋਕ ਤੱਕ ਅਪੜਾਉਣ ਵਾਸਤੇ ਕੀਤੀ ਜਾਂਦੀ ਹੈ । ਅਖੇ, ਪਿਤਰ-ਲੋਕ ਤਕ ਅਪੜਨ ਵਾਸਤੇ ੩੬੦ ਦਿਨ ਲੱਗਦੇ ਹਨ । ਪੈਂਡਾ ਅਣਡਿੱਠਾ ਅਤੇ ਹਨੇਰਾ ਹੁੰਦਾ ਹੈ । ਇਸ ਵਾਸਤੇ ਕਿਰਿਆ ਕਰਨ ਵੇਲੇ ੩੬੦ ਦੀਵਾ-ਵੱਟੀਆਂ ਤੇ ਲੋੜੀਂਦਾ ਤੇਲ ਲਿਆ ਕੇ ਰੱਖ ਲਿਆ ਜਾਂਦਾ ਹੈ । ਜਦੋਂ ਵੇਦ-ਮੰਤ੍ਰ ਆਦਿਕ ਪੜ੍ਹਨ ਦੀ ਰਸਮ ਪੂਰੀ ਹੋ ਜਾਂਦੀ ਹੈ, ਤਾਂ ਉਹ ਵੱਟੀਆਂ ਇਕੱਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਮਰੇ ਪ੍ਰਾਣੀ ਨੂੰ ਪਿਤ੍ਰ ਲੋਕ ਦੇ ਲੰਮੇ ਪੈਂਡੇ ਵਿਚ ੩੬੦ ਦਿਨ ਚਾਨਣ ਮਿਲਦਾ ਹੈ । ਇਨ੍ਹਾਂ ਤੋਂ ਇਲਾਵਾ ਵੀ ਛਨਿਛੱਰ ਦੇ ਮੰਦਰ ਵਿਚ ਸਾਲ ਭਰ ਰੋਜ਼ ਦੀਵਾ ਜਗਾਉਣ ਲਈ ਤੇਲ ਭੇਜਿਆ ਜਾਂਦਾ ਹੈ । ਕਿਰਿਆ ਵਾਲੇ ਦਿਨ ਤੋਂ ਲੈ ਕੇ ਇੱਕ ਸਾਲ ਹਰ ਰੋਜ਼ ਬ੍ਰਾਹਮਣ ਨੂੰ ਦੱਛਣਾ ਦੇ ਨਾਲ ਭੋਜਨ ਖੁਆਣਾ ਜ਼ਰੂਰੀ ਹੈ ।

ਸਸਕਾਰ ਕਰਨ ਤੋਂ ਪਿਛੋਂ ਕਿਰਿਆ ਵਾਲੇ ਦਿਨ ਤਕ **ਗਰੁੜ-ਪੁਰਾਣ** ਦੀ ਕਥਾ ਵੀ ਜ਼ਰੂਰ ਕਰਾਈ ਜਾਂਦੀ ਹੈ । ਪ੍ਰੇਤ ਕਰਮ ਕਰਨ ਨਾਲ ਪ੍ਰਾਣੀ ੧੦ (ਦਸ) ਦਿਨਾਂ ਵਿਚ ਹੀ ਸਾਰੇ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ । ਗਰੁੜ ਪੁਰਾਣ ਨੂੰ ਸੁਣਨ ਸੁਨਾਉਣ ਵਾਲੇ ਵੀ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ । ਇਸ ਪੁਰਾਣ ਦੇ ਵਾਚਣ ਵਾਲੇ ਬ੍ਰਾਹਮਣ ਨੂੰ ਕੱਪੜੇ, ਗਹਿਣੇ, ਗਊ, ਅੰਨ, ਸੋਨਾਂ, ਜ਼ਿਮੀਨ ਆਦਿਕ ਸਭ ਕੁਝ ਦਾਨ ਕਰਨਾ ਚਾਹੀਦਾ ਹੈ, ਨਹੀਂ ਤਾਂ ਫਲ ਦੀ ਪ੍ਰਾਪਤੀ ਨਹੀਂ ਹੁੰਦੀ । ਵਿਸ਼ਨੂੰ ਜੀ ਦਾ ਫ਼ੁਰਮਾਨ ਹੈ--ਹੇ ਗਰੁੜ ! ਗਰੁੜ ਪੁਰਾਣ ਦੀ ਕਥਾ ਸੁਨਾਉਂਣ ਵਾਲਾ ਜੇ ਪ੍ਰਸੰਨ ਹੋ ਜਾਵੇ ਤਾਂ ਮੈਂ ਵੀ ਉਸ ਨੂੰ ਦਾਨ ਕਰਨ ਵਾਲੇ ਉਤੇ ਪ੍ਰਸੰਨ ਹੋ ਜਾਂਦਾ ਹਾਂ ।

ਵਰ੍ਹੇ ਪਿਛੋਂ ਮਰਨ ਦੀ ਥਿਤ ਉਤੇ ਹੀ ਵਰ੍ਹੀਣਾ ਕੀਤਾ ਜਾਂਦਾ ਹੈ । **ਖ਼ੁਰਾਕ ਦੇ ਇਲਾਵਾ ਵਿਛੜੇ ਪ੍ਰਾਣੀ ਵਾਸਤੇ ਭਾਂਡੇ ਬਸਤ੍ਰ ਆਦਿਕ ਭੇਜੇ ਜਾਣ ਲਈ ਬ੍ਰਾਹਮਣ ਨੂੰ ਦੇ ਦੇਣੇ ਚਾਹੀਦੇ ਹਨ ।** ਇਸ ਤੋਂ ਪਿਛੋਂ ਹਰ ਸਾਲ ਸਰਾਧਾਂ ਦੇ ਦਿਨਾਂ ਵਿਚ ਉਸ ਥਿਤ ਤੇ ਬ੍ਰਾਹਮਣਾਂ ਨੂੰ ਦੱਛਣਾ ਸਮੇਤ ਭੋਜਨ ਖੁਆਇਆ ਜਾਂਦਾ ਹੈ । **ਇਹ ਵੀ ਵਿਛੜੇ ਸੰਬੰਧੀ ਨੂੰ ਅਪੜਾਉਣ ਲਈ ਹੀ ਹੁੰਦਾ ਹੈ ।** (ਇਹ ਚੱਕਰ ਮਰਨ ਵਾਲੇ ਦੇ ਪਿੱਛੋਂ ਸੱਤ ਪੀਹੜੀਆਂ ਤੱਕ ਚੱਲਦਾ **ਹੈ** ) । ਸ਼ਾਇਦ ਹੀ ਹੈ ਜੇ ਕੋਈ ਵਿਰਲਾ ਗੁਰਮੁੱਖ ਪਰਵਾਰ ਕਿਰਿਆ ਕਰਮ ਦੇ ਇਸ ਝਮੇਲੇ ਤੋਂ ਪੂਰੀ ਤਰ੍ਹਾਂ ਬਚਿਆ ਹੋਇਆ ਹੋਵੇ, ਨਹੀਂ ਤਾਂ ਸਾਰਾ ਸਿੱਖ ਜਗਤ ਇਸ ਕਰਮਕਾਂਡੀ ਮਿਰਤਕ ਸੰਸਕਾਰਾਂ ਵਾਲੀ ਦੁਖਦਾਈ ਜਿਲ੍ਹਣ ਵਿਚ, ਕਿਸੇ ਨ ਕਿਸੇ ਰੂਪ ਵਿਚ ਫਸ ਚੁੱਕਾ ਹੈ । **ਜਬ ਇਹ ਗਹੇ ਬਿੱਪ੍ਰਨ ਕੀ ਰੀਤ ...............?**

੫

## ਵੇਦਾਂਤੀ ਸੰਨਿਆਸੀ ਅਤੇ ਗਰੁੜ ਪੁਰਾਣ

ਜੇ ਕੇਵਾ ਦਾਸ ਹੀ ਜਾਂ ਕੋਈ ਹੋਰ ਅਨਮਤੀਆ ਇਹ ਲਿਖਦਾ ਕਿ, " **ਗਰੁੜ ਪੁਰਾਣ ਲੋਕਾਂ ਨੂੰ ਭਰਮ ਵਿਚ ਫਸਾ ਕੇ ਲੁੱਟ ਖਾਣ ਲਈ ਬਣਿਆਂ ਇੱਕ ਦੁਖਦਾਈ ਲੁੱਟ-ਸਾਧਨ ਹੈ** " ਤਾਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਜਾਣ ਦੀ ਸੰਭਾਵਣਾ ਬਣ ਸਕਦੀ ਸੀ। ਪਰ, ਆਉ ਗਰੁੜ-ਪੁਰਾਣ ਬਾਰੇ ਇੱਕ ਹਿੰਦੂ ਸੰਨਿਆਸੀ ਦੇ ਵਿਚਾਰ ਜਾਣ ਲਈਏ। ਹਿੰਦੂਆਂ ਦੇ ਘਰ ਜਨਮੇ ਅਤੇ ਪਰਵਾਨ ਚੜ੍ਹੇ, **ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ,** ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ । ਇਸ ਮਹਾਂ ਪੁਰਖ ਦਾ ਜ਼ਿਕਰ ਅਸਾਂ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਕਈ ਥਾਂਈ ਕੀਤਾ ਹੈ। ਉਨ੍ਹਾਂ ਨੇ ਵੇਦਾਂਤ ਤੇ ਕਈ ਗ੍ਰੰਥ ਲਿਖੇ ਅਤੇ ਪੁਰਸਕਾਰ ਲਏ। ਸਵਾਮੀ ਜੀ ਦੀ ਲਗ-ਪਗ ਸਾਰੀ ਉਮਰ ਵੇਦਾਂ ਸ਼ਾਸਤ੍ਰਾਂ ਆਦਿ ਹਿੰਦੂ-ਧਰਮ ਗ੍ਰੰਥਾਂ ਨੂੰ ਪੜ੍ਹਨ ਵਿਚ ਅਤੇ ਉਨ੍ਹਾਂ ਦੇ ਅਧਾਰ ਤੇ ਗ੍ਰੰਥ ਲਿਖਣ ਵਿਚ ਹੀ ਗੁਜ਼ਰੀ । ਪਿਛਲੀ ਉਮਰੇ ਸਵਾਮੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਪੜ੍ਹੀ ਤਾਂ ਉਨ੍ਹਾਂ ਨੂੰ, ਹੋਰ ਸਾਰੇ ਧਰਮ-ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ, ਸ਼ਰਮਸਾਰੀ ਦੀ ਹਾਲਤ ਵਿਚ, ਸਿਰ ਨਿਵਾਈ ਖੜੇ ਦਿੱਸ ਆਏ । ਉਨ੍ਹਾਂ ਨੇ " **ਸਰਵੋਤਮ ਧਰਮਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਰਵੋਤਮ ਧਰਮ, ਖਾਲਸਾ ਪੰਥ** " ਇਕ ਛੋਟੀ ਜਿਹੀ ਪੁਸਤਕ ਲਿਖ ਕੇ ਲੋਕਾਂ ਵਿਚ ਵੰਡੀ ਹੋਈ ਹੈ। ਉਸ ਕਿਤਾਬਚੇ ਵਿਚ ਉਨ੍ਹਾਂ ਨੇ ਗਰੁੜ ਪੁਰਾਣ ਬਾਰੇ ਇਸ ਪ੍ਰਕਾਰ ਲਿਖਿਆ ਹੈ:--

> ਗਰੁੜ ਪੁਰਾਣ ਵਿਚ ਲਿਖਿਆ ਹੈ ਕਿ, ਮ੍ਰਿਤ ਜੀਵ ਆਪਣੇ ਦੁਸ਼ਕਰਮਾਂ ਕਰਕੇ ਨਰਕਾਂ ਚ ਜਾਂਦਾ ਹੈ, ਪਰ ਉਥੇ ਉਸ ਨੂੰ ਅੰਨ-ਪਾਣੀ, ਕੱਪੜਾ, ਜੁੱਤੀ, ਛੱਤਰੀ ਆਦਿ ਸਮਾਨ ਪਿਛੇ ਰਹੇ ਕੁਟੰਬੀਆਂ ਦਾ ਦਿਤਾ ਬ੍ਰਾਹਮਣਾਂ ਰਾਹੀਂ ਪੁੱਜਦਾ ਹੈ । ਨਾ ਕੇਵਲ ਨਰਕ ਚ ਸਗੋਂ ਸੁਰਗ ਚ ਵੀ ਸੁਖ ਦੇ ਸਾਰੇ ਸਾਧਨ ਪਿਛੇ ਰਹੇ ਸੰਬੰਧੀਆਂ ਦੇ ਬ੍ਰਾਹਮਣ ਨੂੰ ਦੇਣ ਨਾਲ ਹੀ ਪੁੱਜਦੇ ਹਨ । ਕਿਵੇਂ ਚੰਗਾ ਬਿਸਤਰਾ, ਪਲੰਘ ਤੇ ਵਿਛਾ ਕੇ ਉਪਰ ਬ੍ਰਾਹਮਣ ਦੇਵਤੇ ਨੂੰ ਬਿਠਾ ਕੇ ਝੂਟੇ ਦਿੱਤੇ ਜਾਂਦੇ ਹਨ ਤਾਂ ਜੋ ਮ੍ਰਿਤ ਜੀਵ ਨੂੰ ਵੀ ਸੁਰਗ ਚ ਬਿਸਤਰਿਆਂ ਵਾਲਾ ਪਲੰਗ ਮਿਲੇ ਤੇ ਧਰਤੀ ਤੇ ਹਡ ਨਾ ਰਗੜਨੇ ਪੈਣ । ਪਰ ਇਹ ਸਾਰਾ ਸਾਮਾਨ ਤਾਂ ਬ੍ਰਾਹਮਣ ਦੇ ਘਰ ਹੀ ਵਰਤਿਆ ਜਾਂਦਾ ਹੈ, ਪਤਾ ਨਹੀਂ ਨਰਕ ਸੁਰਗ ਵਿਚ ਕਿਹੜਾ ਪਾਰਸਲ ਜਾਂਦਾ ਹੈ ?

ਪਰ ਹੇ ਨਿਸ਼ਕਪਟ ਸੰਨਿਆਸੀ ਜੀਓ ! ਤੁਸੀ ਇਹ ਲਿਖਣਾ ਕਿਸ ਕਾਰਨ ਸੰਗ ਗਏ ਕਿ--ਹੇ ਖ਼ਾਲਸਾ ਜੀਓ ! ਤੁਸੀਂ ਤਾਂ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਦੇ ਸਿੱਖ ਹੋ ਜਿਨ੍ਹਾਂ ਦਾ ਇਹ ਫ਼ੁਰਮਾਨ>>

੭- **ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ**

**ਪਿਤਰੀ ਚੋਰੁ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥**
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥** [੪੭੨]-ਵਾ-੧੭

<<ਤਾਂ ਤੂੰ ਨਿਤ ਆਸਾ ਜੀ ਦੀ ਵਾਰ ਵਿਚ ਸੁਣਦੇ ਅਤੇ ਗਾਉਂਦੇ ਹੋ, ਤੁਸੀਂ ਮ੍ਰਿਤਕ ਦੇ ਨਿਮਿਤ ਅਖੰਡ ਪਾਠ ਦਾ ਉਹਲਾ ਬਣਾ ਕੇ ਦਾਨ ਪੁੰਨ ਕਰਕੇ ਆਪਣੇ ਸਤਿਗੁਰਾਂ ਦੇ ਹੁਕਮ ਦੀ ਉਲੰਙਣਾ ਕਿਸ ਕਾਰਨ ਕਰਦੇ ਹੋ ?

ਗੁਰੜ ਪੁਰਾਣ ਚ ਇਹ ਵੀ ਲਿਖਿਆ ਹੈ ਕਿ ਮਰਨ ਉਪਰੰਤ ਜੀਵ ਨੂੰ ਵੈਤਰਨੀ ਨਾਂ ਦੀ ਨਦੀ ਪਾਰ ਕਰਨੀ ਹੁੰਦੀ ਹੈ ।ਇਹ ਲਹੂ ਰਾਧ ਦੀ ਭਰੀ ਹੋਈ ਭਿਆਨਕ ਨਦੀ ਹੈ ਤੇ ਇਸ ਨੂੰ ਪਾਰ ਕਰਨ ਲਈ ਗਊ ਦੀ ਪੂਛ ਫੜਨੀ ਪੈਂਦੀ ਹੈ, ਪਰ ਉਹ ਗਊ ਉਸ ਨੂੰ ਪਾਰ ਕਰਦੀ ਹੈ ਜਿਸ ਨੇ ਜੀਊਂਦਿਆਂ ਗਊ ਦਾਨ ਕੀਤੀ ਹੋਵੇ । ਸੋ ਗਊ ਦਾਨ ਹਰ ਕਿਸੇ ਲਈ ਜ਼ਰੂਰੀ ਹੈ ..... । ਪਰੰਤੂ ਇਸ ਭੈ ਭਰੀ ਕਥਾ ਦਾ ਮਹਲ ਥਾਂ ਥਾਂ ਤੋਂ ਤਿੜਕਿਆ ਨਜ਼ਰੀਂ ਆਉਂਦਾ ਹੈ,, ਜੇ ਰਤਾ ਮਾਸਾ ਵੀ ਤਰਕ ਵਰਤੀਏ । ਮਨ ਲਵੋ ਦਾਨ ਕੀਤੀ ਗਊ ਵੇਤਰਨੀ ਪਾਰ ਕਰਾਉਂਦੀ ਹੈ, ਜੇ ਮਰਨ ਵਾਲੇ ਪ੍ਰਾਣੀ ਦੇ ਨਾਲ ਹੀ ਸੁਰਗ ਸਿਧਾਰ ਜਾਂਦੀ ਤਾਂ ਮੰਨਿਆਂ ਜਾ ਸਕਦਾ ਸੀ ਕਿ ਉਹ ਮਿਰਤਕ ਨੂੰ ਪਾਰ ਕਰਨ ਲਈ ਨਾਲ ਚਲੀ ਗਈ ਹੈ । ਇਸ ਤੋਂ ਬਿਨਾਂ ਪਾਪੀ ਆਦਮੀ ਤਾਂ ਪਾਪ ਕਰਮਾਂ ਦਾ ਫਲ ਭੋਗਣ ਲਈ ਵੈਤਰਨੀ ਚ ਜਾ ਵੀ ਸਕਦਾ ਹੈ, ਪਰ ਗਊ ਵਿਚਾਰੀ ਨੇ ਤਾਂ ਕੋਈ ਪਾਪ ਨਹੀਂ ਕੀਤਾ, ਉਸ ਨੂੰ ਪੁਰਾਣਚਾਰੀਆਂ ਨੇ ਕਿਸ ਕਸੂਰ ਬਦਲੇ ਅਜਿਹੀ ਸਜ਼ਾ ਦਿਤੀ ਹੈ ? ਅਜਿਹੇ ਧਰਮ ਵਿਧਾਨ ਸ਼ਰਧਾਲੂ ਜਨਤਾ ਨੂੰ ਲੁੱਟਣ ਦੇ ਹੀਲਿਆਂ ਤੋਂ ਬਿਨਾ ਹੋਰ ਕੁਝ ਨਹੀਂ ਕਹੇ ਜਾ ਸਕਦੇ, ਇਸ ਲਈ ਇਹ (ਪੁਰਾਣ ਲਿਖਣ ਵਾਲੇ ਬ੍ਰਾਹਮਣ) ਪਾਪਾਚਾਰੀ ਹਨ ਤੇ ਪੁੰਨ ਆਤਮਾ ਪ੍ਰਭੂ ਦੇ ਭਗਤਾਂ ਦੇ ਮਨ ਚ ਭੈ ਪੈਦਾ ਕਰਨ ਕਰਕੇ ਖਿਮਾ ਕਰਨ ਯੋਗ ਨਹੀਂ ਹਨ ।

ਮਰੇ ਪ੍ਰਾਣੀ ਦੀ ਗਤੀ ਲਈ ਪੁਰਾਣ ਵਿਚ ਲਿਖਿਆ ਹੈ ਕਿ ਉਸ ਦੇ ਸਬੰਧੀ ਸਿਰ ਮੁਨਵਾ ਕੇ ਭਾਰਤ ਦੇ ਸਾਰੇ ਤੀਰਥਾਂ ਤੇ ਜਾਣ ਅਤੇ ਪਿੰਡ ਦਾਨ, ਸ਼ਰਾਧ ਆਦਿ ਕਰਮ ਕਰਵਾਉਣ ...... । ਪਰ ਕਿਹੜਾ ਭਾਰਤ ਦੇ ਸਰਬੱਤ ਤੀਰਥਾਂ ਤੇ ਜਾ ਕੇ ਇਸ ਤਰ੍ਹਾਂ ਕਰ ਸਕਦਾ ਹੈ ? ... ਸੋ ਇਸ ਤੋਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਰੀ ਮਨੁੱਖ ਜਾਤੀ ਹੀ ਅਵਗਤ ਜਾਵੇਗੀ, ਪਰ ਇਹ ਇੱਕ ਮੂਰਖ ਕਲਪਨਾ ਹੀ ਹੈ ਜਿਸ ਦੇ ਸਿਰ ਪੈਰ ਹੀ ਨਾ ਹੋਣ । ]

ਇਥੇ ਹੀ ਬੱਸ ਨਹੀਂ, ਪੁਰਾਣ-ਚਾਰੀਆਂ ਨੇ ਭੋਲੀ ਭਾਲੀ ਜਨਤਾ ਉਤੇ ਆਪਣੇ ਬਾਮ-ਮਾਰਗੀ ਵਿਧਾਨ ਦਾ ਫੌਲਾਦੀ ਪੰਜਾ ਪੱਕਾ ਕਰਨ ਲਈ ਅਨੇਕ ਮਿਥਿਆ ਕਥਾਵਾਂ ਰਚ ਦਿੱਤੀਆਂ ਹਨ ਤੇ ਇਨ੍ਹਾਂ ਕਥਾਵਾਂ ਦੇ ਨਾਇਕ ਹਨ ਰਾਜਾ ਦਸ਼ਰਥ ਵਰਗੇ ਧਰਮਾਤਮਾ ਤੇ ਰਾਜੇ ਜਨਕ ਜਿਹੇ ਤਤ੍ਵ ਗਿਆਨੀ, ਤਾਂ ਜੋ ਕੋਈ ਵੀ ਇਨ੍ਹਾਂ ਕਰਮ-ਕਾਂਡਾਂ ਬਾਰੇ ਕਿੰਤੂ ਨਾ ਕਰ ਸਕੇ । ਉਦਾਹਰਣ ਵਜੋਂ ਇਕ ਥਾਂ ਲਿਖਿਆ ਹੈ ਕਿ ਰਾਜਾ ਦਸ਼ਰਥ ਨੇ ਸੁਰਗ ਤੋਂ ਆ ਕੇ ਗਯਾ ਚ ਸੀਤਾ ਦੇ ਦਾਨ ਕੀਤੇ ਰੇਤ ਦੇ ਪਿੰਨੇ ਖਾਧੇ ਸਨ, ਤੇ ਭੀਸ਼ਮ ਪਿਤਾਮਾ ਦੇ ਪਿਤਾ ਸ਼ਾਂਤਨੂੰ ਨੇ ਸੁਰਗ ਤੋਂ ਆ ਕੇ ਜੌਆਂ ਦੇ ਪਿੰਨੇ ਖਾਧੇ ਸਨ । ਅਜੇਹੀਆਂ ਕਥਾਵਾਂ ਦਾ ਯਥਾਰਥ ਨਾਲ ਰੰਚਕ ਵੀ ਵਾਸਤਾ ਨਹੀਂ । ਕੀ ਹਾਸੋਹੀਣੀ ਪਸ਼ੂਤਾ ਨਹੀਂ ਕਿ ਰਾਜਾ ਜਨਕ ਜਿਹਾ ( ਜਿਸ ਨੂੰ ਪੁਰਾਣਾਚਾਰੀਆਂ ਨੇ ਆਪ ਹੀ ਬ੍ਰਹਮਲੀਨ ਵਿਅਕਤੀ ਕਿਹਾ ਹੈ ) ਵੀ ਆਪਣੀ ਗਤੀ ਕਰਾਉਣ ਗਯਾ ਆਦਿ ਤੇ ਭਟਕਦਾ ਫਿਰੇ ?

ਪਰ ਜੇ ਅਸੀ ਦਲੀਲਬਾਜ਼ੀ ਨੂੰ ਲਾਂਭੇ ਰੱਖ ਕੇ ਮੰਨ ਲਈਏ ਕਿ ਇਨ੍ਹਾਂ ਸਿਮਿਰਤੀਆਂ ਅਤੇ ਪੁਰਾਣਾ ਦੀ ਵਾਣੀ ਸੱਚੀ ਹੈ ਤਾਂ ਇਹ ਸੁਤੇ ਹੀ ਮੰਨਣਾ ਪਏਗਾ ਕਿ ਇਹ ਵਾਣੀ ਆਪਣੇ ਉਪਾਸ਼ਕਾਂ ਦੇ ਮ੍ਰਿਤ ਜੀਵਾਂ ਦੀ ਗਤੀ ਹੋਣਾ ਵੀ ਬਰਦਾਸ਼ਤ ਨਹੀਂ ਕਰ ਸਕਦੀ, ਕਿਉਂਕਿ ਉਨ੍ਹਾਂ ਦੀ ਗਤੀ ਉਨ੍ਹਾਂ ਦੇ ਆਪਣੇ ਕਰਮਾਂ ਦੇ ਅਧੀਨ ਨਹੀਂ ਹੈ, ਸਗੋਂ ਉਸ ਦੇ **ਪਿਛਲੀਆਂ ਸੱਤ ਜਾਂ ਵੱਧ ਪੀੜ੍ਹੀਆਂ ਚ** ਜਾ ਕੇ ਮੁੱਕਦਾ ਹੈ ਤੇ ਸਮਾਨੋਦਕ (ਭਾਵ, ਉਹ ਰਿਸ਼ਤੇਦਾਰ ਜਿਸ ਨੂੰ ਜਿਸ ਨੂੰ ਤਰਪਣ ਚ ਦਿੱਤਾ ਜਾਂਦਾ ਪਾਣੀ ਮਿਲੇ) **ਸੰਬੰਧ ੧੪ਵੀਂ ਪੀੜ੍ਹੀ ਚ** ਜਾ ਕੇ, ਜਨਮ ਤੇ ਨਾਉਂ ਦਾ ਪਤਾ ਮਿਟ ਜਾਨ ਤੇ ਖਤਮ ਹੁੰਦਾ ਹੈ । ਭਾਵ ਇਹ ਕਿ ਸੱਤ ਪੀੜ੍ਹੀਆਂ ਨੂੰ ਤਾਂ ਪਿੰਡਦਾਨ ਸ਼ਰਾਧ ਆਦਿ ਕਰਮ ਆਪਣੇ ਪਹਿਲਾਂ ਮੋਏ ਪੂਰਵਜ ਲਈ ਕਰਨੇ ਹੀ ਪੈਣਗੇ, ਕਿਉਂਕਿ ਉਸ ਦਾ ਰਾਸ਼ਨ-ਕਾਰਡ ਉਨ੍ਹਾਂ ਦੇ ਦਾਨ ਤੇ ਨਿਰਭਰ ਹੈ, ਨਹੀਂ ਤਾਂ ਉਹ ਭੁੱਖੇ ਮਰ ਜਾਣਗੇ । ਉਸ ਨੂੰ ਜਲ ਤਾਂ ਪਿਛਲੇ ਸੰਬੰਧੀ ਹੀ ਪੁਚਾਉਂਦੇ ਹਨ । (**ਕਿੰਨਾ ਲੰਬਾ ਅਤੇ ਪੱਕਾ ਜਾਲ ਹੈ ਲੁੱਟ-ਚੋਂਘ ਦਾ**) ਸੋ ਬ੍ਰਹਮ-ਗਿਆਨੀ ਮਰੇ, ਮਹਾਂ-ਯੋਗੀ ਮਰੇ, ਰਿਸ਼ੀ, ਮੁਨੀ, ਈਸ਼ਵਰ ਭਗਤ ਮਰੇ ਜਾਂ ਕੋਈ ਸੰਨਿਆਸੀ--ਉਸ ਲਈ **ਵਾਰਵਰਣ ਸ਼ਰਾਧ ਤੇ ਨਾਰਾਇਣ ਬਲੀ** (ਨੋਟ:--ਇਨ੍ਹਾਂ ਕਰਮਾਂ ਦਾ ਜ਼ਿਕਰ ਗਰੁੜ-ਪੁਰਾਣ ਲੇਖ ਵਿਚ ਆ ਚੁੱਕਾ ਹੈ) ਆਦਿ ਕਰਮ ਕਰਨੇ ਹੀ ਪੈਣਗੇ । ਜੇ ਨਹੀਂ ਕਰਾਂਗੇ ਤਾਂ ਵੈਤਰਨੀ ਠਾਂਠਾਂ ਮਾਰ ਰਹੀ ਹੈ । ਕਿਉਂਕਿ ਇਨ੍ਹਾਂ ਬ੍ਰਾਹਮਣਾ ਲਈ ਨਾ ਕਿਸੇ ਗਿਆਨਯੋਗ ਦਾ ਕੋਈ ਮਹੱਤਵ ਹੈ ਨਾ ਹੀ ਭਗਤੀਯੋਗ ਜਾਂ ਸੰਨਿਆਸ ਦਾ । ਇਨ੍ਹਾਂ ਨੇ ਕਿਸੇ ਨੂੰ ਨਹੀਂ ਬਖ਼ਸ਼ਿਆ । ਸੰਨਿਆਸੀ ਦਾ ਵੀ ਦੁਆਦਸ਼ੀ ਨੂੰ ਸ਼ਰਾਧ ਕਰਨਾ ਲਿਖਿਆ ਹੈ, ਕਿਉਂਕਿ ਇਨ੍ਹਾਂ ਦੇ ਸ਼ਬਦ ਕੋਸ਼ ਵਿਚ ਵਿਦਹਮੁਕਤ ਸ਼ਬਦ ਹੈ ਹੀ ਨਹੀਂ । ਇਸੇ ਕਰਕੇ ਇਹ ਸੰਨਿਆਸੀ ਦੀ ਵੀ ਸਮਾਧ ਬਣਉਂਦੇ ਹਨ, ਉਸ ਨੂੰ ਭੋਗ ਲਾਉਂਦੇ ਹਨ ਤੇ ਸਾਲਾਨਾ ਸ਼ਰਾਧ ਕਰਦੇ ਹਨ । ਹੈਰਾਨੀ ਦੀ ਗੱਲ ਹੈ ਕਿ ਇਹ ਭੱਦਰ ਪੁਰਸ਼ ਸੰਨਿਆਸੀ ਨੂੰ ਬ੍ਰਹਮਲੀਨ ਹੋਇਆ ਵੀ ਮੰਨਦੇ ਹਨ ਤੇ ਉਸ ਰਾਹੀਂ ਅਨੇਕ ਕਾਮਨਾਵਾਂ ਸਿੱਧ ਹੋ ਜਾਣੀਆਂ ਵੀ ਦੱਸਦੇ ਹਨ । ਪਰ ਅਜੇਹੇ ਸੰਕਲਪ ਨੂੰ ਸਵੈ ਵਿਰੋਧੀ ਹੋਣ ਕਰਕੇ ਬਾਮਪੰਥੀ ਹੀ ਕਹਿਣਾ ਪਵੇਗਾ । **ਇਸ ਪੋਰਾਣਕ ਕਰਮਕਾਂਡ ਨੇ ਡਿੰਭਵਾਦ ਨੂੰ ਸੁਆਰਥ ਲਈ ਰਚ ਕੇ ਅਨਰਥ ਕੀਤਾ ਹੈ**। ........

੮

# ਸਿੱਖ ਰਹਿਤ ਮਰਯਾਦਾ ਅਤੇ ਮ੍ਰਿਤਕ ਸੰਸਕਾਰ

ਕੇਂਦ੍ਰੀ ਸਿੱਖ ਰਹਿਤ ਮਰਯਾਦਾ ਦੇ ਖਰੜੇ ਦੇ ੨੧ ਸਫ਼ੇ ਤੇ ਮ੍ਰਿਤਕ ਸੰਸਕਾਰ ਇਸ ਪ੍ਰਕਾਰ ਲਿਖੇ ਹਨ:--

(ੳ) ਪ੍ਰਾਣੀ ਨੂੰ ਮਰਨ ਵੇਲੇ--ਜੇ ਮੰਜੇ ਤੇ ਹੋਵੇ ਤਾਂ--ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ-ਵਟੀ ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ । ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ' ਵਾਹਿਗੁਰ ' ਵਾਹਿਗੁਰੂ ' ਕਰਨਾ ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ । ਮਨ ਨੂੰ ' ਵਾਹਿਗੁਰੂ ' ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ' ਵਾਹਿਗੁਰੂ ' ਦਾ ਜਾਪ ਕਰੀ ਜਾਣਾ ਚੰਗਾ ਹੈ ।

(ੲ) ਪ੍ਰਾਣੀ ਭਾਵੇਂ ਛੋਟੀ ਉਮਰ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ । ਜਿਥੇ ਸਸਕਾਰ ਦਾ ਪ੍ਰਬੰਧ ਨਾ ਸੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤ੍ਰੀਕਾ ਵਰਤਣ ਤੋਂ ਸੰਕਾ ਨਹੀਂ ਕਰਨੀ ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ ।

(ਹ) ਮਿਰਤਕ ਸਰੀਰ ਨੂੰ ਇਸ਼ਨਾਨ ਕਰਾਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨ ਕੀਤੇ ਜਾਣ । ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ । ਫਿਰ ਅਰਥੀ ਚੁਕ ਕੇ ਸ਼ਮਸ਼ਾਨ ਭੂਮੀ ਵਿਚ ਲਿਜਾਈ ਜਾਵੇ । ਨਾਲ ਵੈਰਾਗ-ਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ । ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ । ਫਿਰ ਸਰੀਰ ਨੂੰ ਅਗਨੀ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਵੇ । ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ । ਸੰਗਤ

ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ । ਜਦ ਅਗਨੀ ਪੂਰੀ ਤਰ੍ਹਾਂ ਬਲ ਉਠੇ ਤਾਂ: (ਕਪਾਲ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ । ਘਰ ਆ ਕੇ ਜਾਂ ਲਾਗੇ ਕਿਸੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਿਆ ਜਾਵੇ । ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ । ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁੱਖ ਰਖ ਕੇ ਨੀਯਤ ਕੀਤਾ ਜਾਵੇ । ਇਸ ਪਾਠ ਤੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ । ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ । ਦੁਸਹਿਰੇ ਦੇ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ ।

(ਕ) ਮਿਰਤਕ ਪ੍ਰਾਣੀ ਦਾ ' ਅੰਗੀਠਾ ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉਥੇ ਹੀ ਦਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ । ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਖ) ਅਧ ਮਾਰਗ, ਸਿਆਪਾ, ਫੂੜ੍ਹੀ, ਦੀਵਾ, ਪਿੰਡ, ਕਿਰਿਆ, ਸ਼ਰਾਧ, ਬੁਢਾ ਮਰਨਾ ਆਦਿ ਮਨਮਤ ਹੈ । ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲਪੁਰੀ, (ਕੀਰਤਪੁਰ) ਕਰਤਾਰ ਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ ।

**ਹੋਰ ਰੀਤੀਆਂ**

ਇਨ੍ਹਾਂ **ਸੰਸਕਾਰਾਂ** ਤੋਂ ਛੁਟ ਸਮੇਂ ਸਮੇਂ ਜੋ ਭੀ ਖੁਸ਼ੀ ਗ਼ਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਸਿੱਖੀ ਵਿਚ ਸਾਰੇ **ਸੰਸਕਾਰਾਂ ਦਾ** ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸ ਹੈ । (ਸਿਖ ਰਹਿਤ ਮਰਯਾਦਾ ਸਫ਼ਾ ੨੨--)

[ਗੁਰਮਤਿ ਉਪਦੇਸ਼ ਲਿਖਣ ਦੇ ਉਪ੍ਰੋਕਤ ਢੰਗ ਵਿਚ ਬਿੱਲੀ ਨੂੰ ਰੂੰ ਮਾਰ ਸਕਣ ਦੀ ਖੁਲ੍ਹ ਤੋਂ ਹੋਈ ਉਪਦੇਸ਼ ਦੀ ਘੋਰ ਅਵੱਗਿਆ ਦੀ ਸੰਭਾਵਣਾ ਸਪੱਸ਼ਟ ਹੈ ]

**ਵਿਚਾਰ**--

ਉਂਜ ਤਾਂ ਇਹ ਸਾਰੀ ਮਰਯਾਦਾ ਹੀ ਗਰੜ ਪੁਰਾਣ ਵਾਲੀ ਮਰਯਾਦਾ ਹੀ ਸੁਧਰਿਆ ਹੋਇਆ ਰੂਪ ਹੈ ਪਰ ੧੭ ਹਿਸਿਆਂ ਵਿਚ ਵੰਡਿਆ ਜਾ ਸਕਣ ਵਾਲਾ **(ਹ) ਭਾਗ ਤਾਂ** ਵਿਸ਼ੇਸ਼ ਕਰਕੇ ਸਿੱਧੀ ਪ੍ਰੋਹਿਤਵਾਦੀ ਬੋਲੀ ਹੀ ਹੈ। ਮਿਰਤਕ ਸਰੀਰ ਨੂੰ ਇਸ਼ਨਾਨ ਕਰਾਉਣ ਦੀ ਉਸ ਨੂੰ ਸੁਅੱਛ ਬਸਤਰ ਪਾਉਣ ਦੀ, ਕਕਾਰ ਨੂੰ ਜੁਦਾ ਨਾ ਕੀਤੇ ਜਾਣ ਦੀ, ਫਿਰ ਤਖ਼ਤੇ ਉਤੇ ਪਾਉਣ ਦੀ, ਅਤੇ ਫਿਰ ਚਲਾਣੇ ਦਾ ਅਰਦਾਸਾ ਸੋਧਿਆ ਜਾਣ ਦੀ ਕਰਮ-ਕਿਰਿਆ ਲਿਖਣ ਉਪ੍ਰੰਤ ਅਰਥੀ ਚੁਕ ਕੇ ਸ਼ਮਸ਼ਾਨ ਭੂਮੀ ਨੂੰ ਜਾਂਦੇ ਸਮੇਂ ਵੈਰਾਗ-ਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਣ ਬਾਰੇ ਲਿਖਣਾ (ਪੰਥਕ ਤੌਰ ਤੇ) ਗੁਰੂ ਬਾਣੀ ਦਾ ਤ੍ਰਿਸਕਾਰ ਕਰਨ ਦਾ ਰਾਹ ਖੋਹਲਿਆ ਦਿੱਸ ਆਇਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਜੇਹਾ ਕੋਈ ਸ਼ਬਦ ਨਹੀਂ ਜਿਥੇ ਕਿਸੇ ਪਿਆਰੇ ਦੀ ਮੌਤ ਤੋਂ ਬੈਰਾਗੀ ਹੋ ਜਾਣ ਦੇ ਉਪਦੇਸ਼ ਦਾ ਕੋਈ ਸੰਕੇਤ ਮਾਤ੍ਰ ਵੀ ਮਿਲਦਾ ਹੋਵੇ। ਹੁਕਮ ਨੂੰ ਸਦਾ ਹੀ ਖਿੜੇ ਮੱਥੇ ਮੰਨਣਾ ਗੁਰੂ-ਉਪਦੇਸ਼ ਹੈ। ਮੌਤ ਹੋ ਜਾਣ ਤੇ ਰੋਣਾ ਪਿੱਟਣਾ, ਧਾਹਾਂ ਮਾਰਨੀਆਂ ਅਤੇ ਖ਼ਾਸ ਮਿਥੇ ਹੋਏ ਦਿਨਾ ਲਈ ਸੋਗ ਮਨਾਉਣਾ ਕੇਵਲ ਬ੍ਰਾਹਮਣੀ ਧਰਮ ਗ੍ਰੰਥਾਂ ਦੇ ਹਿੱਸੇ ਦੀ ਗੱਲ ਹੈ। ਖ਼ਾਲਸਾ ਪੰਥ ਵਲੋਂ ਤਿਆਰ ਕੀਤੀ ਸਿੱਖ ਮਰਯਾਦਾ ਵਿਚ ਜਿਵੇਂ ਦੇ ਅਰਥਾਂ ਵਾਲੇ ' ਵੈਰਾਗ ਮਈ ' ਸ਼ਬਦ (ਢੂੰਡ ਕਰਕੇ) ਉਚਾਰਨ ਦੀ ਗੱਲ ਹੈ, ਅਜੇਹੀ ਭਾਸ਼ਾ ਕੇਵਲ ਬਿੱਪ੍ਰ ਦੇ ਹਿੱਸੇ ਹੀ ਆ ਸਕਦੀ ਸੀ। ਮਿਰਤਕ ਦੀ ਮੌਤ ਦੇ ਸਮੇਂ ਨੂੰ ਸੁਹਾਵਾਂ ਬਣਾਉਣ ਲਈ--ਗੁਰੂ-ਸ਼ਬਦ ਨੂੰ ਵੈਰਾਗ ਮਈ ਕਹਿ ਕੇ ਵਰਤਨ ਦਾ ਪੰਥਕ ਫ਼ੁਰਮਾਨ ਗੁਰਮਤਿ ਦੇ ਅਨਕੂਲ ਮੰਨਣ ਲਈ ਦਾਸ ਦਾ ਮਨ ਨਹੀਂ ਮੰਨ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇੱਕ ਥਾਂ ਵੀ ਬੈਰਾਗ ਆਸ਼ਬਦ ਉਨ੍ਹਾਂ ਅਰਥਾਂ ਵਿਚ ਨਹੀਂ ਆਇਆ ਜਿਨ੍ਹਾਂ ਅਰਥਾਂ ਵਾਲੇ ਬੈਰਾਗ-ਮਈ ਸ਼ਬਦ ਚੁਣ ਕੇ ਪੜ੍ਹਨ ਦੀ ਹਦਾਇਤ ਹੈ। ਮਾਇਆ ਮੋਹ ਤੋਂ ਅਤੇ ਬਦੀਆਂ ਤੋਂ ਮਨ ਵਿਚ ਉਪਰਾਮਤਾ ਅਤੇ ਪ੍ਰਭੂ ਮਿਲਾਪ ਲਈ ਹਿਰਦੇ ਦੀ ਸਿੱਕ ਨੂੰ ਸਤਿਗੁਰਾਂ ਨੇ **ਬੈਰਾਗ** ਮੰਨਿਆਂ ਹੈ। ਕਿਸੇ ਦੀ ਮੌਤ ਸਮੇ " **ਬੈਰਾਗ** " ਨਹੀਂ ਉਪਜਦਾ ਅਗੋਂ **ਮਨ ਸੋਗਵਾਰ** ਹੋ ਜਾਂਦਾ ਹੈ।

ਉਸੇ ਸ਼ਬਦ-ਗੁਰੂ ਦੀਆਂ ਵੰਡੀਆਂ ਪਾ ਕੇ ਆਪਣੇ ਸਮੇਆਂ ਦੀ ਰੌਣਕ ਬਣਾ ਰਿਹੇ ਹਾਂ ਜਿਸ ਪਾਵਨ " ਸ਼ਬਦ-ਗੁਰੂ " ਨੂੰ ਦਸ਼ਮੇਸ਼ ਜੀ ਨੇ ਗੁਰੂ ਨਾਨਕ ਸਾਹਿਬ ਦੀ ਗੁਰਤਾਗੱਦੀ ਦਾ ਸਦੀਵੀ ਮਾਲਕ ਬਣਾਇਆ ਅਤੇ ਖ਼ਾਲਸਾ ਜੀ ਨੂੰ ਜਿਸ ਦੇ ਲੜ ਲਾਇਆ ਸੀ । ਸਦਾ ਖੇੜੇ ਵਿਚ ਰਹਿਣ ਵਾਲੇ ਦਸ਼ਮੇਸ਼ ਜੀ ਦੇ ਦੈਵੀ ਮਨ ਵਿਚ ਇਹ ਵਿਚਾਰ ਆ ਹੀ ਨਹੀਂ ਸੀ ਸਕਦੀ ਕਿ ਉਨ੍ਹਾਂ ਦਾ ਖ਼ਾਲਸਾ ਕਦੇ ਇਹ ਵੀ ਭੁੱਲ ਜਾਵੇਗਾ ਕਿ " ਹਰਖ ਸੋਗ ਤੋਂ ਨਿਆਰੇ " **ਸ਼ਬਦ ਗੁਰੂ "** ਜੀ ਤਾਂ ਮਨੁੱਖ ਨੂੰ ਦੁਖਾਂ ਦਰਦਾਂ ਤੋਂ ਲਾਪਰਵਾਹ ਅਤੇ ਸਦਾ ਅਨੰਦ ਰਹਿਣ ਦੇ ਜੋਗ ਬਣਾ ਰਹੇ ਹਨ--**ਸਦਾ ਅਨੰਦੁ ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥** [੧੧੪੯]**...ਸਦਾ ਅਨੰਦ ਨ ਹੋਵੀ ਸੋਗੁ ॥** [੮੯੩]**...ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥** [੨੭੫]**....ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ** ॥[੬੬੯] **ਮੇਰੇ ਮਨ ਹਰਿ ਜਪਿ ਸਦਾ ਧਿਆਇ ॥ ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥ ੧ ॥ ਰਹਾਉ ॥**[੩੬੩

ਸੱਚੇ ਹਿਰਦੇ ਤੋਂ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਜੀਵਨੀ ਢਾਲ ਲੈਣ ਵਾਲਾ ਗੁਰਮੁਖ ਸੱਜਣ ਨਾ, ਧੀਆਂ ਪੁਤਰਾਂ, ਧਨ ਦੌਲਤ ਆਦਿ ਦੇ ਆਉਣ ਤੇ ਕੋਈ ਖ਼ੁਸ਼ੀ ਮਨਾਉਂਦਾ ਹੈ ਅਤੇ ਨਾ ਹੀ ਉਹ ਅਜੇਹਾ ਸਭ ਕੁਝ ਚਲੇ ਜਾਣ ਤੇ ਕਦੇ ਕੋਈ ਸੋਗ ਮੰਨਦਾ ਹੈ--**ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥ ਸਦਾ ਅਨੰਦੁ ਗੁਰ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥ ੧ ॥**[੮੮੩] ਆਪਣੇ ਪਾਵਨ ਗੁਰੂ-ਸ਼ਬਦ ਨੂੰ " ਹਰਖ ਅਤੇ ਸੋਗ " ਦੋ ਧੜਿਆਂ ਵਿਚ ਵੰਡਣ ਦੀ ਮਰਯਾਦਾ ਬਨਾਉਣ ਤੋਂ ਸੰਕਾ ਉਪਜਣਾ ਅਸੰਭਵ ਨਹੀਂ ਹੈ ਕਿ, ਕੀ ਖ਼ਾਲਸਾ ਪੰਥ, ਸੱਚੇ ਹਿਰਦੇ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦਾ ਹੈ ?

ਗੁਰਮਤਿ ਦੀ ਕਸਵੱਟੀ ਤੇ ਰਦ ਹੋ ਜਾਣ ਵਾਲੀ ਸਿੱਖ ਰਹਿਤ ਮਰਯਾਦਾ ਬਣ ਜਾਣ ਦਾ ਹੀ ਕਾਰਨ ਹੈ ਕਿ ਸਿੱਖਾਂ ਵਿਚ ਮਿਰਤਕ ਸੰਸਕਾਰ ਪ੍ਰੋਹਿਤਵਾਦੀ ਰੀਤਾਂ ਦਾ ਹੀ ਵਟਾਇਆ ਹੋਇਆ ਦੂਜਾ ਰੂਪ ਬਣ ਚੁੱਕਾ ਹੈ। ਗਰੜ ਪੁਰਾਣ ਵਿਚ ਵੀ ਦਸਵੇਂ ਦਿਨ ਦੀ ਬੜੀ ਮੁਹਤਤਾ ਹੈ ਏਧਰ ਗੁਰੂਪੰਥ ਲਈ ਵੀ ਦਸ ਦਿਨ ਅਤੇ ਦੁਸਹਿਰਾ ਸਿੱਖ ਰਹਿਤ ਮਰਯਾਦਾ ਵਿਚ ਲਿਖਣਾ ਜ਼ਰੂਰੀ ਬਣ ਗਿਆ। ਅੰਗੀਠਾ ਫੋਲਣ ਦਾ ਜ਼ਿਕਰ ਕਰਨ ਦੀ ਕੀ ਲੋੜ ਸੀ ? ਪੰਥ ਨੂੰ ਅੰਗੇਠੀ ਦੀ ਯਾਦ ਆ ਜਾਣ ਨਾਲ ਹੀ ਮੁਰਦੇ ਦੀਆਂ ਹੱਡੀਆਂ ਨੂੰ ਗੰਗਾ ਦੇ ਥਾਂ ਕੀਰਤ ਪੁਰ ਲੈ ਜਾਣ ਦਾ ਭਰਮ ਸੁਰਜੀਤ ਹੋ ਗਿਆ। ਸੁਣਿਆਂ ਹੈ ਕਿ ਸ੍ਰੀ ਗੋਇੰਦਵਾਲ ਵਿਖੇ ਨਵੇਂ ਬਣੇ ਹਡੋਰੋੜੇ ਦਾ ਉਦਘਾਟਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਉਚਚੇ ਪੁੱਜ ਕੇ ਆਪਣੇ ਕਰ ਕੰਵਲਾ ਨਾਲ ਕਰਕੇ ਹਡੀਆਂ ਨੂੰ ਗੰਗਾ ਵਿਚ ਪਾਉਣ ਵਾਲੀ ਹਿੰਦੂ ਰਸਮ ਨੂੰ ਪੱਕੀ ਪੰਥਕ ਮਰਯਾਦਾ ਬਣਾ ਦੇਣ ਦਾ ਉਪਕਾਰ ਕਰਕੇ, ' ਅਸਥੀਆਂ ਨੂੰ ਉਥੇ ਹੀ ਦਬਾ ਦੇਣ ਵਾਲੀ " ਪੰਥਕ ਹਦਾਇਤ ਨੂੰ ਰੱਦ ਕਰ ਦਿੱਤਾ ਹੈ । ਜੇ ਇਹ ਸੱਚ ਹੈ ਤਾਂ ਪੰਥਕ ਖਰੜੇ ਨੂੰ ਰੱਦੀ ਦਾ ਟੁਕੜਾ ਸਮਝਣ ਵਿਚ ਕੀ ਕਸਰ ਰਹਿ ਗਈ ?

**ਮਿਰਤਕ ਦੇਹ ਦੀ ਸੰਭਾਲ ਬਾਰੇ ਗੁਰਮਤ ਮਰਯਾਦਾ (ਸੁਝਾ)**--ਖਰੜਾ ਪਾਸ ਕਰਨ ਵਾਲੇ ਆਗੂ ਸਾਹਿਬਾਨ ਲਗਪਗ ਹੇਠ ਲਿਖੇ ਬਚਨਾਂ ਨਾਲ ਮਿਰਤਕ ਲੋਥ ਦੀ ਸੰਭਾਲ ਦੀ ਹਦਾਇਤ ਮੁਕਾ ਸਕਦੇ ਸਨ । (ਮਿਟੀ ਪੱਥਰ ਆਦਿ ਦੀ ਬੇਜਾਨ ਮੂਰਤੀ ਅਤੇ ਬੇਜਾਨ ਦੇਹ ਇੱਕ ਸਮਾਨ ਹੈ ਅਤੇ ਅਜੇਹੇ) ਮਿਰਤਕ ਬਾਰੇ ਗੁਰਮਤਿ ਦਾ ਆਸ਼ਾ ਇਸ ਪ੍ਰਕਾਰ ਹੈ--

੮- **ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥**[੧੧੬੦]-੪-੧੨

ਪ੍ਰਾਣੀ ਦੇ ਵਿਛੜ ਕੇ ਜਾ ਚੁੱਕੇ ਆਤਮਾਂ ਨਾਲ ਅਤੇ ਸਰੀਰ ਨਾਲ, ਕਈ ਤਰ੍ਹਾਂ ਦੇ ਸਨੇਹ ਸਤਿਕਾਰ ਵਾਲੇ ਸੰਬੰਧ ਰਹੇ ਹੁੰਦੇ ਹਨ । ਇਸ ਲਈ ਘਰ ਵਾਲੇ ਮਿਰਤਕ ਸਰੀਰ ਨੂੰ ਲੋੜੀਂਦੇ ਸਤਿਕਾਰ ਨਾਲ ਬਾਹਰ ਕਿਸੇ ਯੋਗ ਥਾਂ ਤੇ ਲੈ ਜਾ ਕੇ ਪੰਜਾਂ ਤੱਤਾਂ ਵਿਚ ਰਲਾ ਦੇਣ । ਸਾਰੇ ਧਰਮਾਂ ਤੋਂ ਨਿਆਰੇ ਖ਼ਾਲਸਾ ਜੀ ਲਈ ਕੋਈ ਪਾਬੰਦੀ ਨਹੀਂ ਹੈ ਕਿ ਉਹ ਮਿਰਤਕ ਦੇਹ ਨੂੰ ਕਿਸੇ ਖ਼ਾਸ ਵਿਧੀ ਨਾਲ, ਜਾਂ ਕਿਸੇ ਉਚੇਚੇ ਸਮੇਂ ਦੀ ਪਾਬੰਦੀ ਵਿਚ ਰਹਿ ਕੇ, ਪੰਜ ਤੱਤਾਂ ਵਿਚ ਰਲਾਏ । ਅੱਗਨੀ ਦੁਆਰਾ, ਧਰਤੀ ਵਿਚ ਡੂੰਘੀ ਦੱਬਣ ਨਾਲ, ਜਲ ਪ੍ਰਵਾਹ ਕਰਕੇ, ਹੱਸਣਿ ਪਾ ਦੇਵੇ ਜਾਂ ਹੋਰ ਕੋਈ ਵਿਧੀ ਵਰਤ ਲਏ ਇਹ ਉਸ ਲਾਸ਼ ਦੇ ਵਾਰਸਾਂ ਦੀ ਆਪਣੀ ਮਰਜ਼ੀ ਹੈ । ਸਾਰੇ ਧਰਮਾਂ ਤੋਂ ਨਿਆਰੇ ਖ਼ਾਲਸਾ ਜੀ ਹੇਠ ਲਿਖੇ ਗੁਰੂ ਫ਼ੁਰਮਾਨ ਚਾਨਣ ਮੁਨਾਰਾ ਹੋਣੇ ਲੋੜੀਏ:----

੯- **ਮ: ੩ ॥ ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥ ੨ ॥**[੬੪੮]-ਵਾ-੧੬

੧੦- **ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥ ਕੋ ਜਾਰੇ ਕੋ ਗਾਡੇ ਮਾਟੀ ॥ ੨ ॥**[੩੨੯]-੩੨

ਕਿਉਂਕਿ, ਜ਼ਿੰਦਗੀ ਵਿਚ ਕੀਤੇ ਚੰਗੇ ਮੰਦੇ ਕਰਮਾ ਦਾ ਫਲ, ਪ੍ਰਾਣੀ ਨੇ ਆਪ ਹੀ ਭੁਗਤਣਾ ਹੁੰਦਾ ਹੈ ਇਸ ਲਈ ਉਸ ਦੇ **ਨਮਿਤ** ਕੋਈ ਵੀ ਧਰਮ ਕਰਮ ਕਰਨਾ ਜਾਂ ਦਾਨ ਪੁੰਨ ਦੇਣੇ ਆਦਿ ਸਭ ਨਿਸਫਲ ਹੈ । ਅਵੱਲ ਤਾਂ ਹਰ ਇੱਕ ਗੁਰ ਸਿੱਖ ਦੇ ਘਰ ਗੁਰਬਾਣੀ ਦਾ ਪਾਠ ਸਦਾ ਹੀ ਜਾਰੀ ਰਹਿਣ ਦੀ ਮਰਯਾਦਾ ਚਾਹੀਦੀ ਹੈ, ਜੇ ਅਜੇ ਢਿੱਲ ਹੈ ਤਾਂ ਮਿਰਤਕ ਦੀ ਲਾਸ਼ ਨੂੰ ਬਿਲੇ ਲਾਉਣ ਉਪ੍ਰੰਤ ਵਿਛੋੜੇ ਕਾਰਨ ਦ੍ਰਵੇ ਮਨ ਨੂੰ ਗੁਰਬਾਣੀ ਨਾਲ ਜੋੜੋ । ਆਪਣੇ ਪਿਆਰੇ ਦੀ ਮੌਤ ਦਾ ਦੁੱਖ ਵੇਖ ਕੇ ਸ਼ਾਇਦ ਇਹ ਦ੍ਰਵਿਆ ਹੋਇਆ ਸੋਗਵਾਰ ਮਨ ਪ੍ਰਭੂ ਚਰਨਾਂ ਨਾਲ ਪੱਕੀ, ਪ੍ਰੀਤ ਬਣਾ ਬੈਠੇ । " **ਜੰਮਣ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ** "॥ ਅਨੁਸਾਰ ਹੁਕਮ ਵਿਚ ਰਾਜ਼ੀ ਰਹਿਣ ਵਾਲਾ ਗੁਰਸਿੱਖ ਰੋਵੇ ਜਾਂ ਧਾਹਾਂ ਮਾਰ ਕੇ ਲੋਕਾਂ ਲਈ ਤਮਾਸ਼ਾ ਕਦੇ ਨਾਂ ਬਣੇ । ਸੱਚੇ ਸੱਜਣ ਆਪਣੇ ਸਤਿਗੁਰੂ ਜੀ ਨਾਲ ਰਲ ਬੈਠ ਵਿਛੋੜੇ ਦੇ ਦੁਖ ਨੂੰ ਖੇੜੇ ਵਿਚ ਬਦਲ ਲੈਣ ਦਾ ਯਤਨ ਕਰਨਾ ਚਾਹੀਦਾ ਹੈ। ਸੰਸਕਾਰ ਲਫ਼ਜ਼ ਵਰਤਣ ਤੋਂ ਬਿਨਾ ਹੀ, ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਲਈ ਬੱਸ ਏਨੀ ਹੀ ਹੈ ਮਿਰਤਕ ਦੀ ਸੰਭਾਲ ਦੀ ਮਰਯਾਦਾ।

ਸਦੀਵੀ ਸੱਚ ਨਾਲ ਜੋੜਨ ਦੀ ਕਾਰ ਦੀ ਸੋਝੀ ਕਰਾਉਣ ਆਏ ਗੁਰੂ ਨਾਨਕ ਦੇਵ ਜੀ ਦਾ ਅਜੇਹੇ ਕਿਸੇ ਵੀ ਵਿਧੀ ਵਿਧਾਨ ਨਾਲ ਕੋਈ ਵਾਸਤਾ ਨਹੀਂ ਹੈ, ਜੋ ਸਰੀਰਕ ਤੌਰ ਤੇ ਸਦਾ ਇੱਕ ਸਾਰ ਨਾ ਨਿਭ ਸਕਦਾ ਹੋਵੇ । ਦੇਸ਼ ਦੀ ਵੰਡ ਸਮੇ ਧਰਮ-ਜਨੂੰਨੀਆਂ ਦੀਆਂ, ਤਲਵਾਰਾਂ, ਬਰਛਿਆਂ, ਕੁਹਾੜੀਆਂ ਨਾਲ ਅਥਵਾ ਗੋਲੀਆਂ ਨਾਲ ਕਤਲ ਕੀਤੇ ਜਾ ਰਹੇ ਆਪਣੇ ਪਰਵਾਰ ਦੀ ਅਤੇ ਆਪਣੇ ਬਿਰਧ ਮਾਤਾ ਪਿਤਾ ਦੀ ਸਾਰ, ਉਨ੍ਹਾਂ ਦੇ (੫/੫ ਅਤੇ ੮/੮) ਜਵਾਨ ਪੁੱਤਰਾਂ ਨੇ ਨਹੀਂ ਸੀ ਲਈ। ਜਾਨ ਬਚਾਉਣ ਲਈ ਦੌੜੇ ਫਿਰਦੇ ਬੇਮੁਹਾਰੇ ਹਜੂੰਮ ਇੱਕ ਦੂਜੇ ਨਾਲੋਂ ਅੱਗੇ ਲੰਘ ਜਾਣ ਦੇ ਫਿਕਰ ਵਿਚ ਤਰਲੇ ਲੈ ਰਹੇ ਸਨ। ਉਨ੍ਹਾਂ ਦੇ ਪਿਆਰੇ ਮਿਰਤਕ ਸੰਬੰਧੀਆਂ ਦੀਆਂ ਲੋਥਾਂ ਨੂੰ, ਅਥਵਾ ਜ਼ਖ਼ਮੀ ਪਏ ਪਾਣੀ ਦੇ ਘੁੱਟ ਲਈ ਸਹਿਕਦੇ ਮਰਣਾਊ ਸਰੀਰਾਂ ਨੂੰ, ਕਾਂਵਾਂ ਕੁਤਿਆਂ ਨੇ ਖਾਧਾ । ਵਿਸ਼ਵ ਜੰਗ ਸਮੇ ਕਰੋੜਾ ਮਰਨ ਵਾਲਿਆਂ ਦਾ ਮਿਰਤਕ ਸੰਸਕਾਰ ਕਿੰਨ੍ਹ ਕੀਤਾ ਸੀ ? ਕਿਨ੍ਹਾਂ ਕੀਤੇ ਉਨ੍ਹਾਂ ਨਮਿਤ ਪਾਠ ਅਤੇ ਦਾਨ ਪੁੰਨ ? ਕਿਨ੍ਹਾਂ ਨੇ ਫੋਲੇ ਉਨ੍ਹਾਂ ਦੇ ਅੰਗੀਠੇ ਅਤੇ ਕਿਨ੍ਹਾਂ ਚੁਣੇ ਅਥਵਾ ਸੰਭਾਲੇ ਉਨ੍ਹਾਂ ਦੇ ਫੁੱਲ ? ਸੋ ਕਿਸੇ ਵੀ ਅਜੇਹੀ ਕਰਮ-ਕਾਂਡੀ ਮਰਯਾਦਾ, ਜਾਂ ਵਿਧੀ ਵਿਧਾਨ ਨੂੰ ਧਰਮ ਦਾ ਅੰਗ ਮੰਨ ਲੈਣਾ, ਧਰਮ ਨੂੰ ਹਾਸੋ-ਹੀਣਾ ਬਣਾਉਣਾ ਹੁੰਦਾ ਹੈ।

> ਰਹਿਤ ਮਰਯਾਦਾ ਦੇ ੨੨ ਸਫ਼ੇ ਦੀਆਂ ਅੰਤਲੀਆਂ ਸਤਰਾਂ ਵਿਰ- ੪- ਹੋਰ ਰੀਤੀਆਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ --
> ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਖ਼ੁਸ਼ੀ ਗ਼ਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਹਲਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ । ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸ ਹੈ ।

ਇਹ ਸਭ ਕੁਝ ਲਿਖਣ ਤੋਂ ਸਾਡਾ ਮੰਤਵ ਇਹ ਹੈ ਕਿ ਪਾਠਕ ਸੱਜਣ ਬ੍ਰਾਹਮਣੀ ਕਿਰਿਆ ਕਰਮ ਦੀ ਮਰਧਾਦਾ ਦੀ ਅਸਲੀਯਤ ਤੋਂ ਅਤੇ ਸਿੱਖ ਰਹਿਤ ਮਰਯਾਦਾ ਤੋਂ, ਜਾਣੂੰ ਹੋ ਕੇ ਆਪਣੇ ਅੰਦਰ ਝਾਤੀ ਮਾਰ ਕੇ ਆਪਣਾ ਆਪਾ ਪਰਖਣ ਕਿ, ਕੀ ਅਸੀਂ ਵੀ ਕਿਸੇ ਪੱਖੋ, ਫੋਕਟ ਕਰਮਕਾਂਡਾ ਵਿਚ ਤਾਂ ਨਹੀਂ ਫਸ ਚੁੱਕੇ ਹੋਏ ? ਅਗਲੇ ਸਫਿਆਂ ਤੇ ਕੀਤੀ ਜਾ ਰਹੀ ਗੁਰਬਾਣੀ ਵਿਚਾਰ ਨੂੰ ਸਮਝਣ ਲਈ ਇਸ ਪਿਛੋਕੜ ਦੇ ਹਰ ਪੱਖ ਨੂੰ ਸਮਝਣਾ ਜ਼ਰੂਰੀ ਸੀ । ਏਸੇ ਲਈ ਸਵਾਮੀ ਰਾਮ ਤੀਰਥ ਜੀ ਦੇ ਵਿਚਾਰ ਅਤੇ ਸਿੱਖ ਰਹਿਤ ਮਰਯਾਦਾ ਵਿਚਲੇ ਮ੍ਰਿਤਕ ਸੰਸਾਕਰ ਵੀ ਨਾਲ ਹੀ ਲਿਖੇ ਗਏ ਹਨ । ਗੁਰ ਬਾਣੀ ਦੀ ਵਿਚਾਰ ਤੋਂ ਅਸਾਂ ਇਹ ਪਰਖ ਵੀ ਕਰਨੀ ਹੈ ਕਿ, ਕੀ " ਸਿਖ ਰਹਿਤ ਮਰਯਾਦਾ " ਦਾ ਖਰੜਾ ਬਿਪ੍ਰਨ ਕੀ ਰੀਤ ਦੇ ਪ੍ਰਛਾਵੇਂ ਤੋਂ ਪੂਰੀ ਤਰ੍ਹਾਂ ਮੁਕਤ ਹੀ ਹੈ ? ਜਿਨ੍ਹਾਂ ਵਡਭਾਗੀਆਂ ਨੇ ਆਪਣੀ ਮੱਤ ਤਿਆਗ ਕੇ ਗੁਰੂ ਨਾਨਕ ਦੇਵ ਜੀ ਦੀ ਮੱਤ ਨੂੰ ਗ੍ਰਿਹਣ ਕੀਤਾ ਉਨ੍ਹਾਂ ਦੇ ਅੰਦਰ ਬਣੇ ਪਹਿਲੇ ਸੰਸਕਾਰਾਂ ਤੇ ਗੁਰਦੇਵ ਜੀ ਦਾ ਗਿਆਨ ਭਾਰੂ ਹੋ ਗਿਆ । ਉਨ੍ਹਾਂ ਤੋਂ ਗੁਰਮਤ-ਗਿਆਨ ਦੀ ਆਭਾ ਡਲ੍ਹਕਾਂ ਮਾਰਨ ਲੱਗ ਪਈ । ਉਹ ਮਰਜੀਵੜੇ ਹੋ ਕੇ ਕਰਮਕਾਂਡੀ ਬੰਧਨਾਂ ਤੋਂ ਮੁਕਤ ਹੋ ਗਏ । ਉਨ੍ਹਾਂ ਦੇ ਲੂੰ ਲੂੰ ਵਿਚੋਂ ਇਹੀ ਧੁੰਨ ਸੁਣੀਦੀ ਸੀ---

੧੧- **ਤੈਡੀ ਬੰਦਸਿ ਮੈ ਕੋਇ ਨ, ਡਿਠਾ ਤੂ ਨਾਨਕ ਮਨਿ ਭਾਣਾ ॥**
**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥ ੧॥**[੯੬੪]ਵਾਰ-੧੫

# ਚੌਥਾ ਕਾਂਡ

## ੧

## ਕਿਰਿਆ ਕਰਮ ਅਤੇ ਗੁਰਬਾਣੀ

ਅਸਾਂ ਪਿੱਛੇ ਪੜ੍ਹਿਆ ਹੈ ਕਿ ' ਗਰੁੜ-ਪੁਰਾਣ ' ਗ੍ਰੰਥ ਕੇਵਲ ਲੁੱਟ-ਨੀਤੀ ਦੀ ਉਪਜ, ਝੂਠ ਦਾ ਇੱਕ ਪਲੰਦਾ ਹੈ । ਇਸ ਵਿਚਲੀ ਕਿਰਿਆ-ਕਰਮ ਦੀ ਸਾਰੀ ਮਰਯਾਦਾ ਕੇਵਲ ਬ੍ਰਾਹਮਣ ਦੀ ਆਮਦਨ ਦੇ ਪੱਕੇ ਸਾਧਨ ਬਣਾ ਲੈਣ ਤੋਂ ਵੱਧ, ਹੋਰ ਕੁਝ ਨਹੀਂ ਹੈ । ਇਸ ਸਭ ਕੁਝ ਨੂੰ ਧਿਆਨ ਨਾਲ ਪੜ੍ਹਨ ਵਾਲੇ ਹਰ ਸੂਝਵਾਨ ਮਨੁੱਖ ਦੇ ਮਨ ਵਿਚ ਸੁਤੇ ਹੀ ਇਹ ਸਵਾਲ ਪੈਦਾ ਹੁੰਦਾ ਹੈ, ਕਿ ਏਡੀ ਤਕੜੀ ਲੁੱਟ ਦੀ ਫੋਕਟ ਮਰਯਾਦਾ ਵਾਲਾ ਇਹ ਗ੍ਰੰਥ (ਗਰੁੜ-ਪੁਰਾਣ) ਧਰਮ ਦਾ ਅੰਗ ਬਣ ਕੇ ਲੋਕਾਂ ਲਈ ਮੁਕਤੀ ਦਾਤਾ ਕਿਵੇਂ ਬਣ ਗਿਆ ? ਇਸ ਪੁਸਤਕ ਦੇ ਪਹਿਲੇ ਭਾਗ ਵਿਚ ਬੜੇ ਵਿਸਥਾਰ ਨਾਲ ਲਿਖਿਆ ਗਿਆ ਸੀ, ਕਿ ਨਿਰੋਲ ਝੂਠ ਨੂੰ ਸੱਚ ਬਣਾ ਕੇ ਪੂਜਾਂ ਦੇ ਤਖ਼ਤ ਤੇ ਬਿਠਾ ਸਕਣ ਲਈ ਬ੍ਰਾਹਮਣ ਦੀ ਸੱਭ ਤੋਂ ਵੱਡੀ ਪ੍ਰਾਪਤੀ ਇਹ ਸੀ, ਕਿ ਇਹ ਲਗ-ਪਗ ਸਾਰੇ ਹਿੰਦੂ ਘਰਾਣਿਆਂ ਦਾ ਪਰੋਹਿਤ ਬਣ ਚੁੱਕਾ ਸੀ । ਇਸ ਦਾ ਗੇੜਾ ਸਾਰੇ ਹਿੰਦੂ ਘਰਾਂ ਵਿਚ ਨਿਤ, ਵੱਜਦਾ ਹੀ ਰਹਿੰਦਾ ਸੀ । ਅਤੇ ਵਿਦਿਆ ਦਾ ਮਾਲਕ ਵੀ ਕੇਵਲ ਬ੍ਰਾਹਮਣ ਹੀ ਸੀ । ਮਹਾਂ ਚਲਾਕ ਅਤੇ ਦੂਰ-ਰਸ ਯੋਜਨਾਂ ਬਣਾਉਣ ਵਿਚ ਨਿਪੁੰਨ, ਇਸ ਬਿੱਪ੍ਰ ਨੇ ਸਾਰੀ ਜੰਤਾ ਨੂੰ ਅਨਪੜ੍ਹ ਰੱਖ ਕੇ ਆਪ ਸਦੀਵੀ ਪਦਵੀ ਵਾਲਾ ਧਾਰਮਿਕ ਗੁਰੂ ਬਣ ਬੈਠਾ ਹੋਇਆ ਸੀ । ਜੀਵ ਦੇ ਗਰਭ ਵਿਚ ਆਉਣ ਸਮੇ ਤੋਂ ਅਰੰਭ ਹੋ ਕੇ ਅੰਤਮ ਕਿਰਿਆ-ਕਰਮ ਤਕ ਸਾਰੇ ਸੰਸਕਾਰ ਅਥਵਾ ਸ਼ਾਦੀ ਗ਼ਮੀ ਦੇ ਸਾਰੇ ਸਮਾਗਮ, ਘਰ ਦੇ ਪ੍ਰੋਹਿਤ ਦੀ ਪੱਤ੍ਰੀ ਦੇ ਮੁਥਾਜ ਬਣ ਚੁੱਕੇ ਸਨ । ਥਿੱਤਾਂ, ਵਾਰਾਂ, ਸ਼ਗੁਨਾਂ ਅਪ-ਸ਼ਗੁਨਾਂ ਆਦਿ ਦੇ ਭਰਮਾਂ ਨੂੰ ਘਰ ਘਰ ਵਿਚ ਬੈਠਾ ਬ੍ਰਾਹਮਣ, ਨਿੱਤ ਨਵੇਂ ਦਿਨ ਤਾਜ਼ਾ ਕਰੀ ਰੱਖਦਾ ਸੀ । ਕਿਸੇ ਵੀ ਹੋਰ ਧਰਮ-ਗੁਰੂ ਦੀ ਏਡੀ ਅਸਰਦਾਰ ਅਤੇ ਕਰੜੀ ਪਕੜ, ਆਪਣੇ ਚੇਲਿਆਂ ਤੇ ਨਹੀਂ ਬਣ ਸਕੀ, ਜਿਡੀ ਕਾਮਯਾਬੀ ਵਾਲੀ ਪਕੜ, ਬ੍ਰਾਹਮਣ ਨੇ ਬਣਾ ਲਈ ਹੋਈ ਸੀ । ਭਾਵੇਂ ਉਪਨਿਸ਼ਦਾਂ ਆਦਿ ਦਾ ਗਿਆਨ ਪੁਰਾਣਾਂ ਦੀ ਕਰਮਕਾਂਡੀ ਸਿਖਿਆ ਨੂੰ ਰੱਦ ਵੀ ਕਰਦਾ ਹੋਵੇਗਾ, ਪਰ ਉਸ ਸਿਖਿਆ ਨੂੰ ਗਿਣਤੀ ਦੇ ਵਿਦਵਾਨਾਂ ਤੋਂ ਛੁੱਟ ਹੋਰ ਕੋਈ, ਅੱਜ ਵੀ ਨਹੀਂ ਜਾਣਦਾ । ਪਰ ਰਾਮਾਇਣ, ਮਹਾਂਭਾਰਤ, ਭਾਗਵਤ ਪੁਰਾਣ, ਗਰੁੜ ਪੁਰਾਣ, ਸ਼ਿਵ ਪੁਰਾਣ, ਮਨਮੋਹਣੀਆਂ ਕਥਾ-ਕਹਾਣੀਆਂ ਦੇ ਝੂਠ ਵਿਚ ਲਪੇਟੇ ਗਿਆਨ ਦਾ ਡੂੰਘਾ ਅਸਰ, ਭਾਰਤ ਦੀ ਸਾਰੀ ਜੰਤਾ ਨੇ, ਦਿਲੋਂ ਕਬੂਲ ਕਰ ਲਿਆ ਸੀ । ਭਾਰਤ ਵਿਚ ਹਿੰਦੂਆਂ ਦੇ ਜਿੰਨੇ ਵੀ ਤੀਰਥ ਹਨ, ਲਗ-ਪਗ ਸਾਰੇ ਦੇ ਸਾਰੇ ਪੁਰਾਣਕ ਮਿਥਿਹਾਸ ਨਾਲ ਜੁੜੇ ਹੋਏ ਹਨ । ਸਿੱਖ ਧਰਮ ਵਿਚ ਆਉਣ ਵਾਲੇ ਸਾਰੇ ਉਹੀ ਹਿੰਦੂ ਸਨ ਜਿਨ੍ਹਾਂ ਦੇ ਮਨਾਂ ਵਿਚ ਪੁਰਾਣਕ ਕਥਾਵਾਂ ਦਾ ਅਤੇ ਇਨ੍ਹਾਂ ਵਿਚ ਲਿਖੀ ਮਰਯਾਦਾ ਦਾ, ਬੜਾ ਡੂੰਘਾ ਅਸਰ ਸੀ ।

ਕਿਰਿਆ-ਕਰਮ ਨਾਲ ਜੁੜੇ ਜਮ-ਮਾਰਗ ਅਤੇ ਨਰਕਾਂ, ਸਵਰਗਾਂ ਆਦਿ ਦੀ ਕਿਸੇ ਅੱਡਰੀ ਹੋਂਦ ਨੂੰ ਮੰਨਣਾਂ ਗੁਰਮਤਿ ਨੇ ਖੰਡਨ ਕੀਤਾ ਹੈ। ਪਰ ਲੋਕਾਂ ਦੇ ਮਨਾਂ ਵਿਚ ਹਜ਼ਾਰਾਂ ਸਾਲਾਂ ਤੋਂ ਬਣੇ ਪੁਰਾਣੇ ਵਿਸ਼ਵਾਸ਼ਾਂ ਨੂੰ ਖੰਡਨ ਕਰਨਾਂ ਸੌਖਾ ਕੰਮ ਨਹੀਂ ਸੀ । ਇਸ ਕਠਨ ਕਾਰਜ ਨੂੰ ਨੇਪਰੇ ਚਾੜਨ੍ਹ ਲਈ, ਸਤਿਗੁਰਾਂ ਦਾ ਢੰਗ ਬੜਾ ਮਿੱਠਾ ਅਤੇ ਨਿਆਰਾ ਹੈ । ਗਰੁੜ ਪੁਰਾਣ ਵਿਚਲੇ ਝੂਠ ਵਿਰੁੱਧ ਸਪੱਸ਼ਟ ਸ਼ਬਦਾਂ ਵਿਚ ਕੁਝ ਕਹਿ ਕੇ, ਬ੍ਰਾਹਮਣ ਲਿਖਾਰੀ ਦਾ ਦਿਲ ਦੁਖਾਉਣਾ, ਮਿਠ ਬੋਲੜੇ ਸਤਿਗੁਰੂ ਜੀ ਨੂੰ ਮਨਜ਼ੂਰ ਨਹੀਂ ਸੀ । ਪਰ ਗਰੁੜ ਪੁਰਾਣ ਵਿਚ ਲਿਖੇ ਨਰਕੀ ਦੁਖਾਂ ਦਾ, ਅਤੇ ਪਿਤਰ ਲੋਕ ਨੂੰ ਜਾਂਦੇ ੩੬੦ ਦਿਨਾਂ ਵਿਚ ਮੁੱਕਣ ਵਾਲੇ, ਦੁਖਦਾਈ ਘੁੱਪ ਹਨੇਰੇ ਅਤੇ ਸਖ਼ਤ ਗਰਮੀ ਤੋਂ ਮਿਲਦੇ ਕਥਿਤ ਤਸੀਹਾਂ ਦੇ ਬਣੇ **ਭੈ** ਨੂੰ, ਵੀ ਲੋਕਾਂ ਦੇ ਮਨਾਂ ਵਿਚੋਂ ਦੂਰ ਕਰਨਾ ਸੀ । ਸਤਿਗੁਰਾਂ ਦਾ ਉਪਦੇਸ਼ ਹੈ ਕਿ, ਜਿਹੜਾ ਮਨੁੱਖ ਜੀਵਨ ਵਿਚ ਪ੍ਰਭੂ ਦੀ ਯਾਦ ਤੋਂ ਕਦੇ ਅਵਸਲਾ ਨਹੀਂ ਹੁੰਦਾ, ਘਰਾਂ ਦੇ ਕੰਮ-ਕਾਜ ਕਰਦਿਆਂ ਵੀ ਪਰਮਾਤਮਾਂ ਦਾ ਨਾਮ ਕਦੇ ਹੀਂ ਵਿਸਾਰਦਾ, ਉਸ ਨੂੰ ਕਿਸੇ ਕਥਿਤ ਜਮ ਮਾਰਗ ਦੇ ਦੁਖਾਂ ਦੀ ਕੋਈ ਪਰਵਾਹ ਨਹੀਂ ਹੋਣੀ ਚਾਹੀਦੀ । ਹਿਰਦੇ ਵਿਚ ਪ੍ਰਭੂ ਦੀ ਸਦੀਵੀ ਯਾਦ, ਪ੍ਰਾਣੀ ਦਾ ਲੋਕ ਅਤੇ ਪਰਲੋਕ, ਸੁਹਾਵਾਂ ਬਣਾ ਦਿੰਦੀ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ:---

੧- **ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ਗੁਰਮੁਖਿ**

**ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥ ੧ ॥**[੨੬੪]-੨

**ਅਰਥ:**--(ਹੇ ਭਾਈ ! ਬ੍ਰਾਹਮਣ ਦੇ ਪਾਏ ਡਰਾਂ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ ਜੇ ਤੂੰ ਪ੍ਰਭੂ ਦਾ ਸਿਮਰਨ ਕਦੇ ਨਾ ਵਿਸਾਰੇ ਕਿਉਂਕਿ ਤੈਨੂੰ ਭਰੋਸਾ ਬਣ ਜਾਣਾ ਹੈ ਕਿ) ਜਿਥੇ ਤੇਰੇ ਕੋਲ ਤੇਰੇ ਮਾਤਾ, ਪਿਤਾ, ਪੁੱਤਰ, ਮਿਤੱਰ ਅਤੇ ਭਰਾ, ਕੋਈ ਵੀ ਨਹੀਂ ਹੋਣਾ, ਓਥੇ ਪ੍ਰਭੂ ਦਾ ਨਾਮ ਤੇਰਾ ਸਹਾਈ ਬਣ ਜਾਣਾ ਹੈ । [ਭਾਵ, ਪ੍ਰਭੂ ਨੂੰ ਸਦਾ ਅੰਗ-ਸੰਗ ਸਮਝਦਿਆਂ ਸੁਆਸ ਸੁਆਸ ਪ੍ਰਭੂ-ਨਾਮ ਮਨ ਵਿਚ ਟਿਕਾਈ ਰੱਖ ਕੇ ਸਦਾ ਭਲੇ ਕੰਮ ਕਰਦਿਆਂ, ਪ੍ਰਭੂ ਦੇ ਭਾਣੇ ਵਿਚ ਜਿੰਦਗੀ ਗੁਜਾਰਨ ਵਾਲੇ ਮਨੁੱਖ ਨੂੰ ਅਜੇਹੇ ਫੋਕੇ ਡਰ ਕਦੇ ਨਹੀਂ ਵਿਆਪਦੇ) ।

(ਹੇ ਭਾਈ ! ਤੇਰੇ ਮਨ ਵਿਚ ਬੜੇ ਭਿਆਨਕ ਜਮਦੂਤਾਂ ਦਾ ਡਰ ਪਾ ਕੇ, ਬ੍ਰਾਹਮਣ ਨੇ ਜਿਹੜੇ ਪੁੰਨ-ਦਾਨ ਕਰਨ ਦਾ ਭਰਮ ਪਾਇਆ ਹੈ, ਉਹ ਸਭ ਕੁਝ ਫੋਕਟ ਹੈ) ਪ੍ਰਭੂ ਦਾ ਨਾਮ ਅਜੇਹੇ ਕਥਿਤ ਭਿਆਨਕ ਜਮਾਂ ਆਦਿ ਦਾ ਡਰ ਨਾਸ ਕਰ ਦਿੰਦਾ ਹੈ । ਪ੍ਰਭੂ ਦਾ ਨਾਮ ਹੀ ਕੇਵਲ ਪਾਤ੍ਰ ਅਜੇਹਾ ਸੱਜਣ ਹੈ ਜੋ ਸਦਾ ਨਾਲ ਨਿਭਦਾ ਹੈ । ਇਸ ਗੱਲ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪ੍ਰਭੂ ਦਾ ਨਾਮ ਵੱਡੀ ਤੋਂ ਵਡੀ ਔਕੜ ਤੋਂ ਬਚਾ ਲੈਂਦਾ ਹੈ ।

(ਹੇ ਭਾਈ ! ਬ੍ਰਾਹਮਣ ਨੇ ਕਈ ਤਰ੍ਹਾਂ ਦੇ ਪੁੰਨ-ਕਰਮ ਕਰਨੇ ਮਿਥੇ ਹੋਏ ਹਨ, ਗਰੁੜ ਪੁਰਾਣ ਵਿਚ ਬ੍ਰਾਹਮਣ ਨੂੰ ਦਾਨ ਦੇਣ ਲਈ, ਜਾਂ ਬ੍ਰਾਂਹਮਣ ਦੀਆਂ ਖੇਚਲਾਂ ਝੱਲਣ ਲਈ ਜੋ ਕੁੱਝ ਵਿਸ਼ਨੂੰ ਜੀ ਦੇ ਮੂੰਹੋਂ ਕਿਹਾ ਲਿਖਿਆ ਹੈ, ਉਹ ਸਭ ਨਿਰਮੂਲ ਹੈ, ਉਨ੍ਹਾਂ ਵਿਚੋਂ ਕਿਸੇ ਵੀ ਧਰਮ-ਕਰਮ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ) ਅਨੇਕਾਂ ਧਰਮ ਕਰਮ ਕਰਕੇ ਵੀ (ਮਨੁੱਖ ਪ੍ਰਭੂ ਦੇ ਬਣੇ ਅਟੱਲ ਨਿਯਮ ਅਨੁਸਾਰ ਮਨੁੱਖ, ਆਪਣੇ ਕੀਤੇ ਪਾਪਾਂ ਤੋਂ ਮਿਲਣ ਵਾਲੇ ਡੰਨ ਤੋਂ) ਨਹੀਂ ਬਚ ਸਕਦਾ, ਪਰ ਪ੍ਰਭੂ ਦਾ ਸਿਮਰਨ ਕਰੋੜਾਂ ਪਾਪ ਨਾਸ ਕਰ ਦਿੰਦਾ ਹੈ । ਸਤਿਗੁਰਾਂ ਦਾ ਫੁਰਮਾਨ ਹੈ ਕਿ, ਗੁਰੂ ਦੀ ਸਿਖਿਆ ਅਨੁਸਾਰ ਤੁਰਦਿਆਂ ਪਭੂ ਦਾ ਨਾਮ ਮਨ ਵਿਚ ਵਸਾਈ ਰੱਖਣ ਨਾਲ ਬੜੇ ਸੁਖ ਪਾਈਦੇ ਹਨ ( ਭਾਵ, ਨੇਕ ਕਰਮ ਕੀਤਿਆਂ ਮਨੁੱਖ ਦਾ ਮਨ ਨਿਰਭੈ ਰਹਿ ਕੇ ਸਦਾ ਸੁਖੀ ਰਹਿੰਦਾ ਹੈ) ।

ਦੁਖਾਂ ਅਤੇ ਤਸੀਹਿਆਂ ਨਾਲ ਭਰੇ ਜਿਸ ਜਮ-ਮਾਰਗ ਦਾ ਭੈ ਪਾ ਕੇ, ਬ੍ਰਾਹਮਣ ਨੇ, ਲੋਕਾਂ ਨੂੰ ਲੁੱਟਣਾ ਅਰੰਭ ਕੀਤਾ ਹੋਇਆ ਹੈ, ਸਤਿਗੁਰਾਂ ਨੇ ਉਸ ਕਥਿਤ ਜਮ-ਮਾਰਗ, ਪਿਤ੍ਰ-ਲੋਕ ਆਦਿ ਦੀ ਕਿਸੇ ਹੋਂਦ ਨੂੰ ਨਹੀਂ ਮੰਨਿਆਂ । ਪੁਸਤਕ ਦੇ ਪਹਿਲੇ ਭਾਗ ਵਿਚ ਵਿਚਰਾਰ ਹੋ ਚੁੱਕੀ ਹੈ ਕਿ ਗੁਰਮਤਿ ਵਿਚ ਦੇਵੀ ਦੇਵਤਿਆਂ ਦੀ ਅੱਡਰੀ ਹੋਂਦ ਨੂੰ ਮੰਨਣ ਦੀ ਕੋਈ ਥਾਂ ਨਹੀਂ ਹੈ, ਏਸੇ ਤਰ੍ਹਾਂ ਹੀ ਧਰਮ ਰਾਜ, ਚਿਤ੍ਰਗੁਪਤ, ਜਮਦੂਤ, ਨਰਕ ਸੁਰਗ ਆਦਿ ਦੀ ਅੱਡਰੀ ਹੋਂਦ ਨੂੰ ਵੀ ਗੁਰਬਾਣੀ ਨੇ ਨਹੀਂ ਮੰਨਿਆਂ ਹੋਇਆ । (ਇਸ ਸਭ ਕੁਝ ਬਾਰੇ, ਸਵਿਸਥਾਰ ਵਿਚਾਰ, ਅਗਲੇ ਪੱਤਰਿਆਂ ਤੇ ਕੀਤੀ ਗਈ ਹੈ) । ਇਸ ਲਈ ਹੇਠ ਲਿਖੀ ਸੁਖਮਨੀ ਸਾਹਿਬ ਜੀ ਦੀ ਪਉੜੀ ਵਿਚਲੇ " ਮਾਰਗ " ਅਤੇ " ਅੰਧ ਗੁਬਾਰ " ਆਦਿ ਸ਼ਬਦਾਂ ਤੋਂ ਗਰੁੜ ਪੁਰਾਣ ਵਿਚਲੇ ਕਥਿਤ ਜਮ-ਮਾਰਗ ਅਤੇ ਪਿਤ੍ਰਲੋਕ ਦੇ ਮਾਰਗ ਵਿਚਲੇ ਕਥਿਤ ਦੁੱਖ ਨਹੀਂ ਸਮਝਣੇ । ਸੱਚ ਦਾ ਲੜ ਫੜਾਉਂਣ ਆਏ ਗੁਰਦੇਵ ਜੀ ਨੇ ਕਿਸੇ ਝੂਠ ਦਾ ਆਸਰਾ ਕਿਉਂ ਲੈਣਾ ਸੀ ? ਸਤਿਗੁਰਾਂ ਦੇ ਇਸ ਸਦੀਵੀ ਸੱਚ ਦੇ ਉਪਦੇਸ਼ ਤੋਂ ਅਟੱਲ ਸਚਾਈ ਦੀ ਸਿਖਿਆ ਲੈਣੀ ਹੈ । ਇਸ ਮਹਾਂਵਾਕ ਵਿਚੋਂ ਵੀ ਉਨ੍ਹਾਂ ਦੁਖਾਂ ਦੇ ਨਾਸ ਕਰਨ ਵਾਲਾ ਇਲਾਜ ਸਮਝਣਾ ਹੈ ਜਿਹੜੇ ਜਿੰਦਗੀ ਰੂਪ ਕਾਲੀ-ਬੋਲੀ ਰਾਤ ਵਿਚਲੇ ਲੰਮੇ ਸਫਰ ਵਿਚ ਸਾਰਿਆਂ ਮਨੁੱਖਾਂ ਅੱਗੇ ਆਉਂਦੇ ਹਨ :---

੨-- **ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥**
**ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥**
**ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥**
**ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥**[੨੬੪-੨

**ਅਰਥ:**--(ਜਿੰਦਗੀ ਰੂਪੀ) ਜਿਸ ਪੈਂਡੇ ਦੇ ਕੋਹ ਨਹੀਂ ਗਿਣੇ ਜਾ ਸਕਦੇ (ਪਤਾ ਨਹੀਂ ਇਸ ਪੈਂਡੇ ਨੇ ਕਦ ਮੁੱਕ ਜਾਣਾਂ ਹੈ, ਕਿ ਜਾਂ ਇਹ ਪੈਂਡਾ ਅਜੇ ਹੋਰ ਕਿੰਨਾ ਬਾਕੀ ਹੈ) ਉਥੇ ਪ੍ਰਭੂ ਦਾ ਨਾਮ ਹੀ ਜੀਵ ਕੋਲ ਰਾਸ-ਪੂੰਜੀ ਹੈ । (ਕਥਿਤ ਜਮ ਮਾਰਗ ਵਾਲੇ ਪਾਸੇ ਸੋਚ ਨਹੀਂ ਲੈ ਜਾਣੀਂ) । ਜਿਸ ਜਿੰਦਗੀ ਰੂਪ) ਰਾਹ ਵਿਚ (ਵਿਕਾਰਾਂ ਦਾ) ਬੜਾ ਘੁੱਪ ਹਨੇਰਾ ਹੈ, ਓਥੇ ਪ੍ਰਭੂ ਦਾ ਨਾਮ (ਰਸਤਾ ਵਿਖਾਉਂਣ ਲਈ ਜੀਵ ਦੇ ) ਨਾਲ ਚਾਨਣ ਹੈ । ਜਿਸ ਰਸਤੇ ਵਿਚ (ਹੇ ਜੀਵ !) ਤੇਰਾ ਅਸਲੀ ਮਹਰਮ ਹੋਰ ਕੋਈ ਨਹੀਂ ਹੈ, ਓਥੇ ਪ੍ਰਭੂ ਦਾ ਸਿਮਰਨ ਹੀ ਤੇਰਾ ਸੱਚਾ ਸਾਥੀ ਹੈ । ਜਿਥੇ (ਜਿੰਦਗੀ ਦੇ ਸਫ਼ਰ ਵਿਚ ਵਿਕਾਰਾਂ ਦੀ) ਬੜੀ ਭਿਆਨਕ ਤਪਸ਼, ਤੇ ਗਰਮੀ ਹੈ, ਓਥੇ ਪ੍ਰਭੂ-ਨਾਮ ਹੀ (ਹੇ ਜੀਵ !) ਤੇਰੇ ਉਤੇ ਛਾਂ ਹੈ।

(ਹੇ ਜੀਵ !) ਜਿਥੇ (ਮਾਇਆ ਦੀ) ਤ੍ਰੇਹ ਤੈਨੂੰ ਸਦਾ ਖਿੱਚ ਪਾਉਂਦੀ ਹੈ। ਓਥੇ, ਹੇ ਨਾਨਕ ! ਪ੍ਰਭੂ ਦੇ ਨਾਮ ਦੀ ਬਰਖਾ ਹੁੰਦੀ ਹੈ (ਜੋ ਤਪਸ਼ ਨੂੰ ਬੁਝਾ ਦਿੰਦੀ ਹੈ (ਬ੍ਰਾਹਮਣ ਵਾਲੇ ਕਥਿਤ ਰਸਤੇ ਵਿਚ ਤੇ ਲੱਖਾਂ ਸੂਰਜਾਂ ਦੀ ਗਰਮੀ ਦਾ ਡਰ ਪਾਇਆ ਹੋਇਆ ਹੈ । ਸਤਿਗੁਰੂ ਜੀ ਉਹ ਤਪਸ਼ ਵਿਕਾਰਾਂ ਦੀ ਕਹਿ ਰਹੇ ਹਨ)। ੪ ।

ਇਸ ਜ਼ਿੰਦਗੀ ਰੂਪੀ ਰਾਤ ਨੂੰ ਚਾਨਣੇ ਵਿਚ ਬਦਲ ਕੇ ਪ੍ਰਭੂ ਨਾਲ ਅਭੇਤ ਹੋਣ ਦੀ ਜਿਹੜੀ ਜਾਚ ਸਤਿਗੁਰੂ ਜੀ ਸਿਖਾ ਰਹੇ ਹਨ, ਉਸ ਤੋਂ ਉਖੇੜ ਕੇ, ਡੇਰਾ-ਵਾਦੀ ਸੋਚ ਸਾਨੂੰ ਅਸਮਾਨੀ ਬਣੇ ਬ੍ਰਾਹਮਣੀ ਮਾਇਆ ਜਾਲ ਵਿਚ ਲੈ ਵੜਦੀ ਹੈ । ਅਸਾਂ ਸਤਿਗੁਰਾਂ ਦੇ ਅਸਲ ਭਾਵ ਨੂੰ ਸਮਝਣਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦੇ ਸਿਧਾਂਤ ਦੇ ਅਨਕੂਲ ਹੀ ਆਪਣੀ ਸੋਚ ਵਿਚਾਰ ਨੂੰ ਕੇਂਦਰਤ ਰੱਖਣਾ ਹੈ ਅਤੇ ਬ੍ਰਾਹਮਣੀ ਸੋਚ ਤੋਂ ਮੁਕਤੀ ਪਾਉਣੀ ਹੈ ।

ਗਰੁੜ-ਪੁਰਾਣ ਵਿਚ ਵਿਸ਼ਨੂੰ ਜੀ ਨੇ ਜਿਨ੍ਹਾਂ ਧਰਮ-ਕਰਮਾਂ ਤੋਂ ਸਦਗਤੀ ਪ੍ਰਾਪਤ ਹੋਣ ਦੀ ਗੱਲ ਕੀਤੀ ਹੈ, ਪੁੰਨ-ਦਾਨ ਵਾਲੇ ਉਨ੍ਹਾਂ ਧਰਮ-ਕਰਮਾਂ ਨੂੰ ਸਤਿਗੁਰਾਂ ਨੇ " ਹੰਕਾਰ " ਪੈਦਾ ਕਰਨ ਵਾਲੇ ਫ਼ੁਰਮਾਨ ਕੀਤਾ ਹੈ । ਹੰਕਾਰ ਹੀ ਅਜੇਹਾ ਭਿਆਨਕ ਰੋਗ ਹੈ ਜਿਹੜਾ ਪ੍ਰਭੂ ਨਾਲੋਂ ਵਿਥ ਬਣਾਈ ਰੱਖ ਕੇ ਮਨੁੱਖਾ ਦੇਹ ਨੂੰ ਵਿਕਾਰਾਂ ਦਾ ਗੜ੍ਹ ਬਣਾ ਕੇ ਜਨਮ-ਮਰਨ ਦੇ ਲੰਮੇ ਗੇੜ ਵਿਚ ਪਾ ਦਿੰਦਾ ਹੈ:--

੩- **ਜੇਤੇ ਜਤਨ ਕਰਤ ਤੇ ਡੂਬੇ, ਭਵ ਸਾਗਰੁ ਨਹੀ ਤਾਰਿਓ ਰੇ ॥**
**ਕਰਮ ਧਰਮ ਕਰਤੇ ਬਹੁ ਸੰਜਮ, ਅਹੰਬੁਧਿ ਮਨੁ ਜਾਰਿਓ ਰੇ ॥ ੧ ॥**[੩੩੫]-੧-੫-੫੬

**ਅਰਥ:**--ਹੇ ਭਾਈ ! ਧਾਰਮਿਕ ਰਸਮਾਂ, ਵਰਨ ਆਸ਼੍ਰਮਾ ਦੀਆਂ ਆਪੋ ਆਪਣੀਆਂ ਰਸਮਾਂ ਕਰਨ ਦੇ ਫ਼ਰਜ਼ ਅਤੇ ਹੋਰ ਕਈ ਕਿਸਮ ਦੇ ਧਾਰਮਿਕ ਪ੍ਰਣ ਕਰਨ ਨਾਲ ਹਉਮੈ (ਮਨੁੱਖ ਦੇ) ਮਨ ਨੂੰ ਸਾੜ ਦਿੰਦੀ ਹੈ । ਜਿਹੜੇ ਜਿਹੜੇ ਵੀ ਮਨੁੱਖ ਅਜਿਹੇ ਜਤਨ ਕਰਦੇ ਹਨ, ਉਹ ਸਾਰੇ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ, ਇਹ ਰਸਮਾਂ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘਾਉਂਦੀਆਂ (ਸੰਸਾਰ ਦੇ ਵਿਕਾਰਾਂ ਤੋਂ ਬਚਾ ਨਹੀਂ ਸਕਦੀਆਂ) । ੧ ।

ਦਾਨ ਪੁੰਨ ਬਾਰੇ ਗੁਰਮਤਿ ਸਿਧਾਂਤ ਦੀ ਬੜੀ ਲੰਮੀ ਅਤੇ ਖੁਲ੍ਹੀ ਵਿਚਾਰ ਪੁਸਤਕ ਦੇ ਦੂਜੇ ਭਾਗ ਵਿਚ ਕੀਤੀ ਜਾ ਚੁੱਕੀ ਹੈ । ਧਾਰਮਿਕ ਆਗੂਆਂ ਨੂੰ ਦਾਨ ਦੇਣਾ, ਜਾਂ ਰੱਬ ਅਥਵਾ ਇਸ਼ਟ ਨੂੰ ਪ੍ਰਸੰਨ ਕਰਨ ਲਈ ਦਾਨ ਦੇਣ ਦੀ ਰਸਮ, ਲੁਟੇਰੇ ਧਰਮ-ਆਗੂਆਂ ਦੀ ਚਲਾਈ ਨਿਰੀ ਲੁੱਟ-ਚੋਂਘ ਹੈ । ਪ੍ਰਭੂ ਨੂੰ, ਦੇਵਤੇ ਅਥਵਾ ਇਸ਼ਟ ਨੂੰ ਖ਼ੁਸ਼ ਕਰਕੇ ਕੋਈ ਅਧਿਆਮਕ ਜਾਂ ਮਾਇਕ ਲਾਭ ਲੈ ਸਕਣ ਦੀ ਲਾਲਾਸ ਨਾਲ, ਜਾਂ ਕਿਸੇ ਮ੍ਰਿਤਕ

ਦੀ ਕਲਿਆਣ ਦੀ ਇੱਛਿਆ ਨਾਲ ਕਿਸੇ ਧਾਰਮਿਕ ਆਗੂ ਨੂੰ ਜਾਂ ਕਿਸੇ ਮੰਗਤੇ ਨੂੰ **ਦਿੱਤਾ ਦਾਨ** ਅਜੇਹਾ ਘਿਣਾਵਣਾ ਅਪਰਾਧ ਹੈ ਜੋ ਸਮਾਜ ਲਈ ਨਾਸੂਰ ਸਿੱਧ ਹੋਣ ਵਾਲੇ ਮੰਗਤੇ ਪੈਦਾ ਕਰਦਾ ਹੈ ਅਜੇਹਾ ਦਾਨੀ ਸਮਾਜ ਦੇ ਸੁਖ ਚੈਨ ਅਤੇ ਧਨ ਦੌਲਤ ਦੀ ਬਰਬਾਦੀ ਕਰਨ ਵਾਲੇ ਅਪਰਾਧੀ ਪੈਦਾ ਕਰਦਾ ਹੈ । ਸੋ ਅਪ ਹੀ ਦਾਨੀ ਨਹੀਂ ਬਣ ਬਹਿਣਾ ਸਗੋਂ ਸਦਾ ਪ੍ਰਭੂ ਦੇ ਦਰਬਾਰ ਵਿਚ ਏਹੀ ਬੇਨਤੀ ਕਰਨੀ ਹੈ--

੪- **ਤੁਮ ਦਾਤੇ ਹਮ ਸਦਾ ਭਿਖਾਰੀ ॥ ਦੇਉ ਜਬਾਬੁ ਹੋਇ ਬਜਗਾਰੀ ॥**
**ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥ ਭਿਸਤੁ ਨਜੀਕਿ ਰਾਖੁ ਰਜਿਮਾਨਾ ॥ ੪ ॥** [੧੧੬੧]

# ੨

## ਸ਼ਰਾਧ

ਸ਼ਰਾਧ, ਦਾ ਅਰਥ ਹੈ ਸ਼ਰਧਾ ਨਾਲ ਕੀਤਾ ਕਰਮ । ਪਿਤਰਾਂ ਵਾਸਤੇ ਸ਼ਰਧਾ ਨਾਲ ਕੀਤਾ ਅੰਨ ਵਸਤ੍ਰ ਆਦਿ ਦਾਨ । ਹਿੰਦੂ ਮਤ ਵਿਚ ਚਾਰ ਤਰ੍ਹਾਂ ਦੇ ਸ਼ਰਾਧ ਹਨ । ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ--

(ੳ) **ਨਿਤਯ ਸ਼ਰਾਧ,** ਜੋ ਨਿਤ ਹੀ ਦੇਵਤਾ ਅਤੇ ਪਿਤਰਾਂ ਨੂੰ ਜਲ ਆਦਿ ਦੇਣਾ ।

(ਅ) **ਪਾਰਵਨ ਸ਼ਰਾਧ** , ਜਿਹੜਾ ਮੱਸਿਆ, ਸੰਗ੍ਰਾਂਦ ਆਦਿ ਪੁਰਵਾਂ ਦੇ ਸਮੇ ਕੀਤਾ ਜਾਂਦਾ ਹੈ ।

(ੲ) **ਕਸ਼ਯਾਹ,** ਉਹ ਸ਼ਰਾਧ ਜਿਹੜਾ ਮੋਏ ਹੋਏ ਪਿਤਰ ਦੇ ਦੇਹਾਂਤ ਵਾਲੇ ਦਿਨ ਕੀਤਾ ਜਾਂਦਾ ਹੈ ।

(ਸ) **ਮਹਾਲਯ,** ਜੋ ਅਸੂ ਦੇ ਪਹਿਲੇ ਪੱਖ ਵਿਚ ਕਰਨਾ । ਪਹਿਲੇ ਪੱਖ ਦਾ ਭਾਵ ਹੈ ਅਸੂ ਸੁਦੀ ੧ ਤੋਂ ਲੈ ਕੇ ੯ ਤਕ । ਬਿੱਪ੍ਰ ਜੀ ਨੇ ਇਨ੍ਹਾਂ ਦਿਨਾਂ ਦਾ ਨਾਮ " ਨਵਰਾਤਰੇ " (ਭਾਵ, ਨੌਂ ਰਾਤਾਂ ਵਾਲੇ) ਰਖਿਆ ਹੋਇਆ ਹੈ । ਬ੍ਰਾਹਮਣ ਦੀ ਪੱਤ੍ਰੀ ਅਨੁਸਾਰ ਨਵਰਾਤਰੇ ਸਾਲ ਵਿਚ ਦੋ ਵਾਰੀ ਆਉਂਦੇ ਹਨ । ਦੂਜੀ ਵਾਰੀ ਚੇਤ ਸੁਦੀ ੧ ਤੋਂ ੯ ਤਕ ਹੁੰਦੇ ਹਨ । ਦੁਰਗਾ ਦੇ ਉਪਾਸਕ ਇਨ੍ਹਾਂ ਦਿਨਾਂ ਵਿਚ ਦੇਵੀ ਦੇ ਨੌਂ ਸਰੂਪਾਂ ਦਾ ਪੂਜਨ ਕਰਦੇ ਹਨ । ਜਦ ਪੂਜਨ ਦੀ ਸਮਾਪਤੀ ਹੁੰਦੀ ਹੈ ਤਦ ਨੌਂ ਦੇਵੀਆਂ ਦੇ ਨਾਮ ਤੇ, ਨੌਂ ਕੁਆਰੀਆਂ ਕੁੜੀਆਂ (ਕੰਨਿਆਂ) ਨੂੰ ਅੰਨ ਧਨ ਅਤੇ ਕੱਪੜੇ ਆਦਿ ਅਰਪਦੇ ਹਨ । ਗੁਰਦਾਸਪੁਰ, ਪਠਾਨਕੋਟ ਤਸੀਲਾਂ ਵਿਚ, ਸਿਖ ਪਰਵਾਰਾਂ ਵਿਚ ਵੀ ਨਵਰਾਤ੍ਰਿਆਂ ਵਿਚ ਦੇਵੀ ਪੂਜਨ ਦਾ ਬੜਾ ਰਿਵਾਜ ਰਿਹਾ ਹੈ । ਵਿਰਲੇ ਟਾਂਵੇਂ ਸਿੱਖ ਪ੍ਰਵਾਰਾਂ ਵਿਚ, ਅੱਜ ਵੀ ਕੁੜੀਆਂ ਮਿੱਟੀ ਦੀ ਦੇਵੀ ਬਣਾ ਕੇ ਉਸ ਦੀ ਪੂਜਾ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ । ਬ੍ਰਾਹਮਣ ਦੀ ਲੁੱਟ-ਨੀਤੀ ਨੇ ਦੁਰਗਾਂ ਦੇ ਦੋ ਭਾਗ ਕੀਤੇ ਹੋਏ ਹਨ । ਦੋਹਾਂ ਭਾਗਾਂ ਦੇ ਅੱਗੇ, ਨੌਂ ਨੌਂ ਹੀ ਸਰੂਪ ਹਨ । ਜਿਵੇਂ:--

(**ੳ**) **ਨਵਕੁਮਾਰੀ**--ਇਸ ਦੇ ਨੌਂ ਰੂਪਾਂ ਦੇ ਨਾਮ ਇਸ ਪ੍ਰਕਾਰ ਹਨ--(੧) ਕੁਮਾਰਿਕਾ, (੨) ਤ੍ਰਿਮੂਰਤਿ, (੩) ਕਲਿਯਾਣੀ, (੪) ਰੋਹਿਣੀ, (੫) ਕਾਲੀ (੬) ਚੰਡਿਕਾ, (੭) ਸ਼ਾਂਭਵੀ, (੮) ਦੁਰਗਾ ਅਤੇ (੯) ਸੁਭਦ੍ਰਾ ।

(**ਅ**) **ਨਵਦੁਰਗਾ**--ਇਸ ਦੇ ਨ ਰੂਪ ਇਹ ਹਨ--(੧) ਸ਼ੈਲਪੁਤ੍ਰੀ, (੨) ਬ੍ਰਹਮਚਾਰਿਣੀ, (੩) ਚੰਦ੍ਰਘੰਟਾ, (੪) ਕੁੜਮਾਂਡਾ, (੫) ਸ੍ਕੰਦਮਾਤਾ, (੬) ਕਾਰਯਾਯਨੀ (੭) ਕਾਲਰਾਤ੍ਰਿ, (੮) ਮਹਾ ਗੌਰੀ, ਅਤੇ (੯) ਸ਼ਿੱਧਿਦਾ ।

ਇਨ੍ਹਾਂ ਨਵਰਾਤਰਿਆਂ ਵਿਚ ਕੀਤੇ ਜਾਣ ਵਾਲੇ ੯ ਸ਼ਰਾਧਾਂ ਵਿਚ ਬ੍ਰਾਹਮਣਾਂ ਨੂੰ ਲਗਾਤਾਰ ਉੱਤਮ ਭੋਜਨ ਛਕਾਏ ਜਾਂਦੇ ਹਨ । ਗਰੁੜ ਪੁਰਾਣ ਵਿਚਲੇ ਵਿਸ਼ਨੂੰ ਜੀ ਦਾ ਕਹਿਣਾ ਹੈ, ਕਿ ਸ਼ਰਾਧਾਂ ਵਿਚ ਖਾਧੇ ਸਾਰੇ ਭੋਜਨ ( ਬ੍ਰਾਹਮਣ ਦੇ ਢਿੱਡ ਦੇ ਰਸਤੇ ? ) ਪਿਤਰ-ਲੋਕ ਵਿਚ ਭੁੱਖੇ ਬੈਠੇ (ਦਾਨ ਕਰਨ ਵਾਲੇ ਜਜਮਾਨਾਂ ਦ) ਪੂਰਵਜਾਂ ਕੋਲ ਪੁੱਜ ਜਾਂਦੇ ਹਨ । ਬ੍ਰਾਹਮਣ ਤਾਂ ਵਿਚਾਰਾ ਭੁੱਖੇ ਦਾ ਭੁਖਾ ਹੀ ਰਹਿ ਜਾਂਦਾ ਹੈ । ਸੋ ਪਦਾਰਥਾਂ ਦੇ ਖਾਣ ਦੀ ਖੇਚਲ, ਅਤੇ ਦੰਦਾਂ ਦੀ ਘਸਾਈ ਦੀ, " ਤਕੜੀ ਫ਼ੀਸ " ਵੀ ਜਜਮਾਨਾਂ ਨੂੰ ਤਾਰਨੀ ਪੈਂਦੀ ਹੈ । ਦੁਰਗਾ ਦੇਵੀ ਦੇ ਇਨ੍ਹਾਂ ੧੮ ਦਿਨਾਂ (ਨਵਰਾਤਰਿਆਂ) ਵਿਚ ਵੱਧ ਤੋਂ ਵੱਧ ਧਨ-ਪਦਾਰਥ ਬ੍ਰਾਹਮਣਾ ਨੂੰ ਦਾਨ ਵਜੋਂ ਦਿੱਤਾ ਜਾਂਦਾ ਹੈ । ਦਾਨ ਕੀਤਾ ਸਭ ਕੁਝ (ਭਾਵ, ਭੂਮੀ ਦਾਨ, ਗਊਦਾਨ ਘੜਾ ਦਾਨ, ਵੱਛਾ ਦਾਨ, ਸੇਜਾ ਦਾਨ ਆਦਿ ਅਦਿ) ਜਿਉਂ ਦਾ ਤਿਉਂ , ਪਿਤਰ ਲੋਕ ਵਿਚ ਠੀਕ ਪਤੇ ਤੇ ਪੁਚਾ ਦੇਣ ਦਾ ਪਤਾ, ਕੇਵਲ ਅਤੇ ਕੇਵਲ ਬ੍ਰਾਹਮਣ ਨੂੰ ਹੀ ਹੈ । ਸੋ ਇਨ੍ਹਾਂ ਦਿਨਾਂ ਦਿਹਾੜਿਆਂ ਵਿਚ, ਬੇਅੰਤ ਗ਼ਰੀਬ ਪ੍ਰਵਾਰ, ਕਈ ਢੰਗਾਂ ਦੁਆਰਾ ਲੁੱਟੇ ਜਾ ਰਹੇ ਹੁੰਦੇ ਹਨ । ਇਹ ਲਹੂ ਪੀਣੀ ਲੁੱਟ ਸੱਤ ਪੀੜੀਆਂ ਤੱਕ ਚਲਦੀ ਹੈ । ਇਹ ਸਾਰਾ ਲੁੱਟ-ਅਪਰਾਧ, ਦੁਰਗਾ-ਮੱਯਾ ਦੇ ੧੮ ਰੂਪ, ਕੋਲ ਖਲੋ ਕੇ ਕਰਵਾ ਰਹੇ ਹੁੰਦੇ ਹਨ । ਕੀ ਇਹ ਕਰਤੂਤ ਓਸੇ ਸਰਬ-ਸ਼ਕਤੀਮਾਨ ਦੁਰਗਾ ਦੀ ਹੈ, ਜਿਸ ਦੀ ਉਸਤਤਿ ਦਸਮ ਗ੍ਰੰਥ ਵਿਚ ਲਿਖੀ ਹੈ ?* ॥॥॥

[* Foot Note :--ਪੀੜ ਨਾਲ ਹਿਰਦਾ ਚੀਰਿਆ ਜਾਂਦਾ ਹੈ ਜਦੋਂ ਅੰਧ ਵਿਸ਼ਵਾਸ਼ੀ ਅਤੇ ਗੁਰੂ ਨਾਨਕ ਦੇਵ ਜੀ ਦੇ ਗਿਆਨ ਤੋਂ ਸੱਖਣੇ ( ਨਿਰਸੰਦੇਹ, ਬ੍ਰਾਹਮਣੀ ਮਾਇਆ ਜਾਲ ਦੇ ਪ੍ਰਭਾਵ ਹੇਠ ਦੱਬੇ ਹੋਏ ) ਗੁਰੂ ਦੇ ਲਾਲ, ਨੌਂ ਤੇ ਨੌਂ ੧੮ ਰੂਪਾਂ ਵਾਲੀ ਦੁਰਗਾ ਦਾ ਇਕ ੧੯ਵਾਂ ਰੂਪ ਸਿਰਜ ਕੇ, ਬ੍ਰਾਹਮਣੀ ਸੋਚ ਦੀ ਉਪਜ, ਇਸ ਮਹਾਂ ਦੈਂਤਣੀ ਦੁਰਗਾ ਦਾ ਜ਼ਿਕਰ ਮਹਾਂ ਬਲੀ, ਸੂਰਜਾਂ ਦੇ ਸੂਰਜ, ਦਸ਼ਮੇਸ਼ ਜੀ ਦੀ ਪਾਵਨ ਪਵਿਤ੍ਰ " ਕਲਮ " ਨਾਲ ਜੋੜਦੇ ਹਨ । ਬ੍ਰਾਹਮਣ ਦੇ ਇਸ ਝੂਠ ਨੂੰ ਸੱਚ ਬਣਾ ਲੈਣ ਦੀ ਚਿੰਤਾ ਵਿਚ ਅੰਨ੍ਹੇ ਹੋਏ ਇਹ ਅਨੋਖੇ ਸਿੱਖ, ਰੱਬ ਰੂਪ ਦਸ਼ਮੇਸ਼ ਜੀ ਨੂੰ ਵੀ ਓਵੇਂ ਹੀ ਵਰਤ ਰਹੇ ਹਨ, ਜਿਵੇ ਬ੍ਰਾਹਮਣ ਨੇ ਆਪਣੀ ਬਣਾਈ ਲੁੱਟ-ਮਰਯਾਦਾ ਨੂੰ ਧਰਮ ਦਾ ਅੰਗ ਬਣਾਉਣ ਲਈ ਰਾਜੇ ਦਸ਼ਰਥ ਦੇ ਪੁਤ " ਰਾਮ " ਨੂੰ ਵਰਤਿਆ ਸੀ, ਅਤੇ ਆਪਣੀ ਲੰਪਟੀ ਕਰਤੂਤਾਂ ਨੂੰ ਪੂਜਨੀਕ ਮੰਦਰਾਂ ਦਾ ਹਿੱਸਾ ਬਣਾ ਲੈਣ ਲਈ, ਕ੍ਰਿਸ਼ਨ ਲੀਲ੍ਹਾ ਦੀ ਗਾਥਾ ਘੜੀ ਤੇ ਸਫ਼ਲਤਾ ਨਾਲ ਵਰਤੀ ]

ਖ਼ਖ਼ਖ਼ਖ਼ਖ਼ਖ਼ਖ਼ਪੁਰਾਣਾ ਅਤੇ ਸਿਮਰਤੀਆਂ ਵਿਚ ਸ਼ਰਾਧਾਂ ਦੀ ਮਰਯਾਦਾ ਦੇ ਕਈ ਢੰਗਾਂ ਦੇ ਬੰਧਨ ਲਿਖੇ ਹੋਏ ਹਨ । ਅਜੇਹੇ ਸ਼ਰਾਧਾਂ ਬਾਰੇ ਗੁਰਦੇਵ ਜੀ ਦੇ ਫ਼ੁਰਮਾਨ ਇਸ ਪ੍ਰਕਾਰ ਹਨ:--

੫- **ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਿਰਾਧ ਕਰਾਹੀ ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ੧ ॥**[੩੩੨]-੧-੪੫

**ਅਰਥ:**--ਲੋਕ ਜੀਊਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ, ਪਰ ਮਰ ਗਏ ਪਿਤਰਾਂ ਨਮਿਤ ਭੋਜਨ ਖੁਆਉਂਦੇ ਹਨ। ਵਿਚਾਰੇ ਪਿਤਰ ਭਲਾ ਉਹ ਸਰਾਧਾਂ ਦਾ ਭੋਜਨ ਕਿਵੇਂ ਹਾਸਲ ਕਰ ਸਕਦੇ ਹਨ ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ। ੧ ।

੬- **ਮ: ੧ ॥ ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥**
**ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥**
**ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥**
**ਦਸਵੈ ਦਧਾ ਹੋਆ ਸੁਆਹ ॥**
**ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥**
**ਪਿਛੈ ਪਤਲ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥**[੧੩੮]-ਵਾ-੧

ਅਰਥ:--(ਜੇ ਮਨੁੱਖ ਦੀ ਸਾਰੀ ਜਿੰਦਗੀ ਨੂੰ ਦਸ ਹਿਸਿਆਂ ਵਿਚ ਵੰਡੀਏ, ਤਾਂ ਇਸ ਦੀ ਸਾਰੀ ਉਮਰ ਦੇ ਕੀਤੇ ਉੱਦਮਾਂ ਦੀ ਤਸਵੀਰ ਇਉਂ ਬਣਦੀ ਹੈ) ਪਹਿਲੀ ਅਵਸਥਾ ਵਿਚ (ਜੀਵ) ਪਿਆਰ ਨਾਲ (ਮਾਂ ਦੇ) ਥਣਾਂ ਦੇ ਦੁੱਧ ਵਿਚ ਰੁੱਝਦਾ ਹੈ, ਦੂਜੀ ਅਵਸਥਾ ਵਿਚ ( ਜਦੋਂ ਰਤਾ ਕੁ ਸਿਆਣਾ ਹੁੰਦਾ ਹੈ) ਤਾਂ ਮਾਂ ਤੇ ਪਿਉ ਦੀ ਸੋਝੀ ਹੋ ਜਾਂਦੀ ਹੈ, ਜੀਜੀ ਅਵਸਥਾ ਵਿਚ ਭਾਰਾ ਭਾਈ ਤੇ ਭੈਣ ਦੀ ਪਛਾਣ ਆਉਂਦੀ ਹੈ। ਚੌਥੀ ਅਵਸਥਾ ਵੇਲੇ ਖੇਡਾਂ ਵਿਚ ਪਿਆਰ ਗੇ ਕਾਰਣ (ਜੀਵ ਦੇ ਅੰਦਰ ਕੈਡਾਂ ਖੇਡਣ ਦੀ ਰੁਚੀ) ਉਪਜਦੀ ਹੈ, ਪੰਜਵੀ ਅਵਸਥਾ ਵਿਚ ਖਾਣ ਪੀਣ ਦੀ ਲਾਲਸਾ ਬਣਦੀ ਹੈ, ਛੇਵੀਂ ਅਵਸਥਾ ਵਿਚ (ਅੱਪੜ ਕੇ ਜੀਵ ਦੇਅੰਦਰ) ਕਾਮ (ਜਾਗਦਾ ਹੈ ਜੋ) ਜਾਤਿ ਕੁਜਾਤਿ ਵੀ ਨਹੀਂ ਵੇਖਦਾ। ਸਤਵੀਂ ਅਵਸਥਾ ਵਿਚ (ਜੀਵ ਪਦਾਰ) ਇਕੱਠੇ ਕਰ ਕੇ ਆਪਣਾ ਘਰ ਦਾ ਵਸੇਬਾ ਬਣਾਉਂਦਾ ਹੈ, ਅਠਵੀ ਅਵਸਥਾ ਵਿਚ ਜੀਵ ਦੇ ਅੰਦਰ ਗੁੱਸਾ (ਪੈਦਾ ਹੁੰਦਾ ਹੈ ਜੋ) ਸਰੀਰ ਦਾ ਨਾਸ ਕਰਦਾ ਹੈ। (ਉਮਰ ਦੇ) ਹਿੱਸੇ ਵਿਚ ਕੇਸ ਚਿੱਟੇ ਹੋ ਜਾਂਦੇ ਹਨ ਤੇ ਸਾਹ ਖਿੱਚ ਕੇ ਆਉਂਦਾ ਹਨ (ਭਾਵ, ਦਮ ਚੜ੍ਹਨ ਲੱਗ ਪੈਂਦਾ ਹੈ), ਦਸਵੇਂ ਦਰਜੇ ਤੇ ਜਾ ਕੇ ਸੜ ਤੇ ਸੁਆਹ ਹੋ ਜਾਂਦਾ ਹੈ।,

ਜੋ ਸਿਗੀਤ, ਭਾਵ, ਸਾਥੀ (ਮਸਾਣਾ ਤਕ ਨਾਲ) ਜਾਂਦੇ ਹਨ, ਉਹ ਢਾਹਾਂ ਮਾਰ ਦਿੰਦੇ ਹਨ (ਪਿੱਛੇ ਪੜ ਚੁੱਕੇ ਹਾਂ ਕਿ ਢਾਂਹ ਮਾਰ ਕੇ ਜੀਵਆਤਮਾਂ ਨੂੰ ਡਰਾਇਆ ਜਾਂਦਾ ਹੈ, ਕਿ ਉਹ ਸਰੀਰ ਦਾ ਮੋਹ ਛੱਡ ਕੇ ਜਮ ਮਾਰਗ ਵਲ ਨੂੰ ਚਲੀ ਜਾਏ। ਇੱਕ ਪਾਸੇ ਇਹ ਕਿਹਾ ਗਿਆ ਹੈ ਕਿ ਜੀਵਾਤਮਾਂ ਨੂੰ ਲੈਣ ਲਈ ਜਮਦੂਤ ਆਉਂਦੇ ਹਨ ਅਤੇ ਨਾਲ ਇਹ ਕਹਿ ਰਿਹਾ ਹੈ ਕਿ ਡਰਾਉਂਣੀਆਂ ਢਾਹਾਂ ਮਾਰ ਕੇ ਜੀਵਾਤਮਾਂ ਨੂੰ ਡਰਾਇਆ ਨਾ ਜਾਵੇ ਤਾਂ ਉਹ ਸਰੀਰ ਦੇ ਮੋਹ ਕਾਰਨ ਨੇੜੇ ਤੇੜੇ ਘੁੰਮਦੀ ਰਹਿੰਦੀ ਹੈ। ਸਤਿਗੁਰਾਂ ਨੇ ਉਸ ਵਿਅਰਥ ਬ੍ਰਾਹਮਣੀ-ਭਰਮ ਦਾ ਜ਼ਿਕਰ ਕੀਤਾ ਹੈ ) । ਜੀਵਾਤਮਾ (ਸਰੀਰ ਵਿਚੋਂ) ਨਿਕਲ ਕੇ ( ਅਗਾਂਹ ਦੇ ) ਰਾਹ ਪੁੱਛਦੀ ਹੈ। ਜੀਵ ਜਗਤ ਵਿਚ ਆਇਆ ਤੇ ਤੁਰ ਗਿਆ, ( ਉਸ ਦੇ ਜਾਣ ਪਿਛੋ ਮੁਰਦਾ ਸਰੀਰ ਨੇ ਤਾਂ ਕੁਝ ਖਾਣਾ ਨਹੀਂ ਹੁੰਦਾ, ਪਰ ਮੌਤ ਹੋ ਜਾਣ ) ਪਿਛੋਂ ਪੱਤਰਾਂ ਉੱਤੇ (ਪਿੰਡ ਭਰਾ ਕੇ) ਕਾਂਵਾਂ ਨੂੰ ਹੀ ਸਦੀਦਾ ਹੈ ( ਉਸ ਜੀਵ ਨੂੰ ਕੁਝ ਨਹੀਂ ਅਪੱੜਦਾ ) । ਹੇ ਨਾਨਕ ! ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ (ਜਗਤ ਨਾਲ) ਪਿਆਰ ਅੰਨ੍ਹਿਆਂ ਵਾਲਾ ਪਿਆਰ ਹੈ, ਗੁਰੂ (ਦੀ ਸਰਣ ਆਉਣ ) ਤੋਂ ਬਿਨਾ ਜਗਤ (ਇਸ ਅੰਧ ਪਿਆਰ ਵਿਚ ) ਡੁੱਬ ਰਿਹਾ ਹੈ। ੨ ।

ਹਿੰਦੂ ਧਰਮ ਵਿਚੋਂ ਗੁਰੂ ਨਾਨਕ ਸਾਹਿਬ ਜੀ ਦੇ ਝੰਡੇ ਥੱਲੇ ਆਇਆ ਸਿੱਖ, ਗਰੁੜ ਪੁਰਾਣ ਦੀ ਸਿਖਿਆ ਤੋਂ ਆਪਣੇ ਅੰਦਰ ਬਣੇ ਹੋਏ ਸੰਸਕਾਰਾਂ ਨੂੰ, ਤਿਆਗ ਨਹੀਂ ਸਕਿਆ। ਹਜ਼ਾਰਾਂ ਅਖੰਡ ਪਾਠ ਕੀਤੇ ਅਤੇ ਲਖਾਂ ਗੁਰਬਾਣੀ ਦੇ ਨਿਤਨੇਮ ਕੀਤੇ, ਪਰ ਦਸ਼ਮੇਸ਼ ਜੀ ਦਾ ਖ਼ਾਲਸਾ, ਆਪਣੇ ਅੰਦਰੋਂ, ਬ੍ਰਾਹਮਣੀ ਮਤ ਵਾਲੀ ਮੈਲ ਅਜੇ ਤੱਕ ਨਹੀਂ ਧੋ ਸਕਿਆ। ਇਉਂ ਸਿੱਧ ਹੁੰਦਾ ਹੈ ਕਿ ਅਸੀਂ ਐਵੇਂ ਵਿਖਾਵੇ ਲਈ ਹੀ ਗੁਰੂ ਮਹਾਰਾਜ ਅਗੇ ਨੱਕ ਰਗੜਦੇ ਰਹੇ ਹਾਂ। ਜੇ ਕਦੇ ਹਿਰਦੇ ਤੋਂ ਗੁਰਮੁਖ ਹੋ ਕੇ, ਸਤਿਗੁਰਾਂ ਦੇ ਚਰਨਾਂ ਵਿਚ ਨੱਕ ਰਗੜਦੇ, ਤਾਂ, ਸਾਡੇ ਅੰਦਰੋਂ ਪੁਰਾਣੇ ਸੰਸਕਾਰਾਂ ਦਾ ਜੰਗਾਲ ਜ਼ਰੂਰ ਰਗੜਿਆ ਜਾਣਾ ਸੀ। ਅਸਾਂ ਸਤਿਗੁਰਾਂ ਦੀ ਮਤਿ ਤਾਂ ਕੀ ਗ੍ਰਿਹਣ ਕਰਨੀ ਸੀ, ਸਗੋਂ ਸਤਿਗੁਰਾਂ ਨੂੰ, ਧੋਖਾ ਦੇਣ ਲਈ, ਬ੍ਰਾਹਮਣੀ ਸੰਸਕਾਰ-ਮਰਯਾਦਾ ਦਾ ਰੂਪ ਵਟਾ ਕੇ ਉਸ ਨੂੰ ਪੂਰੀ ਤਰ੍ਹਾਂ ਅਪਣਾ ਲਿਆ। ਬ੍ਰਾਹਮਣਾਂ ਨੂੰ ਬੁਲਾ ਕੇ ਮਿਰਤਕ ਨਿਮਿਤ ਭੋਜਨ ਛਕਾਉਣ ਦੀ ਥਾਂ ਪੰਜ ਸਿੰਘਾਂ ਦੀ ਭਾਲ ਅਰੰਭ ਕਰ ਲਈ। ਪੰਜਾਂ ਸਿੰਘਾਂ ਨੂੰ ਸੁੱਚੇ ਥਾਂ ਬਿਠਾ ਕੇ, ਉਨ੍ਹਾਂ ਦੇ ਹੱਥ ਸੁੱਚੇ ਕਰਾਉਣੇ, ਸੁਚੀ ਰਸੋਈ ਵਿਚ ਸੁਚੇ ਪਦਾਰਥਾਂ ਦਾ ਤਿਆਰ ਕੀਤਾ ਹੋਇਆ, ਅੰਮ੍ਰਿਤ ਮਈ ਭੋਜਨ ਪਰੋਸਿਆ ਜਾਣਾ, ਫਿਰ ਸਿੰਘਾਂ ਦੇ ਮੋਹਰੀ ਨੇ ਗੁਰਬਾਣੀ ਦਾ ਕੋਈ ਢੁਕਵਾਂ ਜਿਹਾ ਸਲੋਕ ਪੜ੍ਹਨਾ, ਅਤੇ ਕਈ ਹੰਢੇ ਵਰਤੇ ਭਾਈ ਜੀ ਹੋਰ ਵੀ ਕਈ ਤਰ੍ਹਾਂ ਦੇ ਬਿੱਪ੍ਰੀ ਟੱਸਣ ਕਰਦੇ ਹਨ ਅਤੇ ਪ੍ਰਸ਼ਾਦਾ ਛਕਿਆ ਜਾਂਦਾ ਹੈ। ਭੋਜਨ ਛਕਾ ਕੇ ਬਸਤਰਾਂ ਦੇ ਨਾਲ ਮਾਇਆ ਵੀ ਭੇਟਾ ਕੀਤੀ ਜਾਂਦੀ ਹੈ। ਖ਼ੁਸ਼ੀ ਨਾਲ ਕੁੱਪਾ ਹੋ ਕੇ ਭਾਈ ਜੀ ਫਿਰ ਅਰਦਾਸ ਕਰਦੇ ਹਨ[ਬੋਲੋ ਜੀ ਵਾਹਿਗੁਰੂ .. " **ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ ॥ ਤਿਸੈ ਅਗੈ ਨਾਨਕਾ ਖਲਇ ਕੀਚੈ ਅਰਦਾਸ** " ਸੱਚੇ ਪਾਤਿਸ਼ਾਹ ਜੀਓ ! ਆਪ ਦਾ ਹੁਕਮ ਹੈ-' **ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ** " ਹੇ ਮਿਹਰਾਂ ਦੇ ਮਾਲਕ, ਪਾਤਿਸ਼ਾਹ ਜੀਓ ! " **ਮੈਂ ਤਾਣੁ ਦੀਬਾਣ ਤੂ ਮੇਰੇ ਸੁਆਮੀ, ਮੈ ਤੁਧੁ ਆਗੈ ਅਰਦਾਸਿ** " -- ਸੱਚੇ ਪਾਤਿਸ਼ਾਹੋ--ਗੁਰਮੁੱਖ ਪਰਵਾਰ ਨੇ, ਜਿਸ ਭੰਡਾਰੇ ਵਿਚੋਂ ਤੇਰੇ ਸੇਵਕਾਂ ਨੂੰ ਪਰਸ਼ਾਦਾ ਛਕਾਇਆ ਹੈ ਉਹ ਭੰਡਾਰੇ ਸਦਾ ਭਰਪੂਰ ਰੱਖੀਂ, ਜਿਸ ਖ਼ਜਾਨੇ ਵਿਚੋਂ ਤੇਰੇ ਸੇਵਕਾਂ ਨੂੰ ਬਸਤਰ ਅਤੇ ਮਾਇਆ ਅਰਦਾਸ ਕਰਾਈ ਹੈ, ਸਚੇ ਪਾਤਿਸ਼ਾਹ ਜੀ ਉਹ ਖ਼ਜ਼ਾਨੇ ਨਕਾ ਨਕ ਭਰੀ ਰੱਖੀਂ, ਆਪਣੇ ਇਸ ਨਿਸ਼ਕਾਮ ਸੇਵਕ ਦੇ ਸਾਰੇ ਕਾਰਜ ਰਾਸ ਕਰਨੇ, ਆਦਿ] ਮਾਇਆ ਦੇ ਵੱਟੇ ਵਧੀਆ ਤੋਂ ਵਧੀਆ ਅਰਦਾਸ ਕਰਨ ਵਾਲਿਆਂ ਠੱਗ ਬਿੱਪ੍ਰੀ-ਸਿੱਖਾਂ ਨੇ, ਇਹ ਭਰਮ ਪੱਕਾ ਬਣਾ ਦਿੱਤਾ ਹੋਇਆ ਹੈ ਕਿ ਬ੍ਰਾਹਮਣ ਦੇ ਥਾਂ ਆਏ ਅਜੇਹੇ ਪੰਜ ਸਿੰਘਾ ਵਲੋਂ ਜੁੜ ਕੇ ਕੀਤੀ ਅਰਦਾਸ ਨੂੰ ਰੱਬ ਕਦੇ ਨਹੀਂ ਮੋੜ ਸਕਦਾ। ਬੱਸ ਗੁਰਬਾਣੀ ਤੁਕਾਂ ਵਿਚ ਗੁੰਦੀ ਲੰਮ-ਸ-ਲੰਮੀ ਅਰਦਾਸ ਸਮਾਪਤ ਹੁੰਦਿਆਂ ਹੀ ਕਾਰਜਾਂ ਦੇ ਰਾਸ ਹੋ ਜਾਣ ਦੇ ਪੱਕੇ ਭਰੋਸੇ ਵਿਚ ਵਧਾਈਆਂ ਦਾ ਵਟਾਂਦਰਾ ਅਰੰਭ ਹੋ ਜਾਂਦਾ ਹੈ। ਨਵੇਂ ਢੰਗ ਨਾਲ ਰਿਸ਼ਵਤ-ਦੇਣ ਦਾ ਅਤੇ ਰਿਸ਼ਵਤ-ਖਾਣ ਦਾ ਅਪਰਾਧ ਹੋ ਰਿਹਾ ਹੁੰਦਾ ਹੈ। ਸਫ਼ਾਈ ਦੇ ਜ਼ਰੂਰੀ ਨਿਯਮ ਦੇ ਥਾਂ ਉਚੇਚੀ ਸੁੱਚਮ ਦੇ ਬਰਮ ਨਾਲ ਕੀਤੇ ਇਸ ਸਾਰੇ ਅਡੰਬਰ ਬਾਰੇ ਬਿਬੇਕ ਵਿਚਾਰ ਕੀਤੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਅਜੇਹਾ ਕਰਕੇ ਸਤਿਗੁਰਾਂ ਦੇ ਇਸ ਹੁਕਮ ਦੀ ਖਿੱਲੀ ਉਡਾ ਰਹੇ ਹੁੰਦੇ ਹਾਂ :--

੭- **ਪਹਿਲਾਂ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**
**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ॥੧ ॥**[੪੭੩]-ਵਾ-੧੯

ਕਿਸੇ ਭੁੱਖੇ ਨੂੰ ਅਥਵਾ ਲੋੜਵੰਦ ਨੂੰ ਭੋਜਨ ਛਕਾਉਂਣਾ ਅਤੇ ਉਸ ਦੀ ਮਾਇਕ ਲੋੜ ਪੂਰੀ ਕਰਨੀ, **ਗੁਰਸਿੱਖੀ ਹੈ,** ਪਰ ਕਿਸੇ ਭਰਮ ਅਧੀਨ ਸਰਦੇ ਪੁੱਜਦੇ ਸਿੰਘਾਂ ਨੂੰ ਉਚੇਚੇ ਸੱਦੇ ਦੇ ਕੇ ਪਰਸ਼ਾਦ ਛਕਾਉਣਾ **ਮਨ-ਮਤਿ ਹੈ,** ਨਿਰੋਲ **ਬ੍ਰਾਹਮਣ ਵਾਦ ਹੈ।** ਇਹ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਨਹੀਂ ਹੈ। ਬਿਨਾ ਕਿਸੇ ਸ਼ੱਕ ਦੇ ਇਹ **ਗਰੁੜ ਪੁਰਾਣ ਵਿਚਲੇ ਵਿਸ਼ਨੂੰ ਜੀ ਦੀ ਸਿੱਖੀ ਹੈ।** ਬ੍ਰਾਹਮਣ ਦਾ ਟੀਚਾ ਪੂਰਾ ਹੋ ਗਿਆ। ਸਿੱਖ, ਗੁਰੂ ਨਾਨਕ ਦੇਵ ਜੀ ਦੇ ਗਿਆਨ ਤੋਂ ਟੁੱਟ ਕੇ ਮੁੜ ਬ੍ਰਾਹਮਣੀ ਸਿੱਖਿਆ ਨਾਲ ਜੁੜ ਚੁੱਕਾ ਹੈ। ਬੁਧ ਧਰਮ ੧੩੦੦/੧੪੦੦ ਸਾਲ ਕੱਢ ਗਿਆ ਸੀ, ਪਰ ਖ਼ਾਲਸਾ ਜੀ, ਛੇਤੀ ਹੀ ਕਾਹਲੇ ਪੈ ਗਏ ਲੱਗਦੇ ਹਨ।

ਆਉ ਆਪਣੇ ਵਿਸ਼ੇ ਵਲ ਮੁੜੀਏ । ਅਗਿਆਨੀ ਅਤੇ ਭੋਲੀ ਗ਼ਰੀਬ ਜਨਤਾ ਨੂੰ, ਧਿਙਾਂਣੇ ਦੀ ਇਸ ਬਿੱਪ੍ਰੀ-ਲੁਟ ਤੋਂ, ਗੁਰੂ ਨਾਨਕ ਸਾਹਿਬ ਜੀ, ਬਚਾਉਣਾ ਚਾਹੁੰਦੇ ਸਨ । ਪਿੱਤ੍ਰਾਂ ਨਿਮਿਤ ਦਾਨ ਕੀਤੇ, ਬਸਤਰ, ਗਹਿਣੇ ਗਊ ਆਦਿ ਸਾਰਾ ਦਾਨ, ਜਦ ਰਹਿੰਦਾ ਤਾਂ ਬ੍ਰਾਹਮਣ ਦੇ ਘਰੇ ਹੀ ਸੀ । ਦਾਨ ਕੀਤੀ ਹੋਈ ਗਊ ਵੱਛਾ ਉਸ ਦੇ ਘਰੇ ਬੱਝਾ ਹੋਇਆ ਲੋਕਾਂ ਨੂੰ ਵਿਖਾ ਕੇ, ਜਿਉਂ ਦਾ ਤਿਉਂ ਪਿੱਤ੍ਰਾਂ ਕੋਲ ਪੁਚਾ ਦੇਣ ਵਾਲਾ ਬ੍ਰਾਹਮਣੀ ਝੂਠ ਦਾ ਭਾਂਡਾ, ਚੌਰਾਹੇ ਵਿਚ ਵੀ ਭੰਨਿਆਂ ਜਾ ਸਕਦਾ ਸੀ । ਗੁਰਦੇਵ ਜੀ, ਲੋਕਾਂ ਦਾ ਧਿਆਨ ਵਿਸ਼ਨੂੰ ਜੀ ਦੇ ਇਸ ਕਥਨ ਵੱਲ ਵੀ ਬੜਾ ਸੌਖਾ ਹੀ ਦਿਵਾ ਸਕਦੇ ਸਨ ਕਿ, ੪੬੦੦੦ ਯੋਜਨ ਦੂਰ ਅਸਮਾਨਾਂ ਤੇ ਬਣੇ ਕਥਿਤ ਪਿਤਰ-ਲੋਕ ਨੂੰ ਜਾਣ ਵਾਲਾ ਬੇਅੰਤ ਖਤਰਿਆਂ ਨਾਲ ਭਰਿਆ ਪੈਂਡਾ, ਵਿਸ਼ਨੂੰ ਜੀ ਦੇ ਹੀ ਕਥਨ ਅਨੁਸਾਰ, ਸਰੀਰ ਰਹਿਤ ਜੀਵਾਤਮਾਂ ਤਾਂ ਬੜੀ ਮੁਸ਼ਕਲ ਨਾਲ ੩੬੦ ਦਿਨਾਂ ਵਿਚ ਮੁਕਾਉਂਦਾ ਹੈ, ਫਿਰ ਉਸ ਦੁਰਗਮ ਟਿਕਾਣੇ ਤੇ, ਬ੍ਰਾਹਮਣ ਗਊਆਂ ਵੱਛੇ ਆਦਿ ਪਸ਼ੂ, ਅਤੇ ਹੋਰ ਸਥੂਲ ਪਦਾਰਥ ਕਿਸ ਵਿਧੀ ਨਾਲ ਪੁਚਾਉਂਦਾ ਹੈ ? ਗਰੁੜਪੁਰਾਣ ਦੀ ਕਿਸੇ ਵੀ ਲਿਖਤ ਨੂੰ ਸਤਿਗੁਰੂ ਜੀ ਖਰੇ ਖਰੇ ਸਪੱਸ਼ਟ ਬਚਨਾ ਨਾਲ ਝੂਠੀ ਸਿੱਧ ਕਰ ਸਕਦੇ ਸਨ । ਪਰ ਅਜੇਹਾ ਕਰਨ ਨਾਲ ਉਨ੍ਹਾਂ ਸ਼ਰਧਾਲੂਆਂ ਦਾ ਦਿਲ ਦੁਖੀ ਹੋਣਾ ਸੀ ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਭਗ਼ਵਾਨ ਵਿਸ਼ਨੂੰ ਜੀ ਨੂੰ ਸ੍ਰਿਸ਼ਟੀ ਦਾ ਸਿਰਜਣ-ਹਾਰ ਅਤੇ ਪਾਲਣ-ਹਾਰ ਮੰਨ ਕੇ ਪੂਜਿਆ ਸੀ । ਧੁਰੋਂ ਆਏ ਮਿੱਠ-ਬੋਲੇ ਸਤਿਗੁਰੂ ਨਾਨਕ ਦੇਵ ਜੀ ਨੇ ਅਜੇਹੀ ਕਿਸੇ ਦਲੀਲ-ਬਾਜ਼ੀ ਵਿਚ ਪੈਣਾ ਠੀਕ ਨਾ ਸਮਝਿਆ ਜਿਸ ਦੁਆਰਾ ਕਿਸੇ ਪ੍ਰਕਾਰ ਦੀ ਕੁੜਿੱਤਣ ਪੈਦਾ ਹੋਣ ਦੀ ਸੰਭਾਵਣਾ ਸੀ । ਨਿਆਰੇ ਨਾਟਕੀ ਢੰਗ ਨਾਲ ਅਨਮੋਲ ਸਿਖਿਆ ਦੇਣ ਦੀ ਕਲਾ ਵਿਚ ਨਿਪੁੰਨ, ਸਤਿਗੁਰਾਂ ਨੇ ਫ਼ੁਰਮਾਨ ਕੀਤਾ :---

੮- **ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**
**ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥**[੪੭੨]-ਵਾਰ-੧੭

ਅਰਥ:--ਜੇ ਕੋਈ ਚੋਰ ਪਰਾਏ ਘਰੋਂ ਚੋਰੀ ਕਰਕੇ ਉਹ ਪਰਾਇਆ ਪਦਾਰਥ ਆਪਣੇ ਪਿਤਰਾਂ ਨਿਮਿਤ (ਬ੍ਰਾਹਮਣ ਨੂੰ ਦਾਨ ਕਰ) ਦੇਵੇ, (ਜੇ ਬ੍ਰਾਹਮਣ ਸਚ ਮੁਚ ਉਹੀ ਚੀਜ਼ ਪਿਤਰਾਂ ਕੋਲ ਪੁਚਾ ਦਿੰਦਾ ਹੈ ਤਾਂ) ਪਰਲੋਕ ਵਿਚ ਜੇ ਉਹ ਪਦਾਰਥ ਪਛਾਣਿਆਂ ਜਾਵੇ ਤਾਂ ( ਕੀ ਅਜੇਹਾ ਦਾਨ) ਪਿਤਰਾਂ ਨੂੰ ਵੀ ਚੋਰ ਨਹੀਂ ਬਣਾਉਂਦਾ ? (ਕਿਉਂਕਿ ਉਨ੍ਹਾਂ ਕੋਲੋਂ ਚੋਰੀ ਦਾ ਮਾਲ ਜੁ ਫੜਿਆ ਜਾਂਦਾ ਹੈ) । ਅਗੋਂ (ਸੱਚਾ ਇਨਸਾਫ਼ ਕਰਨ ਵਾਲੇ ਪ੍ਰਭੂ ਦੀ ਦਰਗਾਹੋਂ) ਇਹ ਨਿਆਂ ਕੀਤਾ ਜਾਂਦਾ ਹੈ ਕਿ ਚੋਰੀ ਦੇ ਮਾਲ ਦੀ ਦਲਾਲੀ ਕਰਨ ਵਾਲੇ ਅਜੇਹੇ ਬ੍ਰਾਂਹਮਣ) ਦਲਾਲ ਦੇ ਹੱਥ ਵਢੇ ਜਾਂਦੇ ਹਨ । ਹੇ ਨਾਨਕ ! (ਕਿਸੇ ਦਾ ਅਪੜਾਇਆ ਹੋਇਆ ਅੱਗੇ ਕੀ ਮਿਲਿਆ ਹੈ ? ) ਅਗਾਂਹ ਤਾਂ ਮਨੁੱਖ ਨੂੰ ਉਹੀ ਕੁਝ ਮਿਲਦਾ ਹੈ ਜੋ ਖੱਟਦਾ ਹੈ, ਕਮਾਉਂਦਾ ਹੈ ਤੇ ਹੱਥੀ ਦਿੰਦਾ ਹੈ । ੧ ।

ਜਿਹੜਾ ਧਨ ਬੱਚਿਆਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਦੇ ਕੰਮ ਆਉਣਾ ਸੀ, ਜਿਸ ਦੌਲਤ ਨੇ ਕਿਸੇ ਬਿਮਾਰ, ਲਾਚਾਰ, ਜਾਂ ਕਿਸੇ ਹੋਰ ਤਰ੍ਹਾਂ ਸਖ਼ਤ ਔਕੜ ਵਿਚ ਫ਼ਸੇ ਲੋੜਵੰਦ ਦਾ ਕਾਰਜ ਸੁਆਰਨਾਂ ਸੀ, ਉਹ ਸਾਰੀ ਕੀਮਤੀ ਸਮੱਗਰੀ, ਮਰ ਖਪ ਚੁੱਕੇ ਪਿੱਤਰਾਂ ਦੀ ਵਰਤੋਂ ਲਈ (ਜਾਂ ਉਨ੍ਹਾਂ ਦੀ ਸਦਗਤੀ ਲਈ, ਅਥਵਾ ਉਨ੍ਹਾਂ ਦਾ ਵਾਸਾ, ਸੱਚਖੰਡ ਵਿਚ ਕਰਾਉਣ ਦੀ ਸੱਧਰ ਨਾਲ), ਕਿਸੇ ਲੁਟੇਰੇ ਬ੍ਰਾਹਮਣ ਨੂੰ ਦਾਨ ਕਰ ਦੇਣੀ, ਜਾਂ ਕਿਸੇ ਗ੍ਰੰਥੀ ਨੂੰ, ਕਿਸੇ ਹੋਰ ਧਰਮ-ਆਗੂ ਨੂੰ, ਅਰਦਾਸ ਕਰ ਦੇਣ, **ਬੜਾ ਵਡਾ ਦੁਖਦਾਈ " ਪਾਪ " ਹੈ** । ਅਜੇਹਾ ਕਰਨਾ ਪਰਾਏ ਹੱਕ ਤੇ ਡਾਕਾ ਮਾਰਨ ਵਾਲਾ ਕੁ-ਕਰਮ ਹੈ । ਮਨੁੱਖ ਨੇ ਜੋ ਕੁਝ ਆਪਣੇ ਕਰਮ-ਖੇਤ ਵਿਚ ਬੀਜਿਆ ਹੁੰਦਾ ਹੈ ਉਸ ਨੂੰ ਉਹੀ ਮਿਲਦਾ ਹੈ--**ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ ॥** [੧੩੪]-੭ । ਅਸਾਂ ਪਿੱਛੇ ਸਤਿਗੁਰਾਂ ਦਾ ਇਹ ਫ਼ੁਰਮਾਨ ਵੀ ਪੜ੍ਹਿਆ ਹੈ, ਕਿ ਆਪਣੇ ਹੱਥੀ ਕੀਤੇ ਧਰਮ-ਕਰਮ ਤਾਂ ਕਿਸੇ ਜੀਉਂਦੇ ਮਨੁੱਖ ਦਾ ਵੀ ਕੁਝ ਨਹੀਂ ਸੁਆਰਦੇ, ਫਿਰ ਕਿਸੇ ਦੂਜੇ ਰਾਹੀਂ ਕੀਤੇ ਅਜੇਹੇ ਧਰਮ ਕਰਮ ਕਿਸੇ ਮਿਰਤਕ ਦਾ ਕਿਵੇਂ ਕੁਝ ਸੁਆਰ ਸਕਦੇ ਹਨ ? ਜਪੁਜੀ ਸਾਹਿਬ ਦੀ ੨੦ਵੀ ਪਉੜੀ ਵਿਚ ਹੀ ਸਤਿਗੁਰਾਂ ਨੇ ਸਮਝਾ ਦਿੱਤਾ ਹੈ, ਕਿ, ਪਰਮਾਤਮਾਂ ਦੇ ਅਟੱਲ ਨਿਯਮ ਅਧੀਨ ਮਨੁੱਖ ਨੂੰ ਆਪਣੇ ਕੀਤੇ, ਚੰਗੇ ਜਾਂ ਮੰਦੇ ਕਰਮਾਂ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ :--

੯- **...ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥**[ਜਪੁ]

**ਅਰਥ:**--ਜੋ ਕੁਝ ਤੈਂ ਆਪ ਬੀਜੇਂਗਾ, ਉਸ ਦਾ ਫਲ ਆਪ ਹੀ ਖਾਇੰਗਾ । (ਆਪਣੇ ਬੀਜੇ ਅਨੁਸਾਰ) ਅਕਾਲਪੁਰਖ ਦੇ ਹੁਕਮ ਵਿਚ ਜਨਮ ਮਰਨ ਵਿਚ ਪਿਆ ਰਹੇਂਗਾ ।

ਆਸਾ ਜੀ ਦੀ ਵਾਰ ਵਿਚ ਇੱਕ ਤੋਂ ਵੱਧ ਵਾਰੀ ਸਿਜਣਹਾਰ ਦੇ ਏਸ ਪੱਕੇ ਸਿਧਾਂਤ ਦੀ ਸੋਝੀ ਕਰਾਈ ਹੋਈ ਹੈ ਕਿ ਮਨੁੱਖ ਨੂੰ ਆਪਣੇ ਹੀ ਕੀਤੇ ਕਰਮਾਂ ਦਾ ਫਲ ਮਿਲਦਾ ਹੈ :--

੧੦- **ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ**
**ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**
**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥ ੩ ॥** [੪੬੪]

**ਅਰਥ:**--(ਜਗਤ ਦੇ ਅਜੀਬ ਤਮਾਸ਼ੇ ਵਿਚ ਨਾਇਕ ਤਾਂ ਉਹ ਆਪ ਹੀ ਹੈ, ਪਰਮਾਤਮਾਂ ਆਪ ਹੀ ਹਰ ਜੀਵ ਵਿਚ ਵਿਚਰ ਰਿਹਾ ਹੈ ਪਰ ਸੰਸਾਰ ਖੇਡ ਦੇ ਪੱਕੇ ਨਿਯਮ ਅਥਵਾ ਅਚਰਜ ਕੁਦਰਤ ਅਨੁਸਾਰ) ਮਨੁੱਖ ਪਦਾਰਥਾਂ ਦੇ ਰੰਗ ਮਾਣਦਾ ਹੈ । (ਸਰੀਰ) ਮਿੱਟੀ ਦੀ ਢੇਰੀ ਹੋ ਜਾਂਦਾ ਹੈ (ਤੇ ਆਖ਼ਰ ਜੀਵਾਤਮਾ-ਰੂਪੀ) ਭਉਰ (ਸਰੀਰ ਛੱਡ ਕੇ) ਤੁਰ ਪੈਂਦਾ ਹੈ । (ਇਸ ਤਰ੍ਹਾਂ ਦਾ) ਦੁਨੀਆਂ ਦੇ ਧੰਦਿਆਂ ਵਿਚ ਫ਼ਸਿਆ ਹੋਇਆ ਜਦੋ ਮਰਦਾ ਹੈ, (ਇਸ ਦੇ) ਗਲ ਵਿਚ (ਮਾਨੋ) ਸੰਗਲ ਪਾ ਕੇ ਅੱਗੇ ਲਾ ਲਿਆ ਜਾਂਦਾ ਹੈ (ਭਾਵ, ਮਾਇਆ ਵਿਚ ਫਸਿਆ ਹੋਇਆ ਜੀਵ, ਜਗਤ ਨੂੰ ਛੱਡਣਾ ਨਹੀਂ ਚਾਹੁੰਦਾ ਤੇ ਦੁਚਿੱਤਾ ਹੋਇਆ ਏਥੋਂ ਤੁਰਦਾ ਹੈ ' **ਹੰਸ ਚਲਸੀ ਡੁਮਣਾ** ' । ਪਰਲੋਕ ਵਿਚ (ਪ੍ਰਭੂ-ਦਰਬਾਰ ਵਿਚ) ਰੱਬ ਦੀ ਸਿਫ਼ਤਿ-ਸਾਲਾਹ ਰੂਪ ਕਮਾਈ ਕਬੂਲ ਹੁੰਦੀ ਹੈ, ਓਥੇ (ਜੀਵ ਦੇ ਕੀਤੇ ਕਰਮਾਂ ਦਾ) ਹਿਸਾਬ ਚੰਗੀ ਤਰ੍ਹਾਂ (ਇਸ ਨੂੰ) ਸਮਝਾ ਦਿੱਤਾ ਜਾਂਦਾ ਹੈ । (ਮਾਇਆ ਦੇ ਭੋਗਾਂ ਵਿਚ ਫਸਿਆ ਰਹਿਣ ਕਾਰਨ) ਓਥੇ ਮਾਰ ਪੈਂਦੀ ਨੂੰ ਕਿਤੇ ਢੋਈ ਨਹੀਂ ਮਿਲਦੀ, ਉਸ ਵੇਲੇ ਇਸ ਦੀ ਕੋਈ ਕੂਕ-ਪੁਕਾਰ ਸੁਣੀ ਨਹੀਂ ਜਾਂਦੀ । ਮੂਰਖ ਮਨ (ਵਾਲਾ ਜੀਵ) ਆਪਣਾ (ਮਨੁੱਖਾ-) ਜਨਮ ਅਜਾਈਂ ਗਵਾ ਲੈਂਦਾ ਹੈ । ੩ । [

੧੧- **ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥**
**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥**
**ਕਰਿ ਅਉਗਣ ਪਛੋਤਾਵਣਾ ॥ ੧੪ ॥** [੪੭੦]

**ਅਰਥ:**--ਇਹ ਸੋਹਣਾ ਸਰੀਰ ਤੇ ਸੋਹਣਾ ਰੂਪ (ਏਸੇ ਜਗਤ ਵਿਚ ਜੀਵਾਂ ਨੇ) ਛੱਡ ਜਾਣਾ ਹੈ । (ਹਰੇਕ ਜੀਵ ਨੇ) ਆਪੋ ਆਪਣੇ ਕੀਤੇ ਹੋਏ ਚੰਗੇ ਤੇ ਮੰਦੇ ਕਰਮਾ ਦਾ ਫਲ ਆਪ ਭੋਗਣਾ ਹੈ । ਜਿਸ ਮਨੁੱਖ ਨੇ ਮਨ-ਮੰਨੀਆਂ ਹਕੂਮਤਾਂ ਕੀਤੀਆਂ ਹਨ, ਉਸ ਨੂੰ ਅਗਾਂਹ ਔਖੀਆਂ ਘਾਟੀਆਂ ਵਿਚੋਂ ਦੀ ਲੰਘਣਾ ਪਵੇਗਾ ( ਭਾਵ, ਆਪਣੀਆਂ ਕੀਤੀਆਂ ਹੋਈਆਂ ਵਧੀਕੀਆਂ

ਦੇ ਵੱਟੇ ਕਸ਼ਟ ਸਹਿਣੇ ਪੈਣਗੇ ) । (ਏਹੋ ਜਿਹਾ ਜੀਵ) ਨੰਗਾ (ਕੀਤਾ ਜਾਂਦਾ ਹੈ, ਭਾਵ, ਉਸ ਦੇ ਕੀਤੇ ਹੋਏ ਪਾਪ ਕਰਮਾਂ ਦਾ ਨਕਸ਼ਾ ਉਸ ਦੇ ਸਾਹਮਣੇ ਰਖਿਆ ਜਾਂਦਾ ਹੈ ) ਦੋਜਕ ਵਿਚ ਧੱਕਿਆ ਜਾਂਦਾ ਹੈ, ਅਤੇ ਉਸ ਵੇਲੇ (ਉਸ ਨੂੰ ਆਪਣੇ ਆਪ ਨੂੰ) ਬੜਾ ਡਰਾਉਣਾ ਰੂਪ ਦਿਸਦਾ ਹੈ । ਭੈੜੇ ਕੰਮ ਕਰਕੇ ਅੰਤ ਪਛਤਾਉਣਾ ਹੀ ਪੈਂਦਾ ਹੈ । ੧੪ ।

੧੨- **ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥ ਸਹਸ ਸਿਆਣਪ ਕਰਿ ਰਹੇ**
**ਮਨਿ ਕੋਰੈ ਰੰਗੁ ਨ ਹੋਇ ॥ ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥ ੩ ॥**[੩੯/੪੦]-੧-੬੫

**ਅਰਥ**:--ਮਨ ਦੇ ਹਠ ਨਾਲ (ਕੀਤੇ ਤਪ ਸਾਧਨਾਂ ਨਾਲ) ਕਦੇ ਕਿਸੇ ਨੇ ਪਰਮਾਤਮਾ ਨਹੀਂ ਲੱਭਾ । (ਇਹੋ ਜਿਹੇ) ਅਨੇਕਾਂ ਉਪਾਵ ਕਰਕੇ ਸਭ ਥੱਕ ਹੀ ਜਾਂਦੇ ਹਨ । (ਤਪ ਆਦਿਕ ਵਾਲੀਆਂ) ਹਜ਼ਾਰਾਂ ਸਿਆਣਪਾਂ (ਜਿਹੜੇ ਲੋਕ) ਕਰਦੇ ਹਨ (ਉਨ੍ਹਾਂ ਦਾ ਮਨ ਪ੍ਰਭੂ-ਪ੍ਰੇਮ ਵਲੋਂ ਕੋਰਾ ਹੀ ਰਹਿੰਦਾ ਹੈ, ਤੇ ) ਜੋ ਮਨ (ਪ੍ਰਭੂ-ਪ੍ਰੇਮ ਤੋਂ) ਕੋਰਾ ਹੀ ਰਹੇ ਤਾਂ ਨਾਮ ਰੰਗ ਨਹੀਂ ਚੜ੍ਹਦਾ । ਮਾਇਆ ਦੇ ਮੋਹ ਵਿਚ ਫ਼ਸੇ ਰਹਿ ਕੇ (ਬਾਹਰੋਂ ਹਠ ਕਰਮਾਂ ਦੀ ) ਠੱਗੀ ਨਾਲ ਕਦੇ ਕਿਸੇ ਨੇ ਪਰਮਾਤਮਾਂ ਨੂੰ ਨਹੀਂ ਲੱਭਾ । (ਇਹ ਇੱਕ ਪੱਕਾ ਨਿਯਮ ਹੈ ਕਿ) ਜੋ ਕੋਈ ਬੀਜਦਾ ਹੈ ਉਹੀ ਉਹ ਖਾਂਦਾ ਹੈ । ੩ ।

ਇੱਕ ਇਹ ਗੱਲ ਵੀ ਬੜੀ ਪ੍ਰਚਲਤ ਹੈ ਕਿ ਮਨੁੱਖ ਸਾਰੀ ਉਮਰ ਭਾਂਵੇਂ ਜੋ ਮਰਜ਼ੀ ਕਰਦਾ ਰਿਹਾ ਹੋਵੇ, ਪਰ ਜੇ ਅੰਤ ਵੇਲੇ ਉਸ ਦੇ ਹਥੋਂ ਦਾਨ ਕਰਾਇਆ ਜਾਵੇ ਜਾਂ ਉਸ ਦੀ ਜ਼ਬਾਨ ਤੋਂ ਰੱਬ ਦਾ ਨਾਮ ਅਖਵਾ ਲਿਆ ਜਾਵੇ, ਤਾਂ ਮਨੁੱਖ ਦੀ ਕਲਿਆਣ ਹੋ ਜਾਂਦੀ ਹੈ । ਇਸ ਪ੍ਰਕਾਰ ਦੇ ਭਰਮ ਨੂੰ ਸੱਚ ਸਿੱਧ ਕਰਨ ਲਈ ਬ੍ਰਾਹਮਣੀ ਗ੍ਰੰਥਾਂ ਵਿਚ ਕਈ ਕਥਾ-ਕਹਾਣੀਆਂ ਹਨ । ਗੁਰਬਾਣੀ ਵਿਚੋਂ ਵੀ ਸ਼ਬਦ ਲੱਭ ਕੇ, ਉਨ੍ਹਾਂ ਦਾ ਅਸਲ ਭਾਵ ਸਮਝੇ ਬਿਨਾਂ, ਕੇਵਲ ਅੱਖਰੀ ਅਰਥਾਂ ਦੇ ਅਧਾਰ ਤੇ ਗੰਭੀਰ ਭੁਲੇਖਾ ਪਾਇਆ ਜਾ ਰਿਹਾ ਹੁੰਦਾ ਹੈ । ਗੁਰਮਤਿ ਦਾ ਪੱਕਾ ਸਿਧਾਂਤ ਹੈ ਕਿ ਜਿਹੜਾ ਮਨੁੱਖ ਸਾਰੀ ਉਮਰ ਮਾਇਆ ਦੇ ਮੋਹ ਵਿਚ ਫਸਿਆ ਰਿਹਾ ਹੋਵੇ, ਅੰਤ ਸਮੇਂ ਕੀਤੇ ਉਸ ਦੇ ਧਰਮ-ਕਰਮ ਕਿਸੇ ਕੰਮ ਨਹੀਂ ਆਉਂਦੇ, ਅਤੇ ਉਸ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣ ਤੋਂ ਕਿਸੇ ਵੀ ਯੁਕਤੀ ਨਾਲ ਨਹੀਂ ਬਚਿਆ ਜਾ ਸਕਦਾ :--

੧੩- **ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥**
**ਐਥੈ ਕਮਾਣਾ ਸੁ ਅਗੈ ਆਇਆ, ਅੰਤਕਾਲਿ ਕਿਆ ਕੀਜੈ ਹੇ ॥ ੫ ॥**[੧੦੪੯]-੬

**ਅਰਥ:**--ਆਪਣੇ ਮਨ ਦੇ ਪਿਛੇ ਤੁਰਨ ਵਾਲਾ ਜੀਵ, ਸਦਾ ਲੋਭ ਵਿਚ ਫਸਿਆ ਰਹਿੰਦਾ ਹੈ, ਉਸ ਨੂੰ (ਸਹੀ ਜੀਵਨ-ਰਾਹ) ਨਹੀਂ ਸੁੱਝਦਾ । ਉਸ ਦੇ ਸਿਰ ਉਤੇ (ਆਤਮਕ-) ਮੌਤ ਖੜੀ ਰਹਿੰਦੀ ਹੈ, ਪਰ ਉਸ ਨੂੰ ਇਸ ਦੀ ਸਮਝ ਨਹੀਂ ਪੈਂਦੀ । ਇਸ ਜੀਵਨ ਵਿਚ ਮਨੁੱਖ ਜੋ ਕਰਮ ਕਮਾਉਂਦਾ ਹੈ, ਉਸ ਦਾ ਫਲ ਉਸ ਨੂੰ ਭੁਗਤਨਾਂ ਪੈਂਦਾ ਹੈ (ਸਾਰੀ ਉਮਰ ਲੋਭ-ਲਾਲਚ ਵਿਚ ਗਵਾਇਆਂ) ਅੰਤ ਸਮੇ ਕੁਝ ਨਹੀਂ ਕੀਤਾ ਜਾ ਸਕਦਾ । ੫ ।

ਏਹੀ ਗੱਲ ਸਮਝਾਉਂਣ ਲਈ, ਹੋਰ ਵੀ ਕਈ ਗੁਰੂ-ਸ਼ਬਦ ਹਨ ਕਿ, ਮਨੁੱਖ ਨੂੰ, ਕੇਵਲ ਅਤੇ ਕੇਵਲ, ਉਨ੍ਹਾਂ ਹੀ ਕੰਮਾ ਦਾ ਫਲ ਮਿਲਦਾ ਹੈ ਜਿਹੜੇ, ( ਚੰਗੇ ਜਾਂ ਮਾੜੇ ) ਕੰਮ ਉਹ ਆਪ ਕਰਦਾ ਰਿਹਾ ਹੁੰਦਾ ਹੈ । ਆਉ ਆਪਣੇ ਅੰਦਰ ਝਾਤੀ ਮਾਰੀਏ, ਕੀ ਅਸੀਂ ਆਪਣੇ ਸਤਿਗੁਰਾਂ ਦੇ ਇਸ ਉਪਦੇਸ਼ ਦੀ ਪਰਵਾਹ ਕਦੇ ਕੀਤੀ ਹੈ ?

ਇਕ ਹਿੰਦੂ ਸੰਨਿਆਸੀ ਜਿਹੜਾ ਵੇਦ-ਬਾਣੀ ਦਾ ਪ੍ਰਚਾਰ ਸਾਰੀ ਉਮਰ ਕਰਦਾ ਰਿਹਾ । ਪਿਛਲੀ ਉਮਰੇ ਉਸ ਦੇ ਮੰਨ ਅੰਦਰ ਗੁਰੂ ਗ੍ਰੰਥ ਸਾਹਿਬ ਵਿਚਲੇ ਗਿਆਨ ਦਾ ਪਤਾ ਕਰਨ ਦਾ ਖ਼ਿਆਲ ਪੈਦਾ ਹੋ ਗਿਆ । ਕੇਵਲ ਜਾਣਕਾਰੀ ਲਈ ਜਦ ਇਕਾਗਰਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਵਾਮੀ ਰਾਮ ਤੀਰਥ ਜੀ ਨੇ ਸਮਝਿਆ, ਤਾਂ, ਪਲੂ ਫੇਰ ਦਿੱਤਾ--" ਹੇ ਦੁਨੀਆਂ ਦੇ ਲੋਕੋ !---**ਸਰਵੋਤਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਸਰਵੋਤਮ ਧਰਮ, ਖ਼ਾਲਸਾ ਪੰਥ** " ਹੈ । ਉਮਰ ਦੇ ਆਖ਼ਰੀ ਦਿਨਾਂ ਵਿਚ ਬ੍ਰਾਹਮਣ ਦੇ ਲਿਖੇ ਗ੍ਰੰਥ ਉਸ ਨੂੰ ਝੂਠ ਦਾ ਭੰਡਾਰ ਹੋ ਦਿੱਸੇ ? ਏਧਰ ਖ਼ਾਲਸਾ ਪੰਥ, ਜ਼ਬਾਨੀ ਤਾਂ ਇਹ ਕਹਿੰਦਾ ਹੈ, ਕਿ ਉਨ੍ਹਾਂ ਦਾ ਗੁਰੂ, ਸੰਸਾਰ ਦੇ ਸਾਰੇ ਗੁਰੂਆਂ ਤੋਂ ਨਿਆਰਾ ਹੈ । ਜਿਹੜਾ ਖ਼ਾਲਸਾ ਹਿੰਦੂ ਅਖਵਾਉਣਾ, ਆਪਣੀ ਮੌਤ ਸਮਝਦਾ ਹੈ । ਉਸੇ ਨਿਆਰੇ ਖਾਲਸਾ ਪੰਥ ਦੀ ਅੱਜ ਸਾਰੀ ਮਰਯਾਦਾ ਉਹ ਹੈ, ਜਿਸ ਨੂੰ ਗੁਰਬਾਣੀ ਨਿਰਾ ਰੱਦ ਹੀ ਨਹੀਂ ਕਰਦੀ ਸਗੋਂ, ਮਨੁੱਖਾ ਜੀਵਨ ਲਈ ਸਖ਼ਤ ਹਾਨੀ ਕਾਰਕ ਫ਼ੁਰਮਾ ਰਹੀ ਹੈ । ਕਿਡੇ ਦੁੱਖ ਦੀ ਸਥਿਤੀ ਹੈ, ਹਿੰਦੂ ਤਾਂ ਸਭ ਕੁਝ ਉਹ ਕਰਦਾ ਹੈ ਜੋ ਉਨ੍ਹਾਂ ਦੇ ਧਰਮ-ਗ੍ਰੰਥਾਂ ਵਿਚ ਲਿਖਿਆ ਹੈ, ਪਰ ਸਿੱਖ ਉਹ ਕਰਦਾ ਹੈ ਜੋ ਸਾਡੇ ਗੁਰੂ-ਪਰਮੇਸ਼ਰ ਜੀ ਨੇ ਸੈਂਕੜੇ ਸ਼ਬਦਾਂ ਵਿਚ, **ਮਨ੍ਹਾਂ ਕੀਤਾ ਹੋਇਆ ਹੈ** । ਆਪ ਨਾਰਾਇਣ ਕਲਾ ਧਾਰ ਕੇ ਆਇਆ ਹੋਇਆ, ਸਤਿਗੁਰੂ-ਰੂਪ ਪ੍ਰਭੂ, ਤਾਂ ਕੁਝ ਕਹਿ ਰਿਹਾ ਹੈ, ਅਤੇ ਉਸ ਦਾ ਸਿਰਜਿਆ ਖ਼ਾਲਸਾ ਕਰ ਕੁਝ ਹੋਰ ਹੀ ਰਿਹਾ ਹੈ । ਅਜੇਹੇ ਆਪ ਹੁਦਰੇ ਸਿੱਖ ਦਾ ਬਾਹਰੀ ਸਰੂਪ, ਗੁਰੂ ਨੂੰ ਪ੍ਰਸੰਨ ਕਰਨ ਲਈ ਧਾਰਿਆ ਬਾਹਰੀ ਬਾਣਾ, ਪਰਮੇਸ਼ਰ ਦੀ ਦਰਗਾਹ ਵਿਚ ਮਨਜ਼ੂਰ ਹੋਣ ਲਈ ਕੀਤਾ, ਪੰਜਾਂ ਕਕਾਰਾਂ ਵਾਲਾ ਕੀਤਾ ਦਰਸ਼ਨੀ ਸ਼ਿੰਗਾਰ, ਇਸ ਸਭ ਕੁਝ ਫਿਰ ਕੀ ਹੋਇਆ ?---

੧੪- **ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ ਲੀਓ ਸੁਹਾਗਨਿ, ਥੂਕ ਮੁਖਿ ਪਈਆ ॥੭॥** [੮੩੬]-੫-੮

੩

# ਡੇਰਾਵਾਦ ਅਤੇ ਮਿਰਤਕ ਸੰਸਕਾਰ

ਪੰਥਕ ਬਦਕਿਸਮਤੀ ਹੈ ਕਿ, ਸੱਖ ਰਹਿਤ ਮਰਯਾਦਾ ਦੇ ਖਰੜੇ ਵਾਲੀ ਪੰਥਕ ਮਰਯਾਦਾ ਦੇ ਥਾਂ ਲਗ-ਪਗ ਸਾਰੇ ਸਿੱਖ ਪਰਵਾਰਾਂ ਵਿਚ ਡੇਰਾ-ਵਾਦ ਵਲੋਂ ਚਲਾਈ ਮਰਯਾਦਾ ਹੀ ਪ੍ਰਚੱਲਤ ਹੋ ਰਹੀ ਹੈ। ਕਿਉਂਕਿ ਅੱਜ, ਭਿੰਡਰਾਂ ਵਾਲੇ ਮਹਾਂਪੁਰਖਾਂ ਦੇ ਡੇਰੇ ਦੀ ਆਵਾਜ਼ ਪੰਥ ਵਿਚ ਬਹੁਤੀ ਪ੍ਰਧਾਨ ਹੋ ਰਹੀ ਹੈ, ਇਸ ਲਈ, ਸਚਖੰਡ ਨਿਵਾਸੀ, ਸੰਤ ਗੁਰਬਚਨ ਸਿੰਘ ਜੀ ਖ਼ਾਲਸਾ, ਦੀ ਲਿਖੀ ਪੁਸਤਕ " ਗੁਰਮਤਿ ਰਹਿਤ ਮਰਯਾਦਾ " ਵਿਚ ਲਿਖੇ ਮਿਰਤਕ-ਸੰਸਕਾਰਾਂ ਦਾ ਉਹ ਪੱਖ, ਜਿਹੜਾ ਸਿੱਖੀ ਨੂੰ ਬ੍ਰਾਹਮਣੀ ਰੀਤ ਨਾਲ ਜੋੜੀ ਤੁਰਿਆ ਜਾਣ ਵਿਚ ਮੋਹਰੀ ਹੈ, ਉਸ ਨੂੰ ਗੁਰਮਤਿ ਦੇ ਝਰੋਖੇ ਵਿਚੋਂ ਵਿਚਾਰ ਲੈਣਾ (ਅਗਿਆਨੀ ਅੰਧ-ਵਿਸ਼ਵਾਸ਼ੀਆਂ ਤੋਂ ਬਿਨਾਂ, ਬਾਕੀਆਂ ਲਈ) ਲਾਹੇਵੰਦ ਰਹੇਗਾ ---

ਆਖ਼ਰੀ ਸੁਆਸਾਂ ਤੇ ਪੁੱਜੇ ਹੋਏ ਮਨੁੱਖ ਦੀ ਕਲਿਆਣ ਕਰਵਾ ਸਕਣ ਦਾ ਢੰਗ ਦਸਦੇ ਹੋਏ ਭਿੰਡਰਾਂ ਵਾਲੇ ਮਹਾਂਪੁਰਖ ਜੀ ਪੁਸਤਕ ਦੇ ੧੯੫ ਸਫ਼ੇ ਤੇ ਇਸ ਪ੍ਰਕਾਰ ਲਿਖਦੇ ਹਨ:--

(੧) " ਸਾਧ ਸੰਗਤ ਜੀ ! ਜੇ ਬੀਮਾਰੀ ਆਦਿਕ ਦੇ ਕਾਰਨ ਮਾਲੂਮ ਹੋ ਜਾਏ, ਕਿ ਪ੍ਰਾਣੀ ਚੜ੍ਹਾਈ ਕਰ ਜਾਏਗਾ ਤੇ ਉਸ ਤੋਂ ਕੋਈ ਬੱਜਰ ਕੁਰਹਿਤ ਹੋਈ ਹੋਵੇ ਤਾਂ ਅੰਮ੍ਰਿਤ ਛਕਾਉਣਾ ਚਾਹੀਦਾ ਹੈ । ਜੇ ਬੱਜਰ ਕੁਰਹਿਤ ਨਾ ਹੋਈ ਹੋਵੇ ਤਾਂ ਅਰਦਾਸ ਕਰਾਉਣੀ ਚਾਹੀਦੀ ਹੈ । "

ਪਹਿਲੀ ਗੱਲ ਤਾਂ ਇਹ ਹੈ, ਕਿ ਅਜੇਹੇ ਸਮੇਂ ਅੰਮ੍ਰਿਤ ਤਿਆਰ ਕਰਵਾ ਲੈਣ ਦਾ ਪ੍ਰਬੰਧ ਕਰ ਲੈਣਾ ਅਸੰਭਵ ਹੁੰਦਾ ਹੈ । ਪਰ ਜੇ ਸੰਤਾਂ ਦੇ ਕਿਸੇ ਕਰਾਮਤੀ ਢੰਗ ਨਾਲ ਖੰਡੇ ਬਾਟੇ ਦਾ ਅੰਮਿਤ ਤਿਆਰ ਹੋ ਵੀ ਜਾਵੇ, ਅਜੇਹੇ ਮਨੁੱਖ ਨੂੰ ਜਿਸ ਨੇ ਜ਼ਿੰਦਗੀ ਵਿਚ ਆਪਣੀ ਭੁੱਲ ਤੇ ਪਛਤਾਵਾ ਨਾਂ ਕੀਤਾ ਹੋਏ, ਉਸ ਨੂੰ ਮਰਨ ਸਮੇ ਅੰਮ੍ਰਿਤ ਛਕਾਉਣਾ ਬੜਾ ਹਾਸੋਹੀਣਾ " ਕਰਮਕਾਂਡੀ ਪਖੰਡ " ਹੈ । ਅੰਮ੍ਰਿਤ ਛਕਾਉਣ ਵਾਲੀ ਪਾਵਨ ਮਰਯਾਦਾ ਦਾ ਤ੍ਰਿਸਕਾਰ ਹੈ ।

(੨) ਸਾਧਸੰਗਤ ਜੀ ! ਜੇ ਉਹ ਸਿੰਘ ਪਹਿਲਾਂ ਰਹਿਤ ਵਾਲਾ ਹੋਵੇ ਅਤੇ ਬੀਮਾਰੀ ਦੀ ਹਾਲਤ ਵਿਚ ਰਹਿਤ ਢਿੱਲੀ ਹੋ ਗਈ ਹੋਵੇ, ਉਸ ਵੇਲੇ ਉਸ ਪਰੇਮੀ ਦਾ ਇਸ਼ਨਾਨ ਦਹੀਂ ਨਾਲ ਕਰਾਇਆ ਜਾਵੇ । ।।।ਤੇ ਪੰਜੇ ਕਕਾਰ--ਗਾਤਰੇ ਕ੍ਰਿਪਾਨ, ਕਛਹਿਰਾ ਤੇੜ ਤੇ ਗਲ ਵਿਚ ਕੁੜਤਾ, ਸਿਰ ਤੇ ਦਸਤਾਰ, ਗਲ ਵਿਚ ਪਰਨਾ ਤੇ ਕਮਰ ਕਸ ਕੇ ਦੂਜਾ ਕਛਹਿਰਾ ਪਰਨਾ ਸੁੱਕਾ ਲੈ ਕੇ ਨਾਲ ਬੰਨੇ । ਕੰਘਾ ਕੇਸਾਂ ਵਿਚ, ਹੱਥ ਵਿਚ ਕੜਾ, ਹੋ ਸਕੇ ਤਾਂ ਕ੍ਰਿਪਾਨ ਤੋਂ ਬਗੈਰ ਬਾਕੀ ਸਾਰੇ ਬਸਤ੍ਰ, ਗਾਤਰਾ, ਦਸਤਾਰ ਤੇ ਕੰਘਾ ਆਦਿਕ ਸਾਰੇ ਨਵੇਂ ਪਹਿਨੇ । ਕੜਾ ਤੇ ਕਿਰਪਾਨ ਪਹਿਲੇ ਹੀ ਰਹਿਣ ਦਿੱਤੇ ਜਾਣ ।

ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਸੰਤਾਂ ਮਹਾਂ ਪੁਰਖਾਂ ਦੀ ਪੁਸਤਕ ਵਿਚ ਲਿਖੇ " ਅੰਤਮ ਸੰਸਕਾਰਾਂ " ਵਿਚ ਕਿਸੇ ਬਾਲਕ, ਕਿਸੇ ਇਸਤ੍ਰੀ ਦੇ ਮਿਰਤਕ ਸਰੀਰ ਬਾਰੇ ਕੋਈ ਜਿਕਰ ਨਹੀਂ ਹੈ । ਨਾ ਹੀ ਕਿਸੇ ਅਜੇਹੇ ਸਿੰਘ ਦੀ ਮਿਰਤਕ ਦੇਹ ਬਾਰੇ ਕੁਝ ਲਿਖਿਆ ਮਿਲਦਾ ਹੈ, ਜਿਹੜਾ ਅੰਤਲੇ ਸੁਆਸਾਂ ਤਾਂਈਂ ਸਿੱਖੀ ਰਹਿਤ ਮਰਯਾਦਾ ਵਿਚ ਪੱਕਾ ਰਿਹਾ ਹੋਵੇ । ਕੇਵਲ ਉਨ੍ਹਾਂ ਦੀ ਲੋਥ ਦੀ " ਸੇਵਾ-ਸੰਭਾਲ " ਦਾ ਹੀ ਜ਼ਿਕਰ ਹੈ ਜਿਨ੍ਹਾਂ ਤੋਂ ਰਹਿਤ ਰੱਖਣ ਵਿਚ ਢਿੱਲ ਹੋ ਗਈ ਹੋਵੇ ਜਾਂ ਜਿਨ੍ਹਾਂ ਨੇ ਕੋਈ ਬੱਜਰ ਕੁਰਹਿਤ ਕੀਤੀ ਹੋਵੇ । ਅਜੇਹੀਆਂ ਹਦਾਇਤਾਂ ਲਿਖਣੀਆਂ ਗੁਰਮਤਿ ਦੀ ਖੰਡਨਾਂ ਕਰਨ ਦਾ ਪਾਪ ਹੈ, ਕਿਉਂਕਿ ਗੁਰਮਤਿ ਅਨੁਸਾਰ, ਪ੍ਰਾਣੀ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ । ਚੰਗਾ ਜਾਂ ਮਾੜਾ ਫਲ ਭੋਗਣ ਵਾਲਾ ਜੀਵਆਤਮਾਂ ਤਾਂ ਜਾ ਚੁੱਕਾ ਹੁੰਦਾ ਹੈ । ਪਿਛੇ ਤਾਂ ਕੇਵਲ ਉਹ ਕੁਝ ਰਹਿ ਗਿਆ ਹੁੰਦਾ ਹੈ ਜਿਸ ਨੇ ਮਿੱਟੀ ਵਿਚ ਰਲ ਕੇ ਮਿੱਟੀ ਹੋ ਜਾਣਾਂ ਹੁੰਦਾ ਹੈ--**ਮਾਟੀ ਸਿਉ ਮਾਟੀ ਰਲੀ, ਨਾਗਾ ਉਠਿ ਜਾਈ ॥ ੨ ॥**[੮੦੯] । ਘਰਦਿਆਂ ਬਾਹਰਦਿਆਂ, ਸਾਰਿਆਂ ਨੂੰ ਹੀ, ਵਾਸਤਵ ਵਿਚ ਕਾਹਲ ਏਹੀ ਹੁੰਦੀ ਹੈ ਕਿ, ਇਸ ਹਡ, ਚੱਮ, ਮਾਸ, ਰਕਤ ਅਤੇ ਦੁਰਗੰਧ ਦੇ ਉਸ ਮਿਲਗੋਭੇ ਨੂੰ ਕਿਵੇਂ ਸਹਿਲ ਢੰਗ ਨਾਲ ਮਿਟੀ ਵਿਚ ਰਲਾ ਕੇ ਉਸ ਵਿਚ ਪੱਸਰ ਰਹੀ ਸੜਾਂਧ ਤੋਂ ਛੁਟਕਾਰਾ ਪਾਇਆ ਜਾਵੇ । ਏਸੇ ਵਿਚਾਰ ਅਧੀਨ ਹੀ " ਕਾਢੋ ਕਾਢੋ " ਹੋ ਰਹੀ ਹੁੰਦੀ ਹੈ । ਲੋਥ ਦਾ ਹਾਰ ਸ਼ੰਗਾਰ, ਬ੍ਰਾਹਮਣ ਰੀਤੀ ਹੈ । ਉਂਜ ਮਿਰਤਕ ਨੂੰ ਭਾਂਵੇਂ ਰੇਸ਼ਮੀ ਕੱਪੜਿਆਂ ਵਿਚ ਲਪੇਟ ਕੇ ਸੁਗੰਧੀਆਂ ਲਾਵੋਂ ਅਤੇ ਭਾਂਵੇਂ ਉਸ ਨੂੰ ਕਿਸੇ ਗੰਦੇ ਟੋਏ ਵਿਚ ਸੁੱਟ ਦਿਉ । ਲੋਥ ਨੂੰ ਕੋਈ ਫ਼ਰਕ ਨਹੀਂ ਪੈਂਦਾ । ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ---

੧੫- **ਜੇ ਮਿਰਤਕ ਕਉ ਚੰਦਨੁ ਚੜ੍ਹਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾ ਮਿਰਤਕ ਕਾ ਕਿਆ ਘਟਿ ਜਾਈ ॥ ੩ ॥**[੧੧੬੦]-੪-੧੨

ਇਸ ਦਾ ਭਾਵ ਇਹ ਨਹੀਂ ਹੈ, ਕਿ ਮਿਰਤਕ ਸਰੀਰ ਦੀ ਸੰਭਾਲ ਕਰਨੀ, ਉਸ ਪ੍ਰਤੀ ਸ਼ਰਧਾ ਜਿਤਲਾਉਣੀ, ਆਦਰ ਸਤਿਕਾਰ ਨਾਲ ਸਸਕਾਰ ਆਦਿ ਕਰਨਾ ਮਨਮਤ ਹੈ । ਜ਼ਿੰਦਗੀ ਵਿਚ ਉਸ ਸਰੀਰ ਨਾਲ ਜਿੰਨਾਂ ਕਿਸੇ ਨੂੰ ਪਿਆਰ ਸੀ, ਉਸ ਨਾਲ ਜਿੰਨਾਂ ਗੂੜ੍ਹਾ ਸੰਬੰਧ ਸੀ, ਵਿਛੋੜੇ ਦਾ ਸੱਲ ਵੀ ਓਨਾਂ ਹੀ ਵਡਾ ਹੁੰਦਾ ਹੈ, ਅਤੇ ਉਨਾਂ ਵੱਡਾ, ਉਸ ਲੋਥ ਪ੍ਰਤੀ ਸਤਿਕਾਰ ਹੋਣਾ ਕੁਦਰਤ ਦਾ ਨਿਯਮ ਹੈ । ਆਪਣੇ ਪਿਆਰੇ ਦੇ ਸਰੀਰ ਨੂੰ, ਓਸੇ ਸਤਿਕਾਰ ਨਾਲ ਪੰਜਾਂ ਤੱਤਾ ਵਿਚ ਰਲਾਉਣ ਲਈ--ਅੱਗ, ਪਾਣੀ, ਕਬਰ ਆਦਿ ਵਿਚ ਪਾ ਦੇਣਾ, ਬਿੱਲਕੁਲ ਹੀ ਹੋਰ ਗੱਲ ਹੈ, ਪਰ ਮਰ ਚੁੱਕੇ ਦੀ ਕਲਿਆਣ ਲਈ, ਉਸ ਦੇ ਸੱਚ ਖੰਡ ਵਿਚ ਵਾਸੇ ਲਈ, ਉਸ ਲਈ ਪ੍ਰਭੂ ਚਰਨਾਂ ਵਿਚ ਥਾਂ ਹਾਸਲ ਕਰਨ ਦੇ ਉਪਰਾਲੇ ਕਰਨੇ, ਬ੍ਰਾਹਮਣ ਵਾਦ ਹੈ । ਸੰਤ ਗਿਆਨੀ ਗੁਰਬਚਨ ਸਿੰਘ ਜੀ ਮਹਾਂਪੁਰਖ, ਭਿੰਡਰਾਂ ਵਾਲਿਆਂ ਨੇ ਆਪਣੀ ਪੁਸਤਕ ਦੇ ੧੫੭ ਸਫ਼ੇ ਤੇ, ਦੇਹ ਸਸਕਾਰ ਦੇ ਸਬੰਧ ਵਿਚ ਹੋਰ, ਹਦਾਇਤਾਂ ਇਸ ਪ੍ਰਕਾਰ ਲਿਖੀਆਂ ਹਨ:--

(੩) ਪ੍ਰਾਣੀ ਦੀ ਦੇਹ ਦੇ ਪਾਸ ਉਚੀ ਥਾਂ ਬੈਠ ਕੇ ਕੀਰਤਨ ਕੀਤਾ ਜਾਵੇ । ਤੇ ਫੇਰ ਤਿਆਰੀ ਕਰਕੇ ਸ਼ਮਸ਼ਾਨ ਭੂਮੀ ਲੈ ਜਾਣ ਲਗਿਆਂ ਪਹਿਲਾਂ ਗੁਰਦੁਆਰੇ ਦੇ ਬੂਹੇ ਦੇ ਅੱਗੇ ਸੀੜ੍ਹੀ ਰਖ ਕੇ, ਸਿਰ ਗੁਰਦੁਆਰੇ ਵਲ ਰਖਣਾ ਤੇ ਸਿਰ ਦੇ ਇੱਕ ਪਾਸੇ ਖੜੇ ਹੋ ਕੇ ਮਹਾਰਾਜ ਜੀ ਵਲ ਚੇਹਰਾ ਕਰਕੇ ਅਰਦਾਸ ਕਰਨੀ ਹੈ ਕਿ ਹੇ ਮਹਾਰਾਜ ਸਾਹਿਬ ਸਚੇ ਪਾਤਿਸ਼ਾਹ ਜੀ ! ਇਹ ਆਪ ਦਾ ਸਿੱਖ (ਫਲਾਣਾ ਸਿੰਘ) ਚੜ੍ਹਾਈ ਕਰ ਗਿਆ ਹੈ । ਇਸ ਦੇ ਜੀਵਨ ਵਿਚ ਗਰੀਬ ਨਿਵਾਜ ਜੀ ! ਗ਼ਲਤੀਆਂ ਹੋਈਆਂ ਹੋਣ, ਭੁੱਲਾਂ ਹੋਣ, ਰਹਿਤ ਵਿਚ ਗ਼ਲਤੀਆਂ ਹੋਈਆਂ ਹੋਣ ਤੁਸੀ ਆਪਜੀ ਦਾ ਬਿਰਧ ਜਾਣ ਕੇ ਬਖ਼ਸ਼ੋ । ਆਪ ਜੀ ਦੀ ਸ਼ਰਨ ਹੈ ਮਹਾਰਾਜ ਜੀ । ਆਪ ਜੀ ਦੀ ਆਗਿਆ ਅਨੁਸਾਰ **ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।** ' ਇਹ ਸੰਸਾਰ ਵਿਚ ਆਏ ਸਨ । ਆਪ ਜੀ ਦੀ ਆਗਿਆ ਨਾਲ ਇਹ ਸੰਸਾਰ ਵਿਚ ਰਹੇ ਹਨ ਅਤੇ ਆਪਜੀ ਦੇ ਹੁਕਮ ਨਾਲ ਹੁਣ ਪ੍ਰਲੋਕ ਨੂੰ ਚਲੇ ਹਨ । ਇਸ ਦੀ ਪਤ ਰਖਣੀ ਸਚੇ ਪਾਤਿਸ਼ਾਹ ਜੀ ! ਤੇ ਸਸਕਾਰ ਕਰਨ ਵਾਸਤੇ ਤਿਆਰ ਕੀਤਾ ਹੈ, ਕ੍ਰਿਪਾ ਕਰ ਕੇ ਬਖ਼ਸ਼ਣਾ ।

ਪੰਥ ਵਲੋਂ ਬਣੀ ਮਰਯਾਦਾ ਵਿਚ ਅਜੇਹੀ ਕੋਈ ਹਦਾਇਤ ਨਹੀਂ ਹੈ । ਅਤੇ ਫਿਰ ਅਜੇਹਾ ਕੁਝ ਲਿਖ ਕੇ, ਮਹਾਂਪੁਰਖਾਂ ਨੇ, ਗੁਰੂ ਗ੍ਰੰਥ ਸਾਹਿਬ ਜੀ ਦੇ ਇਨ੍ਹਾਂ ਦੋ ਸਿਧਾਂਤਾਂ ਦੀ ਖੰਡਨਾਂ ਕੀਤੀ ਹੈ---**੧)** ਮਿਰਤਕਾਂ ਦੇ ਸਰੀਰਾਂ ਨੂੰ ਗੁਰਦੁਆਰੇ ਲੈ ਜਾਣ ਦਾ ਕੀ ਇਹ ਅਰਥ ਹੈ ਕਿ ਸਤਿਗੁਰੂ ਜੀ ਜਾਣ ਵਾਲੇ ਆਪਣੇ ਸਿੱਖ ਦੇ ਅੰਤਮ ਦਰਸ਼ਨ ਕਰ ਲੈਣ ? ਕਿਉਂਕਿ ਸੁਆਸ ਹੀਣ ਲੋਥ ਨੂੰ ਤਾਂ ਪਤਾ ਹੀ ਨਹੀਂ ਕਿ ਉਸ ਨੂੰ ਕਿਹੜੇ ਕਾਂ ਕੁੱਤੇ ਧੂਈ ਫਿਰਦੇ ਹਨ ? ਮਿਰਤਕ ਦੀਆਂ ਗ਼ਲਤੀਆਂ ਤੇ ਭੁੱਲਾਂ ਦੀ ਖਿਮਾਂ ਮੰਗਣੀ, ਅਤੇ ਪ੍ਰਾਣੀ ਲਈ ਸੱਚਖੰਡ ਵਿਚ ਵਾਸੇ ਦੀ ਮੰਗ ਕਰਨੀ " **ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ** ---ਗੁਰਮਤਿ ਸਿਧਾਂਤ ਨੂੰ ਬੇਲੋੜਾ ਮੰਨਣ ਵਾਲਾ ਹਾਸੋਹੀਣਾ ਯਤਨ ਹੈ । **੨)** ਜੇ ਮਨ ਹਾਜ਼ਰ ਨਾ

ਹੋਵੇ ਤਾਂ ਜੀਊਂਦੇ ਮਨੁੱਖ ਦੀ ਵੀ ਹਾਜ਼ਰੀ ਪਰਵਾਨ ਨਹੀਂ ਹੁੰਦੀ, ਮੁਰਦਾ ਲੋਥ ਨੂੰ ਗੁਰਦੁਆਰੇ ਹਾਜ਼ਰੀ ਭਰਨ ਲਈ ਲੈ ਜਾਣ ਦੀ ਗੱਲ ਕਰਨ ਵਾਲਾ ਗੁਰੂ ਨਾਨਕ ਦੇਵ ਜੀ ਦਾ ਸਿੱਖ ਨਹੀਂ ਸਗੋਂ ਕੁਟਲ ਪ੍ਰੋਹਿਤ ਹੈ, ਜੋ ਜੀਊਂਦੇ ਸਿੱਖ ਨੂੰ ਉਸੇ ਅਗਿਆਨਤਾ ਦੀ ਖੱਡ ਵਿਚ ਧੱਕ ਰਿਹਾ ਹੁੰਦਾ ਹੈ ਜਿਸ ਵਿਚੋਂ ਸਤਿਗੁਰਾਂ ਨੇ ੨੦੦ ਸਾਲ ਤੋਂ ਵੱਧ ਦੀ ਕਰੜੀ ਘਾਲਣਾ ਨਾਲ ਕਢਿਆ ਸੀ:--

੧੬-= **ਗੁਰ ਸਭਾ ਏਵ ਨ ਪਾਈਐ, ਨਾ ਨੇੜੈ ਨਾ ਦੂਰਿ ॥**
**ਨਾਨਕ ਸਤਿਗੁਰੁ ਤਾਂ ਮਿਲੈ, ਜਾ ਮਨੁ ਰਹੈ ਹਦੂਰਿ ॥ ੨ ॥** [੮੪]-ਵਾਰ-੪

ਮੁਰਦੇ ਦਾ ਮੱਥਾ ਟਿਕਾਉਣ ਲਈ ਗੁਰੂ-ਘਰ ਲੈ ਜਾਣਾ ਸਤਿਗੁਰਾਂ ਨਾਲ ਘਟੀਆ ਕਿਸਮ ਦੀ ਟਿੱਚਰ ਕਰਨ ਵਾਲੀ ਮੰਦ-ਹਰਕਤ ਹੈ । ਅਤੇ ਫਿਰ ਸਤਿਗੁਰਾਂ ਦਾ ਫ਼ੁਰਮਾਨ ਤਾਂ ਇਹ ਵੀ ਹੈ ਕਿ:--

੧੭- **ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**
**ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥**
**ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧ ॥** [੫੯੪]-ਵਾਰ-੨੧

**ਅਰਥ:**--ਜਿਤਨਾ ਇਹ ਸਾਰਾ ਸੰਸਾਰ ਹੈ (ਇਸ ਵਿਚ) ਹਰੇਕ ਜੀਵ (ਆਪਣੇ ਕਿਸੇ ਨ ਕਿਸੇ ਇਸ਼ਟ ਦੇ ਅਥਵਾ ਸਿੱਖ ਆਪਣੇ ) ਸਤਿਗੁਰੂ ਦੇ ਦਰਸ਼ਨ ਕਰਦਾ ਹੈ, (ਪਰ) ਨਿਰਾ ਦਰਸ਼ਨ ਕੀਤਿਆਂ ਮੁਕਤੀ ਨਹੀਂ ਮਿਲਦੀ, ਜਦ ਤਾਈਂ ਜੀਵ ਸਤਿਗੁਰੂ ਦੇ ਸ਼ਬਦ (-ਰੂਪ ਗਿਆਨ) ਦੀ ਵਿਚਾਰ ਨਹੀਂ ਕਰਦਾ, (ਕਿਉਂਕਿ ਵਿਚਾਰ ਕਰਨ ਤੋਂ ਬਿਨਾਂ, ਭਾਵ, ਸ਼ਬਦ-ਗਿਆਨ ਤੋਂ ਮਿਲਦੀ ਸਿਖਿਆ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਤੋਂ ਬਿਨਾਂ) ਹੰਕਾਰ (-ਰੂਪ ਮਨ ਦੀ) ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ । (ਜਿਨ੍ਹਾਂ) ਕਈ ਮਨੁੱਖਾਂ ਨੇ, ਮੇਰ ਤੇਰ ਅਤੇ ਵਿਕਾਰ ਛੱਡੇ ਹਨ, (ਅਤੇ ਪ੍ਰਭੂ ਮਿਹਰ ਦੇ ਪਾਤ੍ਰ ਬਣੇ ਹਨ) ਉਨ੍ਹਾਂ ਤੇ ਪ੍ਰਭੂ ਨੇ ਮਿਹਰ ਕਰ ਕੇ ਆਪਣੇ ਨਾਲ ਮਿਲਾ ਲਿਆ ਹੈ । (ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ) ਕਈ ਮਨੁੱਖ (ਸਤਿਗੁਰ ਦਾ) ਦਰਸ਼ਨ ਕਰ ਕੇ (ਅਤੇ ਸ਼ਬਦ-ਗਿਆਨ ਵਿਚ ਜੁੜ ਕੇ, ਅਥਵਾ) ਸਤਿਗੁਰੂ ਦੇ ਪਿਆਰ ਵਿਚ ਬ੍ਰਿਤੀ ਜੋੜ ਕੇ ਮਰ ਕੇ (ਭਾਵ, ਆਪਾ ਭਾਵ ਗਵਾ ਕੇ) ਹਰੀ ਵਿਚ ਮਿਲ ਗਏ ਹਨ । ੧ ।

ਮੁਰਦੇ ਨੇ ਵੇਖਣਾਂ ਜਾਂ ਸੁਣਨਾ ਕੀ, ਅਤੇ ਸ਼ਬਦ ਦੀ ਵਿਚਾਰ ਕੀ ਕਰਨੀ ? ਆਪਾ ਭਾਵ ਮਿਟਾ ਕੇ ਪ੍ਰਭੂ ਨਾਲ ਅਭੇਦ ਹੋ ਜਾਣ ਦੀ ਗੁਰੂ-ਸਿਖਿਆ ਨੂੰ ਬੇਲੋੜੀ ਬਣਾ ਦੇਣ ਲਈ, ਕਥਿਤ ਟਕਸਾਲੀ ਵਿਦਿਆਲੇ ਦੇ ਸੰਚਾਲਕ, ਮਹਾਂਪੁਰਖ, ਲੋਥਾਂ ਨੂੰ ਗੁਰਦੁਆਰੇ ਲੈ ਜਾ ਕੇ ਮਿਰਤਕ ਲਈ ਪ੍ਰਭੂ ਦਰਬਾਰ ਵਿਚ ਮਾਨ ਇੱਜ਼ਤ ਦਿੱਤਾ ਜਾਣ ਲਈ ਅਰਦਾਸਾਂ ਕਰਨ ਦੀ ਮਰਯਾਦਾ ਬਣਾ ਰਹੇ ਹਨ । ਉਸੇ ਸਫ਼ੇ ਤੇ ਹੀ ਮਨਮੱਤੀ ਮਰਯਾਦਾ-ਸਿਖਿਆ ਨੂੰ ਚਾਲੂ ਰੱਖਦੇ ਹੋਏ ਮਹਾਂਪੁਰਖ ਜੀ ਫ਼ੁਰਮਾਨ ਕਰਦੇ ਹਨ:--

(੪) ਅਰਦਾਸ ਕਰਕੇ ਉਸ ਵੇਲੇ ਵਡਹੰਸ ਦੀ ਵਾਰ ਦਾ ਕੀਰਤਨ ਕਰਦੇ ਜਾਣਾ ਚਾਹੀਦਾ ਹੈ । ਪਉੜੀ ਖਲੋ ਕੇ ਲਾਉਣੀ ਚਾਹੀਦੀ ਹੈ । ਰਾਗੀ ਸਿੰਘ ਅਗੇ ਹੋਣ ਪਿਛੇ ਨਾ ਹੋਣ ਤੇ ਰਾਗੀਆਂ ਵਲ ਨੂੰ ਸਿਰ ਹੋਵੇ ਉਹ ਚੜ੍ਹਾਈ ਕੀਤੇ ਪੁਰਖ ਦਾ ਤੇ ਕੀਰਤਨ ਕਰਦੇ ਸ਼ਮਸ਼ਾਨ ਭੂਮੀ ਵਿਚ ਪਹੁੰਚ ਜਾਣਾ ਚਾਹੀਦਾ ਹੈ । ।।।ਜਿਥੇ ਚਿਖਾ ਬਣਾਈ ਜਾਵੇ ਉਹ ਲੱਕੜਾਂ ਦੀ ਹੋਣੀ ਚਾਹੀਦੀ ਹੈ ਅਤੇ ਗੋਹਿਆਂ ਦੀ ਨਹੀਂ ਹੋਣੀ ਚਾਹੀਦੀ । ਸਰੀਰ ਲੈ ਜਾ ਕੇ ਉਸ ਚਿਖਾ ਉਤੇ ਰਖ ਦੇਣਾ ਤੇ **ੳ)** ਕੀਰਤਨੀਏ ਸਿੰਘ ਕੀਰਤਨ ਕਰਨ ਲੱਗ ਜਾਣ ਅਤੇ ਨਾਲ ਹੀ ਇੱਕ ਪ੍ਰੇਮੀ ਜਪੁਜੀ ਸਾਹਿਬ ਦਾ ਪਾਠ ਉਸ ਦੇ ਸਿਰਹਾਣੇ ਵਲ ਖਲੋ ਕੇ ਕਰਨ ਲਗ ਜਾਏ ਬਾਕੀ ਦੇ ਚਿਖਾ ਸੁਆਰਨ ਤੇ ਪਾਠ ਸੁਣਨ …….. **ਅ)** ਜਦੋਂ ਚਿਖਾ ਸਾਰੀ ਬਣ ਜਾਵੇ, ਜਪੁਜੀ ਸਾਹਿਬ ਦਾ ਪਾਠ ਕਰ ਕੇ ਅਗਨੀ ਲਾਉਣ ਦੀ ਅਰਦਾਸ ਕਰਨੀ ਤੇ ਕਹਿਣਾ ਕਿ ਪਾਤਿਸ਼ਾਹ ਜੀ ! ਇਸ ਨੂੰ ਕਿਰਪਾ ਕਰਕੇ ਬਖ਼ਸ਼ ਲੈਣਾ । ਪਿਛਲੀਆਂ ਗ਼ਲਤੀਆਂ ਮੁਆਫ ਕਰਨੀਆਂ । ਇਉਂ ਦਸਵੇਂ ਪਾਤਿਸ਼ਾਹ ਜੀ ਦਾ ਬਚਨ ਹੈ--' ਕਿਰਿਆ ਸਹਿਤ ਸਿਖ ਸਸਕਾਰੇ । " ….. **ੲ)** ਜੇ ਉਸ ਤੋਂ ਗ਼ਲਤੀ ਹੋਈ ਹੋਵੇ ਰਹਿਤ ਵਿਚ ਪਰ ਫੇਰ ਅੰਤ ਵੇਲੇ ਪੰਜ ਕਾਕਾਰ ਪਹਿਰਾ ਕੇ ਅਰਦਾਸ ਕਰਕੇ, ਇਉਂ ਕਿਰਿਆ ਦੇ ਸਮੇਤ । ਜਪੁਜੀ ਸਾਹਿਬ ਦਾ ਪਾਠ ਕਰਕੇ ਉਹਦੇ ਜਨਮ ਦੀਆਂ ਭੁੱਲਾਂ ਬਖ਼ਸ਼ਾ ਕੇ ਅਰਦਾਸ ਕਰਕੇ ਅਗਨੀ ਲਾਉਣੀ ਚਾਹੀਦੀ ਹੈ . ……. । ਜਿਸ ਵਕਤ ਕੀਰਤਨ ਕਰਦਿਆਂ ਕਰਦਿਆਂ ਅੱਧਾ ਕੁ ਸਰੀਰ ਦਾ ਸਸਕਾਰ ਹੋ ਜਾਵੇ ਓਦੋਂ ਕੀਰਤਨ ਸੋਹਿਲਾ ਪੜ੍ਹਕੇ ਅਰਦਾਸ ਕਰਨੀ ਚਾਹੀਦੀ …. ਸ) ਫੇਰ ਓਥੋਂ ਗੁਰਦੁਆਰੇ ਸਾਹਿਬ ਆ ਕਰ ਕੇ ਇਸ਼ਨਾਨ ਕਰਕੇ ਓਥੇ ਕੜਾਹ ਪ੍ਰਸ਼ਾਦਿ ਕਰਕੇ ਓਸ ਸਿੱਖ ਦੇ ਨਮਿਤ-- ੧= ਅਲਾਹਣੀਆਂ ਦਾ ਪਾਠ ਹੋਣਾ ਚਾਹੀਦਾ ਹੈ । (ਪੰਜੇ ਸ਼ਬਦ ਪੰਨਾ ੫੭੮) ਤੇ,
**੨=** ਆਸਾ ਮਲਾ ੧ । ਦੀਵਾ ਮੇਰਾ ਏਕੁ ਨਾਮੁ ' (ਪੰਨਾ ੩੫੭), **੩=** ਸੂਹੀ ਮ: ੫ । ' ਕਰਮ ਧਰਮ ਪਾਖੰਡ ਜੋ ਦੀਸਹਿ " (ਪੰਨਾ ੭੪੭),
**੪=** ਮਾਰੂ ਮ: ੫ । ' **ਖੁਲਿਆ ਕਰਮੁ ਕਿਰਪਾ ਭਈ ਠਾਕੁਰ** '(ਪੰਨਾ ੧੦੦੦), ਇਨ੍ਹਾਂ ਸ਼ਬਦਾਂ ਦਾ ਪਾਠ ਹੋਣਾ ਚਾਹੀਦਾ ਹੈ ਅਤੇ ਅਰਦਾਸ ਕਰਕੇ ਕੜ੍ਹਾ ਪ੍ਰਸ਼ਾਦ ਵਰਤਾਏ । **ਹ)** ਜੇ ਹੋ ਸਕੇ ਤਾਂ ਉਥੇ ਹੀ ਅਲਾਹਣੀਆਂ ਆਦਿ ਪੜ੍ਹਕੇ, ਅਰਦਾਸ ਕਰਕੇ ਪਾਠ ਪ੍ਰਾਰੰਭ ਕਰਕੇ ਪ੍ਰਸ਼ਾਦਿ ਵਰਤਾਏ । ਨਹੀਂ ਤਾਂ ਘਰ ਆ ਕੇ ਓਸੇ ਵਕਤ ਓਸੇ ਦਿਨ ਪ੍ਰਾਰੰਭ ਕਰ ਦੇਵੇ । ਜੇ ਹਿੰਮਤ ਹੋਵੇ, ਸ੍ਰੀ ਅਖੰਡ ਪਾਠ ਦੀ, ਤਾਂ ਸ੍ਰੀ ਅਖੰਡ ਪਾਠ ਕਰਵਾਏ ਜੇ ਸਹਿਜ ਪਾਠ ਦੀ ਹਿੰਮਤ ਹੋਵੇ ਤਾਂ ਸਹਿਜ ਪਾਠ ਹੋਵੇ, ਅਤੇ **ਦਸਾਂ ਦਿਨਾਂ ਦੇ ਅੰਦਰ** ਪੂਰਾ ਕਰਨਾ ਚਾਹੀਦਾ ਹੈ । **ਕ) ਦਸ ਦਿਨ** ਉਸ ਪ੍ਰਾਣੀ ਦੇ ਨਮਿਤ ਨਿਤਨੇਮ ਦੀ ਬਾਣੀ ਦੇ ਪਾਠ ਕਰੇ । ਪੰਜ ਬਾਣੀਆਂ ਅੰਮ੍ਰਿਤ ਦੀਆਂ, ਰਹਿਰਾਸ, ਕੀਰਤਨ ਸੋਹਿਲਾ, ਆਸਾ ਦੀ ਵਾਰ, ਸੁਖਮਨੀ ਸਾਹਿਬ ਅਲਾਹਣੀਆਂ, ਪਾ: ਨੌਵੀਂ ਦੀ ਸਾਰੀ ਬਾਣੀ। ਜੇ ਸਾਧਾਰਣ ਪਾਠ ਹੋਵੇ ਤਾਂ ਇਕ ਨਿਤਨੇਮ ਹਰ ਰੋਜ਼ ਕਰੇ ਜੇ ਸ੍ਰੀ ਅਖੰਡ ਪਾਠ ਹੋਵੇ ਤਾਂ ਸ੍ਰੀ ਅਖੰਡ ਪਾਠ ਦੇ ਨਾਲ ਹੀ ਦੱਸੇ ਨਿਤਨੇਮ ਕਰ ਕੇ ਭੋਗ ਪਾ ਕੇ ਅਰਦਾਸ ਕਰਨੀ । **ਗ)** ਮਰਨ ਵਾਲੀ ਜਗ੍ਹਾ ਤੇ ਹਰ ਰੋਜ਼ੇ ਸਵੇਰ ਦੇ ਵਕਤ ਜੈਤਸਰੀ ਦੀ ਵਾਰ ਦੇ ਦੋ ਦੋ ਸਲੋਕਾਂ ਦੀ ਕਥਾ ਤੇ 'ਸਹਸਕ੍ਰਿਤੀ ' ਦੇ ਛੇ ਛੇ ਸਲੋਕਾਂ ਦੀ ਕਥਾ ਹੋਵੇ **ਦਸ ਦਿਨ ਤਕ** ਕਰੇ ਰੋਜ਼ ਹੀ । ਸਭ ਪੁਰਾਣਾ ਦੀ ਕਥਾ ਤੋਂ ਬਹੁਤ ਵਡਾ ਮਹਾਤਮ ਹੈ । ਪ੍ਰਾਣੀ ਅਵਗਤ ਨਹੀਂ ਜਾਂਦਾ । ਸੁੱਖ ਹੁੰਦਾ ਹੈ ਤੇ ਸਚਖੰਡ ਵਿਚ ਵਾਸਾ ਹੁੰਦਾ ਹੈ । ਅੰਮ੍ਰਿਤ ਧਾਰੀ ਹੋਵੇ ਜਾਂ ਦੂਜਾ ਇਕੋ ਹੀ ਮਰਯਾਦਾ ਹੈ ।[ਸਫ਼ਾ-੧੫੯/੧੬੦] **ਘ)** ਜੇ ਕਥਾ ਕਰਨ ਵਾਲਾ ਨਾ ਹੋਵੇ ਤਾਂ ਪ੍ਰਾਣੀ ਦੀ ਚੜ੍ਹਾਈ ਵਾਲੀ ਥਾਂ ਤੇ ਇਕੇ ਦਿਨ ਹੀ ਸਾਰੀ ਜੈਤਸਰੀ ਦੀ ਵਾਰ ਤੇ ਸਹਸਕ੍ਰਿਤੀ ਪੜ੍ਹ ਦੇਵੇ ਸੁਬਾ ਦੇ ਵਕਤ । ਜੇ ਪ੍ਰਾਣੀ ਨੇ ਕਿਤੇ ਹੋਰ ਥਾਂ ਤੇ ਚੜ੍ਹਾਈ ਕੀਤੀ ਹੋਵੇ ਤਾਂ ਰਾਖ ਚੁੱਕਣ ਵਕਤ " ਜੈਤਸਰੀ ਦੀ ਵਾਰ ਤੇ ਵਡਹੰਸ ਦੀ ਵਾਰ ਤੇ " ਸਹਸਕ੍ਰਿਤੀ ' ਦਾ ਪਾਠ ਕਰ ਦੇਵੇ ।

**ਵਿਚਾਰ**---ੳ) ਪਹਿਲੀ ਦੁਖਦਾਈ ਗੱਲ ਇਹ ਹੈ ਕਿ ਮਹਾਂਪੁਰਖਾਂ ਨੇ ਇਹ ਨਹੀਂ ਲਿਖਿਆ ਕਿ ਜੇ ਕੀਰਤਨੀ ਜਥਾ ਨਾ ਮਿਲੇ, ਤਾਂ ਫਿਰ ਕੀ ਕਰਨਾ ਚਾਹੀਦਾ ਹੈ ? ਸਿੱਖ ਰਹਿਤ ਮਰਯਾਦਾ ਵਿਚ ਤਾਂ ਸ਼ਮਸ਼ਾਨ ਭੂਮੀ ਨੂੰ ਜਾਂਦਿਆਂ ਵੈਰਾਗਮਈ ਸ਼ਬਦਾਂ ਦਾ ਉਚਾਰਨ ਕਰਦੇ ਰਹਿਣ ਬਾਰੇ ਕਿਹਾ ਹੈ, ਪਰ ਮਹਾਂਪੁਰਖਾਂ ਨੇ ਖ਼ਾਸ ਤੌਰ ਤੇ ਵਡਹੰਸ ਕੀ ਵਾਰ ਦਾ ਕੀਰਤਨ ਕਰਦੇ ਜਾਣ ਵਾਸਤੇ ਕਿਸ ਕਾਰਨ ਲਿਖਿਆ ਹੈ ? ਜੇ ਗੁਰਬਾਣੀ ਸ਼ਬਦ ਕੰਠ ਨਾ ਹੋਣ ਤਾਂ ਸਤਿਨਾਮ ਵਾਹਿਗੁਰੂ ਨਾਮ ਦਾ ਹੀ ਜਾਪ ਕਰਦੇ ਜਾਣ ਵਿਚ ਕੀ ਦੋਸ਼ ਹੈ ? ਫਿਰ ਸ਼ਮਸ਼ਾਨ ਭੂਮੀ ਵਿਚ ਪੁੱਜ ਕੇ ਜਦ ਕੀਰਤਨੀ ਜਥਾ

ਗੁਰਬਾਣੀ ਸ਼ਬਦਾਂ ਦਾ ਹੀ ਕੀਰਤਨ ਕਰ ਰਿਹਾ ਹੋਵੇ ਤਾਂ ਨਾਲ ਹੀ ਜਪੁਜੀ ਸਾਹਿਬ ਦਾ ਪਾਠ ਕਰੀ ਜਾਣ ਦਾ ਅਰਥ ਕੀ ਹੋਇਆ ? ਕੀ ਗੁਰਬਾਣੀ ਵਿਚ ਵੀ ਚੰਗੀ ਮਾੜੀ ਦਾ ਭੇਦ ਹੈ ? ਅਜੇਹਾ ਭਰਮ ਕਿਸ ਕਾਰਨ ? ਗੁਰਬਾਣੀ ਨੂੰ ਵਰਤ ਕੇ, ਕਿਤੇ ਸਿੱਖੀ ਵਿਚ ਸਾਰਾ ਗਰੁੜ ਪੁਰਾਣ ਹੀ ਤਾਂ ਨਹੀਂ ਵਾੜਿਆ ਜਾ ਰਿਹਾ ?

**(ਅ ਅਤੇ ੲ )** ਮਿਰਤਕ ਦੀਆਂ ਪਿਛਲੀਆਂ ਗ਼ਲਤੀਆਂ ਦੀ ਮਾਫ਼ੀ, ਇੱਕ ਵਾਰੀ ਜਦ ਗੁਰਦੁਆਰੇ ਮੰਗਵਾ ਲਈ ਸੀ, ਫਿਰ ਚਿਖਾ ਕੋਲ ਖਲੋਂ ਕੇ ਮਿਰਤਕ ਲਈ ਹੀ ਦੋ ਵਾਰੀ ਹੋਰ ਭੁੱਲਾਂ ਦੀ ਮਾਫ਼ੀ ਮੰਗੀ ਜਾਣ ਦਾ ਕੀ ਅਰਥ ? ਕੀ ਚਿਖਾ ਕੋਲ ਖਲੋਤਿਆਂ ਨੂੰ ਆਪਣੀ ਮੌਤ ਯਾਦ ਨਹੀਂ ਆਉਂਦੀ ? ਕੀ ਜੀਉਂਦਿਆਂ ਲਈ ਗੁਰਮੁਖਾਂ ਵਾਲੀ ਉੱਚੇ ਆਚਰਨ ਵਾਲੀ ਜੀਵਨ-ਜੁਗਤ ਦੀ ਮੰਗ ਕਰਨੀ ਮਿਰਤਕ ਲਈ ਹਾਨੀ ਕਾਰਕ ਹੈ ?

**(ਸ ਅਤੇ ਹ)** ਸ਼ਮਸ਼ਾਨ ਭੂਮੀ ਤੋਂ ਆ ਕੇ ਇਸ਼ਨਾਨ ਕਰਨਾਂ ਬ੍ਰਾਹਮਣ-ਵਾਦ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਹੀਂ ਸਗੋਂ ਗਰੁੜ-ਪੁਰਾਣ ਦੀ ਸਿੱਖੀ ਹੈ । ਪੰਥ ਵਲੋਂ ਬਣੀ ਮਰਯਾਦਾ ਵਿਚ ਅਜੇਹੀ ਕੋਈ ਪਾਬੰਦੀ ਨਹੀਂ ਹੈ । ਬਾਣੀਆਂ ਦੇ ਪਾਠ ਦੀ ਚੋਣ ਵੀ ਸਿੱਖ ਰਹਿਤ ਮਰਯਾਦਾ ਦੇ ਅਨਕੂਲ ਨਹੀਂ ਹੈ । ਗੁਰਦੁਆਰੇ ਆ ਕੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦੀ ਉਚੇਚੀ ਚੋਣ ਕਰਨ ਤੋਂ ਮਹਾਂਪੁਰਖਾਂ ਦਾ ਕੀ ਮੰਤਵ ਹੈ ? ਅਜੇਹੇ ਸ਼ੰਕੇ ਪੈਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਮਹਾਂਪੁਰਖਾਂ ਨੇ ਗੁਰਮਤਿ ਦੇ ਥਾਂ ਮਨਮਤ ਨੂੰ ਸ੍ਰੇਸ਼ਟ ਸਮਝਿਆ ਹੈ । ਗੁਰਮਤਿ ਅਨਸਾਰ ਬਣੀ ਮਰਯਾਦਾ ਦੀ ਨਿਸ਼ਾਨੀ ਇਹ ਹੈ, ਕਿ ਉਸ ਵਿਚ ਕਿੰਤੂ ਲਈ ਕੋਈ ਥਾਂ ਨਹੀਂ ਹੈ । ਪੰਥਕ ਮਰਯਾਦਾ ਵਿਚ ਵੀ ਜਿਥੇ ਕਿੰਤੂ ਨੂੰ ਥਾਂ ਮਿਲਦੀ ਹੈ ਓਥੇ ਬ੍ਰਾਹਮਣੀ ਪ੍ਰਭਾਵ ਦਾ ਹੋਣਾ ਹੀ ਸਿੱਧ ਹੁੰਦਾ ਹੈ ।

**(ਕ, ਖ, ਗ ਅਤੇ ਘ )** ਦਸਾਂ ਦਿਨਾਂ ਵਾਲਾ ਚੱਕਰ ਨਿਰੋਲ ਗਰੁੜ ਪੁਰਾਣ ਹੈ । (ਪੜ੍ਹੋ ਗਰੁੜ ਪੁਰਾਣ ਦਾ ਛੇਵਾ ਅਧਿਆਇ) । ਮੌਤ ਹੋਣ ਵਾਲੀ ਥਾਂ ਤੇ ਗੁਰਬਾਣੀ ਦਾ ਪਾਠ ਕਰਨਾ ਨਿਰੋਲ ਗੁਰੜ ਪੁਰਾਣ ਦੀ ਸਿੱਖੀ ਹੈ । ਬਿੱਪ੍ਰਨ ਕੀ ਰੀਤ ਹੈ । ਦਸਮੇਸ਼ ਜੀ ਤੋਂ ਬਗ਼ਾਵਤ ਹੈ । ਗੁਰਬਾਣੀ ਦੀ ਘੋਰ ਬੇਅਦਬੀ ਹੈ । **ਕਾਰਨ ?**---

ਗੁਰਬਾਣੀ ਦਾ ਜਿੰਨਾਂ ਵੀ ਪਾਠ ਕੀਤਾ ਜਾਵੇ, ਚੰਗੀ ਗੱਲ ਹੈ । ਪਰ ਮਿਰਤਕ ਦੀ ਗਤੀ ਕਰਾ ਕੇ ਉਸ ਨੂੰ ਸਚਖੰਡ ਵਿਚ ਵਾਸਾ ਲੈ ਦੇਣ ਲਈ ਗੁਰਬਾਣੀ ਵਿਚੋਂ ਖ਼ਾਸ ਬਾਣੀਆਂ ਦੀ ਚੋਣ ਕਰਕੇ ਪਾਠ ਕਰਨ ਦਾ ਉਪਦੇਸ਼, ਜਾਂ ਵਡਾ ਮਹਾਤਮ ਪ੍ਰਾਪਤ ਕਰਨ ਦੀ ਇਛਿਆ ਨਾਲ, ਖ਼ਾਸ ਖ਼ਾਸ ਸ਼ਬਦਾਂ ਅਥਵਾ ਸਲੋਕਾਂ ਦੀ ਕਥਾ ਜਾਂ ਕੀਰਤਨ ਕਰਨ ਦੀ ਗੱਲ, ਗੁਰਬਾਣੀ ਦੀ ਬੇਅਦਬੀ ਹੈ । ਖ਼ਾਸ ਬਾਣੀ ਦੀ ਚੋਣ ਤੋਂ ਇਹ ਅਨੁਭਵ ਬਣਦਾ ਹੈ ਕਿ ਬਾਕੀ ਬਾਣੀ ਉਹ ਕਾਰਜ ਨਹੀਂ ਸੁਆਰ ਸਕਦੀ ਜਿਹੜਾ ਕਾਰਜ ਚੁਣੀ ਹੋਈ ਬਾਣੀ ਨੇ ਸੁਆਰਣਾ ਹੈ । ਕਿਸੇ ਵੀ ਕਾਰਜ ਦੀ ਸਿੱਧੀ ਦੇ ਮੰਤਵ ਨਾਲ ਗੁਰਬਾਣੀ ਦੀ ਚੋਣ ਕਰਨੀ ਬਾਕੀ ਬਾਣੀ ਬਾਰੇ ਅਸ਼ਰਧਾ ਬਣਾਉਣ ਦਾ ਪਾਪ ਹੈ ਅਤੇ ਗੁਰਬਾਣੀ ਦੀ ਸਖ਼ਤ ਬੇਅਦਬੀ ਹੈ ।

ਮਿਰਤਕ ਸਰੀਰ ਦੇ ਸੰਬੰਧ ਵਿਚ ਤਾਂ ਸਤਿਗੁਰਾਂ ਦਾ ਇਕ ਫ਼ੁਰਮਾਨ ਇਹ ਵੀ ਹੈ :--

੧੮- **ਇਕ ਦਝਹਿ ਇਕ ਦਬੀਅਹਿ, ਇਕਨਾ ਕੁਤੇ ਖਾਹਿ ॥ ਇਕਿ ਪਾਣੀ ਵਿਚਿ ਉਸਟੀਅਹਿ**
**ਇਕਿ ਭੀ ਫਿਰਿ ਹਸਣਿ ਪਾਹਿ ॥ ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥ ੨ ॥**[੬੪੮]-ਵਾਰ-੧੬

**ਅਰਥ:**--(ਮਰਨ ਤੇ) ਕੋਈ ਸਾੜੇ ਜਾਂਦੇ ਹਨ, ਕੋਈ ਦੱਬੇ ਜਾਂਦੇ ਹਨ, ਇਕਨਾਂ (ਲਾਵਾਰਸਾਂ) ਨੂੰ ਕੁੱਤੇ ਖਾ ਜਾਂਦੇ ਹਨ, ਕੋਈ ਜਲ-ਪ੍ਰਵਾਹ ਕੀਤੇ ਜਾਂਦੇ ਹਨ, ਤੇ ਕਈ ਸੁੱਕੇ ਖੂਹ ਵਿਚ (-ਹੱਸਣਿ ਪਾਹਿ) ਰੱਖੇ ਜਾਂਦੇ ਹਨ (ਨੋਟ:--ਪਾਰਸੀ ਧਰਮ ਦੇ ਲੋਕਾਂ ਵਿਚ ਮਿਰਤਕ ਨੂੰ ਹੱਸਣ ਪਾਉਣ ਦਾ ਰਿਵਾਜ ਹੈ । ਖ਼ਾਸ ਟੋਏ ਵਿਚ ਲੋਥ ਨੂੰ ਰੱਖ ਦਿੰਦੇ ਹਨ ਅਤੇ ਗਿਝੇ ਹੋਏ ਜਾਨਵਰ, ਗਿਰਝਾਂ, ਕਾਂ ਕੁੱਤੇ ਆਦਿ ਝੱਟ ਪਟ ਹੀ ਲੋਥ ਨੂੰ ਖਾਣ ਆ ਜਾਂਦੇ ਹਨ) । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ (ਸਰੀਰਾਂ ਦੇ) ਸਾੜਨ, ਦੱਬਣ ਆਦਿਕ ਨਾਲ ਇਹ ਪਤਾ ਨਹੀਂ ਲੱਗ ਸਕਦਾ ਕਿ ਰੂਹਾਂ ਕਿੱਥੇ ਜਾ ਵੱਸਦੀਆਂ ਹਨ । ੨ ।

## ੪

# ਫੁੱਲ ਚੁਣਨੇ ਅਥਵਾ ਅੰਗ਼ੀਠਾ ਫੋਲਣਾ

ਚੌਥੇ ਦਿਨ ਫੁੱਲ ਚੁਣਨ ਦਾ ਪਖੰਡ ਗਰੁੜ ਪੁਰਾਣ ਦੀ ਸਿੱਖੀ ਹੈ । ਪੰਥਕ " ਸਿੱਖ ਰਹਿਤ ਮਰਯਾਦਾ " ਖਰੜੇ ਵਿਚਲੇ ਮਿਰਤਕ ਸੰਸਕਾਰ ਅਸਾਂ ਪਿੱਛੇ ਪੜ੍ਹੇ ਹਨ । ਉਸ ਵਿਚ ਅੰਗ਼ੀਠਾ ਫੋਲਣ ਬਾਰੇ ਇਉਂ ਲਿਖਿਆ ਹੈ--ਅੰਗੀਠਾ ਠੰਡਾ ਹੋ ਜਾਣ ਤੇ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ ਜਾਂ ਉਥੇ ਹੀ ਦਬ ਕੇ ਜ਼ਮੀਨ ਬਰਾਬਰ ਕਰ ਦਿੱਤੀ ਜਾਵੇ । ਪਰ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਅੰਗ਼ੀਠਾ ਫੋਲਣ ਵਾਲੀ ਇਸ ਮਰਯਾਦਾ ਨੂੰ ਦਸਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜ ਦਿੱਤਾ ਹੈ । " ਗੁਰਮਤਿ ਰਹਿਤ ਮਰਯਾਦਾ " ਪੁਸਤਕ ਦੇ ੧੬੧ ਸਫ਼ੇ ਤੇ ਮਹਾਂਪੁਰਖ ਜੀ ਲਿਖਦੇ ਹਨ---

> " ਗੁਰੂ ਕਲਗ਼ੀਧਰ ਜੀ ਨੇ ਮਰਯਾਦਾ ਬਣਾ ਦਿਤੀ ਹੈ, ਕਿ ਅੰਗੀਠਾ ਨਹੀਂ ਫੋਲਣਾ ਚਾਹੀਦਾ । ਫੁੱਲ ਨਹੀਂ ਚੁਣਨੇ ਚਾਹੀਦੇ । ਜਿਹੜੀ ਰਾਖ ਹੈ ਉਹ ਸਾਰੀ ਸਮੇਤ ਅਸਥੀਆਂ ਦਰਿਆ ਵਿਚ ਪਾ ਦਿਓ ਜਾਂ ਬੇ-ਅਦਬੀ ਤੋਂ ਸਾਂਭਣੀਆਂ ਹੋਣ ਤਾਂ ਉਥੇ ਹੀ ਟੋਆ ਪੁਟ ਕੇ ਰਾਖ ਸਮੇਤ ਦੱਬ ਦੇਵੇ ਤੇ ਕ੍ਰਿਪਾਨ ਤੇ ਕੜਾ ਵਿਚੇ ਹੀ ਰਹਿਣ ਦੇਵੇ । ਜਾਂ ਕੀਰਤਪੁਰ ਸਾਹਿਬ ਜਾ ਗੋਇੰਦਵਾਲ ਸਾਹਿਬ ਲੈ ਜਾ ਕੇ ਸਮੇਤ ਰਾਖ ਸਭ ਕੁਛ ਪਾ ਦੇਣਾ ਇਹ ਗੁਰਮਤਿ ਦਾ ਅਸੂਲ ਹੈ । "

ਕਿਡੀ ਚਤੁਰਾਈ ਨਾਲ ਪੰਥ ਵਿਚ ਬਿੱਪ੍ਰ-ਵਾਦ ਵਾੜਿਆ ਜਾ ਰਿਹਾ ਹੈ । ਗੁਰਮਤਿ ਅਤੇ ਮਨ ਮਤ ਸਭ ਕੁਝ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜ ਦਿੱਤਾ ਹੈ । ਗਰੁੜ ਪੁਰਾਣ ਅਨੁਸਾਰ ਮਿਰਤਕ ਦੀ ਗਤੀ ਲਈ, ਅਥਵਾ ਮਿਰਤਕ ਦੀ ਆਤਮਾਂ ਨੂੰ ਨਰਕੀ ਦੁਖਾਂ ਤੋਂ ਬਚਾਉਂਣ ਲਈ, ਸੜਨੋਂ ਬਚੀਆਂ ਉਸ ਦੀਆਂ ਹੱਡੀਆਂ, ੧੦ ਦਿਨਾਂ ਦੇ ਅੰਦਰ ਅੰਦਰ, ਹਰਿਦੁਆਰ ਨੇੜੇ " ਗੰਗਾ ਨਦੀ " ਵਿਚ ਪਾਉਣ ਦਾ ਭਰਮ ਬਣਾਇਆ ਹੋਇਆ ਹੈ । ਗੁਰੂ ਨਾਨਕ ਦੇਵ ਜੀ ਦੇ ਸਿੱਖ ਦੇ ਮਨ ਵਿਚੋਂ ਇਸ ਭਰਮ ਨੂੰ ਕੱਢਣ ਦੀ ਬਜਾਏ ਉਸ ਨੂੰ ਹੋਰ ਪੱਕਾ ਕਰਨ ਲਈ ਇਸ ਬਿੱਪ੍ਰੀ ਰੀਤ ਨੂੰ ਗੁਰੂ ਅਸਥਾਨਾਂ ਨਾਲ ਹੀ ਜੋੜ ਦਿੱਤਾ ਹੈ । ਮਿਰਤਕ ਦੀਆਂ ਹੱਡੀਆਂ ਜਾਂ ਗੋਇੰਦਵਾਲ ਅਤੇ ਜਾਂ ਪਾਤਾਲ ਪੁਰੀ (ਕੀਰਤਪੁਰ) ਲੈ ਜਾਣ ਦਾ

ਭਰਮ ਬਣਾ ਦਿੱਤਾ ਹੈ । ਮਿਰਤਕ ਨਮਿਤ ਦਾਨ ਦੇ ਬਹਾਨੇ, ਹਰਿਦੁਆਰ ਵਿਖੇ ਤਾਂ ਬ੍ਰਾਹਮਣ ਨੇ ਲੁੱਟ ਮਚਾਈ ਹੋਈ ਹੁੰਦੀ ਹੈ, ਏਧਰ ਦੋਹਾਂ ਗੁਰੂ ਅਸਥਾਨਾਂ ਤੇ ਭਾਈਆਂ ਨੇ ਜੇਬਾਂ ਭਰਨੀਆਂ ਅਰੰਭ ਕੀਤੀਆਂ ਹੋਈਆਂ ਹਨ ।

ਬ੍ਰਾਹਮਣ-ਗੁਰੂ ਦੇ ਚੇਲੇ, ਹਿੰਦੂ ਵੀਰ ਤਾਂ ਆਪਣੀ ਧਰਮ ਪੁਸਤਕ " ਗਰੁੜ-ਪੁਰਾਣ " ਵਿਚਲੇ ਵਿਸ਼ਨੂੰ ਜੀ ਦੇ ਉਪਦੇਸ਼ ਅਨੁਸਾਰ ਮਿਰਤਕ ਦੀ ਗਤੀ ਲਈ ਪਿੰਡ ਭਰਦੇ, ਹੱਡੀਆਂ ਨੂੰ ਗੰਗਾ ਵਿਚ ਪਾਉਂਦੇ ਅਤੇ ਬ੍ਰਾਹਮਣਾ ਨੂੰ ਦਾਨ ਦੱਛਣਾ ਦਿੰਦੇ ਹਨ । ਅਰਥਾਤ ਹਿੰਦੂ ਸਦਾ ਹੀ ਆਪਣੇ ਧਰਮ ਗ੍ਰੰਥਾਂ ਦੇ **ਹੁਕਮਾਂ ਦੀ ਪਾਲਣਾ** ਕਰਨ ਦਾ **ਪੁੰਨ ਖਟਦਾ** ਹੈ, ਪਰ ਏਧਰ ਗੁਰੂ ਨਾਨਕ ਦੇਵ ਜੀ ਦਾ ਸਿੱਖ ਆਪਣੇ ਸਤਿਗੁਰਾਂ ਦੇ **ਹੁਕਮਾਂ ਦੀ ਉਲੰਘਣਾਂ** ਕਰਨ ਦੀ ਅਵੱਗਿਆ ਕਰਨ ਦਾ **ਘੋਰ ਪਾਪ ਖੱਟਦਾ** ਹੈ । ਬ੍ਰਾਹਮਣ ਸੰਤ ਮਹਾਤਮਾਂ ਆਪਣੇ ਧਰਮ ਗ੍ਰੰਥਾਂ ਦੀ ਬਾਣੀ ਅਨੁਸਾਰ ਮਰਯਾਦਾ ਬਣਾ ਕੇ ਦੂਜੇ ਧਰਮਾਂ ਵਾਲਿਆਂ ਨੂੰ ਵੀ ਉਸ ਮਰਯਾਦਾ ਦੇ ਅਨੁਸਾਰੀ ਬਣਾ ਰਹੇ ਹਨ, ਪਰ ਏਧਰ ਸਿੱਖਾਂ ਦੇ ਗਿਆਨੀ ਅਤੇ ਸਾਧ-ਸੰਤ ਮਹਾਂ-ਪੁਰਖ, ਅਥਵਾ ਡੇਰੇਦਾਰ ਬਾਬੇ, ਗੁਰੂ ਹੁਕਮਾਂ ਦੀ ਖੰਡਣਾਂ ਕਰਦੇ ਰਹਿਣ ਦਾ ਉਪਦੇਸ਼ ਦੇ ਕੇ ਗੁਰੂ ਕੇ ਸਿੱਖ ਨੂੰ ਆਪਣੇ ਗੁਰੂ ਤੋਂ ਦੂਰ ਕਰ ਰਹੇ ਹਨ । ਭਿੰਡਰਾਂ ਵਾਲੇ ਮਹਾਂਪੁਰਖ, ਪੰਥ ਨੂੰ ਬਿੱਪ੍ਰਨ ਕੀ ਰੀਤ ਨਾਲ ਜੋੜ ਕੇ ਇਸ ਦੇ ਨਿਆਰੇ ਆਚਰਨ ਦਾ ਭੋਗ ਪਾ ਰਹੇ ਹਨ । ਕਿਤੋਂ ਬਾਹਰੋਂ ਨਹੀਂ, ਸਗੋਂ ਸਿੱਖੀ ਦੇ ਇਸ ਘਰ ਨੂੰ ਅੱਗ, ਆਪਣੇ ਘਰ ਦੇ ਦੀਵੇ ਤੋਂ ਹੀ ਲੱਗ ਰਹੀ ਹੈ '।

" ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ "

ਜਿਸ ਤਰ੍ਹਾਂ ਦੇ ਕਿਰਿਆ ਕਰਮ ਨਾਲ ਜੀਵਾਤਮਾਂ ਦੀ ਗਤੀ ਹੋਣੀ ਹੈ, ਉਹ ਕੁਝ ਸਮਝਣ ਲਈ, ਆਉ ! ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਸ਼ਬਦ ਦੀ ਵਿਚਾਰ ਨਾਲ ਮਨ ਜੋੜੀਏ :--

੧੯- **ਦੀਵਾ ਮੇਰਾ ਏਕੁ ਨਾਮੁ, ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥ ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥ ੧ ॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥ ੨ ॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥ ੩ ॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ ੪ ॥**[੩੫੮]-੨-੩੨

ਨੋਟ:--ਪਿਛੇ ਅਸਾਂ ਗਰੁੜ ਪੁਰਾਣ ਵਿਚ ਪੜਿਆ ਹੈ ਕਿ ਵਿਸ਼ਨੂੰ ਜੀ ਦੇ ਕਹੇ ਅਨੁਸਾਰ, ਹਿੰਦੂ-ਧਰਮ ਵਿਚ ਮਰਯਾਦਾ ਬਣ ਚੁੱਕੀ ਹੈ ਕਿ ਜਦੋਂ ਕੋਈ ਪ੍ਰਾਣੀ ਮਰਨ ਲੱਗਦਾ ਹੈ ਤਾਂ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਲੈਂਦੇ ਹਨ । ਉਸ ਦੇ ਹਥ ਦੀ ਤਲੀ ਉਤੇ ਆਟੇ ਦਾ ਦੀਵਾ ਰੱਖ ਕੇ ਜਗਾ ਦਿੰਦੇ ਹਨ, ਤਾਂ ਕਿ ਜਿਸ ਅਣਡਿਠੇ ਰਸਤੇ ਉਸ ਦੀ ਆਤਮਾ ਨੇ ਜਾਣਾ ਹੈ, ਇਹ ਦੀਵਾ ਰਸਤੇ ਵਿਚ ਚਾਨਣ ਕਰੇ । [ ਗਰੁੜ ਪੁਰਾਣ ਅਨੁਸਾਰ, ਜੀਵਆਤਮਾਂ ਦੇ ਰਸਤੇ ਵਿਚ ਬੜੀਆਂ ਭਿਆਨਕ ਹਨੇਰੀਆਂ ਵੀ ਚਲਦੀਆਂ ਹਨ । ਦੀਵਾ ਬੁੱਝ ਜਾਣ ਦਾ ਖ਼ਤਰਾ ਹੋਣਾ ਜ਼ਰੂਰੀ ਗੱਲ ਹੈ । ਅੱਜ ਸਾਇੰਸਦਾਨਾਂ ਨੇ ਅਜੇਹੀਆਂ ਵਧੀਆਂ ਬੇਟਰੀਆਂ ਬਣਾ ਲਈਆਂ ਹੋਈਆਂ ਹਨ ਕਿ ਭਿਆਨਕ ਤੋਂ ਭਿਆਨਕ ਹਨੇਰੀ ਵਿਚ ਵੀ ਨਹੀਂ ਬੁੱਝਦੀਆਂ । ਕਈ ਮਹੀਨਿਆਂ ਮਗਰੋਂ ਜੇ ਲੋੜ ਪੈ ਜਾਵੇ, ਤਾਂ ਤੇਲ ਵੱਟੀ ਦੇ ਥਾਂ ਬੈਟਰੀ ਬਦਲੀ ਜਾ ਸਕਦੀ ਹੈ । ਪਰ ਹਿੰਦੂ ਨੇ ਬ੍ਰਾਹਮਣ ਦੇ ਕਹੇ ਦਾ ਏਡਾ ਡੂੰਘਾ ਅਸਰ ਕਬੂਲਿਆ ਹੋਇਆ ਹੈ, ਕਿ ਮੁਰਦੇ ਦੇ ਹੱਥ ਤੇ, ਆਟੇ ਦੇ ਬਣੇ ਕਮਜ਼ੋਰ ਜਿਹੇ ਦੀਵੇ ਦੇ ਥਾਂ, ਵਧੀਆ ਲੋ ਵਾਲੀ ਅਤੇ ਬਹੁਤਾ ਚਿਰ ਕੰਮ ਆਉਣ ਵਾਲੀ ' ਬੈਟਰੀ ' ਕੋਈ ਨਹੀਂ ਰੱਖਦਾ ] ਉਸ ਦੇ ਮਰਨ ਪਿਛੋਂ ਜਵਾਂ ਜਾਂ ਆਟੇ ਦੇ ਪੇੜੇ (ਪਿੰਨ) ਪੱਤਰਾਂ ਦੀ ਥਾਲੀ (ਪੱਤਲ) ਉਤੇ ਰੱਖ ਕੇ ਮਣਸੇ ਜਾਂਦੇ ਹਨ । ਇਹ ਮਰੇ ਪ੍ਰਾਣੀ ਲਈ ਰਸਤੇ ਦੀ ਖ਼ੁਰਾਕ ਹੁੰਦੀ ਹੈ । ਮੌਤ ਦੇ ੧੩ ਦਿਨ ਪਿਛੋਂ ਕਿਰਿਆ ਕੀਤੀ ਜਾਂਦੀ ਹੈ । ਅਚਾਰਜ (ਕਿਰਿਆ ਕਰਾਉਣ ਵਾਲਾ ਬ੍ਰਾਹਮਣ) ਵੇਦ-ਮੰਤ੍ਰ ਆਦਿਕ ਪੜ੍ਹਦਾ ਹੈ, ਅਤੇ ਮਰੇ ਪ੍ਰਾਣੀ ਨਿਮਿਤ ਇੱਕ ਲੰਮੀ ਮਰਯਾਦਾ ਕੀਤੀ ਜਾਂਦੀ ਹੈ । ੩੬੦ ਦੀਵੇ ਤੇ ਇਤਨੀਆਂ ਹੀ ਵੱਟੀਆਂ ਅਤੇ ਤੇਲ ਰੱਖਿਆ ਜਾਂਦਾ ਹੈ । ਉਹ ਵੱਟੀਆਂ ਇੱਕਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ । ਇਸ ਕਿਰਿਆ ਨੂੰ ਰਸਤੇ ਵਿਚ ਲੱਗਣ ਵਾਲੇ ਇੱਕ ਸਾਲ ਲਈ ਕੰਮ ਆਉਣ ਵਾਲਾ ਚਾਨਣਾ ਮੰਨ ਲਿਆ ਜਾਂਦਾ ਹੈ । (ਜੇ ਦੀਵੇ ਦੇ ਥਾਂ ਬੈਟਰੀ ਹੋਵੇ ਤਾਂ ਮੁਰਦੇ ਨਾਲ ਅਜੇਹੀ ਠੱਗੀ ਕਰਨ ਦੀ ਲੋੜ ਵੀ ਨਾ ਪਵੇ ?)

**ਅਰਥ:**--ਮੇਰੇ ਵਾਸਤੇ ਪਰਮਾਤਮਾ ਦਾ ਨਾਮ ਹੀ ਦੀਵਾ ਹੈ (ਜੋ ਮੇਰੀ ਜ਼ਿੰਦਗੀ ਦੇ ਰਸਤੇ ਵਿਚ ਆਤਮਕ ਰੌਸ਼ਨੀ ਕਰਦਾ ਹੈ) ਉਸ ਦੀਵੇ ਵਿਚ ਮੈਂ (ਦੁਨੀਆਂ ਵਿਚ ਵਿਆਪਣ ਵਾਲਾ) ਦੁੱਖ (-ਰੂਪ) ਤੇਲ ਪਾਇਆ ਹੋਇਆ ਹੈ । ਉਸ (ਆਤਮਕ) ਚਾਨਣ ਨਾਲ ਉਹ ਦੁੱਖ-ਰੂਪ ਤੇਲ ਸੜਦਾ ਜਾਂਦਾ ਹੈ (ਭਾਵ, ਦੁਖਾਂ ਦਾ ਨਾਸ ਹੁੰਦਾ ਜਾਂਦਾ ਹੈ) ਅਤੇ ਜਮ ਨਾਲ ਮੇਰਾ ਵਾਹ ਵੀ ਨਹੀਂ ਪੈਂਦਾ । **੧ ।** ਹੇ ਲੋਕੋ ! ਮੇਰੀ ਗੱਲ ਉਤੇ ਮਖ਼ੌਲ ਨਾ ਉਡਾਓ । ਲੱਖਾਂ ਮਣਾਂ ਲੱਕੜ ਦੇ ਢੇਰ ਇਕੱਠੇ ਕਰ ਕੇ (ਜੇ) ਇਕ ਰਤੀ ਜਿਤਨੀ ਅੱਗ ਲਾ ਦੇਖੀਏ (ਤਾਂ ਉਹ ਸਾਰੇ ਢੇਰ ਸੁਆਹ ਹੋ ਜਾਂਦੇ ਹਨ । ਤਿਵੇਂ ਜਨਮਾਂ ਜਨਮਾਂਤਰਾਂ ਦੇ ਪਾਪਾਂ ਨੂੰ ਨਾਮ ਮੁੱਕਾ ਦਿੰਦਾ ਹੈ **। ੧ । ਰਹਾਉ ।** ਪੱਤਲਾਂ ਉਤੇ ਪਿੰਡ ਭਰਾਉਣੇ (ਮਣਸਣੇ) ਮੇਰੇ ਵਾਸਤੇ ਪਰਮਾਤਮਾ (ਦਾ ਨਾਮ) ਹੀ ਹੈ, ਮੇਰੇ ਵਾਸਤੇ ਕਿਰਿਆ ਵੀ ਪ੍ਰਭੂ ਦਾ ਸੱਚਾ ਨਾਮ ਹੀ ਹੈ । ਇਹ ਨਾਮ ਇਸ ਲੋਕ ਵਿਚ, ਪਰਲੋਕ ਵਿਚ, ਹਰ ਥਾਂ ਮੇਰੀ ਜ਼ਿੰਦਗੀ ਦਾ ਆਸਰਾ ਹੈ **। ੨ ।** (ਹੇ ਪ੍ਰਭੂ !) ਤੇਰੀ ਸਿਫ਼ਤਿ-ਸਾਲਾਹ ਹੀ ਮੇਰੇ ਵਾਸਤੇ ਗੰਗਾ ਤੇ ਕਾਂਸ਼ੀ ਆਦਿਕ ਤੀਰਥਾਂ ਦਾ ਇਸ਼ਨਾਨ ਹੈ, ਤੇਰੀ ਸਿਫ਼ਤਿ-ਸਾਲਾਹ ਵਿਚ ਹੀ ਮੇਰਾ ਆਤਮਾ ਇਸ਼ਨਾਨ ਕਰਦਾ ਹੈ । ਸੱਚਾ ਇਸ਼ਨਾਨ ਹੈ ਹੀ ਤਦੋਂ, ਜਦੋਂ ਦਿਨ ਰਾਤ ਪ੍ਰਭੂ-ਚਰਨਾਂ ਵਿਚ ਪ੍ਰੇਮ ਬਣਿਆਂ ਰਹੇ **। ੩ ।** ਬ੍ਰਾਹਮਣ (ਜਵਾਂ ਅਤੇ ਚੌਲਾਂ ਦੇ ਆਟੇ ਦਾ) ਪਿੰਨਾ ਵੱਟ ਕੇ ਇਕ ਪਿੰਨ ਲੋਕਾਂ (-ਦੇਵ ਲੋਕ ਦੇ ਵਾਸੀ ਦੇਵਤਿਆਂ) ਨੂੰ ਭੇਟਾ ਕਰਦਾ ਹੈ ਤੇ ਦੂਜਾ ਪਿੰਨ ਛਮਿਛਰੀ (-ਪਿੱਤਰਾਂ) ਨੂੰ । (ਪਿੰਨ ਵੱਟਣ ਤੋਂ ਪਿਛੋਂ) ਉਹ ਆਪ (ਖੀਰ ਪੂੜੀਆਂ ਆਦਿ ਜਜਮਾਨਾਂ ਦੇ ਘਰੋਂ) ਖਾਂਦਾ ਹੈ । ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ ਕਿ, (ਬ੍ਰਾਹਮਣ ਦੀ ਰਾਹੀਂ ਦਿੱਤਾ ਹੋਇਆ ਇਹ ਪਿੰਨ ਕਦ ਤਕ ਟਿਕਿਆ ਰਹਿ ਜਾਂਦਾ ਹੈ ? ਹਾਂ) ਪਰਮਾਤਮਾਂ ਦੀ ਮਿਹਰ ਦਾ ਪਿੰਨ ਮੁੱਕਦਾ ਹੀ ਕਦੇ ਨਹੀਂ । ੪ ।

ਮੁਰਦੇ ਦੇ ਹੱਥ ਤੇ ਦੀਵੇ ਜਗਾਉਂਣ ਦਾ ਭਰਮ, ਪੱਕਾ ਕਰਨ ਲਈ, ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ ਮਹਾਂ ਪੁਰਖਾਂ ਨੇ ਬੜੀ ਨਿਆਰੇ ਢੰਗ ਦੀ ਕਹਾਣੀ ਘੜੀ ਹੈ । ਸੰਤ ਜੀ ਨੇ ਉਹ ਕਹਾਣੀ ਆਪਣੀ ਪੁਸਤਕ ਦੇ ੧੬੦/੧੬੧ ਸਫ਼ੇ ਤੇ ਇਸ ਪ੍ਰਕਾਰ ਲਿਖੀ ਹੈ:---

> ਇਕ ਮਾਈ ਮਰੇ ਹੋਏ ਪੁੱਤਰ ਨੂੰ ਦਿਨ ਰਾਤ ਰੋਂਦੀ ਰਹੀ । ਇਕ ਰਾਤ (ਪੁੱਤਰ) ਸੁਪਨੇ ਵਿਚ ਆ ਮਿਲਿਆ ਤੋਂ ਪੁਛਿਆ--ਪੁਤਰ ! ਬਾਕੀ ਸਭ ਦੇ ਅੱਗੇ ਚਾਨਣ ਹੈ ਤੇ ਪ੍ਰਲੋਕ ਦਾ ਰਸਤਾ ਦਿਸਦਾ ਹੈ ਤੇਰੇ ਅਗੇ ਹਨੇਰਾ ਕਿਉਂ ਹੈ ? ਤੇਰਾ ਦੀਵਾ ਕਿਉਂ ਨਹੀਂ ਜਗਦਾ ? ਤਾਂ ਕਿਹਾ--ਤੇਰੇ ਰੋਣ ਕਰਕੇ, ਅਥਰੂ ਵਗ ਕੇ ਦੀਵਾ ਬੁਝਾ ਦਿੰਦੇ ਹਨ ਤਾਂ ਹਨੇਰਾ ਹੈ । ਉਸ ਤੋਂ ਬਾਅਦ ਵਿਚ ਕਦੇ ਨਹੀਂ ਰੋਈ ਸੀ ।

ਜਿਸ ਕੌਮ ਦੇ ਮਹਾਂਪੁਰਖ ਅਜੇਹੀ ਮੱਤ ਵਾਲੇ ਹੋਣ, ਉਹ ਕੌਮ ਆਤਮਕ ਗਿਆਨ ਦਾ ਚਾਨਣਾ ਕਿਵੇਂ ਮਾਣ ਸਕਦੀ ਹੈ ?

**ਰਾਮਕਲੀ ਸਦੁ** :---

੨੦- **ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ ਕੇਸੋ ਗੋਪਾਲ ਪੰਡਿਤ ਸਦਿਅਹੁ,**

**ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥ ਹਰਿ ਕਥਾ ਪੜੀਐ, ਹਰਿ ਨਾਮੁ ਸੁਣੀਐ, ਬੇਬਾਣੁ, ਹਰਿ ਰੰਗੁ ਗੁਰ ਭਾਵਏ ॥ ਪਿੰਡੁ ਪਤਲਿ ਕਿਰਿਆ ਦੀਵਾ ਫੁਲ, ਹਰਿ ਸਰਿ ਪਾਵਏ ॥ ਹਰਿ ਭਇਆ ਸਤਿਗੁਰੁ ਬੋਲਿਆ, ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥ ਰਾਮਦਾਸ ਸੋਢੀ ਤਿਲਕੁ ਦੀਆ, ਗੁਰਸਬਦੁ ਸਚੁ ਨੀਸਾਣੁ ਜੀਉ ॥ ੫ ॥**[੯੨੩]-ਸਦ

**ਅਰਥ:**--ਜੋਤੀ ਜੋਤਿ ਸਮਾਉਂਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ--(ਹੇ ਭਾਈ !) ਮੇਰੇ ਪਿਛੌਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲਪੁਰਖ) ਦੇ ਪੰਡਿਤਾਂ ਨੂੰ ਸੱਦ ਘਲਿਓ (ਭਾਵ, ਰੱਬ ਦੇ ਪਿਆਰੇ ਸਤਿਸੰਗੀ ਗੁਰਮੁਖਾਂ ਨੂੰ ਬੁਲਾਇਓ) ਅਕਾਲ ਪੁਰਖ ਦੀ ਕਥਾ ਵਾਰਤਾ-ਰੂਪ ਪੁਰਾਣ ਪੜ੍ਹਨ । (ਚੇਤਾ ਰਖਿਓ, ਮੇਰੇ ਪਿੱਛੋਂ) ਅਕਾਲਪੁਰਖ ਦੀ ਕਥਾ ਹੀ ਪੜ੍ਹਨੀ ਚਾਹੀਦੀ ਹੈ, ਅਕਾਲਪੁਰਖ ਦਾ ਨਾਮ ਹੀ ਸੁਣਨਾ ਚਾਹੀਦਾ ਹੈ, ਬੇਬਾਣ ਵੀ ਗੁਰੂ ਨੂੰ ਕੇਵਲ ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ । ਗੁਰੂ ਤਾਂ ਪਿੰਡ ਪਤਲਿ, ਕਿਰਿਆ, ਦੀਵਾ ਅਤੇ ਫੁਲ--ਇਨ੍ਹਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ । [ ਭਾਵ, ਸੁੰਦਰ ਜੀ ਫ਼ੁਰਮਾ ਰਹੇ ਹਨ, ਕਿ, ਅਜੇਹੀ ਕਿਸੇ ਬ੍ਰਾਹਮਣੀ ਕਿਰਿਆ ਨਾਲ ਗੁਰੂ ਅਮਰਦਾਸ ਜੀ ਦਾ ਕੋਈ ਵਾਸਤਾ ਨਹੀਂ ਹੈ । ਕੇਵਲ ਪ੍ਰਭੂ ਦੇ ਨਾਮ ਵਿਚ ਹੀ ਸਾਰੇ ਕਿਰਿਆ ਕਰਮ ਆ ਜਾਂਦੇ ਹਨ ] ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉ ਆਖਿਆ । ਸਤਿਗੁਰੂ ਨੂੰ ਸੁਜਾਣ ਅਕਾਲਪੁਰਖ ਮਿਲਪਿਆ, ਗੁਰੂ ਅਮਰਦਾਸ ਜੀ ਨੇ ਸੋਢੀ (ਗੁਰੂ) ਰਾਮਦਾਸ ਜੀ ਨੂੰ (ਗੁਰਿਆਈ ਦਾ) ਤਿਲਕ ਅਤੇ ਗੁਰੂ ਦਾ ਸ਼ਬਦ-ਰੂਪ ਸੱਚੀ ਰਾਹਦਾਰੀ ਬਖ਼ਸ਼ੀ । ੫ ।

ਫੁਲਾਂ ਨੂੰ ਕਿਸੇ ਧਰਮ ਅਸਥਾਨ ਤੇ ਲੈ ਜਾ ਕੇ ਜਲ ਪ੍ਰਵਾਹ ਕਰਨਾ ਬ੍ਰਾਹਮਣੀ ਮਤ ਹੈ । ਸੁਆਹ ਸਮੇਤ ਸਭ ਕੁਝ ਨੂੰ ਉਥੇ ਹੀ ਦਬਾ ਦੇਣਾ ਠੀਕ ਹੈ, ਜਾਂ ਕਿਸੇ ਵੀ ਨੇੜੇ ਦੇ ਵਗਦੇ ਪਾਣੀ ਵਿਚ ਪ੍ਰਵਾਹ ਦੇਣੇ ਵੀ ਗੁਰਮਤਿ ਹੀ ਹੈ ।

੫

# ਮਿਰਤਕ ਨਮਿਤ ਕੀਤੇ ਪਾਠ ਅਤੇ ਦਾਨ ਪੁੰਨ

ਗੁਰਮਤਿ ਦੀ ਸਹੀ ਜਾਣਕਾਰੀ ਤੋਂ ਵਾਂਜਿਆਂ ਰਹਿ ਜਾਣ ਦੀ ਘਾਟ ਕਾਰਨ, ਆਮ ਗੁਰਸਿੱਖਾਂ ਲਈ ਗੁਰੂ ਦੇ ਹੁਕਮਾਂ ਨੂੰ ਮੰਨਣ ਦੀ ਲੋੜ ਤਾਂ ਓਸੇ ਘੜੀ ਮੁੱਕ ਜਾਂਦੀ ਹੈ, ਜਦ ਸੱਚਖੰਡ ਵਾਸੀ, (ਕਥਿਤ) ਦਮਦਮੀ ਟਕਸਾਲ ਦੇ (ਕਥਿਤ) ਮੁਖੀ, ਬ੍ਰਹਮਗਿਆਨੀ, ਵਿਦਿਆ ਮਾਰਤੰਡ, ਸੰਤ ਬਾਬਾ, ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਲਿਖੀ ' ਗੁਰਮਤਿ ਰਹਿਤ ਮਰਯਾਦਾ " ਪੁਸਤਕ ਵਿਚ ਲਿਖਿਆ ਕਿਰਿਆ ਕਰਮ ਪੜ੍ਹ ਲਿਆ ਜਾਂਦਾ ਹੈ । ਗੁਰਬਾਣੀ ਸ਼ਬਦਾਂ ਨੂੰ ਹੀ ਬ੍ਰਾਹਮਣੀ ਰੰਗ ਚਾੜ੍ਹਨ ਵਾਲਾ ਅਨਰਥ, ਉਸ ਪੁਸਤਕ ਵਿਚ ਕਈ ਥਾਈਂ ਕੀਤਾ ਹੋਇਆ ਹੈ * ।

‖‖‖[* ਫ਼ੁਟ ਨੋਟ--ਪੜ੍ਹੋ " ਭਿੰਡਰਾਂ ਵਾਲੀਆਂ ਦੋਹਾ ਟਕਸਾਲਾਂ ਨੂੰ ਲਿਖੀ ਚਿੱਠੀ ' ਪੁਸਤਕ " ਮਾਸੁ ਮਾਸੁ ਕਰਿ ਮੂਰਖੁ ਝਗੜੇ ]

ਖ਼ਖ਼ਖ਼ਖ਼ਖ਼ ਜਿਵੇਂ ਬ੍ਰਾਹਮਣ ਨੇ ਆਪਣੀ ਲੁੱਟ ਦੇ ਸਾਧਨਾਂ ਨੂੰ ਧਰਮ ਦਾ ਅੰਗ ਬਣਾ ਲਿਆ ਸੀ, ਐਨ ਓਸੇ ਤਰ੍ਹਾਂ ਹੀ ਸਿੱਖਾਂ ਅੰਦਰ ਆ ਵੜਿਆ " ਡੇਰਾ-ਵਾਦ " ਵੀ ਆਪਣੀ ਆਮਦਨ ਦੇ ਸਾਧਨਾਂ ਨੂੰ ਧਰਮ ਦਾ " ਅਟੁਟ ਅੰਗ " ਬਣਾ ਲੈਣ ਵਿਚ ਪੂਰਾ ਨਿਪੁੰਨ ਹੈ । ਹਰ ਡੇਰੇਦਾਰ ਨੇ ਆਪਣੇ ਡੇਰੇ ਦੀ ਆਮਦਨ ਵਧਾਉਣ ਦਾ ਕੋਈ ਨਵਾਂ ਢੰਗ ਸਿੱਖ-ਮਰਯਾਦਾ ਦਾ ਹਿੱਸਾ ਬਣਾ ਲਿਆ ਹੈ । ਲਗ-ਪਗ ਸਾਰੇ ਸਾਧ-ਡੇਰਿਆਂ ਦੀ ਮਰਯਾਦਾ, ਕਿਸੇ ਨ ਕਿਸੇ ਪੱਖੋਂ, ਆਪੋ ਆਪਣੀ ਹੈ । ਭਾਵ, ਸਾਧ ਡੇਰੇ ਕਿਸੇ ਕੇਂਦਰੀ ਮਰਯਾਦਾ ਦੇ ਪਾਬੰਦ ਨਹੀਂ ਰਹਿ ਸਕਦੇ । ਤਦੇ ਹੀ ਪੰਥਕ ਸਿੱਖ ਮਰਯਾਦਾ ਦਾ ਖਰੜਾ ਸਾਰੇ ਸਿੱਖ ਸਾਧ-ਡੇਰੇ-ਦਾਰਾਂ ਲਈ ਰੱਦੀ ਕਾਗ਼ਜ਼ਾਂ ਤੋਂ ਵੱਧ, ਹੋਰ ਕੁਝ ਨਹੀਂ ਹੈ । ਉਦਾਹਰਣ ਵਜੋਂ, ਅਖੰਡ ਕੀਰਤਨੀ ਵਾਲਿਆਂ, ਅਥਵਾ ਬਿਬੇਕੀਆਂ ਦੇ ਡੇਰੇ ਦੇ ਲੰਗਰ ਤਿਆਰ ਕਰਨ ਅਤੇ ਵਰਤਨ ਦੀ ਮਰਯਾਦਾ, ਅਖੰਡ-ਪਾਠ, ਸਹਿਜ-ਪਾਠ ਅਤੇ ਹੋਰ ਪਾਠ ਕਰਨ ਦੀ ਮਰਯਾਦਾ, ਭਿੰਡਰਾਂ ਵਾਲਿਆਂ ਦੇ ਲੰਗਰ ਵਿਚਲੀ ਸੁਚੱਮ ਦੀ ਅਤੇ ਗੁਰੂ ਗ੍ਰੰਥ ਸਾਹਿਬ ਅਥਵਾ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੀ ਵਿਧੀ-ਮਰਯਾਦਾ ਨਾਲੋਂ ਅੱਡਰੀ ਹੈ । ਨਾਨਕ ਸਰੀਆਂ ਨੇ ਲੰਗਰ ਦੀ ਮਰਯਾਦਾ ਦਾ ਭੋਗ ਹੀ ਪਾ ਦਿੱਤਾ ਹੋਇਆ ਹੈ । ਸਾਰੀ ਸੰਗਤ ਆਪਣੇ ਲੰਗਰ-ਪਾਣੀ ਦਾ ਪ੍ਰਬੰਧ ਘਰੋਂ ਕਰਕੇ ਹੀ ਆਉਂਦੀ ਹੈ । ਸਿਮਰਨ, ਜਾਪ, ਅਤੇ ਪਾਠਾਂ ਦੀ ਮਰਯਾਦਾ ਇਨ੍ਹਾਂ ਦੀ ਆਪਣੀ ਹੀ ਹੈ । ਭੋਲੇ ਭਾਲੇ ਲੋਕਾਂ ਨੂੰ ਸਚਖੰਡ ਦੇ ਦਰਸ਼ਨ ਕਰਾਉਣ ਲਈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡੀ ਸਾਰੀ ਤਸਵੀਰ ਬਣਾ ਕੇ ਇੱਕ ਅੱਡਰੇ ਕਮਰੇ ਵਿਚ ਸਜਾਈ ਹੋਈ ਹੈ । ਨਕਦ ਮਾਇਆ ਦੀ ਭੇਟਾ ਨਾ ਲੈਣ ਦਾ ਪਖੰਡ ਬੜਾ ਲਾਹੇਵੰਦ ਹੈ । ਕਿਉਂਕਿ ਪਦਾਰਥਾਂ ਦੀ ਸ਼ਕਲ ਵਿਚ ਆਮਦਨ ਕਿਤੇ ਵੱਧ ਹੋ ਜਾਂਦੀ ਹੈ । ਨਾਲੇ ਖ਼ਰੀਦਣ ਦੀ ਖੇਚਲ ਮੁੱਕੀ ਅਤੇ ਨਾਲੇ ਵਿੱਕਰੀ ਟੈਕਸ ਵੀ " ਜਜਮਾਨ " (ਸਿੱਖ) ਦੇ ਹੀ ਸਿਰ ਪੈ ਜਾਂਦਾ ਹੈ ਆਦਿ ਆਦਿ ।

ਆਪਣੇ ਇਸ਼ਟ ਨਾਲ ਅਥਵਾ ਪਰਮਾਤਮਾਂ ਨਾਲ ਘਟੀਆ ਕਿਸਮ ਦੇ ਮਖੌਲ, ਉਂਜ ਤਾਂ ਬ੍ਰਾਹਮਣ ਨੇ ਵੀ ਬੜੇ ਕੀਤੇ ਹੋਏ ਹਨ* । ‖‖‖[* ਫ਼ੁਟ ਨੋਟੇ--ਬ੍ਰਾਹਮਣ ਦੀ ਉਸ ਧੱਕੇ-ਸ਼ਾਹੀ ਦਾ ਹਾਲ ਜਾਨਣ ਲਈ, ਪੜ੍ਹੋ ਇਸ ਪੁਸਤਕ ਦਾ ਪਹਿਲਾ ਭਾਗ } ਖ਼ਖ਼ਖ਼ ਪਰ ਜਿਸ ਤਰ੍ਹਾਂ ਦਾ ਸੀਨਾ ਜ਼ੋਰੀ ਵਾਲਾ ਮਖ਼ੌਲ ਭਿੰਡਰਾਂ ਵਾਲਿਆਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਕੀਤਾ ਹੋਇਆ ਹੈ, ਅਜੇਹੀ ਦਲੇਰੀ, ਬ੍ਰਾਹਮਣ ਕਿਤੇ ਨਹੀਂ ਕਰ ਸਕਿਆ । ਬ੍ਰਾਹਮਣ ਦੀ ਸਿਆਣਪ ਇਹ ਹੈ ਕਿ ਉਸ ਨੇ ਸਾਰਾ ਉਪੱਦਰ ਭਗਵਾਨਾਂ ਦੀ ਜ਼ਬਾਨੀ, ਧਾਰਮਿਕ ਗ੍ਰੰਥਾਂ ਵਿਚ ਲਿਖ ਕੇ ਧਰਮ ਦਾ ਅੰਗ ਬਣਾ ਲਿਆ ਹੋਇਆ ਹੈ । ਪਰ ਏਧਰ ਭਿੰਡਰਾਂ ਵਾਲਿਆਂ ਨੇ ਉਹ ਕੁਝ ਸਤਿਗੁਰਾਂ ਦੇ ਪਾਵਨ ਨਾਮ ਨਾਲ ਜੋੜ ਕੇ ਡੇਰਾ-ਵਾਦ ਲਈ ਲੁੱਟ ਦਾ ਰਾਹ ਖੋਲ੍ਹਿਆ ਹੈ, ਜਿਸ ਦੀ ਮਨਾਹੀ, ਸੈਂਕੜੇ ਗੁਰ-ਸ਼ਬਦ ਕਰ ਰਹੇ ਹਨ । ਬ੍ਰਾਹਮਣ ਦੀ ਸਾਰੀ ਲੁੱਟ-ਮਰਯਾਦਾ ਦੀ ਪੁਸ਼ਟੀ, ਹਿੰਦੂਆਂ ਦੇ ਧਰਮ ਗ੍ਰੰਥ ਕਰਦੇ ਹਨ । ਪਰ ਏਧਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੈਠੇ **ਗੁਰੂ ਸਾਹਿਬਾਨ, ਬਾਹਾਂ ਖੜੀਆਂ ਕਰ ਕੇ,** ਅਤੇ ਕੂਕਾਂ ਮਾਰ-ਮਾਰ ਕੇ ਜਿਸ ਕੁਝ ਤੋ ਰੋਕ ਰਹੇ ਹਨ--**ਸੰਤਹੁ ਸੁਨਹੁ ਸੁਨਹੁ ਜਨ ਭਾਈ, ਗੁਰਿ ਕਾਢੀ ਬਾਹ ਕੁਕੀਜੈ ॥** ਉਹ ਸਭ ਕੁਝ, **ਮਹਾਂਪੁਰਖਾਂ ਦਾ ਇਹ ਲਾਣਾ, ਲਗਾਤਾਰ ਕਰੀ ਅਤੇ ਕਰਵਾਈ ਜਾ ਰਿਹਾ ਹੈ ।**

' ਭੱਟ ਮਹਾਂਪੁਰਖਾਂ ਨੇ ਗੁਰੂ ਅਰਜੁਨ ਦੇਵ, ਪੰਚਮ ਪਾਤਿਸ਼ਾਹ ਜੀ ਤੱਕ ਪੰਜ ਗੁਰੂ ਸਰੂਪਾਂ ਦੀ ਉਸਤਤਿ ਵਿਚ ਸਵਈਏ ਲਿਖੇ ਹਨ । ' ਮਥੁਰਾ ' ਜੀ ਭੱਟ ਨੇ ਸਤਿਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਦਿਆਂ ਫ਼ੁਰਾਮਨ ਕੀਤਾ ਹੈ--**ਜਪ੍ਉ ਜਿਨ੍, ਅਰਜੁਨ ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ, ਨ ਆਯਉ ॥ ੬ ॥** ਅਤੇ ਫਿਰ--**ਭਨਿ ਮਥੁਰਾ, ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ ਹਰਿ ॥ ੭ ॥**[੧੪੦੯] । ਜੇ

ਕੋਈ ਆਮ ਜਿੰਦਗੀ ਵਾਲਾ ਮਨੁੱਖ ਵੀ, ਜ਼ਾਲਮ ਦੇ ਜ਼ੁਲਮ ਦੀ ਈਨ ਨਾਂ ਮੰਨਦਾ ਹੋਇਆ, ਸੱਚ ਦੀ ਰਾਖੀ ਕਰਦਾ ਸ਼ਹੀਦ ਹੋ ਜਾਵੇ ਤਾਂ ਲੋਕੀ ਉਸ ਸ਼ਹੀਦ ਦੀ ਮੜ੍ਹੀ ਨੂੰ ਵੀ ਕਲਿਆਣ-ਕਾਰੀ ਮੰਨਣ ਲੱਗ ਪੈਂਦੇ ਹਨ । ਪਰ ਏਧਰ, ਸਾਰੇ ਸੰਸਾਰ ਦਾ ਉਧਾਰ ਕਰਨ ਆਏ, ਅਕਾਲ-ਰੂਪ ਗੁਰੂ ਅਰਜੁਨ ਦੇਵ ਦੀ ਸ਼ਹੀਦੀ ਦੀ ਮਹੱਤਤਾ ਦੀ ਕੋਈ ਪਰਵਾਹ ਨਾ ਕਰਦੇ ਹੋਏ, ਮਹਾਂਪੁਰਖ ਸੰਤ ਗਿਆਨੀ ਗੁਰਬਨ ਸਿੰਘ ਜੀ ਭਿਡਰਾਂ ਵਾਲੇ ਆਪਣੀ ਪੁਸਤਕ ' ਗੁਰਮਤਿ ਰਹਿਤ ਮਰਯਾਦਾ " ਦੇ ੧੯੮ ਸਫ਼ੇ ਤੇ " <u>ਮਿਰਤਕ ਪਾਠ</u> " ਸਿਰਲੇਖ ਦੇ ਹੇਠਾਂ ਇਸ ਪ੍ਰਕਾਰ ਲਿਖਦੇ ਹਨ :--

(੧) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ <u>ਨਮਿਤ</u> ਕਰਾਇਆ । ਇਸ ਤੋਂ ਅੱਗੇ ਸਤਿਗੁਰਾਂ ਦੀ ਸ਼ਹੀਦੀ ਦਾ ਸਾਕਾ, ਆਪਣੀ ਸਾਧ-ਭਾਸ਼ਾ ਵਿਚ ਲਿਖਿਆ ਹੈ ।

[ਨੋਟ--**ਨਮਿਤ** ਦਾ ਅਰਥ " ਲਈ " ਵਾਸਤੇ ਹੈ । ਕਿਰਿਆ ਕਰਮ ਵਿਚ ਕੀਤੇ ਜਾਂਦੇ ਧਰਮ-ਕਰਮ ਲਈ " ਨਮਿਤ " ਲਫ਼ਜ਼ ਸਦਗਤੀ ਕਰਾਉ ਲਈ ਵਰਤਿਆ ਜਾਂਦਾ ਹੈ । ਸੰਤਾਂ ਦੇ ਇਸ " **ਨਮਿਤ** " ਦਾ ਅਰਥ ਵੀ " ਸਦ-ਗਤੀ ਲਈ " ਹੀ ਹੋ ਸਕਦੇ ਹਨ । ਭਾਵ, ਗੁਰੂ ਅਰਜੁਨ ਦੇਵ ਜੀ ਦੀ ਕਲਿਆਣ ਲਈ ਮ੍ਰਿਤਕ ਪਾਠ ਕਰਾਇਆ ]

ਸਤਿਗੁਰਾਂ ਦੀ ਸ਼ਹੀਦੀ ਦੀ ਗਾਥਾ ਲਿਖਣ ਉਪ੍ਰੰਤ ਪੁਸਤਕ ਦੇ ੨੦੧ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--

ਭੋਗ ਦੇ ਸਮੇਂ ਭਾਈ ਗੁਰਦਾਸ ਜੀ ਚੌਰ ਕਰਦੇ ਰਹੇ । ਜਦੋਂ ਭੋਗ ਪਵੇ ਚੌਰ ਕਰਦੇ ਰਹਿਣਾ ਚਾਹੀਦਾ ਹੈ । ਅਰਦਾਸ ਕਰਕੇ ਸ੍ਰੀ ਮੁਖਵਾਕ ਲੈ ਕੇ ਕੜਾਹ ਪ੍ਰਸ਼ਾਦਿ ਵਰਤਾਇਆ । ਸਹਿਜ ਪਾਠ ਦੇ ਕਾਰਣ ਗੁਰੂ ਸਾਹਿਬ ਜੀ ਨੇ ਭਾਈ ਬੁਢਾ ਜੀ ਨੂੰ ਪੰਜ ਘੋੜੇ, ਇੱਕ ਹਾਥੀ, ਪੰਜ ਸੌ ਮੁਹਰ, ਪੁਸ਼ਾਕੇ ਸਾਰੇ, ਇਹ ਬਖ਼ਸ਼ਸ਼ ਕੀਤੀ, ਗ੍ਰੰਥੀ ਸਿੰਘ ਜਾਣ ਕੇ ਕਿ ਤੈਂ ਸਤਿਗੁਰੂ ਮਹਾਰਾਜ ਸਾਹਿਬ ਦਾ ਪਾਠ ਕੀਤਾ ਹੈ । ਸਾਧ ਸੰਗਤ ਜੀ ! ਪਾਠ ਦੀ ਇਹ ਮਰਯਾਦਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਚਲਾਈ ਹੈ ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ <u>ਜੋਤੀ ਜੋਤਿ ਸਮਾਉਣ ਦਾ ਯੱਗ ਕੀਤਾ</u>, ਸਾਧ ਸੰਗਤ ਜੀ । ਇਉਂ ਸਹਜਿ ਪਾਠਾਂ ਦੀ ਮਰਯਾਦਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਤੋਰੀ ਹੈ ਅਤੇ ਸਹਿਜ ਪਾਠ ਓਦੋਂ ੧੩ ਦਿਨਾਂ ਵਿਚ ਕੀਤਾ ਜਾਂਦਾ ਸੀ । ੧੩ ਦਿਨਾਂ ਵਿਚ ਕਰ ਕੇ ਭਾਈ ਬੁਢਾ ਸਾਹਿਬ ਜੀ ਨੇ ਭੋਗ ਪਾਇਆ ਸੀ । ਜੋ ਸਰੂਪ ਕਰਤਾਰ ਪੁਰ ਵਾਲਾ ਹੈ, ਉਸ ਉਤੇ ਪਾਠ ਕੀਤਾ ਸੀ ।

ਇੱਕ ਪਾਸੇ ਸਤਿਗੁਰਾਂ ਦੇ ਭਗਤ, **ਭੱਟ ਹਰਿਬੰਸ ਜੀ ' ਧਰਮੀ ' ਪੁਰਸ਼ ਹਨ,** ਉਹ ਤਾਂ ਇਹ ਫ਼ੁਰਮਾ ਰਹੇ ਹਨ ਕਿ, " ਕੌਣ ਆਖਦਾ ਹੈ ਗੁਰੂ ਮੁਏ ਹਨ ? ' ਭਾਵ, ਸਤਿਗੁਰੂ ਜੀ ਤਾਂ ਕਾਇਆਂ ਪਲਟਦੇ ਹਨ ਅਤੇ ਵਾਰੀ ਸਿਰ ਪ੍ਰਭੂ ਦੇ ਬੁਲਾਏ, ਪ੍ਰਭੂ ਦੇ ਲੋਕ ਨੂੰ ਚਲੇ ਜਾਂਦੇ ਹਨ, ਜਿਥੇ ਉਹ ਸਦੀਵੀ ਸੋਭਾ ਪਾਉਂਦੇ ਰਹਿਣ ਵਾਲੇ ਤਖ਼ਤ ਤੇ ਬਿਠਾਏ ਜਾਂਦੇ ਹਨ । ਉਨ੍ਹਾਂ ਦੇ ਪਿਛੋਂ, ਗੁਰੂ ਜੋਤਿ ਹੀ ਉਸ ਅਕਾਲੀ ਰਾਜ ਸੰਘਾਸਣ ਨੂੰ, ਸੁਭਾਏਮਾਨ ਕਰਦੀ ਹੈ ਜਿਹੜਾ ਸੰਸਾਰੀ ਜੀਵਾਂ ਦੀ ਕਲਿਆਣ ਲਈ ਸਿਰਜਿਆ ਗਿਆ ਹੈ:---

੨੧- **ਮਿਲਿ ਨਾਨਕ ਅੰਗਦ ਅਮਰ ਗੁਰ, ਗੁਰੁ ਰਾਮਦਾਸੁ, ਹਰਿ ਪਹਿ ਗਯਉ ॥ <u>ਹਰਿਬੰਸ</u>, ਜਗਤਿ ਜਸੁ ਸੰਚਰ੍ਯਉ, ਸੁ ਕਵਣੁ ਕਹੈ, ਸ੍ਰੀ ਗੁਰੁ ਮੁਯਉ ॥ ੧ ॥ ਦੇਵ ਪੁਰੀ ਮਹਿ ਗਯਉ, ਆਪਿ ਪਰਮੇਸ੍ਵਰ ਭਾਯਉ ॥ ਹਰਿ ਸਿੰਘਾਸਣੁ ਦੀਅਉ, ਸਿਰੀ ਗੁਰੁ ਤਹ ਬੈਠਾਯਉ ॥ ਰਹਸ ਕੀਅਉ ਸੁਰਦੇਵ, ਤੋਹਿ ਜਸੁ ਜਯ ਜਯ ਜੰਪਹਿ ॥ ਅਸੁਰ ਗਏ ਤੇ ਭਾਗਿ, ਪਾਪ ਤਿਨ ਭੀਤਰਿ ਕੰਪਹਿ ॥ ਕਾਟੇ ਸੁ ਪਾਪ ਤਿਨ ਨਰਹੁ ਕੇ, ਗੁਰੁ ਰਾਮਦਾਸੁ ਜਿਨੁ ਪਾਇਯਉ ॥ ਛਤ੍ਰੁ ਸਿੰਘਾਸਨੁ ਪਿਰਥਮੀ, ਗੁਰ ਅਰਜੁਨ ਕਉ ਦੇ ਆਇਅਉ ॥ ੨ ॥ ੨੧ ॥ ੧੧ ॥ ੧੦ ॥**[੧੪੦੯]

ਏਧਰ ਭਿੰਡਰਾਂ ਵਾਲੀ ਟਕਸਾਲ ਦੇ ਸੰਤ ਪਿਆਰੇ, ਸ੍ਰੀ ਮਾਨ ਪੰਥ ਰਤਨ ਵਿਦਿਆ ਮਾਰਤੰਡ, ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿਡਰਾਂ ਵਾਲੇ ਮਹਾਂਪੁਰਖ ਹਨ । ਇਹ ਭੱਟ ਹਰਿਬੰਸ ਜੀ ਵਾਂਗ **ਧਰਮੀ** ਨਹੀਂ ਹਨ, ਸਗੋਂ **ਧਾਰਮਿਕ-ਆਗੂ** ਹਨ । ਇਹ ਲਿਖ ਰਹੇ ਹਨ ਕਿ ਗੁਰੂ ਅਰਜੁਨ ਦੇਵ ਜੀ (ਦੀ ਆਤਮਾਂ ਦੀ ਸਦਗਤੀ ਲਈ ਉਨ੍ਹਾਂ ਦੇ) ਨਮਿਤ (ਗਰੁੜ ਪੁਰਾਣ ਦਾ ਨਹੀਂ ਸਗੋਂ ਓਸੇ) ਗੁਰ-ਬਾਣੀ ਦਾ ਸਹਿਜ ਪਾਠ ਕਾਰਾਇਆ (ਜਿਹੜੀ ਲਿਖੀ ਵੀ ਸਤਿਗੁਰਾਂ ਨੇ ਆਪ ਹੀ ਸੀ), ਅਤੇ ਫਿਰ ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ, ਸੰਸਾਰ ਦੀ ਕਲਿਆਣ ਕਰਨ ਦੀ ਸ਼ਕਤੀ ਵਾਲੇ ਗੁਰੂ ਅਰਜੁਨ ਦੇਵ ਜੀ ਦੇ (ਪੁ-ਤਰ--ਪੁੰ ਨਾਮ ਨਰਕ ਤੋਂ ਪਾਰ ਕਰਨ ਵਾਲਾ) ਪੁੱਤਰ " ਸ੍ਰੀ ਗੁਰੂ ਹਰਿਗੋਬਿੰਦ ਜੀ " ਨੇ ਆਪਣੇ ਪਿਤਾ ਜੀ ਦੇ ਨਿਮਿਤ (ਬ੍ਰਾਹਮਣ ਦੇ ਥਾਂ) ਬਾਬਾ ਬੁਢਾ ਜੀ ਨੂੰ, ਹਾਥੀ ਘੋੜੇ, ਸੋਨੇ ਦੀਆਂ ਮੋਹਰਾਂ, ਵਸਤਰ, ਭੋਜਨ ਆਦਿ ਦਾਨ ਵਜੋਂ ਦਿੱਤੇ । ਇਸ ਤਰ੍ਹਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ (ਗਰੁੜ ਪੁਰਾਣ ਦੀ ਸ਼ਿਖਿਆ ਤੋਂ ਆਪਣੇ ਪਿਤਾ ਪਿਤਾਮਾਂ, ਜੀ ਦੀ ਸਿੱਖਿਆ ਕੁਰਬਾਨ ਕਰਕੇ) ਸਹਿਜ ਪਾਠ ਦੀ ਰਸਮ ਤੋਰਨ ਦਾ ਸਿੱਖਾਂ ਤੇ ਉਪਕਾਰ ਕੀਤਾ ? ਫਿਰ (ਸ਼ਰਾਧ ਦੇ ਵੱਟੇ) ਸਤਿਗੁਰਾਂ ਨਮਿਤ (ਲੰਗਰ ਨਹੀਂ ਸਗੋਂ ਬ੍ਰਾਹਮਣੀ ਰੀਤ ਵਾਲਾ) ਯੱਗ ਕੀਤਾ । (ਵਿਸ਼ਨੂੰ ਜੀ ਦੀ ਸਿਖਿਆ ਤੇ ਤੁਰਦਿਆਂ ) ਗੁਰਬਾਣੀ ਦਾ ਭੋਗ ਵੀ ੧੩ਵੇਂ ਦਿਨ ਹੀ ਪਾਇਆ ?

ਇਸ ਤੋਂ ਅੱਗੇ, (੨੦੨ ਸਫ਼ੇ ਤੇ ਹੀ) ਮਹਾਂ ਪੁਰਖਾਂ ਨੇ ਲਿਖਿਆ ਹੈ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਮਾਤਾ ਗੰਗਾ ਜੀ ਨਮਿਤ ਸਹਿਜ ਪਾਠ ਭਾਈ ਗੁਰਦਾਸ ਜੀ ਕੋਲੋਂ ਕਰਾਇਆ, ਭਾਈ ਗੁਰਦਾਸ ਜੀ ਨਮਿਤ ਸਹਿਜ ਪਾਠ ਭਾਈ ਬਿਧੀ ਚੰਦ ਜੀ ਨੇ ਕੀਤਾ, ਲਿਖਿਆ ਹੈ । ਫਿਰ ਬਾਬਾ ਬੁਢਾ ਜੀ ਨਮਿਤ ਸਹਿਜ ਪਾਠ ਭਾਈ ਭਾਨਾਂ ਜੀ (ਬਾਬਾ ਬੁਢਾ ਜੀ ਦੇ ਪੁੱਤਰ) ਕੋਲੋਂ ਕਰਵਾਇਆ ਅਤੇ ਇਨ੍ਹਾਂ ਨਮਿਤ ਯੱਗ ਕੀਤਾ ਵੀ ਲਿਖਿਆ ਹੈ । ਮਹਾਂ ਪੁਰਖਾਂ ਦਾ ਕਹਿਣਾ ਹੈ ਕਿ ਇਹ ਤਿੰਨੇ ਸਹਿਜ ਪਾਠ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਨ । ਵਡੀ ਹੈਰਾਨੀ ਤਾਂ ਇਹ, ਹੈ ਕਿ ਛੇਵੇ ਪਾਤਿਸ਼ਾਹੀ ਜੀ ਦੀ ਚਲਾਈ ਇਹ ਮਰਯਾਦਾ ਫਿਰ ਬੰਦ ਕਿਉਂ ਹੋ ਗਈ ? ਕਿਉਂਕਿ ਬਾਬਾ ਅਟੱਲ ਜੀ ਨਮਿਤ, ਗੁਰੂ ਹਰਿ ਰਾਇ ਸਾਹਬ ਜੀ ਦੇ ਪਿਤਾ, ਬਾਬਾ ਗੁਰਦਿੱਤਾ ਜੀ ਨਮਿਤ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੋਈ ਪਾਠ ਕਿਸ ਕਾਰਨ ਨਾ ਕਰਵਾਇਆ ? ਫਿਰ ਗੁਰੂ ਹਰਿਗੋਬਿੰਦ ਜੀ ਨਿਮਿਤ, ਗੁਰੂ ਹਰਿ ਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਥਵਾ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਸ਼ਹੀਦ ਭਾਈ ਦਇਆਲਾ ਜੀ, ਭਾਈ ਸਤੀਦਾਸ ਜੀ, ਭਾਈ ਮਤੀ ਦਾਸ ਜੀ, ਕਿਸੇ ਦੇ ਨਮਿਤ ਵੀ ਕੋਈ ਪਾਠ ਕਰਵਾਉਣ ਦਾ ਜ਼ਿਕਰ, ਭਿੰਡਰਾਂ ਵਾਲੇ ਸੰਤਾਂ ਮਹਾਂ ਪੁਰਖਾਂ ਨੇ ਕਿਸ ਕਾਰਨ ਨਹੀਂ

ਲਿਖਿਆ । ਏਥੇ ਹੀ ਬੱਸ ਨਹੀਂ ਇਨ੍ਹਾਂ " ਮਹਾਨ ਪੁਰਖਾਂ ਨੇ ਮਿਰਤਕ ਨਮਿਤ ਦਾਨ ਪੁੰਨ ਕਰਨ ਦਾ ਬਿੱਪ੍ਰੀ ਭਰਮ ਵੀ ਬੜੀ ਸਫ਼ਾਈ ਨਾਲ ਪਾਇਆ ਹੈ । ਸੰਤ-ਮਹਾਂਪੁਰਖ ਜੀ ਆਪਣੀ ਪੁਸਤਕ ਦੇ ੧੬੩ ਸਫ਼ੇ ਤੇ ਲਿਖਦੇ ਹਨ---

> ਸਾਧ ਸੰਗਤ ਜੀ ! ਪਾਠੀ ਸਿੰਘ ਦੀ ਸੇਵਾ ਚੰਗੀ ਤਰ੍ਹਾਂ ਕਰਨੀ, ਪ੍ਰਸੰਨਤਾ ਲੈਣੀ ਜ਼ਰੂਰੀ ਹੈ (ਜਿਵੇਂ ਬ੍ਰਾਹਮਣ ਦੀ ਖ਼ੁਸ਼ੀ ਭਗਵਾਨ ਦੀ ਖ਼ੁਸ਼ੀ ਹੁੰਦੀ ਹੈ, ਏਵੇ ਪਾਠੀਆਂ ਦੀ ਖ਼ੁਸ਼ੀ ਸਤਿਗੁਰਾਂ ਦੀ ਖ਼ੁਸ਼ੀ?)। ਵੱਡੇ ਜਾਣ ਕੇ ਬ੍ਰਾਹਮਣ ਨੂੰ ਕੱਪੜੇ ਦੇਣੇ ਇਹ ਯੋਗ ਨਹੀਂ ਹੈ । ਹਾਂ ! ਦੂਜੇ ਗਰੀਬਾਂ ਦੀ ਤਰ੍ਹਾਂ ਇਨ੍ਹਾਂ (ਬ੍ਰਾਹਮਣਾਂ) ਨੂੰ ਵੀ ਪੁੰਨ ਦਾਨ ਕੀਤਾ ਜਾ ਸਕਦਾ ਹੈ ।

ਹਰ ਤਰ੍ਹਾਂ ਨਾਲ ਸੇਵਾ ਕਰਕੇ ਪਾਠੀ ਦੀ ਪ੍ਰਸੰਨਤਾ ਲੈ ਲੈਣ ਦੇ ਨਾਲ, (ਭਾਵੇਂ, ਗ਼ਰੀਬ ਜਾਣ ਕੇ ਹੀ ਸਹੀ) ਪਰ ਬ੍ਰਾਹਮਣ ਨੂੰ ਵੀ ਦਾਨ ਦੇਣਾ, ਮਿਰਤਕ ਪ੍ਰਾਣੀ ਲਈ ਲਾਹੇ ਵੰਦ ਹੈ ?

ਧਰਮੀ ਪੁਰਸ਼ ਸਦਾ ਰੱਬ ਦੇ ਭੈ ਵਿਚ ਰਹਿ ਕੇ ਵਿਕਾਰਾਂ ਦੀ ਪਕੜ ਤੋਂ ਨਿਰਲੇਪ ਰਹਿੰਦਾ ਹੈ । ਪਰ ਧਾਰਮਿਕ-ਆਗੂ ਅਤੇ ਸਿਆਸਤ-ਦਾਨ, ਦੋਵੇਂ ਹੀ ਮਾਇਆ ਧਾਰੀ ਤ੍ਰਿਸ਼ਨਾਲੂ ਹੋਣ ਦੇ ਕਾਰਨ, ( ਗ੍ਰਿਹਸਤ-ਉਦਾਸ ਹੋਣ ਦੇ ਥਾਂ " ) ਪਰਮਾਤਮਾਂ ਦੇ ਭੈ ਤੋਂ ਨਿਰਲੇਪ ਰਹਿ ਕੇ, ਨਿਹਕਲੰਕ ਬਣ ਬੈਠਦੇ ਹਨ । ਸੋ ਜੋ ਮਰਜ਼ੀ ਹੈ ਲਿਖੀ ਜਾਣ, ਜਿੰਨਾ ਮਰਜ਼ੀ ਹੈ ਅਨਰਥ ਕਰੀ ਜਾਣ, ਉਨ੍ਹਾਂ ਦੇ ਮਨ ਤੇ ਕੋਈ ਅਸਰ ਨਹੀਂ ਹੈ । ਇਨ੍ਹਾਂ ਨੇ ਕੇਵਲ ਇਹ ਵੇਖਾਣਾ ਹੁੰਦਾ ਹੈ ਕਿ ਇਨ੍ਹਾਂ ਦੀ ਪੀਰੀ-ਮੁਰੀਦੀ ਕਿਵੇਂ ਪਰਫੁਲੱਤ ਹੁੰਦੀ ਹੈ, ਸ਼ਰਧਾਲੂਆਂ ਦੀ ਗਿਣਤੀ ਕਿਵੇਂ ਵਧਦੀ ਹੈ ?

## ੬
# ਦਸਹਿਰਾ

ਪੰਥ ਵਲੋ ਜਾਰੀ ਕੀਤੀ ਗਈ " ਸਿੱਖ ਰਹਿਤ ਮਰਯਾਦਾ ' ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਉਣ ਬਾਰੇ ਇਸ ਪ੍ਰਕਾਰ ਲਿਖਿਆ ਹੈ-

> " ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ । ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨੀਯਤ ਕੀਤਾ ਜਾਵੇ । ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ " ।

ਸਿੱਖ ਮਰਯਾਦਾ ਵਿਚ ਕਿਸੇ ਪ੍ਰਕਾਰ ਦਾ ਦਾਨ ਪੁੰਨ ਕਰਨ ਦੀ ਕੋਈ ਗੱਲ ਨਹੀਂ ਹੈ । ਗੁਰਬਾਣੀ ਦਾ ਪਾਠ ਕਰਨ ਬਾਰੇ ਵੀ ਘਰਦਿਆਂ ਦੀ ਅਤੇ ਸਬੰਧੀਆ ਦੀ ਸੇਵਾ ਹੀ ਲਾਈ ਹੈ । ਦਸ ਦਿਨਾਂ ਵਿਚ ਭੋਗ ਪਾਉਣ ਦੀ ਗੱਲ ਲਿਖਣ ਦੇ ਨਾਲ ਹੀ, ਉਸ ਪਾਬੰਦੀ ਦੀ ਖੰਡਨਾਂ ਵੀ ਕਰ ਦਿੱਤੀ ਹੋਈ ਹੈ । ਇਉਂ ਅਨੁਭਵ ਹੁੰਦਾ ਹੈ, ਜਿਵੇਂ " ਦਸਵੇਂ ਦਿਨ " ਭੋਗ ਪਾਉਣ ਦੀ ਬੰਦਸ਼ ਦਾ ਜ਼ਿਕਰ, ਕਿਸੇ ਮਜਬੂਰੀ ਕਾਰਨ ਲਿਖਣਾ ਪਿਆ ਹੋਵੇ । ਪਰ " ਪੰਥ ਵਲੋਂ ਬਣੀ ਇਸ ਮਰਯਾਦਾ ਵਿਚ " ਦਸਾਂ ਦਿਨਾਂ " ਦਾ ਜ਼ਿਕਰ ਮਾਤ੍ਰ ਵੀ ਕਿਸ ਕਾਰਨ ਆ ਗਿਆ ? ਪਾਠਕਾਂ ਨੇ ਗੁਰੁੜ ਪੁਰਾਣ ਦਾ ਪਹਿਲ ਅਧਿਆਇ ਪਿਛੇ ਪੜ੍ਹਿਆ ਹੈ । ਇਕ ਵਾਰੀ ਉਹ ਅਧਿਆਇ ਫਿਰ ਪੜ੍ਹ ਲਿਆ ਜਾਵੇ । ਉਸ ਵਿਚ ਵਿਸ਼ਨੂੰ ਜੀ ਦੀ ਜ਼ਬਾਨੀ ਦਸ ਦਿਨਾਂ ਦੀ ਮਹਤੱਤਾ ਵਿਸਥਾਰ ਨਾਲ ਲਿਖੀ ਹੋਈ ਹੈ । ਸੋ ਪੰਥ ਵਲੋਂ ਬਣੀ ਸਿੱਖ ਮਰਯਾਦਾ ਵਿਚ " ਦਸਾਂ ਦਿਨਾਂ ਵਿਚ ਭੋਗ ਪਾਉਣ ਦਾ ਜ਼ਿਕਰ ਮਾਤ੍ਰ ਆ ਜਾਣਾ, ਇਸ ਗੱਲ ਦਾ ਸੂਚਕ ਹੈ ਕਿ ਉਸ ਸਮੇ ਤਕ ਪੰਥ ਦੇ ਆਗੂਆਂ ਵਿਚ ਅਜੇਹੇ ਜਥੇਦਾਰਾਂ ਦਾ ਅਸਰ ਬਣ ਚੁੱਕਾ ਸੀ ਜਿਹੜੇ, ਬ੍ਰਾਹਮਣੀ ਮਾਇਅ-ਜਾਲ ਦਾ ਅਸਰ ਮੁੜ ਕਬੂਲ ਕਰ ਚੁੱਕੇ ਹੋਏ ਸਨ ।

**ਪਰ ਅੱਜ**--ਜਿਸ ਕਥਿਤ ਟਕਸਾਲੀ-ਸੰਸਥਾ ਦਾ ਪੰਥ ਵਿਚ ਬੋਲ ਬਾਲਾ ਹੈ, ਉਸ ਭਿੰਡਰਾਂ ਵਾਲੇ ਡੇਰੇ ਦੇ ਮੁਖੀ ਸ੍ਰੀ ਮਾਨ ਪੰਥ ਰਤਨ ਵਿਦਯਾ ਮਾਰਤੰਡ, ਸੰਤ ਗਿਅਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਲਿਖੀ " ਗੁਰਮਤਿ ਰਹਿਤ ਮਰਯਾਦਾ " ਪੁਸਤਕ ਦੇ ੧੬੩ ਸਫ਼ੇ ਤੇ ਮਿਰਤਕ ਦਾ " ਦਸਹਿਰਾ " ਕਰਨ ਦੀ ਹਦਾਇਤ ਇਨ੍ਹਾਂ ਸ਼ਬਦਾਂ ਵਿਚ ਲਿਖੀ ਹੈ:---

> " ਸੂਦਰਾਂ ਵਿਚ ੪੦ ਦਿਨ ਸੋਗ ਕਰਦੇ ਹਨ । ਵੈਸ਼ਾਂ ਵਿੱਚ ਸਤਾਰ੍ਹੀਆ, ਖੱਤਰੀ, ਬ੍ਰਾਹਮਣ ਬਾਰ੍ਹੀ ਤੇਰ੍ਹੀ ਕਰਦੇ ਹਨ ਪਰ ਖ਼ਾਲਸੇ ਨੂੰ ਜਿਵੇਂ ਸਭ ਕੌਮਾਂ ਤੋਂ ਵਡਾ ਆਪਣਾ ਰੂਪ ਬਣਾਇਆ ਹੈ ਸਭ ਨਿਯਮ ਸੁਤੰਤਰ ਵਹਿਮਾਂ ਭਰਮਾਂ ਸੋਗ ਤੋਂ ਰਹਿਤ ਕਰਨ ਲਈ ਸੁੰਦਰ ਤੇ ਸੁਤੰਤਰ ਬਣਾਏ **ਖਾਲਸੇ ਨੂੰ ਦਸਹਿਰਾ ਕਰਨ ਦਾ ਹੁਕਮ ਹੈ,** ਸਤਾਰ੍ਹੀਆ ਕਦੇ ਨਹੀਂ ਕਰਨਾ । ਦਸਾਂ ਦਿਨਾਂ ਤੋਂ ਬਾਅਦ **ਦਸਹਿਰੇਂ** ਵਾਲੇ ਦਿਨ ਭੋਗ ਪਵੇ । ਪਹਿਲੇ ਪਹਿਰ ਜਾਂ ਪਿਛਲੇ ਪਹਿਰ ਜਦੋਂ ਠੀਕ ਹੋਵੇ ਭੋਗ ਪਾ ਸਕਦੇ ਹੋ ਅਤੇ ਆਰੰਭ ਸਵੇਰੇ ਦੇ ਵਕਤ ਵੀ ਹੋ ਸਕਦਾ ਹੈ । ਪਾਠ ਦੇ ਭੋਗ ਤੇ ਪ੍ਰਾਣੀ ਦੇ ਨਮਿਤ ਪਾਠੀ ਨੂੰ ਸਾਰੀ ਪੁਸ਼ਾਕ ਅਤੇ ਜਥਾ ਸ਼ਕਤ ਮਾਇਆ ਦੇਣੀ ਚਾਹੀਦੀ ਹੈ ਅਤੇ ਬਸਤ੍ਰ, ਬਰਤਨ ਆਦਿਕ ਭੇਟ ਕਰਨੇ ਚਾਹੀਦੇ ਹਨ ਤੇ ਜੇਹੀ ਹਿੰਮਤ ਹੋਵੇ, ਅੰਨ ਲੰਗਰ ਕਰ ਕੇ ਸਾਧ ਸੰਗਤ ਨੂੰ ਛਕਾਉਣਾ ਚਾਹੀਦਾ ਹੈ । "

ਗੁਰਮਤਿ ਮਰਯਾਦਾ ਦਾ ਭੁਲੇਖਾ ਦੇ ਕੇ, ਸੰਤਾਂ ਮਹਾਂਪੁਰਖਾਂ ਨੇ ਗਰੁੜ ਪੁਰਾਣ ਵਿਚ ਲਿਖੀ ਵਿਸ਼ਨੂੰ ਭਗਵਾਨ ਜੀ ਦੀ ਦੱਸੀ " ਦਸਾਂ ਦਿਨਾਂ " ਵਾਲੀ ਬ੍ਰਾਹਮਣੀ ਕਿਰਿਆ ਦਾ ਭਰਮ ਸਿੱਖ ਪੰਥ ਵਿਚ ਬਣਾਈ ਰਖਣ ਲਈ, ਦਸਹਿਰਾ ਕਰਨ ਦਾ **ਹੁਕਮ** ਸੁਣਾਇਆ ਹੈ । ਖ਼ਾਲਸੇ ਨੂੰ ਇਹ ਹੁਕਮ ਕਿਸ ਨੇ ਦਿੱਤਾ ? ਨਿਰਸੰਦੇਹ ਸੰਤਾ ਦਾ ਭਾਵ, ਦਸ਼ਮੇਸ਼ ਜੀ ਦੇ ਹੁਕਮ ਤੋਂ ਹੀ ਹੈ । ੧੬੩ ਸਫ਼ੇ ਤੇ ਹੀ ਅਗੇ ਜਾ ਕੇ ਸੰਤਾ ਨੇ ਆਪ ਹੀ ਭੁਲੇਖੇ ਦੂਰ ਕਰ ਦੇਣ ਲਈ ਇਸ ਪ੍ਰਕਾਰ ਲਿਖਿਆ ਹੋਇਆ ਹੈ---ਕਲਗੀਧਰ ਜੀ ਨੇ ਮ੍ਰਯਾਦਾ ਕਾਇਮ ਕਰ ਦਿੱਤੀ ਹੈ । ਪਹਿਲਾਂ ਤੇਰਾਂ ਦਿਨਾਂ ਦੀ ਮਰਯਾਦਾ ਸੀ । ਦਸਵੇਂ ਦਿਨ ਤਕ ਸਾਰਾ ਕਾਰਜ ਸਿੰਘਾਂ ਦਾ ਹੋ ਜਾਣਾ ਚਾਹੀਦਾ ਹੈ । ਸਿੱਟੇ ਵਜੋਂ, ਉਪਰ ਲਿਖਿਆ ਉਪਦੇਸ਼, ਜਿਸ ਦੇ ਹੇਠਾਂ ਲਕੀਰ ਹੈ, ਲੋਕਾਂ ਲਈ ਦੁਖਦਾਈ ਭਰਮ ਦਾ ਕਾਰਨ ਬਣ ਰਿਹਾ ਹੈ । ਪ੍ਰਾਣੀ ਨਮਿਤ ਕੀਮਤੀ ਤੋਂ ਕੀਮਤੀ (ਰੇਸ਼ਮੀ) ਕੱਪੜੇ ਦੇ ਬਿਸਤਰੇ ਅਤੇ ਬਸਤਰ, ਜੁਤੀ, ਵਧੀਆ ਤੋਂ ਵਧੀਆਂ (ਕਈ ਥਾਂਈਂ ਚਾਂਦੀ ਦੇ ਬਣੇ ਹੋਏ ਵੀ) ਭਾਂਡੇ, ਸੋਨੇ ਦੇ ਗਹਿਣੇ ਆਦਿ ਵੱਧ ਤੋਂ ਵੱਧ ਦਾਨ ਕਰਨ ਦੀ ਦੌੜ ਸਿੱਖਾਂ ਵਿਚ ਲੱਗ ਚੁੱਕੀ ਹੈ । ਬਰਾਦਰੀ ਵਿਚ ਆਪਣਾ " ਨੱਕ ਉਚਾ " ਕਰਨ ਦੀ ਦੌੜ ਵਿਚ ਪਏ ਹੋਏ ਬਹੁਤੇ ਲੋਕ, ਪਾਠ ਮਰਯਾਦਾ, ਅਤੇ ਦਾਨ ਪੁੰਨ ਦੀ ਮਰਯਾਦਾ (ਵਾਲਾ ਗੁਰਮਤਿ ਵਿਰੋਧੀ ਅਡੰਬਰ) ਨਿਭਾਉਣ ਲਈ ਏਨਾਂ ਕਰਜ਼ਾ ਚੁੱਕ ਲੈਂਦੇ ਹਨ ਕਿ, ਉਨ੍ਹਾਂ ਦੀ ਰਹਿੰਦੀ ਜ਼ਿੰਦਗੀ ਦੁਖਦਾਈ ' ਨਰਕ-ਸਮਾਨ ' ਬਣ ਜਾਂਦੀ ਹੈ । ਬਰਾਦਰੀ ਵਿਚ

ਆਪਣੀ ਕੁਲ ਦੀ ਲਾਜ ਨੂੰ, ਉਚੀ ਬਣਾ ਲੈਣ ਦੀ ਖ਼ਾਹਸ਼ ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੇ ਪਸੰਦ ਨਹੀਂ ਕੀਤਾ ਅਤੇ ਵਡਮੁੱਲ ਉਪਦੇਸ਼ ਦੇਣ ਲਈ ਇਸ ਪ੍ਰਕਾਰ ਫ਼ੁਰਮਾਨ ਕੀਤਾ ਹੈ:--

੨੨- **ਕਬੀਰ ਦੁਨੀਆ ਕੇ ਦੋਖੇ ਮੂਆ, ਚਾਲਤ ਕੁਲ ਕੀ ਕਾਨਿ ॥**
**ਤਬ ਕੁਲੁ ਕਿਸ ਕਾ ਲਾਜਸੀ, ਜਬ ਲੇ ਧਰਹਿ ਮਸਾਨਿ ॥ ੧੬੬ ॥**

੨੩- **ਕਬੀਰ ਡੂਬਹਿਗੋ ਰੇ ਬਾਪੁਰੇ, ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ, ਤੂ ਅਪਨੇ ਵੀ ਜਾਨੁ ॥ ੧੬੭ ॥** [੧੩੭੩]

**ਅਰਥ:**--ਕਬੀਰ ਜੀ ਦਾ ਫ਼ੁਰਮਾਨ ਹੈ ਕਿ, ਮਨੁੱਖ ਆਮ ਤੌਰ ਤੇ ਕੁਲ ਵਿਚ, ਅਥਵਾ ਬਰਾਦਰੀ ਵਿਚ ਪਈ, ਰੀਤ ਅਨੁਸਾਰ ਹੀ ਤੁਰਦਾ ਹੈ, ਇਸ ਖ਼ਿਆਲ ਨਾਲ ਕਿ ਦੁਨੀਆਂ ਕੀ ਆਖੇਗੀ (ਲੋਕਾਚਾਰ ਨੂੰ ਛੱਡਕੇ ਗੁਰੂ ਦੀ ਮਤ ਅਨੁਸਾਰ ਨਹੀਂ ਤੁਰਦਾ ਅਤੇ ਇਸ ਤਰ੍ਹਾਂ) ਆਤਮਕ-ਮੌਤੇ ਮਰ ਜਾਂਦਾ ਹੈ। (ਇਹ ਨਹੀਂ ਸੋਚਦਾ ਕਿ) ਜਦੋਂ ਮੌਤ ਆ ਗਈ (ਤਦੋਂ ਇਹ ਕੁਲ-ਰੀਤ ਤਾਂ ਆਪੇ ਛੁੱਟ ਜਾਣੀ ਹੈ। ਗੁਰੂ ਦੇ ਉਪਦੇਸ਼ ਤੇ ਚੱਲਣ ਤੋਂ ਲਾਪਰਵਾਹੀ ਕਰਕੇ ਜੋ ਖੁਆਰੀ ਖੱਟੀ, ਉਸ ਦੇ ਕਾਰਨ) ਕਿਸ ਦੀ ਕੁਲ ਨੂੰ ਨਮੋਸ਼ੀ ਆਵੇਗੀ ? **। ੧੬੬ ।** (ਗੁਰੂ ਦੇ ਉਪਦੇਸ਼ ਨਾਲੋ ਟੁਟੇ ਹੋਏ ਮਨੁੱਖ ਨੂੰ ਫ਼ੁਰਮਾਨ ਹੈ, ਕਿ) ਹੇ ਮੰਦ-ਭਾਗੇ ਮਨੁੱਖ ! ਬਹੁਤੇ ਲੋਕ-ਲਾਜ ਦੇ ਕਾਰਨ, ਕਰਜ਼ੇ ਆਦਿ, ਕਈ ਮਾਇਕ ਅਤੇ ਆਤਮਕ ਮੁਸੀਬਤਾਂ ਵਿਚ ਫ਼ਸ ਕੇ ਸੰਸਾਰ ਸਮੁੰਦਰ ਵਿਚ) ਡੁੱਬ ਜਾਵੇਂਗਾ। (ਏਥੇ ਸਦਾ ਬੈਠ ਨਹੀਂ ਰਹਿਣਾ) ਜੋ ਮੌਤ (-ਰੂਪੀ ਮੁਸੀਬਤ) ਕਿਸੇ ਗੁਆਂਢੀ ਦੇ ਘਰ ਆ ਰਹੀ ਹੈ, ਚੇਤੇ ਰੱਖ ਉਹ ਤੇਰੇ ਉਤੇ ਵੀ ਆਉਣੀ ਹੈ। ੧੬੭ ।

ਇਸ ਲਈ ਸਦਾ ਹੀ ਗੁਰੂ ਦੀ ਸਿਖਿਆ ਅਨੁਸਾਰ ਜੀਵਨ ਢਾਲ ਕੇ, ਸਦੀਵੀ ਸੁਖਾਂ ਦੇ ਦਾਤੇ ਪ੍ਰਭੂ ਦੀ ਯਾਦ ਨਾਲ ਮਨ ਜੋੜਨ ਵਿਚ ਯਤਨ-ਸ਼ੀਲ ਰਹਿਣਾ ਚਾਹੀਦਾ ਹੈ। ਲੋਕ ਵਿਖਾਵੇ ਵਾਲੇ ਅਡੰਬਰ ਵਿਅਰਥ ਹਨ। ਇਨ੍ਹਾਂ ਧਰਮ-ਕਰਮਾਂ ਨਾਂਲ ਕਿਸੇ ਦਾ ਪਰਲੋਕ ਕੀ ਸੌਰਨਾਂ ਹੈ, ਸਗੋਂ ਪਿੱਛੇ ਰਹਿੰਦਿਆਂ ਦਾ ਦੁਨਿਆਵੀ ਜੀਵਨ ਵੀ ਦੁਖੀ ਹੋ ਜਾਂਦਾ ਹੈ। ਲੋਕਾਂ ਨੂੰ ਕਦੇ ਕੋਈ ਖ਼ੁਸ਼ ਨਹੀਂ ਕਰ ਸਕਿਆ। ਪ੍ਰਭੂ ਤੋਂ ਬਿਨਾਂ, ਨਾ ਹੀ ਕੋਈ ਕਿਸੇ ਦਾ ਸਦਾ ਦਾ ਸਾਥੀ ਹੀ ਬਣ ਸਕਦਾ ਹੈ।

## ਗੁਰਬਾਣੀ-ਪਾਠ ਦੀ ਲੋੜ

ਸਤਿਗੁਰਾਂ ਦਾ ਉਪਦੇਸ਼ ਇਹ ਹੈ ਕਿ ਮਿਰਤਕ ਦੀ ਕਲਿਆਣ ਨਮਿੱਤ ਕੋਈ ਵੀ ਧਰਮ-ਕਰਮ ਕਰਨਾਂ ਮਨ ਮਤ ਹੈ। ਮ੍ਰਿਤਕ ਨਮਿਤ ਧਰਮ ਕਰਮ ਕਰਨੇ, ਗੁਰਬਾਣੀ ਦੇ ਹੁਕਮਾਂ ਦੀ ਉਲੰਘਣਾ ਹੈ। ਭਾਵ, ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਜਾਂ ਸਹਿਜ ਪਾਠ, ਮਿਰਤਕ ਲਈ ਨਿਸਫਲ ਹਨ। ਪਰ ਇਹ ਗੱਲ ਕਦੇ ਨਾ ਭੁਲੋ ਕਿ **ਗੁਰਬਾਣੀ ਦਾ ਪਾਠ,** ਪਿਛੇ ਰਹੇ ਪ੍ਰਵਾਰ ਲਈ, ਸੰਬੰਧੀਆਂ ਲਈ ਅਥਵਾ ਵਿਛੜੇ ਪ੍ਰਾਣੀ ਦੇ ਸਨੇਹੀਆਂ ਲਈ, **ਅਤੀਅੰਤ ਲਾਹੇਵੰਦ ਹੈ।** ਗੁਰੂ ਦੇ ਸਿੱਖ ਲਈ ਸਭ ਤੋਂ ਵਡੇ ਹਮਦਰਦੀ ਅਤੇ ਉਸ ਦੇ ਆਪਣੇ, ਕੇਵਲ ਅਤੇ ਕੇਵਲ, ਸਤਿਗੁਰੂ ਜੀ ਹੀ ਹਨ। ਦੁਖ ਸੁਖ ਦੇ ਭਾਈਵਾਲ ਵੀ ਸਤਿਗੁਰੂ ਜੀ ਹੀ ਹਨ। ਫਿਰ, ਪਰਾਏ ਨਾਲ ਦੁਖ ਸੁਖ ਦੀ ਸਾਂਝ ਕਿਉਂ ਕੀਤੀ ਜਾਵੇ ? ਸਤਿਗੁਰਾਂ ਦਾ ਫ਼ੁਰਮਾਨ ਹੈ ਕਿ---**ਆਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪੁਨੇ ਹੀ ਪਹਿ ਬਿਰਥਾ ।**[੧੨੧੫] ਆਪਣੇ ਨਾਲ ਹੀ ਦੁਖ ਸੁਖ ਦੀ ਗੱਲ ਕਰਨੀ ਲਾਹੇਵੰਦ ਹੁੰਦੀ ਹੈ। ਕਿਸੇ ਹੋਰ ਨਾਲ ਦੁਖ ਕਿਉਂ ਰੋਣਾ ਹੋਇਆ ? ਕਿਉਂਕਿ ਹਰ ਸੰਸਾਰੀ ਤਾਂ ਅਗੋਂ ਆਪ ਹੀ ਦੁਖੀ ਹੁੰਦਾ ਹੈ--**ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥** [੪੯੭] ਰੋਣਾ, ਪਿੱਟਣਾ, ਧਾਹਾਂ ਮਾਰਨੀਆਂ, ਗੁਰਮਤਿ ਨਹੀ' ਸਗੋਂ ਅਜੇਹੇ ਕਰਮ ਕਰਨੇ ਗਰੁੜ ਪੁਰਾਣ ਦੀ ਸਿੱਖੀ ਹੈਂ। ਅਜੇਹਾ ਕਰਕੇ ਮਨੁੱਖ ਲੋਕਾਂ ਲਈ ਤਮਾਸ਼ਾ ਬਣੀਦਾ ਹੈ, ਰੋਣਾ ਪਿੱਟਣਾ ਨਾਸ਼ੁਕਰਿਆਂ ਦਾ ਅਤੇ ਕਾਇਰਾਂ ਦਾ ਕੰਮ ਹੈ। ਕਿਸੇ ਪਿਆਰੇ ਦੇ ਵਿਛੋੜੇ ਦਾ ਸੱਲ ਹੋਣਾ ਚੰਗੇ ਮਨ ਦੀ ਨਿਸ਼ਾਨੀ ਹੈ। ਬਿਰਹਾ ਤੋਂ ਸਖਣਾ ਸਰੀਰ ਤਾਂ ਹੁੰਦਾ ਹੀ ਮਸਾਣੁ ਹੈ। ਗਰਦੇਵ ਜੀ ਦਾ ਫ਼ੁਰਮਾਨ ਹੈ ਕਿ ਜਿਸ ਸਰੀਰ ਵਿਚ ਬਿਰਹਾ ਨਹੀਂ, ਉਹ ਸਾੜ ਦੇਣ ਜੋਗ ਹੈ--**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ।**[੮੯] ਵਿਛੋੜੇ ਦਾ ਦੁੱਖ ਬਹੁਤ ਹੁੰਦਾ ਹੈ, ਪਰ ਇਸ ਦੁੱਖ ਕੋਲੋਂ ਦਾਰੂ ਦਾ ਕੰਮ ਲੈਣਾ ਹੈ। ਮਨ ਦੇ ਦੁਖੀ ਹੁੰਦਿਆਂ ਹੀ ਆਪਨੇ ਸਤਿਗੁਰਾਂ ਦੀ ਯਾਦ ਆ ਜਾਣੀ, ਬੜੇ ਉੱਚੇ ਭਾਗਾਂ ਦੀ ਨਿਸ਼ਾਨੀ ਹੈ। ਕਿਉਂਕਿ:--

੨੪- **ਗੁਰ ਕੇ ਚਰਨ ਮਨ ਮਹਿ ਧਿਆਇ ॥ ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥ ੧ ॥ ਰਹਾਉ ॥**
**ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥ ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥**
**੨ ॥ ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥ ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥**
**੩ ॥ ਸਾਧ ਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥ ੪ ॥**[੫੧]-੨੪-੯੪

ਸਸਕਾਰ ਤੋਂ ਪਿਛੋਂ ਝੱਟ ਪੱਟ ਹੀ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਉਨ੍ਹਾਂ ਦੇ ਅੰਮ੍ਰਿਤ ਮਈ ਬਚਨਾਂ ਦਾ ਸਹਾਰਾ ਲੈਣਾ ਹੈ। ਆਪਣੇ ਪਿਆਰੇ ਸਤਿਗੁਰਾਂ ਨਾਲ ਦੀ ਦੁਖ ਸੁਖ ਸਾਂਝਾ ਕਰਨਾਂ ਹੈ ਅਤੇ ਉਨ੍ਹਾਂ ਕੋਲੋਂ ਸਿਖਿਆ ਲੈਣੀ ਹੈ। ਵਿਛੋੜੇ ਕਾਰਨ ਦ੍ਰਵਿਆ ਹੋਇਆ ਮਨ ਸ਼ਾਇਦ ਸਤਿਗੁਰਾਂ ਦੇ ਬਚਨਾਂ ਦਾ ਅਜੇਹਾ ਅਸਰ ਕਬੂਲ ਕਰ ਲਵੇ ਕਿ ਸਦਾ ਲਈ ਹੀ ਸੁਖਾਵਾਂ ਪਲਟਾ ਖਾ ਜਾਵੇ ? ਸੋ ਸਤਿਗੁਰਾਂ ਦੇ ਉਤਾਰੇ ਲਈ ਆਪਣੇ ਘਰ ਵਿਚ ਉੱਤਮ ਪ੍ਰਬੰਧ ਕਰੋ। ਸਹਿਜ ਪਾਠ ਜਾਰੀ ਹੋ ਜਾਵੇ। ਸਾਰਾ ਪ੍ਰਵਾਰ ਸਮਝੇ ਕਿ ਅਸੀਂ ਉਚੇ ਕਰਮਾਂ ਵਾਲੇ ਹਾਂ ਜੋ, ਪ੍ਰਾਣ ਸੁਖ-ਦਾਤਾ ਜੀ, ਜੀਅ ਸੁਖਦਾਤਾ ਜੀ, ਘਰ ਆ ਗਏ ਹਨ। ਮਸੂਮਾਂ ਅਤੇ ਬੇਸਮਝਾ ਦੀ ਗੱਲ ਨਹੀਂ, ਬਾਕੀਆਂ ਵਿਚੋਂ ਘਰ ਦਾ ਹਰ ਇੱਕ ਜੀਅ ਆਪਣੇ ਆਪ ਨੂੰ ਵਡਭਾਗਾ ਸਮਝਣ ਲੱਗ ਪਵੇ। ਸਾਰਿਆਂ ਦਾ ਹਿਰਦਾ ਸਤਿਗੁਰਾਂ ਦੇ ਧੰਨਵਾਦ ਨਾਲ ਭਰ ਜਾਵੇ। ' ਸਚੇ ਪਾਤਿਸ਼ਾਹ ਜੀਓ ! ਤੁਸੀਂ ਏਡੇ ਦਇਆਲੂ ਹੋ ਕਿ ਆਪਣੇ ਸੇਵਕਾਂ ਦੇ ਦੁਖੀ ਹਿਰਦਿਆਂ ਨੂੰ ਸੁਖੀ ਕਰਨ ਲਈ ਆਪ ਹੀ ਆ ਗਏ ਹੋ '। ਸਾਰਾ ਪਰਵਾਰ ਸ਼ਰਧਾ ਅਤੇ ਸਤਿਕਾਰ ਨਾਲ ਆਪਣੇ ਮਹਾਨ ਸਤਿਗੁਰੂ ਦੇ ਗਿਰਦੇ ਝੁਰਮਟ ਪਾ ਬੈਠੇ। ਬਿਰਹਾ ਕੁਠਿਆਂ ਦਾ ਹਿਰਦਾ ਕਹਿ ਰਿਹਾ ਹੋਵੇ, ਪਾਤਿਸ਼ਾਹ ਜੀਓ--**ਸਭਿ ਅਵਗਣ ਮੈ ਗੁਣੁ ਨਹੀਂ ਕੋਈ ॥** ਫਿਰ ਵੀ ਤੁਸਾਂ ਮਿਹਰ ਕੀਤੀ ਅਤੇ ਇਸ ਕੀੜੇ ਦੇ ਨਿਵਾਸ ਅਸਥਾਨ ਤੇ ਆਪ ਚਲ ਕੇ ਆ ਗਏ ਹੋ। ਪਰਵਾਰ ਵਿਚੋਂ ਹੀ

ਇੱਕ ਪ੍ਰੇਮੀ ਪਾਠ ਕਰੇ ਤੇ ਬਾਕੀ ਸ੍ਰਵਣ ਕਰਨ । ਜੇ ਕੋਈ ਗੁਰੂ ਸੁਆਰਿਆ ਕਥਾ ਵਾਚਕ ਮਿਲ ਜਾਏ, ਤਾਂ ਧੰਨ ਭਾਗ । ਨਹੀਂ ਤਾਂ ਰੋਜ਼ ਸਮਾਂ ਕੱਢ ਕੇ ਸਾਰਾ ਪਰਵਾਰ ਗੁਰਬਾਣੀ ਪੜ੍ਹੇ ਅਤੇ ਸੁਣੇ । ਸੁਭਾ ਸ਼ਾਮ, ਜਦ ਵੀ ਸਮਾਂ ਵਿਹਲ ਦੇਵੇ, ਹੋਰ ਗੱਪਾਂ ਵਿਚ ਸਮਾਂ ਨਸ਼ਟ ਨਹੀਂ ਕਰਨਾ, ਆਪਣੇ ਸਤਿਗੁਰਾਂ ਦੀ ਬਾਣੀ-ਵਿਚਾਰ ਨਾਲ ਜੁੜ ਬੈਠਣਾ ਹੈ । ਭੋਗ ਜਦੋਂ ਵੀ ਪਵੇ, ਸ਼ੁੱਭ ਹੈ । ਦਿਨਾਂ ਦੀ ਬੰਦਸ਼ ਬ੍ਰਾਹਮਣ-ਵਾਦ ਹੈ । ਜੇ ਬਾਣੀ ਦਾ ਅਨੰਦ ਆਉਣ ਲੱਗ ਪਿਆ ਤਾਂ ਭਾਵੇਂ ਸਤਿਗੁਰਾਂ ਤੋਂ ਮਿਲਦੀ ਠੰਢ ਤੋਂ ਕਦੇ ਵੀ ਨਾ ਵਿਛੜੋ । ਜੇ ਭੋਗ ਪਾਉਣਾ ਹੀ ਹੈ ਤਾਂ ਆਪਣੇ ਅੰਦਰਲੇ ਤੋਂ ਪੁਛ ਕੇ ਪਾਉ । ਦਸਾਂ ਦਿਨਾਂ ਦੀ ਬੰਦਸ਼ ਗਰੁੜ ਪੁਰਾਣ ਹੈ । ਉਸ ਦਿਆਲੂ ਸਤਿਗੁਰੂ ਜੀ ਤੋਂ ਵਿਛੜਨਾ ਹੀ ਕਿਉਂ ਹੋਇਆ, ਜਿਸ ਸਤਿਗੁਰੂ ਜੀ ਨੇ ਪ੍ਰਭੂ ਦਾ ਲੜ ਫੜਾ ਦਿੱਤਾ, ਜਿਸ ਨੇ ਸਾਨੂੰ ਆਪਣਾ ਬਣਾ ਲਿਆ ਅਤੇ ਸਾਰੀਆਂ ਬੁਰਿਆਈਆਂ ਦੂਰ ਕਰਕੇ ਸੁਖੀ ਕਰ ਦਿੱਤਾ-

੨੫- **ਅਨਿਕ ਬੀਂਗ ਦਾਸ ਕੇ ਪਰਹਰਿਆ ॥ ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥ ੧ ॥**
**ਤੁਮਹਿ ਛਡਾਇ ਲੀਓ ਜਨੁ ਅਪਨਾ ॥ ਉਰਝਿ ਪਰਿਓ ਜਾਲੁ ਜਗੁ ਸੁਪਨਾ ॥ ੧ ॥ ਰਹਾਉ ॥**
**ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥ ੨ ॥**
**ਸੋਗ ਰੋਗ ਬਿਪਤਿ ਅਤਿ ਭਾਰੀ ॥ ਦੂਰਿ ਭਈ ਜਪਿ ਨਾਮੁ ਮੁਰਾਰੀ ॥ ੩ ॥**
**ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ ਹਰਿ ਚਰਣ ਗਹੇ ਨਾਨਕ ਸਰਣਾਇ ॥ ੪ ॥**[੭੪੨]-੨੨-੨੪

**ਅਰਥ:**--ਪ੍ਰਭੂ ਨੇ ਆਪਣੇ ਸੇਵਕ ਦੇ ਅਨੇਕਾਂ ਵਿੰਗ (-ਓਕਾਈਆਂ, ਵਲ-ਛਲ) ਦੂਰ ਕਰ ਦਿੱਤੇ, ਤੇ ਕਿਰਪਾ ਕਰ ਕੇ ਉਸ ਨੂੰ ਆਪਣਾ ਬਣਾ ਲਿਆ ਹੈ **। ੧ ।** ਹੇ ਪ੍ਰਭੂ ! ਸੁਪਨੇ ਵਰਗੇ ਜਗਤ (ਦਾ ਮੋਹ-) ਜਾਲ (ਤੇਰੇ ਸੇਵਕ ਦੇ ਦੁਆਲੇ) ਪੀਡਾ ਹੋ ਗਿਆ ਸੀ, ਪਰ ਤੂੰ ਆਪਣੇ ਸੇਵਕ ਨੂੰ (ਉਸ ਵਿਚੋਂ) ਆਪ ਕੱਢ ਲਿਆ **। ੧ । ਰਹਾਉ ।** (ਸਰਨ ਆਏ ਮਨੁੱਖ ਦੇ) ਪਹਾੜਾਂ ਜਿਡੇ ਵਡੇ ਤੇ ਭਿਆਨਕ ਐਬ, ਦੀਨਾਂ ਉਤੇ ਦਇਆ ਕਰਨ ਵਾਲੇ ਪਰਮਾਤਮਾ ਨੇ, ਇਕ ਛਿਨ ਵਿਚ ਦੂਰ ਕਰ ਦਿੱਤੇ **। ੨ ।** (ਸੇਵਕ ਦੇ) ਅਨੇਕਾਂ ਗ਼ਮ ਤੇ ਰੋਗ, ਵਡ੍ਹੀਆਂ ਭਾਰੀਆਂ ਮੁਸੀਬਤਾਂ (ਸਤਿਗੁਰਾਂ ਦੀ ਕਿਰਪਾ ਨਾਲ) ਪਰਮਾਤਮਾ ਦਾ ਨਾਮ ਜਪ ਕੇ ਦੂਰ ਹੋ ਗਈਆਂ **। ੩ ।** ਗੁਰਦੇਵ ਜੀ ਦਾ ਫ਼ੁਰਮਾਨ ਹੈ--ਜਿਸ ਮਨੁੱਖ ਨੇ ਪਰਮਾਤਮਾ ਦੇ ਚਰਨ ਫੜ ਲਏ, ਜੋ ਮਨੁੱਖ ਪ੍ਰਭੂ ਦੀ ਸਰਨ ਆ ਪਿਆ, ਪਰਮਾਤਮਾ ਨੇ ਮਿਹਰ ਦੀ ਨਿਗਾਹ ਕਰ ਕੇ ਉਸ ਨੂੰ ਆਪਣੇ ਲੜ ਲਾ ਲਿਆ ।

ਅੱਜ ਜਦ ਕਿ, ਪਿਆਰੇ (ਪੁੱਤਰ, ਧੀ, ਭਰਾ, ਮਾਤਾ, ਪਿਤਾ, ਇਸਤ੍ਰੀ ਜਾਂ ਕਿਸੇ ਸੱਜਣ ਆਦਿ) ਦੇ ਵਿਛੋੜੇ ਕਾਰਨ ਦਿਲ ਪਸੀਜਿਆ ਹੋਇਆ ਹੈ, ਅਤੇ ਫਿਰ ਜਿਸ ਦ੍ਰੱਵੇ ਹੋਏ ਮਨ ਨੇ ਸਤਿਗੁਰਾਂ ਦੀ ਸਰਨ ਪੈਣ ਦਾ ਉੱਦਮ ਕੀਤਾ ਹੈ, ਹੋ ਸਕਦਾ ਹੈ ਉਹ ਵੈਰਾਗਿਆ ਹੋਇਆ " ਮਨ " ਗੁਰੂ ਦੀ ਕਿਰਪਾ ਦੁਆਰਾ, ਸਦਾ ਲਈ ਪ੍ਰਭੂ ਨਾਲ ਜੁੜ ਜਾਏ । ਕੀ ਪਤਾ ਅੱਜ ਉਹੀ ਸਮਾਂ ਆ ਗਿਆ ਹੋਵੇ ਜਿਹੜਾ, ਸੱਜਣ ਠੱਗ ਤੇ, ਕੌਡੇ ਰਾਕਸ਼ ਤੇ, ਭੂਮੀਏ ਚੋਰ, ਨੂਰ ਸ਼ਾਹ ਤੇ ਅਥਵਾ ਬਿਧੀ ਚੰਦ ਤੇ ਆਇਆ ਸੀ ? ਬਸ ਇਹ ਧਿਆਨ ਰੱਖਣਾ ਹੈ ਕਿ ਸਤਿਗੁਰਾਂ ਦੀ ਸਰਨ ਵਿਚ ਇਸ ਕਰਕੇ ਨਹੀਂ ਜਾਣਾ ਕਿ ਉਹ ਸਾਢੇ ਮਰੇ ਹੋਏ ਸਾਕ ਅੰਗ ਦਾ ਅੱਗਾ ਸੁਆਰ ਦੇਵੇ । ਸਾਡੇ ਸੰਬੰਧੀ ਦੀਆਂ ਭੁੱਲਾਂ ਮਾਫ਼ ਕਰਕੇ ਉਸ ਦਾ ਵਾਸਾ ਸੱਚ-ਖੰਡ ਵਿਚ ਕਰ ਦੇਵੇ । ਉਸ ਨੇ ਆਪਣੇ ਕੀਤੇ ਦਾ ਹੀ ਫਲ ਪਾਉਣਾ ਹੈ । ਜੇ ਕੁਝ ਸੌਰਨਾ ਹੈ ਤਾਂ ਪਿਛਲਿਆਂ ਦਾ । ਭਾਣਾ ਮੰਨਣ ਦਾ ਬਲ ਜੀਉਂਦਿਆਂ ਨੇ ਪ੍ਰਾਪਤ ਕਰਨਾ ਹੈ । ਮਰਨ ਵਾਲਾ, ਚੰਗੀ ਜਾਂ ਮੰਦੀ, ਆਪਣੀ ਨਿਭਾ ਗਿਆ ।

ਜੇ ਵਹਿਗੁਰੂ ਜੀ ਕੋਲੋਂ ਕੋਈ ਮਾਇਕ ਪਦਾਰਥ ਮੰਗਣਾ ਹੀ ਹੈ ਤਾਂ ਪਹਿਲਾਂ ਆਪਣੇ ਗੁਰੂ ਦੇ ਹੁਕਮ ਵਿਚ ਚਲਦਿਆਂ ਪ੍ਰਭੂ ਨਾਲ ਸਾਂਝ ਬਣਾ ਲਵੋ । ਪੰਚਮ ਪਾਤਿਸ਼ਾਹ ਜੀ ਨੇ ਮੰਗਣ ਦੀ ਜਾਚ ਦਸਦਿਆਂ ਫੁਰਮਾਨ ਕੀਤਾ ਹੈ :--

੨੬- **ਜਨ ਕੋ ਪ੍ਰਭੁ ਸੰਗੇ ਅਸਨੇਹੁ ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥ ੧ ॥ ਰਹਾਉ ॥**
**ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥ ੧ ॥ ਮੁਕਤਿ ਜੁਗਤਿ ਭੁਗਤਿ ਪੂਰਨ**
**ਪਰਮਾਨੰਦ ਪਰਮ ਨਿਧਾਨ ॥ ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥ ੨ ॥*** [੧੩੦੭]-੪-੪੯

ਪਹਿਲਾਂ ਪ੍ਰਭੂ ਦਾ ਜਨ ਬਣਕੇ ਉਸ ਨਾਲ ਸਚਾ ਪਿਆਰ ਬਣਾ ਲਿਆ ਹੈ । ਫਿਰ ਸਭ ਕੁਝ ਦੇ ਦਾਤੇ ਕੋਲੋਂ ਸਭ ਕੁਝ ਹੀ ਮੰਗਿਆ ਹੈ । [*
ਫ਼ੁਟ ਨੋਟੇ:--ਇਸ ਸ਼ਬਦ ਦੀ ਵਿਸਥਾਰ ਪੂਰਬਕ ਵਿਚਾਰ ਪੁਸਤਕ ਦੇ ਪਹਿਲੇ ਭਾਗ ਦੇ " ਭਗਤਾਂ ਦੀ ਮੰਗ " ਲੇਖ ਵਿਚ ਹੋ ਚੁੱਕੀ ਹੈ ]
ਪਹਿਲਾਂ ਉਸ ਨਾਲ ਸਾਂਝ ਤੇ ਬਣਾ ਲਵੋ, ਫਿਰ ਸਫਾਰਸ਼ਾਂ ਵੀ ਕਰ ਵੇਖਣੀਆਂ । ਨਿਰਾ ਦਾਨ ਪੁੰਨ ਕਰ ਲੈਣ ਦੇ ਮਾਣ ਵਿਚ ਗੁਰੂ, ਜਾਂ ਪਰਮੇਸ਼ਰ ਅੱਗੇ ਮੰਗਾਂ ਦੀ ਲਿਸਟ ਪੇਸ਼ ਕਰਨੀ, ਬਿੱਪ੍ਰਨ ਕੀ ਰੀਤ ਹੈ । ਨਾ ਅਜੇਹੀ ਕੋਈ ਵੀ ਮੰਗ, ਸਤਿਗੁਰੂ ਜੀ ਪੂਰੀ ਕਰਦੇ ਹਨ ਅਤੇ ਨਾ ਹੀ ਪ੍ਰਭੂ ਅਜੇਹੀ ਕੋਈ ਗੱਲ ਸੁਣਦਾ ਹੈ । ਕੇਵਲ ਅਤੇ ਕੇਵਲ ਪ੍ਰਭੂ ਦਾ ਲੜ ਫੜਾਉਂਣ ਲਈ ਸਤਿਗੁਰਾਂ ਅੱਗੇ ਜੋਦੜੀਆਂ ਕਰਨੀਆਂ ਹਨ । ਭਾਣਾ ਮੰਨਣ ਦੀ ਸਮਰਥਾ ਦੀ ਬਖ਼ਸ਼ਸ਼ ਦੀ ਮੰਗ ਕਰਨੀ ਹੈ । ਲੋਕ ਅਤੇ ਪਰਲੋਕ ਵਿਚ ਕੰਮ ਆਉਣ ਵਾਲਾ ਜਿਹੜਾ ਖ਼ਰਚਾ, ਗੁਰੂ ਦੀ ਬਖ਼ਸ਼ਸ਼ ਨਾਲ ਪ੍ਰਾਪਤ ਹੁੰਦਾ ਹੈ, ਉਸੇ ਖਰਚੇ ਦੀ ਹੀ ਮੰਗ ਕਰਨੀ ਹੈ । ਗੁਰੂ ਦੀਆਂ ਵਡਿਆਈਆਂ ਨੂੰ ਸਮਝੀਏ ਅਤੇ ਸੋਗ ਰੋਗ ਦੇ ਅਨੁਭਵ ਤੋਂ ਉਤਾਂਹ ਉਠੀਏ :---

੨੭- **ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ ਗੁਰ ਪੂਰੇ ਤੇ**
**ਪਾਈਐ ਅਪਣੀ ਨਦਰਿ ਨਿਹਾਲਿ ॥ ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥ ੧ ॥**
**ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥ ੧ ॥ ਰਹਾਉ ॥**
**ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ**
**॥ ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ**
**ਲਏ ਤਰਾਇ ॥ ੨ ॥ ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ ਸੇ ਮਥੇ ਨਿਹਚਲ ਰਹੇ ਜਿਨ**
**ਗੁਰਿ ਧਾਰਿਆ ਹਥੁ ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ ਗੁਰੁ ਪਰਮੇਸਰੁ ਸੇਵਿਆ**
**ਭੈ ਭੰਜਨੁ ਦੁਖ ਲਥੁ ॥ ੩ ॥ ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ ਜਿਨਿ ਗੁਰੁ ਸੇਵਿਆ**
**ਆਪਣਾ ਜਮਦੂਤ ਨ ਲਾਗੈ ਡੰਡੁ ॥ ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥ ਨਾਮੁ ਨਿਧਾਨੁ**
**ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥ ੪ ॥**[੪੯]-੨੦-੯੦

**ਪਦ ਅਰਥ:**--ਸਮਾਲਿ-=ਸੰਭਾਲ ਕੇ, ਹਿਰਦੇ ਵਿਚ ਟਿਕਾ ਕੇ । ਤੋਸ=(ਜੀਵਨ ਸਫ਼ਰ ਦਾ) ਖ਼ਰਚ । ਬੰਨਹੁ=ਇਕੱਠਾ ਕਰੋ । ਜੀਅ ਕਾ=ਜਿੰਦ ਦਾ । ਐਥੈ ਓਥੈ=ਇਸ ਲੋਕ ਅਤੇ ਪਰਲੋਕ ਵਿਚ । ਨਿਹਾਲਿ=ਨਿਹਾਲੇ, ਵੇਖਦਾ ਹੈ । ਕਰਮਿ=ਬਖ਼ਸ਼ਸ਼ ਦੀ ਰਾਹੀਂ **। ੧ ।** ਮਨ=ਹੇ ਮਨ ! ਜੇਵਡ=ਜੇਡਾ ਵਡਾ । ਗੁਰ ਮੇਲੇ=ਗੁਰੂ ਨੂੰ ਮਿਲਾਉਂਦਾ ਹੈ **। ੧ । ਰਹਾਉ ।** ਸਗਲ=ਸਾਰੇ । ਜਿਨਿ=ਜਸ ਨੇ । ਜਾਇ=ਾ ਕੇ **। ੨ ।** ਕਿਤੁ=ਕਸ ਦੀ ਰਾਹੀਂ ? ਮੁਖਿ=ੂੰਹ ਨਾਲ । ਕਿਤੁ ਮੁਖਿ=ਕਹੜੇ ਮੂੰਹ ਨਾਲ । ਕਰਣ=ੰਸਾਰ । ਸਮਰਥ=ਕਤ ਵਾਲਾ । ਨਿਹਚਲ=ਡੋਲ ਸਦਾ ਸੁਰਖ਼ਰੂ । ਗੁਰਿ=ੁਰੂ ਨੇ । ਪਥੁ=ਰਹੇਜ਼ । ਭੈ ਭੰਜਨ=ਾਰੇ ਡਰ ਦੂਰ ਕਰਨ ਵਾਲਾ । ਦੁਖ ਲਥੁ=ਾਰੇ ਦੁਖ ਲਾਹ ਦੇਣ ਵਾਲਾ**। ੩ ।** ਗਹਿਰ=ੂੰਘਾ । ਗੰਭੀਰੁ=ਡੇ ਜਿਗਰੇ ਵਾਲਾ । ਸਾਗਰ=ਮੁੰਦਰ । ਅਘ ਖੰਡੁ=ਾਪਾਂ ਦਾ ਨਾਸ ਕਰਨ ਵਾਲਾ । ਤੁਲਿ=ਰਾਬਰ । ਬ੍ਰਹਮੰਡੁ=ਹਾਨ, ਸੰਸਾਰ । ਨਿਧਾਨ=ਜ਼ਾਨਾ । ਮੰਡੁ=ੰਡਿਆ ਹੈ,ਧਾਰਿਆ ਹੈ । ੪ ।

ਅਜੇਹੀ ਸ਼ਰਧਾ ਆਪਣੇ ਗੁਰੂ ਪ੍ਰਤੀ ਹੋਣੀ ਚਾਹੀਦੀ ਹੈ । ਸਤਿਗੁਰੂ ਗ੍ਰੰਥ ਸਾਹਿਬ ਜੀ ਘਰ ਵਿਚ ਆ ਜਾਣੇ, ਸੁਖਾਂ ਦਾ ਖ਼ਜ਼ਾਨਾਂ ਘਰ ਆ ਗਿਆ । ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਸਾਖ਼ਸ਼ਾਤ ਸਾਡੇ ਘਰ ਆ ਬਿਰਾਜੇ ਹਨ । ਸਤਿਗੁਰਾਂ ਦੇ ਆਇਆਂ ਰੋਣਾ, ਪਿੱਟਣਾ, ਵਿਰਲਾਪ, ਝੋਰੇ , ਹਉਕੇ, ਦੁਖਾਂ ਦੀ ਗੱਲਾਂ, ਇਹ ਸਭ, ਕਿਉਂ ਰਹਿ ਜਾਣ ? ਵਿਹੜਾ ਖ਼ੁਸ਼ੀਆਂ ਨਾਲ ਕਿਵੇਂ ਨਾ ਭਰ ਜਾਵੇ ? ਸਤਿਗੁਰਾਂ ਦੇ ਘਰ ਵਿਚ ਆ ਜਾਣ ਨਾਲ ਸਾਰੇ ਪਰਵਾਰ ਦੇ ਜੀਅ ਅਦਬ ਸਤਿਕਾਰ ਦੀ ਮੂਰਤਿ ਬਣ ਜਾਣੇ ਚਾਹੀਦੇ ਹਨ । ਮਾਮੂਲੀ ਜਿਹੇ ਅਧਕਾਰਾਂ ਵਾਲਾ ਕੋਈ ਠਾਣੇਦਾਰ ਘਰ ਆ ਜਾਵੇ, ਤਾਂ ਘਰ ਵਿਚ ਚੁੱਪ ਵਰਤ ਜਾਂਦੀ ਹੈ । ਅੱਜ ਤਾਂ ਪਾਤਿਸ਼ਾਹਾਂ ਦਾ ਪਾਤਿਸ਼ਾਹ ਘਰ ਆਇਆ ਹੈ । ਵਿਹੜੇ ਵਿਚ, ਅਦਬ ਸਤਿਕਾਰ ਵਾਲੀ ਸ਼ਾਂਤੀ ਦਾ ਰਾਜ ਕਿਵੇਂ ਨਾ ਪੱਸਰ ਜਾਵੇ ? ਹਥ ਬੰਨ੍ਹੀ, ਇਕਾਗਰ ਮਨ ਨਾਲ ਸਤਿਗੁਰਾਂ ਦੇ ਕੋਲ ਬੈਠਣਾ ਅਤੇ ਗੁਰਬਾਣੀ ਸਰਵਣ ਕਰਕੇ ਵਿਚਾਰ ਕਰਨੀ ਹੀ ਧਰਮ ਬਣ ਜਾਵੇ । ਘਰ ਆਏ ਗੁਰਦੇਵ ਜੀ ਤੋਂ ਚੰਗੀ ਤਰ੍ਹਾਂ ਸਮਝ ਕੇ ਉਨ੍ਹਾਂ ਦਾ ਉਪਦੇਸ਼ ਹਿਰਦੇ ਵਿਚ ਵਸਾਉਣ ਦਾ ਸੱਚਾ ਅਨੰਦ ਮਾਣਨਾ ਹੁੰਦਾ ਹੈ । ਸਤਿਕਾਰ ਅਤੇ ਸ਼ਰਧਾ ਵਿਚ ਰੰਗੇ, ਅਜੇਹੇ ਪਰਵਾਰ ਨੂੰ ਵੇਖ ਕੇ ਸਤਿਗੁਰਾਂ ਨੇ ਇਉਂ ਫ਼ੁਰਮਾਇਆ:----

੨੮- **ਹਉ ਵਾਰੀ ਜੀਉ ਵਾਰੀ, ਪੜਿ ਬੁਝਿ ਮੰਨਿ ਵਸਾਵਣਿਆ ॥**
**ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ ੧ ॥ ਰਹਾਉ॥**[੧੨੭]-੨੯-੩੦

ਸਤਿਗੁਰਾਂ ਦੀ ਵਡਿਆਈਆਂ ਦੀ ਸੂਝ ਨਾਲ ਹਿਰਦਾ ਗਦ ਗਦ ਹੋਈ ਜਾਵੇ । ਸਨਮੁੱਖ ਬੈਠ ਕੇ ਸਤਿਗੁਰਾਂ ਦੇ ਬਚਨ ਸਰਵਣ ਕਰਕੇ ਹਿਰਦੇ ਵਿਚਲੀ ਵਿਕਾਰਾਂ ਦੀ ਮੈਲ ਧੋਣੀ ਹੈ । ਸਹਿਜ ਪਾਠ ਕਰਨ ਦੀ ਕੇਵਲ ਏਹੀ ਸਚੀ ਮਰਯਾਦਾ ਹੈ । ਏਸੇ ਮਰਯਾਦਾ ਨੇ ਬੇੜੇ ਪਾਰ ਕਰਨੇ ਸਨ । ਪਰ ਅਸੀਂ ਕੀ ਕਰਦੇ ਹਾਂ ?

ਭਾਈਆਂ ਦੇ ਜਾਂ (ਕਥਿਤ) ਸੰਤਾਂ ਮਹਾਂਪੁਰਖਾਂ ਦੇ ਕਹਿਣ ਤੇ ਧੂਪ ਸਮੱਗ੍ਰੀ ਲਿਆਂਦੀ ਜਾਂਦੀ ਹੈ । ਸਤਿਗੁਰਾਂ ਦੇ ਪੀਹੜੇ ਕੋਲ ਇੱਕ ਹੋਰ ਥਾਂ ਸੁਆਰੀ ਜਾਂਦੀ ਹੈ ਜਿਥੇ ਧੂਪੀਏ ਨੇ ਬੈਠ ਕੇ (ਸਤਿਗੁਰਾਂ ਦੇ ਬਚਨਾਂ ਤੋਂ ਸੰਤੁਸ਼ਟ ਨਾ ਹੋ ਕੇ ਗੁਟਕੇ ਤੇ ਲਿਖੀਆਂ) ਬਾਣੀਆਂ ਦਾ ਪਾਠ ਗੁਰਦੇਵ ਜੀ ਦੇ ਨਾਲ ਕਰੀ ਜਾਣਾ ਹੈ । ਪਾਣੀ ਦਾ ਭਰਿਆ ਘੜਾ ਲਾਲ ਕੱਪੜੇ ਨਾਲ ਲਪੇਟਣ ਤੇ ਬੱਸ ਨਹੀਂ ਕੀਤੀ ਜਾਂਦੀ, ਉਸ ਉਤੇ ਲਾਲ ਮੌਲੀ ਲਪੇਟੀ ਜਾਂਦੀ ਹੈ । ਪੂਰੇ ਬ੍ਰਾਹਮਣਵਾਦ ਦਾ ਪ੍ਰਤੱਖ ਪ੍ਰਭਾਵ ਪਾਉਣ ਲਈ ਉਸ ਘੜੇ ਨੂੰ ਕਣਕ ਦੇ ਦਾਣਿਆਂ ਦੀ ਥਾਲੀ ਵਿਚ ਟਿਕਾ ਕੇ ਸਤਿਗੁਰਾਂ ਦੇ ਕੋਲ ਰੱਖਆ ਜਾਂਦਾ ਹੈ । ਅਖੇ ਮਨੁੱਖੀ ਮਨ ਤੇ ਨਹੀਂ ਸਗੋ ਗੁਰਬਾਣੀ ਦਾ ਅਸਰ ਪਾਣੀ ਤੇ ਬੜੀ ਛੇਤੀ ਹੁੰਦਾ ਹੈ । ਘੜੇ ਵਿਚਲਾ ਪਾਣੀ ਗੁਰਬਾਣੀ ਸੁਣਦਾ ਰਹਿ ਕੇ ਅੰਮ੍ਰਿਤ ਬਣ ਜਾਂਦਾ ਹੈ । ਅਜੇਹੇ ਭਰਮ ਵਿਚ ਫ਼ਸਿਆ ਸਿੱਖ ਗੁਰੂ ਤੋਂ ਦੂਰ ਤੋਂ ਦੂਰ ਹੁੰਦਾ ਜਾ ਰਿਹਾ ਹੈ ।

ਭਿਡਰਾਂ ਵਾਲੇ ਸੰਤਾਂ ਨੇ ਪੁਸਤਕ ਦੇ ੧੬੩ ਸਫ਼ੇ ਤੇ, ਮਿਰਤਕ ਨਮਿਤ ਕੀਤੇ ਜਾਣ ਵਾਲੇ ਪਾਠ ਲਈ ਸਾਧ-ਮਰਯਾਦਾ ਇਉਂ ਲਿਖੀ ਹੈ:---

> " ਸਭ ਤੋਂ ਪਹਿਲਾਂ ਜੋ ਅਖੰਡ ਪਾਠ ਜਾਂ ਸਾਧਾਰਨ ਪਾਠ ਕੀਤਾ ਜਾਵੇ, ਤਾਂ ' ਅਠਾਰਹ ਦਸ ਬੀਸਂ ਮਗਰੋਂ ਸਿਰਫ਼ ' ਸਦ ' ਦਾ ਪਾਠ ਕਰਨਾ'
> ਜੇ ਫਿਰ ਬਰਸੀ ਮਨਾਈ ਜਾਵੇ ਤਾਂ ਜਿਵੇਂ ਆਮ ਮ੍ਰਯਾਦਾ ਹੈ ਓਹ ਰਖਣੀ । ਸ੍ਰੀ ਅਖੰਡ ਪਾਠ ਦੇ ਬਾਅਦ ਸ੍ਰੀ ਜਪੁਜੀ ਸਾਹਿਬ ਸੰਪੂਰਨ
> ਤੇ ਸਾਧਾਰਨ ਪਾਠ ਦੇ ਮਗਰੋਂ ਜਪੁਜੀ ਦੀਆਂ ਪਉੜੀਆਂ ਤੇ ਸਲੋਕ ਪੜ੍ਹ ਕੇ ਭੋਗ ਪਾਉਣਾ ਤੇ ਕੀਰਤਨ ਕਰਨਾ ਜ਼ਰੂਰੀ ਹੈ---

ਫਿਰ ਉਸੇ ਗੁਰਮਤਿ ਰਹਿਤ ਮਰਯਾਦਾ ਪੁਸਤਕ ਦੇ ੧੭੧ ਸਫ਼ੇ 'ਤੇ ਗੁਰੂ ਗ੍ਰੰਥ ਸਾਹਿਬ ਜੇ ਪਾਠ ਕਰਨ ਦੇ **੩੪ " ਖ਼ਾਸ ਨਿਯਮ "** ਲਿਖ ਕੇ ਗੁਰੂ ਮਹਾਰਾਜ ਦਾ ਪਾਠ ਇੱਕ ਕਰਮਕਾਂਡੀ ਬੰਧਨ ਬਣਾ ਦਿੱਤਾ ਹੈ । ਪਾਠਕਾਂ ਦੀ ਜਾਣਕਾਰੀ ਲਈ ਮਹਾਂਪੁਰਖਾਂ ਵਲੋਂ ਲਿਖੇ ਨਿਯਮਾਂ ਵਿਚੋਂ ਕੁਝ ਨਿਯਮਾ ਬਾਰੇ ਗੁਰਮਤਿ ਕਰ ਲੈਣੀ ਲਾਹੇਵੰਦ ਰਹੇਗੀ । ਪਰ ਇਹ ਗੁਰੂ-ਫ਼ੁਰਮਾਨ ਸਦਾ ਯਾਦ ਰਖੀਏ ਕਿ--

੨੯- **ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥**
**ਕਹੁ ਨਾਨਕ ਪ੍ਰਭ ਬਿਰਦੁ ਪਛਾਨਿਉ ਤਬ ਹਉ ਪਤਿਤ ਤਰਉ ॥ ੨ ॥**[੬੮੫]-੪-੯-੯

## ੭

# ' ਧੂਪ ' ਧੁਖਾਉਣਾ ਅਤੇ ਗੁਰਬਾਣੀ

ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਪਾਠ ਕਰਨ ਦੇ ਖ਼ਾਸ ਨਿਯਮਾਂ ਵਿਚ, ' ਗੁਰਦੁਆਰੇ ਤੇ ਮਹਾਰਾਜ ਜੀ ਦੇ ਪ੍ਰਕਾਸ਼ ਅਸਥਾਨ ਤੇ ਦੋਹੀ ਥਾਂਈ, ਦੋਵੇਂ ਵਕਤ **ਧੂਪ ਧੁਖਾਉਣ ਨੂੰ ਪਹਿਲ ਦਿੱਤੀ ਹੈ** । ਗੁਰੂ ਮਹਾਰਾਜ ਦੇ ਕਮਰੇ ਦੇ ਅੰਦਰ ਦੀ ਹਵਾ ਨੂੰ ਸੁਗੰਧਤ ਰਖਣਾ ਹਰ ਸ਼ਰਧਾਵਾਨ ਦਾ ਜ਼ਰੂਰੀ ਫ਼ਰਜ਼ ਬਣਦਾ ਹੈ । ਇਹ ਕਾਰਜ ਸੁਗੰਧੀ ਵਾਲੇ ਫੁੱਲ ਰਖਣ ਨਾਲ ਵੀ ਹੋ ਸਕਦਾ ਹੈ, ਅਥਵਾ ਹੋਰ ਸੁਗੰਧੀ ਵੀ ਛਿੜਕੀ ਜਾ ਸਕਦੀ ਹੈ । ਪਰ ਕਿਸੇ ਉਚੇਚੇ ਨੇਮ ਅਨੁਸਾਰ ਕੇਵਲ ਧੂਪ ਧੁਖਾਉਣ ਦੀ ਗੱਲ, ਬ੍ਰਾਹਮਣੀ ਭਰਮ ਹੈ । ਦੇਵੀ ਦੇਵਤੇ ਦੀ ਆਰਤੀ ਕਰਨ ਲੱਗਿਆਂ ਹੋਰ ਸਮੱਗਰੀ ਦੇ ਨਾਲ ਧੂਪ ਦਾ ਹੋਣਾ, ਹਜ਼ਾਰਾਂ ਸਾਲਾਂ ਤੋਂ ਜ਼ਰੂਰੀ ਬਣਿਆਂ ਹੋਇਆ ਹੈ । ਕਈ ਸਾਧ ਸੰਤ, ਜੋਗੀ ਜੰਗਮ, ਭਾਂਡਿਆਂ ਵਿਚ ਧੁਖਦਾ ਧੂਪ ਫੜੀ, ਘਰ ਘਰ ਫਿਰਦੇ ਵੇਖੇ ਜਾਂਦੇ ਹਨ । ਯੱਗਾਂ ਸਮੇ, ਹਵਨ ਕਰਨ ਸਮੇਂ ਅਤੇ ਹੋਰ ਧਰਮ ਕਰਮ ਕਰਨ ਸਮੇਂ, ਬ੍ਰਾਹਮਣ ਨੇ ਧੂਪ ਧੁਖਾਉਣਾ ਧਰਮ ਦਾ ਅੰਗ ਬਣਾਇਆ ਹੋਇਆ ਹੈ । ਪੂਜਾ ਪਾਠ ਵਾਲੀ ਥਾਂ ਕੋਲ ਧੂਪ ਧੁਖਾਉਣ ਨੂੰ ਇੱਕ ਭੇਟਾ ਸਮਝ ਕੇ, ਸ਼ਰਧਾ ਦਾ ਹਿੱਸਾ ਬਣਾ ਲੈਣ ਵਾਲਾ ਵਿਅਰਥ ਦਾ ਭਰਮ, ਬ੍ਰਾਹਮਣ ਦੀ ਦੇਣ ਹੈ । ਇਸ ਭਰਮ ਨੂੰ ਦੂਰ ਕਰਨ ਲਈ ਸਤਿਗੁਰਾਂ ਦੇ ਫ਼ੁਰਮਾਨ ਇਸ ਪ੍ਰਕਾਰ ਹਨ:--

੩੦- **ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਅਨੂਪ ॥**
**ਅਨਿਕ ਬਾਰ ਕਰਉ ਤਿਹ ਬੰਦਨ, ਮਨਹਿ ਚਰ੍ਹਾਵਉ ਧੂਪ ॥ ੧ ॥** [੭੦੧]-੪-੮

**ਅਰਥ:**--ਹੇ ਮੇਰੇ ਪ੍ਰਭੂ ! ਤੇਰਾ ਦਰਸਨ ਜੀਵਨ ਮਨੋਰਥ ਪੂਰਾ ਕਰਨ ਵਾਲਾ ਹੈ, ਤੇਰੇ ਸੋਹਣੇ ਚਰਨ ਬੇ-ਮਿਸਾਲ ਹਨ । ਮੈਂ (ਤੇਰੇ) ਇਨ੍ਹਾਂ ਚਰਨਾਂ ਉਤੇ ਅਨੇਕਾਂ ਵਾਰੀ ਨਮਸਕਾਰ ਕਰਦਾ ਹਾਂ, ਆਪਣਾ ਮਨ ਹੀ (ਧੂਪ ਵਜੋ ਤੇਰੇ ਚਰਨਾਂ ਅੱਗੇ) ਭੇਟਾ ਧਰਦਾ ਹਾਂ । ਭਾਵ, ਕਿਸੇ ਵਿਖਾਵੇ ਲਈ ਮੈਂ ਧੂਪ ਨਹੀਂ ਧੁਖਾਉਂਦਾ, ਹਉਮੈ ਨਾਲੋਂ ਖਾਲੀ, ਆਪਾ ਭਾਵ ਤੋ ਰਹਿਤ, ਸ਼ਰਧਾ ਨਾਲ ਭਰਿਆ, **ਆਪਣਾ ਮਨ** ਹੀ ਤੇਰੇ ਅਰਪਣ ਕਰਦਾ ਹਾਂ) । ੨ ।

੩੧- **ਧੂਪ ਦੀਪ ਸੇਵਾ ਗੋਪਾਲ ॥ ਅਨਿਕ ਬਾਰ ਬੰਦਨ ਕਰਤਾਰ ॥**
**ਪ੍ਰਭ ਕੀ ਸਰਣਿ ਗਹੀ ਸਭ ਤਿਆਗਿ ॥ ਗੁਰ ਸੁਪ੍ਰਸੰਨ ਭਏ ਵਡਭਾਗਿ ॥ ੧ ॥**[੮੯੬]-੧੨-੧੪

**ਅਰਥ:**--(ਕਰਮ ਕਾਂਡੀ ਲੋਕ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ, ਉਨ੍ਹਾਂ ਦੇ ਅੱਗੇ ਧੂਪ ਧੁਖਾਉਂਦੇ ਹਨ ਅਤੇ ਦੀਵੇ ਬਾਲਦੇ ਹਨ, ਪਰ) ਜਿਸ ਮਨੁੱਖ ਉੱਤੇ ਵਡੀ ਕਿਸਮਤ ਨਾਲ ਗੁਰੂ ਮਿਹਰਬਾਨ ਹੋ ਪਏ, ਉਹ (ਧੂਪ ਦੀਪ ਆਦਿਕ ਵਾਲੀ) ਸਾਰੀ ਕ੍ਰਿਆ ਛੱਡ ਕੇ ਪ੍ਰਭੂ ਦਾ ਆਸਰਾ ਲੈਂਦਾ ਹੈ, ਪਰਮਾਤਮਾ ਦੇ ਦਰ ਤੇ ਹਰ ਵੇਲੇ ਸਿਰ ਨਿਵਾਣਾ, ਪਰਮਾਤਮਾ ਦੀ ਭਗਤੀ ਕਰਨੀ ਹੀ, ਉਸ ਮਨੁੱਖ ਵਾਸਤੇ ' ਧੂਪ ਦੀਪ ' ਦੀ ਕ੍ਰਿਆ ਹੈ । ੧ ।

੩੨- **ਕੁਲ ਰੂਪ ਧੂਪ ਗਿਆਨ ਹੀਨੀ ਤੁਝ ਬਿਨਾ ਮੋਹਿ ਕਵਨ ਮਾਤ ॥**
**ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥ ੧ ॥**[੪੬੨]-ਛੰਤ-੧-੧੪

**ਅਰਥ:**--(ਹੇ ਪਿਆਰੇ ਪ੍ਰਭੂ !) ਮੇਰੀ ਚੰਗੀ ਕੁਲ ਨਹੀਂ, ਮੇਰਾ ਸੁੰਦਰ ਰੂਪ ਨਹੀਂ ਅੰਦਰ ਗੁਣਾ ਦੀ ਸੁਗੰਧੀ (-ਧੂਪ) ਨਹੀਂ, ਮੈਨੂੰ ਆਤਮਕ ਜੀਵਨ ਦੀ ਸੂਝ ਬੂਝ ਨਹੀਂ । ( ਹੇ ਪਿਆਰੇ ! ) ਤੈਥੋਂ ਬਿਨਾ ਮੇਰਾ ਕੋਈ ਰਾਖਾ ਨਹੀਂ । (ਤੇਰਾ ਸੇਵਕ) ਨਾਨਕ ਦੋਵੇਂ ਹਥ ਜੋੜ ਕੇ ਤੇਰੀ ਸਰਨ ਪਿਆ ਹੈ, ਹੇ ਪਿਆਰੇ ! ਹੇ ਨਾਥ ! ਹੇ ਪ੍ਰਭੂ ! ਮੇਰੀ ਆਤਮ ਅਵਸਥਾ ਉੱਚੀ ਬਣਾ । ੧ ।

੩੩- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥**[੬੬੩]-੧-੭-੯

**ਅਰਥ:**--ਸਾਰਾ ਆਕਾਸ਼ (ਮਾਨੋ) ਥਾਲ ਹੈ, ਸੂਰਜ ਤੇ ਚੰਦ (ਇਸ ਥਾਲ ਵਿਚ) ਦੀਵੇ ਬਣੇ ਹੋਏ ਹਨ, ਤਾਰਿਆਂ ਦੇ ਸਮੂਹ, (ਥਾਲ ਵਿਚ) ਮੋਤੀ ਰੱਖੇ ਹੋਏ ਹਨ । (ਚੰਦਨ ਦੇ ਰੁਖਾਂ ਨਾਲ ਭਰੇ ਹੋਏ) ਮਲਯ ਪਰਬਤ ਵਲੋਂ ਆਉਣ ਵਾਲੀ ਹਵਾ, ਮਾਨੋਂ, ਧੂਪ (ਧੁਖ ਰਿਹਾ) ਹੈ, ਹਵਾ ਚੌਰ ਕਰ ਰਹੀ ਹੈ, ਸਾਰੀ ਬਨਾਸਪਤੀ ਜੋਤਿ-ਰੂਪ (ਪ੍ਰਭੂ ਦੀ ਆਰਤੀ) ਲਈ ਫੁੱਲ ਦੇ ਰਹੀ ਹੈ । ੧ । (ਭਾਵ, ਸਾਰੀ ਕਾਇਨਾਤ, ਸਾਰੀ ਸਿਰਜਣਾਂ ਜਿਸ ਅਪਾਰ ਪ੍ਰਭੂ ਦੀ ਆਰਤੀ ਨਿਰੰਤਰ ਕਰ ਰਹੀ ਹੈ, ਫਿਰ ਛੋਟੀ ਜਿਹੀ ਥਾਲੀ ਵਿਚ ਦੀਵੇ, ਧੂਪ, ਮੋਤੀਆਂ ਆਦਿ ਵਸਤੂਆਂ ਸਜਾ ਕੇ ਅਤੇ ਧੂਪ ਧੁਖਾ ਕੇ, ਆਰਤੀ ਕਰਨ ਵਾਲਾ ਪਖੰਡ, ਉਸ ਅਗੰਮ, ਅਥਾਹ, ਅਗੋਚਰ ਪ੍ਰਭੂ ਦੀ ਘੋਰ ਨਿਰਾਦਰੀ ਭਰਿਆ ਮਖ਼ੌਲ ਕਰਨ ਦਾ ਉਗਰ ਪਾਪ ਹੈ )

ਭਗਤਾਂ ਦੀ ਬਾਣੀ ਵਿਚ ਵੀ ਧੂਪ ਲਫ਼ਜ਼ ਆਇਆ ਹੈ । ਕਈਆਂ ਨੇ ਨੁਕਤਾ ਚੀਨੀ ਕੀਤੀ ਹੈ ਕਿ ਭਗਤਾਂ ਦੀ ਬਾਣੀ ਗੁਰਮਤਿ ਦੇ ਅਨਕੂਲ ਨਹੀਂ ਹੈ । ਸਾਰੇ ਇਤਿਹਾਸਕਾਰਾਂ ਨੇ ਮੰਨਿਆਂ ਹੈ ਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪ ਇਕੱਤ੍ਰ ਕੀਤੀ ਸੀ । ਗੁਰਬਾਣੀ ਦੇ ਕਈ ਸ਼ਬਦਾਂ ਤੋ ਵੀ ਏਹੀ ਸਿੱਧ ਹੁੰਦਾ ਹੈ ਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਕੋਲ ਮੌਜੂਦ ਸੀ । ਇਸ ਲਈ ਅਜੇਹਾ ਸੋਚਣਾ ਅਭੁੱਲ ਗੁਰੂ ਨਾਨਕ ਜੀ ਨੂੰ ਭੁੱਲੜ ਕਹਿਣ ਦਾ ਪਾਪ ਹੈ । ਰਹਾਉ ਦੀ ਤੁਕ ਦੇ ਨਾਲ ਪੂਰੇ ਸ਼ਬਦ ਦੀ ਵਿਚਾਰ ਤੋਂ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਸਤਿਗੁਰਾਂ ਦੇ ਆਸ਼ੇ ਦੇ ਅਨਕੂਲ ਹੈ । ਜਿਵੇਂ ਭਗਤ ਰਵਿਦਾਸ ਜੀ ਦੇ ਸ਼ਬਦ ਵਿਚ ਤੁਕ ਹੈ--**ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥**ਇਸ ਤੁਕ ਤੋਂ ਧੂਪ ਦੀ ਵਰਤੋਂ ਦੀ ਖੰਡਨਾਂ ਸਪੱਸ਼ਟ ਸਿੱਧ ਨਹੀਂ ਹੁੰਦੀ । ਸੋ ਭਿੰਡਰਾਂ ਵਾਲੇ ਸੰਤਾਂ ਵਰਗੇ ਡੇਰੇਦਾਰ ਥੋਹੜੇ ਯਤਨ ਨਾਲ ਹੀ ਭੁਲੇਖਾ ਪਾ ਸਕਦੇ ਹਨ । ਪਰ ਜੇ ਸਾਰਾ ਸ਼ਬਦ ਵਿਚਾਰੀਏ ਤਾਂ ਭਰਮ ਦੂਰ ਹੋ ਜਾਂਦਾ ਹੈ । ਸ਼ਬਦ ਇਸ ਪ੍ਰਕਾਰ ਹੈ:-

੩੪- **ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ ॥ ੧ ॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ, ਅਨੂਪ ਨ ਪਾਵਉ ॥ ੧ ॥ ਰਹਾਉ ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰਪਰਸਾਦਿ ਨਿਰੰਜਨੁ ਪਾਵਉ ॥ ੪ ॥ ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥**[੫੨੫]-੧

**ਅਰਥ :**--ਦੁਧ ਤਾਂ ਥਣਾਂ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ, ਫੁੱਲ ਭੌਰੇ ਨੇ (ਸੁੰਘ ਕੇ) ਤੇ ਪਾਣੀ ਮੱਛੀ ਨੇ ਖ਼ਰਾਬ ਕਰ ਦਿੱਤਾ (ਸੋ, ਦੁੱਧ, ਫੁੱਲ ਤੇ ਪਾਣੀ, ਇਹ ਤਿੰਨੇ ਹੀ ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟਾ ਕਰਨ ਜੋਗੇ ਨਾਂਹ ਰਹਿ ਗਏ **। ੧ ।** ਹੇ ਮਾਂ ! ਗੋਬਿੰਦ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟਾ ਕਰਾਂ ? ਕੋਈ ਹੋਰ (ਸੁੱਚਾ) ਫੁੱਲ (ਆਦਿਕ ਮਿਲ) ਨਹੀਂ ਸਕਦਾ । ਕੀ ਮੈਂ (ਇਸ ਘਾਟ ਕਰ ਕੇ) ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ ? **। ੧ । ਰਹਾਉ ।** ਚੰਦਨ ਦੇ ਬੂਟਿਆਂ ਨੂੰ ਸੱਪ ਚੰਬੜੇ ਹੋਏ ਹਨ (ਤੇ ਉਨ੍ਹਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ), ਜ਼ਹਿਰ ਤੇ ਅੰਮ੍ਰਿਤ (ਵੀ ਸਮੁੰਦਰ ਵਿਚ) ਇਕੱਠੇ ਹੀ ਵੱਸਦੇ ਹਨ **। ੨ ।** ਸੁਗੰਧੀ ਆ ਜਾਣ ਕਰ ਕੇ ਧੂਪ ਦੀਪ ਤੇ ਨੈਵੇਦ (-ਦੇਵਤੇ ਦਾ ਭੋਗ ਲਵਾਉਣ ਲਈ ਭੋਜਨ) ਵੀ ( ਜੂਠੇ ਹੋ ਜਾਂਦੇ ਹਨ), (ਫਿਰ ਹੇ ਪ੍ਰਭੂ ! ਜੇ ਤੇਰੀ ਪੂਜਾ ਇਨ੍ਹਾਂ ਚੀਜ਼ਾਂ ਨਾਲ ਹੀ ਹੋ ਸਕਦੀ ਹੋਵੇ, ਤਾਂ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ) ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਰਨ ? **। ੩ ।** [ਨੋਟ:--ਅਜੇਹੀ ਪੂਜਾ ਸਮੱਗ੍ਰੀ ਅਤੇ ਉਚੇਚੀ ਸੁੱਚਮ-ਭਰਮ ਵਾਲੀਆਂ ਬੰਦਸ਼ਾਂ ਲਾਉਣ ਵਾਲੇ ਬ੍ਰਾਹਮਣ ਅਤੇ ਸਿੱਖਾਂ ਵਿਚ ਆ ਵੜੇ ਡੇਰਾ-ਵਾਦ ਮਹਾਂਪੁਰਖਾਂ ਦੇ ਮੂੰਹ ਤੇ, ਭਗਤ ਜੀ ਨੇ ਕਿਡੀ ਕਰਾਰੀ ਚਪੇੜ ਮਾਰੀ ਹੈ । ਇਹ ਦੋਵੇਂ ਭਰਮ, ਡੇਰਾ-ਵਾਦੀ ਮਹਾਂ ਪੁਰਖਾਂ ਨੇ, ਸਿੱਖ ਜਗਤ ਵਿਚ ਲਿਆ ਵਾੜੇ ਹਨ]

( ਹੇ ਪ੍ਰਭੂ !) ਮੈਂ ਆਪਣਾ ਤਨ ਤੇ ਮਨ ਅਰਪਣ ਕਰਦਾ ਹਾਂ, ਤੇਰੀ ਪੂਜਾ ਵਜੋਂ ਇਹ ਭੇਟਾ ਕਰਦਾ ਹਾਂ, (ਇਸ ਭੇਟਾ ਨਾਲ ਹੀ) ਸਤਿਗੁਰ ਦੀ ਮਿਹਰ ਦੀ ਬਰਕਤਿ ਨਾਲ ਤੈਨੂੰ ਮਾਇਆ-ਰਹਿਤ ਨੂੰ ਲੱਭ ਸਕਦਾ ਹਾਂ **। ੪ ।** ਰਵਿਦਾਸ ਆਖਦਾ ਹੈ--(ਹੇ ਪ੍ਰਭੂ ! ਜੇ ਸੁੱਚੇ ਦੁਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾ ਨਾਲ ਹੀ ਤੇਰੀ ਪੂਜਾ ਹੋ ਸਕਦੀ ਤਾਂ ਕਿਤੇ ਵੀ ਇਹ ਸ਼ੈਆਂ ਸੁੱਚੀਆਂ ਨਾਂ ਮਿਲਣ ਕਰਕੇ) ਮੇਥੋਂ ਤੇਰੀ ਪੂਜਾ ਤੇਰੀ ਭਗਤੀ ਹੋ ਹੀ ਨਹੀਂ ਸਕਦੀ, ਤਾਂ ਫਿਰ (ਹੇ ਪ੍ਰਭੂ !) ਮੇਰਾ ਕੀ ਹਾਲ ਹੁੰਦਾ ? । ੫ ।

ਏਸੇ ਤਰ੍ਹਾਂ ਹੀ ਭਗਤ ਸੈਣ ਜੀ ਦੇ ਸ਼ਬਦ ਦੀ ਇਹ ਤੁਕ--**ਧੂਪ ਦੀਪ ਘ੍ਰਿਤ ਸਾਜਿ ਆਰਤੀ ॥** ਦੇ ਅਰਥ ਵੀ ਪੂਰੇ ਸ਼ਬਦ ਦੀ ਵਿਚਾਰ ਤੋਂ ਹੀ ਸਾਫ਼ ਹੁੰਦੇ ਹਨ । ਹੇਠਾਂ ਲਿਖੇ ਸ਼ਬਦ ਦੇ ਪਦ ਅਰਥ ਸਮਝਣੇ ਵੀ ਜ਼ਰੂਰੀ ਹਨ । ਸ਼ਬਦ ਇਸ ਪ੍ਰਕਾਰ ਹੈ:---

੩੫- **ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥ ੧ ॥ ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥ ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀ ਨਿਰੰਜਨੁ ਕਮਲਾਪਾਤੀ ॥ ੨ ॥ ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥ ੩ ॥ ਮਦਨ ਮੂਰਤਿ ਭੈ, ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥ ੪ ॥**[੬੯੫]-੨

**ਪਦ ਅਰਥ:**--ਘ੍ਰਿਤ--ਘਿਉ । ਸਾਜਿ--ਸਾਜ ਕੇ ਇਕੱਠੀਆਂ ਕਰਕੇ । ਵਾਰਨੇ ਜਾਉ--ਮੈਂ ਸਦਕੇ ਜਾਂਦਾ ਹਾਂ । ਕਮਲਾਪਤੀ--ਲੱਛਮੀ ਦਾ ਪਤੀ, ਪਰਮਾਤਮਾ **। ੧ ।** ਮੰਗਲੁ--ਆਨੰਦ, ਸੁਖਦਾਈ ਸੁਲੱਖਣੀ ਮਰਯਾਦਾ । ਰਾਜਾ--ਮਾਲਕ । ਕੋ--ਦਾ (ਭਾਵ, ਦਾ ਬਖ਼ਸ਼ਿਆ ਹੋਇਆ **। ਰਹਉ ।** ਦੀਅਰਾ--ਸੋਹਣਾ ਜਿਹਾ ਦੀਵਾ । ਨਿਰੰਜਨ--ਮਾਇਆ ਤੋਂ ਰਹਿਤ, ਅਕਾਲ-ਪੁਰਖ **। ੨ ।** ਰਾਮ ਭਗਤਿ--ਪਰਮਾਤਮਾਂ ਦੀ ਭਗਤੀ ਰਾਹੀਂ । ਰਾਮਾਨੰਦੁ--[ਰਾਮ + ਆਨੰਦ ] ਪਰਮਾਤਮਾਂ ਦੇ ਮੇਲ ਦਾ ਅਨੰਦ । ਪੂਰਨ--ਸਰਬ ਵਿਆਪਕ । ਬਖਾਨੈ--ਉਚਾਰਦਾ ਹੈ, ਗੱਲਾਂ ਕਰਦਾ ਹੈ **। ੩ ।** ਮਦਨ ਮੂਰਤਿ--ਉਹ ਮੂਰਤਿ ਜਿਸ ਨੂੰ ਵੇਖ ਕੇ ਮਸਤੀ ਆ ਜਾਏ, ਸੋਹਣੇ ਸਰੂਪ ਵਾਲਾ । ਭੈ ਤਾਰਿ--ਡਰਾਂ ਤੋਂ ਪਾਰ ਲੰਘਾਉਣ ਵਾਲਾ । ਗੋਬਿੰਦੇ--ਹੇ ਗੋਬਿੰਦ ! ਹੇ ਧਰਤੀ ਦੀ ਪਾਲਣਾ ਕਰਨ ਵਾਲੇ ਪਰਮਾਤਮਾਂ ! ਭਣੈ--ਆਖਦਾ ਹੈ । ਪਰਮਾਨੰਦੇ--ਪਰਮ ਆਨੰਦ ਮਾਨਣ ਵਾਲੇ ਨੂੰ । ੪ ।

**ਅਰਥ:**--ਹੇ ਮਾਇਆ ਦੇ ਮਾਲਕ ਪ੍ਰਭੂ ! ਮੈਂ ਤੈਥੋਂ ਸਦਕੇ ਜਾਂਦਾ ਹਾਂ (ਹਿਰਦੇ ਤੋਂ ਉਪਜੇ ਸੱਚੇ ਪਿਆਰ ਅਤੇ ਸਿਦਕ ਨਾਲ <u>ਤੈਥੋਂ ਸਦਕੇ ਜਾਣਾਂ ਹੀ</u>) ਧੂਪ ਦੀਵੇ ਤੇ ਘਿਉ (ਆਦਿਕ) ਸਮੱਗ੍ਰੀ ਇਕੱਠੇ ਕਰ ਕੇ ਤੇਰੀ ਆਰਤੀ ਕਰਨੀ ਹੈ **। ੧ ।** ਹੇ ਹਰੀ ! ਹੇ ਰਾਜਨ ! ਹੇ ਰਾਮ ! ਤੇਰੀ ਮਿਹਰ ਨਾਲ (ਮੇਰੇ ਅੰਦਰ) ਸਦਾ (ਤੇਰੇ ਨਾਮ-ਸਿਮਰਨ ਦਾ) ਅਨੰਦ ਮੰਗਲ ਹੋ ਰਿਹਾ ਹੈ **। ੧ । ਰਹਾਉ ।** ਹੇ ਕਮਲਾਪਤੀ ਤੂੰ ਨਿਰੰਜਨ ਹੀ ਮੇਰੇ ਲਈ (ਆਰਤੀ ਕਰਨ ਲਈ) ਸੋਹਣਾ ਚੰਗਾ ਦੀਵਾ ਤੇ ਸਾਫ਼ ਸੁਥਰੀ ਵੱਟੀ ਹੈਂ **। ੨ ।** ਜੋ ਮਨੁੱਖ ਸਰਬ-ਵਿਆਪਕ ਪਰਮ ਆਨੰਦ-ਰੂਪ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਪ੍ਰਭੂ ਦੀ ਭਗਤੀ ਦੀ ਬਰਕਤਿ ਨਾਲ ਉਸ ਦੇ ਮਿਲਾਪ ਦਾ ਆਨੰਦ ਮਾਣਦਾ ਹੈ **। ੩ ।** ਸੈਣ ਆਖਦਾ ਹੈ--(ਹੇ ਮੇਰੇ ਮਨ !) ਉਸ ਪਰਮ-ਆਨੰਦ ਪਰਮਾਤਮਾਂ ਦਾ ਸਿਮਰਨ ਕਰ, ਜੋ ਸੋਹਣੇ ਸਰੂਪ ਵਾਲਾ ਹੈ, ਜੋ (ਸੰਸਾਰ ਦੇ) ਡਰਾਂ ਤੋਂ ਪਾਰ ਲੰਘਾਉਣ ਵਾਲਾ ਹੈ ਤੇ ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਹੈ । (ਬਸ ਏਹੀ ਹੈ ਉਸ ਦੀ ਆਰਤੀ ) । ੪ ।

੩੬- **ਕਾਯਉ ਦੇਵਾ ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਉ ਪੂਜਉ ਪਾਤੀ ॥ ੧ ॥**[੬੯੫]-੩

**ਅਰਥ:**--ਕਾਇਆ (ਦੀ ਖੋਜ) ਹੀ ਮੇਰਾ ਦੇਵਤਾ ਹੈ (ਜਿਸ ਦੀ ਮੈਂ ਆਰਤੀ ਕਰਨੀ ਹੈ), ਸਰੀਰ (ਦੀ ਖੋਜ) ਹੀ ਮੇਰਾ ਮੰਦਰ ਹੈ (ਜਿਥੇ ਮੈਂ ਸਰੀਰ ਅੰਦਰ ਵੱਸਦੇ ਪ੍ਰਭੂ ਦੀ ਆਰਤੀ ਕਰਦਾ ਹਾਂ), ਕਾਇਆ (ਦੀ ਖੋਜ) ਹੀ ਮੈਂ ਜੰਗਮ ਅਤੇ ਜਾਤ੍ਰ ਲਈ (ਤੀਰਥ ਦੀ ਜਾਤ੍ਰਾ ਹੈ । ਸਰੀਰ (ਦੀ ਖੋਜ) ਹੀ ਮੇਰੇ ਵਾਸਤੇ ਅੰਦਰ ਵੱਸਦੇ ਦੇਵਤੇ ਲਈ) ਧੂਪ ਦੀਪ ਦੇ ਨੈਵੇਦ ਹੈ, ਕਾਇਆ ਦੀ ਖੋਜ (ਕਰ ਕੇ) ਹੀ ਮੈ ਮਾਨੋ, ਪੱਤਰ ਭੇਟ ਰੱਖ ਕੇ (ਆਪਨੇ ਅੰਦਰ ਵੱਸਦੇ ਇਸ਼ਟ ਦੀ) ਪੂਜਾ ਕਰ ਰਿਹਾ ਹਾਂ । ੧ ।

੩੭- **ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਧੂਪੁ ॥ ੭ ॥** [੧੦੧੦]-੩

**ਅਰਥ:**--ਪਰਮਾਤਮਾ ਇਨ੍ਹਾਂ ਸਰੀਰਾਂ ਦਾ ਮਾਲਕ ਹੈ, (ਜੀਵਾਂ ਨੂੰ ਪਿਆਰ ਕਰਨ ਵਿਚ ਹਰ ਵੇਲੇ) ਨਵਾਂ ਹੈ, ਬਾਲਕ (ਵਾਂਗ ਉਹ ਨਿਰਵੈਰ) ਹੈ, ਉਹ ਅਨੋਖੇ ਕੌਤਕ ਕਰਨਹਾਰ ਹੈ । ਪਰਮਾਤਮਾ ਸਦਾ ਥਿਰ ਰਹਿਣ ਵਾਲਾ ਹੈ, ਅਕਲ ਦਾ ਪੁੰਜ ਹੈ, (ਇਸਤ੍ਰੀ, ਮਰਦ ਪੰਛੀ ਆਦਿਕ ਸਭਨਾਂ ਵਿਚ ਮੌਜੂਦ ਹੈ) ਪਰ ਉਹ ਖ਼ਾਸ ਇਸਤ੍ਰੀ ਨਹੀਂ, ਕੋਈ ਖ਼ਾਸ ਮਰਦ ਨਹੀਂ, ਕੋਈ ਖ਼ਾਸ ਪੰਛੀ ਨਹੀਂ । ਜਗਤ ਵਿਚ ਉਹੀ ਕੁਝ ਹੋ ਰਿਹਾ ਹੈ ਜੋ ਉਸ ਨੂੰ ਭਾਉਂਦਾ ਹੈ । ਹੇ ਪ੍ਰਭੂ ! ਤੂੰ ਸਭ ਜੀਵਾਂ ਨੂੰ ਚਾਨਣ (ਗਿਆਨ) ਦੇਣ ਵਾਲਾ ਹੈਂ, ਤੂੰ ਸਭ ਨੂੰ ਸੁਗੰਧੀ (ਪਿੱਠਾ ਸੁਭਾਉ) ਦੇਣ ਵਾਲਾ ਹੈਂ । ੭ ।

੩੮- **ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥ ਮਿਲਤ ਸੰਗਿ ਪਾਪਿਸਟ ਤਨ ਹੋਏ ਦੁਗਾਦਿ ॥ ੨ ॥**[੮੧੦]-੮-੩੫

ਅਰਥ:--(ਪ੍ਰਭ ਦੇ ਨਾਮ ਤੋਂ ਖੁੰਝ ਕੇ) ਮਹਾ ਵਿਕਾਰੀ ਮਨੁੱਖ (ਸਰੀਰ ਦਾ ਮਾਣ ਕਰਦਾ ਹੈ, ਪਰ ਇਸ) ਸਰੀਰ ਦੇ ਨਾਲ ਛੁਹ ਕੇ ਸੋਹਣੇ ਪਦਾਰਥ, ਧੂਪ ਆਦਿਕ ਸੁਗੰਧੀਆ, ਕੱਪੜੇ, ਚੰਗੇ ਚੰਗੇ ਖਾਣੇ ( ਇਹ ਸਾਰੇ ਹੀ) ਦੁਰਗੰਧੀ ਦੇਣ ਵਾਲੇ ਬਣ ਜਾਂਦੇ ਹਨ । ੨ ।

ਮਾਲਾ ਅਥਵਾ ਸਿਮਰਨੇ ਵਾਂਗ ਹੀ " ਧੂਪ ਧੁਖਾਣ " ਵਾਲਾ ਬ੍ਰਾਹਮਣੀ ਭਰਮ, ਸਿੱਖ ਜਗਤ ਵਿਚ ਬੜਾ ਪ੍ਰਚਲਤ ਹੈ । ਇਸ ਕਾਰਨ ਦਾਸ ਨੇ ਧੂਪ ਸੰਬੰਧੀ ਸਤਿਗੁਰਾਂ ਦੇ ਸਾਰੇ ਬਚਨ ਹੀ ਲਿਖਣ ਦਾ ਯਤਨ ਅਰੰਭਿਆ ਸੀ, ਉਪਰ ਲਿਖੇ ਕੇਵਲ ੮ ਗੁਰੂ-ਵਾਕ ਹੀ ਦਾਸ ਲੱਭ ਸਕਿਆ ਹੈ । ਹੋ ਸਕਦਾ ਹੈ ਕਿਸੇ ਖੋਜੀ ਵਿਦਵਾਨ ਨੂੰ ਹੋਰ ਗੁਰੂ ਸ਼ਬਦਾਂ ਦਾ ਵੀ ਪਤਾ ਹੋਵੇ । ਪਰ ਦਾਸ ਦਾ ਪੱਕਾ ਯਕੀਨ ਹੈ, ਕਿ, ਭਰਮ ਕਾਰਨ ਧੂਪ ਧੁਖਾਉਣ ਦੀ ਖੰਡਨਾਂ ਸਾਰੇ ਗੁਰੂ ਸ਼ਬਦਾਂ ਵਿਚ, ਇਕ ਸਾਰ ਹੈ । ਡੇਰਾ-ਵਾਦੀਏ ਅਖੋਤੀ ਮਹਾਂਪੁਰਖ, ਬੜੀ ਸਫਾਈ ਨਾਲ, ਗੁਰੂ ਕੇ ਸਿੱਖ ਨੂੰ, ਬ੍ਰਾਹਮਣ-ਵਾਦ ਨਾਲ ਜੋੜੀ ਜਾ ਰਹੇ ਹਨ । ਜੇ ਸਮੁੱਚੇ ਤੌਰ ਤੇ ਪੰਥ ਨੇ ਇਨ੍ਹਾਂ ਭੇਖੀ ਧਰਮ-ਆਗੂਆਂ ਨੂੰ ਨਾ ਦੁਰਕਾਰਿਆ, ਤਾਂ ਇਹ ਭਦਰ ਪੁਰਸ਼, ਖ਼ਾਲਸਾ ਪੰਥ ਦਾ ਵੀ ਉਹੀ ਹਾਲ ਕਰ ਕੇ ਦਮ ਲੈਣਗੇ, ਜਿਹੜਾ ਪਖੰਡੀ ਧਰਮ ਆਗੂਆਂ ਨੇ, ਬੁਧ ਧਰਮ ਦਾ ਕੀਤਾ ਸੀ ।

**<u>ਭਿੰਡਰਾਂ ਵਾਲੇ ਮਹਾਂ ਪੁਰਖਾਂ ਵਲੋਂ ਪਾਏ ਹੋਰ ਭਰਮ</u>** :----

੩= ਅਖੰਡ ਪਾਠ ਸਮੇਂ ਧੂਪੀਏ ਹਰ ਵਕਤ ਬੈਠੇ ਰਹਿਣ, ਧੂਪ ਜਗਾਉਣ ਤੇ ਮੂਲ ਮੰਤਰ ਦਾ ਪਾਠ ਕਰਦੇ ਰਹਿਣ ।

ਧੂਪ ਜਗਾਈ ਰੱਖਣ ਦਾ ਨਿਵੇਕਲਾ ਭਰਮ ਚੰਗੀ ਤਰ੍ਹਾਂ ਪੱਕਾ ਕਰ ਦੇਣ ਲਈ, ਮਹਾਂ ਪੁਰਖ ਜੀ ਫਿਰ ਇਹ ਲਿਖਦੇ ਹਨ--

੪= ਮਹਾਰਾਜ ਦੇ ਹਜੂਰ ਫੁੱਲ ਚੜ੍ਹਾਉਣੇ ਹਨ ਤੇ ਖ਼ੁਸ਼ਬੋ ਛਿੜਕੇ । (ਕੌਣ ਪੁਛੇ ਕਿ, ਫਿਰ ਧੂਪ ਕਿਸ ਮਰਜ਼ ਦੀ ਦਵਾ ਸੀ ? ਕੀ ਧੂਪ ਖ਼ੁਸ਼ਬੋ ਲਈ ਨਹੀਂ ਹੁੰਦਾ ਜੋ ਫੁੱਲ ਚੜ੍ਹਾਉਂਣ ਦਾ ਅਤੇ ਖ਼ੁਸ਼ਬੋ ਛਿੜਕਣ ਵਾਲਾ ਨੇਮ, ਅੱਡਰਾ ਲਿਖ ਦਿੱਤਾ ਹੈ ? ਸਪੱਸ਼ਟ ਹੈ ਕਿ ਡੇਰਾਵਾਦੀ ਧੂਪ ਸੁਗੰਧੀ ਲਈ ਨਹੀਂ (ਸਗੰਧੀਆਂ ਤਾਂ ਹੋਰ ਵੀ ਬਹੁਤ ਹਨ) ਸਗੋਂ ਨੇ ਬ੍ਰਾਹਮਣੀ ਭਰਮ ਨੂੰ ਪੱਕਾ ਕਰਨਾ ਹੁੰਦਾ ਹੈ ।)

੫= ਮਹਾਰਜ ਜੀ ਦੇ ਕਮਰੇ ਵਿਚ ਗੱਲਾਂ ਦਾ ਸੰਕੋਚ ਹੋਵੇ, ਪਰ ਹਰ ਪ੍ਰਕਾਰ ਦੇ ਅਖੰਡਪਾਠ ਨਾਲ ਜਪੁਜੀ ਸਾਹਿਬ ਦਾ ਪਠ ਜਾਰੀ ਰਖਣਾ ਹੈ । (ਯਾਦ ਰਹੇ ਕਿ, ਜਪੁਜੀ ਸਾਹਿਬ ਦਾ ਇਹ ਪਾਠ, ਧੂਪੀਏ ਸੇਵਾਦਰਾਂ ਦੇ ਮੂਲ ਮੰਤ੍ਰ ਦੇ ਜਾਪ ਤੋਂ ਅਡਰਾ ਹੈ ?)

੬= ( ਇਕੋ ਥਾਂ) ਬਹੁਤੇ ਅਖੰਡ ਪਾਠਾਂ ਨਾਲ ਉਤਨੇ ਹੀ ਜਪੁਜੀ ਸਾਹਿਬ ਰਖਣੇ, ਨਹੀਂ ਤਾਂ ਇਕ ਤਾਂ ਜ਼ਰੂਰ ਹੋਵੇ ।

੭= ਜਪੁਜੀ ਸਾਹਿਬ ਖ਼ਾਸ ਕਰਕੇ ਖੱਬੇ ਪਾਸੇ ਰਖਣਾ, <u>ਜਿਸ ਪਾਸੇ ਮਹਾਰਾਜ ਜੀ ਦੇ ਜਪੁਜੀ ਸਾਹਿਬ ਲਿਖਿਆ ਹੁੰਦਾ ਹੈ</u> । ਜੇ ਖਾਸ ਵਜ੍ਹਾ ਕਰਕੇ ਨਾ ਹੋ ਸਕੇ ਤਾਂ ਦੂਜੇ ਪਾਸੇ ਵੀ ਰਖਿਆ ਜਾ ਸਕਦਾ ਹੈ । (ਫਿਰ ਖੱਬੇ ਪਾਸੇ ਜਪੁਜੀ ਸਾਹਿਬ ਲਿਖੇ ਹੋਣ ਵਾਲੀ ਸ਼ਰਤ ਦਾ ਕੀ ਬਣਿਆਂ ? ਹਰ ਨਿਯਮ ਅਧੂਰਾ ਅਥਵਾ ਭੁਲੇਖਾ ਪਾਊ ?)

੮= ਹਰ ਪਾਠ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ, ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਕਰਨਾ ਚਾਹੀਦਾ ਹੈ ।

## ੫, ੬, ੭ ਅਤੇ ੯ ਨਿਯਮਾਂ ਬਾਰੇ ਵਿਚਾਰ

ਵੱਡੇ ਤੋਂ ਵਡਾ ਸ਼ਹਿਨਸ਼ਾਹ ਸਦੀਵੀ ਪਦਵੀ ਦਾ ਮਾਲਕ ਨਹੀਂ ਰਹਿ ਸਕਿਆ ਅਤੇ ਨਾ ਹੀ ਉਸ ਨੂੰ ਕਦੇ ਕਿਸੇ ਨੇ ਸੱਚਾ ਪਾਤਿਸ਼ਾਹ ਹੀ ਕਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸੀ,ਂ ਦੈਵੀ ਤਖ਼ਤ ਚਵਰ ਅਤੇ ਛਤਰ ਦੇ ਸਦੀਵੀ ਮਾਲਕ, ਜੁਗੋ ਜੁਗ ਅਟੱਲ ਪਦਵੀ ਵਾਲੇ ਸੱਚੇ ਪਾਤਿਸ਼ਾਹ ਕਹਿੰਦੇ ਅਤੇ ਲਿਖਦੇ ਹਾਂ । ਨਿਰਾ ਸੱਚਾ ਪਾਤਿਸ਼ਾਹ ਹੀ ਨਹੀਂ ਸਗੋਂ, ਇਨ੍ਹਾਂ ਨੂੰ ਅਸੀਂ, ਪ੍ਰਗਟ ਗੁਰਾਂ ਦੀ ਦੇਹ ਵੀ ਕਹਿੰਦੇ ਹਾਂ । ਭਾਵ, ਇਹ ਕਿ, ਸੰਸਾਰੀ ਰਾਜਿਆਂ ਮਹਾਰਾਜਿਆਂ ਦੀ ਪਦਵੀ ਨੂੰ ਸਿੱਖ ਜਗਤ, ਗੁਰੂ ਗ੍ਰੰਥ ਸਾਹਿਬ ਦੀ ਪਦਵੀ ਨਾਲੋਂ ਨੀਂਵੀਂ ਕਹਿੰਦਾ ਹੈ । ਪਰ ਸਤਿਗੁਰਾਂ ਨਾਲ ਸਾਡਾ ਵਿਹਾਰ, ਸਾਡੇ ਕਹਿਣ ਦੇ ਬਿਲਕੁਲ ਉਲਟ ਹੈ । ਸਾਡਾ ਵਤੀਰਾ ਇਹ ਜ਼ਾਹਰ ਕਰ ਰਿਹਾ ਹੁੰਦਾ ਹੈ ਕਿ ਅਸੀਂ ਸਤਿਗੁਰਾਂ ਦੇ ਦਰਬਾਰ ਨੂੰ, ਸਰਕਾਰ ਦੇ ਮਾਮੂਲੀ ਤੋਂ ਮਾਮੂਲੀ ਅਹਿਲਕਾਰ ਦੀ ਕਚਿਹਰੀ ਨਾਲੋਂ ਵੀ ਬਹੁਤ ਨੀਵਾਂ ਮੰਨਦੇ ਹਾਂ ।

ਕਿਸੇ ਸ਼ਹਿਨਸ਼ਾਹ, ਬਾਦਸ਼ਾਹ, ਦੀ ਗੱਲ ਤਾਂ ਛੱਡੀ, ਕੀ ਕਿਸੇ ਤਸੀਲ ਦਾਰ ਦੀ ਕਚਹਿਰੀ ਵਿਚ ਵੀ ਕਦੇ ਉਹ ਕੁਝ ਹੋ ਸਕਦਾ ਹੈ ਜੋ ਅਸੀਂ ਸਤਿਗੁਰਾਂ ਦੇ ਦਰਬਾਰ ਵਿਚ ਕਰ ਰਹੇ ਹੁੰਦੇ ਹਾਂ ? ਸ਼ਹਿਨਸ਼ਾਹ ਦੇ ਦਰਬਾਰਾਂ ਦੇ ਦਸਤੂਰ ਦੀ ਗੱਲ ਤਾਂ ਦੂਰ ਰਹੀ, ਜਦ ਕੋਈ ਹਾਕਮ ਜਾਂ ਕੋਈ ਜੱਜ, ਆਪਣੀ ਕਚਿਹਰੀ ਵਿਚ ਬੋਲ ਰਿਹਾ ਹੁੰਦਾ ਹੈ, ਤਾਂ ਆਗਿਆ ਤੋਂ ਬਿਨਾਂ ਦੂਜਾ ਹੋਰ ਕੋਈ ਵੱਡੇ ਤੋਂ ਵਡਾ ਵਕੀਲ ਵੀ ਕੋਈ ਨਹੀਂ ਬੋਲ ਸਕਦਾ । ਹਰ ਪਾਸੇ ਚੁੱਪ ਹੁੰਦੀ ਹੈ ਅਤੇ ਸਾਰੇ ਦਰਬਾਰੀ ਆਪਣੇ ਮਹਾਰਾਜੇ ਦੀ, ਜਾਂ ਆਪਣੇ ਹਾਕਮ ਦੀ ਹਰ ਗੱਲ ਬੜੇ ਧਿਆਨ ਨਾਲ ਸੁਣ ਰਹੇ ਹੁੰਦੇ ਹਨ । ਸਰਕਾਰੀ ਦਰਬਾਰ ਦੀ ਅਵੱਗਿਆ ਕਰਨ ਵਾਲਾ ਅਵੱਲ ਤਾਂ ਜੇਲ੍ਹ ਵਿਚ ਡੱਕ ਦਿੱਤਾ ਜਾਂਦਾ ਹੈ, ਨਹੀਂ ਤਾਂ ਉਸ ਦੀ ਹੇਠੀ ਕਰਕੇ ਉਸ ਨੂੰ ਦਰਬਾਰ ਵਿਚੋਂ ਕਢ ਦਿੱਤਾ ਜਾਂਦਾ ਹੈ । ਸਤਿਗੁਰਾਂ ਦੇ ਸਰੂਪ ਤੋਂ ਹੋ ਰਹੇ ਪਾਠ ਨੂੰ ਸੱਚੇ ਪਾਤਿਸ਼ਾਹ ਜੀ ਦਾ ਫ਼ੁਰਮਾਨ, ਅਥਵਾ ਸਤਿਗੁਰਾਂ ਦੇ ਨਿਜ ਸਰੂਪ ਦਾ ਉਪਦੇਸ਼ ਅਰੰਭ ਹੋਇਆ ਸਮਝ ਕੇ, ਕਿਸੇ ਹੋਰ ਦਾ ਬੋਲਣਾ, ਦਰਬਾਰ ਦੀ ਅਵੱਗਿਆ ਅਥਵਾ ਘੋਰ ਪਾਪ ਸਮਝਿਆ ਜਾਣਾ ਚਾਹੀਦਾ ਹੈ । ਪੂਰਨ ਇਕਾਗਰਤਾ ਨਾਲ ਸਤਿਗੁਰਾਂ ਦੇ ਬਚਨ ਸੁਣ ਕੇ ਹਿਰਦੇ ਵਿਚ ਵਸਾਉਣ ਦਾ ਪੂਰਾ ਯਤਨ ਕੀਤਾ ਜਾਣਾ ਹੁੰਦਾ ਹੈ । ਗੁਰੂ ਗ੍ਰੰਥ ਸਹਿਬ ਜੀ ਦੇ ਪਾਠ ਵਿਚ ਉਚੇਚੇ ਤੌਰ ਤੇ ਕਿਸੇ ਹੋਰ ਬਾਣੀ ਦਾ ਪਾਠ ਜਾਂ ਕੀਰਤਨ ਅਰੰਭ ਕਰ ਦੇਣ ਨਾਲ ਸਤਿਗੁਰਾਂ ਦੇ ਬਚਨਾਂ ਨੂੰ ਸੁਣਨ ਦੀ ਲੋੜ ਮੁਕਾਉਣ ਵਾਲੀ ਗੁਸਤਾਖੀ ਹੈ । ਜਾਂ ਇਉਂ ਕਹਿ ਲਵੋ ਕਿ ਸਤਿਗੁਰਾਂ ਦੇ ਬਚਨਾਂ ਨੂੰ ਬੇਲੋੜਾ ਬਣਾ ਦੇਣ ਦਾ ਪਾਪ ਹੈ । ਅਜੇਹਾ ਕਰਨਾ ਗੁਰੂ ਨਾਨਕ ਨਿਰੰਕਾਰੀ ਜੀ ਦੀ ਨਿੱਜੀ ਅਵੱਗਿਆ ਹੈ । ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਨ ਦੀ ਲੋੜ ਮੁਕਾ ਕੇ, ਖੱਬੇ ਜਾਂ ਸੱਜੇ ਪਾਸੇ ਬੈਠਣ ਦਾ ਭਰਮ ਪਾਉਣਾ, ਬ੍ਰਾਹਮਣ-ਵਾਦ ਹੈ ।

੧੧= (ਅਗਲਾ ਸਾਧ ਬਚਨ)-- ਹਰ ਪਾਠ ਦੇ ਭੋਗ ਤੇ ਮਹਾਰਾਜ ਜੀ ਦੀ ਭੇਟਾ ਸੁੰਦਰ ਰੁਮਾਲਾ (ਪੁਸ਼ਾਕਾ) ਕਰੇ ।

ਹਰ ਪਾਠ ਦੇ ਭੋਗ ਤੇ ਰੁਮਾਲਾ ਚਾੜ੍ਹਨ ਨੂੰ ਪੱਕੇ ਤੌਰ ਤੇ ਮਰਯਾਦਾ ਬਣਾ ਦੇਣੀ ਵੀ ਸਿਆਣਪ ਨਹੀਂ ਹੈ । ਜੇ ਗੁਰਦੁਆਰੇ ਵਿਚ ਰੁਮਾਲਿਆਂ ਦੀ ਥੁੜ ਹੋਵੇ ਤਦ ਹੀ ਰੁਮਾਲਾ ਭੇਟਾ ਕਰਨਾ ਲਾਹੇਵੰਦ ਹੈ। ਭਰਮ ਗ੍ਰਸੇ ਪੱਕੇ ਰਿਵਾਜ ਦਾ ਹੀ ਕਾਰਨ ਹੈ ਕਿ ਕਮੇਟੀਆਂ ਦੇ ਲਗ-ਪਗ ਸਾਰੇ ਗੁਰੂ ਘਰਾਂ ਵਿਚ ਰੁਮਾਲਿਆਂ ਦੇ ਢੇਰ ਇਕੱਠੇ ਹੋਏ ਪਏ ਹਨ । ਕਈ ਥਾਂਈ ਇਨ੍ਹਾਂ ਰੁਮਾਲਿਆਂ ਦੇ ਚੰਦੋਏ ਬਣਾਏ ਜਾਂਦੇ ਹਨ । ਬਹੁਤੇ ਥਾਈਂ ਉਹੀ ਰੁਮਾਲੇ ਦੋਬਾਰਾ ਦੁਕਾਨਾਂ ਵਾਲਿਆਂ ਕੋਲ ਸਸਤੇ ਭਾ ਵਿਕਦੇ ਹਨ ਅਤੇ ਉਹੀ ਰੁਮਾਲੇ ਨਵਿਆਂ ਦੇ ਰੂਪ ਵਿਚ ਦੋਬਾਰਾ ਆ ਭੇਟਾ ਹੁੰਦੇ ਹਨ । ਬੇਲੋੜੀ ਵਸਤੂ ਖੱਜਲ ਖ਼ੁਆਰ ਹੀ ਹੁੰਦੀ ਹੈ । ਸੋ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਘਰ ਵਾਲਿਆਂ ਨੂੰ ਦੱਸ ਦੇਣ ਕਿ ਰੁਮਾਲੇ ਦੀ ਲੋੜ ਹੈ ਜਾਂ ਨਹੀਂ । ਸੰਤਾਂ ਦੇ ਲਿਖੇ ਨੂੰ ਮਰਯਾਦਾ ਸਮਝ ਕੇ ਰੁਮਾਲਾ ਭੇਟਾ ਕਰਨ ਨੂੰ ਵਡੇ ਪੁੰਨਾ ਦਾ ਕੰਮ ਸਮਝ ਲੈਣਾ, ਠੀਕ ਨਹੀਂ ਹੈ । ਇਹ ਮਹਾਂਪੁਰਖ ਜੀ ਗੁਰਮਤਿ ਦੀ ਗੱਲ ਘੱਟ ਤੇ ਬ੍ਰਾਹਮਣਵਾਦ ਨਾਲ ਜੋੜ ਦੇਣ ਵਾਲੀਆਂ ਬੇ-ਲੋੜੀਆਂ ਗੱਲਾਂ ਵੱਧ ਕਰਦੇ ਹਨ ।

੧੪= ਭੋਗ ਪਾ ਕੇ ਆਰਤੀ ਕੀਤੀ ਜਾਵੇ । (-ਸਾਧ ਬਚਨ)

ਪ੍ਰਸ਼ਨ ਇਹ ਹੈ ਕਿ, ਕੀ ਆਰਤੀ ਸਤਿਗੁਰਾਂ ਦੀ ਕਰਨੀ ਹੈ, ਕਿ ਜਾਂ ਪਰਮਾਤਮਾਂ ਦੀ ? ਸਤਿਗੁਰੂ ਜੀ ਮੰਦਰ ਦਾ ਦੇਵਤਾ ਨਹੀਂ ਹਨ ਅਤੇ ਪਰਮਾਤਮਾਂ ਦੀ ਆਰਤੀ ਸਾਰਾ ਬ੍ਰਹਮੰਡ, ਨਿਰੰਤਰ ਕਰੀ ਜਾ ਰਿਹਾ ਹੈ ।

੧੫= ਸੰਪਟ ਅਖੰਡ ਪਾਠ ਤੇ ਕੜਾਹ ਪ੍ਰਸ਼ਾਦਿ ਰੋਜ਼ ਕਰਨਾ ਤੇ ਸਾਧਾਰਨ ਸੰਪਟ ਆਰੰਭ, ਮੱਧ ਅਤੇ ਭੋਗ ਸਮੇਂ ਤਿੰਨ ਵਾਰੀ ਹੋ ਸਕਦੀ ਹੈ । [ Foot Note:--ਸਾਧ ਬੋਲੀ ਵਾਲੇ ਇਸ " ਸਕਦੀ " ਲਫ਼ਜ ਦੇ ਅਰਥ ਦਾ ਪਤਾ ਨਹੀਂ ਹੈ ਕਿ ਪ੍ਰਸ਼ਾਦ ਦੀ ਗੱਲ ਕਰਦਿਆਂ " ਸਕਦਾ " ਦੇ ਥਾਂ " **ਸਕਦੀ** " ਕਿਉਂ ਵਰਤਿਆ ਹੈ । ਕੀ ਇਹ ਕਿਸੇ ਸਾਧ-ਮਰਯਾਦਾ ਦਾ ਸੰਕੇਤ ਹੈ ? ਤਸੱਲੀ ਕਰਨ ਲਈ ਏਸੇ ਮਹਾਪੁਰਖ ਜੀ ਦੀ ਲਿਖੀ "ਗੁਰਬਾਣੀ ਪਾਠ ਦਰਸ਼ਨ" ਪੁਸਤਕ ਪੜ੍ਹੀ ਹੈ । ਓਥੇ ਵੀ ਲਫ਼ਜ਼ " **ਸਕਦੀ** " ਹੀ ਹੈ । ਸ਼ਾਇਦ ਇਹ ਸੰਪਟ ਪਾਠ ਦੀ ਕੋਈ ਵਿਧੀ ਹੋਵੇ ?]

੧੬= ਹਰ ਪਾਠ ਤੇ ਕੁੰਭ, ਧੂਪ, ਨਰੇਲ, ਜੋਤ ਫੁੱਲ ਆਦਿ ਜ਼ਰੂਰ ਰੱਖਣੇ । ਸਮੱਗਰੀ ਵਾਲੀ ਇਹ ਮਰਯਾਦਾ ਬ੍ਰਾਹਮਣਵਾਦ ਹੈ ।

੧੭= ਪਾਠੀ ਸਿੰਘ ਕਸੁੰਭੇ ਬਸਤ੍ਰ ਨਾ ਪਹਿਨੇ, ਬ੍ਰਹਮਚਰਜ ਧਾਰੇ । ਕਸੁੰਭੇ ਰੰਗ ਦਾ ਪੁਸ਼ਾਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੜ੍ਹਾਵੇ । [ ਮਹਾਂ ਪੁਰਖਾਂ ਨੇ ਰੰਗ ਦੀ ਬੰਦਸ਼ ਕਿਸ ਕਾਰਨ ਲਾਈ ਹੈ ? ਇਹ ਸ਼ੰਕਾ ਕੋਣ ਦੂਰ ਕਰੇ ? ਹੈ ਇਹ ਸਾਰਾ ਖਲਜਗਣ, ਬਿੱਪ੍ਰ-ਵਾਦ ਹੀ ]

ਇਸੇ ਤਰ੍ਹਾਂ ਇਨ੍ਹਾਂ ਬੰਦਸ਼ਾਂ ਦੀ ਗਿਣਤੀ ੩੪ ਤੱਕ ਹੈ । ਪਰ ਗੁਰਬਾਣੀ ਨੂੰ ਸੁਣ ਕੇ ਉਸ ਤੋਂ ਸਿਖਿਆ ਲੈਣ ਦੀ ਗੱਲ, ਕਿਸੇ ਥਾਂ ਨਹੀਂ ਲਿਖੀ, ਭਾਵ, ਮਹਾਂ ਪੁਰਖਾਂ ਲਈ ਸਤਿਗੁਰਾਂ ਦੇ ਇਸ ਬਚਨ--" **ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥** " ਦਾ ਵੀ ਕੌਡੀ ਮੁੱਲ ਨਹੀਂ ਹੈ। ਬ੍ਰਾਹਮਣ ਵੀ ਸਿੱਖ ਨੂੰ ਗੁਰੂ ਦੇ ਗਿਆਨ ਤੋਂ ਤੋੜ ਕੇ ਮੰਤ੍ਰ ਪਾਠਾਂ ਤੋਂ ਮਿਲਦੇ ਫਲਾਂ ਦੇ ਭਰਮ ਨਾਲ ਜੋੜਨਾ ਚਾਹੁੰਦਾ ਸੀ। ਇਹ ਡੇਰੇਦਾਰ ਮਹਾਂਪੁਰਖ ਵੀ ਉਹੀ ਕੰਮ ਕਰੀ ਜਾ ਰਹੇ ਹਨ। ਘਰ ਵਾਲੇ ਫਿਰ ਕਿਉਂ ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠਣ ? ਡੇਰਾਵਾਦੀ ਮਹਾਪੁਰਖਾਂ ਦੇ ਹੀ ਕਰਮਕਾਂਡੀ ਪਰਚਾਰ ਦੇ ਕਰਨ, ਸਤਿਗੁਰਾਂ ਨੂੰ ਭੁੱਲ ਭੁਲਾ ਕੇ, ਘਰ ਵਾਲੇ, ਪਰਾਹੁਣਿਆਂ ਦੀ ਸੇਵਾ ਸੰਭਾਲ ਕਰਨ ਵਿਚ ਆਪਣੀ ਵਡਿਆਈ ਮੰਨ ਰਹੇ ਹੁੰਦੇ ਹਨ। ਬੀਬੀਆਂ ਬਾਹਰੋਂ ਹੀ ਰੋਂਦੀਆਂ ਆ ਰਹੀਆਂ ਹੁੰਦੀਆਂ ਹਨ। ਫਿਰ ਘਰ ਵਲੋਂ ਬੀਬੀਆਂ ਵੀ ਉੱਦਮ ਨਾਲ ਅਗੋਂ ਜਾ

ਮਿਲਦੀਆਂ ਹਨ । ਜਿਸ ਘਰ ਵਿਚ ਸਤਿਗੁਰਾਂ ਦੇ ਆਦਰ ਸਤਿਕਾਰ ਵਿਚ ਸ਼ਾਂਤੀ ਅਤੇ ਖੇੜਾ ਹੋਣਾ ਚਾਹੀਦਾ ਸੀ, ਉਸੇ ਘਰ ਦੇ ਵਿਹੜੇ ਵਿਚ ਰੋਣ ਪਿੱਟਣ ਦਾ ਪਿੜ ਭਖ ਪੈਂਦਾ ਹੈ ।

ਮਰੇ ਹੋਏ ਪ੍ਰਾਣੀ ਬਾਰੇ ਅਫ਼ਸੋਸ ਕਰਨ ਵਾਲਿਆਂ ਲਈ ਬੈਠਣ ਦਾ ਉਚੇਚਾ ਪ੍ਰਬੰਧ ਜ਼ਮੀਨ ਤੇ ਵਿਛਾਈ ਕਰਕੇ ਕੀਤਾ ਹੁੰਦਾ ਹੈ । ਦਸਵੇਂ ਦਿਨ ਭੋਗ ਪਾਉਣ ਦੇ ਸਮੇ ਜੁੜਨ ਵਾਲੇ ਇੱਕੱਠ ਦੀ ਸੇਵਾ ਕਰਕੇ ਬਰਾਦਰੀ ਵਿਚ ਆਪਣਾ ਨੱਕ ਨਮੂਜ ਉਚਾ ਕਰਨ ਦੀ ਚਿੰਤਾ ਹੁੰਦੀ ਹੈ । ਜਿਥੇ ਸਤਿਗੁਰਾਂ ਦਾ ਉਤਾਰਾ ਹੁੰਦਾ ਹੈ ਉਸ ਕਮਰੇ ਵਿਚ ਘਰ ਵਾਲਿਆਂ ਨੇ ਜਾਂ ਦੂਜਿਆਂ ਨੇ, ਰਸਮੀ ਤੌਰ ਤੇ ਐਵੇ ਮੱਥਾ ਟੇਕਣ ਹੀ ਜਾਣਾ ਹੈ । ਪਾਠ ਕਰਨਾ ਜਾਂ ਨਾ ਕਰਨਾਂ, ਪਾਠੀਆਂ ਦਾ ਕੰਮ ਹੈ । ਸ੍ਰੀ ਅਖੰਡ ਪਾਠ ਦਾ ਭੋਗ ਸਮੇ ਸਿਰ ਪਾਉਣ ਲਈ ਪਾਠ ਨੂੰ ਪਿਛੇ ਨਾ ਪੈ ਦੇਣ ਦੀ ਚਿੰਤਾ ਲੱਗ ਰਹੀ ਹੁੰਦੀ ਹੈ । ਪਰ ਕੀ ਪਤਾ ਅੰਦਰ ਪਾਠੀ ਸੱਜਣਾਂ ਨੇ ਐਨ ਸਮੇ ਸਿਰ ਭੋਗ ਪਾਉਣ ਲਈ ਛੇਤੀ ਪਾਠ ਮੁਕਾ ਲੈਣ ਦਾ ਕਿਹੜਾ ਢੰਗ ਅਪਣਾਇਆ ਹੁੰਦਾ ਹੈ ? ਸਾਨੂੰ ਕੀ ? ਪਾਠੀ " ਚੁਟਕੀ ਪਾਠ " ਕਰੇ ਤੇ ਜਾਂ ਭਾਵੇਂ " ਥੱਬਾ ਪਾਠ " ਕਰੇ, ਉਸ ਦਾ (ਅ-)ਧਰਮ ? ਬਾਹਰ ਪੈ ਰਹੇ ਰੌਲੇ ਗੌਲੇ ਦੇ ਬਾਹਨੇ ਪਾਠ ਵਾਲੇ ਕਮਰੇ ਦਾ ਦਰਵਾਜ਼ਾ ਤਾਂ ਉਂਜ ਹੀ ਬੰਦ ਰਖਿਆ ਜਾਂਦਾ ਹੈ। ਅੰਦਰ ਵਾਲੇ ਜਾਨਣ ਪਾਠ ਕਿਹੜੀ ਵਿਧੀ ਨਾਲ ਨਿਰਵਿਘਨ ਸਮਾਪਤ ਹੋ ਰਿਹਾ ਹੁੰਦਾ ਹੈ ?

ਜੇ ਪੋਤਰਿਆਂ ਦੋਹਤਰਿਆਂ ਵਾਲੇ ਬਿਰਧ ਦੀ ਮੌਤ ਹੋਈ ਹੋਵੇ ਤਾਂ ਬਹੁਤੇ ਥਾਂਈਂ ਸਤਿਗੁਰਾਂ ਦੇ ਇਸ ਫ਼ੁਰਮਾਨ ਨੂੰ ਬੇਲੋੜਾ ਸਮਝਿਆ ਜਾਂਦਾ ਹੈ---**ਬੇਬਾਣੁ ਹਰਿ ਰੰਗ ਗੁਰ ਭਾਵਏ " (ਸਦ)**--ਮੁਰਦਾ ਲਾਸ਼ ਦਾ ਬੇਬਾਣ ਕੱਢਣ ਹਾਰ ਸਿੰਗਾਰ ਉਪਲਭਧ ਕਰਨ ਲਈ ਅਤੇ ਕਈ ਤਰ੍ਹਾਂ ਦੇ ਹੋਰ ਉਚੇਚੇ ਖ਼ਰਚਾਂ ਤੇ ਮਾਇਆ ਨੂੰ ਲਾਂਬੂ ਲਾਇਆ ਜਾ ਰਿਹਾ ਹੁੰਦਾ ਹੈ। ਭੋਗ ਵਾਲੇ ਦਿਨ ਕਈ ਤਰ੍ਹਾਂ ਦੇ ਪਕਵਾਨ ਬਣਾਏ ਜਾਂਦੇ ਹਨ । ਸਜਣਾ ਮਿੱਤਰਾਂ ਸਾਕਾਂ ਸਬੰਧੀਆਂ ਨੂੰ ਸ਼ਰਾਬਾਂ ਪਿਆਉਣ ਦਾ ਉਚੇਚਾ ਪ੍ਰਬੰਧ ਕੀਤਾ ਜਾਂਦਾ ਹੈ। ਫਿਰ ਭੋਗ ਪਾਉਣ ਦਾ ਸਮਾਂ ਢਲੇ, ਦਿਨ ਮਿਥਨ ਵਾਲੀ ਬ੍ਰਾਹਮਣੀ ਰੀਤ ਕਰਨੀ ਨਹੀਂ ਭੁੱਲਦੇ। ਭਾਵੇ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਪਾਠ ਹੋ ਚੁੱਕਾ ਹੁੰਦਾ ਹੈ, ਪਰ ਫੇਰ ਵੀ ਭੋਗ ਸਮੇ ਮਹਾਂਪੁਰਖਾਂ ਜਾਂ ਭਾਈਆਂ ਨੇ ਲੋਕਾਂ ਤੇ ਪ੍ਰਭਾਵ ਪਾਉਣ ਲਈ ਮਿਰਤਕ ਦੀ ਕਲਿਆਣ ਲਈ ਖ਼ਾਸ ਚੁਣੀਆਂ ਹੋਈਆਂ ਬਾਣੀਆਂ (ਸੱਦ, ਅਲਾਹਣੀਆਂ ਆਦਿ) ਦਾ ਉਚੇਚਾ ਪਾਠ ਉਚੇਚੀ ਸੁਰ ਵਿਚ ਜ਼ਰੂਰ ਕਰਨਾ ਹੁੰਦਾ ਹੈ। ਜਦ ਕੇ ਪੰਥਕ ਮਰਯਾਦਾ ਅਨੁਸਾਰ ਭੋਗ ਦੇ ਮਗਰੋਂ ਕੇਵਲ ਅਨੰਦ ਸਾਹਿਬ ਦਾ ਪਾਠ ਕਰਨ ਦਾ ਹੀ ਹੁਕਮ ਹੈ ।

ਅਰਦਾਸ ਤੋ ਪਹਿਲਾਂ ਸਤਿਗੁਰਾਂ ਦੀ ਹਜ਼ੂਰੀ ਵਿਚ ਵੱਧ ਤੋਂ ਵੱਧ ਮਾਇਆ, ਵਧੀਆ ਬਿਸਤਰ, ਭਾਂਡੇ, ਕੱਪੜੇ ਜੁੱਤੀ ਆਦਿ, ਰੱਖੇ ਜਾਂਦੇ ਹਨ। ਇਸ ਕੰਮ ਵਿਚ ਇੱਕ ਦੂਜੇ ਨਾਲੋਂ ਵਧ ਕਰਣੀ ਕੀਤੀ ਜਾਣ ਦੀ ਜ਼ਿਦ ਵਿਚ ਕੀਮਤੀ ਤੋਂ ਕੀਮਤੀ ਪਦਾਰਥਾਂ ਦੇ ਨਾਲ ਚਾਂਦੀ ਸੋਨੇ ਦੇ ਬਰਤਨ ਭੇਟਾ ਕਰਨ ਦੀ ਦੌੜ ਲੱਗੀ ਹੋਈ ਹੈ । ਅੱਗੇ ਤਾਂ ਅਜੇਹਾ ਸਭ ਕੁਝ ਬ੍ਰਾਹਮਣ ਦੀ ਰਾਹੀਂ ਪਰਲੋਕ ਵਿਚ ਪੁੱਜਦਾ ਸੀ, ਪਰ ਹੁਣ, ਇਹ ਸਾਰਾ ਕੁਝ ਉਸੇ ਗੁਰੂ ਦੇ ਟਹਿਲੂਏ, (ਆਪਣੇ ਨਿਆਰੇ ਢੰਗ ਨਾਲ) ਪਿੱਤਰ ਲੋਕ ਵਿਚ ਪੁਚਾ ਰਹੇ ਹੁੰਦੇ ਹਨ, ਜਿਸ ਮਹਾਨ ਗੁਰੂ ਦਾ ਫ਼ੁਰਮਾਨ ਇਹ ਹੈ ਕਿ, ਪਰਲੋਕ ਵਿਚ ਉਹੀ ਕੁਝ ਮਿਲਦਾ ਹੈ, ਜੋ ਪ੍ਰਾਣੀ ਨੇ ਆਪਣੀ ਨੇਕ ਘਾਲਣਾ ਦੁਆਰਾ ਖਟ ਕੇ ਲੋੜ-ਵੰਦਾਂ ਵਿਚ ਵੰਡ-ਛਕਿਆ ਹੁੰਦਾ ਹੈ । ਉਸ ਨਿਆਰੇ ਗੁਰਦੇਵ ਜੀ ਦਾ ਫ਼ੁਰਮਾਨ ਇਹ ਵੀ ਹੈ ਕਿ, ਪਰਲੋਕ ਵਿਚ ਵਸਤੂਆਂ ਪਚਾਉਣ ਵਾਲੇ ਅਜੇਹੇ ਦਲਾਲਾਂ ਦੀ ਇਸ ਕਰਤੂਤ ਦਾ ਇਨਸਾਫ਼ ਇਹ ਹੈ, ਕਿ ਉਨ੍ਹਾਂ ਦੇ ਹੱਥ ਵਢ ਦਿੱਤੇ ਜਾਣ।। ' **ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ।**[੪੭੨] ਮਾਇਆ ਦੇ ਲਾਲਚ ਵਿਚ ਅੰਨ੍ਹਾਂ ਹੋਇਆ ਮਨੁੱਖ, ਸਤਿਗੁਰਾਂ ਦੇ ਉਪਦੇਸ਼ ਨੂੰ ਕੀ ਜਾਣੇ ?

ਫਿਰ ਅਰਦਾਸ ਲਈ ਖੜੇ ਹੋਣ ਤੋਂ ਪਹਿਲਾਂ, ਭਾਈ ਜੀ ਉਸ ਸੂਚੀ ਪੱਤਰ (List) ਨੂੰ ਹੱਥ ਵਿਚ ਫੜ ਲੈਂਦੇ ਹਨ, ਜਿਹੜੀ ਸਤਿਗੁਰਾਂ ਨੂੰ ਸੰਬੋਧਨ ਕਰਕੇ ਪੜ੍ਹਨ ਦਾ ਲੋਕ ਵਿਖਾਵਾਂ ਕਰਨਾ ਹੁੰਦਾ ਹੈ। ਅਸਲ ਵਿਚ ਗੁਰੂ ਦਰਬਾਰ ਵਿਚ ਬਿਰਾਜੇ ਹੋਏ ਬਰਾਦਰੀ ਦੇ ਲੋਕਾਂ ਨੂੰ ਸੁਣਾ ਕੇ ਆਪਣੀ ਠੁੱਕ ਬੰਨ੍ਹਣੀ ਹੁੰਦੀ ਹੈ ਕਿ, ਆਹ ਵੇਖੋ ਮੈਂ (ਸਾਰਾ ਅਡੰਬਰ ਰਚਣ ਵਾਲੇ) ਨੇ ਮਰੇ ਹੋਏ ਪ੍ਰਾਣੀ ਦੀ ਕਲਿਆਣ ਲਈ ਕੀ ਕੁਝ ਦਾਨ ਕੀਤਾ ਹੈ, ਅਥਵਾ ਕਿਡੀ ਵਡੀ " ਕਰਤੂਤ " ਕੀਤੀ ਹੈ । [ਕਈ ਬਹੁਤੇ ਸਿਆਣੇ ਬੰਦੇ ਆਪਣੇ ਹੰਕਾਰ ਨੂੰ ਹੋਰ ਵੱਧ ਪੱਠੇ ਪਾਉਣ ਲਈ, ਮੂਹੋਂ ਇਹ ਕਹੀ ਜਾ ਰਹੇ ਹੁੰਦੇ ਹਨ, " ਮੈਂ ਕੌਣ ਹਾਂ ਜੀ, ਇਹ ਸਭ ਕੁਝ ਤਾਂ ਸਤਿਗੁਰਾਂ ਨੇ ਆਪ ਹੀ ਕਰਵਾਇਆ ਹੈ" । ਭਾਵ, ਆਪਣੇ ਉਪੁਦੇਸ਼ ਦੀ ਖੰਡਨਾਂ ਵੀ ਸਤਿਗੁਰਾਂ ਨੇ ਆਪ ਹੀ ਕਰਵਾਈ ਹੈ । ਇਸ ਤਰ੍ਹਾਂ, ਇੱਕ ਘੋਰ ਪਾਪ ਹੋਰ ਕਰ ਲਿਆ ।] ਫਿਰ ਭਾਈ ਜੀ ਗੁਰਬਾਣੀ ਦੀਆਂ ਤੁਕਾਂ ਨਾਲ ਗੁੰਦੀ ਹੋਈ ਅਰਦਾਸ, ਖ਼ਾਸ ਲੈ ਵਿਚ ਪੜ੍ਹਦੇ ਹੋਏ, ਹਰ ਮੰਗ ਦੇ ਨਾਲ ਸੰਗਤਾਂ ਕੋਲੋਂ ਵਾਹਿਗੁਰੂ ਦਾ ਜਾਪ ਕਰਾਉਂਦੇ ਹੋਏ, ਅਰਦਾਸਾ ਸੋਧਦੇ ਹਨ । ਸਤਿਗੁਰਾਂ ਨੂੰ ਬੇਨਤੀਆਂ ਕੀਤੀਆਂ ਜਾ ਰਹੀਆਂ ਹੁੰਦੀਆਂ ਹਨ ਕਿ --" ਹੇ ਸੱਚੇ ਪਾਤਿਸ਼ਾਹ ਜੀਓ ! (ਸ਼ਾਇਦ ਅਜੇ ਤਾਂਈ ਤੁਹਾਨੂੰ ਪਤਾ ਨਾ ਹੀ ਲੱਗ ਸਕਿਆ ਹੋਵੇ ਕਿ)--ਤੇਰੇ ਸੇਵਕਾਂ ਨੇ ਆਪਣੇ ਫ਼ਲਾਣੇ ਸੰਬੰਧੀ ਦੇ ਨਿਮਿਤ ਆਪ ਜੀ ਦੀ ਅਕਾਲੀ ਬਾਣੀ ਦਾ ਸ੍ਰੀ ਅਖੰਡਪਾਠ ਅਰੰਭ ਕਰਵਾਇਆ ਸੀ। ਇਸ ਵੇਲੇ ਆਪ ਜੀ ਦੀ ਕਿਰਪਾ ਨਾਲ, ਗੁਰਮਤਿ ਮਰਯਾਦਾ (ਜੋ ਅਸਲ ਵਿਚ ਮਨਮਤ ਮਰਯਾਦਾ ਹੁੰਦੀ ਹੈ) ਅਨੁਸਾਰ ਕੀਤਾ ਜਾ ਕੇ ਪਾਠ ਨਿਰਵਿਘਣ ਸਮਾਪਤ ਹੋ ਗਿਆ ਹੈ। ਆਪ ਜੀ ਦੇ ਸੇਵਕਾਂ ਨੇ ਆਪ ਜੀ ਦੀਆਂ ਬਖ਼ਸ਼ਸ਼ੀਆਂ ਦਾਤਾਂ ਵਿਚੋਂ ਆਪ ਜੀ ਦੀ ਹੀ ਪ੍ਰੇਰਨਾਂ ਨਾਲ, (ਫਿਰ ਸੰਗਤ ਦੀ ਜਾਣਕਾਰੀ ਲਈ? ਉਹ ਲਿਸਟ ਪੜ੍ਹੀ ਜਾਂਦੀ ਹੈ ਜਿਸ ਨੂੰ ਸੁਨਾਉਣ ਲਈ ਸਾਰਾ ਕੋੜਮਾ ਇਕੱਠਾ ਕੀਤਾ ਹੁੰਦਾ ਹੈ) ।ਫਿਰ ਮੰਗਾਂ ਦੀ ਵਾਰੀ ਆ ਜਾਂਦੀ ਹੈ । ਬਹੁਤਾ ਜ਼ੋਰ ਏਸੇ ਗੱਲ ਤੇ ਹੁੰਦਾ ਹੈ ਕਿ (ਜਿੰਦਗੀ ਵਿਚ ਭਾਂਵੇ ਮਰਨ ਵਾਲੇ ਨੇ ਕੋਈ ਕੰਮ ਵੀ ਸਿੱਧਾ ਨਾ ਕੀਤਾ ਹੋਵੇ, ਸਦਾ ਸਮੱਗਲਿੰਗ ਅਤੇ ਬੇਈਮਾਨੀ ਹੀ ਕਰਦਾ ਰਿਹਾ ਹੋਵੇ, ਪਰ ਧਨ-ਦੌਲਤ ਦਾ ਢੇਰ ਲਾ ਕੇ ਮਰੇ) ਆਪਣੇ ਪੁਰਾਣੇ ਸੇਵਕ ਦੀ ਆਤਮਾਂ ਨੂੰ ਸਚਖੰਡ ਵਿਚ ਵਾਸਾ ਦਿੱਤਾ ਜਾਵੇ, ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਿਆ ਜਾਵੇ " । ਅਤੇ ਜਾਂ ਫਿਰ " ਪਿਛਲੇ ਗੁਰਮੁਖ ਪਰਵਾਰ ਨੂੰ ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ੀ ਜਾਵੇ " । ਜੈਕਾਰਾ ਬੁਲਾ ਕੇ ਫਿਰ ਪਹਿਲਾਂ ਤੋਂ ਚੁਣਿਆਂ ਹੋਇਆ ਮੁਖਵਾਕ ਪੜ੍ਹ ਕੇ ਸੁਣਾਇਆ ਜਾਂਦਾ ਹੈ। ਜੇ ਕਮੇਟੀ ਵਾਲਿਆਂ ਨੂੰ ਕਹੋ ਕਿ ਅਜੇਹੇ ਬਿਸਤਰੇ ਭਾਂਡੇ ਆਦਿ ਲੈਣੇ ਗੁਰਮਤਿ ਦੀ ਖੰਡਨਾਂ ਹੈ, ਤਾਂ ਉਹ ਗਏ ਗੁਜਰੇ ਬੰਦਿਆਂ ਵਾਲਾ ਉਤਰ ਦਿੰਦੇ ਹਨ ਕਿ " ਚਲੋ ਜੀ ਬਹਾਨੇ ਨਾਲ ਗੁਰੂ ਘਰ ਲਈ ਬਿਸਤਰੇ, ਭਾਂਡੇ ਬਣ ਜਾਂਦੇ ਹਨ " । ਆਪਣੀ ਕਮਾਈ ਦੇ ਦਸਵੰਧ ਵਿਚੋਂ ਅਜੇਹੀਆਂ ਲੋੜਾਂ ਪੂਰੀਆਂ ਕਰ ਸਕਣ ਦਾ ਸਾਹ-ਸਤ ਗੁਆਈ ਬੈਠਾ, ਆਪਣੇ

ਆਪ ਨੂੰ ਨਿਆਰਾ ਕਹਿਣ ਵਾਲਾ ਖ਼ਾਲਸਾ, ਬਿੱਪ੍ਰਨ ਕੀ ਰੀਤ ਨਾਲ ਜੁੜ ਕੇ, ਸਤਿਗੁਰਾਂ ਦੀਆਂ ਨਜ਼ਰਾਂ ਵਿਚ ਬੇ-ਪਰਤੀਤਾ ਬਣੀ ਜਾਣ ਨੂੰ ਆਪਣੀ ਕਲਿਆਣ ਦਾ ਸਾਧਨ ਮੰਨ ਬੈਠਾ ਹੋਇਆ ਹੈ ।

੮

## ਗੁਰਬਾਣੀ ਦਾ ਕੀਰਤਨ, ਕਿ ਮਿਰਤਕ ਨੂੰ ਸ਼ਰਧਾਂਜਲੀਆਂ ?

ਫਿਰ ਸੋਗ-ਮਈ ਸ਼ਬਦਾਂ ਦਾ ਕੀਰਤਨ ਅਰੰਭ ਹੁੰਦਾ ਹੈ । ਰਾਗੀਆਂ ਨੇ, ਵਲ ਵਿੰਗ ਪਾ ਕੇ ਮਿਰਤਕ ਦੀ ਅਤੇ ਘਰ ਵਾਲਿਆਂ ਦੀ ਉਸਤਤਿ ਕਰਦੇ ਰਹਿਣ ਨੂੰ ਹੀ, ਗੁਰੂ ਸ਼ਬਦਾਂ ਦੀ ਵਿਆਖਿਆ ਦਾ ਕੇਂਦਰੀ ਭਾਵ ਸਮਝ ਰਖਿਆ ਹੁੰਦਾ ਹੈ । ਦਰਬਾਰ ਵਿਚ ਬੈਠ ਕੇ ਧਿਆਨ ਨਾਲ ਸੁਣ ਰਹੀ ਸੰਗਤ ਨੂੰ ਵੀ ਆਪਣੇ ਨਾਲ ਹੀ " ਨਰਕੀ ਕੀੜੇ " ਬਣਾਉਂਣ ਲਈ, ਝੋਲੀ-ਚੁੱਕ ਅਥਵਾ ਖ਼ੁਸ਼ਾਮਦੀ ਬੁਲਾਰਿਆਂ ਦੁਆਰਾ, ਮਿਰਤਕ ਨੂੰ ਸ਼ਰਧਾਂਜਲੀਆਂ ਦੇਣ ਦਾ ਦੌਰ ਅਰੰਭ ਹੋ ਜਾਂਦਾ ਹੈ* ।

(Foot note:--ਪੜ੍ਹੋ ਇਸ ਪੁਸਤਕ ਦੇ ਦੂਜੇ ਭਾਗ ਦੇ ਲੇਖ " ਨਿੰਦਿਆ, ਉਸਤਤਿ ਅਤੇ ਸ਼ਰਧਾਂਜਲੀ ") ।

ਕਿਸੇ ਭਲੇ ਮਨੁੱਖ ਤੇ ਊਜ ਲਾਉਣੀ " ਨਿੰਦਿਆ " ਹੈ । ਅਤੇ ਕਿਸੇ ਦੇ ਗੁਣਾ ਤੋਂ ਵਧ ਸੋਭਾ ਕਰਨੀ " ਉਸਤਤਿ " ਹੈ ਅਥਵਾ ਝੋਲੀ ਚੁੱਕਣਾ ਹੈ । ਕਿਸੇ ਦੀ " ਉਸਤਤਿ " ਕਰਨੀ ਵੀ ਓਨਾ ਹੀ ਵਡਾ ਪਾਪ-ਕਰਮ ਹੈ ਜਿੰਨੀ ਕਿਸੇ ਦੀ " ਨਿੰਦਿਆ " ਕਰਨ ਨਾਲ ਘੋਰ ਨਰਕਾਂ ਦੇ ਭਾਗੀ ਬਣੀਦਾ ਹੈ--**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥**[੭੫੫] ਉਸਤਤਿ ਅਤੇ ਨਿੰਦਿਆ, ਦੋਵੇ ਤੋਂ ਹੀ ਸਤਿਗੁਰਾਂ ਨੇ ਵਰਜਿਆ ਹੈ :--

੩੯- **ਉਸਤਤਿ ਨਿੰਦਿਆ ਨਾਹਿ ਜਿਹਿ, ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ੧੪ ॥**[੧੪੨੭]

੪੦- **ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥ ੧ ॥**[੬੩੩]-੧੧

ਦੋਹਾਂ ਸ਼ਬਦਾਂ ਤੋਂ ਅਸਾਂ ਸਮਝ ਲਿਆ ਹੈ ਕਿ, ਗੁਰੂ-ਬਾਣੀ ਅਨੁਸਾਰ ਉਸਤਤਿ ਅਤੇ ਨਿੰਦਿਆ, ਇਕ ਸਮਾਨ ਹਨ ।

੪੧- **ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ, ਛੋੜਿਆ ਹਭੁ ਕਿਝੁ ਤਿਆਗੀ ॥**
**ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਗੀ ॥ ੧ ॥**[੯੬੩]-ਵਾਰ-੧੪

ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ, ਹੇ ਮਨੁੱਖ ! ਤੂੰ ਇਹ ਕਹਿਣ ਜੋਗਾ ਬਣ--" ਹੇ ਪ੍ਰਭੂ ਜੀ ! ਕਿਸੇ ਦੀ ਉਸਤਤਿ ਕਰਨੀ ਅਤੇ ਕਿਸੇ ਦੀ ਨਿੰਦਿਆ ਕਰਨੀ--ਇਹ ਆਦਤ ਮੈਂ ਸਭ ਤਿਆਗ ਦਿੱਤੀ ਹੈ । ਮੈ ਵੇਖ ਲਿਆ ਹੈ ਕਿ ਦੁਨੀਆਂ ਦੇ ਸਾਰੇ ਸਾਕ ਝੂਠੇ ਹਨ (ਨਾਲ ਨਹੀਂ ਨਿਭਦੇ) ਇਸ ਲਈ ਹੇ ਪ੍ਰਭੂ ! ਮੈਂ ਤੇਰੇ ਲੜ ਆ ਲੱਗਾ ਹਾਂ " । ਪਰ ਸਾਡੀ ਕਰਤੂਤ ਇਹ ਹੈ ਕਿ, ਅਜੇਹੇ ਸਾਕ ਲਈ, ਜੋ ਹੁਣੇ ਹੀ ਝੂਠਾ ਸਾਬਤ ਹੋਇਆ ਹੈ, ਸਾਨੂੰ ਛੱਡ ਕੇ ਚਲਦਾ ਬਣਿਆਂ ਹੈ, ਉਸ ਦੀ ਝੂਠੀ ਸੋਭਾ ਗੁਰੂ ਦੇ ਦਰਬਾਰ ਵਿਚ ਕਰਦੇ ਅਤੇ ਕਰਵਾਉਂਦੇ ਹਾਂ । ਸਤਿਗੁਰਾਂ ਦੇ ਹੁਕਮਾਂ ਦੀ ਉਲੰਘਣਾਂ ਕਰਦੇ ਹੋਏ ਅਸੀਂ, ਇੱਕ ਤਰ੍ਹਾਂ ਨਾਲ ਆਪਣੇ ਗੁਰਦੇਵ ਦਾ ਮੂੰਹ ਚਿੜਾਉਂਣ ਦਾ ਘੋਰ ਪਾਪ ਕਰ ਰਹੇ ਹੁੰਦੇ ਹਾਂ । ਜਿਸ ਢੰਗ ਨਾਲ ਅਸੀਂ ਗੁਰੂ-ਬਾਣੀ ਦੇ ਪਾਠ ਕਰਵਾ ਕੇ ਮਿਰਤਕ ਦਾ ਦਸਹਿਰਾ ਕਰ ਰਹੇ ਹੁੰਦੇ ਹਾਂ, ਇਸ ਨਾਲ ਅਸੀਂ ਮਿਰਤਕ ਦੀ ਕਲਿਆਣ ਤਾਂ ਕੀ ਕਰਵਾਉਣੀ ਹੈ ਉਲਟਾ ਪਿਛੇ ਰਹੇ ਪ੍ਰਵਾਰ ਲਈ ਅਤੇ ਸਾਥੀਆਂ ਲਈ ਨਰਕ ਘੋਰ ਵਿਚ ਲੈ ਵੜਨ ਵਾਲੇ ਫਾਹੇ ਵੱਟ ਕੇ, ਆਪਣੇ ਗਲਾਂ ਵਿਚ ਪਾ ਰਹੇ ਹੁੰਦੇ ਹਾਂ । ਉਸਤਤਿ ਅਤੇ ਨਿੰਦਿਆਂ ਤੋਂ ਵਰਜਦਿਆਂ ਹੋਇਆ, ਬੜੇ ਸਪੱਸ਼ਟ ਸ਼ਬਦਾਂ ਵਿਚ ਜੋ ਫ਼ੁਰਮਾਨ ਸਤਿਗੁਰੂ ਜੀ ਨੇ ਕੀਤਾ ਹੈ, ਆਉ ਉਸ ਦੀ ਵਿਚਾਰ, ਇਕਾਗਰਤਾ ਨਾਲ ਕਰੀਏ ਅਤੇ ਗੁਰੂ-ਸਿਖਿਆ ਅਨੁਸਾਰ ਆਪਣਾ ਜੀਵਨ ਢਾਲਣ ਦਾ ਯਤਨ ਕਰੀਏ:---

੪੨- **ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥ ੧ ॥ ਵਾਹੁ ਮੇਰੇ ਸਾਹਿਬਾ ਵਾਹੁ ॥ ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥ ੧ ॥ ਰਹਾਉ ॥ ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥ ੨ ॥ ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥ ੩ ॥ ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ ੪ ॥ ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ ੫ ॥ ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥**[੭੫੫/੫੬]-੧-੩

**ਅਰਥ** :--ਦੁਨੀਆਂ ਦੀ ਖ਼ੁਸ਼ਾਮਦ ਨਾ ਕਰਦਾ ਫਿਰ, ਦੁਨੀਆ ਤਾਂ ਨਾਸ ਹੋ ਜਾਇਗੀ । ਲੋਕਾਂ ਨੂੰ ਵੀ ਨਾ ਵਡਿਆਉਂਦਾ ਫਿਰ, ਖ਼ਲਕਤ ਵੀ ਮਰ ਕੇ ਮਿੱਟੀ ਹੋ ਜਾਇਗੀ **। ੧ ।** ਹੇ ਮੇਰੇ ਮਾਲਕ ! ਤੂੰ ਧੰਨ ਹੈਂ । ਤੂੰ ਹੀ ਸਲਾਹਣ-ਜੋਗ ਹੈਂ । ਹੇ ਭਾਈ ! ਗੁਰੂ ਦੀ ਸ਼ਰਨ ਪੈ ਕੇ ਸਦਾ ਉਸ ਪਰਮਾਤਮਾ ਦੀ ਸਿਫ਼ਤ ਸਾਲਾਹ ਕਰਨੀ ਚਾਹੀਦੀ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ, ਅਤੇ ਜਿਸ ਨੂੰ ਕਿਸੇ ਦੀ ਮੁਥਾਜੀ ਨਹੀਂ ਹੈ **। ੧ । ਰਹਾਉ ।** ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੁਨੀਆਂ ਦੀ ਵਡਿਆਈ ਦੀ ਮਿਤ੍ਰਤਾ ਵਿਚ ਹੀ ਸੜ ਮਰਦੇ ਹਨ (ਆਤਮਕ ਜੀਵਨ ਸਾੜ ਕੇ ਸੁਆਹ ਕਰ ਲੈਂਦੇ ਹਨ । ਅੰਤ) ਜਮਰਾਜ ਦੇ ਦਰ ਤੇ ਚੋਟਾਂ ਖਾਂਦੇ ਹਨ । ਤਦੋਂ ਉਨ੍ਹਾਂ ਨੂੰ (ਹਥੋਂ ਖੁੰਝਿਆ ਹੋਇਆ ਮਨੁੱਖਾ ਜਨਮ ਦਾ) ਸਮਾ ਨਹੀਂ ਮਿਲਦਾ **। ੨ ।** ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ (ਭਾਵ, ਗੁਰੂ ਦੀ ਸਿਖਿਆ ਅਨੁਸਾਰ ਆਪਣੀ ਜੀਵਨ ਜੁਗਤ ਸੁਆਰ ਲੈਂਦੇ ਹਨ), ਉਨ੍ਹਾਂ ਦਾ ਜੀਵਨ ਸਫ਼ਲ ਜੋ ਜਾਂਦਾ ਹੈ, ਕਿਉਂਕਿ ਉਹ ਸੱਚੇ ਪ੍ਰਭੂ ਦੀ ਸਿਫਤਿ-ਸਾਲਾਹ ਦੀ ਬਾਣੀ ਵਿਚ ਜੁੜੇ ਰਹਿੰਦੇ ਹਨ **। ੩ ।** ਜਿਹੜੇ ਮਨੁੱਖ ਗੁਰੂ ਦੀ ਸਿਖਿਆ ਰੂਪ-ਬਾਣੀ ਨੂੰ ਭੁਲਾ ਦਿੰਦੇ ਹਨ, ਉਹ ਮਾਇਆ ਦੇ ਮੋਹ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਦੇ ਅੰਦਰੋਂ ਮਾਇਆ ਦੀ ਤ੍ਰੇਹ ਭੁੱਖ ਦੂਰ ਨਹੀਂ ਹੁੰਦੀ, ਉਹ ਹਰ ਵੇਲੇ ਤ੍ਰਿਸ਼ਨਾਂ ਦੀ ਅੱਗ ਵਿਚ ਸੜਦੇ ਫਿਰਦੇ ਹਨ **। ੪ ।** ਅਜੇਹੇ ਮਨੁੱਖ ਭੈੜੇ

ਬੰਦਿਆਂ ਨਾਲ ਮਿਤ੍ਰਤਾ ਗੰਢੀ ਰੱਖਦੇ ਹਨ, ਅਤੇ ਸੰਤ ਜਨਾਂ ਨਾਲ ਵੈਰ ਕਰਦੇ ਰਹਿੰਦੇ ਹਨ । ਉਹ ਆਪ ਆਪਣੇ ਪਰਵਾਰ ਸਮੇਤ (ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ, ਆਪਣੀਆਂ ਕੁਲਾਂ ਨੂੰ ਵੀ (ਤੇ ਆਪਣੇ ਹੋਰ ਰਿਸ਼ਤੇਦਾਰਾਂ ਨੂੰ ਵੀ) ਨਾਲ ਹੀ ਡੋਬ ਰਹੇ ਹੁੰਦੇ ਹਨ । ੫ ।

ਮਿਰਤਕ ਦੇ ਨਮਿਤ ਧਰਮ ਕਰਮ ਕਰਨੇ, ਬ੍ਰਾਹਮਣ ਵਾਦ ਹੈ । ਦਸਾਂ ਦਿਨਾਂ ਦੀ ਗਿਣਤੀ ਦਾ ਭਰਮ ਗਰੁੜ ਪੁਰਾਣ ਹੈ ਪਰ ਅਖੰਡ ਪਾਠ, ਜਾਂ ਸਹਿਜ ਪਾਠ ਰਖਾ ਕੇ ਗੁਰਬਾਣੀ ਦੇ ਹੁਕਮਾਂ ਦੀ ਉਲੰਙਣਾ ਕਰਨ ਦਾ ਅਰਥ ਹੈ ਸਤਿਗੁਰਾਂ ਨੂੰ ਬੇਦਾਵਾ ਲਿਖ ਦੇਣਾ । ਅਸੀਂ ਉਹ ਕੁਝ ਕਰ ਰਹੇ ਹੁੰਦੇ ਹਾਂ ਜਿਸ ਤੋਂ ਸਤਿਗੁਰਾਂ ਨੇ ਸਖ਼ਤੀ ਨਾਲ ਵਰਜਿਆ ਹੁੰਦਾ ਹੈ । ਮਾਇਆ ਮੋਹ ਦੇ ਕਾਰਨ ਹੰਕਾਰੀ ਹੋਇਆ ਮਨੁੱਖ, ਗੁਰੂ ਦੀ ਮਤ ਨੂੰ ਵਿਸਾਰ ਕੇ ਆਪਣੇ ਮਨ ਦੀ ਮਰਜ਼ੀ ਕਰਨ ਵਾਲੇ ਮਨਮੁਖ ਬਾਰੇ, ਸਤਿਗੁਰਾਂ ਦਾ ਫ਼ੁਰਮਾਨ :--

੪੩- **ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥ ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥ ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥ ਬਿਨੁ ਸਤਿਗੁਰੂ ਜਮਕਾਲੁ, ਨ ਛੋਡਈ ਦੂਜੈ ਭਾਇ ਖੁਆਈ ॥ ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ ॥ ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ ॥ ਸਤਿਗੁਰੁ ਸੇਵੇ ਸੋ ਸੁਖੁ ਪਾਏ ਨਾਉ ਵਸੈ ਮਨਿ ਆਈ ॥ ਨਾਨਕ ਸੇ ਵਡੇ ਵਡਭਾਗੀ ਜਿ ਗੁਰਮੁਖਿ ਨਾਮਿ ਸਮਾਈ ॥ ੧੯ ॥**[੧੪੧੪]

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵੇਲੇ ਮਨੁੱਖਾਂ ਦੀ ਮਤਿ ਹਰ ਵੇਲੇ ਭਟਕਦੀ ਰਹਿੰਦੀ ਹੈ, ਉਨ੍ਹਾਂ ਦੇ ਅੰਦਰ (ਆਪਣੀ ਮਤਿ ਦੀ) ਚਤੁਰਾਈ ਦਾ ਬਹੁਤ ਮਾਣ ਹੁੰਦਾ ਹੈ । (ਆਪਣੀ ਅਕਲ ਦੇ ਆਸਰੇ ਧਰਮ ਕਰਮ, ਪੁੰਨ ਦਾਨ ਆਦਿਕ ਦਾ) ਕੀਤਾ ਹੋਇਆ (ਉਨ੍ਹਾਂ ਦਾ) ਸ਼ਾਰਾ ਉਦੱਮ ਵਿਅਰਥ ਜਾਂਦਾ ਹੈ (ਲੋਕ ਵਿਖਾਵੇ ਲਈ ਉਨ੍ਹਾਂ ਦਾ ਇਹ ਸਾਰਾ ਕੀਤਾ ਕਤਰਿਆ ਪਰਮਾਤਮਾ ਦੀ ਹਜ਼ੂਰੀ ਵਿਚ) ਪਰਵਾਨ ਨਹੀਂ ਹੁੰਦਾ । ਪੁੰਨ ਦਾਨ ਆਦਿਕ ਜਿਹੜਾ ਵੀ (ਕਰਮ-ਬੀਜ ਉਹ ਆਪਣੀ ਸਰੀਰ-ਧਰਤੀ ਵਿਚ) ਬੀਜਦੇ ਹਨ, (ਉਨ੍ਹਾਂ ਦੀ ਇਹ) ਸਾਰੀ ਮਿਹਤਨ ਧਰਮਰਾਜ ਦੇ ਹਵਾਲੇ ਹੋ ਜਾਂਦੀ ਹੈ (ਭਾਵ, ਇਸ ਸਾਰੀ ਮਿਹਨਤ ਨਾਲ ਮਨੁੱਖ ਧਰਮਰਾਜ ਦੇ ਹੀ ਅਧੀਨ ਰਹਿੰਦਾ ਹੈ, ਅਰਥਾਤ, ਇਸ ਤਰ੍ਹਾਂ ਦੇ ਧਰਮ ਕਰਮਾਂ ਦੇ ਕਰਨ ਨਾਲ ਹੰਕਾਰੀ ਹੋ ਕੇ, ਮਨੁੱਖ ਆਤਮਕ ਮੌਤ ਸਹੇੜ ਲੈਂਦਾ ਹੈ) ।

ਗੁਰੂ ਦੀ ਸਰਨ ਪੈਣ ਤੋਂ (ਗੁਰੂ ਦੀ ਮਤਿ ਅਨੁਸਾਰ ਜੀਵਨ ਜੁਗਤ ਬਣਾ ਲੈਣ) ਬਿਨਾ ਜਨਮ ਮਰਨ ਦਾ ਗੇੜ (ਮਨੁੱਖ ਨੂੰ) ਛੱਡਦਾ ਨਹੀਂ । ਮਾਇਆ ਦੇ ਮੋਹ ਕਾਰਨ ਮਨੁੱਖ ਖ਼ੁਆਰ ਹੀ ਹੁੰਦਾ ਹੈ । (ਮਨੁੱਖ ਦੀ) ਜਵਾਨੀ ਲੰਘਦਿਆਂ ਚਿਰ ਨਹੀਂ ਲੱਗਦਾ, ਬੁਢਾਪਾ ਆ ਪਹੁੰਚਦਾ ਹੈ, (ਤੇ ਆਖ਼ਰ ਪ੍ਰਾਣੀ) ਮਰ ਜਾਂਦਾ ਹੈ । ਪੁੱਤਰ, ਇਸਤ੍ਰੀ, ਮਾਇਆ ਦਾ ਮੋਹ ਪਿਆਰ-(ਇਨ੍ਹਾਂ ਵਿਚੋਂ) ਅੰਤ ਵੇਲੇ ਕੋਈ ਯਾਰ ਨਹੀਂ ਬਣਦਾ, ਕੋਈ ਸਾਥੀ ਨਹੀਂ ਬਣਦਾ । ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਆਤਮਕ ਆਨੰਦ ਮਾਣਦਾ ਹੈ । ਪਰਮਾਤਮਾ ਦਾ ਨਾਮ ਉਸ ਦੇ ਮਨ ਵਿਚ ਆ ਵੱਸਦਾ ਹੈ । ਹੇ ਨਾਨਕ ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ, ਉਹ ਸਾਰੇ ਉੱਚੇ ਜੀਵਨ ਵਾਲੇ ਹੁੰਦੇ ਹਨ, ਵਡੇ ਭਾਗਾਂ ਵਾਲੇ ਹੁੰਦੇ ਹਨ । ੧੯ ।

੪੪- **ਰਾਜਿ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥ ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈਆਨੀ ॥ ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥ ਕਾਹੇ ਏਕ ਬਿਨਾ ਚਿਤੁ ਲਾਈਐ ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥ ੧ ॥ ਰਹਾਉ ॥ ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥ ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥ ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ ॥੨॥ ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥ ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਇਹੁ ਪਸਾਰਾ ॥ ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥ ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥ ੪ ॥**[੩੭੯/੮੦]-੧-੩੮

**ਅਰਥ:**--(ਹੇ ਭਾਈ!) ਇਕ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਵਿਚ ਪ੍ਰੀਤਿ ਨਹੀਂ ਜੋੜਨੀ ਚਾਹੀਦੀ । ਉੱਠਦਿਆਂ ਬੈਠਦਿਆਂ ਸੁਤਿਆਂ ਜਾਗਦਿਆਂ ਸਦਾ, ਪਰਮਾਤਮਾ ਵਿਚ ਹੀ ਸੁਰਤਿ ਜੋੜੀ ਰੱਖਣੀ ਚਾਹੀਦੀ ਹੈ ।੧। ਰਹਾਉ । (ਹੇ ਭਾਈ !) ਹਕੂਮਤਿ, ਜ਼ਮੀਨ ਦੀ ਮਾਲਕੀ, ਜੋਬਨ, ਘਰ, ਇਜ਼ੱਤ, ਸੁੰਦਰਤਾ, ਜੁਆਨੀ ਬਹੁਤ ਧਨ, ਹਾਥੀ ਘੋੜੇ (ਜੇ ਇਹ ਸਭ ਕੁਝ ਕਿਸੇ ਮਨੁੱਖ ਕੋਲ ਹੋਵੇ) ਜੇ ਲੱਖਾਂ ਰੁਪਏ ਖ਼ਰਚ ਕੇ ਕੀਮਤੀ ਲਾਲ ਮੁੱਲ ਲੈ ਆਵੇ (ਤੇ ਇਨ੍ਹਾਂ ਪਦਾਰਥਾਂ ਦਾ ਮਾਣ ਕਰਦਾ ਰਹੇ) ਪਰ ਅਗਾਂਹ ਪਰਮਾਤਮਾ ਦੀ ਦਰਗਾਹ ਵਿਚ (ਇਨ੍ਹਾਂ ਵਿਚੋਂ ਕੋਈ ਵੀ ਚੀਜ਼) ਕੰਮ ਨਹੀਂ ਆਉਂਦੀ । (ਇਨ੍ਹਾਂ ਪਦਾਰਥਾਂ ਦਾ) ਮਾਣ ਕਰਨ ਵਾਲਾ ਮਨੁੱਖ (ਇਨ੍ਹਾਂ ਸਭਨਾ ਨੂੰ ਏਥੇ ਹੀ) ਛੱਡ ਕੇ ਏਥੋਂ ਤੁਰ ਪੈਂਦਾ ਹੈ **। ੧ ।** ਜੇ ਕੋਈ ਮਨੁੱਖ ਬੜੇ ਅਸਚਰਜ ਸੋਹਣੇ ਪਿੜ (ਭਾਵ, ਕੁਸ਼ਤੀਆਂ) ਜਿੱਤਦਾ ਹੋਵੇ, ਜੇ ਉਹ ਰਣਭੂਮੀ ਵਿਚ ਜਾ ਕੇ (ਬੜੇ ਬੜੇ) ਝਗੜੇ-ਲੜਾਈਆਂ ਜਿੱਤ ਲੈਂਦਾ ਹੋਵੇ, ਤੇ ਆਪਣੇ ਮੂੰਹੋਂ ਇਉਂ ਵਾਹੀ-ਤਬਾਹੀ ਬੋਲਦਾ ਹੋਵੇ ਕਿ ਮੈਂ (ਆਪਣੇ ਵੈਰੀਆਂ ਨੂੰ) ਮਾਰ ਸਕਦਾ ਹਾਂ, ਮੈ ਉਨ੍ਹਾਂ ਨੂੰ ਬੰਨ੍ਹ ਸਕਦਾ ਹਾਂ, (ਤੇ ਜੇ ਜੀ ਚਾਹੇ ਤਾਂ ਉਨ੍ਹਾਂ ਨੂੰ ਕੈਦ ਤੋਂ) ਛੱਡ ਸਕਦਾ ਹਾਂ (ਤਾਂ ਵੀ ਕੀ ਹੋਇਆ ?) ਆਖ਼ਰ ਇੱਕ ਦਿਨ ਪਰਮਾਤਮਾ ਦਾ ਹੁਕਮ ਆਉਂਦਾ ਹੈ (ਮੌਤ ਆ ਜਾਂਦੀ ਹੈ, ਤੇ) ਇਹ ਸਭ ਕੁਝ ਛੱਡ ਕੇ ਇਥੋਂ ਤੁਰ ਜਾਂਦਾ ਹੈ **। ੨ ।** (ਜੇ ਕੋਈ ਮਨੁੱਖ ਹੋਰਨਾਂ ਨੂੰ ਵਿਖਾਉਂਣ ਲਈ) ਅਨੇਕਾਂ ਕਿਸਮਾਂ ਦੇ (ਅਖੰਡ ਪਾਠ, ਦਾਨ ਪੁੰਨ, ਆਦਿ) ਧਾਰਮਿਕ ਕੰਮ ਕਰਦਾ ਹੋਵੇ, ਪਰ ਸਿਰਜਣਹਾਰ ਪ੍ਰਭੂ ਨਾਲ ਸਾਂਝ ਨਾ ਬਣਏ, ਤੇ ਪਰਮਾਤਮਾਂ ਦੀ ਸਿਫਤਿ ਸਾਲਾਹ ਦੀ ਬਾਣੀ ਦੀ ਸਾਰ ਨਾ ਸਮਝੇ, ਤਾਂ ਉਹ ਖ਼ਾਲੀ-ਹਥ ਜਗਤ ਵਿਚ ਆਉਦਾ ਹੈ ਤੇ ਏਥੋਂ ਖ਼ਾਲੀ-ਹਥ ਹੀ ਤੁਰ ਜਾਂਦਾ ਹੈ (ਉਸ ਦੇ ਵਿਖਾਵੇ ਇਹ ਧਾਰਮਿਕ ਕੰਮ ਵਿਅਰਥ ਹੀ ਜਾਂਦੇ ਹਨ) ਜਿਵੇਂ ਹਾਥੀ (ਇਸ਼ਨਾਨ ਕਰਕੇ ਆਪਣੇ ਉਤੇ) ਮਿੱਟੀ ਪਾ ਲੈਂਦਾ ਹੈ **। ੩ ।** ਹੇ ਸੰਤ ਜਨੋਂ ! ਹੇ ਸੱਜਣੋਂ ! ਹੇ ਮਿਤਰੋ ! ਸਾਰੇ ਸੁਣ ਲਵੋ, ਇਹ ਸਾਰਾ ਜਗਤ-ਖਿਲਾਰਾ ਨਾਸਵੰਤ ਹੈ । ਜਿਹੜੇ ਮੂਰਖ ਨਿੱਤ ਇਹ ਆਖਦੇ ਰਹੇ ਕਿ ਇਹ ਮੇਰੀ ਮਾਇਆ ਹੈ, ਇਹ ਮੇਰੀ ਜਾਇਦਾਦ ਹੈ ਉਹ (ਮਾਇਆ-ਮੋਹ ਦੇ ਸਮੁੰਦਰ ਵਿਚ) ਡੁੱਬ ਰਹੇ ਤੇ ਖ਼ੁਆਰ ਹੋ ਕੇ ਆਤਮਕ ਮੌਤ ਸਹੇੜਦੇ ਰਹੇ । ਹੇ ਨਾਨਕ ! ਜਿਸ ਮਨੁੱਖ ਨੇ ਸਤਿਗੁਰੂ ਨੂੰ ਮਿਲ ਕੇ ਪਰਮਾਤਮਾ ਦਾ ਨਾਮ ਸਿਮਰਿਆ, ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਵਿਚ ਜੁੜ ਕੇ (ਇਸ ਸੰਸਾਰ-ਸਮੁੰਦਰ ਤੋਂ) ਉਸ ਦਾ ਪਾਰ-ਉਤਾਰਾ ਹੋ ਗਿਆ ।੪।

੪੫- **ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥ ਇਨ੍ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ**

**ਨਾਮ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥ ੧ ॥ ਰਹਾਉ ॥** [੧੧੮੫]-੧-੧੯

# ੯
# ਮਰਨਾਂ ਸੱਚ

' ਖ਼ਾਲਸਾ ਤਵਾਰੀਖ ' ਗ੍ਰੰਥ ਦੇ ਹਵਾਲੇ ਨਾਲ, ਭਾਈ ਵੀਰ ਸਿੰਘ ਜੀ ਨੇ ਆਪਣੀ ਪੁਸਤਕ " ਗੁਰੂ ਨਾਨਕ ਚਮਤਕਾਰ " ਵਿਚ ਸਾਖੀ ਲਿਖੀ ਹੈ, ਕਿ ਸਿਆਲਕੋਟ (ਪਾਕਿਸਤਾਨ) ਸ਼ਹਿਰ ਵਿਚ ' ਗੀਗਾ ' ਨਾਮੀ ਇੱਕ ਖੱਤਰੀ ਰਹਿੰਦਾ ਸੀ । ਵਡੇਰੀ ਉਮਰ ਹੋ ਗਈ ਪਰ ਉਸ ਦੇ ਘਰ ਔਲਾਦ ਨਾ ਹੋਈ । ਗੀਗਾ ਅਤੇ ਉਸ ਦੀ ਘਰਦੀ " ਹਮਜ਼ਾ ਗੌਂਸ " ਨਾਮੀ ਪੀਰ ਦੀ ਸ਼ਰਨ ਵਿਚ ਗਏ ਅਤੇ, ਕਾਫ਼ੀ ਸਮਾ ਉਸ ਦੀ ਸੇਵਾ ਪੂਜਾ ਕਰਦੇ ਰਹਿਣ ਦੇ ਨਾਲ, ਔਲਾਦ ਦੀ ਮੰਗ ਵੀ ਮੰਗਦੇ ਰਹੇ । ਆਖ਼ਰ ਪੀਰ ਦਾ ਵਰ, ਇਸ ਸ਼ਰਤ ਤੇ ਪ੍ਰਾਪਤ ਹੋਇਆ, ਕਿ ਔਲਾਦ ਹੋਈ ਤੇ ਪਹਿਲਾ ਫਲ ਪੀਰ ਦੀ ਭੇਟਾ ਕਰ ਦਿੱਤਾ ਜਾਵੇਗਾ । ਕੁਦਰਤ ਦਾ ਕਰਨਾ, ਗੀਗੇ ਦੇ ਘਰ ਤਿੰਨ ਪੁਤਰ ਜੰਮੇ । ਜਦ ਕੁਝ ਸਿਆਣੇ ਹੋ ਗਏ ਤਾਂ ਪੀਰ ਨੇ ਆਪਣੀ ਮੰਨਤ ਦੀ ਮੰਗ ਕੀਤੀ । ਔਲਾਦ ਦੇ ਮੋਹ ਕਾਰਨ ਗੀਗੇ ਨੇ ਮੁੰਡੇ ਦੇ ਬਦਲੇ ਪੀਰ ਨੂੰ ਮੂੰਹ-ਮੰਗੀ ਦੌਲਤ ਦੇਣੀ ਚਾਹੀ । ਕੁਝ ਹੋਰ ਖੱਤਰੀਆਂ ਨੇ ਵੀ ਗੀਗੇ ਦੀ ਸਿਫ਼ਾਰਸ਼ ਕੀਤੀ ਅਤੇ ਪੀਰ ਜੀ ਦੀ ਮਿੰਨਤ ਕੀਤੀ, ਕਿ, ਪੁਰਾਣੇ ਦਸਤੂਰ ਅਨੁਸਾਰ ਮੁੰਡੇ ਦੇ ਭਾਰ ਦੀ ਦੌਲਤ ਲੈ ਲਈ ਜਾਵੇ, ਤਾਂ ਜੋ ਮੁੰਡੇ ਦਾ ਹਿੰਦੂ ਧਰਮ ਵੀ ਬਚਿਆ ਰਹੇ । ਪੀਰ ਨੂੰ ਕ੍ਰੋਧ ਆ ਗਿਆ ਅਤੇ ਸਾਰੇ ਸ਼ਹਿਰ ਨੂੰ ਹੀ ਗ਼ਰਕ ਕਰ ਦੇਣ ਲਈ, ਇੱਕ ਗੁੰਬਦ ਵਿਚ ਚਿਲੇ ਬੈਠ ਗਿਆ ਅਤੇ ਪ੍ਰਣ ਕਰ ਲਿਆ ਕਿ ਉਹ ਸੂਰਜ ਓਦੋਂ ਹੀ ਵੇਖੇਗਾ ਜਦ ਸਾਰਾ ਸ਼ਹਿਰ ਗ਼ਰਕ ਹੋ ਜਾਵੇਗਾ । ਸਿੱਧਾਂ, ਜੋਗੀਆਂ, ਰਿਖੀਆਂ, ਪੀਰਾਂ ਫ਼ਕੀਰਾਂ ਦੇ ਚਿਲਿਆਂ ਅਥਵਾ, ਮੰਤ੍ਰ-ਜਾਪਾਂ ਅਦਿ ਤਪਾਂ ਦਾ ਲੋਕਾਂ ਦੇ ਮਨਾਂ ਵਿਚ ਬੜਾ ਭੈ ਬਣਿਆ ਹੋਇਆ ਸੀ ਜੋ ਅੱਜ ਵੀ ਵੇਖਣ ਵਿਚ ਆ ਜਾਂਦਾ ਹੈ । ਸ਼ਹਿਰ ਵਾਸੀਆਂ ਨੂੰ ਯਕੀਨ ਹੋ ਗਿਆ ਕਿ ਸਿਆਲਕੋਟ ਸ਼ਹਿਰ ਨੇ ਜ਼ਰੂਰ ਗ਼ਰਕ ਹੋ ਜਾਣਾਂ ਹੈ । ਸਾਰੇ ਸ਼ਹਿਰ ਵਾਸੀਆਂ ਵਿਚ ਗੰਭੀਰ ਘਬਰਾਹਟ ਫੈਲ ਗਈ। ਮੁਸਲਮਾਨੀ ਹਕੂਮਤ ਵਿਚ ਮੁਸਲਮਾਨ ਫ਼ਕੀਰਾਂ ਦਾ ਉਂਜ ਵੀ ਬੜਾ ਸਖ਼ਤ ਭੈ ਬਣ ਚੁੱਕਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਬਿਨਾਂ ਹੋਰ ਕੌਣ ਸੀ ਜੋ ਨਿਰਦੋਸ਼ ਲੋਕਾਂ ਦੀ ਮੁਸੀਬਤ ਵਿਚ ਸਹਾਈ ਹੁੰਦਾ ? ਗੁਰਦੇਵ ਜੀ ਨੇ ਦੁਖੀ-ਹਿਰਦਿਆਂ ਦੀ ਪੁਕਾਰ ਸੁਣੀ ਅਤੇ ਮਰਦਾਨੇ ਨੂੰ ਨਾਲ ਲੈ ਕੇ ਸਿਆਲਕੋਟ ਪੀਰ ਦੇ ਚਿਲ੍ਹਾ ਅਸਥਾਨ ਦੇ ਨੇੜੇ ਜਾ ਬਿਰਾਜੇ । ਸਤਿਗੁਰਾਂ ਦੇ ਚਰਨਾਂ ਦਾ ਸਦਕਾ, ਪੀਰ ਦਾ ਚਿਲ੍ਹਾ ਭੰਗ ਹੋ ਗਿਆ ।

ਪੀਰ ਨੇ ਜਦ ਸਾਰੇ ਸ਼ਹਿਰ ਨੂੰ ਝੂਠਾ ਕਹਿ ਕੇ ਆਪਣੇ ਚਿਲ੍ਹੇ ਵਾਲੀ ਜ਼ਿੱਦ ਪੁਗਾਉਣ ਦੀ ਗੱਲ ਕੀਤੀ ਤਾਂ ਗੁਰਦੇਵ ਜੀ ਨੇ ਫ਼ੁਰਮਾਇਆ, ਕਿ ਸਾਰੇ ਸ਼ਹਿਰ ਵਾਸੀ ਝੂਠੇ ਨਹੀਂ ਹਨ, ਕਈ ਸੱਚ ਦੀ ਪਛਾਣ ਵਾਲੇ ਵੀ ਹਨ । ਫਿਰ ਪੀਰ ਦੀ ਤਸੱਲੀ ਲਈ ਸਤਿਗੁਰਾਂ ਨੇ ਮਰਦਾਨੇ ਨੂੰ ਦੋ ਟਕੇ ਦੇ ਕੇ ਕਿਹਾ ਕਿ ਉਹ ਸ਼ਹਿਰ ਵਿਚ ਜਾ ਕੇ ਇੱਕ ਟਕੇ ਦਾ " ਸੱਚ " ਅਤੇ ਦੂਜੇ ਟਕੇ ਦਾ " ਝੂਠ " ਖਰੀਦ ਲਿਆਵੇ । ਮਰਦਾਨੇ ਦੀ ਇਹ ਅਨੋਖੀ ਮੰਗ ਸੁਣ ਕੇ ਲੋਕ ਹੱਸਦੇ ਰਹੇ, ਪਰ ਮਰਦਾਨਾਂ ਆਪਣੇ ਮਾਲਕ ਦੇ ਹੁਕਮ ਵਿਚ ਉਹੀ ਮੰਗ ਕਰਦਾ ਤੁਰਿਆ ਗਿਆ । ਆਖ਼ਰ ਇੱਕ ਅਜੇਹਾ ਮਨੁੱਖ ਮਿਲ ਪਿਆ ਜਿਸ ਨੇ ਦੋ ਟਕੇ ਲੈ ਕੇ, ਕਾਗ਼ਜ਼ ਦੇ ਇੱਕ ਟੁਕੜੇ ਤੇ " ਮਰਨਾ ਸੱਚ ਹੈ " ਅਤੇ ਦੂਜੇ ਤੇ " ਜੀਊਣਾ ਝੂਠ ਹੈ " ਲਿਖ ਕੇ, ਮਰਦਾਨੇ ਦੇ ਹਥ ਫੜਾ ਦਿੱਤੇ ।

ਕਾਗ਼ਜ ਦਾ ਉਹ ਟੁਕੜਾ ਪੀਰ ਨੂੰ ਵਿਖਾ ਕੇ ਸਤਿਗੁਰਾਂ ਨੇ ਪੁਛਿਆ ਕਿ--" ਮੌਤ ਵਰਗੀ ਸਚਾਈ ਨੂੰ ਸਦਾ ਯਾਦ ਰੱਖਣ ਵਾਲਾ ਅਜੇਹਾ ਮਨੁੱਖ ਵੀ ਕੀ ਝੂਠਾ ਹੀ ਹੈ ? " ਪੀਰ ਨੇ ਆਪਣੀ ਭੁੱਲ ਮੰਨ ਲਈ । ਪਰ ਮਾਇਆ ਦਾ ਅਸਰ ਇਹ ਹੈ ਕਿ ਅਸੀਂ ਮਰਨਾ ਝੂਠ ਅਤੇ ਜੀਊਣਾ ਸੱਚ ਮੰਨਣਾ ਚਾਹੁੰਦੇ ਹਾਂ । ਸਾਨੂੰ ਮਰਨਾਂ ਝੂਠ ਮੰਨਣ ਦੀ ਆਦਤ ਬਣ ਚੁੱਕੀ ਹੈ । ਜੇ ਅਜੇਹਾ ਨਾ ਹੋਵੇ ਤਾਂ ਕਿਸੇ ਸੰਬੰਧੀ ਦੀ ਮੌਤ ਤੇ ਸਾਨੂੰ ਆਪਣੀ ਵਾਰੀ ਚੇਤੇ ਆ ਜਾਣੀ ਚਾਹੀਦੀ ਹੈ । ਰੋਜ਼ ਪੜ੍ਹਦੇ ਵੀ ਹਾਂ--**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣ ਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥**[੧੨]ਸੋਹਿਲਾ । ਗੁਆਂਢੀ ਤੁਰੇ ਜਾ ਰਹੇ ਹਨ, ਕਿਸੇ ਨ ਕਿਸੇ ਨੂੰ ਰੋਜ਼ ਸਦਾ ਆ ਰਿਹਾ, ਅਸੀਂ ਵੇਖਦੇ ਸੁਣਦੇ ਹਾਂ । ਪਰ ਇਹ ਸੋਚਣਾ ਬੜਾ ਔਖਾ ਬਣ ਜਾਂਦਾ ਹੈ ਕਿ ਸਾਡੀ ਵਾਰੀ ਵੀ ਆ ਰਹੀ ਹੈ । ਅਸੀਂ ਉਸ ਦੀ ਕਲਿਆਣ ਲਈ ਧਰਮ ਕਰਮ ਕਰਦੇ ਹਾਂ ਜਿਸ ਨੂੰ ਆਪਣੇ ਕੀਤੇ ਦਾ ਫਲ, ਮਰਦੇ ਸਾਰ ਹੀ ਮਿਲ ਗਿਆ ਹੋਇਆ ਹੈ । ਸਾਨੂੰ ਇਹ ਪਤਾ ਹੀ ਨਹੀਂ ਕਿ ਪ੍ਰਾਣੀ ਨੇ ਕਿਸੇ ਧਰਮ ਰਾਜ ਕੋਲ ਤਾਂ ਜਾਣਾ ਹੀ ਨਹੀਂ । ਧਰਮ ਰਾਜ, ਚਿਤ੍ਰ-ਗੁਪਤ ਵਾਲੇ ਬ੍ਰਾਹਮਣੀ ਭਰਮਾ ਦਾ ਭੋਗ ਤਾਂ ਉਸੇ ਸਮੇਂ ਪੈ ਜਾਂਦਾ ਹੈ, ਜਦੋਂ ਅਸੀ ਜਪੁਜੀ ਸਾਹਿਬ ਦਾ ਪਾਠ ਧਿਆਨ ਨਾਲ ਕਰੀਏ --**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ, ਸਚਾ ਦਰਬਾਰੁ ॥...੩੪ ॥** ਯਥਾ---**ਨਾਨਕ ਪਾਰਖੁ ਆਪਿ, ਜਿਨਿ ਖੋਟਾ ਖਰਾ ਪਛਾਣਿਆ ॥ ੧੩ ॥** [੧੪੪] ਸਾਡੇ ਕਰਮਾਂ ਦਾ ਲੇਖਾ-ਜੋਖਾ ਤਾਂ ਸਿਰਜਣਹਾਰ ਆਪ ਹੀ ਨਾਲੋ ਕਰੀ ਜਾ ਰਿਹਾ ਹੁੰਦਾ ਹੈ ।

ਸਾਡੀ ਬਦਕਿਸਮਤੀ ਇਹ ਹੈ ਕਿ ਅਸਾਂ ਸਤਿਗੁਰਾਂ ਕੋਲੋਂ ਇਹ ਕਦੇ ਨਹੀਂ ਪੁਛਿਆ ਕਿ--ਹੇ ਸੱਚੇ ਸਤਿਗੁਰੂ ਜੀਓ ! ਸਾਨੂੰ, ਅਗਿਆਨੀ ਭੁੱਲੜਾਂ ਨੂੰ, ਉਸ ਸੱਚੇ ਦਰਬਾਰ ਦਾ ਕੋਈ ਅਤਾ-ਪਤਾ ਸਮਝਾ ਦੇਣ ਦੀ ਮਿਹਰ ਵੀ ਕਰ ਦਿਉ । ਮਿਹਰਾਂ ਦੇ ਸਾਈਂ ਜੀਓ ! ਸੋਝੀ ਬਖਸ਼ੋ ਕਿ ਉਹ ਸੱਚਾ ਦਰਬਾਰ ਹੈ ਕਿਥੇ ? ਜਦ ਕਦੇ ਪੁੱਛਿਆ ਹੀ ਨਹੀਂ ਤਾਂ ਸਾਨੂੰ ਇਹ ਕਿਵੇਂ ਪਤਾ ਲੱਗੇ ਕਿ **ਉਸ ਸੱਚੇ ਦਾ ਦਰਬਾਰ ਕਿੱਥੇ ਹੈ** । ਜੇ ਅੱਗੇ ਕਦੇ

ਨਹੀਂ ਪੁਛਿਆ ਤਾਂ ਆਉ ਅੱਜ ਆਪਣੇ ਸ਼ਬਦ-ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੱਥ ਬੰਨ੍ਹ ਖਲੋਈਏ । ਸਚੇ ਸਤਿਗੁਰੂ ਜੀਓ ! ਕਰੋ ਮਿਹਰ, ਅਤੇ ਕਰਾਉ ਦਰਸ਼ਨ ਉਸ ਸੱਚੇ ਪਾਤਿਸ਼ਾਹ ਜੀ ਦੇ ਸੱਚੇ ਦਰਬਾਰ ਦੇ----

੪੬- **ਅੰਦਰਿ ਰਾਜਾ ਤਖ਼ਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ**
**ਅਸਰਾਉ ॥ ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭ ਸਚੋ ਸਚੁ**
**ਵਰਤਦਾ ਸਦਾ ਸਚੁ ਨਿਆਉ ॥ ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥ ੧੮ ॥**[੧੦੯੨]

**ਅਰਥ:**--(ਜੀਵ ਦੇ) ਅੰਦਰ ਹੀ (ਜੀਆਂ ਦਾ) ਮਾਲਕ ਬੈਠਾ ਹੈ, (ਜੀਵ ਦੇ) ਅੰਦਰ ਹੀ (ਉਸ ਦਾ) ਤਖ਼ਤ ਹੈ, ਉਹ ਆਪ ਹੀ (ਅੰਦਰ ਬੈਠਾ ਹੋਇਆ, ਜੀਵ ਦੇ ਕੀਤੇ ਕਰਮਾਂ ਦਾ) ਨਿਆਂ ਕਰੀ ਜਾਂਦਾ ਹੈ, (ਜੀਵ ਦੇ) ਅੰਦਰ ਹੀ (ਉਸ ਦਾ) ਮਹਲ ਹੈ, ਜੀਵ ਦੇ ਅੰਦਰ ਹੀ (ਬੈਠਾ ਜੀਵ ਨੂੰ) ਆਸਰਾ (ਦੇਈ ਜਾ ਰਿਹਾ ਹੈ, ਪਰ ਉਸ ਦੇ ਮਹਲ ਦਾ ਬੂਹਾ ਗੁਰੂ ਦੇ ਸ਼ਬਦ ਦੀ ਰਾਹੀਂ ਲੱਭਦਾ ਹੈ । (ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜ਼ੂਰੀ ਵਿਚ) ਖਰੇ ਜੀਵ ਪਰਖ ਕੇ ਖ਼ਜਾਨੇ ਵਿਚ ਰੱਖੇ ਜਾਂਦੇ ਹਨ (ਭਾਵ, ਅੰਦਰ ਬੈਠਾ ਹੋਇਆ ਹੀ ਖਰੇ ਜੀਵਾਂ ਦੀ ਆਪ ਸੰਭਾਲ ਕਰੀ ਜਾਂਦਾ ਹੈ), ਖੋਟਿਆਂ ਨੂੰ ਥਾਂ ਨਹੀਂ ਮਿਲਦਾ । ਉਹ ਸਦਾ ਥਿਰ ਰਹਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸ ਦਾ ਨਿਆਂ ਸਦਾ ਅਟੱਲ ਹੈ, ਉਨ੍ਹਾਂ ਨੂੰ ਉਸ ਦੇ ਨਾਮ-ਅੰਮ੍ਰਿਤ ਦਾ ਸੁਆਦ ਆਉਂਦਾ ਹੈ ਜਿੰਨ੍ਹਾਂ ਦੇ ਮਨ ਵਿਚ ਨਾਮ ਆ ਵੱਸਦਾ ਹੈ । ੧੮ ।

ਇਹ ਬੇਨਤੀਆਂ ਪਹਿਲਾਂ ਵੀ ਕਰ ਚੁੱਕੇ ਹਾਂ ਕਿ ਮਿਰਤਕ ਲਈ ' ਸੱਚ ਖੰਡ ਵਿਚ ਵਾਸੇ ਦੀ, " ਜਾਂ " ਆਪਣੇ ਚਰਨਾਂ ਵਿਚ ਨਿਵਾਸ " ਆਦਿ ਦੀ ਗੱਲ ਕਰਨੀ, ਗੁਰੂ-ਦਰਬਾਰ ਵਿਚ ਕੀਤਾ ਜਾ ਰਿਹਾ, ਐਵੇਂ, ਲੋਕ ਵਿਖਾਵਾ ਜਾਂ ਲੋਕਾਚਾਰੀ ਹੀ ਹੈ । ਅਸਲ ਵਿਚ ਸਤਿਗੁਰਾਂ ਕੋਲੋ ਆਪਣੇ ਅੰਦਰਾਂ ਦੇ ਗੰਦ ਦੀ ਸਫ਼ਾਈ ਕਰ ਸਕਣ ਦੀ ਜਾਚ ਸਿੱਖਣ ਦੀ ਗੱਲ ਕਰਨੀ ਚਾਹੀਦੀ ਹੈ । ਆਪਣੇ ਵੱਲ ਆ ਰਹੇ ਸੱਦੇ ਦਾ ਚੇਤਾ ਕਰਕੇ ਆਪਣੇ ਅੰਦਰ ਦੇ ਵਿਕਾਰਾਂ ਤੋਂ ਉਪਜ ਰਹੇ ਕਲੇਸ਼ਾਂ ਦਾ, ਅਪਣੇ ਮਨ ਦੀ ਭਟਕਣਾ ਤੋਂ ਪੈ ਰਹੇ ਤ੍ਰਿਸ਼ਨਾਂ ਦੇ ਸਾੜੇ ਦਾ ਇਲਾਜ ਪੁਛਣਾ ਚਾਹੀਦਾ ਹੈ । ਜੇ ਉਂਜ ਹਰ ਵੇਲੇ ਨਹੀਂ ਤਾਂ ਕਿਸੇ ਦੂਜੇ ਦੀ ਮੌਤ ਸਮੇ ਹੀ ਆਪਣੀ ਮੌਤ-ਘੜੀ ਦਾ ਚੇਤਾ ਆ ਜਾਣਾ, ਵਡੇ ਭਾਗਾਂ ਦੀ ਗੱਲ ਹੁੰਦੀ ਹੈ ।

ਛੋਟੇ ਹੁੰਦਿਆਂ ਉਰਦੂ ਦੀ ਪੁਸਤਕ ਵਿਚ ਇੱਕ ਰਾਜੇ ਦੀ ਗਾਥਾ ਪੜ੍ਹੀ ਸੀ । ਮੌਤ ਦੀ ਸਚਾਈ ਦਾ ਗਿਆਨ ਕਰਵਾ ਦੇਣ ਵਾਲੀ ਉਹ ਕਹਾਣੀ (Fable) ਇਸ ਪ੍ਰਕਾਰ ਹੈ :--

ਜੰਗਲ ਵਿਚ ਸ਼ਿਕਾਰ ਖੇਡਦੇ ਇਕ ਰਾਜੇ ਦਾ ਘੋੜਾ ਸਾਥੀਆਂ ਨਾਲੋਂ ਦੂਰ ਨਿਕਲ ਗਿਆ । ਰਾਜੇ ਨੂੰ ਸਖ਼ਤ ਪਿਆਸ ਲਗੀ ਤਾਂ ਰੁੱਖਾਂ ਦੀ ਠੰਡੀ ਛਾਵੇਂ ਬਣੀ ਇੱਕ ਸਾਧ-ਕੁਟੀਆ ਕੋਲ ਗਿਆ । ਰੁੱਖਾਂ ਹੇਠਾਂ ਖੂਹੀ ਤੇ ਡੋਲ ਪਿਆ ਵੇਖ ਕੇ ਰਾਜੇ ਨੇ ਪਾਣੀ ਕੱਢ ਕੇ ਪੀਤਾ ਅਤੇ ਘੋੜੇ ਨੂੰ ਪਿਆਇਆ । ਫਿਰ ਕੁਟੀਆ ਦੇ ਦਰਵਾਜ਼ੇ ਵਲ ਗਿਆ ਤਾਂ ਇਕ ਸਾਧ ਨੂੰ ਸਮਾਧੀ ਵਿਚ ਬੈਠਾ ਵੇਖ ਕੇ ਬੈਠ ਗਿਆ । [ਸਾਧਾਂ ਦੀ ਮਹਿਮਾਂ ਰਾਜ ਦਰਬਾਰਾਂ ਵਿਚ ਕਿਵੇਂ ਅਤੇ ਕਦੋਂ ਬਣੀ ? ਇਸ ਬਾਰੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ] ਥੋਹੜੇ ਸਮੇ ਪਿਛੋਂ ਸਾਧ ਨੇ ਅੱਖਾਂ ਖੁਹਲ ਲਈਆਂ । ਰਾਜੇ ਨੇ ਨਮਸਕਾਰ ਕੀਤੀ ਅਤੇ ਸਾਧ ਨੇ ਸੁਖ ਅਨੰਦ ਪੁਛੀ । ਏਨੇ ਵਿਚ ਇੱਕ ਸ਼ੇਰਨੀ ਛਾਲ ਮਾਰ ਕੇ ਸਾਧ ਦੇ ਸਾਹਮਣੇ ਆ ਖਲੋਤੀ । ਰਾਜਾ ਆਪਣੇ ਸ਼ਸਤਰਾਂ ਨੂੰ ਹੱਥ ਪਾਉਣ ਲੱਗਾ ਤਾਂ ਸਾਧੂ ਨੇ ਰੋਕ ਦਿੱਤਾ ਕਿ ਇਹ ਸ਼ੇਰਨੀ ਰੋਜ਼ ਉਸ ਕੋਲ ਆਉਂਦੀ ਹੈ ।

ਸਾਧੂ ਨੇ ਸ਼ੇਰਨੀ ਦਾ ਦੁਧ ਚੋ ਕੇ ਅਪਣੀ ਸੋਨੇ ਦੀ ਗੜਵੀ ਭਰ ਲਈ ਤਾਂ ਸ਼ੇਰਨੀ ਚਲਦੀ ਬਣੀ। ਸਾਧੂ ਨੇ ਦੁੱਧ ਵਿਚੋਂ ਕੇਵਲ ਇੱਕ ਚਮਚਾ ਭਰ ਦੁੱਧ ਰਾਜੇ ਨੂੰ ਦਿੱਤਾ ਅਤੇ ਬਾਕੀ ਸਾਰਾ ਆਪ ਪੀ ਲਿਆ । ਰਾਜੇ ਨੇ ਉਹ ਥੋਹੜਾ ਜਿਹਾ ਦੁਧ ਪੀ ਤਾਂ ਲਿਆ ਪਰ ਸਾਧ ਦੀ ਗੁਸਤਾਖੀ ਤੇ ਕ੍ਰੋਧ ਵੀ ਆਇਆ----" ਅਵੱਲ ਤਾਂ ਸਾਧ ਨੂੰ ਚਾਹੀਦਾ ਸੀ ਕਿ ਆਪਣੇ ਦੇਸ਼ ਦੇ ਰਾਜੇ ਨੂੰ ਸਾਰਾ ਹੀ ਦੁੱਧ ਭੇਟਾ ਕਰ ਦਿੰਦਾ, ਨਹੀਂ ਤਾਂ ਘੱਟੋ ਘੱਟ ਅੱਧਾ ਹੀ ਹੁੰਦਾ। ਇੱਕ ਚਿਮਚਾ ਭਰ ਦੁੱਧ, ? ਬੜਾ ਘਟੀਆ ਮਖ਼ੌਲ ਕੀਤਾ ਹੈ ਮੇਰੇ ਨਾਲ ਇਸ ਸਾਧ ਨੇ। "। ਪਰ ਭਰਿਆ-ਪੀਤਾ ਰਾਜਾ ਆਪਣੇ ਮਹਿਲ ਵਲ ਨੂੰ ਤੁਰ ਗਿਆ। ਮਹਲ ਤੱਕ ਪੁਜਦੇ ਤੱਕ ਰਾਜੇ ਨੂੰ ਸ਼ੇਰਨੀ ਦੇ ਦੁੱਧ ਦਾ ਅਜੇਹਾ ਨਸ਼ਾ ਹੋਇਆ ਕਿ ਉਸ ਨੇ ਪਹਿਲਾਂ ਪਹਿਰੇਦਾਰਾਂ ਨਾਲ ਦੁਰਵਿਹਾਰ ਕੀਤਾ । ਫਿਰ ਮਹਲਾਂ ਵਿਚ ਜਿੰਨਾ ਚਿਰ, ਹਾਰ ਹੁਟ ਕੇ ਸੌਂ ਨਹੀਂ ਗਿਆ ਰਾਤੀਂ ਦੇਰ ਤਾਂਈ ਅਜੇਹੀਆਂ ਖ਼ਰਮਸਤੀਆਂ ਕੀਤੀਆਂ ਕਿ ਜਦ ਉਠਿਆ ਤਾਂ ਰਾਤ ਕੀਤੀਆਂ ਕਰਤੂਤਾਂ ਨੂੰ ਯਾਦ ਕਰਕੇ, ਉਸ ਨੂੰ ਆਪਣੇ ਆਪ ਕੋਲੋਂ ਸਖ਼ਤ ਘਿਰਣਾ ਆ ਰਹੀ ਸੀ ।

ਸੋਚਿਆ ਕਿ " ਸ਼ੇਰਨੀ ਦੇ ਦੁੱਧ ਦੇ ਇੱਕ ਚਮਚੇ ਨੇ ਮੇਰਾ ਅਜੇਹਾ ਹਾਲ ਕਰ ਦਿੱਤਾ ਸੀ ਕਿ, ਜੇ ਮੇਰੇ ਕੋਲ ਸਾਧਨ ਨਾਂ ਹੁੰਦੇ ਤਾਂ ਸ਼ਾਇਦ ਮੈਂ ਹੋਰ ਕਿਹੋ ਜਿਹੇ ਉਪੱਦਰ ਕਰਦਾ, ਜਿਸ ਸਾਧੂ ਨੇ ਸਾਰੀ ਗੜਵੀ ਹੀ ਪੀ ਲਈ ਸੀ ਉਸ ਦਾ ਪਤਾ ਨਹੀਂ ਕੀ ਬਣਿਆਂ ਹੋਵੇਗਾ ? ਘੋੜਾ ਤਿਆਰ ਕਰਵਾਇਆ ਤੇ ਆਪ ਹੀ ਪਤਾ ਕਰਨ ਲਈ ਜਾ ਪੁੱਜਾ । ਵੇਖ ਕੇ ਰਾਜਾ ਹੈਰਾਨ ਰਹਿ ਗਿਆ, ਸਾਧੂ ਮਹਾਤਮਾਂ ਓਵੇ ਹੀ ਅਡੋਲ ਸਮਾਧੀ ਅਸਥਿਤ ਸਨ । ਸਮੇ ਸਿਰ ਜਦ ਉਨ੍ਹਾਂ ਅਖੀਆਂ ਖੋਹਲੀਆਂ ਤਾਂ ਰਾਜੇ ਤੋਂ ਆਉਣ ਦਾ ਕਾਰਨ ਪੁਛਿਆ। ਰਾਜੇ ਨੇ ਆਪਣੇ ਮਨ ਦਾ ਸ਼ੰਕਾ ਕਹਿ ਸੁਣਾਇਆ ਤੇ ਪੁਛਿਆ " ਮਹਾਰਾਜ ! ਤੁਸਾਂ ਉਹ ਸਾਰੀ ਗੜਵੀ ਕਿਵੇਂ ਪਚਾ ਲਈ ? ਮੇਰਾ ਤਾਂ ਇੱਕ ਚਮਚੇ ਨੇ ਹੀ ਬੁਰੀ ਗੱਤ ਬਣਾ ਦਿੱਤੀ ਸੀ ' ।

ਸਾਧੂ ਮਹਾਤਮਾਂ ਨੇ ਪੁਛਿਆ--' ਕੀ ਮੇਰੇ ਜ਼ਬਾਨੀ ਦੱਸਣ ਨਾਲ ਹੀ ਤਸੱਲੀ ਕਰ ਲਵੋਗੇ, ਕਿ ਜਾਂ ਆਪ ਤਜਰਬਾ ਕਰਨਾਂ ਹੈ ? ਰਾਜੇ ਨੇ ਝੱਟ ਕਹਿ ਦਿੱਤਾ ਕਿ ਉਸ ਦੀ ਤਸੱਲੀ ਤਜਰਬਾ ਕੀਤਿਆਂ ਹੀ ਹੋਣੀ ਹੈ । ਆਪਣੇ ਸਮੇ ਸਿਰ ਸ਼ੇਰਨੀ ਆਈ ਤਾਂ ਸਾਧੂ ਨੇ ਦੁਧ ਚੋ ਕੇ ਸਾਰੀ ਗੜਵੀ ਰਾਜੇ ਦੇ ਹਵਾਲੇ ਕਰ ਕੇ ਪੀਣ ਲਈ ਕਿਹਾ । ਸਾਰਾ ਦੁਧ ਪੀਣ ਤੋਂ ਰਾਜਾ ਘਾਬਰਿਆ ਤਾਂ ਸਾਧੂ ਨੇ ਕਿਹਾ ਕਿ ਉਹ ਅਜੇਹਾ ਚੂਰਨ ਦੇਵੇਗਾ ਕਿ ਦੁਧ ਪੀਤੇ ਦਾ ਪਤਾ ਹੀ ਨਹੀਂ ਲੱਗਣਾ । ਇਸ ਭਰੋਸੇ ਤੇ ਰਾਜੇ ਨੇ ਸਾਰਾ ਦੁੱਧ ਪੀ ਲਿਆ । ਸਾਧੂ ਨੇ ਝੱਟ ਹੀ ਕਹਿ ਦਿੱਤਾ ਕਿ-- ਹੇ ਰਾਜਨ ਅਸਲ ਵਿਚ ਤੇਰੀ ਮੌਤ ਤੈਨੂੰ ਮੁੜ ਏਥੇ ਲੈ ਆਈ ਸੀ । ਤੂੰ ਸਵੇਰੇ ਛੇ ਵਜੇ ਮਰ ਜਾਣਾ ਹੈ । ਜਾਹ ਜਾ ਕੇ ਆਪਣੇ ਰਾਜ ਦੇ ਕੰਮਾਂ ਦੀ ਸੌਂਪਣੀ ਆਦਿ ਕਰ ਲੈ ।

ਮੌਤ ਦਾ ਸਮਾਂ ਸੁਣ ਕੇ ਰਾਜਾ ਬੜਾ ਘਾਬਰਿਆ । ਮਸਾਂ ਹੀ ਮਹਿਲਾਂ ਤੱਕ ਪੁੱਜਾ । ਨੌਕਰਾਂ ਨੇ ਫੜ ਕੇ ਘੋੜੇ ਤੋਂ ਉਤਾਰਿਆ । ਸਾਰੇ ਵਜ਼ੀਰ ਬੁਲਾ ਲਏ । ਰਾਜ ਨੂੰ ਸੰਭਾਲੀ ਰੱਖਣ ਲਈ ਤਾਕੀਦਾਂ ਕੀਤੀਆਂ । ਆਪਣੇ ਨਾਬਾਲਗ ਸ਼ਹਿਜ਼ਾਦੇ ਦੀ ਬਾਂਹ ਆਪਣੇ ਇਤਬਾਰੀ ਵਜ਼ੀਰ ਦੇ ਹੱਥ ਫੜਾਈ । ਸਾਰੀ ਰਾਤ ਨਾ ਕੁਝ ਖਾਧਾ ਨਾ ਪੀਤਾ ਬਸ ਅਜੇਹੀਆਂ ਫਿਕਰਾ ਵਾਲੀਆਂ ਅਤੇ ਵਿਛੋੜਾ ਪੈ ਜਾਣ ਦੇ ਦੁੱਖ ਦੀਆਂ ਗੱਲਾਂ ਕਰਦਿਆਂ ਛੇ ਵੱਜ ਗਏ, ਫਿਰ ਸੱਤ ਆਖ਼ਰ ਜੱਦ ਦਸ ਵਜੇ ਤੱਕ ਰਾਜਾ ਠੀਕ ਠਾਕ ਰਿਹਾ, ਤਾਂ ਰਾਜੇ ਨੂੰ ਕ੍ਰੋਧ ਆ ਗਿਆ । " ਧੋਖੇਬਾਜ਼ ਸਾਧੂ ਨੇ ਸਾਰੀ ਰਾਤ ਮੇਰੀ ਜਾਨ

ਸੁਕਣੇ ਪਾ ਛੱਡੀ । ਮੇਰੇ ਪਰਵਾਰ ਵਿਚ ਰੋਣਾ ਪਿਟਣਾ ਪਾ ਛੱਡਿਆ । ਇਸ ਹਰਾਮੀ ਨੂੰ ਪਤਾ ਨਹੀਂ ਸੀ ਕਿ ਰਾਜੇ ਨਾਲ ਝੂਠ ਬੋਲਣ ਦੀ ਸਜ਼ਾ ਮੌਤ ਹੁੰਦੀ ਹੈ ? "

ਘੋੜਾ ਤਿਆਰ ਹੋ ਗਿਆ । ਰਾਜੇ ਨੇ ਆਪਣੇ ਹੱਥ ਵਿਚ ਨੰਗੀ ਤਲਵਾਰ ਫੜ ਲਈ ਅਤੇ ਘੋੜਾ ਦੌੜਾਈ ਸਾਧ ਦੇ ਡੇਰੇ ਜਾ ਪੁੱਜਾ । ਸਾਧੂ ਜੀ ਵੀ ਸੁਚੇਤ ਖਲੋਤੇ ਸ਼ਾਇਦ ਰਾਜੇ ਦੀ ਹੀ ਉਡੀਕ ਕਰ ਰਹੇ ਸਨ ।

ਰਾਜਾ ਗਰਜਿਆ--ਕਿਉਂ ਓਏ ਸਾਧਾ ! " ਕੀ ਤੂੰ ਰਾਜੇ ਨਾਲ ਝੂਠ ਬੋਲਣ ਦੀ ਸਜ਼ਾ ਨਹੀਂ ਸੀ ਜਾਣਦਾ ? "

" ਹੇ ਗੰਭੀਰ ਧੀਰ ਰਾਜਨ ਜੀ ! ਮੈਨੂੰ ਪਤਾ ਸੀ ਕਿ ਦੇਸ਼ ਦੇ ਰਾਜੇ ਨਾਲ ਝੂਠ ਬੋਲਣ ਦਾ ਘੱਟ ਤੋਂ ਘੱਟ ਡੰਡ, ਮੌਤ ਹੈ ।

" ਫਿਰ ਤੂੰ ਮੇਰੇ ਨਾਲ ਝੂਠ ਕਿਉਂ ਬੋਲਿਆ । ਤੂੰ ਕਹਿੰਦਾ ਸੈਂ ਮੈਂ ਸਵੇਰ ਦੇ ਛੇ ਵਜੇ ਮਰ ਜਾਣਾ ਹੈ ਪਰ ਵੇਖ, ਮੈਂ ਜੀਉਂਦਾ ਹਾਂ ।

" ਮਰਨ ਆਪ ਜੀ ਦੇ ਦੁਸ਼ਮਣ । ਤੁਸੀਂ ਸੈ ਵਰ੍ਹਿਆਂ ਜੀਵੋ । ਹਾਲੀ ਤੁਸੀਂ ਇਹ ਦਸੋਂ ਕਿ, ਸ਼ੇਰਨੀ ਦਾ ਦੁੱਧ ਪਚਿਆ ਕਿ ਨਹੀਂ ?

"" ਮੌਤ ਦੇ ਡਰ ਨੇ ਏਡੀ ਮੱਤ ਮਾਰ ਲਈ ਕਿ ਸ਼ੇਰਨੀ ਦੇ ਦੁੱਧ ਦਾ ਚੇਤਾ ਹੀ ਨਹੀਂ ਸੀ ਆਇਆ ਕਿ ਕਿਹੜੇ ਵੇਲੇ ਪਚ ਗਿਆ ।

" ਹੇ ਰਾਜਨ ! ਇਹ ਪ੍ਰਭਤਾ, ਇਹ ਰਾਜ ਭਾਗ, ਇਹ ਜਵਾਨੀ, ਇਹ ਹੁਸਨ, ਇਹ ਤੰਦਰੁਸਤੀ, ਇਸਤ੍ਰੀਆਂ, ਔਲਾਦ ਆਦਿ, ਇਹ ਬਹੁਰੰਗੀ ਮਾਇਆ, ਸਭ ਕੁਝ ਸ਼ੇਰਨੀ ਦਾ ਦੁੱਧ ਹੀ ਹੈ । ਜੇ ਮੌਤ ਦਾ ਨਗਾਰਾ ਖੜਕਦਾ ਸੁਣਦਾ ਰਹੇ, ਜੇ ਮੌਤ ਦਾ ਸਮਾ ਚੇਤੇ ਵਿਚ ਰਹੇ, ਤਾਂ ਇਸ ਮਾਇਆ ਦੇ ਕਾਰਨ ਹੰਕਾਰ ਕਦੇ ਨਹੀਂ ਉਪਜਦਾ । ਜੇ ਕੋਈ ਕਾਮਲ ਗੁਰੂ ਮਿਲ ਜਾਵੇ, ਤਾਂ ਹੰਕਾਰ ਤੋਂ ਬਚਾਈ ਰੱਖਣ ਵਾਲਾ, **ਮੌਤ ਦਾ ਏਹੀ ਚੇਤਾ,** ਰੱਬ ਨਾਲ ਮਿਲਾਪ ਕਰਾ ਦਿੰਦਾ ਹੈ " । ਰਾਜੇ ਨੇ ਰਿਖੀ ਦੇ ਚਰਨੀਂ ਹੱਥ ਲਾਇਆ ਤੇ ਵਡਮੁੱਲਾ ਉਪਦੇਸ਼ ਲੈ ਕੇ, ਖੁਸ਼ੀਆਂ ਭਰੇ ਦਿਲ ਨਾਲ ਪਰਵਾਰ ਨੂੰ ਆ ਮਿਲਿਆ ।

ਸਾਡੀ ਸਮੱਸਿਆ ਇਹ ਹੈ ਕਿ ਅਸੀਂ ਜੀਵਨ ਨੂੰ ਸੱਚ ਕਰ ਕੇ ਜਾਤਾ ਹੋਇਆ ਹੈ । ਅਸੀਂ ਸਤਿਗੁਰੂ ਨਾਨਕ ਦੇਵ ਜੀ ਦੇ ਇਸ ਉਪਦੇਸ਼ ਵਲ ਧਿਆਨ ਦੇਣ ਦੀ ਕਦੇ ਲੋੜ ਮੁਕਾ ਦਿੱਤੀ ਹੋਈ ਹੈ, ਕਿ :-----

੪੭- **ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ ਨਾਨਕੁ ਬਿਨਵੈ ਤਿਸੈ ਸਰੇਵਹੁ, ਜਾ ਕੇ ਜੀਅ ਪਰਾਣਾ ॥ ੧ ॥ ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥ ੧ ॥ ਰਹਾਉ ॥** [੬੬੦]-੨

**ਅਰਥ:**--(ਸਾਨੂੰ, ਅਮੋੜ ਪਾਪੀਆਂ ਨੂੰ ਸਮਝਾਉਣ ਲਈ, ਹੁਕਮ ਦੇਣ ਦੇ ਥਾਂ ਗੁਰੂ) ਨਾਨਕ ਜੀ ਬੇਨਤੀ (ਬਿਨਵੈ) ਕਰ ਰਹੇ ਹਨ--(ਹੇ ਭਾਈ ! ) ਅਸੀ ਆਦਮੀ ਇੱਕ ਦਮ ਦੇ ਹੀ ਮਾਲਕ ਹਾਂ (ਕੀ ਪਤਾ ਹੈ ਕਿ ਦਮ ਕਦੋਂ ਮੁੱਕ ਜਾਏ ? ਸਾਨੂੰ ਆਪਣੀ ਜ਼ਿੰਦਗੀ ਦੀ) ਮਿਆਦ ਦਾ ਪਤਾ ਨਹੀਂ ਹੈ, ਸਾਨੂੰ ਇਹ ਪਤਾ ਨਹੀਂ ਕਿ ਮੌਤ ਦੀ ਘੜੀ ਕਦੋਂ ਆ ਜਾਣੀ ਹੈ । (ਇਸ ਵਾਸਤੇ) ਉਸ ਪਰਮਾਤਮਾ ਦਾ ਸਿਮਰਨ ਕਰੋ ਜਿਸ ਨੇ ਇਹ ਜਿੰਦ ਤੇ ਸੁਆਸ ਦਿੱਤੇ ਹਨ **। ੧ ।** ਹੇ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਜੀਵ ! (ਅੱਖਾਂ ਖੋਲ ਕੇ) ਵੇਖ, ਸੋਚ ਸਮਝ, ਏਥੇ ਜਗਤ ਵਿਚ ਥੋਹੜੇ ਹੀ ਦਿਨਾਂ ਦੀ ਜਿੰਦਗੀ ਹੈ । ੧ । ਰਹਾਉ ।

ਆਪਣੀ ਮੌਤ ਦੀ ਘੜੀ ਦਾ ਚੇਤਾ ਭੁਲਾ ਕੇ, (ਦੂਜਿਆਂ ਦੇ ਕਿਰਿਆ ਕਰਮ ਕਰਨ ਸਮੇਂ ਵੀ, ਲੋਕਾਂ ਦੀ ਨਜ਼ਰਾਂ ਵਿਚ ਆਪਣੇ ਹੰਕਾਰ ਦੀ ਪ੍ਰਦਰਸ਼ਨੀ ਕਰ ਰਹੇ) ਮਾਇਆ ਦੇ ਭੋਗਾਂ ਵਿਚ ਗ਼ਲਤਾਨ, ਹੰਕਾਰੀਆਂ ਨੂੰ, ਉਨ੍ਹਾਂ ਦੇ ਅੰਦਰ ਦੀ ਫੂਕ ਦੀ ਅਸਲੀਯਤ ਸਮਝਾਉਣ ਲਈ ਗੁਰੂ ਨਾਨਕ ਦੇਵ ਜੀ ਦਾ ਹੋਰ ਫ਼ੁਰਮਾਨ:--

੪੮- **ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ ਤਨੁ ਮਨੁ ਰਤਾ ਭੋਗਿ, ਕੋਈ ਹਾਰੈ ਕੋ ਜਿਣੈ ॥ ਸਭੁ ਕੋ ਭਰਿਆ ਫੂਕਿ ਆਖਣਿ ਕਹਿਣ ਨ ਥੰਮੑੀਐ ॥ ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ ॥ ੨ ॥**[੧੨੪੪]-ਵਾਰ-੧੯

**ਅਰਥ:**--ਸੂਰਜ ਚੜ੍ਹਦਾ ਹੈ (ਤੇ ਡੁੱਬਦਾ ਹੈ, ਇਸ ਤਰ੍ਹਾਂ ਦਿਨਾਂ ਦੇ) ਗੁਜ਼ਰਨ ਨਾਲ ਹਰੇਕ ਜੀਵ ਦੀ ਉਮਰ ਘਟ ਰਹੀ ਹੈ, ਜਿਸ ਦਾ ਤਨ ਮਨ ਮਾਇਆ ਦੇ ਭੋਗਣ ਵਿਚ ਰੁੱਝਾ ਹੋਇਆ ਹੈ ਉਹ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦਾ ਹੈ ਤੇ ਕੋਈ (ਵਿਰਲਾ ਵਿਰਲਾ) ਜਿੱਤ ਕੇ ਜਾਂਦਾ ਹੈ । (ਮਾਇਆ ਦੇ ਕਾਰਨ) ਹਰੇਕ ਜੀਵ ਅਹੰਕਾਰ ਨਾਲ ਆਫਰਿਆ ਹੋਇਆ ਹੈ, ਸਮਝਾਇਆਂ ਆਕੜਨ ਤੋਂ ਰੁਕਦਾ ਨਹੀਂ । ਹੇ ਨਾਨਕ ! ਪਰਮਾਤਮਾ ਆਪ (ਜੀਵਾਂ ਦੀ ਆਕੜ ਨੂੰ) ਵੇਖ ਰਿਹਾ ਹੈ, ਜਦੋਂ ਉਹ ਇਸ ਦੇ ਸੁਆਸ ਮੁਕਾ ਦਿੰਦਾ ਹੈ ਤਾਂ ਇਹ (ਹੰਕਾਰੀ) ਧਰਤੀ ਤੇ ਢਹਿ ਪੈਂਦਾ ਹੈ ( ਭਾਵ, ਮਿੱਟੀ ਨਾਲ ਮਿਲ ਜਾਂਦਾ ਹੈ) । ੨ ।

ਅਸੀਂ ਦੂਜਿਆਂ ਦੀ ਆਤਮਾਂ ਦੀ ਕਲਿਆਣ ਲਈ ਅਖੰਡਪਾਠ ਅਥਵਾ ਹੋਰ ਕਈ ਕਿਸਮਾਂ ਦੇ ਪਾਠ ਕਰਵਾ ਸਕਦੇ ਹਾਂ, ਦੂਜਿਆਂ ਦੇ ਭਲੇ ਲਈ ਅਰਦਾਸਾਂ ਕਰਵਾ ਸਕਦੇ ਹਾਂ, ਪਰ ਜਨਮ-ਮਰਨ ਦੇ ਗੇੜ ਵਿਚੋਂ ਆਪਣਾ ਛੁਟਕਾਰਾ ਪਾ ਸਕਣ ਦੀ ਗੱਲ ਕਦੇ ਨਹੀਂ ਸੋਚਦੇ । **ਜੀਊਣਾ ਸੱਚ** ਅਤੇ **ਮਰਨਾਂ ਝੂਠ** ਜਾਣ ਕੇ, ਮਾਇਆ ਦੇ ਨਸ਼ੇ ਵਿਚ ਮਸਤ, ਹੰਕਾਰੀ ਹੋਏ, ਵਡਮੁੱਲੀ ਮਨੁੱਖਾ ਜਿੰਦਗੀ ਨੂੰ ਅਜਾਂਈ ਗਵਾ ਰਹੇ ਹਾਂ। ਆਓ ਆਪਣੇ ਆਪ ਤੋਂ ਪੁੱਛੀਏ--ਹੇ ਦੂਜਿਆਂ ਦੇ ਮਰਨ ਤੇ ਸੋਗ ਕਰਨ ਵਾਲੇ ਮੇਰੇ ਮਨ ! ਕੀ ਤੂੰ ਕਦੇ ਸਤਿਗੁਰਾਂ ਦੇ ਇਨ੍ਹਾਂ ਸ਼ਬਦਾਂ ਤੇ ਵਿਚਾਰ ਕਰਨ ਦਾ ਸਮਾਂ ਕੱਢ ਸਕੇਂਗਾ ? :---

੪੯- **ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥ ੧ ॥ ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥ ੧ ॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥ ੨ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥ ੪ ॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥ ੫ ॥ ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ ੬ ॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥** [੬੪]-੧੭

**ਅਰਥ:**--(ਦੁਨੀਆਂ ਨੂੰ ਆਪਣੇ ਰਹਿਣ ਲਈ) ਪੱਕਾ ਟਿਕਾਣਾ ਸਮਝ ਕੇ ਘਰ ਵਿਚ ਬੈਠ ਜਾਣ ਨਾਲ (ਮਨੁੱਖ ਨੂੰ ਮੌਤ ਵਲੋਂ ਬੇ-ਫ਼ਿਕਰ ਨਹੀਂ ਹੋ ਜਾਣਾ ਚਾਹੀਦਾ, ਇਥੋਂ) ਚਲੇ ਜਾਣ ਦੀ ਚਿੰਤਾ ਤਾਂ ਸਦਾ ਰਹਿਣੀ ਚਾਹੀਦੀ ਹੈ । ਜਗਤ ਵਿਚ ਜੀਵ ਦਾ ਪੱਕਾ ਟਿਕਾਣਾ ਤਾਂ ਤਦੋਂ ਸਮਝਣਾ ਚਾਹੀਦਾ ਹੈ ਜੇ ਇਹ ਜਗਤ ਵੀ ਸਦਾ ਕਾਇਮ ਰਹਿਣ ਵਾਲਾ ਹੋਵੇ (ਪਰ ਇਹ ਤਾਂ ਸਭ ਕੁਝ ਨਾਸਵੰਤ ਹੈ) **। ੧ ।**

(ਹੇ ਭਾਈ !) ਇਹ ਜਗਤ (ਜੀਵਾਂ ਵਾਸਤੇ) ਸਦਾ ਰਹਿਣ ਵਾਲੀ ਥਾਂ ਨਹੀਂ ਹੈ । (ਇਸ ਵਾਸਤੇ ਆਪਣੇ ਹਿਰਦੇ ਵਿਚ) ਉਚੇ ਆਤਮਕ ਜੀਵਨ ਨੂੰ (ਆਪਣੇ ਜੀਵਨ ਸਫ਼ਰ ਲਈ) ਖ਼ਰਚ (ਤਿਆਰ ਕਰ ਕੇ ਪੱਲੇ) ਬੰਨ੍ਹ, ਸਦਾ ਪਰਮਾਤਮਾ ਦੇ ਨਾਮ ਵਿਚ ਜੁੜਿਆ ਰਹੁ । ੧ । ਰਹਾਉ ।

ਜੋਗੀ ਆਸਣ ਜਮਾ ਕੇ ਬੈਠਦਾ ਹੈ । ਫ਼ਕੀਰ ਸਾਈਂ ਤਕੀਏ ਵਿਚ ਡੇਰਾ ਲਾ ਲੈਂਦਾ ਹੈ, ਪੰਡਿਤ (ਧਰਮ ਅਸਥਾਨਾਂ ਵਿਚ ਬੈਠ ਕੇ) ਧਰਮ-ਪੋਥੀਆਂ (ਹੋਰਨਾਂ ਨੂੰ) ਸੁਣਾਉਂਦੇ ਹਨ, ਕਰਾਮਾਤੀ ਜੋਗੀ ਸ਼ਿਵ ਆਦਿਕ ਦੇ ਮੰਦਰ ਵਿਚ ਬੈਠਦੇ ਹਨ, (ਪਰ ਆਪੋ ਆਪਣੀ ਵਾਂਰੀ ਸਭ ਜਗਤ ਤੋਂ ਕੂਚ ਕਰਦੇ ਜਾ ਰਹੇ ਹਨ) **। ੨ ।** ਦੇਵਤੇ, ਜੋਗ ਸਾਧਨਾਂ ਵਿਚ ਪੁੱਗੇ ਜੋਗੀ, (ਸ਼ਿਵ ਜੀ ਦੇ ਉਪਾਸ਼ਕ) ਗਣ, ਦੇਵਤਿਆਂ ਦੇ ਗਵੱਈਏ (-ਗੰਧਰਬ), (ਸਮਾਧੀਆਂ ਵਿਚ ਚੁੱਪ ਟਿਕੇ ਰਹਿਣ ਵਾਲੇ) ਮੁਨੀ ਜਨ,ਸ਼ੇਖ਼, ਪੀਰ ਅਤੇ ਸਰਦਾਰ (ਅਖਵਾਉਣ ਵਾਲੇ) ਆਪੋ ਆਪਣੀ ਵਾਰੀ ਸਾਰੇ ਜਗਤ ਤੋਂ ਕੂਚ ਕਰ ਗਏ, (ਜਿਹੜੇ ਐਸ ਵੇਲੇ ਇਥੇ ਦਿੱਸਦੇ ਹਨ) ਇਹ ਵੀ ਸਾਰੇ ਇਥੋਂ ਚਲੇ ਜਾਣ ਵਾਲੇ ਹੀ ਹਨ **। ੩ ।** ਬਾਦਸ਼ਾਹ, ਖਾਨ, ਰਾਜੇ, ਅਮੀਰ, ਵਜ਼ੀਰ, ਆਪਣਾ ਡੇਰਾ ਕੂਚ ਕਰ ਕੇ ਚਲੇ ਗਏ । ਘੜੀ ਦੋ ਘੜੀ ਵਿਚ ਹਰੇਕ ਨੇ ਇਥੋਂ ਚਲੇ ਜਾਣਾ ਹੈ । ਹੇ ਮਨ ! ਅਕਲ ਕਰ (ਗ਼ਾਫਲ ਨਾਹ ਹੋ), ਤੂੰ ਵੀ (ਪਰਲੋਕ ਵਿਚ) ਪਹੁੰਚ ਜਾਣਾ ਹੈ **। ੪ ।** ਨਾਨਕ ਬੇਨਤੀ ਕਰਦਾ ਹੈ--ਜ਼ਬਾਨੀ ਜ਼ਬਾਨੀ ਤਾਂ ਹਰ ਕੋਈ ਆਖਦਾ ਹੈ ਪਰ ਕੋਈ ਵਿਰਲਾ ਹੀ ਯਕੀਨ ਲਿਆਉਂਦਾ ਹੈ (ਕਿ ਹਰੇਕ ਜੀਵ ਨੇ ਇਥੋਂ ਚਲੇ ਜਾਣਾ ਹੈ ਤੇ ਏਥੇ ਸਿਰਫ਼) ਉਹੀ ਪਰਮਾਤਮਾ (ਅਟੱਲ ਰਹਿਣ ਵਾਲਾ ਹੈ ਜੋ) ਜਲ ਵਿਚ ਧਰਤੀ ਵਿਚ ਪੁਲਾੜ ਵਿਚ (ਹਰ ਥਾਂ ਮੌਜੂਦ) ਹੈ **। ੫ ।** ਸਾਰੀ ਦੁਨੀਆ ਆਉਣ ਜਾਣ ਵਾਲੀ ਹੈ (ਨਾਸਵੰਤ ਹੈ), ਸਦਾ ਕਾਇਮ ਰਹਿਣ ਵਾਲਾ ਸਿਰਫ਼ ਇਕ ਉਹ ਹੈ ਜੋ ਅੱਲਾਹ (ਅਖਵਾਉਂਦਾ) ਹੈ, ਜੋ ਅਲੱਖ ਹੈ, ਅਪਹੁੰਚ ਹੈ, ਜੋ ਸਾਰੀ ਕੁਦਰਤ ਦਾ ਮਾਲਕ ਹੈ, ਜੋ ਜਗਤ ਦਾ ਰਚਨਹਾਰ ਹੈ, ਜੋ ਸਭ ਜੀਵਾਂ ਉੱਤੇ ਰਹਿਮ ਕਰਨ ਵਾਲਾ ਹੈ **। ੬ ।** ਸਦਾ ਕਾਇਮ ਰਹਿਣ ਵਾਲਾ ਸਿਰਫ਼ ਉਸ ਪਰਮਾਤਮਾ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਦੇ ਸਿਰ ਉੱਤੇ ਮੌਤ ਦਾ ਲੇਖ ਨਹੀਂ ਹੈ । ਇਹ ਆਕਾਸ਼, ਧਰਤੀ ਸਭ ਕੁਝ ਨਾਸਵੰਤ ਹੈ, ਪਰ ਉਹ ਇੱਕ ਪਰਮਾਤਮਾ ਸਦਾ ਅਟੱਲ ਹੈ । ੭ । ਗੁਰਦੇਵ ਜੀ ਅਟੱਲ ਬਚਨ (-ਸਚੁ ਬੁਗਇ) ਫ਼ੁਰਮਾਨ ਕਰਦੇ ਹਨ ਕਿ, ਦਿਨ ਅਤੇ ਸੂਰਜ ਨਾਸਵੰਤ ਹਨ, ਰਾਤ ਅਤੇ ਚੰਦ੍ਰਮੇਂ ਨਾਸਵੰਤ ਹਨ, (ਇਹ ਦਿੱਸਦੇ) ਲੱਖਾਂ ਹੀ ਤਾਰੇ ਵੀ ਨਾਸ ਹੋ ਜਾਣਗੇ । ਸਦਾ ਕਾਇਮ ਰਹਿਣ ਵਾਲਾ ਸਿਰਫ਼ ਇਕ ਪਰਮਾਤਮਾ ਹੀ ਹੈ । ੮ ।

੫੦- **ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥ ਹਟ ਪਟਣ ਬਾਜਾਰ ਹੁਕਮੀ ਢਹਸੀਓ ॥**
**ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥ ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥**
**ਤਾਜੀ ਰਥ ਤੁਖਾਰ ਹਾਥੀ ਪਾਖਰੇ ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥**
**ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥ ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥ ੮ ॥**[੧੪੧]-ਵਾਰ

**ਪਦ ਅਰਥ:**---ਸਿਕਦਾਰ-ਚੌਧਰੀ । ਪਟਣ=ਸ਼ਹਿਰ । ਬੰਕੇ=-ਸੋਹਣੇ, ਬਾਂਕੇ । ਦਰਬਿ=ਧਨ ਨਾਲ । ਰੀਤੇ=ਸੱਖਣੇ । ਇਕਿ ਖਿਣੇ=ਇੱਕ ਖਿਣ ਵਿਚ, ਝੱਟ ਹੀ । ਤਾਜੀ=ਅਰਬੀ ਨਸਲ ਦੇ ਘੋੜੇ । ਤੁਖਾਰ=ਊਠ । ਪਾਖਰ=ਹਉਦੇ, ਪਲਾਣੇ । ਸਰਾਇਚ=-ਕਨਾਤਾਂ । ਲਾਲਤੀ=ਅਤਲਸੀ । ਸਿਨਾਖਤ=-ਪਛਾਣ । ਸਚ=-ਸਦਾ ਕਾਇਮ ਰਹਿਣ ਵਾਲੇ ।

੫੧- **ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥**
**੧ ॥ ਰਹਾਉ ॥ ਜੋ ਜਾਨਹਿ ਤੂੰ ਆਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ ਨਾਗੋ ਆਇਓ ਨਾਗ ਸਿਧਾਸੀ**
**ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥ ਪੇਖਿ ਪੇਖਿ ਰੇ ਕਸੁੰਭ ਕੀ ਲੀਲਾ, ਰਾਚਿ ਮਾਚਿ ਤਿਨਹੂੰ ਲਉ**
**ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥ ੨ ॥ ਕਰਤ ਕਰਤ ਇਵ ਹੀ**
**ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥ ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ**
**ਚਸੂਆ ॥ ੩ ॥ ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥**
**ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥ ੪ ॥**[੨੦੬]-੬-੧੨੭

**ਪਦ ਅਰਥ:**--ਬਿਖਿਆ=ਮਾਇਆ । ਰਸੂਆ=ਚਸਕੇ । ਉਰਝਿ ਰਹਿਓ=ਤੂੰ ਫਸਿਆ ਪਿਆ ਹੈਂ । ਰੇ ਬਾਵਰ ਗਾਵਰ=ਹੇ ਕਮਲੇ ਗਵਾਰ । ਕਿਰਖੇ ਹਰਿਆਇਓ=ਹਰੇ ਖੇਤ ਵਿਚ **। ੧ । ਰਹਾਉ ।** ਅਪੁਨੇ ਕਾਜੇ=ਆਪਣੇ ਕੰਮ ਵਿਚ ਆਉਣ ਵਾਲਾ । ਤਸੂਆ=ਤਸੂ ਭਰ, ਰਤਾ ਵੀ [ਤਸੂ=ਇਕ ਇੰਚ ਦਾ ਦਸਵਾਂ ਹਿੱਸਾ] । ਸਿਧਾਸੀ=ਤੂੰ ਚਲਾ ਜਾਏਂਗਾ । ਫੇਰਿ=ਜੂਨਾਂ ਦੇ ਗੇੜ ਵਿਚ । ਕਾਲਿ=ਕਾਲ ਨੇ, ਆਤਮਕ ਮੌਤ ਨੇ **। ੧ ।** ਕਸੁੰਭ=ਕਸੁੰਭਾ ਫੁੱਲ, ਜਿਸ ਦਾ ਰੰਗ ਸ਼ੋਖ਼ ਹੁੰਦਾ ਹੈ, ਪਰ ਦੋ ਦਿਨਾਂ ਵਿਚ ਹੀ ਸੜ ਜਾਂਦਾ ਹੈ । ਪੇਖਿ=ਵੇਖ । ਲੀਲਾ=ਖੇਡ । ਰਾਚਿ ਮਾਚਿ=ਰਚ ਮਿਚ ਕੇ, ਮਸਤ ਹੋ ਕੇ । ਡੋਰਿ=ਡੋਰੀ (ਸੁਆਸਾਂ ਦੀ) । ਛੀਜਤ=ਕਮਜ਼ੋਰ ਹੁੰਦੀ ਜਾ ਰਹੀ । ਰੈਨੀ=ਰਾਤ । ਜੀਅ ਕੋ=ਜਿੰਦ ਦਾ, ਜਿੰਦ ਦੇ ਕੰਮ ਆਉਣ ਵਾਲਾ **। ੨ ।** ਬਿਰਧਾਨੋ=ਬੁਢਾ ਹੋ ਗਿਆ । ਉਕਤੇ--ਉਕਤਿ, ਦਲੀਲ, ਅਕਲ । ਖੀਨਸੂਆ=ਖੀਨ ਹੋ ਰਹੀ ਹੈ, ਕੰਮ ਕਰਨੋ ਹਟ ਰਹੀ ਹੈ । ਮੋਹਨੀ ਬਾਲਾ=ਮੋਹਣ ਵਾਲੀ ਮਾਇਆ-ਇਸਤ੍ਰੀ ਨੇ । ਰਚੁ=ਪ੍ਰੇਮ । ਚਸੂਆ=ਰਤਾ ਵੀ **। ੩ ।** ਗਰਬਾਸੂ=ਮਾਣ । ਮਾਰਗੁ=ਰਸਤਾ । ਜਸੂਆ=ਜਸ, ਸਿਫ਼ਤ-ਸਾਲਾਹ । ੪ ।

੫੨- **ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕ**
**ਖਿਨਾ ॥ ੧ ॥ ਰਹਉ ॥ ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ ॥ ੧ ॥ ਹੈਵਰ**
**ਗੈਵਰ ਰਾਜ ਰੰਗ ॥ ਤਿਆਗਿ ਚਲਿਓ ਹੈ ਮੂੜ ਨੰਗ ॥ ੨ ॥ ਚੋਆ ਚੰਦਨ ਦੇਹ ਫੂਲਿਆ ॥ ਸੋ ਤਨੁ**
**ਧਰ ਸੰਗਿ ਰੂਲਿਆ ॥ ੩ ॥ ਮੋਹਿ ਮੋਹਿਆ ਜਾਨੈ ਦੂਰਿ ਹੈ ॥ ਕਹੁ ਨਾਨਕ ਸਦਾ ਹਦੂਰਿ ਹੈ ॥ ੪ ॥**[੨੧੦]-੧-੧੩੯

**ਪਦ ਅਰਥ:**--ਸੁਤ=ਪੁੱਤਰ । ਸੰਪਤਿ=ਧਨ ਪਦਾਰਥ । ਬਿਨੋਦ=ਲਾਡ ਪਿਆਰ । ਬਨਿਤਾ=ਇਸਤ੍ਰੀ । ੧ । ਹੈਵਰ=ਸਧੀਆ ਘੋੜੇ । ਗੈਵਰ=ਵਧੀਆ ਹਾਥੀ । ੨ । ਚੋਆ=ਅਤੇ । ਫੂਲਿਆ=ਹੰਕਾਂਰੀ ਹੋਇਆ । ਧਰ ਸੰਗਿ=ਧਰਤੀ ਨਾਲ । ੩ । ਮੋਹਿ=-ਮੋਹ ਵਿਚ । ਹਜੂਰਿ=ਹਾਜ਼ਰ, ਨਾਜ਼ਰ

੫੩- **ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥ ੧ ॥ ਜੋ ਜਨਮੈ ਸੋ ਜਾਨਹੁ ਮੂਆ ॥**
**ਗੋਵਿੰਦ ਭਗਤੁ ਅਸਥਿਰੁ ਹੈ ਥੀਆ ॥ ੧ ॥ ਰਹਾਉ ॥ ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ**
**ਫਿਰਿ ਹੋਇ ਪਰਭਾਤਿ ॥ ੨ ॥ ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ**
**॥ ੩ ॥ ਕਹੁ ਨਾਨਕ ਗੁਣ ਗਾਈਅਹਿ ਨੀਤ ॥ ਮੁਖ ਊਜਲ ਹੋਇ ਨਿਰਮਲ ਚੀਤ ॥ ੪ ॥**[੩੭੫]-੧੯

੫੪- **ਬੋਲੈ ਸੇਖ ਫਰੀਦੁ, ਪਿਆਰੇ ਅਲਹ ਲਗੇ ॥ ਇਹੁ ਤਨੁ ਹੋਸੀ ਖਾਕ, ਨਿਮਾਣੀ ਗੋਰ ਘਰੇ ॥ ੧ ॥**
**ਆਜੁ ਮਿਲਾਵਾ ਸੇਖ ਫਰੀਦ, ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥ ੧ ॥ ਰਹਾਉ ॥**
**ਜੇ ਜਾਣਾ ਮਰਿ ਜਾਈਐ, ਘੁਮਿ ਨ ਆਈਐ ॥ ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥ ੨ ॥**

ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ ॥ ੩ ॥ ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥ ਕੰਚਨ ਵੰਨੇ ਪਾਸੇ, ਕਲਵਤਿ ਚੀਰਿਆ ॥ ੪ ॥ ਸੇਖ ਹੈਯਾਤੀ ਜਗਿ, ਨ ਕੋਈ ਥਿਰੁ ਰਹਿਆ ॥ ਜਿਸੁ ਆਸਣਿ ਹਮ ਬੈਠੇ, ਕੇਤੇ ਬੈਸਿ ਗਇਆ ॥ ੫ ॥ ਕਤਿਕ ਕੂੰਜਾਂ, ਚੇਤਿ ਡਉ, ਸਾਵਣਿ ਬਿਜੁਲੀਆਂ ॥ ਸੀਆਲੇ ਸੋਹੰਦੀਆਂ, ਪਿਰ ਗਲਿ ਬਾਹੜੀਆਂ ॥ ੬ ॥ ਚਲੇ ਚਲਣਹਾਰ, ਵਿਚਾਰਾ ਲੇਇ ਮਣੋ ॥ ਗੰਢੇਦਿਆ ਛਿਅ ਮਾਹ, ਤੁੜੰਦਿਆ ਹਿਕੁ ਖਿਣੋ ॥ ੭ ॥ ਜਿਮੀ ਪੁਛੈ ਅਸਮਾਨ, ਫ਼ਰੀਦਾ ਖੇਵਟ ਕਿੰਨਿ ਗਏ ॥ ਜਾਲਣ ਗੋਰਾਂ ਨਾਲਿ, ਉਲਾਮੇ ਜੀਅ ਸਹੇ ॥ ੮ ॥[੪੮੮]-੨

**ਅਰਥ:**--ਸ਼ੇਖ਼ ਫਰੀਦ ਜੀ ਕਹਿ ਰਹੇ ਹਨ--ਹੇ ਪਿਆਰੇ ! ਰੱਬ (ਦੇ ਚਰਨਾਂ) ਵਿਚ ਜੁੜ, (ਯਾਦ ਰੱਖ ਕਿ) ਤੇਰਾ ਇਹ ਜਿਸਮ ਨੀਂਵੀਂ ਕਬਰ ਦੇ ਵਿਚ ਪੈ ਕੇ ਮਿੱਟੀ ਹੋ ਜਾਇਗਾ । **੧ ।** ਹੇ ਸ਼ੇਖ਼ ਫਰੀਦ !--ਇਸੇ ਮਨੁੱਖਾ ਜਨਮ ਵਿਚ ਹੀ (ਰੱਬ ਨਾਲ) ਮੇਲ ਹੋ ਸਕਦਾ ਹੈ (ਇਸ ਵਾਸਤੇ ਇਨ੍ਹਾਂ) ਮਨ ਨੂੰ ਮਚਾਉਣ ਵਾਲੀਆਂ ਇੰਦ੍ਰੀਆਂ (-ਕੂੰਜੜੀਆਂ) ਨੂੰ ਕਾਬੂ ਵਿਚ (--ਟਾਕਿਮ) ਰੱਖ **। ੧ । ਰਹਾਉ ।** (ਹੇ ਪਿਆਰੇ ਮਨ !) ਜਦੋਂ ਤੈਨੂੰ ਪਤਾ ਹੈ ਕਿ ਆਖ਼ਰ ਮਰਨਾ ਹੈ, ਤੇ ਮੁੜ (ਇਥੇ) ਨਹੀਂ ਆਉਣਾ, ਤਾਂ ਇਸ ਨਾਸਵੰਤ ਦੁਨੀਆਂ ਨਾਲ ਪ੍ਰੀਤ ਲਾ ਕੇ ਆਪਣਾ ਆਪ ਗਵਾਉਣਾ ਨਹੀਂ ਚਾਹੀਦਾ, ਸੱਚ ਤੇ ਧਰਮ ਹੀ ਬੋਲਣਾ ਹੈ, ਝੂਠ ਨਹੀਂ ਬੋਲਣਾ ਚਾਹੀਦਾ, ਜੋ ਰਸਤਾ ਗੁਰੂ ਦੱਸੇ ਉਸ ਰਸਤੇ ਤੇ ਮੁਰੀਦਾਂ ਵਾਂਗ ਤੁਰਨਾ ਚਾਹੀਦਾ ਹੈ । **੨, ੩ ।** ਕਿਸੇ ਦਰਿਆ ਤੋਂ) ਜੁਆਨਾਂ ਨੂੰ ਪਾਰ ਲੰਘਦਿਆਂ ਵੇਖ ਕੇ (ਕਮਜ਼ੋਰ) ਇਸਤ੍ਰੀ ਦਾ ਮਨ ਵੀ ਹੌਸਲਾ ਫੜ ਲੈਂਦਾ ਹੈ (ਤੇ ਲੰਘਣ ਦਾ ਹੀਆ ਕਰਦੀ ਹੈ, ਇਸੇ ਤਰ੍ਹਾਂ ਸੰਤ ਜਨਾਂ ਨੂੰ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਦਿਆਂ ਵੇਖ ਕੇ ਕਮਜ਼ੋਰ-ਦਿਲ ਮਨੁੱਖ ਨੂੰ ਵੀ ਹੌਸਲਾ ਪੈ ਜਾਂਦਾ ਹੈ, ਤਾਂ ਤੇ ਹੇ ਮਨ ! ਤੂੰ ਸੰਤ ਜਨਾਂ ਦੀ ਸੰਗਤਿ ਕਰ ! ਵੇਖ) ਜੋ ਮਨੁੱਖ ਨਿਰੇ ਸੋਨੇ ਵਾਲੇ ਪਾਸੇ (ਭਾਵ, ਮਾਇਆ ਜੋੜਨ ਲੱਗ) ਪੈਂਦੇ ਹਨ ਉਹ ਆਰੇ ਨਾਲ ਚੀਰੇ ਜਾਂਦੇ ਹਨ (ਭਾਵ, ਬਹੁਤ ਦੁਖੀ ਜੀਵਨ ਬਤੀਤ ਕਰਦੇ ਹਨ) **। ੪ ।** ਹੇ ਸ਼ੇਖ਼ ਫਰੀਦ ! ਜਗਤ ਵਿਚ ਕੋਈ ਸਦਾ ਲਈ ਜੀਊਂਦਾ ਨਹੀਂ ਰਹਿ ਸਕਿਆ, (ਵੇਖ) ਜਿਸ (ਧਰਤੀ ਦੇ ਇਸ) ਥਾਂ ਤੇ ਅਸੀ ਹੁਣ ਬੈਠੇ ਹਾਂ (ਇਸ ਧਰਤੀ ਉਤੇ) ਕਈ ਬਹਿ ਗਏ **। ੫ ।** ਕਤਕ ਦੇ ਮਹੀਨੇ ਕੂੰਜਾਂ (ਆਉਂਦੀਆਂ ਹਨ), ਚੇਤਰ ਵਿਚ ਜੰਗਲਾਂ ਨੂੰ ਅੱਗ (-ਡਉ) (ਲੱਗ ਪੈਂਦੀ ਹੈ), ਸਾਉਣ ਵਿਚ ਬਿਜਲੀਆਂ (ਚਮਕਦੀਆਂ ਹਨ), ਸਿਆਲ ਵਿਚ (ਇਸਤ੍ਰੀਆਂ ਦੀਆਂ() ਸੋਹਣੀਆਂ ਬਾਹਾਂ (ਆਪਣੇ) ਖ਼ਸਮਾਂ ਦੇ ਗਲ ਵਿਚ ਸੋਹਦੀਆਂ ਹਨ (ਏਸੇ ਤਰ੍ਹਾਂ ਜਗਤ ਦੀ ਸਾਰੀ ਕਾਰ ਆਪੋ ਆਪਣੇ ਸਮੇ ਸਿਰ ਹੋ ਕੇ ਤੁਰੀ ਜਾ ਰਹੀ ਹੈ, ਜਗਤ ਤੋਂ) ਤੁਰ ਜਾਣ ਵਾਲੇ ਜੀਵ, (ਆਪੋ ਆਪਣਾ ਸਮਾ ਲੰਘਾ ਕੇ) ਤੁਰੇ ਜਾ ਰਹੇ ਹਨ । ਹੇ ਮਨ ! ਵਿਚਾਰ ਕੇ ਵੇਖ, ਜਿਸ ਸਰੀਰ ਦੇ ਬਣਨ ਵਿਚ ਛੇ ਮਹੀਨੇ ਲੱਗਦੇ ਹਨ ਉਸ ਦੇ ਨਾਸ ਹੁੰਦਿਆਂ ਇੱਕ ਪਲ ਹੀ ਲੱਗਦਾ ਹੈ **। ੬, ੭ ।** ਹੇ ਫ਼ਰੀਦ ! ਇਸ ਗਲ ਦੇ ਜ਼ਿਮੀਂ ਅਸਮਾਨ ਗਵਾਹ ਹਨ ਕਿ ਬੇਅੰਤ ਉਹ ਬੰਦੇ ਇਥੋਂ ਚਲੇ ਗਏ ਜਿਹੜੇ ਆਪਣੇ ਆਪ ਨੂੰ ਵਡੇ ਅਖਵਾਉਂਦੇ ਸਨ, ਸਰੀਰ ਤਾਂ ਕਬਰਾਂ ਵਿਚ ਗਲ ਜਾਂਦੇ ਹਨ, (ਪਰ ਕੀਤੇ ਕਰਮਾਂ ਦੇ) ਔਖ-ਸੌਖ ਜਿੰਦ ਸਹਾਰਦੀ ਹੈ । ੮ ।

੫੫- ਐਸੋ ਇਹੁ ਸੰਸਾਰੁ ਪੇਖਨਾ, ਰਹਨੁ ਨ ਕੋਊ ਪਈਹੈ ਰੇ ॥ ਸੂਧੇ ਸੂਧੇ ਰੇਗੁ ਚਲਹੁ ਤੁਮ, ਨਤਰ ਕੁਧਕਾ ਦਿਵਈਹੈ ਰੇ ॥ ੧ ॥ ਰਹਾਉ ॥ ਬਾਰੇ ਬੂਢੇ ਤਰੁਨੇ ਭਈਆ, ਸਭਹੂ ਜਮੁ ਲੈ ਜਈਹੈ ਰੇ ॥ ਮਾਨਸੁ ਬਪੁਰਾ ਮੂਸਾ ਕੀਨੋ, ਮੀਚੁ ਬਿਲਈਆ ਖਈਹੈ ਰੇ ॥ ੧ ॥ ਧਨਵੰਤਾ ਅਰੁ ਨਿਰਧਨ ਮਨਈ, ਤਾ ਕੀ ਕਛੂ ਨਾ ਕਾਨੀ ਰੇ ॥ ਰਾਜਾ ਪਰਜਾ ਸਮ ਕਰਿ ਮਾਰੈ, ਐਸੋ ਕਾਲੁ ਬਡਾਨੀ ਰੇ ॥ ੨ ॥ ਹਰਿ ਕੇ ਸੇਵਕ ਜੋ ਹਰਿ ਭਾਏ, ਤਿਨ੍ ਕੀ ਕਥਾ ਨਿਰਾਰੀ ਰੇ ॥ ਆਵਹਿ ਨ ਜਾਹਿ, ਨ ਕਬਹੂ ਮਰਤੇ, ਪਾਰਬ੍ਰਹਮ ਸੰਗਾਰੀ ਰੇ ॥ ੩ ॥ ਪੁਤ੍ਰ ਕਲਤ੍ਰ ਲਛਿਮੀ ਮਾਇਆ, ਇਹੈ ਤਜਹੁ ਜੀਅ ਜਾਨੀ ਰੇ ॥ ਕਹਤੁ ਕਬੀਰੁ, ਸੁਨਹੁ ਰੇ ਸੰਤਹੁ, ਮਿਲਿ ਹੈ ਸਾਰਿਗਪਾਨੀ ਰੇ ॥ ੪ ॥[੮੫੫]-੧

ਭਾਵ:--ਇਸ ਜਗਤ ਦੀ ਅਸਲੀਯਤ ਇਹ ਹੈ ਕਿ ਏਥੇ ਸਦਾ ਕੋਈ ਨਹੀਂ ਰਹਿ ਸਕਦਾ । ਸਦਾ ਰਹਿਣ ਦਾ ਭੁਲੇਖਾ ਪੈ ਜਾਵੇ ਤਾਂ ਮਨੁੱਖ ਕੁਰਾਹੇ ਪੈ ਜਾਂਦਾ ਹੈ । ਭਾਵੇਂ ਕੋਈ, ਬਾਲਕ ਹੈ, ਜਵਾਨ ਹੈ ਅਤੇ ਭਾਵੇਂ ਬੁੱਢਾ ਹੈ, ਵਿਚਾਰਾ ਮਨੁੱਖ ਮੌਤ ਬਿੱਲੇ (-ਬਿਲਾਈ) ਲਈ ਚੂਹਾ (-ਮੂਸਾ) ਹੀ ਹੈ । ਜਦੋਂ ਚਾਹੇ ਅਤੇ ਜਿਸ ਨੂੰ ਚਾਹੇ ਮੌਤ-ਬਿੱਲਾ ਖਾ ਜਾਂਦਾ ਹੈ । ਮੌਤ ਅਜੇਹੀ ਡਾਢੀ ਹੈ ਕਿ ਇਸ ਲਈ ਕੰਗਾਲ, ਧਨਵਾਨ, ਪਰਜਾ ਅਥਵਾ ਰਾਜਾ ਸਭ ਇਕ ਸਮਾਨ ਹਨ । ਪੁੱਤਰ, ਵਹੁਟੀ, ਧਨ-ਪਦਾਰਥ ਆਦਿ ਦਾ ਮੋਹ ਤਿਆਗ ਦੇਣ ਨਾਲ ਮਨੁੱਖ, ਮੌਤ ਦੇ ਭੈ ਤੋਂ ਆਜ਼ਾਦ ਹੋ ਜਾਂਦਾ ਹੈ । ਅਤੇ ਫਿਰ ਜਿਸ ਨੇ ਪ੍ਰਭੂ ਨੂੰ ਆਪਣਾ ਸਦਾ ਦਾ ਸਾਥੀ ਬਣਾ ਲਿਆ, ਉਹ ਜਨਮ ਮਰਨ ਦੇ ਗੇੜ ਤੋਂ ਬਚ ਨਿਕਲਦਾ ਹੈ ।

੫੬- ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ ॥ ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ ਨਾਮੁ ਵਿਸਾਰਿ ਭਵਜਲਿ ਪਇਆ ॥੧॥ ਤਨੁ ਧਨੁ ਦੇਖਤ ਗਰਬਿ ਗਇਆ ॥ ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ ॥੧॥ ਰਹਾਉ ॥ ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥ ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧ ਸੰਗਤਿ ਬਿਨੁ ਬਾਦਿ ਜਇਆ ॥ ੨ ॥ ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥ ਜਾ ਜਮ ਧਾਇ ਕੇਸ ਗਹਿ ਮਾਰੈ ਸੁਰਤਿ ਨਹੀ ਮੁਖਿ ਕਾਲ ਗਇਆ ॥ ੩ ॥ ਅਹਿਨਿਸਿ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ ॥ ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ ॥ ੪ ॥ ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ ॥ ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ ॥ ੫ ॥ ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ ॥ ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ ॥ ੬ ॥ ਸੁਖ ਸੰਪਤਿ ਕਉ ਆਵਤ ਦੇਖੈ ਸਾਕਤ ਮਨਿ ਅਭਿਮਾਨੁ ਭਇਆ ॥ ਜਿਸ ਕਾ ਇਹੁ ਤਨੁ ਧਨੁ ਸੋ ਫਿਰਿ ਲੇਵੈ ਅੰਤਰਿ ਸਹਸਾ ਦੂਖੁ ਪਇਆ ॥ ੭ ॥ ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ ਮਇਆ ॥ ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ ਪਇਆ ॥ ੮ ॥ ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ ॥ ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ ॥ ੯ ॥ ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਬਖਸਣਹਾਰੈ ਬਖਸਿ ਲਇਆ ॥ ੧੦ ॥ ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥ ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਇਆ ਮੁਕਤਿ ਪਦਾਰਥੁ ਸਰਣਿ ਪਇਆ ॥ ੧੧ ॥ ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ ॥ ਆਪੁ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥ ੧੨ ॥[੯੦੬-੭]-੭

ਅਗਲੇ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਬੁਢੇਪੇ ਵਿਚ ਹੋ ਜਾਣ ਵਾਲੀ ਹਾਲਤ ਵੱਲ ਧਿਆਨ ਮਰਵਾ ਕੇ ਜੀਵਨ-ਤਤ ਸਮਝਾਉਣ ਦੀ ਮਿਹਰ ਇਸ ਪ੍ਰਕਾਰ ਕੀਤੀ ਹੈ:---

੫੭- **ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ, ਜਰਿ ਜੀਤਿਆ, ਸਿਰਿ ਕਾਲੋ ॥ ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਾਲੋ ॥ ੧ ॥ ਪ੍ਰਾਣੀ ਹਰਿ ਜਪਿ, ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮ ਭਇਓ ॥ ੧ ॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ, ਕਠਿਨ ਪੀਰ ਅਤਿ ਭਾਰੀ ॥ ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥ ੨ ॥ ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀਂ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥ ੩ ॥ ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥ ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥ ੪ ॥**[੧੧੨੫-੨੬]-੨-੩

**ਅਰਥ:**--( ਅੰਨ੍ਹੇ ਹੋਏ ਜੀਵ ! ਹੁਣ ਬੁਢੇਪੇ ਵਿਚ) ਤੇਰੀ ਤੋਰ ਬੇਢਬੀ ਹੋ ਚੁੱਕੀ ਹੈ, ਤੇਰੇ ਪੈਰ ਹਥ ਢਿਲਕ ਪਏ ਹਨ, ਤੇਰੇ ਸਰੀਰ ਦੀ ਚਮੜੀ ਉਤੇ ਝੁਰੀਆਂ ਪੈ ਰਹੀਆਂ ਹਨ, ਤੇਰੀਆਂ ਅੱਖਾਂ ਅੱਗੇ ਹਨੇਰਾ ਹੋਣ ਲੱਗ ਪਿਆ ਹੈ, ਤੇਰੇ ਕੰਨ ਬੋਲੇ ਹੋ ਚੁੱਕੇ ਹਨ, ਪਰ ਅਜੇ ਵੀ ਆਪਣੇ ਮਨ ਦੇ ਪਿਛੇ ਤੁਰ ਕੇ ਤੂੰ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀ ਪਾਈ । ੧ । ਹੇ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਜੀਵ ! ਤੂੰ ਜਗਤ ਵਿਚ ਜਨਮ ਲੈ ਕੇ (ਆਤਮਕ-ਜੀਵਨ ਦੇ ਅਸਲ ਲਾਭ ਵਜੋਂ) ਕੁਝ ਵੀ ਨਾ ਖਟਿਆ, ਸਗੋਂ ਤੂੰ ਮੂਲ ਵੀ ਗਵਾ ਲਿਆ (ਜੇਹੜਾ ਪਹਿਲਾਂ ਕੋਈ ਆਤਮਕ ਜੀਵਨ ਸੀ ਉਹ ਵੀ ਨਾਸ ਕਰ ਲਿਆ, (ਕਿਉਂਕਿ) ਤੂੰ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ, ਤੇ ਤੂੰ ਗੁਰੂ ਦੀ ਦੱਸੀ ਕਾਰ ਨਹੀਂ ਕੀਤੀ । ੧ । ਰਹਾਉ । (ਹੇ ਅੰਨ੍ਹੇ ਜੀਵ !) ਤੇਰੀ ਜੀਭ ਪ੍ਰਭੂ ਦੀ ਯਾਦ ਦੇ ਪਿਆਰ ਵਿਚ ਨਹੀਂ ਭਿੱਜੀ, ਜਦੋਂ ਵੀ ਬੋਲਦੀ ਹੈ ਫਿੱਕੇ ਬੋਲ ਹੀ ਬੋਲਦੀ ਹੈ । ਤੂੰ ਸਦਾ ਭਲੇ ਬੰਦਿਆਂ ਦੀ ਨਿੰਦਿਆ ਵਿਚ ਰੁੱਝਾ ਰਿਹਾ ਹੈਂ, ਤੇਰੇ ਸਾਰੇ ਕੰਮ ਪਸ਼ੂਆਂ ਵਾਲੇ ਹੋਏ ਪਏ ਹਨ, (ਇਸੇ ਤਰ੍ਹਾਂ ਰਿਹਾਂ) ਇਹ ਕਦੇ ਵੀ ਚੰਗੇ ਨਹੀਂ ਹੋ ਸਕਣਗੇ । ੨ । (ਪਰ ਜੀਵਾਂ ਦੇ ਵੀ ਕੀ ਵੱਸ ?) ਆਤਮਕ ਜੀਵਨ ਦੇਣ ਵਾਲੇ ਸ੍ਰੇਸ਼ਟ ਨਾਮ ਦੇ ਜਾਪ ਦਾ ਸੁਆਦ ਉਨ੍ਹਾਂ ਵਿਰਲਿਆਂ ਬੰਦਿਆਂ ਨੂੰ ਆਉਂਦਾ ਹੈ ਜਿੰਨ੍ਹਾਂ ਨੂੰ ( ਪਰਮਾਤਮਾ ਆਪ) ਸਤਿਗੁਰੂ ਦੀ ਸੰਗਤਿ ਵਿਚ ਮਿਲਾਉਂਦਾ ਹੈ । ਮਨੁੱਖ ਨੂੰ ਜਦੋਂ ਤਕ ਸਿਫ਼ਤਿ-ਸਾਲਾਹ ਦਾ ਰਸ ਨਹੀਂ ਆਉਂਦਾ ਤਦੋਂ ਤਕ (ਇਹ ਅਜੇਹੇ ਕੰਮ ਕਰਦਾ ਰਹਿੰਦਾ ਹੈ ਜਿਨ੍ਹਾਂ ਕਰਕੇ) ਇਸ ਨੂੰ ਮੌਤ ਦਾ ਡਰ ਦੁਖੀ ਕਰਦਾ ਰਹਿੰਦਾ ਹੈ । ੩ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ, ਗੁਰੂ ਦੀ ਕਿਰਪਾ ਨਾਲ ਜੋ ਮਨੁੱਖ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਦਰ ਹੀ ਮੱਲੀ ਰੱਖਦਾ ਹੈ ਤੇ ਪਰਮਾਤਮਾਂ ਤੋਂ ਬਿਨਾਂ ਕਿਸੇ ਹੋਰ ਦਾ ਦਰਵਾਜ਼ਾ, ਕਿਸੇ ਹੋਰ ਦਾ ਘਰ ਨਹੀਂ ਭਾਲਦਾ ਉਹ ਸਭ ਤੋਂ ਉੱਚਾ ਆਤਮਕ-ਦਰਜਾ ਪ੍ਰਾਪਤ ਕਰ ਲੈਂਦਾ ਹੈ । ੪ ।

੫੮- **ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥ ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥ ੧ ॥**
**ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥ ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੈ ॥ ੧ ॥ ਰਹਾਉ ॥**
**ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥ ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥ ੨ ॥**
**ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥ ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥ ੩ ॥**
**ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥ ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ ॥ ੪ ॥**[੮੦੯]-੬-੩੬

**ਅਰਥ:**--ਹੇ ਭਾਈ ! ਮੌਤ (ਹਰੇਕ ਮਨੁੱਖ ਦੇ) ਸਿਰ ਉਤੇ (ਖਲੋਤੀ) ਹੱਸ ਰਹੀ ਹੈ (ਕਿ ਮੂਰਖ ਮਨੁੱਖ ਮਾਇਆ ਦੇ ਮੋਹ ਵਿਚ ਫਸ ਕੇ ਆਪਣੀ ਮੌਤ ਦਾ ਚੇਤਾ ਹੀ ਨਹੀਂ ਕਰਦਾ, ਪਰ) ਪਸ਼ੂ (-ਸੁਭਾਅ ਵਾਲਾ ਮਨੁੱਖ ਇਹ ਗਲ) ਸਮਝਦਾ ਹੀ ਨਹੀਂ । (ਫ਼ਜ਼ੂਲ ਦਿਆਂ) ਝਗੜਿਆਂ ਵਿਚ (ਪਦਾਰਥਾਂ ਦੇ) ਸੁਆਦਾਂ ਵਿਚ, ਹੰਕਾਰ ਵਿਚ (ਫਸ ਕੇ) ਮਨੁੱਖ ਨੂੰ ਮੌਤ ਸੁੱਝਦੀ ਹੀ ਨਹੀਂ **। ੧ ।** ਹੇ ਬਦ-ਕਿਸਮਤ ! ਕਿਉਂ ਭਟਕਦਾ ਫਿਰਦਾ ਹੈਂ ? ਆਪਣੇ ਗੁਰੂ (ਗ੍ਰੰਥ ਸਾਹਿਬ ਜੀ) ਦੀ ਸਰਣ ਪਿਆ ਰਹੁ । ਸੋਹਣੇ ਰੰਗ ਵਾਲਾ ਕਸੁੰਭਾ (ਸਾਥ ਛੱਡ ਜਾਣ ਵਾਲੀ ਮਨ-ਮੋਹਣੀ ਮਾਇਆ) ਵੇਖ ਕੇ ਕਿਉਂ ਕੁਰਾਹੇ ਪੈ ਰਿਹਾ ਹੈਂ ? **। ੧ । ਰਹਾਉ ।** ਹੇ ਭਾਈ ! (ਸਾਰੀ ਉਮਰ) ਪਾਪ ਕਰ ਕਰ ਕੇ ਹੀ ਮਨੁੱਖ ਆਪਣੇ ਵਰਤਣ ਲਈ ਧਨ ਇਕੱਠਾ ਕਰਦਾ ਰਿਹਾ, (ਪਰ ਮੌਤ ਆਉਣ ਤੇ ਇਸ ਦੇ ਸਰੀਰ ਦੀ) ਮਿੱਟੀ ਧਰਤੀ ਨਾਲ ਰਲ ਗਈ, ਤੇ, ਜੀਵ ਖਾਲੀ-ਹੱਥ ਹੀ ਉੱਠ ਕੇ ਤੁਰ ਪਿਆ **। ੨ ।** ਜਿਨ੍ਹਾਂ ਸੰਬੰਧੀਆਂ ਦੀ ਖ਼ਾਤਰ ਮਨੁੱਖ (ਧਨ ਇਕੱਠਾ ਕਰਨ ਦੀ) ਮੇਹਨਤ ਕਰਦਾ ਹੈ ਉਹ (ਤੋੜ ਤਕ ਇਸ ਨਾਲ ਸਾਥ ਨਹੀਂ ਨਿਬਾਹ ਸਕਦੇ, ਇਸ ਵਾਸਤੇ ਇਸ ਨਾਲ) ਵੈਰ ਅਤੇ ਵਿਰੋਧ ਕਰਨ ਵਾਲੇ ਹੀ ਬਣਦੇ ਹਨ । ਹੇ ਭਾਈ ! ਤੂੰ (ਇਨ੍ਹਾਂ ਦੀ ਖ਼ਾਤਰ ਹੋਰਨਾਂ ਨਾਲ ਵੈਰ ਸਹੇੜ ਸਹੇੜ ਕੇ) ਕਿਉਂ ਕ੍ਰੋਧ ਵਿਚ ਸੜਦਾ ਹੈਂ ? ਇਹ ਤਾਂ ਆਖ਼ਰ ਵੇਲੇ ਤੇਰਾ ਸਾਥ ਛੱਡ ਜਾਣਗੇ । ੩ ।

ਪੰਚਮ ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ--ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗਦੇ ਹਨ, ਉਹੀ ਮਨੁੱਖ ਪ੍ਰਭੂ ਦੇ ਭਗਤਾਂ ਦੀ ਚਰਨ-ਧੂੜ ਬਣਦਾ ਹੈ । ਗੁਰੂ ਦੀ ਸਰਨ ਪਿਆਂ (ਮਾਇਆ ਦੇ ਮੋਹ ਦੇ) ਬੰਧਨ ਟੁੱਟ ਜਾਂਦੇ ਹਨ । ੪ ।

ਇਸੇ ਤਰ੍ਹਾਂ ਮੌਤ ਦੇ ਸਮੇਂ ਨੂੰ ਯਾਦ ਕਰਾ ਕੇ ਪ੍ਰਭੂ ਭਗਤੀ ਨਾਲ ਜੁੜਨ ਦਾ ਉਪਦੇਸ਼ ਦੇਣ ਵਾਲੇ ਅਥਵਾ ਆਪਣੀ ਜੀਵਨ-ਜੁਗਤ ਸੁਆਰਨ ਵਾਲੇ ਹੋਰ ਬੇਅੰਤ ਗੁਰੂ ਸ਼ਬਦਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ:---

| | | | | | |
|---|---|---|---|---|---|
| ੧= [੧੫]-੧ | ੨= [੧੬]-੬ | ੩= [੪੧]-੩੩-੩੧ | ੪= [੧੧੩੯[।-੪-੧੭ | ੫= [੮੧੮]-੯-੭੩ | ੬= [੪੩]-੫-੭੫ |
| ੭= [੫੦]-੨੧-੯੨ | ੮= [੬੨]-੧੫ | ੯= [੫੦]-੨੩-੯੩ | ੧੦=[੬੩]-੧੬ | ੧੧=[੨੦]-੧੮(੨) | ੧੨=[੪੩]-੩-੭੩ |
| ੧੩=[੧੫੩]-੯ | ੧੪=[੯੨]-੨ | ੧੫=[੨੩]-੨੪ | ੧੬=[੧੪੭]-ਵਾਰ-੨੦ | ੧੭=[੧੭੮]-੯-੭੮ | ੧੮=[੧੯੦]-੫੫-੧੨੪ |
| ੧੯=[੨੦੬]-੬-੧੨੭ | ੨੦=[੨੦੯]-੧੫-੧੩੬ | ੨੧=[੨੨੦]-੮ | ੨੨=[੨੫੪]-ਵਾਰ-੧੯ | ੨੩=[੩੮੯]-੨੪-੭੫ | ੨੪=[੨੨੭]-੧੪ |
| ੨੫=[੨੩੭]-ਅਸਟ-੪ | ੨੬=[੩੨੫]-੮(੩) | ੨੭=[੩੨੫]-੧੧ | ੨੮=[੩੨੫]-੧੨ | ੨੯=[੩੨੬]-੧੬ | ੩੦=[੩੨੭]-੨੦ |
| ੩੧=[੩੨੯]-੩੨ | ੩੨=[੩੩੦]-੩੫ | ੩੩=[੩੩੬]-੧-੯-੬੦ | ੩੪=[੩੩੭]-੨-੧੩-੬੪ | ੩੫=[੩੫੮]-੨-੩੨ | ੩੬=[੨੬੯]-੧੨-੬੪ |
| ੩੭=[੩੭੪]-੧੩ | ੩੮=[੩੯੧]-੩੨-੮੩ | ੩੯=[੩੯੧]-੩੫-੮੬ | ੪੦=[੪੦੧]-੧-੧੨੩(੪) | ੪੧=[੪੧੩]-੪ | ੪੨=[੪੧੮]-੧੩ |
| ੪੩=[੫੪੯]-ਛੰਤ-੨-੧੧(੧) | ੪੪=[੪੬੪]-ਵਾਰ-੩ | ੪੫=[੪੭੪]-ਵਾਰ-੨੦ | ੪੬=[੪੭੭]-੯ | ੪੭=[੪੭੯]-੨-੧੫ | ੪੮=[੪੮੧]-੮-੨੧ |
| ੪੯=[੪੮੧]-੧-੨੩ | ੫੦=[੫੩੬]-੨ | ੫੧=[੫੮੬]-ਵਾਰ-੨੩ | ੫੨=[੫੫੫]-ਵਾ-੧੭(੨) | ੫੩=[੫੯੫]-੧ | ੫੪=[੫੯੪]-ਵਾ-੨੧ |
| ੫੫=[੫੯੬]-੩ | ੫੬=[੬੦੯]-੪ | ੫੭=[੬੩੪]-੧੨-੧੩੯ | ੫੮=[੬੪੮]-ਵਾ-੧੬(੨) | ੫੯=[੬੫੬]-੯ | ੬੦=[੬੫੯]-੬ |
| ੬੧=[੬੫੯]-੧ | ੬੨=[੬੬੧]-੧-੩(੪) | ੬੩=[੬੯੧]-੨ | ੬੪=[੬੯੨]-੧ | ੬੫=[੭੦੫]-੨-੩ | ੬੬=[੭੦੬]-ਵਾਰ-੫(੪) |
| ੬੭=[੭੨੩]-੧ | ੬੮=[੬੨੪]-੧ | ੬੯=[੭੨੭]-੩ | ੭੦=[੭੨੬]-੨ | ੭੧=[੭੪੦]-੮-੧੪ | ੭੨=[੭੬੩]-੧ |
| ੭੩=[੮੦੮]-੧-੩੧ | ੭੪=[੭੮੭]-ਵਾਰ-੭(੧) | ੭੫=[੭੯੨]-੨ | ੭੬=[੮੩੨]-ਅਸਟ-੨ | ੭੭=[੮੫੫]-੧ | ੭੮=[੮੭੦]-੨ |
| ੭੯=[੮੭੬]-੧ | ੮੦=[੮੭੧]-੨-੫ | ੮੧=[੮੮੫]-੧੦ | ੮੨=[੯੦੨]-੩-੮੧ | ੮੩=[੯੩੫]-੪੦ | ੮੪=[੯੩੬]-੪੪ |
| ੮੫=[੯੫੩]-ਵਾਰ-੧੩(੨) | ੮੬=[੧੦੦੮]-੨ | ੮੭=[੧੦੨੨[-੩ | ੮੮=[੧੦੧੯]-੨-੮-੧੨ | ੮੯=[੧੦੨੬]-੧-੭ | ੯੦=[੧੦੪੭]-੪ |

੯੧=[੧੦੯੯]-ਵਾ-੧੫(੧) ੯੨=[੧੧੦੪]-੬ ੯੩=[੧੦੨੬]੧-੭ ੯੪=[੧੦੯੧]-ੵ-੧੫(੨) ੯੫=[੧੧੦੬]-੧ ੯੬=[੧੧੨੬]-੩-੪
੯੭=[੧੧੫੮]-੨ ੯੮=[੧੧੨੪]-੬ ੯੯=[੧੧੮੫]-੨੦-੩੩ ੧੦੦=[੧੨੦੦]-੬ ੧੦੧=[੧੨੧੬]-੩੮-੬੧ ੧੦੨=[੧੨੩੯]-ਵਾਰ-੫(੧)
੧੦੩=[੧੨੩੭]-ਵਾਰ-੩(੨) ੧੦੪=[੧੨੪੩]-੧੫(੧+੨) ੧੦੫=[੧੨੪੪]-੧੭-(੧) ੧੦੬=[੧੨੪੬]-ਵਾਰ-੨੩ +(੨) ੧੦੭=[੧੨੫੧]-੧ ੧੦੮=[੧੨੮੭]-ਵਾਰ-੨੦(੨)
੧੦੯=[੧੩੬੫]-੧੬ ੧੧੦=[੧੩੬੫]-੨੮ ੧੧੧=[੧੪੧੦]-੧ ੧੧੨=[੧੩੮੧]-੭੧ ੧੧੩=[੧੩੮੧]-੭੭
੧੧੪=[੧੩੮੨]-੯੩-੯੬-੧੧੫=[੫੪੭]-ਛੰਤ-੬-੯(੧+੨)੧੧੬=੫੪੮]-੬-੯ ੧੧੭=[੧੦੧੨]-੬ ੧੧੮=[੧੩੫੪]-੭
੧੧੯=[੧੩੬੬]-੩੬-੩੭-੩੮-੩੯-੪੧ ੧੨੦=[੧੩੬੮]-੬੯-੭੮
੧੨੧=[੧੩੭੬]੨੧੮-੨੨੧-੨੨੬-੨੨੭ ੧੨੨=[੧੩੭੩]-੧੬੬-੧੬੭੧੨੩=[੧੩੭੫]-੨੦੮ ੧੨੪=[੧੩੭੭]-੧ ੧੨੫=[੧੩੮੦]-੪੫ ਤ੦ ੪੯,
੫੫,੫੭,੫੮।੧੨੬=[੧੩੮੦]-੫੮੧੨੭=[੧੩੮੧]-੬੭ ਤੋ ਂ੬੯ ੧੨੮=[੧੩੮੨]-੯੪ ੧੨੯=[੧੩੮੩]-੯੯-੧੦੦ ੧੩੦=[੪੪]-੬-੧੩ ੧੩੧=[੪੭੬]-੫
੧੩੨=[੧੦੩੨]-੬-੧੨

੫੯- **ਕਬੀਰ ਨਉਬਤਿ ਆਪਨੀ, ਦਿਨ ਦਸ ਲੇਹੁ ਬਜਾਇ ॥**
**ਨਦੀ ਨਾਵ ਸੰਜੋਗ ਜਿਉ, ਬਹੁਰਿ ਨ ਮਿਲਿ ਹੈ ਆਇ ॥੮੦॥**[੧੩੬੮]

੧੦

## ਝੂਠੇ ਹਨ ਇਹ ਰਿਸ਼ਤੇ ਨਾਤੇ ?

ਜਿਨ੍ਹਾਂ ਸੰਬੰਧੀਆਂ ਲਈ ਮਨੁੱਖ ਪਾਪ ਕਮਾਉਂਦਾ ਹੈ ਉਨ੍ਹਾਂ ਦੀ ਅਸਲੀਯਤ ਤੋਂ ਜਾਣੂੰ ਕਰਵਾਉਣ ਵਾਲੇ ਗੁਰੂ-ਫ਼ੁਰਮਾਨ:----

੬੦- **ਨਾ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥ ੧ ॥**[੩੫੭]-੨੮

**ਅਰਥ:**--ਝੂਠੇ ਮੋਹ ਦੇ ਕਾਰਨ ਦੁਨੀਆਂ ਭਟਕਣਾ ਵਿਚ ਪੈ ਕੇ ਕੁਰਾਹੇ ਪਈ ਹੋਈ ਹੈ (ਮਾਂ, ਪਿਉ, ਪੁਤ੍ਰ ਆਦਿਕ ਨੂੰ ਆਪਣਾ ਸਦਾ ਦਾ ਸਾਥੀ ਜਾਣਕੇ ਜੀਵ ਪਰਮਾਤਮਾ ਨੂੰ ਵਿਸਾਰੀ ਬੈਠਾ ਹੈ) ਅਸਲ ਵਿਚ ਨਾ ਮਾਂ ਨਾ ਪੁਤੱਰ ਕੋਈ ਵੀ ਕਿਸੇ ਦਾ ਪੱਕਾ ਸਾਥੀ ਨਹੀਂ ਹੈ । ੧ ।

੬੧- **ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥ ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥**
**ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥ ੨ ॥**[੪੭]-੧੪-੮੪

**ਅਰਥ:**--ਰਤਨ, ਮੋਤੀ ਆਦਿਕ ਕੀਮਤੀ ਪਦਾਰਥ, ਸੋਨਾ, ਚਾਂਦੀ (ਇਹ ਸਭ) ਮਿੱਟੀ ਸਮਾਨ ਹੀ ਹਨ (ਕਿਉਂਕਿ ਇਥੇ ਹੀ ਪਏ ਰਹਿ ਜਾਣਗੇ) । ਮਾਂ ਪਿਉ ਪੁੱਤਰ ਤੇ ਹੋਰ ਸੰਬੰਧੀ--ਇਹ ਸਾਰੇ ਸਾਕ ਵੀ ਛੱਡ ਜਾਣ ਵਾਲੇ ਹਨ । (ਇਹ ਵੇਖ ਕੇ ਵੀ) ਆਪਣੇ ਮਨ ਦੇ ਪਿ:ਛੇ ਤੁਰਨ ਵਾਲਾ ਮਨੁੱਖ, ਗੰਦੇ ਜੀਵਨ ਵਾਲਾ ਪਸ਼ੂ-ਸੁਭਾਅ ਮਨੁੱਖ, ਉਸ ਪਰਮਾਤਮਾ ਨਾਲ ਸਾਂਝ ਨਹੀਂ ਪਾਉਂਦਾ ਜਿਸ ਨੇ ਇਸ ਨੂੰ ਪੈਦਾ ਕੀਤਾ ਹੈ । ੨ ।

੬੨- **ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ ॥**
**ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ ॥ ੧ ॥**[੬੦੯]-੪

**ਅਰਥ:**--ਪੁਤ੍ਰ, ਇਸਤ੍ਰੀ, ਘਰ ਦੇ ਹੋਰ ਬੰਦੇ ਤੇ ਜ਼ਨਾਨੀਆਂ (ਸਾਰੇ) ਮਾਇਆ ਦੇ ਹੀ ਸਾਕ ਹਨ । ਅਖ਼ੀਰ ਵੇਲੇ (ਇਨ੍ਹਾਂ ਵਿਚੋ) ਕੋਈ ਵੀ ਤੇਰਾ ਇਮਦਾਦੀ ਨਹੀਂ ਬਣੇਗਾ, ਸਾਰੇ ਝੂਠਾ ਹੀ ਪਿਆਰ ਕਰਨ ਵਾਲੇ ਹਨ । ੧ ।

੬੩- **ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥ ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥ ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥ ੩ ॥ ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥ ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ, ਤਿਨ ਅੰਤਿ ਛਡਾਏ ਜਿਨ੍ਹ ਹਰਿ ਪ੍ਰੀਤਿ ਚਿਤਾਸਾ ॥ ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ ॥ ੪ ॥**[੮੬੦]-੨

**ਅਰਥ:**--ਹੇ ਮੇਰੇ ਮਨ ! ਦੁਨੀਆ ਵਾਲੇ ਇਹ ਸਾਕ-ਅੰਗ, ਮਿੱਤਰ, ਭਰਾ ਜੇਹੜੇ ਵੀ ਦਿਸਦੇ ਹਨ, ਇਹ ਤਾਂ ਆਪਣੀ ਗ਼ਰਜ਼ ਦੀ ਖ਼ਾਤਰ ਹੀ ਮਿਲਦੇ ਹਨ । ਜਦੋਂ ਉਨ੍ਹਾਂ ਦੀ ਗ਼ਰਜ਼ ਪੂਰੀ ਨਾਂਹ ਹੋ ਸਕੇ, ਤਦੋਂ ਉਨ੍ਹਾਂ ਵਿਚੋਂ ਕੋਈ ਵੀ ਨੇੜੇ ਨਹੀਂ ਛੁਹੰਦਾ । ਸੋ, ਹੇ ਮੇਰੇ ਮਨ ! ਦਿਨ ਰਾਤ ਹਰ ਵੇਲੇ ਆਪਣੇ ਪ੍ਰਭੂ ਦਾ ਸਿਮਰਨ ਕਰਦਾ ਰਹੁ, ਉਹੀ ਹਰੇਕ ਦੁਖ ਸੁਖ ਵਿਚ ਤੈਨੂੰ ਪੁਕਰ ਸਕਦਾ ਹੈ । **੩** । ਹੇ ਮੇਰੇ ਮਨ ! ਜੇਹੜਾ ਕੋਈ ਅੰਤਲੇ ਸਮੇ (ਮੌਤ ਕੋਲੋਂ ਸਾਨੂੰ) ਬਚਾ ਨਹੀਂ ਸਕਦਾ, ਉਸ ਦਾ ਭਰੋਸਾ ਨਹੀਂ ਕਰਨਾ ਚਾਹੀਦਾ ਹੈ । ਗੁਰੂ ਦਾ ਉਪਦੇਸ਼ ਲੈ ਕੇ (ਗੁਰੂ ਦੀ ਸਿਖਿਆ ਉਤੇ ਤੁਰ ਕੇ) ਪਰਮਾਤਮਾ ਦਾ ਨਾਮ-ਮੰਤ੍ਰ ਜਪਿਆ ਕਰ । ਜਿੰਨ੍ਹਾਂ ਮਨੁੱਖਾਂ ਦੇ ਚਿਤ ਵਿਚ ਪਰਮਾਤਮਾ ਦਾ ਪਿਆਰ ਵੱਸਦਾ ਹੈ, ਉਨ੍ਹਾਂ ਨੂੰ ਪਰਮਾਤਮਾਂ ਅਖ਼ੀਰ ਵੇਲੇ, ਜਮਾਂ ਦੇ ਡਰ ਤੋਂ ਛੁਡਾ ਲੈਂਦਾ ਹੈ । ਚੌਥੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ --ਹੇ ਸੰਤ ਜਨੋਂ ! ਹਰ ਵੇਲੇ ਪਰਮਾਤਮਾ ਦਾ ਨਾਮ ਜਪਿਆ ਕਰੋ । (ਦੁੱਖਾਂ ਕਲੇਸ਼ਾਂ ਤੋਂ) ਬਚਣ ਦਾ ਏਹੀ ਪੱਕਾ ਵਸੀਲਾ ਹੈ । ੪ ।

੬੪- **ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥ ੧ ॥ ਰਹਾਉ ॥ ਮਾਤ ਪਿਤਾ ਬਨਿਤਾ ਸੁਤ ਬੰਧਪ, ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥ ੧ ॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥ ੨ ॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥ ੩ ॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥ ੪ ॥**[੭੦੦]-੧

**ਅਰਥ:**--ਹੇ ਭਾਈ ! ਕੋਈ ਵਿਰਲਾ ਮਨੁੱਖ ਜਾਣਦਾ ਹੈ (ਕਿ) ਇਥੇ ਜਗਤ ਵਿਚ (ਅਸਲੀ) ਮਿੱਤਰ ਕੌਣ ਹੈ । ਜਿਸ ਮਨੁੱਖ ਉੱਤੇ (ਪਰਮਾਤਮਾ) ਦਇਆਵਾਨ ਹੁੰਦਾ ਹੈ, ਉਹੀ ਮਨੁੱਖ ਇਸ ਗੱਲ ਨੂੰ ਸਮਝਦਾ ਹੈ, (ਫਿਰ) ਉਸ ਮਨੁੱਖ ਦੀ ਜੀਵਨ-ਜੁਗਤਿ ਪਵਿਤ੍ਰ ਹੋ ਜਾਂਦੀ ਹੈ । **੧** । **ਰਹਾਉ** । ਹੇ ਭਾਈ ਮਾਂ, ਪਿਓ, ਇਸਤ੍ਰੀ, ਪੁੱਤਰ, ਰਿਸ਼ਤੇਦਾਰ, ਪਿਆਰੇ ਮਿੱਤਰ ਅਤੇ ਭਰਾ--ਇਹ ਸਾਰੇ ਪਹਿਲੇ ਜਨਮਾ ਦੇ ਸੰਜੋਗਾਂ ਕਰਕੇ (ਏਥੇ) ਮਿਲ ਪਏ ਹਨ । ਅਖ਼ੀਰ ਵੇਲੇ ਇਨ੍ਹਾਂ ਵਿਚੋਂ ਕੋਈ ਸਾਥੀ ਨਹੀਂ ਬਣਦਾ **। ੧ ।** ਮੋਤੀਆਂ ਦੀ ਮਾਲਾ, ਸੋਨਾ,

ਲਾਲ, ਹੀਰੇ, ਮਨ ਨੂੰ ਖ਼ੁਸ਼ ਕਰਨ ਵਾਲੀ ਮਾਇਆ--ਇਨ੍ਹਾਂ ਵਿਚ (ਲੱਗਿਆਂ) ਸਾਰੀ ਉਮਰ ਹਾਇ ਹਾਇ ਕਰਦਿਆਂ ਗੁਜ਼ਰ ਜਾਂਦੀ ਹੈ, ਮਨ ਨਹੀਂ ਰੱਜਦਾ **। ੨ ।** ਹਾਥੀ, ਰਥ, ਹਵਾ ਦੇ ਵੇਗ ਵਰਗੇ ਘੋੜੇ (ਹੋਣ) ਧਨਾਢ ਹੋਵੇ, ਜਿਮੀਂ ਮਾਲਕ ਹੋਵੇ, ਚਾਰ ਕਿਸਮ ਦੀ ਫ਼ੌਜ ਦਾ ਮਾਲਕ ਹੋਵੇ--ਇਨ੍ਹਾਂ ਵਿਚੋਂ ਕੋਈ ਵੀ ਚੀਜ਼, ਨਾਲ ਨਹੀਂ ਜਾਂਦੀ, (ਇਸ ਸਾਰੇ ਧਨ ਅਤੇ ਪਦਾਰਥਾਂ ਦਾ ਮਾਲਕ ਮਨੁੱਖ, ਏਥੋਂ) ਨੰਗਾ ਹੀ ਉੱਠ ਕੇ ਤੁਰ ਪੈਂਦਾ ਹੈ **। ੩ ।** ਪੰਚਮ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ--ਪਰਮਾਤਮਾ ਦੇ ਸੰਤ ਜਨ ਪਰਮਾਤਮਾ ਦੇ ਪਿਆਰੇ ਹੁੰਦੇ ਹਨ, ਉਨ੍ਹਾਂ ਦੀ ਸੰਗਤਿ ਵਿਚ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨੀ ਚਾਹੀਦੀ ਹੈ । ਇਸ ਲੋਕ ਵਿਚ ਸੁਖ ਮਿਲਦਾ ਹੈ, ਪਰਲੋਕ ਵਿਚ ਸੁਰਖ਼ਰੂ ਹੋ ਜਾਈਦਾ ਹੈ । (ਪਰ ਇਹ ਦਾਤਿ) ਸੰਤ ਜਨਾਂ (ਗੁਰਮੁਖਾਂ) ਦੀ ਸੰਗਤ ਵਿਚ ਹੀ ਮਿਲ ਸਕਦੀ ਹੈ । ੪ ।

ਇਸੇ ਤਰ੍ਹਾਂ ਦੇ ਹੋਰ ਗੁਰੂ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:----

| | | | | | |
|---|---|---|---|---|---|
| ੧= [੪੦੧]-੧-੧੨੩ | ੨= [੪੯੭]-੧-੮ | ੩= [੪੯੯]-੭-੧੬ | ੪= [੬੪੩]-ਵਾਰ-੨ | ੫= [੫੩੬]-੩-੬-੩੮ | ੬= [੫੪]-੩ |
| ੭= [੫੯]-੧੦ | ੮=[੬੧]-੧੩ | ੯= [੧੮੮]-੪੩-੧੧੨ | ੧੦=[੩੩੬]-੧-੮-੫੯ | ੧੧=[੬੦੧]-੬ | ੧੨=[੧੦]-੫(੨) |
| ੧੩=[੪੭]੧੫-੮੫(੧) | ੧੪=[੪੯]-੧੯-੪੯ | ੧੫=[੬੦੧]-੨ | ੧੬=[੨੪੬]-੨ | ੧੭=[੬੦੧]-੬ | ੧੮=[੬੭੩]-੧ |
| ੧੯=[੬੮੪]-੨ | ੨੦=[੧੩੧੮]-ਵਾਰ-੧੩ | ੨੧=[੯੧੮]-੧੧ | ੨੨=[੧੩੫੩]-੧ | ੨੩=[੪੧]-੩੩-੩੧ | ੨੪=[੬੩]-੧੬ |
| ੨੫=[੩੩੧]-੩੯ | ੨੬=[੪੧੬]-੧੦ | ੨੭=[੪੯੪]-੧-੭-੧੬ | ੨੮=[੪੯੫]-੧ | ੨੯=[੫੩੬]-੨ | ੩੦=[੫੯੨]-੧੫ |
| ੩੧=[੬੭੩]-੧ | ੩੨=[੭੦੫]-੨-੩ | ੩੩=[੭੨੬]-੨ | ੩੪=[੭੯੪]-੩ | ੩੫=[੮੦੪]-੫-੧੦ | ੩੬=[੮੦੮]-੧-੩੧ |
| ੩੭=[੮੭੬]-੧ | ੩੮=[੯੦੦]-੪੪-੫੫ | ੩੯=[੯੧੩]-ਅਸਟ-੨(੨) | ੪੦=[੧੧੦੧]-ਵਾਰ-੧੦ | ੪੧=[੧੨੫੦]-ਵਾਰ-੩੨ | ੪੨=[੧੪੨੨]-੧੭ |
| ੪੩=[੧੩੪੭]-੧ | ੪੪=[੨੩੩]-੮ | ੪੫=[੨੪੬]-੨ | | | |

੬੫ **ਏ ਮਨ ਪਿਆਰਿਆ, ਤੂ ਸਦਾ ਸਚੁ ਸਮਾਲੇ ॥ ਏਹੁ ਕੁਟੰਬੁ ਤੂ ਜਿ ਦੇਖਦਾ, ਚਲੈ ਨਾਹੀ ਤੇਰੈ ਨਾਲੇ ॥ ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ, ਹੋਵੈ ਤੇਰੈ ਨਾਲੈ ॥ ਕਹੈ ਨਾਨਕੁ ਮਨ ਪਿਆਰੇ, ਤੂ ਸਦਾ ਸਚੁ ਸਮਾਲੇ ॥ ੧ ॥** [੯੧੮]-ਅਨੰਦ

੧੧

# ਗ੍ਰਿਹਸਤ ਉਦਾਸ

ਆਪਣੇ ਅਸਲ ਵਿਸ਼ੇ ਨੂੰ ਅੱਗੇ ਤੋਰਨ ਤੋਂ ਪਹਿਲਾਂ, ਇਹ ਭਰਮ ਦੂਰ ਕਰ ਲੈਣਾ ਜ਼ਰੂਰੀ ਹੈ ਸਤਿਗੁਰਾਂ ਨੇ ਮਨੁੱਖ ਨੂੰ, ਕਿਸ ਤਰ੍ਹਾਂ ਦੇ ਤਿਆਗ ਦਾ ਉਪਦੇਸ਼ ਕੀਤਾ ਹੈ ? " **ਮਰਨਾ ਸੱਚ** " ਅਤੇ " **ਝੂਠੇ ਹਨ ਇਹ ਰਿਸ਼ਤੇ ਨਾਤੇ** " ਦੋਹਾਂ ਲੇਖਾਂ ਵਿਚਲੇ ਲਗ-ਪਗ ਸਾਰੇ ਗੁਰੂ-ਸ਼ਬਦਾਂ ਵਿਚ, ਇਹ ਉਪਦੇਸ਼ ਸਾਂਝਾ ਹੈ ਕਿ, ਜਿਸ ਧਨ-ਦੌਲਤ ਨੂੰ ਮਨੁੱਖ ਆਪਣੀ ਸਮਝ ਕੇ ਉਸ ਦਾ ਹੰਕਾਰ ਕਰਦਾ ਹੈ, ਉਹ ਸਦਾ ਟਿਕੀ ਨਹੀਂ ਰਹਿੰਦੀ, ਅਤੇ ਜਿਨ੍ਹਾਂ ਧੀਆਂ ਪੁੱਤਰਾਂ ਅਤੇ ਹੋਰ ਸੰਬੰਧੀਆਂ ਲਈ ਮਨੁੱਖ ਪਾਪ ਕਮਾਉਣੋਂ ਵੀ ਨਹੀਂ ਸੰਗਦਾ, ਉਹ ਵੀ ਸਾਰੇ ਮਤਲਬ ਦੇ ਹੀ ਸਾਥੀ ਹਨ । ਇਨ੍ਹਾਂ ਵਿਚੋਂ ਅੰਤ ਵੇਲੇ ਕੋਈ ਵੀ ਸਹਾਈ ਨਹੀਂ ਹੁੰਦਾ । ਇਨ੍ਹਾਂ ਦਾ ਮੋਹ, ਮਨੁੱਖ ਨੂੰ ਜਨਮ-ਮਰਨ ਦੇ ਗੇੜ ਵਿਚ ਪਾਉਂਦਾ ਹੈ । ਕੀ ਇਸ ਉਪਦੇਸ਼ ਦਾ ਅਰਥ ਇਹ ਸਮਝ ਲਈਏ ਕਿ ਸਤਿਗੁਰਾਂ ਨੇ ਘਰ-ਘਾਟ, ਸਭ ਕੁਝ ਦਾ ਤਿਆਗ ਕਰ ਦੇਣ ਲਈ ਫ਼ੁਰਮਾਇਆ ਹੈ ? ਪਰ ਗ੍ਰਿਹਸਤ ਤਿਆਗ ਕੇ ਪ੍ਰਭੂ ਦੀ ਭਗਤੀ ਕਰਨ ਲਈ ਜੰਗਲਾਂ ਵਿਚ ਚਲੇ ਜਾਣ ਵਾਲੀ ਗੱਲ ਦਾ, ਜਾਂ ਤਿਆਗੀ ਬਣ ਕੇ ਤਪ ਸਾਧਨਾਂ ਵਾਲੀ ਰੁਚੀ ਦਾ ਵੀ, ਸਤਿਗੁਰਾਂ ਨੇ ਸਖ਼ਤੀ ਨਾਲ ਖੰਡਨ ਕੀਤਾ ਹੈ :--

੬੬- **ਇਕਿ ਵਣ ਖੰਡਿ ਬੈਸਹਿ ਜਾਇ, ਸਦੁ ਨ ਦੇਵਹੀ ॥ ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥**
**ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥ ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥**
**ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ ॥ ਇਕਿ ਅਗਨਿ ਜਲਾਵਹਿ ਅੰਗੁ, ਆਪੁ ਵਿਗੋਵਹੀ ॥**
**ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥ ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥ ੧੫ ॥**[੧੨੮੪-੮੫]-ਵਾਰ

**ਅਰਥ:**--ਕਈ ਮਨੁੱਖ ਜੰਗਲ ਦੀ ਕਿਸੇ ਥਾਂ ਜਾ ਬੈਠਦੇ ਹਨ ਤੇ ਮੋਨ ਧਾਰ ਲੈਂਦੇ ਹਨ, ਕਈ ਪਾਲਾ-ਕੱਕਰ ਭੰਨ ਕੇ ਠੰਢਾ ਪਾਣੀ ਸਹਾਰਦੇ ਹਨ (ਭਾਵ, ਉਸ ਠੰਢੇ ਪਾਣੀ ਵਿਚ ਬੈਠਦੇ ਹਨ । ਜਿਸ ਉੱਤੇ ਕੱਕਰ ਜੰਮਿਆਂ ਪਿਆ ਹੁੰਦਾ ਹੈ), ਕਈ ਮਨੁੱਖ ਪਿੰਡੇ ਤੇ ਸੁਆਹ ਮਲਦੇ ਹਨ ਤੇ (ਪਿੰਡੇ ਦੀ) ਮੈਲ ਕਦੇ ਨਹੀਂ ਧੋਂਦੇ (ਭਾਵ, ਇਸ਼ਨਾਨ ਨਹੀਂ ਕਰਦੇ), ਕਈ ਮਨੁੱਖ ਔਖੀਆਂ ਡਰਾਉਣੀਆਂ ਜਟਾਂ ਵਧਾ ਲੈਂਦੇ ਹਨ (ਫ਼ਕੀਰ ਬਣ ਕੇ ਆਪਣੀ) ਕੁਲ ਤੇ ਆਪਣਾ ਘਰ ਗੁਆ ਲੈਂਦੇ ਹਨ, ਕਈ ਬੰਦੇ ਦਿਨੇ ਰਾਤ ਨੰਗੇ ਪਏ ਫਿਰਦੇ ਹਨ, ਕਈ ਸੌਂਦੇ ਵੀ ਨਹੀਂ ਹਨ, ਕਈ ਮਨੁੱਖ ਅੱਗ ਨਾਲ ਆਪਣਾ ਸਰੀਰ ਸਾੜਦੇ ਹਨ, ( ਭਾਵ, ਧੂਣੀਆਂ ਤਪਾਂਉਂਦੇ ਹਨ ਤੇ ਇਸ ਤਰ੍ਹਾਂ) ਆਪਣਾ ਆਪ ਖ਼ੁਆਰ ਕਰਦੇ ਹਨ ।

ਪਰ ਪ੍ਰਭੂ ਦੇ ਨਾਮ ਤੋਂ ਵਾਂਜੇ ਰਹਿ ਕੇ ਮਨੁੱਖਾ-ਸਰੀਰ ਵਿਆਰਥ ਗਵਾਇਆ, ਹੁਣ ਉਹ ਕੀ ਆਖ ਕੇ ਰੋਣ ? (ਨਾਮ ਸਿਮਰਨ ਦਾ ਸਮਾਂ ਗੁਆ ਕੇ ਪਛਤਾਉਣ ਦਾ ਕੀ ਲਾਭ ?) । ਕੇਵਲ ਉਹ ਜੀਵ ਪ੍ਰਭੂ ਦੇ ਦਰਬਾਰ ਵਿਚ ਸੋਭਦੇ ਹਨ ਜੋ ਗੁਰੂ (ਗ੍ਰੰਥ ਸਾਹਿਬ ਜੀ) ਦੇ ਹੁਕਮ ਵਿਚ ਤੁਰਦੇ ਹਨ ।

ਸੰਸਾਰ ਦਾ ਤਿਆਗ ਵੀ ਸਤਿਗੁਰੂ ਜੀ ਨਹੀਂ ਭਾਉਂਦਾ ਅਤੇ ਨਾਲ ਹੀ ਸਤਿਗੁਰਾਂ ਦਾ ਇਹ ਉਪਦੇਸ਼ ਵੀ ਅਸਾਂ ਪੜ੍ਹਿਆ ਹੈ ਕਿ, ਧੰਨ ਦੌਲਤ ਅਤੇ ਸੰਬੰਧੀਆਂ ਦਾ ਮੋਹ ਮਨੁੱਖ ਨੂੰ ਚੁਰਾਸੀ ਦੇ ਗੇੜ ਵਿਚ ਪਾਉਂਦਾ ਹੈ । ਫਿਰ ਸੰਸਾਰ ਸਮੁੰਦਰ ਤੋਂ ਪਾਰ ਕਿਵੇਂ ਹੋਈਏ ? ਇਸ ਭੇਤ ਨੂੰ ਸਮਝਣ ਵਾਸਤੇ " ਚਰਪਟ " ਨਾਮੀ ਸਿੱਧ ਨੇ ਵੀ ਸਤਿਗੁਰਾਂ ਤੇ ਪ੍ਰਸ਼ਨ ਕੀਤਾ ਸੀ:--

੬੭- **ਦੁਨੀਆ ਸਾਗਰੁ ਦੁਤਰੁ ਕਹੀਐ, ਕਿਉ ਕਰਿ ਪਾਈਐ ਪਾਰੋ ॥**
**" ਚਰਪਟੁ " ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ ॥... ੪ ॥** [੯੩੮] ਸਿਧ ਗੋਸ਼ਟ

ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਿੱਧਾਂ ਨਾਲ ਹੋਈ ਗੋਸ਼ਟ ਸਮੇਂ ਚਰਪਟ (ਜੋਗੀ ਕਹਿੰਦਾ ਹੈ ਕਿ)--ਜਗਤ (ਇਕ ਐਸਾ) ਸਮੁੰਦਰ ਕਿਹਾ ਜਾਂਦਾ ਹੈ ਜਿਸ ਨੂੰ ਤਰਨਾ ਔਖਾ ਹੈ । ਹੇ ਵਿਰਕਤ (-ਅਉਧੂ) (ਗੁਰੂ) ਨਾਨਕ ! ਠੀਕ ਵਿਚਾਰ ਦੱਸ ਕਿ (ਇਸ ਸਮੁੰਦਰ ਦਾ) ਪਾਰਲਾ ਕੰਢਾ ਕਿਵੇਂ ਲਭੇ ? ਭਾਵ, ਜੇ ਗ੍ਰਿਹਸਤ ਦਾ ਤਿਆਗ ਕਰਕੇ ਜੰਗਲਾਂ ਪਹਾੜਾਂ ਤੇ ਆ ਕੇ ਭਗਤੀ ਵਿਚ ਲੀਨ ਹੋ ਜਾਣਾ, ਠੀਕ ਮਾਰਗ ਨਹੀ,ਂ ਤਾਂ ਫਿਰ ਠੀਕ ਰਸਤਾ ਤੁਸੀਂ ਹੀ ਦੱਸੋ ? ਤਾਂ ਸਤਿਗੁਰਾਂ ਨੇ ਫ਼ੁਰਮਾਨ ਕੀਤਾ ਕਿ---

੬੮- **ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ ਸਾਗਰੁ ਤਰੀਐ,**
**ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ ॥**
**ਅਗਮੁ ਅਗੋਚਰੁ ਦੇਖਿ ਦਿਖਾਏ, ਨਾਨਕੁ ਤਾ ਕਾ ਦਾਸੋ ॥ ੫ ॥** [੯੩੮]-ਸਿੱਧ ਗੋਸਟ

ਸਤਿਗੁਰਾਂ ਨੇ ਫ਼ੁਰਮਾਨ ਕੀਤਾ ਕਿ, ਜਿਵੇਂ ਪਾਣੀ ਵਿਚ ਉਗਿਆ ਹੋਇਆ ਕੌਲ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ, ਜਿਵੇ ਨਦੀ ਵਿਚ ਤਰਦੀ ਮਰਗ਼ਾਬੀ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਗੁਰੂ ਦੇ ਸ਼ਬਦ-ਗਿਆਨ ਵਿਚ ਸੁਰਤ ਜੋੜ ਕੇ, ਭਾਵ ਗੁਰੂ ਦੀ ਸਿਖਿਆ ਅਨੁਸਾਰ ਜੀਵਨ ਬਣਾ ਕੇ (ਸੰਸਾਰੀ ਮੋਹ ਮਾਇਆ ਤੋਂ ਨਿਰਲੇਪ ਰਹਿ ਕੇ) ਪ੍ਰਭੂ ਨੂੰ ਹਿਰਦੇ ਵਿਚ ਵਸਾਈ ਰੱਖਣ ਨਾਲ ਸੰਸਾਰ-ਸਮੁੰਦਰ ਤਰ ਸਕੀਦਾ ਹੈ । ਹੋਰ ਸਪੱਸ਼ਟ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ, (ਜਿਹੜੇ ਮਨੁੱਖ ਸੰਸਾਰ ਦੀਆਂ) ਆਸਾਂ ਵਲੋਂ ਨਿਰਾਸ ਰਹਿੰਦੇ ਹਨ, ਜਿੰਨ੍ਹਾਂ ਦੇ ਮਨ ਵਿਚ ਇਕ ਪ੍ਰਭੂ ਹੀ ਵੱਸਦਾ ਹੈ (ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਸੰਸਾਰ ਤੋਂ ਲਾਂਭੇ) ਇਕਾਂਤ ਵਿਚ ਹੀ ਵੱਸਦੇ ਹਨ । (ਅਜਿਹੇ ਜੀਵਨ ਵਾਲਾ ਜੋ ਮਨੁੱਖ) ਅਗੰਮ ਤੇ ਅਗੋਚਰ ਪ੍ਰਭੂ ਦਾ ਦਰਸਨ ਕਰ ਕੇ ਹੋਰਨਾਂ ਨੂੰ ਦਰਸਨ ਕਰਾਉਂਦਾ ਹੈ, ਨਾਨਕ ਉਸ ਦਾ ਦਾਸ ਹੈ ।

ਏਸੇ ਹੀ ਸਿਧਾਂਤ ਨੂੰ ਸਤਿਗੁਰਾਂ ਨੇ ਹੋਰ ਬੇਅੰਤ ਗੁਰੂ-ਬਾਣੀ ਸ਼ਬਦਾਂ ਦੁਆਰਾ ਸਮਝਾਇਆ ਹੈ । ਸੋ ਸਤਿਗੁਰੂ ਜੀ ਦੇ ਉਪਦੇਸ਼ ਦੇ ਇਸ ਪੱਖ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਨ ਲਈ ਕੁਝ ਹੋਰ ਸ਼ਬਦਾਂ ਦੀ ਵਿਚਾਰ ਕਰ ਲੈਣੀ ਲਾਹੇਵੰਦ ਰਹੇਗੀ :--

੬੯- **ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ ਧਾਵਤੁ ਧਾਇ ਤਦੇ ਘਰਿ ਆਵੈ**
**ਹਰਿ ਹਰਿ ਸਾਧੂ ਸਰਣਿ ਪਵਈਆ ॥ ੨ ॥ ਧੀਆ ਪੂਤ ਛੋਡਿ ਸੰਨਿਆਸੀ, ਆਸਾ ਆਸ ਮਨਿ ਬਹੁਤੁ ਕਰਈਆ ॥**
**ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥ ੩ ॥ ਉਪਜੀ ਤਰਕ ਦਿਗੰਬਰੁ ਹੋਆ**
**ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥ ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ**
**ਘਰੁ ਲਹੀਆ ॥ ੪ ॥ ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥**
**ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥ ੫ ॥**[੮੩੫]-੪

**ਅਰਥ:**--(ਜਿਹੜਾ ਮਨੁੱਖ ਗ੍ਰਿਹਸਤ ਛੱਡ ਜਾਂਦਾ ਹੈ ਅਤੇ ਜੰਗਲ ਦਾ ਵਾਸੀ ਜਾ ਬਣਦਾ ਹੈ (ਇਸ ਤਰ੍ਹਾਂ ਦਾ ਤਿਆਗ ਕਰਨ ਨਾਲ ਉਸ ਦਾ) ਮਨ ਇੱਕ ਖਿਨ ਵਾਸਤੇ ਵੀ ਨਹੀਂ ਟਿਕ ਸਕਦਾ । ਹੇ ਭਾਈ ! ਇਹ ਭਟਕਦਾ ਮਨ ਭਟਕ ਭਟਕ ਕੇ ਤਦੋਂ ਹੀ ਟਿਕਾਅ ਵਿਚ ਆਉਂਦਾ ਹੈ, ਜਦੋਂ ਮਨੁੱਖ ਹਰੀ (ਦੇ ਭਗਤ) ਸਤਿਗੁਰੂ ਦੀ ਸਰਨ ਵਿਚ ਆਵੇ (ਅਤੇ ਗੁਰੂ ਦੀ ਸਿਖਿਆ ਅਨੁਸਾਰ ਆਪਣਾ ਜੀਵਨ ਬਣਾਏ) **। ੨ ।** (ਜਿਹੜਾ ਮਨੁੱਖ) ਧੀਆਂ ਪੁੱਤਰ (ਪਰਵਾਰ) ਛੱਡ ਕੇ ਸੰਨਿਆਸੀ ਜਾ ਬਣਦਾ ਹੈ (ਉਹ ਤਾਂ ਫਿਰ ਵੀ ਆਪਣੇ) ਮਨ ਵਿਚ ਅਨੇਕਾਂ ਹੀ ਆਸਾਂ ਬਣਾਉਂਦਾ ਰਹਿੰਦਾ ਹੈ (ਇਸ ਤਰ੍ਹਾਂ ਸਹੀ ਆਤਮਕ ਜੀਵਨ ਨੂੰ) ਨਹੀਂ ਸਮਝਦਾ । ਪਰ, ਹਾਂ ! ਗੁਰੂ ਦੇ ਸ਼ਬਦ (-ਗਿਆਨ) ਦੀ ਰਾਹੀਂ ਦੁਨੀਆਂ ਦੀਆਂ ਆਸਾਂ ਤੋਂ ਉਤਾਂਹ ਹੋ ਕੇ ਮਨੁੱਖ ਆਤਮਕ ਆਨੰਦ ਮਾਣਦਾ ਹੈ **। ੩ ।** ਹੇ ਭਾਈ ! (ਕੋਈ ਮਨੁੱਖ ਅਜੇਹਾ ਹੈ ਜਿਸ ਦੇ ਮਨ ਵਿਚ ਦੁਨੀਆਂ ਵਲੋਂ) ਨਫ਼ਰਤ ਪੈਦਾ ਹੋ ਜਾਂਦੀ ਹੈ, ਉਹ ਸਾਧੂ ਬਣ ਜਾਂਦਾ ਹੈ, (ਫਿਰ ਵੀ ਉਸ ਦਾ) ਮਨ ਦਸੀਂ ਪਾਸੀਂ ਦੌੜ ਕੇ ਭਟਕਦਾ ਹੈ, (ਉਹ ਮਨੁੱਖ ਧਰਤੀ ਉੱਤੇ) ਰਟਨ ਕਰਦਾ ਫਿਰਦਾ ਹੈ, (ਉਸ ਦੀ ਮਾਇਆ ਦੀ) ਤ੍ਰਿਸ਼ਨਾ (ਫਿਰ ਵੀ) ਨਹੀਂ ਮਿਟਦੀ । ਗੁਰੂ ਦੀ ਸੰਗਤਿ ਵਿਚ ਮਿਲ ਕੇ ਮਨੁੱਖ ਦਇਆ ਦੇ ਸੋਮੇ ਪਰਮਾਤਮਾ ਨੂੰ ਲੱਭ ਲੈਂਦਾ ਹੈ **। ੪ ।** (ਜੋਗ ਸਾਧਨਾ ਵਿਚ) ਪੁੱਗੇ ਹੋਏ ਜੋਗੀ, ਅਨੇਕਾਂ ਆਸਣ ਸਿੱਖਦੇ ਹਨ, ਪਰ ਉਹ ਵੀ ਆਪਣੇ ਮਨ ਵਿਚ ਕਰਾਮਾਤੀ ਤਾਕਤਾਂ ਤੇ ਨਾਟਕ-ਚੇਟਕ ਹੀ ਮੰਗਦੇ ਰਹਿੰਦੇ ਹਨ (ਜਿਨ੍ਹਾਂ ਨਾਲ ਉਹ ਆਮ ਜਨਤਾ ਉਤੇ ਆਪਣਾ ਪ੍ਰਭਾਵ ਪਾ ਸਕਣ) । (ਉਨ੍ਹਾਂ ਦੇ) ਮਨ ਵਿਚ ਮਾਇਆ ਵਲੋਂ ਤ੍ਰਿਪਤੀ ਨਹੀਂ ਹੁੰਦੀ, ਉਨ੍ਹਾਂ ਨੂੰ ਸੰਤੋਖ ਨਹੀਂ ਪ੍ਰਾਪਤ ਹੁੰਦਾ, ਮਨ ਵਿਚ ਸ਼ਾਂਤੀ ਨਹੀਂ ਆਉਂਦੀ । ਹਾਂ, ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਨਾਮ ਦੀ ਰਾਹੀਂ ਮਨੁੱਖ ਤ੍ਰਿਪਤੀ ਹਾਸਲ ਕਰ ਲੈਂਦਾ ਹੈ । ੫ ।

੭੦- **ਗ੍ਰਿਹੁ ਤਜਿ, ਬਨ ਖੰਡ ਜਾਈਐ, ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ, ਪਾਪੀ ਮਨੁ ਮੰਦਾ ॥ ੧ ॥ ਕਿਉ**
**ਛੂਟਉ, ਕੈਸੇ ਤਰਉ, ਭਵਜਲ ਨਿਧਿ ਭਾਰੀ ॥ ਰਾਖੁ ਰਾਖੁ, ਮੇਰੇ ਬੀਠੁਲਾ ਜਨੁ ਸਰਨਿ ਤੁਮਾਰੀ ॥ ੧ ॥ ਰਹਾਉ ॥**[੮੫੫]-੩

**ਅਰਥ:**--ਜੇ ਗ੍ਰਿਹਸਤ ਤਿਆਗ ਕੇ ਜੰਗਲਾਂ ਵਿਚ ਚਲੇ ਜਾਈਏ, ਤੇ ਗਾਜਰ ਮੂਲੀ ਖਾ ਕੇ ਗੁਜ਼ਾਰਾ ਕਰੀਏ, ਤਾਂ ਵੀ ਪਾਪੀ ਚੰਦਰਾ ਮਨ ਵਿਕਾਰ ਨਹੀਂ ਛੱਡਦਾ **। ੧ ।** ਹੇ ਮੇਰੇ ਪ੍ਰਭੂ ! ਮੈਂ ਤੇਰਾ ਦਾਸ ਤੇਰੀ ਸਰਨ ਆਇਆ ਹਾਂ, ਮੈਨੂੰ (ਇਨ੍ਹਾਂ ਵਿਕਾਰਾਂ ਤੋਂ) ਬਚਾ । ਮੈਂ ਕਿਵੇਂ ਇਨ੍ਹਾਂ ਤੋਂ ਖ਼ਲਾਸੀ ਕਰਾਵਾਂ ? ਇਹ ਸੰਸਾਰ ਬੜਾ ਵੱਡਾ ਸਮੁੰਦਰ ਹੈ, ਮੈਂ ਕਿਵੇਂ ਇਸ ਤੋਂ ਪਾਰ ਲੰਘਾਂ ? । **੧ । ਰਹਾਉ ।**

ਇਨ੍ਹਾਂ ਗੁਰੂ-ਸ਼ਬਦਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰਾਂ ਨੇ ਘਰ-ਘਾਟ ਦਾ ਤਿਆਗ ਕਰ ਦੇਣ ਵਾਲੇ ਅਖੌਤੀ ਉਦਾਸੀ ਨੂੰ ਪਸੰਦ ਨਹੀਂ ਕੀਤਾ । ਗੁਰਮਤਿ ਵਿਚ ਕਿਸ ਤਰ੍ਹਾਂ ਦੇ ਉਦਾਸੀ ਦੀ ਸ਼ਲਾਘਾ ਹੈ ? ਇਹ ਸਮਝ ਸਾਨੂੰ ਹੇਠ ਲਿਖੇ ਗੁਰੂ ਫ਼ੁਰਮਾਨਾਂ ਤੋਂ ਆ ਜਾਵੇਗੀ:--

੭੧- **ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ ਹਰਿ ਸੇਤੀ ਮਨਿ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥ ਜਿਨਾ**
**ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥ ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥ ੪ ॥**[੨੬]-੧-੩੪

**ਅਰਥ:**--ਜੇ ਗੁਰ ਮਿਲ ਪਏ ਤਾਂ ਪਰਮਾਤਮਾ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, (ਨਾਮ ਦੀ ਬਰਕਤਿ ਨਾਲ) ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ, ਮਾਇਆ ਦੀ ਤ੍ਰਿਸ਼ਨਾਂ ਮੁੱਕ ਜਾਂਦੀ ਹੈ, ਮਨੁੱਖ ਦਾ ਮਨ ਪਰਮਾਤਮਾ ਦੀ ਯਾਦ ਨਾਲ ਇੱਕ ਮਿਕ ਹੋਇਆ ਰਹਿੰਦਾ ਹੈ, ਗ੍ਰਿਹਸਤ ਵਿਚ ਰਹਿੰਦਿਆਂ ਹੀ (<u>ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਹੀ</u> ਮਾਇਆ ਵਲੋਂ) ਉਪਰਾਮ ਰਹਿੰਦਾ ਹੈ । ਮੈਂ ਉਨ੍ਹਾਂ ਬੰਦਿਆਂ ਤੋਂ ਵਾਰਨੇ ਜਾਂਦਾ ਹਾਂ ਜਿੰਨ੍ਹਾਂ ਨੂੰ ਪਰਮਾਤਮਾ ਦੇ ਨਾਮ ਦਾ ਸੁਆਦ ਆ ਗਿਆ । ਹੇ ਨਾਨਕ ! ਪਰਮਾਤਮਾ ਦੀ ਮਿਹਰ ਦੀ ਨਜ਼ਰ ਨਾਲ ਹੀ ਪਰਮਾਤਮਾ ਦਾ ਸਦਾ ਥਿਰ ਰਹਿਣ ਵਾਲਾ ਅਤੇ ਸਾਰੇ ਗੁਣਾ ਦਾ ਖ਼ਜ਼ਾਨਾ ਨਾਮ ਪ੍ਰਾਪਤ ਹੁੰਦਾ ਹੈ । ੪ ।

੭੨- **ਊਤਮ ਜਨਮੁ ਸੁਥਾਨਿ ਹੈ ਵਾਸਾ ॥ ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥**

**ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥ ੧ ॥**[੧੨੭]-੨੯-੩੦

**ਅਰਥ:**--ਜਿਹੜੇ ਮਨੁੱਖ ਗੁਰੂ ਦਾ ਆਸਰਾ ਲੈਂਦੇ ਹਨ, ਜਿਹੜੇ ਮਨੁੱਖ (ਸਾਧ-ਸੰਗਤਿ-) ਸ੍ਰੇਸ਼ਟ ਥਾਂ ਵਿਚ ਨਿਵਾਸ ਰੱਖਦੇ ਹਨ, ਉਨ੍ਹਾਂ ਦਾ ਮਨੁੱਖਾ-ਜਨਮ ਸ੍ਰੇਸ਼ਟ ਹੋ ਜਾਂਦਾ ਹੈ (ਸੁਧਰ ਜਾਂਦਾ ਹੈ) । ਉਹ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ (ਮਾਇਆ ਵਲੋਂ) ਨਿਰਲੇਪ ਰਹਿੰਦੇ ਹਨ । ਉਹ ਪਰਮਾਤਮਾ ਦੇ ਪ੍ਰੇਮ ਵਿਚ ਟਿਕੇ ਰਹਿੰਦੇ ਹਨ, ਉਹ ਸਦਾ ਪ੍ਰਭੂ ਦੇ ਨਾਮ ਵਿਚ ਰੰਗੇ ਰਹਿੰਦੇ ਹਨ, ਪ੍ਰਭੂ ਦੇ ਨਾਮ-ਰਸ ਵਿਚ ਉਨਾਂ ਦਾ ਮਨ ਰੱਜਿਆ ਰਹਿੰਦਾ ਹੈ । ੧ ।

੭੩- **ਹਿਰਦੈ ਸੁਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥**
**ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥ ੨ ॥** [੨੩੨]-ਅਸਟ-੭

੭੪- **ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥**
**ਵਿਚੇ ਗ੍ਰਿਹ ਸਦਾ ਰਹੈ ਉਦਾਸੀ, ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥ ੧੦ ॥**[੧੦੭੦]-ਸੋਲਹੇ-੨

**ਅਰਥ:**--ਉਹੀ ਮਨੁੱਖ ਪਰਮਾਤਮਾ ਦੀ ਭਗਤੀ ਵਿਚ ਲੱਗਦਾ ਹੈ, ਜਿਸ ਨੂੰ ਪਰਮਾਤਮਾ ਆਪ ਲਾਉਂਦਾ ਹੈ । ਗੁਰੂ-ਸ਼ਬਦ ਦੀ ਬਰਕਤ ਨਾਲ ਉਸ ਮਨੁੱਖ ਦੀ ਭਟਕਣਾ ਉਸ ਦਾ ਡਰ ਦੂਰ ਹੋ ਜਾਂਦਾ ਹੈ । ਜਿਵੇਂ ਕੌਲ ਫੁੱਲ ਪਾਣੀ ਵਿਚ (ਪਾਣੀ ਤੋਂ) ਨਿਰਲੇਪ ਰਹਿੰਦਾ ਹੈ, ਤਿਵੇਂ ਉਹ ਮਨੁੱਖ ਗ੍ਰਿਹਸਤ ਦੇ ਵਿਚ ਹੀ (ਮਾਇਆ ਤੋਂ) ਸਦਾ ਉਪਰਾਮ ਰਹਿੰਦਾ ਹੈ ।

੭੫- **ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥**
**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ੨ ॥** [੬੬੧]-੨-੪

**ਅਰਥ:**--ਜੇ ਸੱਚ ਨੂੰ (ਭਾਵ, ਸਦਾ ਅਟੱਲ ਹਸਤੀ ਵਾਲੇ ਪ੍ਰਭੂ ਨੂੰ) ਸਿਮਰਿਆ ਜਾਏ ਤਾਂ ਸਹੀ ਜੀਵਨ ਦੀ ਸੂਝ ਪੈ ਜਾਂਦੀ ਹੈ, ਉਸ ' ਪਰਗਾਸ ' ਦੀ ਰਾਹੀਂ (ਮਨੁੱਖ) ਮਾਇਆ ਵਿਚ ਵਰਤਦਾ ਹੋਇਆ ਵੀ, ਨਿਰਲੇਪ ਰਹਿੰਦਾ ਹੈ । ਗੁਰੂ ਦੀ ਸਰਨ ਪੈਣ ਵਿਚ ਅਜੇਹੀ ਖੂਬੀ ਹੈ ਕਿ ਪੁਤ੍ਰ ਇਸਤ੍ਰੀ (ਆਦਿਕ ਪਰਵਾਰ) ਵਿਚ ਰਹਿੰਦਿਆਂ ਹੀ ਉਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ । ੨ ।

ਅਸਾਂ ਵੇਖ ਲਿਆ ਹੈ ਕਿ, ਗੁਰਬਾਣੀ ਦੀ ਵਿਚਾਰ ਕਰਦੇ ਸਮੇਂ ਇਕੋ ਸਿਧਾਂਤ ਵਾਲੇ ਸ਼ਬਦ ਵਿਚਾਰ ਲੈਣ ਤੇ ਗੁਰਮਤਿ ਦੇ ਪੂਰੇ ਸਿਧਾਂਤ ਬਾਰੇ ਕੋਈ ਨਿਰਣਾ ਕਰ ਲੈਣਾ ਵਡੀ ਭੁੱਲ ਹੈ । ਮੌਤ ਬਾਰੇ ਬੇਅੰਤ ਗੁਰੂ ਸ਼ਬਦਾਂ ਤੋਂ ਇਹ ਵਿਚਾਰ ਬਣਾ ਲੈਣਾ ਕਿ ਸੰਸਾਰ ਦਾ ਤਿਆਗ ਗੁਰਮਤਿ ਦੇ ਅਨਕੂਲ ਹੈ, ਗੁਰਮਤਿ ਦੀ ਨਿਰਾਦਰੀ ਹੈ । ਗੁਰਮਤਿ ਵਿਚ ਗ੍ਰਿਹਸਤ ਆਸ਼ਰਮ ਦੀ ਪ੍ਰਧਾਨਗੀ ਹੈ । ਪਰ ਗੁਰੂ ਦਾ ਸਿੱਖ ਨਿਰਬਾਨ-ਗ੍ਰਿਹਸਤੀ ਹੈ । ਮਾਇਆ ਇੱਕਤ੍ਰ ਕਰਨ ਲਈ ਧਰਮ ਨੂੰ ਅਥਵਾ ਉਚੀ ਜੀਵਨ-ਜੁਗਤ ਨੂੰ ਕੁਰਬਾਨ ਨਹੀਂ ਕਰਨਾ । ਸੁਕ੍ਰਿਤ ਕਰਨੀ ਅਤੇ ਪ੍ਰਭੂ ਦੀ ਯਾਦ ਹਿਰਦੇ ਵਿਚ ਟਿਕਾਈ ਰੱਖਣੀ ਗੁਰਸਿੱਖੀ ਦਾ ਨਿਯਮ ਹੈ--**ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥**[੪੬੧] ਬੱਚਿਆਂ ਨੂੰ ਵਾਹਿਗੁਰੂ ਦੀ ਦਾਤ ਸਮਝ ਕੇ ਪਿਆਰਨਾਂ ਅਤੇ ਪਾਲਣਾ ਗੁਰਮਤਿ ਹੈ। ਪਰ ਬਚਿਆਂ ਦੀ ਖਾਤਰ ਕੋਈ ਮੰਦਾ ਕੰਮ ਨਹੀਂ ਕਰਨਾਂ ਹੈ। ਧੀਆਂ ਪੁੱਤਰ, ਅੰਗ-ਸਾਕ ਸਭ ਨੂੰ ਸੰਜੋਗਾ ਦਾ ਮੇਲ ਅਤੇ ਵਾਹਿਗੁਰੂ ਦੀ ਅਮਾਨਤ ਜਾਣਨਾ ਹੈ । ਰਿਹਾਇਸ਼ ਲਈ ਯਥਾ ਸ਼ਕਤ ਮਕਾਨ ਵੀ ਚੰਗਾ ਬਣਾਉਣਾ ਹੈ । ਜੇ ਦਾਤਾਰ ਮਿਹਰਬਾਨ ਹੈ ਤਾਂ ਹੋਰ ਲੋੜਾਂ ਲਈ ਚੰਗੇ ਪਦਾਰਥਾਂ ਨਾਲ ਘਰ ਵਿਚ ਸੁਖ ਦੇ ਸਾਧਨ ਬਣਾ ਲੈਣੇ ਵੀ ਸਿੱਖੀ ਦੇ ਉਲਟ ਨਹੀਂ ਹੈ । ਬੱਚਿਆਂ ਦੀ ਪਾਲਣਾ ਅਤੇ ਉਨ੍ਹਾਂ ਨੂੰ ਯਥਾ ਸ਼ਕਤ ਉੱਚੀ ਤੋਂ ਉੱਚੀ ਵਿਦਿਆ ਦਿਵਾ ਕੇ ਚੰਗੇ ਨਾਗਰਕ ਬਣਾਉਣਾ ਵੀ ਸਿੱਖ ਦਾ ਧਰਮ ਹੈ । ਜੇ ਯੋਗਤਾ ਆ ਜਾਵੇ ਤਾਂ ਰਾਜ ਭਾਗ ਦੇ ਮਾਲਕ ਬਣ ਜਾਣਾ ਵੀ ਸਿੱਖੀ ਧਰਮ ਦੇ ਵਿਰੁਧ ਨਹੀਂ ਹੈ । ਮੋਟਰਾਂ, ਘੋੜਿਆਂ, ਹਾਥੀਆਂ ਦਾ ਮਾਲਕ ਬਣਨਾ ਸਭ ਕੁਝ ਗੁਰੂ ਨਾਨਕ ਦੀ ਸਿੱਖੀ ਦੇ ਅਨਕੂਲ ਹੀ ਹੈ । ਪਰ ਇਸ ਸਾਰੇ ਕੁਝ ਦੀ ਪ੍ਰਾਪਤੀ ਨੂੰ ਹੀ ਆਪਣਾ ਜੀਵਨ ਮਨੋਰਥ ਬਣਾ ਕੇ ਪਰਮਾਤਮਾਂ ਨੂੰ ਵਿਸਾਰ ਦੇਣਾ ਮਨਮੁਖਤਾਈ ਹੈ । ਕਿਸੇ ਦੂਜੇ ਦੇ ਹੱਕ ਦਾ ਇੱਕ ਪੈਸਾ ਵੀ ਖਾਣਾ, ਮੁਰਦਾਰ ਖਾਣ ਤੁੱਲ ਹੈ । ਧੰਨ ਪਦਾਰਥ, ਧੀਆਂ-ਪੁੱਤਰਾਂ ਅਥਵਾ ਸਾਕਸੰਬੰਧੀ ਸਭ ਕੁਝ, ਪ੍ਰਭੂ ਦੀ ਹੀ ਦਾਤ ਹਨ । ਜਿਉਂ ਜਿਉਂ ਇਹ ਦਾਤਾਂ ਮਿਲਣ ਤਿਉਂ ਤਿਉਂ ਮਨ ਦਾਤਾਰ ਦੇ ਸ਼ੁਕਰਾਨੇ ਵਿਚ ਝੁਕਦਾ ਜਾਵੇ, ਅਤੇ ਜਦ ਪ੍ਰਭੂ-ਸ਼ਾਹ ਆਪਣੀ ਕੋਈ ਅਮਾਨਤ ਵਾਪਸ ਲੈ ਲਵੇ ਤਾਂ ਕਿਸੇ ਪ੍ਰਕਾਰ ਦਾ ਰੋਸ ਕਰਨਾ ਅਕਿਰਤਘਣਤਾ ਹੈ । ਸਦਾ ਵਾਹਿਗੁਰੂ ਦੇ ਭਾਣੇ ਵਿਚ ਉਸ ਦਾ ਸ਼ੁਕਰ-ਗੁਜ਼ਾਰ ਰਹਿਣਾ ਹੀ ਫੱਬਦਾ ਹੈ ।

੭੬- **ਅਗਨਤ ਸਾਹੁ ਅਪਨੀ ਦੇ ਰਾਸਿ ॥ ਖਾਤ ਪੀਤ ਬਰਤੈ ਅਨਦ ਉਲਾਸਿ ॥**
**ਅਪਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥ ਅਗਿਆਨੀ ਮਨਿ ਰੋਸੁ ਕਰੇਇ ॥**
**ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥**
**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥**
**ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥ ੨ ॥**
[੨੬੮]ਅਸਟ-੫

੧੨

## ਰੋਣਾ, ਧਾਹਾਂ ਮਾਰਨੀਆਂ ਅਤੇ ਗੁਰਬਾਣੀ

ਗੁਰੂ ਅਮਰਦਾਸ ਸਾਹਿਬ ਜੀ ਦੇ ਪੋਤਰੇ ਬਾਬਾ ਅਨੰਦ ਜੀ ਦੇ ਸਪੁੱਤ੍ਰ ' ਬਾਬਾ ਸੁੰਦਰ ਜੀ ' ਨੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਦਾ ਹਾਲ ਅਤੇ ਗੁਰੂ ਰਾਮਦਾਸ ਜੀ ਨੂੰ ਗੁਰਤਾ-ਗੱਦੀ ਸੌਂਪਣ ਦਾ ਇਤਿਹਾਸ ਲਿਖ ਕੇ, ਗੁਰੂ ਅਰਜਨ ਦੇਵ ਜੀ ਨੂੰ ਦਿੱਤਾ ਸੀ । ਪੰਚਮ ਪਾਤਿਸ਼ਾਹੀ ਜੀ ਨੇ, ਅਨੰਦ ਸਾਹਿਬ ਬਾਣੀ ਤੋਂ ਅੱਗੇ, ਸੁੰਦਰ ਜੀ ਦੀ ਉਸ ਬਾਣੀ ਨੂੰ " ਸਦੁ ' ਭਾਵ, ਅਕਾਲਪੁਰਖ ਵਲੋਂ ਆਇਆ ਸੱਦਾ, ਸਿਰਲੇਖ

ਨਾਲ, ਗੁਰੂ ਗ੍ਰੰਥ ਸਾਹਿਬ ਵਿਚ ਲਿਖ ਦਿੱਤਾ, ਤਾਂ ਜੋ ਅਸੀਂ ਉਸ ਤੋਂ ਸਦੀਵੀ ਸਿਖਿਆ ਲੈਂਦੇ ਰਹੀਏ । ਗੁਰ ਪ੍ਰਤਾਪ ਸੂਰਜ ਦੀ ਰਾਸਿ ੩ ਅੰਸੂ ੩੬ ਵਿਚ ਇਸ ਘਟਨਾਂ ਦਾ ਸੰਕੇਪ ਰੂਪ ਇਉਂ ਲਿਖਿਆ ਹੈ:--

ਸ੍ਰੀ ਗੁਰੁ ਅਮਰਦਾਸ ਜਿਸ ਭਾਂਤੀ । ਗੁਰਤਾ ਤਿਲਕ ਦੀਨਿ ਸੁਖ ਸ਼ਾਂਤੀ ।
ਗੁਰੂ ਭਏ ਜਿਮ ਪਿਤਾ ਹਮਾਰੇ । ਸੋ ਬਨਾਇ ਅਬ ਕਰਹੁ ਉਚਾਰੇ ।
ਸੁਨਿ ਸੁੰਦਰ ਨੇ ' ਸਦੁ ' ਬਨਾਵਾ । ਸ੍ਰੀ ਅਰਜੁਨ ਕੋ ਸਕਲ ਸੁਨਾਵਾ ।
ਹੋਇ ਪ੍ਰਸੰਨ ਸੋ ਲੀਨ ਲਿਖਾਈ । ਕਹਯੋ ਗ੍ਰਿੰਥ ਮੈ ਧਰਹਿ ਬਨਾਈ ।

ਉਸ ਸਦੁ ਬਾਣੀ ਦੀ ਚੌਥੀ ਤੁਕ ਵਿਚ ਲਿਖਿਆ ਹੈ--**ਸਤਿਗੁਰਿ, ਭਾਣੇ ਆਪਣੈ, ਬਹਿ ਪਰਵਾਰੁ ਸਦਾਇਆ ॥ ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥** [੯੨੩] ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਕਿਸੇ ਦੇ ਮਰਨ ਤੇ (ਗਰੁੜ ਪੁਰਾਣ ਤੋਂ ਪਏ ਰਿਵਾਜ ਵਾਲਾ ਬਿੱਪ੍ਰੀ ਢੰਗ ਵਾਲਾ) ਰੋਣਾ ਪਿੱਟਣਾ, ਸਤਿਗੁਰਾਂ ਨੂੰ ਜ਼ਰਾ ਵੀ ਚੰਗਾ ਨਹੀਂ ਲੱਗਦਾ । ਰੋਣ ਬਾਰੇ ਗੁਰਬਾਣੀ ਦੇ ਫ਼ੁਰਮਾਨ ਇਸ ਪ੍ਰਕਾਰ ਹਨ:-

੭੭- **ਜੀਵਣ ਮਰਣਾ ਜਾਇ ਕੈ, ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ**
**ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥ ੨ ॥**[੧੫]-੩

**ਅਰਥ:**--ਜਗਤ ਵਿਚ ਜਨਮ ਲੈ ਕੇ ਜੰਮਣ ਤੋਂ ਮਰਨ ਤਕ ਸਾਰੀ ਉਮਰ (ਮਨੁੱਖ) ਪਦਾਰਥ ਇਕੱਠੇ ਕਰਨ ਦੇ ਆਹਰੇ ਲੱਗਾ ਰਹਿੰਦਾ ਹੈ (ਜਿੰਨ੍ਹਾਂ ਦੀ ਖ਼ਾਤਰ ਇਹ ਦੌੜ-ਭੱਜ ਕਰਦਾ ਹੈ੍, ਉਨ੍ਹਾਂ ਵਿਚੋਂ) ਕੋਈ ਵੀ ਉਸ ਥਾਂ ਤਕ ਸਾਥ ਨਹੀਂ ਨਿਬਾਹੁੰਦਾ ਜਿਥੇ ਇਸ ਨੂੰ (ਸਾਰੀ ਜਿੰਦਗੀ ਵਿਚ ਕੀਤੇ ਕੰਮਾਂ ਦਾ ਲੇਖਾ) ਸਮਝਾਇਆ ਜਾਂਦਾ ਹੈ, (ਇਸ ਦੇ ਮਰਨ ਪਿਛੋਂ) ਇਸ ਨੂੰ ਰੋਣ ਵਾਲੇ ਸਾਰੇ ਹੀ ਸੰਬੰਧੀ (ਇਸ ਦੇ ਭਾ ਦੀਆਂ), ਪਰਾਲੀ ਦੀਆਂ ਪੰਡਾਂ ਪਏ ਬੰਨ੍ਹ ਰਹੇ ਹੁੰਦੇ ਹਨ (ਕਿਉਂਕਿ ਮਰਨ ਵਾਲੇ ਨੂੰ ਕੋਈ ਲਾਭ ਨਹੀਂ ਹੁੰਦਾ) । ੨ ।

੭੮- **ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ ਕਉ ਕਉਣੁ ਰੋਈ ॥ ੩ ॥**
**ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ ॥ ੪ ॥**[੪੧੮]-੧੩

**ਅਰਥ:**--(ਹੇ ਭਾਈ ! ਕਿਸੇ ਸੰਬੰਧੀ ਦੇ ਮਰਨ ਤੇ) ਕਿਉਂ ਵਿਅਰਥ ' ਹਾਇ ! ਹਾਇ ! ' ਕਰਦੇ ਹੋ । ਸਦਾ ਰਹਿਣ ਵਾਲਾ ਤਾਂ ਕੇਵਲ ਪਰਮਾਤਮਾ ਹੀ ਹੈ । (ਅੱਜ) ਤੁਸੀਂ (ਆਪਣੇ) ਉਸ ਮਰਨ ਵਾਲੇ ਸੰਬੰਧੀ ਦੇ ਮਰਨ ਤੇ ਰੋਂਦੇ ਹੋ, (ਮਰਨਾ ਤੁਸਾਂ ਵੀ ਹੈ) ਤੁਹਾਨੂੰ ਕਿਸੇ ਹੋਰ ਨੇ ਰੋਣਾ ਹੈ । (ਜਿਸ ਨੂੰ ਤੁਸੀਂ ਰੋਂਦੇ ਹੋਂ ਉਸ ਨੂੰ ਤੁਹਾਡੇ ਰੋਣ ਦਾ ਕੋਈ ਨਾ ਪਤਾ ਹੈ ਅਤੇ ਤਾਂ ਉਸ ਨੂੰ ਕੋਈ ਲਾਭ ਹੈ, ਏਵੇਂ ਹੀ ਤੁਹਾਡੇ ਮਰਨ ਤੇ ਕਿਸੇ ਦੇ ਰੋਣ ਦਾ ਤੁਹਾਨੂੰ ਕੋਈ ਲਾਭ ਨਹੀਂ ਹੋਣਾ । ਮੌਤ ਦੇ ਸਮੇ ਨੂੰ ਯਾਦ ਕਰੋ ਅਤੇ ਸਦਾ ਥਿਰ ਪ੍ਰਭੂ ਨਾਲ ਪੱਕੀ ਸਾਂਝ ਬਣਾਉ) । ੩ । ਤੁਸੀਂ (ਕਿਸੇ ਦੇ ਮਰਨ ਤੇ ਰੋਣ ਦਾ) ਵਿਆਰਥ ਪਿੱਟਣਾ ਪਿੱਟਦੇ ਹੋ, ਵਿਆਰਥ ਕੰਮ ਕਰਦੇ ਹੋ । ਜਿਹੜਾ ਮਰ ਗਿਆ ਹੈ, ਉਹ ਤਾਂ ਤੁਹਾਡਾ ਰੋਣਾ ਬਿਲਕੁਲ ਨਹੀਂ ਸੁਣਦਾ । ਤਸੀਂ (ਲੋਕਾ ਚਾਰੀ) ਸਿਰਫ਼ ਲੋਕਾਂ ਨੂੰ ਹੀ ਸੁਣਾ ਰਹੇ ਹੋ । ੪ ।

੭੯- **ਰੇ ਮਨ ਤੇਰੋ ਕੋਇ ਨਹੀ, ਖਿੰਚਿ ਲੇਇ ਜਿਨਿ ਭਾਰੁ ॥ ਬਿਰਖ ਬਸੇਰੋ ਪੰਖਿ ਕੋ, ਤੈਸੋ ਇਹੁ ਸੰਸਾਰੁ ॥**
**ਰਾਮ ਰਸੁ ਪੀਆ ਰੇ ॥ ਜਿਹ ਰਸ, ਬਿਸਰਿ ਗਏ ਰਸ ਅਉਰ ॥ ੧ ॥ ਰਹਾਉ ॥ ਅਉਰ ਮੁਏ ਕਿਆ**
**ਰੋਈਐ, ਜਉ ਆਪਾ ਥਿਰੁ ਨ ਰਹਾਇ ॥ ਜੋ ਉਪਜੈ ਸੋ ਬਿਨਸਿ ਹੈ, ਦੁਖੁ ਕਰਿ ਰੋਵੈ ਬਲਾਇ ॥ ੨ ॥**[੩੩੭]-੨-੧੩-੬੪

**ਅਰਥ:**--ਹੇ ਮੇਰੇ ਮਨ ! (ਅੰਤ ਨੂੰ) ਤੇਰਾ ਕੋਈ (ਸਾਥੀ) ਨਹੀਂ ਬਣੇਗਾ, ਮਤਾਂ (ਹੋਰਨਾਂ ਸੰਬੰਧੀਆਂ ਦਾ) ਭਾਰ ਖਿੱਚ ਕੇ (ਆਪਣੇ ਸਿਰ ਤੇ) ਲੈ ਲਏਂ (ਭਾਵ, ਮਤਾਂ ਕਿਤੇ ਸੰਬੰਧੀਆਂ ਦੀ ਖ਼ਾਤਰ ਪਰਪੰਚ ਕਰ ਕੇ ਪਰਾਇਆ ਧਨ ਲਿਆਉਣਾ ਸ਼ੁਰੂ ਕਰ ਦੇਵੇਂ) । ਜਿਵੇਂ ਪੰਛੀਆਂ ਦਾ ਰੁੱਖਾਂ ਤੇ ਬਸੇਰਾ ਹੁੰਦਾ ਹੈ ਇਸ ਤ੍ਰਾਂ ਇਹ ਜਗਤ (ਦਾ ਵਾਸਾ) ਹੈ **। ੧ ।** ਹੇ ਭਾਈ ! (ਗੁਰਮੁਖ) ਪਰਮਾਤਮਾ ਦੇ ਨਾਮ ਦਾ ਰਸ ਪੀਂਦੇ ਹਨ ਅਤੇ ਉਸ ਰਸ ਦੀ ਬਰਕਤ ਨਾਲ ਹੋਰ ਸਾਰੇ ਚਸਕੇ (ਉਨ੍ਹਾਂ ਨੂੰ) ਵਿੱਸਰ ਜਾਂਦੇ ਹਨ **। ੧ । ਰਹਾਉ ।** ਕਿਸੇ ਹੋਰ ਦੇ ਮਰਨ ਤੇ ਰੋਣ ਦਾ ਕੀ ਅਰਥ, ਜਦੋਂ ਸਾਡਾ ਆਪਣਾ ਆਪ ਹੀ ਸਦਾ ਟਿਕਿਆ ਨਹੀਂ ਰਹੇਗਾ ? (ਇਹ ਅਟੱਲ ਨਿਯਮ ਹੈ ਕਿ) ਜੋ ਜੋ ਜੀਵ ਜੰਮਦਾ ਹੈ ਉਹ ਨਾਸ ਹੋ ਜਾਂਦਾ ਹੈ ( ਕਿਸੇ ਦੇ ਮਰਨ ਤੇ) ਦੁਖੀ ਹੋ ਹੋ ਕੇ ਰੋਣਾ ਵਿਅਰਥ ਹੈ **। ੨ ।**

੮੦- **ਬਾਲਕੁ ਮਰੈ, ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥ ਜਿਸ ਕਾ ਸਾ ਸੋ ਤਿਨ ਹੀ**
**ਲੀਆ ਭੂਲਾ ਰੋਵਣਹਾਰਾ ਹੇ ॥ ੭ ॥ ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥**
**ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥ ੮ ॥ ਕਾਲੀ ਹੂ ਫੁਨਿ ਧਉਲੇ ਆਏ ॥**
**ਵਿਣੁ ਨਾਵੈ ਗਥੁ ਗਇਆ ਗਵਾਏ ॥ ਗੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥ ੯ ॥**[੧੦੨੭]ਸੋਲ-੧-੭

**ਅਰਥ:**--(ਵੇਖੋ ਮਾਇਆ ਦੇ ਮੋਹ ਦਾ ਪ੍ਰਭਾਵ ! ਜਦੋਂ ਕਿਸੇ ਦੇ ਘਰ ਕੋਈ) ਬਾਲਕ ਮਰਦਾ ਹੈ, ਤਾਂ (ਮਾਂ ਪਿਉ ਭੈਣ ਭਰਾ ਆਦਿਕ ਸੰਬੰਧੀ) ਉਸ ਬਾਲਕ ਦੀਆਂ ਪਿਆਰ-ਭਰੀਆਂ ਖੇਡਾਂ ਚੇਤੇ ਕਰਦੇ ਹਨ, ਤੇ ਇਹ ਆਖ ਆਖ ਕੇ ਰੋਂਦੇ ਹਨ ਕਿ ਬਾਲਕ ਬੜਾ ਹਸ-ਮੁਖ (-ਰੰਗੀਲਾ) ਸੀ । ਜਿਸ ਪ੍ਰਭੂ ਦਾ ਭੇਜਿਆ ਹੋਇਆ ਉਹ ਬਾਲਕ ਸੀ ਉਸ ਨੇ ਉਹ ਵਾਪਸ ਲੈ ਲਿਆ (ਉਸ ਨੂੰ ਯਾਦ ਕਰ ਕਰ ਕੇ) ਰੋਣ ਵਾਲਾ (ਮਾਇਆ ਦੇ ਮੋਹ ਵਿਚ ਫਸ ਕੇ ਜੀਵਨ ਰਾਹ ਤੋਂ) ਖੁੰਝ ਜਾਂਦਾ ਹੈ **। ੭ ।** ਜਦੋਂ ਕੋਈ ਭਰ-ਜਵਾਨੀ ਵੇਲੇ ਮਰ ਜਾਂਦੇ ਹਨ ਤਦੋਂ ਵੀ ਕੀ ਕੀਤਾ ਜਾ ਸਕਦਾ ਹੈ ? ਇਹ ਆਖ ਕੇ ਰੋਵੀਦਾ ਹੈ ਕਿ ਉਹ ਮੇਰਾ (ਪਿਆਰਾ) ਸੀ । (ਜਿਹੜੇ ਰੋਂਦੇ ਵੀ ਹਨ ਉਹ ਵੀ ਆਪਣੀ ਥੁੜਾਂ ਚੇਤੇ ਕਰ ਕਰ ਕੇ) ਮਾਇਆ ਦੀ ਖ਼ਾਤਰ ਰੋ ਰੋ ਕੇ ਦੁਖੀ ਹੁੰਦੇ ਹਨ । ਜਗਤ ਵਿਚ ਅਜੇਹਾ ਜੀਵਨ ਫਿਟਕਾਰ ਜੋਗ ਹੋ ਜਾਂਦਾ ਹੈ **। ੮ ।** (ਜਵਾਨੀ ਲੰਘ ਜਾਂਦੀ ਹੈ) ਕਾਲੇ ਕੇਸਾਂ ਤੋਂ ਫਿਰ ਧੌਲੇ ਆ ਜਾਂਦੇ ਹਨ, (ਇਸ ਉਮਰ ਤੱਕ ਵੀ ) ਪ੍ਰਭੂ ਦੇ ਨਾਮ ਤੋਂ ਖੁੰਝਿਆ ਰਹਿ ਕਰ ਮਨੁੱਖ ਆਪਣਾ ਆਤਮਕ ਜੀਵਨ ਦਾ ਸਰਮਾਇਆ ਗਵਾਈ ਜਾਂਦਾ ਹੈ । ਭੈੜੀ ਮੱਤ ਲੱਗ ਕੇ ਮਾਇਆ ਦੇ ਮੋਹ ਵਿਚ ਅੰਨ੍ਹਾਂ ਹੋਇਆ ਜੀਵ, ਆਤਮਕ ਮੌਤ ਸਹੇੜ ਕੇ ਆਤਮਕ ਮੌਤੇ ਮਰਦਾ ਰਹਿੰਦਾ ਹੈ । ਮਾਇਆ ਦਾ ਠੱਗਿਆ ਹੋਇਆ ਮਾਇਆ ਦੀ ਖ਼ਾਤਰ ਰੋ ਰੋ ਕੇ ਪੁਕਾਰਦਾ ਹੈ (ਉਸ ਉਮਰ ਤਕ ਵੀ ਮਾਇਆ ਦੇ ਰੋਣੇ ਰੋਂਦਾ ਰਹਿੰਦਾ ਹੈ) । ੯ ।

ਕਿਸੇ ਪਿਆਰੇ ਦੀ ਮੋਤ ਤੇ ਅਖੰਡਪਾਠ ਜਾਂ ਸਹਿਜਪਾਠ ਰਖਾਉਣਾ ਦਾ ਮੰਤਵ ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ:-

੮੧- **ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ**
**ਸੰਮ੍ਾਲੇਹਾਂ ॥ ਸਾਹਿਬੁ ਸੰਮ੍ਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥ ਜਿਸ ਕਾ ਕੀਆ**
**ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ**
**ਕਿ ਹੁਕਮੁ ਕਰੇਹਾ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥ ੧ ॥**[੫੭੯]-੨

**ਅਰਥ:**--ਹੇ ਸਹੇਲੀਓ ! (ਹੇ ਸਤਸੰਗੀ ਸੱਜਣੋ !) ਆਓ, ਰਲ ਕੇ ਬੈਠੀਏ ਅਤੇ ਪਰਮਾਤਮਾ ਦਾ ਸਦਾ ਥਿਰ ਰਹਿਣ ਵਾਲਾ ਨਾਮ ਸਿਮਰੀਏ । ਆਓ, ਪ੍ਰਭੂ ਤੋਂ ਆਪਣੇ ਵਿਛੋੜੇ ਦਾ ਮੁੜ ਮੁੜ ਅਫ਼ਸੋਸ ਨਾਲ ਚੇਤਾ ਕਰੀਏ, ਤੇ, (ਉਹ ਵਿਛੋੜਾ ਦੂਰ ਕਰਨ ਲਈ) ਮਾਲਕ-ਪ੍ਰਭੂ ਨੂੰ ਯਾਦ ਕਰੀਏ , ਆਓ, ਅਸੀ ਮਾਲਕ ਨੂੰ ਹਿਰਦੇ ਵਿਚ ਵਸਾਈਏ, ਤੇ ਉਸ ਰਸਤੇ ਨੂੰ ਤੱਕੀਏ (ਜਿਸ ਰਸਤੇ ਸਭ ਜਾ ਰਹੇ ਹਨ) । ਅਸਾਂ ਵੀ (ਆਖ਼ਰ) ਉਸ ਪਰਲੋਕ ਵਿਚ ਜਾਣਾ ਹੈ (ਜਿਥੇ ਅਨੇਕਾਂ ਜਾ ਚੁੱਕੇ ਹਨ) । (ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ) ਜਿਸ ਪ੍ਰਭੂ ਦਾ ਇਹ ਪੈਦਾ ਕੀਤਾ ਹੋਇਆ ਸੀ, ਉਸੇ ਨੇ ਜਿੰਦ ਵਾਪਸ ਲੈ ਲਈ ਹੈ, ਉਸੇ ਦੀ ਰਜ਼ਾ ਹੋਈ ਹੈ । ਇਥੇ ਜਗਤ ਵਿਚ ਜੀਵ ਨੇ ਜੋ ਕੁਝ ਕੀਤਾ, (ਮਰਨ ਤੇ) ਉਸ ਦੇ ਅੱਗੇ ਆ ਜਾਂਦਾ ਹੈ । (ਇਸ ਰੱਬੀ ਨਿਯਮ ਅੱਗੇ) ਸਾਡਾ ਕੋਈ ਜ਼ੋਰ ਨਹੀਂ ਚੜ੍ਹ ਸਕਦਾ । (ਇਸ ਵਾਸਤੇ) ਹੇ ਸਹੇਲੀਓ ! ਆਓ, ਰਲ ਕੇ ਬੈਠੀਏ ਤੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰੀਏ । ੧ ।

ਗੁਰੂ ਨਾਨਕ ਦੇਵ ਜੀ ਅਸਲ ਜੀਵਨ-ਤਤ ਵੱਲ ਝਾਤੀ ਮਰਵਾ ਕੇ ਰੋਣ ਵਾਲਿਆਂ ਦੇ ਅੰਦਰ ਦੀ ਸਹੀ ਹਲਤ ਦੱਸਦੇ ਹੋਏ ਵਡਮੁੱਲਾ ਉਪੋਦੇਸ਼ ਦੇਣ ਲਈ, ਫ਼ੁਰਮਾਨ ਕਰਦੇ ਹਨ:--

੮੨- **ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥ ੧ ॥ ਕਉਣੁ ਮਰੈ ਕਉਣੁ ਰੋਵੈ ਓਹੀ ॥ ਕਰਣ ਕਾਰਣ ਸਭਸੈ ਸਿਰਿ ਤੋਹੀ ॥ ੧ ॥ ਰਹਾਉ ॥ ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥ ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥ ੨ ॥**[੪੧੩]-੪

**ਅਰਥ:**--ਇਕ (ਪ੍ਰਾਣੀ) ਮਰਦਾ ਹੈ ਉਸ ਦੇ ਸਾਕ ਸੰਬੰਧੀ ਮਿਲ ਕੇ ਰੋਂਦੇ ਹਨ, ਇਹ ਖੁੰਝ ਕੇ (ਕਿ ਪਰਮਾਤਮਾ ਤੋਂ ਬਿਨਾ ਕੋਈ ਹੋਰ ਓਪਰਾ ਹੈ ਹੀ ਨਹੀਂ, ਰੋਣ ਵਾਲੇ ਉਸ ਪਰਮਾਤਮਾ ਦੀ ਨਜ਼ਰ ਵਿਚ ਆਪਣੀ) ਸਾਰੀ ਇਜ਼ੱਤ ਗਵਾ ਲੈਂਦੇ ਹਨ । ਪਰ ਜੇਹੜੇ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਮੋਹ ਦੀ ਮੈਲ ਆਪਣੇ ਮਨ ਤੋਂ ਧੋ ਲੈਂਦੇ ਹਨ, ਉਨ੍ਹਾਂ ਦੀ ਸਾਰੀ ਹਉਮੈ ਦੂਰ ਹੋ ਜਾਂਦੀ ਹੈ, ਉਹ ਇਹ ਸਮਝ ਕੇ (ਕਿ ਸਭ ਵਿਚ ਪ੍ਰਭੂ ਦੀ ਹੀ ਜੋਤਿ ਹੈ ਕਿਸੇ ਸੰਬੰਧੀ ਦਾ ਸਰੀਰ ਨਾਸ ਹੋਣ ਤੇ) ਅਡੋਲ ਆਤਮਕ ਅਵਸਥਾ ਵਿਚ ਟਿਕੇ ਰਹਿੰਦੇ ਹਨ **। ੧ ।** ਹੇ ਸਾਰੇ ਜਗਤ ਦੇ ਕਰਤਾ ! ਹੇ ਪ੍ਰਭੂ ! ਹਰੇਕ ਜੀਵ ਦੇ ਸਿਰ ਉਤੇ ਤੂੰ ਆਪ ਹੀ ਹੈਂ । ਨਾ ਕੋਈ ਮਰਦਾ ਹੈ, ਤੇ ਨਾ ਕੋਈ (ਮਰੇ ਨੂੰ) 'ਉਹ ' 'ਉਹ ' ਆਖ ਕੇ ਰੋਂਦਾ ਹੈ (ਸਰਬ ਵਿਆਪੀ ਹੋਣ ਕਰਕੇ, ਪ੍ਰਭੂ ਮਰਦਾ ਵੀ ਆਪ ਹੀ ਹੈ ਅਤੇ ਰੋਣ ਵਾਲਿਆਂ ਵਿਚ ਵੀ ਉਹ ਆਪ ਹੀ ਹੈ) **। ੧ । ਰਹਾਉ ।** ਜੇ ਕੋਈ ਮੁਏ ਨੂੰ ਰੋਂਦਾ ਹੈ ਉਹ (ਅਸਲ ਵਿਚ ਆਪਣਾ) ਦੁੱਖ-ਔਖ ਫਰੋਲਦਾ ਹੈ, ਉਹ ਹੀ ਰੋਂਦਾ ਹੈ ਜਿਸ ਨੂੰ (ਕਿਸੇ ਦੇ ਮਰਨ ਤੇ ਕੋਈ) ਬਿਪਤਾ ਆ ਵਾਪਰਦੀ ਹੈ । ਪਰ ਜਿਸ ਜੀਵ ਉੱਤੇ (ਮੌਤ ਦੀ ਘਟਨਾ) ਵਰਤਦੀ ਹੈ, ਉਹ ਪ੍ਰਭੂ ਦੀ ਇਹ ਰਜ਼ਾ ਸਮਝ ਲੈਂਦਾ ਹੈ ਕਿ ਉਹੀ ਕੁਝ ਹੋ ਰਿਹਾ ਹੈ ਜੋ ਕਰਤਾਰ ਆਪ ਕਰਦਾ ਹੈ । ੨ ।

ਕਿਸੇ ਦੀ ਮੌਤ ਤੇ ਰੋਣ ਵਾਲਿਆਂ ਦੇ ਅੰਦਰ ਦੀ ਇੱਕ ਹੋਰ ਅਸਲੀ ਤਸਵੀਰ--

੮੩- **ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ ॥ ੧ ॥ ਕੋ ਮੂਆ ਕਾ ਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥ ੧ ॥ ਰਹਾਉ ॥**[੩੮੯]-੨੪-੭੫

**ਅਰਥ:**--ਜਿਥੇ ਕੋਈ ਮਰਦਾ ਹੈ ਤੇ ਉਸ ਨੂੰ ਕੋਈ ਸੰਬੰਧੀ ਰੋਂਦਾ ਹੈ ਉਹ) ਰੋਣ ਵਾਲਾ ਵੀ (ਆਪਣੇ ਦੁੱਖਾਂ ਨੂੰ ਰੋਂਦਾ ਹੈ ਤੇ ਇਸ ਤਰ੍ਹਾਂ ਉਹ, ਲੋਕ-ਵਿਖਾਵੇ ਵਾਲਾ) ਝੂਠਾ ਰੋਣ ਹੀ ਰੋਂਦਾ ਹੈ । ਜਿਹੜਾ ਕੋਈ ਓਪਰਾ ਮਨੁੱਖ (ਉਸ ਦੇ ਮਰਨ ਤੇ ਅਫ਼ਸੋਸ ਕਰਨ ਆਉਂਦਾ ਹੈ ਉਹ ਹੱਸ ਹੱਸ ਕੇ ਅਫ਼ਸੋਸ ਕਰਦਾ ਹੈ (ਭਾਵ, ਉਸ ਨੂੰ ਅੰਦਰੋਂ ਕੋਈ ਹਮਦਰਦੀ ਨਹੀਂ ਹੁੰਦੀ, ਫੋਕੀ ਲੋਕ-ਲਾਜ ਹੀ ਸਾਰੇ ਪਖੰਡ ਕਰਾ ਰਹੀ ਹੁੰਦੀ ਹੈ) **। ੧ ।** (ਹੇ ਭਾਈ ! ਜਗਤ ਵਿਚ ਸੁਖ ਦੁਖ ਦਾ ਚੱਕਰ ਚਲਦਾ ਹੀ ਰਹਿੰਦਾ ਹੈ, ਜਿੱਥੇ ਕੋਈ ਮਰਦਾ ਹੈ (ਉੱਥੇ ਰੋਣ-ਪਿਟੱਣ ਹੋ ਰਿਹਾ ਹੈ), ਤੇ ਕਿਸੇ ਦੇ ਘਰ ਵਿਚ (ਕਿਸੇ ਖ਼ੁਸ਼ੀ ਆਦਿਕ ਦੇ ਕਾਰਨ) ਗਾਉਣ ਹੋ ਰਿਹਾ ਹੈ । ਕੋਈ ਰੋਂਦਾ ਹੈ ਕੋਈ ਹੱਸ ਹੱਸ ਪੈਂਦਾ ਹੈ । ੧ । ਰਹਾਉ ।

ਪ੍ਰਾਣੀ ਦੇ ਚਲਾਣੇ ਉਪ੍ਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਅਰੰਭ ਕਰਨ ਦੀ ਲੋੜ ਬਾਰੇ ਕੀਤੀ ਵਿਚਾਰ ਸਮੇ ਲਿਖਿਆ ਸੀ ਕਿ, ਸੰਬੰਧੀ ਦੇ ਵਿਛੋੜੇ ਕਾਰਨ ਦ੍ਰਵੇ ਹੋਏ ਮਨ ਵਿਚ ਪ੍ਰਭੂ ਦਾ ਪਿਆਰ ਪੈਦਾ ਹੋ ਜਾਣਾ ਪਿਛਲੇ ਸੰਬੰਧੀਆਂ ਦੇ ਵਡੇ ਭਾਗਾਂ ਦਾ ਕਾਰਨ ਬਣਦਾ ਹੈ । ਮਰੇ ਪ੍ਰਾਣੀ ਨਮਿਤ ਕਿਸੇ ਧਰਮ ਕਰਮ ਦਾ ਪ੍ਰਾਣੀ ਨੂੰ ਕੋਈ ਲਾਭ ਨਹੀਂ । ਗੁਰੂ ਨਾਨਕ ਨਿਰੰਕਾਰੀ ਜੀ ਅਲਾਹਣੀਆਂ ਬਾਣੀ ਵਿਚ, ਮਰੇ ਧੀ ਪੁੱਤਰ ਅਥਵਾ ਸੰਬੰਧੀ ਦੇ ਪਿਆਰ ਵਿਚ ਰੋਣ ਵਾਲਿਆਂ ਨੂੰ ਏਹੀ ਸਿਖਿਆ ਦਿੰਦੇ ਹੋਏ ਫ਼ੁਰਾਮਨ ਕਰਦੇ ਹਨ:--

੮੪- **ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥ ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥ ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ੪ ॥**[੫੭੯]-੧

**ਅਰਥ:**--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ--(ਕਿ ਵਿਛੁੜੇ ਸੰਬੰਧੀਆਂ ਦੀ ਮੌਤ ਤੇ ਤਾਂ ਹਰ ਕੋਈ ਵੈਰਾਗ ਵਿਚ ਆ ਜਾਂਦਾ ਹੈ, ਪਰ ਇਹ ਵੈਰਾਗ ਕਿਸੇ ਅਰਥ ਨਹੀਂ) ਹੇ ਭਾਈ ! (-ਬਾਬਾ !) ਉਸੇ ਮਨੁੱਖ ਨੂੰ ਸਹੀ ਵੈਰਾਗ ਵਿਚ ਆਇਆ ਜਾਣੋ, ਜੋ ਪਿਆਰ ਨਾਲ (ਪਰਮਾਤਮਾ ਦੇ ਮਿਲਾਪ ਦੀ ਖ਼ਾਤਰ) ਵੈਰਾਗ ਵਿਚ ਆਉਂਦਾ ਹੈ । ਦੁਨੀਆ ਦੇ ਪਦਾਰਥਾਂ (-ਵਾਲੇਵੇ) ਦੀ ਖ਼ਾਤਰ ਜੋ ਰੋਵੀਦਾ ਹੈ ਉਹ ਰੋਣਾ ਸਾਰਾ ਹੀ ਵਿਅਰਥ ਜਾਂਦਾ ਹੈ । ਪਰਮਾਤਮਾਂ ਵਲੋਂ ਭੁੱਲਾ ਹੋਇਆ ਜਗਤ ਮਾਇਆ ਦੀ ਖ਼ਾਤਰ ਰੋਂਦਾ ਹੈ ਇਹ ਸਾਰਾ ਰੋਣਾ ਵਿਅਰਥ ਹੈ । (ਇਸ ਰੋਣ ਨਾਲ) ਮਨੁੱਖ ਨੂੰ ਚੰਗੇ ਮੰਦੇ ਕੰਮ ਦੀ ਪਛਾਣ ਨਹੀਂ ਆਉਂਦੀ, (ਮਾਇਆ ਦੀ ਖ਼ਾਤਰ ਰੋ ਰੋ ਕੇ) ਇਸ ਸਰੀਰ ਨੂੰ ਵਿਅਰਥ ਹੀ ਨਾਸ ਕਰ ਲੈਂਦਾ ਹੈ । ਹੇ ਭਾਈ ! ਹਰੇਕ ਜੀਵ ਜੋ ਜਗਤ ਵਿਚ (ਜਨਮ ਲੈ ਕੇ) ਆਇਆ ਹੈ (ਆਪਣਾ ਸਮਾ ਮੁਕਾ ਕੇ) ਚਲਾ ਜਾਇਗਾ, ਨਾਸਵੰਤ ਜਗਤ ਦੇ ਮੋਹ ਵਿਚ ਫ਼ਸ ਕੇ (ਵਿਅਰਥ) ਮਾਣ ਕਰਦੇ ਹੋ । ਅੰਤ ਵਿਚ ਗੁਰੂ ਨਾਨਕ ਦੇਵ ਜੀ ਦੋਬਾਰਾ ਫ਼ੁਰਮਾਨ ਕਰਦੇ ਹਨ ਕਿ, ਹੇ ਭਾਈ ! (-ਬਾਬਾ !) ਉਸੇ ਮਨੁੱਖ ਨੂੰ ਸਹੀ ਵੈਰਾਗ ਵਿਚ ਆਇਆ ਸਮਝੋ ਜੋ (ਪਰਮਾਤਮਾ ਦੇ ਮਿਲਾਪ ਦੀ ਖ਼ਾਤਰ) ਪਿਆਰ ਨਾਲ ਵੈਰਾਗ ਵਿਚ ਆਉਂਦਾ ਹੈ । ੪ ।

੮੫- **ਮੁਇਆ ਕਉ ਕਿਆ ਰੋਵਹੁ ਰੋਇ ਨ ਜਾਣਹੁ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ ॥ ੩ ॥**[੪੧੮]-੧੬

**ਅਰਥ:**--ਹੇ ਭਾਈ ! ਤੁਸੀਂ ਸੰਬੰਧੀਆਂ ਨੂੰ ਰੋਂਦੇ ਹੋ (ਉਨ੍ਹਾਂ ਦੀ ਖ਼ਾਤਰ ਵੈਰਾਗ ਕਰਦੇ ਹੋ) ਇਹ ਵਿਅਰਥ ਕੰਮ ਹੈ । ਅਸਲ ਵਿਚ ਤੁਹਾਨੂੰ ਵੈਰਾਗ ਵਿਚ ਆਉਣ ਦੀ ਜਾਚ ਨਹੀਂ ।ਪਰਮਾਤਮਾ ਦੀ ਸਿਫ਼ਤ ਸਾਲਾਹ ਕਰੋ, (ਇਹ ਗੱਲ) ਸਮਝੋ (ਕਿ ਜੰਮਣਾ ਮਰਨਾ) ਪਰਮਾਤਮਾ ਦਾ ਹੁਕਮ ਹੈ । (ਇਸ ਤਰ੍ਹਾਂ ਦੁਨੀਆਂ ਵਲੋਂ) ਵੈਰਾਗ ਕਰਨ ਦੀ ਜਾਚ ਸਿੱਖੋ । ੩ ।

੮੬- **ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥**
**ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ ੧੬ ॥** [੧੩੬੫]

## ਰੋਣ ਦਾ ਹੋਰ ਅਰਥ ?

ਗੁਰੂਬਾਣੀ ਸਿਧਾਂਤ ਦੀ ਵੱਧ ਤੋਂ ਵੱਧ ਜਾਣਕਾਰੀ ਦੀ ਭੁੱਖ ਵਾਲੇ ਗੁਰਮੁਖਾਂ ਦੀ ਇਛਿਆ ਦੇ ਸਤਿਕਾਰ ਹਿਤ ਉਹ ਗੁਰਬਾਣੀ ਫੁਰਮਾਨ ਵੀ ਲਿਖਦੇ ਹਾਂ, ਜਿਹੜੇ ਕਿਸੇ ਪ੍ਰਾਣੀ ਦੀ ਮੌਤ ਨਾਲ ਸੰਬੰਧਤ ਨਹੀਂ ਹਨ, ਸਗੋਂ, ਜਿਨ੍ਹਾਂ ਵਿਚ ਪਛਤਾਵੇ ਆਦਿ ਕਾਰਨ ਦੁਖੀ ਹੋਣ ਦੇ ਅਰਥਾਂ ਵਿਚ ' ਰੋਣਾ ' ਪਦ 'ਵਰਤਿਆ ਹੈ:--

੮੭- **ਬਾਬਾ, ਬੋਲੀਐ ਪਤਿ ਹੋਇ ॥ ਊਤਮ ਸੇ, ਦਰਿ ਊਤਮ ਕਹੀਅਹਿ, ਨੀਚ ਕਰਮ ਬਹਿ <u>ਰੋਇ</u> ॥੧॥ ਰਹਾਉ ॥** [੧੫]-੪

੮੮- **ਖੇਹੂ ਖੇਹ ਰਲਾਈਐ , ਤਾ ਜੀਉ ਕੇਹਾ ਹੋਇ ॥ ਜਲੀਆ ਸਭਿ ਸਿਆਣਪਾ ਉਠੀ**
**ਚਲਿਆ <u>ਰੋਇ</u> ॥ ਨਾਨਕ ਨਾਮਿ ਵਿਸਾਰਿਐ, ਦਰਿ ਗਇਆ ਕਿਆ ਹੋਇ ॥ ੪ ॥**[੧੭]-੮

ਸਰੀਰ ਦੀ ਮੌਤ ਹੋ ਜਾਣ ਤੇ ਗਿਆਨ ਇੰਦਰੇ ਨਾਕਾਰਾ ਹੋ ਗਏ, ਮਾਨੋਂ ਰੋਂਦੇ ਹਨ:---

੮੯- **ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ ਭਾਹਿ ਬਲੰਦੀ ਵਿਝਵੀ ਧੂਉ**
**ਨ ਨਿਕਸਿਓ ਕਾਇ ॥ ਪੰਚੇ <u>ਰੁੰਨੇ</u> ਦੁਖਿ ਭਰੇ ਬਿਨਸੇ ਦੂਜੈ ਭਾਇ ॥ ੧ ॥** [੧੯]-੧੪

੯੦- **ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ <u>ਹੋਇ</u> ॥ ਖੋਟੈ ਵਣਜਿ ਵਣੰਜਿਐ**
**ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ <u>ਰੋਇ</u> ॥ ੨ ॥** [੨੨]-੨੩
**ਤੇਰਾ ਹੁਕਮੁ ਨ ਜਾਪੀ ਕੇਤੜਾ, ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ**
**ਪੁਜਾਵਹਿ <u>ਰੋਇ</u> ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥ ੨ ॥**[੫੩]-ਅਸਟ-੧

੯੧- **ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥**
**ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ <u>ਰੋਇ</u> ॥ ੩ ॥** [੪੧]-੪-੬੮

੯੨- **ਹੁਕਮੁ ਨ ਜਾਣੈ ਬਹੁਤਾ <u>ਰੋਵੈ</u> ॥ ਅੰਦਰਿ ਧੋਖਾ ਨੀਦ ਨ ਸੋਵੈ ॥ ਜੇ ਧਨ ਖਸਮੈ ਚਲੈ ਰਜਾਈ ॥ ਦਰਿ**
**ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥ ਗੁਰ ਪਰਸਾਦੀ ਸਚਿ ਸਮਾਈ ॥ ੧ ॥**[੮੫]-ਵਾਰ-੮

੯੩- **ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀਂ <u>ਰੋਤਾ</u> ॥ ੪ ॥** [੨੨੯]-੨-੧੮

੯੪- **ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮਰਾਜੇ ॥ ਜਿਨ੍ਾ ਅੰਤਰਿ**
**ਕਪਟੁ ਵਿਕਾਰੁ ਹੈ ਤਿਨਾ <u>ਰੋਇ</u> ਕਿਆ ਕੀਜੈ ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ**
**ਦੀਜੈ ॥ ਜਿਨ੍ਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ ੪ ॥**[੪੫੦]-੧੧-੧੮

ਕਬੀਰ ਜੀ ਦੀ ਮਾਤਾ ਨੂੰ ਇਹ ਚਿੰਤਾ ਹੈ ਕਿ ਉਸ ਦਾ ਪੁੱਤਰ, ਲੋਕਾਂ ਵਾਂਗ ਕਮਾਈ ਕਰਨ ਦੇ ਥਾਂ, ਸਦਾ ਭਗਤੀ ਵਿਚ ਲੀਨ ਰਹਿੰਦਾ ਹੈ ਉਸ ਦੇ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ ?

੯੫- **ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧ ॥** [੫੨੪]-੨

੯੬- **ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰਾਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਜੂਰਿ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ ॥ [੯੫੩/੫੪]-ਵਾਰ-੧੪**

ਅਜੇਹੇ ਗੁਝ ਹੋਰ ਗੁਰੂ ਫ਼ੁਰਮਾਨਾਂ ਦੀ ਸੂਚੀ :----

| | | | | | |
|---|---|---|---|---|---|
| ੧= [੭੪]-੧(੧) | ੨= [੧੪੫]-੧੬ | ੩= [੩੫੬]-੬-੨੩ | ੪= [੩੫੯]-੧-੩੪ | ੫= [੩੬੦]-੫-੩੯ | ੬= [੩੬੩]-੯-੪੮ |
| ੭= [੩੭੪]-੧੫ | ੮= [੩੭੬]-੨੧ | ੯= [੩੮੧]-੩-੩੨ | ੧੦=[੩੮੯]-੨੪-੭੫ | ੧੧=[੪੧੭]-੧੧ | ੧੨=[੪੧੮]-੧੩ |
| ੧੩=[੧੫੮]-੩-੨੩ | ੧੪=[੧੮੮]-੫੩-੧੧੨ | ੧੫=[੪੬੬]-ਵਾਰ-੬(੨) | ੧੬=[੪੮੧]-੧-੨੩ | ੧੭=[੫੨੩]-ਵਾਰ-੧੮ | ੧੮=[੫੨੪]-੧(ਰਹਾਉ) |
| ੧੯=[੫੪੭]-੬-੯ | ੨੦[-੫੫੭]-੩(੧) | ੨੧=[੫੮੩]-੨(੧) | ੨੨=[੫੮੧]-੪ | ੨੩=[੫੮੧]-੫(੪) | ੨੪=[੪੧੩]-੪(੫) |
| ੨੫=[੫੮੪]-੩ | ੨੬=[੫੭੯]-੧ | ੨੭=[੫੮੦]-੩ | ੨੮=[੫੯੮]-੧੦ | ੨੯=[੬੭੬]-੧-੨੨ | ੩੪=[੯੪੮]-ਵਾਰ-੩(੨) |
| ੩੧=[੯੫੧]-੦੫ਵਾਰ-੧੧ | ੩੨=[੯੫੩]-ਵਾਰ-੧੪ | ੩੩=[੯੮੯]-੨(੩) | ੩੪=[੧੦੪੯]-੧ | ੩੫=[੧੦੬੦]-੩-੧੭ | ੩੬=[੧੦੫੭]-੫-੧੪ |
| ੩੭=[੧੧੪੫]-੨੦-੩੩ | ੩੮=[੧੨੨੮]-੯੭-੧੨੦ | ੩੯=[੧੨੮੪]-ਵਾਰ-੧੫ | ੪੦=[੧੨੮੭]-ਵਾਰ-੨੦ | ੪੧=[੧੩੬੫]-੧੬ | ੪੨=[੧੩੬੮]-੬੯ |
| ੪੩=[੧੩੬੮]-੭੨ | ੪੪=[੧੩੭੧]-੧੨੭ | ੪੫=[੧੪੧੨]-੨੯ | ੪੬=[੧੪੧੨]-੧੪+੨੧ | ੪੭=[੩੨੨]-ਵਾਰ-੧੮ | ੪੮=[੧੩੧੨]-ਛੰਤ-੧(੪) |

੯੭- **ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥**

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥**
**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥**
**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥ ੨ ॥**[੪੬੬]-੬

**ਧਾਹਾਂ ਮਾਰਨੀਆਂ** ----

੯੮- **...ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ॥। ੨ ॥** [੧੩੭]-ਵਾਰ-੧
੯੯- ਪੇਈਅੜੈ ਪਿਰੁ ਚੇਤੇ ਨਾਹੀ ॥ ਦੂਜੈ ਮੁਠੀ ਰੋਵੈ **ਧਾਹੀ** ॥
**ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥ ੬ ॥**[੧੨੬]-੨੮-੨੯
੧੦੦- **ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥**
**ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥** [੬੦੩]-੧੦
੧੦੧- **ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥**
**ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥ ੧੩ ॥**[੧੦੩੪]-੨-੧੪
੧੦੨- **ਕਬੀਰ ਰੈਨਾਇਰ ਬਿਛੋਰਿਆ, ਰਹੁ ਰੇ ਸੰਖ ਮਝੂਰਿ ॥**
**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥੧੨੬॥**[੧੩੭੧]

# ਪੰਜਵਾਂ ਕਾਂਡ

## ਮੌਤ

" **ਮੌਤ** " ਕਿਸ ਨੂੰ ਕਿਹਾ ਜਾਂਦਾ ਹੈ ? ਜਦ ਸ਼ਰੀਰ ਨੂੰ ਜੀਊਂਦਾ ਰੱਖਣ ਵਾਲੇ ਸ਼ਰੀਰਕ-ਅੰਗ ਕੰਮ ਕਰਨਾਂ ਬੰਦ ਕਰ ਦੇਣ ਤਾਂ ਅਨਈਸ਼ਵਰ-ਵਾਦੀ (Unbelievers) ਉਸ ਨੂੰ " ਮੌਤ " ਮੰਨਦੇ ਹਨ । ਸੁਆਸਾਂ ਦੀ ਗਤੀ ਬੰਦ ਹੋ ਜਾਣੀ, ਅਥਵਾ ਦਿਲ ਦੀ ਧੜਕਣ ਰੁਕ ਜਾਣੀ " ਮੌਤ " ਦੀ ਵਡੀ ਨਿਸ਼ਾਨੀ ਸਮਝੀ ਜਾਂਦੀ ਹੈ । ਮੁਰਦਾ ਸ਼ਰੀਰ ਦੀ ਚੀਰ ਫਾੜ ਕਰਕੇ ਡਾਕਟਰ, ਕਿਸੇ ਦੀ ਮੌਤ ਦਾ ਕਾਰਨ ਦੱਸ ਦੇਂਦੇ ਹਨ । ਸਰੀਰ ਦੀ ਕਿਰਿਆ ਦੇ ਪੱਕੇ ਨਿਯਮਾਂ ਦੇ ਅਧਾਰ ਤੋਂ ਅਜੋਕੇ ਡਾਕਟਰ ਮੌਤ ਦਾ ਕਾਰਨ ਵੀ ਲਿਖ ਕੇ ਦੇ ਸਕਦੇ ਹਨ ਅਤੇ ਇਹ ਵੀ ਲਿਖ ਦੇਂਦੇ ਹਨ, ਕਿ ਮੌਤ ਹੋਈ ਨੂੰ ਕਿੰਨਾ ਸਮਾ ਹੋ ਚੁੱਕਾ ਹੈ । ਨਿਆਂ ਕਰਨ ਵਾਲੀਆਂ, ਲਗ-ਪਗ ਸਾਰੀਆਂ ਕਚਹਿਰੀਆਂ ਡਾਕਟਰ ਦੇ ਲਿਖੇ ਨੂੰ, ਸੱਚ ਮੰਨਦੀਆਂ ਹਨ ।

ਸੁਆਸਾਂ ਆਦਿ ਦੀ ਗਤੀ ਦੇ ਰੁਕ ਜਾਣ ਤੇ ਮੌਤ ਹੋਈ ਕਹਿਣ ਵਾਲਿਆਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ--**ਪ੍ਰਭੁ ਭਾਵੈ ਬਿਨੁ ਸਾਸ ਤੇ ਰਾਖੈ ॥** [ਸੁਖਮਨੀ] ਹਿੰਦੂਆਂ ਦੇ ਗ੍ਰੰਥਾਂ ਵਿਚ, ਸਿੱਧਾਂ ਅਥਵਾ ਜੋਗੀਆਂ ਨਾਲ ਸੰਬੰਧਤ ਕਈ ਗਾਥਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ, ਸੁਆਸਾਂ ਦੀ ਗਤੀ ਰੋਕ ਕੇ ਅਥਵਾ ਸੁਆਸਾਂ ਨੂੰ ਦਸਮ-ਦੁਆਰ ਚਾੜ੍ਹ ਕੇ ਜੋਗੀ ਲੋਕ, ਕਈ ਸਾਲ ਜੀਉਂਦੇ ਰਹੇ ਦਰਸਾਏ ਗਏ ਹਨ । ਸੁਆਸ ਚਾੜ੍ਹ ਲੈਣ ਵਾਲੀ ਕਿਰਿਆ ਨੂੰ ' ਖੇਚਰ " ਅਤੇ ਸੁਆਸਾਂ ਨੂੰ ਵਾਪਸ ਉਤਾਰ ਲੈਣ ਨੂੰ " ਭੂਚਰ " ਕਹਿੰਦੇ ਹਨ । ਅਜੇਹੀ ਕਿਰਿਆ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ----**ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥** [੯੭੩] ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ, ਦੇਹਰ੍ਹਾਦੂੰਨ ਵਿਚ ਰਹਿੰਦੇ ਬਾਬਾ ਰਾਮਰਾਏ ਜੀ ਨੇ ਸੁਆਸ ਦਸਮ-ਦੁਆਰ ਚੜ੍ਹਾਏ ਹੋਏ ਸਨ ਤਾਂ ਮਸੰਦਾਂ ਨੇ ਉਨ੍ਹਾਂ ਨੂੰ ਮੁਰਦਾ ਦੱਸ ਕੇ ਫੂਕ ਦਿੱਤਾ ਸੀ । ਸੋ ਕੇਵਲ ਸੁਆਸਾਂ ਦੀ ਗਤੀ ਬੰਦ ਹੋ ਜਾਣ ਨੂੰ ਮੌਤ ਨਹੀਂ ਮੰਨਿਆਂ ਜਾਂਦਾ । ਸਿੱਖ ਪੰਥ ਵਿਚ ਜਾਣੇ ਪਛਾਣੇ ਧਰਮ ਉਪਦੇਸ਼ਕ ਗਿਆਨੀ ਸੰਤ ਸਿੰਘ ਮਸਕੀਨ ਦੇ ਭਾਸ਼ਨ ਦੀ ਟੇਪ ਹੈ ਵਿਸ ਵਿਚ ਉਨ੍ਹਾਂ ਨੇ ਕਿਹਾ ਹੋੜਿਆ ਹੈ ਕਿ ਰਾਮਰਾਇ ਆਪਣੀ ਜਿੰਦ ਕਿਸੇ ਦੂਜੇ ਸਰੀਰ ਵਿਚ ਪਾ ਕੇ ਆਪਣੇ ਸਰੀਰ ਨੂੰ ਬੇਜਾਨ ਕਰ ਦੇਣ ਦੀ ਕਲਾ ਜਾਣਦੇ ਸਨ ।

ਸਤਿਗੁਰਾਂ ਨੇ ਜਨਮ ਅਤੇ ਮਰਨ ਨੂੰ ਪਰਮਾਤਮਾਂ ਦਾ ਹੁਕਮ ਮੰਨਿਆਂ ਹੈ--' **ਆਇਆ ਮਰਣੁ ਧੁਰਾਹੁ " ।** ਅਜੇਹੇ ਗੁਰੂ ਵਾਕਾਂ ਤੋਂ ਸਪੱਸ਼ਟ ਹੈ ਕਿ ਗੁਰਮਤਿ ਨੇ ਇਸ ਵਿਸ਼ਵਾਸ਼ ਨੂੰ ਪੂਰਾ ਸੱਚ ਨਹੀਂ ਮੰਨਿਆਂ ਕਿ, ਮੌਤ ਦਾ ਕੇਵਲ ਮਾਤ੍ਰ ਕਾਰਨ, (ਕੋਈ ਰੋਗ ਜਾਂ ਕੋਈ ਦੁਰਘਟਨਾਂ ਨਾਲ) ਸਰੀਰ ਨੂੰ ਚਲਦਾ ਰੱਖਣ ਵਾਲੇ ਪ੍ਰਬੰਧ ਦਾ ਬੰਦ ਹੋ ਜਾਣਾ ਹੀ ਹੈ । ਸਿਰਜਣਹਾਰ ਚਾਹੇ ਤਾਂ ਮੁਰਦਾ ਸਰੀਰ ਵਿਚ ਮੁੜ ਜਿੰਦ ਪਾ ਦੇਂਦਾ ਹੈ--' **ਮਿਰਤਕ ਕਉ ਜੀਵਾਲਨਹਾਰ ॥** " (ਸੁਖਮਨੀ) । ਗੁਰਬਾਣੀ ਨੇ ਅਜੋਕੇ ਵਿਗਿਆਨਕ ਜੁੱਗ ਵਿਚਲੇ ਡਾਕਟਰਾਂ ਦੇ ਇਸ ਦਾਅਵੇ (Claim) ਨੂੰ ਰੱਦ ਕਰ ਦਿੱਤਾ ਹੈ, ਕਿ ਉਹ ਮੌਤ ਦੇ ਕਾਰਨ ਦਾ, ਜਾਂ ਜਾਨ-ਲੇਵਾ ਬਿਮਾਰੀ ਦਾ ਠੀਕ ਠੀਕ ਪਤਾ ਕਰ ਸਕਦੇ ਹਨ । ਅਸਲੀਯਤ ਇਹ ਹੈ ਕਿ ਅੱਜ ਵੀ ਸਾਰੀਆਂ ਮੌਤਾਂ ਦੇ ਕਾਰਨਾਂ ਦਾ ਪਤਾ ਡਾਕਟਰਾਂ ਨੂੰ ਨਹੀਂ ਲਗ ਰਿਹਾ । ਅਜੇਹੀਆਂ ਕਈ ਬਿਮਾਰੀਆਂ ਹਨ, ਅਥਵਾ ਪ੍ਰਾਣੀ ਦੀ ਮੌਤ ਦੇ ਕਈ ਕਾਰਨ

ਹਨ, ਜਿਨ੍ਹਾਂ ਦਾ ਇਲਾਜ ਵੱਡੇ-ਵੱਡੇ ਡਾਕਟਰਾਂ ਕੋਲ ਵੀ ਨਹੀਂ ਹੈ । ਫਿਰ ਇੱਕ ਬਿਮਾਰੀ ਦਾ ਇਲਾਜ ਲੱਭਦਾ ਹੈ ਤਾਂ ਹੋਰ ਕਈ ਨਵੀਂਆਂ ਬਿਮਾਰੀਆਂ ਜਨਮ ਲੈ ਲੈਂਦੀਆਂ ਹਨ ।

ਏਸੇ ਤਰ੍ਹਾਂ ਹੀ ਦੁਰਘਟਨਾਂ ਨਾਲ ਹੋਣ ਵਾਲੀਆਂ ਮੌਤਾ ਦਾ ਹਾਲ ਹੈ । ਦੁਨੀਆਂ ਵਿਚ ਸਿਰਕੱਢ ਅਗਾਂਹ ਵਧੂ ਦੇਸ਼ਾਂ ਨੇ ਵੀ ਦੁਰਘਟਨਾਂ ਨਾਲ ਹੋ ਰਹੀਆਂ ਮੌਤਾਂ ਤੇ ਕਾਬੂ ਨਹੀਂ ਪਾਇਆ । ਮੋਟਰਾਂ, ਰੇਲ ਗੱਡੀਆਂ, ਸਮੁੰਦਰੀ ਅਤੇ ਹਵਾਈ ਜਹਾਜ਼ਾਂ ਆਦਿ ਨਾਲ ਵਾਪਰਨ ਵਾਲੇ ਹਾਦਸਿਆਂ ਨਾਲ, ਅੱਗਾਂ ਲੱਗਣ ਨਾਲ, ਭੁਚਾਲਾਂ ਕਾਰਨ ਜਾਂ ਹੋਰ ਤੁਫ਼ਾਨਾਂ ਆਦਿ ਦੇ ਕਾਰਨ, ਹਰ ਦੇਸ਼ ਵਿਚ ਲੱਖਾਂ ਮੌਤਾਂ ਨਿਰੰਤਰ ਹੋ ਰਹੀਆਂ ਹਨ । ਆਮ ਲੋਕਾਂ ਵਾਂਗ ਵੱਡੇ ਤੋਂ ਵੱਡਾ ਵਿਗਿਆਨਕ ਵੀ, ਹਰ ਥਾਂ ਹੱਥ ਮਲਦਾ ਅਫ਼ਸੋਸ ਕਰਦਾ ਹੀ ਨਜ਼ਰੀਂ ਆਉਂਦਾ ਹੈ । ਮੌਤ ਦੇ ਸਮੇਂ ਦਾ ਅੱਜ ਤੱਕ ਕਿਸੇ ਨੂੰ ਪੱਕਾ ਪਤਾ ਨਹੀਂ ਲੱਗ ਸਕਿਆ । ਕਾਰਨ ਏਹੀ ਹੈ ਕਿ ਜਨਮ ਅਤੇ ਮੌਤ ਕੇਵਲ, ਨਿਰੰਕਾਰ ਦੇ ਹੁਕਮ ਰੂਪੀ ਵਿਧਾਨ ਦੇ ਅਧੀਨ ਹੈ--**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥** [ਵਾਰ ਆਸਾ} ਤਥਾ--**ਜੰਮਣੁ ਮਰਣਾ ਹੁਕਮੁ ਪਛਾਣੁ ॥ ੧ ॥ ਰਹਾਉ ॥** [੪੧੨] ਤਥਾ--**ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ ੭ ॥** [੭੫੪] ਅਤੇ ਫਿਰ---**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥** [੧੨੩੯] ਅਤੇ--**ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ ॥ ੨ ॥**[੩੬੯] ਸਤਿਗੁਰਾਂ ਦਾ ਫੁਰਮਾਨ ਹੈ ਕਿ ਜੀਵ ਪ੍ਰਭੂ ਦੇ ਹੁਕਮ ਵਿਚ ਹੀ ਸੰਸਾਰ ਵਿਚ ਆਉਂਦਾ ਹੈ ਅਤੇ ਹੁਕਮ ਵਿਚ ਹੀ ਏਥੋਂ ਤੁਰ ਜਾਂਦਾ ਹੈ, ਪ੍ਰਭੂ ਦੇ ਹੁਕਮ ਵਿਚ ਰਹਿ ਕੇ ਹੀ, ਜੀਵ ਨੂੰ ਜੀਵਨ ਬਤੀਤ ਕਰਨਾ ਪੈਂਦਾ ਹੈ-- " **ਹੁਕਮੇ ਆਵੈ, ਹੁਕਮੇ ਜਾਵੈ, ਹੁਕਮੇ ਰਹੈ ਸਮਾਈ** " (੯੪੦) ਯਥਾ:--

੧- **ਹੁਕਮੇ ਆਵੈ ਹੁਕਮੇ ਜਾਵੈ ॥ ਬੂਝੈ ਹੁਕਮੁ ਸੋ ਸਾਚਿ ਸਮਾਵੈ ॥**
**ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ ॥ ੧੬ ॥**[੧੦੨੪]-੫

**ਅਰਥ:**--ਹਰੇਕ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਹੀ (ਜਗਤ ਵਿਚ) ਆਉਂਦਾ ਹੈ, ਉਹ ਦੇ ਹੁਕਮ ਅਨੁਸਾਰ (ਇਥੋਂ) ਚਲਾ ਜਾਂਦਾ ਹੈ । ਜਿਹੜਾ ਜੀਵ ਉਹ ਦੀ ਰਜ਼ਾ ਨੂੰ ਸਮਝ ਲੈਂਦਾ ਹੈ ਉਹ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ । ਗੁਰਦੇਵ ਜੀ ਦਾ_ਰਮਾਨ ਹੈ ਕਿ, ਜਿਹੜਾ ਮਨੁੱਖ ਗੁਰੂ ਸੀ ਸ਼ਰਨ ਪੈ ਕੇ (ਸਿਮਰਨ ਦੀ) ਕਾਰ ਕਰਦਾ ਹੈ ਉਸ ਨੂੰ ਸਦਾ-ਥਿਰ ਪ੍ਰਭੂ ਮਿਲ ਪੈਂਦਾ ਹੈ, ਉਸ ਦੇ ਮਨ ਵਿਚ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ । ੧੬ ।

ਪੰਚਮ ਪਾਤਿਸ਼ਾਹ ਜੀ ਨੇ ਹਰ ਰੰਗ ਵਿਚ ਵਰਤਦੇ ਪਰਮਾਤਮਾ ਨੂੰ ਵੇਖਕੇ ਫ਼ੁਰਮਾਨ ਕੀਤਾ ਹੈ ਕਿ ਜੰਮਣ ਮਰਨ, ਉਸ ਹੁਕਮੀ ਦਾ ਆਪਣਾ ਹੀ ਇਹ ਇਕ ਖੇਲ ਰਚਾਇਆ ਹੋਇਆ ਹੈ । ਸੰਸਾਰ-ਖੇਡ ਦੇ ਇਸ ਪੱਖ ਦਾ ਵਰਣਨ ਸੁਖਮਨੀ ਸਾਹਿਬ ਇਸ ਪ੍ਰਕਾਰ ਕੀਤਾ ਹੈ:--

੨- **ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥**
**ਆਪਨ ਜਸੁ ਆਪ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ**
**ਮਾਇਆ ॥ ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥ ਆਗਿਆ ਆਵੈ**
**ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥**[੨੯੪]-੨੩

**ਪਦ ਅਰਥ:**--ਭੂਤ=ਜੀਵ । ਵਰਤਾਰ=-ਵਰਤ ਰਿਹਾ ਹੈ, ਮੌਜੂਦ ਹੈ । ਨੈਨ--ਅੱਖਾਂ । ਪੇਖਨਹਾਰ=-ਵੇਖਣ ਵਾਲਾ । ਤਨਾ=ਸਰੀਰ । ਖੇਲ=ਤਮਾਸ਼ਾ । ਆਗਿਆਕਾਰੀ=ਹੁਕਮ ਵਿਚ ਤੁਰਨ ਵਾਲੀ । ਮਧਿ=ਵਿਚ, ਅੰਦਰ । ਅਲਿਪਤੋ=ਨਿਰਲੇਪ ।

ਏਸੇ ਤਰ੍ਹਾਂ ਹੀ ਸੁਖਮਨੀ ਸਾਹਿਬ ਦੀ ੧੪ਵੀ ਅਸਟਪਦੀ ਵਿਚ ਇਉਂ ਫੁਰਮਾਨ ਕੀਤਾ ਹੈ :--

੩- **ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥**
**ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥**
**ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥**
**ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ**
**ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥ ੬ ॥**[੨੮੨]-੧੪

**ਅਰਥ:**--ਨਾ ਕੁਝ ਜੰਮਦਾ ਹੈ ਨਾ ਕੁਝ ਮਰਦਾ ਹੈ, (ਇਹ ਜਨਮ ਮਰਣ ਦਾ ਤਾਂ) ਪ੍ਰਭੂ ਆਪ ਹੀ ਖੇਡ ਕਰ ਰਿਹਾ ਹੈ, ਜੰਮਣਾ, ਮਰਣਾ, ਦਿਸਦਾ ਤੇ ਅਣ-ਦਿਸਦਾ--ਇਹ ਸਾਰਾ ਸੰਸਾਰ ਪ੍ਰਭੂ ਨੇ ਆਪਣੇ ਹੁਕਮ ਵਿਚ ਤੁਰਨ ਵਾਲਾ ਬਣਾ ਦਿੱਤਾ ਹੈ । ਸਾਰੇ ਜੀਵਾਂ ਵਿਚ ਕੇਵਲ ਆਪ ਹੀ ਹੈ, ਅਨੇਕ ਤਰੀਕਿਆਂ ਨਾਲ (ਜਗਤ ਨੂ) ਬਣਾ ਕੇ ਨਾਸ ਵੀ ਕਰ ਦਿੰਦਾ ਹੈ । ਪ੍ਰਭੂ ਆਪ ਅਬਿਨਾਸ਼ੀ ਹੈ, ਉਸ ਦਾ ਕੁਝ ਨਾਸ ਨਹੀਂ ਹੁੰਦਾ, ਸਾਰੇ ਬ੍ਰਹਮੰਡ ਦੀ ਰਚਨਾ ਵੀ ਆਪ ਹੀ ਰਚ ਰਿਹਾ ਹੈ । ਉਸ ਵਿਆਪਕ ਪ੍ਰਭੂ ਦੇ ਪ੍ਰਤਾਪ ਦਾ ਨਾ ਭੇਤ ਪਾਇਆ ਜਾ ਸਕਦਾ ਅਤੇ ਨਾ ਬਿਆਨ ਕੀਤਾ ਜਾ ਸਕਦਾ ਹੈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ--ਜੇ ਉਹ ਆਪ ਆਪਣਾ ਜਾਪ ਕਰਾਏ ਤਾਂ ਹੀ ਜੀਵ ਜਾਪ ਕਰ ਸਕਦਾ ਹੈ । (ਭਾਵ, ਜਾਪ ਕਰਨ ਵਾਲੇ ਵੀ ਕਿਸੇ ਮਾਣ ਵਿਚ ਨਾ ਆਉਂਣ, ਇਹ ਕਿਰਪਾ ਵੀ ਓਸੇ ਦੀ ਹੀ ਹੈ ) । ੬ ।

ਵਾਰ ਮਾਰੂ ਮਹਲਾ ਤੀਜਾ, ਦੀ ੧੫ਵੀਂ ਪਉੜੀ ਦੇ ਪਹਿਲੇ ਸਲੋਕ ਵਿਚ, ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ---**ਕਉਣੁ ਮੂਆ ਕਉਣ ਮਾਰਸੀ ਕਊਣੁ ਆਵੈ ਕਉਣ ਜਾਇ ॥.... ੧ ॥** [੧੦੯੧] ਭਾਵ, (ਸਰਬ ਵਿਆਪੀ ਪ੍ਰਭੂ-ਨਾਥ ਦਾ ਹੁਕਮ ਜੀਵਾਂ ਨੂੰ ਤੋਰ ਰਿਹਾ ਹੈ ਸੋ) ਨਾ ਕੋਈ ਮਰਦਾ ਹੈ ਨਾ ਕੋਈ ਮਾਰਦਾ ਹੈ, ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ ।

**ਗੁਰਮਤਿ ਅਨੁਸਾਰ**, ਸਰੀਰ ਵਿਚ ਆਤਮਾ (ਜਿਸ ਨੂੰ ਜੀਵ, ਅਥਵਾ ਹੰਸ, ਵੀ ਕਿਹਾ ਹੈ ) ਦੀ ਹੋਂਦ ਨੂੰ ਜ਼ਿੰਦਗੀ ਅਤੇ **ਆਤਮਾਂ** ਦੇ ਸਰੀਰ ਵਿਚੋਂ ਚਲੇ ਜਾਣ ਨੂੰ ਮੌਤ ਮੰਨਿਆ ਗਿਆ ਹੈ । ਆਤਮਾ ਅਤੇ ਦੇਹ ਦਾ ਮਿਲਾਪ ਤੇ ਵਿਛੋੜਾ, ਸਿਰਜਣਹਾਰ ਦੇ ਵੱਸ ਹੈ :--

੪= **ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥** [੧੩੯]-ਵਾਰ-੪

ਪਦ ਅਰਥ:--ਹੰਸ--ਆਤਮਾ, ਜੀਵ । ਸੰਜੋਗੁ ਮੇਲਿ--ਸੰਜੋਗ ਮਿਲਾ ਕੇ ਜੋੜ ਮਿਥ ਕੇ । ਤਿਨਿ--ਉਸੇ ਪ੍ਰਭੂ ਨੇ ਹੀ । ਜਿਨਿ--ਜਿਸ ਪ੍ਰਭੂ ਨੇ ।

ਪੰਚਮ ਪਾਤਿਸ਼ਾਹੀ ਜੀ ਨੇ ਦੇਹ (ਨਾਰਿ, ਧਨ ਇਸਤ੍ਰੀ) ਅਤੇ ਜੀਵਾਤਮਾ (ਜੋਗੀ-ਵਿਰਕਤ ਜੀਵਾਤਮਾ ਰੂਪ ਪਿਰਿ-ਪਤੀ) ਦੇ ਮੇਲ ਅਤੇ ਵਿਛੋੜੇ ਦੇ ਵਾਰਤਾਲਾਪ ਵਿਚ ਵਡਮੁੱਲੇ ਗਿਆਨ ਦੀ ਬਖ਼ਸ਼ਸ਼ ਕੀਤੀ ਹੈ:--

੫- **ਸੰਗੀ ਜੋਗੀ ਨਾਰਿ ਲਪਟਾਣੀ ॥ ਉਰਝਿ ਰਹੀ ਰੰਗ ਰਸ ਮਾਣੀ ॥ ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥ ੧ ॥ ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥ ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥ ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥ ੨ ॥ ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥ ਜੋ ਪਾਵੈ ਸੋ ਆਣਿ ਦਿਖਾਵੈ ॥ ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥ ੩ ॥ ਧਨ ਕਰੈ ਬਿਨਉ ਦੋਊ ਕਰ ਜੋਰੈ ॥ ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥ ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ ॥ ੪ ॥ ਸਗਲੇ ਕਰਮ ਧਰਮ ਜੁਗ ਸਾਧਾ ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥ ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ॥ ੫ ॥ ਧਨ ਅੰਧੀ ਪਿਰੁ ਚਪਲੁ ਸਿਆਨਾ ॥ ਪੰਚ ਤਤੁ ਕਾ ਰਚਨੁ ਰਚਾਨਾ ॥ ਜਿਸੁ ਵਖਰ ਕਉ ਤੁਮ ਆਏ ਹਹੁ, ਸੋ ਪਾਇਓ ਸਤਿਗੁਰ ਪਾਸਾ ਹੇ ॥ ੬ ॥ ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥ ਤੁਝੈ ਬਿਨਾ ਹਉ ਕਿਤ ਹੀ ਨ ਲੇਖੈ, ਵਚਨੁ ਦੇਹਿ ਛੋਡਿ ਨ ਜਾਸਾ ਹੇ ॥ ੭ ॥ ਪਿਰਿ ਕਹਿਆ ਹਉ ਹੁਕਮੀ ਬੰਦਾ ॥ ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥ ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ, ਜਾ ਸਦੇ ਤ ਊਠਿ ਸਿਧਾਸਾ ਹੇ ॥ ੮ ॥ ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥ ਧਨ ਕਛੂ ਨ ਸਮਝੈ ਚੰਚਲਿ ਕਾਚੇ ॥ ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ॥ ੯ ॥ ਆਈ ਆਗਿਆ ਪਿਰਹੁ ਬੁਲਾਇਆ ॥ ਨਾ ਧਨ ਪੁਛੀ ਨ ਮਤਾ ਪਕਾਇਆ ॥ ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ ॥ ੧੦ ॥** - -[੧੦੭੨-੭੩]-੧-੨

**ਅਰਥ:**--(ਇਹ ਜੀਵਾਤਮਾ ਅਸਲ ਵਿਚ ਵਿਰਕਤ) ਜੋਗੀ ਹੈ, ਇਹ ਕਾਇਆਂ-ਇਸਤ੍ਰੀ ਦਾ ਸੰਗੀ (-ਸਾਥੀ ਜਦੋਂ ਬਣ ਜਾਂਦਾ ਹੈ, ਤਾਂ ਕਾਇਆਂ-) ਇਸ ਇਸ ਨਾਲ ਲਪਟੀ (-ਚੰਬੜੀ) ਰਹਿੰਦੀ ਹੈ, ਇਸ ਨੂੰ ਆਪਣੇ ਮੋਹ ਵਿਚ ਫਸਾਉਂਦੀ ਰਹਿੰਦੀ ਹੈ ( ਤੇ ਇਸ ਨਾਲ ਮਾਇਆ ਦੇ ) ਰੰਗ ਰਸ ਮਾਣਦੀ ਰਹਿੰਦੀ ਹੈ । ਕੀਤੇ ਕਰਮਾਂ ਦੇ ਸੰਜੋਗ ਨਾਲ ( ਇਹ ਜੀਵਾਤਮਾ ਅਤੇ ਕਾਇਆ ) ਇਕੱਠੇ ਹੁੰਦੇ ਹਨ, ਤੇ, ( ਦੁਨੀਆ ਦੇ ) ਭੋਗ ਬਿਲਾਸ ਕਰਦੇ ਰਹਿੰਦੇ ਹਨ **। ੧ ।** ਜੋ ਕੁਝ ਜੀਵਾਤਮਾ-ਪਤੀ ਕਾਇਆਂ-ਇਸਤ੍ਰੀ ਨੂੰ ਕਹਿੰਦਾ ਰਹਿੰਦਾ ਹੈ ਉਹ ਤੁਰਤ ਮੰਨਦੀ ਹੈ । ਜੀਵਾਤਮਾ-ਪਤੀ ਕਾਇਆਂ-ਇਸਤ੍ਰੀ ਨੂੰ ਸਾਜ-ਸੰਵਾਰ ਕੇ ਆਪਣੇ ਨਾਲ ਰੱਖਦਾ ਹੈ । ਮਿਲ ਕੇ ਦਿਨ ਰਾਤ ਇਕੱਠੇ ਵੱਸਦੇ ਹਨ । ਜੀਵਾਤਮਾ-ਪਤੀ ਕਾਇਆ-ਇਸਤ੍ਰੀ ਨੂੰ ( ਕਈ ਤਰ੍ਹਾਂ ਦਾ ) ਹੌਸਲਾ ਦਿੰਦਾ ਹੈ **। ੨ ।** ਕਾਇਆ ਇਸਤ੍ਰੀ ( ਵੀ ਜੋ ਕੁਝ ) ਮੰਗਦੀ ਹੈ, ( ਉਹ ਹਾਸਲ ਕਰਨ ਵਾਸਤੇ ) ਜੀਵਾਤਮਾ-ਪਤੀ ਕਈ ਤਰ੍ਹਾਂ ਦੀ ਦੌੜ-ਭੱਜ ਕਰਦਾ ਹੈ । ਜੋ ਕੁਝ ਉਸ ਨੂੰ ਲੱਭਦਾ ਹੈ, ਉਹ ਲਿਆ ਕੇ ( ਆਪਣੀ ਕਾਇਆਂ-ਇਸਤ੍ਰੀ ਨੂੰ ) ਵਿਖਾ ਦਿੰਦਾ ਹੈ । ( ਪਰ ਇਸ ਦੌੜ-ਭੱਜ ਵਿੱਚ ਇਸ ਨੂੰ ) ਨਾਮ-ਪਦਾਰਥ ਨਹੀਂ ਲੱਭ ਸਕਦਾ, ( ਨਾਮ-ਪਦਾਰਥ ਤੋਂ ਬਿਨਾ ) ਕਾਇਆਂ ਇਸਤ੍ਰੀ ਦੀ (ਮਾਇਆ ਵਾਲੀ) ਭੁੱਖ ਤ੍ਰੇਹ ਟਿਕੀ ਰਹਿੰਦੀ ਹੈ **। ੩ ।** ਕਾਇਆਂ ਇਸਤ੍ਰੀ ਦੋਵੇਂ ਹੱਥ ਜੋੜਦੀ ਹੈ ਤੇ ( ਜੀਵਾਤਮਾ-ਪਤੀ ਅੱਗੇ ) ਬੇਨਤੀ ਕਰਦੀ ਹੈ--ਹੇ ਪਿਆਰੇ ! ( ਮੈਨੂੰ ਛੱਡ ਕੇ ) ਕਿਸੇ ਹੋਰ ਦੇਸ ਵਿਚ ਨਾ ਤੁਰ ਜਾਈਂ, ਮੇਰੇ ਹੀ ਇਸ ਘਰ ਵਿਚ ਟਿਕਿਆ ਰਹੀਂ । ਇਸੇ ਘਰ ਵਿਚ ਕੋਈ ਐਸਾ ਵਣਜ ਕਰਦਾ ਰਹੁ, ਜਿਸ ਨਾਲ ( ਮੇਰੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ **। ੪ ।** ਪਰ, ਹੇ ਭਾਈ ! ਸਦਾ ਤੋਂ ਹੀ ਲੋਕ ਮਿਥੇ ਹੋਏ ਧਾਰਮਿਕ ਕਰਮ ਕਰਦੇ ਆਏ ਹਨ । ਹਰਿ-ਨਾਮ ਦੇ ਸੁਆਦ ਤੋਂ ਬਿਨਾ ਕਿਸੇ ਨੂੰ ਵੀ ਰਤਾ ਭਰ ਸੁਖ ਨਹੀਂ ਲੱਭਾ । ਹੇ ਨਾਨਕ ! ਜਦੋਂ ਸਾਧ (-ਗੁਰੂ ਦੀ ) ਸੰਗਤਿ ਵਿਚ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤਾਂ ਇਹ ਜੀਵਾਤਮਾ ਤੇ ਕਾਇਆ ਮਿਲ ਕੇ ( ਨਾਮ ਦੀ ਬਰਕਤਿ ਨਾਲ ) ਆਤਮਕ ਆਨੰਦ ਮਾਣਦੇ ਹਨ **। ੫ ।** ਮਾਇਆ-ਗ੍ਰਸੀ ਕਾਇਆ ਦੀ ਸੰਗਤ ਵਿਚ ਜੀਵਾਤਮਾ ਚੰਚਲ ਚਤੁਰ ਹੋ ਕੇ ਦੁਨੀਆ ਦੀ ਖੇਡ ਹੀ ਖੇਡ ਰਹੀ ਹੈ । ਹੇ ਭਾਈ ! ਜਿਸ (ਨਾਮ-) ਪਦਾਰਥ ਦੀ ਖ਼ਾਤਰ ਤੁਸੀਂ ਜਗਤ ਵਿਚ ਆਏ ਹੋ, ਉਹ ਪਦਾਰਥ ਗੁਰੂ ਪਾਸੋਂ ਮਿਲਦਾ ਹੈ **। ੬ ।** ਕਾਇਆਂ ਜੀਵਾਤਮਾ ਨੂੰ ਆਖਦੀ ਰਹਿੰਦੀ ਹੈ--ਹੇ ਪਿਆਰੇ ਤੇ ਸੁਖ-ਰਹਿਣੇ ਲਾਡਲੇ ਪਤੀ ! ਤੂੰ ਸਦਾ ਮੇਰੇ ਨਾਲ ਵੱਸਦਾ ਰਹੁ । ਤੈਥੋਂ ਬਿਨਾ ਮੇਰਾ ਕੁਝ ਵੀ ਮੁੱਲ ਨਹੀਂ ਹੈ । ( ਮੇਰੇ ਨਾਲ ) ਇਕਰਾਰ ਕਰ ਕਿ ਮੈ ਤੈਨੂੰ ਛੱਡ ਨਹੀਂ ਜਾਵਾਂਗਾ **। ੭ ।** ( ਜਦੋਂ ਵੀ ਕਾਇਆਂ-ਇਸਤ੍ਰੀ ਨੇ ਇਹ ਤਰਲਾ ਲਿਆ, ਤਦੋਂ ਹੀ ) ਜੀਵਾਤਮਾ-ਪਤੀ ਨੇ ਆਖਿਆ--ਮੈਂ ਤਾਂ ( ਉਸ ਪਰਮਾਤਮਾ ਦੇ ) ਹੁਕਮ ਵਿਚ ਤੁਰਨ ਵਾਲਾ ਗੁਲਾਮ ਹਾਂ । ਉਹ ਬੜਾ ਵਡਾ ਮਾਲਕ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ । ਜਿੰਨਾ ਚਿਰ ਉਹ ਮੈਨੂੰ ਤੇਰੇ ਨਾਲ ਰੱਖੇਗਾ, ਮੈਂ ਓਨਾ ਚਿਰ ਰਹਿ ਸਕਦਾ ਹਾਂ । ਜਦੋਂ ਸੱਦੇਗਾ, ਤਦੋਂ ਮੈਂ ਉੱਠ ਕੇ ਤੁਰ ਜਾਵਾਂਗਾ **। ੮ ।** ਜਦੋਂ ਵੀ ਇਹ ਸੱਚੇ ਬਚਨ ਕਾਇਆਂ-ਇਸਤ੍ਰੀ ਨੂੰ ਆਖਦਾ ਹੈ, ਉਹ ਚੰਚਲ ਤੇ ਅਕਲ ਦੀ ਕੱਚੀ ਕੁਝ ਨਹੀਂ ਸਮਝਦੀ । ਉਹ ਮੁੜ ਮੁੜ ਜੀਵਾਤਮਾ-ਪਤੀ ਦਾ ਸਾਥ ਹੀ ਮੰਗਦੀ ਹੈ, ਤੇ ਜੀਵਾਤਮਾ ਉਸ ਦੀ ਗੱਲ ਨੂੰ ਮਖੌਲ ਸਮਝ ਛੱਡਦਾ ਹੈ **। ੯ ।** ਜਦੋਂ ਪਤੀ-ਪਰਮਾਤਮਾ ਵਲੋਂ ਹੁਕਮ ਆਉਂਦਾ ਹੈ, ਜਦੋਂ ਉਹ ਸੱਦਾ ਭੇਜਦਾ ਹੈ, ਜੀਵਾਤਮਾ ਨਾ ਹੀ ਕਾਇਆਂ-ਇਸਤ੍ਰੀ ਨੂੰ ਪੁੱਛਦਾ ਹੈ, ਨਾ ਹੀ ਉਸ ਨਾਲ ਸਲਾਹ ਕਰਦਾ ਹੈ । ਉਹ ਕਾਇਆਂ-ਮਿੱਟੀ ਨੂੰ ਛੁੱਟੜ ਕਰ ਕੇ ਉੱਠ ਕੇ ਤੁਰ ਪੈਂਦਾ ਹੈ । ਹੇ ਨਾਨਕ ! ਵੇਖ, ਇਹ ਹੈ ਮੋਹ ਦਾ ਝੂਠਾ ਪਸਾਰਾ । ੧੦ ।

ਇਸ ਤਰ੍ਹਾਂ ਸਤਿਗੁਰਾਂ ਨੇ ਦੇਹ ਅਤੇ ਜੀਵਾਤਮਾ ਦੇ ਆਰਜ਼ੀ ਮਿਲਾਪ ਦਾ ਕਰੁਣਾ-ਮਈ ਝਲਕਾਰਾ ਦਰਸਾ ਕੇ, ਜਿੰਦਗੀ ਨਾਲ ਝੂਠੇ ਮੋਹ ਦੀ ਅਸਲੀਯਤ ਸਮਝਾਈ ਹੈ । ਪ੍ਰਭੂ ਦੀ ਯਾਦ ਸਦਾ ਹਿਰਦੇ ਵਿਚ ਵਸਾਈ ਰੱਖਣ ਵਾਲਾ ਅਸਲ ਜਿੰਦਗਦੀ ਦਾ ਤੱਤ ਸਮਝਾਉਣ ਦੀ ਮਿਹਰ ਕੀਤੀ ਹੈ।

੬- **ਦੇਹੁਰੀ ਬੈਠੀ ਮਾਤਾ ਰੋਵੈ, ਖਟੀਆ ਲੇ ਗਏ ਭਾਈ ॥ ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥ ੩ ॥**[੪੭੮]-੯

**ਅਰਥ:**--ਘਰ ਦੀ ਦਲੀਜ਼ ਤੇ ਬੈਠੀ ਮਾਂ ਰੋਂਦੀ ਹੈ, ਭਰਾ ਮੰਜਾ ਚੁੱਕ ਕੇ (ਮਸਾਣਾਂ ਨੂੰ) ਲੈ ਜਾਂਦੇ ਹਨ । ਵਾਲ ਖਿਲਾਰ ਕੇ ਵਹੁਟੀ ਪਈ ਰੋਂਦੀ ਹੈ, ਪਰ ਜੀਵ-ਆਤਮਾ ਇਕੱਲਾ ਹੀ ਜਾਂਦਾ ਹੈ ।

ਗੁਰੂ-ਫ਼ੁਰਮਾਨ ਤੋਂ ਸਾਫ਼ ਸਿੱਧ ਹੁੰਦਾ ਹੈ ਕਿ, ਜਦ ਆਤਮਾਂ ਸਰੀਰ ਛੱਡ ਤੁਰਦਾ ਹੈ ਤਾਂ ਸਰੀਰ ਨਾਲ ਮੋਹ ਪਾਈ ਬੈਠੇ ਅੰਗ-ਸਾਕ ਰੋਂਦੇ ਪਿੱਟਦੇ ਹਨ ਪਰ ਆਤਮਾ ਤੋਂ ਸੱਖਣੇ ਸਰੀਰ ਨੂੰ ਮਸਾਣਾਂ ਵਿਚ ਲੈ ਜਾਣ ਦੇ ਸਿਵਾ, ਉਸ ਦਾ ਹੋਰ ਕੁਝ ਸੁਆਰ ਨਹੀਂ ਸਕਦੇ । ਏਸੇ ਤਰ੍ਹਾਂ ਹੀ ਕਾਇਆ ਅਤੇ ਹੰਸ-ਆਤਮਾਂ ਦੇ ਵਿਛੋੜੇ ਅਤੇ ਮੇਲ ਦੇ ਜ਼ਿਕਰ ਤੋਂ ਵਡਮੁੱਲੇ ਉਪਦੇਸ਼ ਵਾਲੇ ਗੁਰੂ ਫ਼ੁਰਮਾਨ ਇਸ ਪ੍ਰਕਾਰ ਹੈ:---

੭- **ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ ॥**
**ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ ॥**
**ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥**
**ਹਉ ਤਾ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥**
**ਨਾਨਕ ਹੁਕਮੁ ਨ ਜਾਤੋ ਖਸਮ ਕਾ ਜਿ ਰਹਾ ਸਚਿ ਸਮਾਇ ॥ ੧ ॥**[੫੧੦]-ਵਾਰ-੭

**ਅਰਥ:**--ਸਰੀਰ ਤੇ ਹੰਸ (-ਆਤਮਾ) ਦਾ ਕੱਚਾ ਜਿਹਾ ਪਿਆਰ ਹੈ, (ਅੰਤ ਵੇਲੇ, ਇਹ ਆਤਮਾ ਸਰੀਰ ਨੂੰ) ਡਿੱਗੇ ਨੂੰ ਛੱਡ ਕੇ ਤੁਰ ਜਾਂਦਾ ਹੈ, ਜਦੋਂ (ਆਖ਼ਰ) ਤੁਰਨ ਵੇਲੇ ਇਹ ਸਰੀਰ ਨਾਲ ਨਹੀਂ ਜਾਂਦਾ ਤਾਂ ਇਸ ਨੂੰ ਝੂਠ ਬੋਲ ਬੋਲ ਕੇ ਪਾਲਣ ਦਾ ਕੀ ਲਾਭ ? (ਸਰੀਰ ਤਾਂ ਮਿੱਟੀ ਸਮਝੋ) ਗਯਾਨਹੀਣ ਹੈ (ਝੂਠ ਬੋਲ ਬੋਲ ਕੇ ਇਸ ਨੂੰ ਪਾਲਿਆਂ ਆਖ਼ਰ ਲੇਖਾ ਪਉਣੇ ਤੋਂ, ਭਾਵ, ਜੀਵਾਤਮਾ ਤੋਂ ਹੀ ਮੰਗਿਆ ਜਾਂਦਾ ਹੈ) । ਪਉਣ-ਰੂਪ ਜੀਵਾਤਮਾ ਨੂੰ ਜੇ ਪੁੱਛੋ (ਕਿ ਇਹ ਸਰੀਰ ਪਾਲਣ ਵਿਚ ਹੀ ਕਿਉਂ ਲੱਗਾ ਰਿਹਾ, ਤਾਂ ਇਸ ਦਾ ਉੱਤਰ ਇਹ

ਹੈ ਕਿ) ਮੈਂ ਮਾਇਆ ਦੇ ਮੋਹ ਵਿਚ ਫਸਿਆ ਮੁੜ ਮੁੜ ਜਨਮ ਮਰਨ ਵਿਚ ਪਿਆ ਰਿਹਾ, ਮੈਂ ਖ਼ਸਮ ਦਾ ਹੁਕਮ ਨਾ ਪਛਾਣਿਆ ਜਿਸ ਦੀ ਬਰਕਤਿ ਨਾਲ ਮੈਂ ਸੱਚੇ ਪ੍ਰਭੂ ਵਿਚ ਟਿਕਿਆ ਰਹਿੰਦਾ ।

੮- **ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥**
**ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥**
**ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥**
**ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥**
**ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥**
**ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ** ॥੧ ॥[੫੭੮]-੧

**ਅਰਥ:**--ਜਿਸ ਪ੍ਰਭੂ ਨੇ ਜਗਤ ਨੂੰ ਮਾਇਆ ਦੇ ਆਹਰ ਵਿਚ ਲਾ ਰੱਖਿਆ ਹੈ ਉਹੀ ਸਿਰਜਣਹਾਰ ਪਾਤਿਸ਼ਾਹ ਵਡਿਆਉਣ-ਜੋਗ ਹੈ । (ਕਿਉਂਕਿ ਉਹੀ) ਸਦਾ ਕਾਇਮ ਰਹਿਣ ਵਾਲਾ ਹੈ । (ਜੀਵ ਵਿਚਾਰੇ ਦੀ ਕੋਈ ਪਾਂਇਆਂ ਨਹੀਂ) ਜਦੋਂ ਜੀਵ ਨੂੰ ਮਿਲਿਆ ਸਮਾਂ ਮੁੱਕ ਜਾਂਦਾ ਹੈ, ਜਦੋਂ ਇਸ ਦੀ ਉਮਰ ਦੀ ਪਿਆਲੀ ਭਰ ਜਾਂਦੀ ਹੈ, (ਉਮਰ ਦਾ ਸਮਾ ਮੁਕੱਣ ਤੇ) ਜਦੋਂ ਪਰਮਾਤਮਾ ਦਾ ਲਿਖਿਆ (ਹੁਕਮ) ਆਉਂਦਾ ਹੈ, ਤਾਂ (ਸਰੀਰ ਦੇ) ਪਿਆਰੇ ਸਾਥੀ " ਜੀਵ ਆਤਮਾ " ਨੂੰ ਫੜ ਕੇ ਅੱਗੇ ਲਾ ਲਿਆ ਜਾਂਦਾ ਹੈ, ਤੇ ਸਾਰੇ ਸੱਜਣ ਸੰਬੰਧੀ ਰੋਂਦੇ ਹਨ । ਹੇ ਮੇਰੀ ਮਾਂ ! ਜਦੋਂ ਉਮਰ ਦੇ ਦਿਨ ਪੂਰੇ ਹੋ ਜਾਂਦੇ ਹਨ, ਤਾਂ ਸਰੀਰ ਤੇ ਜੀਵਆਤਮਾ ਦਾ ਸਦਾ ਲਈ ਵਿਛੋੜਾ ਹੋ ਜਾਂਦਾ ਹੈ । (ਉਸ ਸਮੇਂ ਤੋਂ) ਪਹਿਲਾਂ ਪਹਿਲਾਂ ਜੋ ਜੋ ਕਰਮ ਜੀਵ ਨੇ ਕਮਾਇਆ ਹੁੰਦਾ ਹੈ (ਉਸ ਅਨੁਸਾਰ) ਜਿਹੋ ਜਿਹਾ ਸੰਸਕਾਰਾਂ ਦਾ ਲੇਖ (ਉਸ ਦੇ ਮੱਥੇ ਤੇ) ਲਿਖਿਆ ਜਾਂਦਾ ਹੈ ਉਹੋ ਜਿਹਾ ਫਲ ਜੀਵ ਪਾਉਂਦਾ ਹੈ ।

੯- **ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥ ਸਾਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥ ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ ॥ ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥ ੫ ॥**[੫੮੦]-੩

**ਅਰਥ:**--ਜਦੋਂ ਸਚੇ ਪਰਮਾਤਮਾ ਦੇ ਹੁਕਮ ਵਿਚ (ਮੌਤ ਦਾ ਸੱਦਾ ਆਉਂਦਾ ਹੈ ਤਾਂ ਸਰੀਰ ਦੇ) ਨੌ ਦਰਵਾਜੇ ਬੰਦ ਹੋ ਜਾਂਦੇ ਹਨ, " ਜੀਵਾਤਮਾ " (ਕਿਤੇ) ਆਕਾਸ਼ ਵਿਚ ਚਲਾ ਜਾਂਦਾ ਹੈ । (ਜਿਸ ਇਸਤ੍ਰੀ ਦਾ ਪਤੀ ਮਰ ਜਾਂਦਾ ਹੈ) ਉਹ ਇਸਤ੍ਰੀ ਇਕੱਲੀ ਰਹਿ ਜਾਂਦੀ ਹੈ, ਤੇ ਮਾਇਆ ਦੇ ਮੋਹ ਵਿਚ ਲੁੱਟੀ ਜਾਂਦੀ ਹੈ, ਉਹ ਵਿਧਵਾ ਹੋ ਜਾਂਦੀ ਹੈ, (ਉਸ ਦੇ ਪਤੀ ਦੀ) ਲੋਥ ਘਰ ਦੇ ਵੇਹੜੇ ਵਿਚ ਪਈ ਹੁੰਦੀ ਹੈ (ਜਿਸ ਨੂੰ ਵੇਖ ਵੇਖ ਕੇ) ਉਹ ਇਸਤ੍ਰੀ ਦਲੀਜਾਂ ਵਿਚ ਬੈਠੀ ਰੋਂਦੀ ਹੈ ( ਤੇ ਆਖਦੀ ਹੈ--) ਹੇ ਮਾਏ ! ਇਸ ਮੌਤ ਨੂੰ ਵੇਖ ਕੇ ਮੇਰੀ ਅਕਲ ਟਿਕਾਣੇ ਨਹੀਂ ਰਹਿ ਗਈ । ਹੇ ਪ੍ਰਭੂ-ਕੰਤ ਦੀ ਇਸਤ੍ਰੀਓ ! (ਹੇ ਜੀਵ-ਇਸਤ੍ਰੀਓ ! ਸਰੀਰ ਦੇ ਵਿਛੋੜੇ ਦਾ ਇਹ ਸਿਲਸਿਲਾ ਟਿਕਿਆ ਹੀ ਰਹਿਣਾ ਹੈ, ਕਿਸੇ ਨੇ ਏਥੇ ਸਦਾ ਬੈਠੇ ਨਹੀਂ ਰਹਿਣਾ) ਤੁਸੀ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਸਤਿ ਸਾਲਾਹ ਹਿਰਦੇ ਵਿਚ ਸੰਭਾਲ ਕੇ (ਪ੍ਰਭੂ-ਪਤੀ ਦੇ ਵਿਛੋੜੇ ਨੂੰ ਚੇਤੇ ਕਰ ਕੇ) ਵੈਰਾਗ-ਅਵਸਥਾ ਵਿਚ ਆਓ (ਤਦੋਂ ਹੀ ਜੀਵਨ ਸਫ਼ਲ ਹੋਵੇਗਾ) । ੫ ।

੧੦- **ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥**
**ਪ੍ਰਣਵਤਿ ਨਾਨਕੁ ਨਾਗੀ ਦਾੜੈ ਫਿਰਿ ਪਾਛੈ ਪਛੁਤਾਣੀਤਾ ॥ ੪ ॥**[੧੫੫-੫੬]-੩-੧੫

ਹੋਰ ਵੀ ਅਜੇਹੇ ਗੁਰਬਾਣੀ ਸ਼ਬਦ ਹਨ ਜਿਨ੍ਹਾਂ ਤੋਂ ਆਤਮਾਂ ਅਤੇ ਸਰੀਰ ਦੇ ਮਿਲਾਪ ਅਤੇ ਵਿਛੋੜੇ ਦਾ ਗਿਆਨ ਪ੍ਰਾਪਤ ਹੁੰਦਾ ਹੈ । ਆਤਮਾਂ ਦੀ ਹੋਂਦ ਸਰੀਰ ਦਾ " ਜੀਵਨ " ਹੈ ਆਤਮਾਂ ਦੀ ਅਣਹੋਂਦ ਸਰੀਰ ਦੀ " ਮੌਤ " ਹੈ । ਜਿਹੜੀਆਂ ਕੌਮਾਂ ਆਤਮਾਂ ਦੀ ਅੱਡਰੀ ਹੋਂਦ ਨੂੰ ਨਹੀਂ ਮੰਨਦੀਆਂ ਉਨ੍ਹਾਂ ਵਿਚ ਵੀ ਅਜੇਹੀਆਂ ਕਈ ਸਾਖੀਆਂ ਪਰਚਲਤ ਹਨ, ਜਿਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜਿਸ ਸਰੀਰ ਨੂੰ ਡਾਕਟਰਾਂ ਨੇ ਮੁਰਦਾ ਕਹਿ ਦਿੱਤਾ ਸੀ, ਉਹ ਮੁਰਦਾ ਸਰੀਰ ਮੁੜ ਸੁਰਜੀਤ ਹੋ ਕੇ ਕੁਝ ਸਮੇਂ ਪਿਛੋਂ ਉਠ ਤੁਰਿਆ । ਅਜੇਹੇ ਦੋਬਾਰਾ ਜੀਉਂ ਉੱਠੇ ਮਨੁੱਖ, ਆਪਣੇ ਨਾਲ ਵਾਪਰੇ ਹਾਲਾਤ ਦੀ ਅਜੀਬ ਕਹਾਣੀ ਸੁਣਾਉਂਦੇ ਹਨ । ਭਾਵੇਂ ਉਹ ਕਹਾਣੀ ਹਰ ਮਨੁੱਖ ਦੇ ਧਰਮ ਵਿਚਲੇ ਬਣੇ ਵਿਸ਼ਵਾਸ਼ ਦੇ ਅਨਕੂਲ ਹੀ ਹੁੰਦੀ ਹੈ ਪਰ ਇਹ ਗੱਲ ਸਾਰੇ ਥਾਂਈ ਸਾਂਝੀ ਦੱਸੀ ਗਈ ਹੈ ਕਿ ਮਰਨ ਉਪ੍ਰੰਤ ਆਤਮਾਂ ਬੜੇ ਵੱਡੇ ਚਾਨਣੇ ਵਿਚ ਪ੍ਰਵੇਸ਼ ਕਰ ਗਈ ਸੀ । ਮੌਤ ਹੋ ਜਾਣ ਦਾ ਅਤੇ ਮੁੜ ਜੀਊਂ ਪੈਣ ਦਾ ਕਾਰਨ ਕੀ ਸੀ ? ਇਹ ਭੇਤ, ਪ੍ਰਭੂ ਜਾਣੇ --**ਜੀਆ ਮਾਰਿ ਜੀਵਾਲੇ ਸੋਈ, ਅਵਰੁ ਨ ਕੋਈ ਰਖੈ ॥**[੧੪੯]

## ੨

# ਮੌਤ ਦਾ ਭੈ

ਉਂਜ ਤਾਂ ਜਾਨ ਹਰ ਜੀਵ ਨੂੰ ਪਿਆਰੀ ਹੈ, ਪਰ ਜਿਵੇਂ ਦਾ ਮੌਤ ਦਾ ਡਰ ਮਨੁੱਖ ਨੂੰ ਹੈ, ਅਜੇਹਾ ਡਰ ਹੋਰ ਕਿਸੇ ਜੀਵ ਨੂੰ ਨਹੀਂ ਵਾਪਰਦਾ । ਪਸ਼ੂ ਪੰਛੀ ਆਦਿ ਸਾਰੇ ਜੀਵ ਮੌਤ ਦਾ ਭੈ ਉਸ ਸਮੇਂ ਹੀ ਮੰਨਦੇ ਹਨ ਜਦੋਂ ਉਨ੍ਹਾਂ ਨੂੰ ਕਿਸੇ ਦੂਜੇ ਕੋਲੋਂ ਜਾਨ ਦਾ ਫ਼ੌਰੀ ਖ਼ਤਰਾ ਬਣ ਜਾਂਦਾ ਹੈ, ਅੱਗੇ ਪਿੱਛੇ ਮੌਤ ਬਾਰੇ ਉਨ੍ਹਾਂ ਨੂੰ ਕੋਈ ਚਿੰਤਾ ਜਾਂ ਭੈ ਨਹੀਂ ਹੁੰਦਾ ਹੈ । ਜੂਨਾਂ ਦੇ ਸਰਦਾਰ, ਮਨੁੱਖ ਨੂੰ ਮੌਤ ਕੋਲੋਂ ਡਰਨ ਦਾ ਵਿਸ਼ੇਸ਼ ਕਾਰਨ, ਉਸ ਦਾ ਮਾਇਆ ਪ੍ਰਤੀ ਮੋਹ ਹੈ । ਹਾਏ ਮੈਂ ਕਿਤੇ ਮਰ ਨਾ ਜਾਵਾਂ, ਕੌਣ ਸਾਂਭੇਗਾ ਮਸਾਂ ਬਣਾਏ ਇਸ ਸਭ ਕੁਝ ਨੂੰ ? ਧੀਆਂ ਪੁੱਤਰ ਆਦਿ ਪਰਵਾਰ ਦੇ ਸਾਰੇ ਜੀਆਂ ਦਾ ਪਿਆਰ, ਸੱਜਣਾ ਮਿੱਤਰਾਂ ਤੋਂ ਵਿਛੋੜੇ ਦਾ ਭੈ, ਮਰਨ ਉਪ੍ਰੰਤ ਜਮਾਂ ਤੋਂ ਮਿਲਣ ਵਾਲੇ ਤਸੀਹਾਂ ਦਾ ਭੈ ਆਦਿ ਸਾਰੇ ਦਾ ਸਾਰਾ ਅਜੇਹਾ ਮਾਇਆ-ਜਾਲ ਹੈ ਜਿਸ ਵਿਚ ਫਸਿਆ ਮਨੁੱਖ ਕਈ ਪ੍ਰਕਾਰ ਦੇ ਦੁਖ ਸਹੇੜਦਾ ਰਹਿੰਦਾ ਹੈ ਅਤੇ ਮੌਤ ਦਾ ਤ੍ਰਾਸ ਉਸ ਨੂੰ ਕਈ ਵਾਰੀ ਆ ਘੇਰਦਾ ਹੈ।

੧੧- **ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ ਸੇਵਹਿ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ ਮਰਣੁ ਮਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ ੨ ॥**[੫੭੯]-ਛੰਤ-੨

**ਅਰਥ:**--ਹੇ ਲੋਕੋ ! ਮੌਤ ਨੂੰ ਮਾੜਾ ਨਾਂਹ ਆਖੋ (ਮੌਤ ਚੰਗੀ ਹੈ, ਪਰ ਤਦੋਂ ਹੀ, ਜੇ ਕੋਈ ਮਨੁੱਖ ਉਸ ਤਰੀਕੇ ਨਾਲ (ਜੀਊਂ ਕੇ) ਮਰਨਾ ਜਾਣਦਾ ਹੋਵੇ । ਉਸ ਤਰੀਕਾ ਇਹ ਹੈ ਕਿ) ਆਪਣੇ ਸਰਬ-ਸ਼ਕਤੀਮਾਨ ਮਾਲਕ ਨੂੰ ਸਿਮਰੋ, (ਤਾਂ ਕਿ ਜੀਵਨ ਦੇ ਸਫ਼ਰ ਵਿਚ) ਰਸਤਾ ਸੌਖਾ ਹੋ ਜਾਏ । (ਸਿਮਰਨ ਦੀ ਬਰਕਤਿ ਨਾਲ) ਸੌਖੇ ਜੀਵਨ-ਰਸਤੇ ਤੁਰੋਗੇ ਤਾਂ ਇਸ ਦਾ ਫਲ ਵੀ ਮਿਲੇਗਾ ਤੇ ਪ੍ਰਭੂ ਦੀ ਹਜ਼ੂਰੀ ਵਿਚ ਇਜ਼ਤ ਮਿਲੇਗੀ । ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਉਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ ਕੀਤੇ ਕਰਮਾ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਤੇ ਖ਼ਸਮ-ਪ੍ਰਭੂ ਨੂੰ ਚੰਗੇ ਲਗੋਗੇ । (ਜਿਹੜਾ ਜੀਵ ਇਹ ਭੇਟਾ ਲੈ ਕੇ ਜਾਂਦਾ ਹੈ ਉਹ) ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ । ਹੇ ਲੋਕੋ ! ਮੌਤ ਨੂੰ ਮਾੜਾ ਨਾ ਆਖੋ (ਪਰ ਇਸ ਗੱਗ ਨੂੰ ਉਹੀ ਸਮਝਦਾ ਹੈ) ਜਿਹੜਾ ਇਸ ਤਰ੍ਹਾਂ ਮਰਨਾਂ ਜਾਣਦਾ ਹੈ । ੨ ।

{ਏਹੀ ਪਾਵਨ ਗੁਰੂ-ਸ਼ਬਦ ਛੇਂਵੇਂ ਭਾਗ ਦ ਤੀਜੇ ਕੰਡ ਦੋਂ " ਮੌਤ ਦਾ ਭੈ " ਲੇਖ ਵਿਚ ਅਰਥਾਂ ਸਮੇਤ ਲਿਖਿਆ ਹੋਇਆ ਹੈ }

ਸਤਿਗੁਰੂ ਜੀ ਨੇ ਨਾਮ-ਅੰਮ੍ਰਿਤ ਦੀ ਦਾਤ ਦੁਆਰਾ, ਨਿਰਭਉ ਪ੍ਰਭੂ ਦਾ ਉਪਾਸ਼ਕ ਬਣਾ ਕੇ ਗੁਰਮੁਖਿ ਗੁਰਸਿੱਖ ਨੂੰ ਮੌਤ ਦੇ ਭੈ ਤੋਂ ਰਹਿਤ ਕਰ ਦਿੱਤਾ ਹੋਇਆ ਹੈ---**ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥**[੨੮੭] ਅਜੇਹੇ ਹੋਰ ਗੁਰਬਾਣੀ ਫ਼ੁਰਮਾਨਾਂ ਵਿਚੋਂ ਕੁਝ ਗੁਰੂ-ਵਾਕ ਇਸ ਪ੍ਰਕਾਰ ਹਨ:--

੧੨- **ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥ ੨ ॥ਜਨਮ ਮਰਣ ਦੁਖ** **ਕਾਟਿਆ ਸੁਖ ਕਾ ਥਾਨ ਪਾਇਆ ॥ ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥ ੩ ॥**[੮੧੪]-੨੨-੫੨

੧੩- **ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥ ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥ ੮ ॥**[੪੨੨]-੨੨

੧੪- **ਗੁਰਿ ਕੀਨੋ ਮੁਕਤਿ ਦੁਆਰਾ ॥ ਸਭ ਸ੍ਰਿਸਟਿ ਕਰੈ ਜੈਕਾਰਾ ॥ ਨਾਨਕ ਪ੍ਰਭੁ ਮੇਰੈ ਸਾਥੇ ॥**
**ਜਨਮ ਮਰਣ ਭੈ ਲਾਥੇ ॥ ੪ ॥** [੬੨੧]-੨-੫੨

੧੫- **ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦਿ ਤਿਸੁ ਸਦਾ ਧਿਆਈ ॥**
**ਜਨਮ ਮਰਣ ਭੈ ਕਾਟੇ ਮੋਹਾ, ਬਿਨਸੇ ਸੋਗ ਸੰਤਾਪੇ ਜੀਉ ॥ ੩ ॥** [੧੦੪]-੨੭-੩੪

੧੬- **ਗੁਰ ਕੀ ਦਾਤਿ ਨ ਮੇਟੈ ਕੋਈ ॥ ਜਿਸੁ ਬਖਸੇ ਤਿਸੁ ਤਾਰੇ ਸੋਈ ॥**
**ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥ ੧੨ ॥** [੧੦੩੦]-੪-੧੦

**ਅਰਥ:**--ਜਿਸ ਮਨੁੱਖ ਉਤੇ ਗੁਰੂ ਬਖ਼ਸ਼ਸ਼ ਕਰਦਾ ਹੈ ਉਸ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿੰਦਾ ਹੈ, ਕੋਈ ਆਦਮੀ ਗੁਰੂ ਦੀ ਇਸ ਬਖ਼ਸ਼ਸ਼ ਦੇ ਰਾਹ ਵਿਚ ਰੁਕਾਵਟ ਨਹੀਂ ਪਾ ਸਕਦਾ । (ਗੁਰੂ ਦੀ ਮਿਹਰ ਨਾਲ) ਜਿਸ ਮਨੁੱਖ ਦੇ ਮਨ ਵਿਚ ਉਹ ਅਪਰ ਅਪਾਰ ਪ੍ਰਭੂ ਆ ਵੱਸਦਾ ਹੈ **ਜਨਮ ਮਰਨ ਦਾ ਦੁੱਖ** ਉਸ ਦੇ ਨੇੜੇ ਨਹੀਂ ਢੁੱਕਦਾ । ੧੨ ।

ਇਸ ਤਰ੍ਹਾਂ **ਜਨਮ ਮਰਨ ਦਾ ਭੈ ਦੂਰ** ਕਰਨ ਦੇ ਉਪਦੇਸ਼ ਵਾਲੇ ਹੋਰ ਬੇਅੰਤ ਗੁਰੂ ਸ਼ਬਦ ਹਨ । ਕੇਵਲ ਜਨਮ ਮਰਨ ਦੇ ਭੈ ਤੋਂ ਛੁੱਟ ਹੋਰ ਵੀ ਹਰ ਪ੍ਰਕਾਰ ਦਾ ਭੈ ਦਾ ਨਾਸ ਕਰ ਦੇਣ ਲਈ ਗੁਰਦੇਵ ਜੀ ਦਾ **ਨਿਰਭਉ** ਸ਼ਬਦ, ਮੂਲ ਮੰਤ੍ਰ ਵਿਚ ਹੀ ਆ ਗਿਆ ਸੀ । ਫਿਰ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਵਿਚ, ਇਸ **ਨਿਰਭਉ** ਅਥਵਾ **ਭੈ** ਪਦ ਦੀ ਵਿਆਖਿਆ ਵਾਲੇ, ਅਤੇ ਹਰ ਪ੍ਰਕਾਰ ਦੇ **ਭੈ** ਨੂੰ ਨਾਸ ਕਰਨ ਦੇ ਗਿਆਨ ਦੀ ਬਖ਼ਸ਼ਸ਼ ਵਾਲੇ, ਸੈਕੜੇ ਗੁਰ ਫ਼ੁਰਮਾਨ ਹਨ, ਜਿਨ੍ਹਾਂ ਦਾ ਸਵਿਸਥਾਰ ਵੇਰਵਾ ਅੱਡਰੇ ਕਾਂਡ ਵਿਚ ਦਿੱਤਾ ਜਾ ਰਿਹਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਵਿਚ ਚੱਲਣ ਵਾਲੇ, ਨਾਮ ਰਸੀਏ ਗੁਰਮੁਖਾ ਦੇ ਹਿਰਦੇ ਦੇ ਨੇੜੇ ਕਿਸੇ ਵੀ ਪਰਕਾਰ ਦਾ **ਡਰ ਭਉ** ਕਿਵੇਂ ਆ ਸਕਦਾ ਹੈ ?--**ਓਹੁ ਅਬਿਨਾਸੀ ਰਾਇਆ ॥ ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥ ੧ ॥ ਰਹਾਉ ॥** [੨੦੬]-੫-੧੨੬ । ਫਿਰ ਨਿਤ ਨੇਮ ਕਰਦਿਆਂ " ਸੋ ਪੁਰਖੁ " ਬਾਣੀ ਵਿਚ ਜਿਹੜਾ ਸਿੱਖ ਸ਼ਾਮ ਵੇਲੇ ਰੋਜ਼ ਇਸ ਤੁਕ ਨੂੰ ਇਕਾਗਰਤਾ ਨਾਲ ਵਿਚਾਦਾ ਹੈ--**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥**ਉਸ ਦੇ ਮਨ ਵਿਚ ਕਿਸੇ ਵੀ ਪ੍ਰਕਾਰ ਦਾ ਭੈ ਕਿਵੇਂ ਰਹਿ ਜਾਵੇ ? ਗੁਰਮੁਖਾਂ ਨੂੰ ਕੇਵਲ ਏਹੀ ਹੈ--ਹਾਏ ! ਮੇਰਾ ਗੁਰੂ-ਪਰਮੇਸ਼ਰ, ਮੇਰਾ ਸੱਚਾ ਸਤਿਗੁਰ, ਮੈਥੋਂ ਕਿਤੇ ਵਿਸੱਰ ਨਾ ਜਾਵੇ ।

ਰਹਿਰਾਸ (ਬਾਣੀ) ਦੇ ਜ਼ਿਕਰ ਸਮੇਂ " **ਕਬਯੋਬਾਚ ਬੇਨਤੀ ਚਉਪਈ** " ਵਿਚਲੇ ਬਚਨਾਂ ਦਾ ਚੇਤਾ ਵੀ ਜ਼ਰੂਰ ਆਉਂਦਾ ਹੈ । ਇੱਕ ਪਾਸੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਤਾਂ ਮਨੁੱਖ ਨੂੰ ਮਰਨ ਕਾਲ ਤੋਂ ਨਿਰਭਉ ਕਰੀ ਜਾ ਰਿਹਾ ਹੈ, ਪਰ ਸ਼ਾਮ ਨੂੰ ਜਦ ਦਸ਼ਮੇਸ਼ ਜੀ ਦੇ ਇਹ ਫ਼ੁਰਮਾਨ ਪੜ੍ਹੀਏ ਤਾਂ ਮਨ ਵਿਚ ਮੌਤ ਸਮੇਂ ਦੇ ਕਸ਼ਟਾਂ ਦਾ ਗੰਭੀਰ ਭੈ ਬਣ ਜਾਣ ਵਿਚ ਕੋਈ ਰੋਕ ਨਹੀਂ ਰਹਿੰਦੀ ।

੧੭- **ਆਪ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**
**ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥ ੫ ॥**

**ਅਰਥ:**--(ਹੇ ਮਹਾਂ ਕਾਲ ਜੀਉ !) ਆਪਣਾ ਹੱਥ ਦੇ ਕੇ ਮੈਨੂੰ ਉਭਾਰ ਲਵੋ (-ਬਚਾ ਲਉ) । (ਮੇਰੇ ਮਨ ਵਿਚੋਂ) ਮੌਤ ਦੇ ਸਮੇ ਦਾ ਤ੍ਰਾਸ (ਦੁਖ, ਤਕਲੀਫ਼ ਦਾ ਭੈ) ਦੂਰ ਕਰ ਦਿਉ । ਸਦਾ ਮੇਰੇ ਪੱਖੀ (-ਪੱਛਾ) ਬਣੇ ਰਹੋ (ਅਰਥਾਤ ਮੇਰੀ ਹਰ ਸਮੇ ਮਦਦ ਕਰੋ) । ਹੇ ਅਸਿਧੁਜ ! (ਹੇ ਤਲਵਾਰ ਦੇ ਨਿਸ਼ਾਨ ਵਾਲੇ ਝੰਡੇ ਦੇ ਮਾਲਕ ! ਭਾਵ, ਹੇ ਮਹਾਂ ਕਾਲ ਜੀ !) ( ਹਰ ਔਕੜ ਸਮੇ ) ਮੇਰੀ ਰਖਿਆ ਕਰੋ । ੫ । [ਨਿਤਨੇਮ ਸਟੀਕਾਂ ਤੇ ਲਗ ਪਗ ਏਹੀ ਅਰਥ ਹਨ}

ਉਤਲੇ ਗੁਰਬਾਣੀ ਸ਼ਬਦਾਂ ਦੇ ਨਾਲ ਅਜੇਹੇ ਹੋਰ ਕਈ ਸ਼ਬਦ ਉਚਾਰਨ ਵਾਲੇ ਗੁਰੂ ਨਾਨਕ ਸਾਹਿਬ ਜੀ ਆਪਣੇ ਦਸਵੇਂ ਸਰੂਪ ਵਿਚ ਮੌਤ ਦੇ ਸਮੇਂ ਕੋਲੋਂ ਏਡੇ ਭੈ ਭੀਤ ਹੋ ਗਏ ? ਕੀ ਦਸਵੇ ਸਰੂਪ ਵਿਚ ਆ ਕੇ ਮੌਤ ਦੇ ਸਮੇ ਤੋਂ ਡਰਨ ਵਾਲੇ ਅਜੇਹੇ ਸ਼ਬਦ ਕਹਿਣ ਵਾਲੇ ਉਹੀ ਸਤਿਗੁਰੂ ਨਾਨਕ ਜੀ ਹਨ ਜਿਨ੍ਹਾਂ ਬਾਰੇ ਗੁਰਬਾਣੀ ਦਾ ਫ਼ੁਰਮਾਨ ਇਸ ਪ੍ਰਕਾਰ ਹੈ :--

੧੮- **ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ ਕਰਿ ਕਿਰਪਾ ਪ੍ਰਭ ਆਪਣੀ**
**ਜਪੀਐ ਅੰਮ੍ਰਿਤ ਨਾਮੁ ॥ ਜਨਮ ਮਰਣ ਦੁਖੁ ਕਾਟੀਐ** ਲਾਗੈ ਸਹਜਿ ਧਿਆਨੁ ॥ ੧ ॥ [੪੬]-੧੨-੮੨

**ਅਰਥ:**--ਜੇ ਪੂਰਾ ਗੁਰੂ ਮਿਲ ਪਏ, ਤਾਂ (ਉਸ ਪਾਸੋਂ) ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਖ਼ਜ਼ਾਨਾ (-ਸ਼ਬਦ) ਮਿਲ ਜਾਂਦਾ ਹੈ। ਹੇ ਪ੍ਰਭੂ ! ਆਪਣੀ ਮਿਹਰ ਕਰ ( ਗੁਰੂ ਮਿਲਾ, ਤਾਂ ਜੋ ) ਆਤਮਕ ਜੀਵਨ ਦੇਣ ਵਾਲਾ ਤੇਰਾ ਨਾਮ ਅਸੀ ਜਪ ਸਕੀਏ, ਅਤੇ ਜਨਮ ਮਰਨ ਦੇ ਗੇੜ ਵਿਚ ਪੈਣ ਦਾ ਦੁਖ ਦੂਰ ਕਰ ਲਈਏ, ਅਤੇ ਸਾਡੀ ਸੁਰਤਿ ਆਤਮਕ ਅਡੋਲਤਾ ਵਿਚ ਟਿਕ ਜਾਏ। ੧।

**ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥**[੧੮੬] ਪਿਉ ਦਾਦੇ ਕੋਲੋਂ ਮਿਲੇ ਅਨਮੋਲ ਰਤਨਾਂ ਦੇ ਅਥਾਹ ਖ਼ਜ਼ਾਨੇ ਵਿਚ ਇਹ ਫ਼ੁਰਮਾਨ ਰੂਪੀ ਅਨਮੋਲ ਰਤਨ ਵੀ ਤਾਂ ਦਸ਼ਮੇਸ਼ ਜੀ ਦੇ ਕੋਲ ਹੀ ਸੀ:--

੧੯- **ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥**
**ਅਬ ਕੈਸੇ ਮਰਉ, ਮਰਨਿ ਮਨੁ ਮਾਨਿਆ ॥ ਮਰਿ ਮਰਿ ਜਾਤੇ, ਜਿਨ ਰਾਮੁ ਨ ਜਾਨਿਆ**
**॥ ੧ ॥ ਰਹਾਉ ॥ ਮਰਨੋ ਮਰਨੁ ਕਹੈ ਸਭੁ ਕੋਈ ॥ ਸਹਜੇ ਮਰੈ, ਅਮਰੁ ਹੋਇ ਸੋਈ ॥ ੨ ॥**
**ਕਹੁ ਕਬੀਰ ਮਨਿ ਭਇਆ ਅਨੰਦਾ ॥ ਗਇਆ ਭਰਮੁ, ਰਹਿਆ ਪਰਮਾਨੰਦਾ ॥ ੨ ॥**[੩੨੭]-੨੦

**ਅਰਥ:**--ਜਿਸ ਮੌਤ ਨੇ ਸਾਰਾ ਸੰਸਾਰ ਡਰਾ ਦਿੱਤਾ ਹੋਇਆ ਹੈ, ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮੈਨੂੰ ਸਮਝ ਗਈ ਹੈ ਕਿ ਮੌਤ ਅਸਲ ਵਿਚ ਕੀ ਚੀਜ਼ ਹੈ **। ੧ ।** ਹੁਣ ਮੈਂ ਜਨਮ ਮਰਨ ਵਿਚ ਕਿਉਂ ਪਵਾਂਗਾ ? (ਭਾਵ, ਨਹੀਂ ਪਵਾਂਗਾ) (ਕਿਉਂਕਿ) ਮੇਰਾ ਮਨ ਆਪਾ-ਭਾਵ ਦੀ ਮੌਤ ਵਿਚ ਪਤੀਜ ਗਿਆ ਹੈ। (ਕੇਵਲ) ਉਹ ਮਨੁੱਖ ਸਦਾ ਜੰਮਦੇ ਮਰਦੇ ਹਨ ਜਿਨ੍ਹਾਂ ਨੇ ਪ੍ਰਭੂ ਨੂੰ ਨਹੀਂ ਪਛਾਣਿਆ (ਪ੍ਰਭੂ ਨਾਲ ਸਾਂਝ ਨਹੀਂ ਪਾਈ) **। ੧ । ਰਹਾਉ ।** (ਸੰਸਾਰ ਵਿਚ) ਹਰੇਕ ਜੀਵ " ਮੌਤ, ਮੌਤ " ਆਖ ਰਿਹਾ ਹੈ (ਭਾਵ, ਹਰੇਕ ਜੀਵ ਮੌਤ ਤੋਂ ਘਾਬਰ ਰਿਹਾ ਹੈ), (ਪਰ ਜੋ ਮਨੁੱਖ) ਅਡੋਲਤਾ ਵਿਚ (ਰਹਿ ਕੇ) ਦੁਨੀਆ ਦੀਆਂ ਖ਼ਾਹਸ਼ਾਂ ਤੋਂ ਬੇਪਰਵਾਹ ਹੋ ਜਾਂਦਾ ਹੈ ਉਹ ਅਮਰ ਹੋ ਜਾਂਦਾ ਹੈ (ਉਸ ਨੂੰ ਮੌਤ ਦਾ ਡਰਾ ਨਹੀਂ ਸਕਦੀ) **। ੨ ।** ਹੇ ਕਬੀਰ ਆਖ-(ਗੁਰੂ ਦੀ ਕਿਰਪਾ ਨਾਲ ਮੇਰੇ) ਮਨ ਵਿਚ ਆਨੰਦ ਪੈਦਾ ਹੋ ਗਿਆ ਹੈ, ਮੇਰਾ ਭੁਲੇਖਾ ਦੂਰ ਹੋ ਚੁੱਕਾ ਹੈ, ਪਰਮ ਸੁਖ (ਮੇਰੇ ਹਿਰਦੇ ਵਿਚ) ਟਿਕ ਗਿਆ ਹੈ। ੩।

ਪਰਮ ਆਨੰਦ ਨਾਲ ਸਦਾ ਲਈ ਜੁੜ ਚੁੱਕੇ ਦਸ਼ਮੇਸ਼ ਜੀ-**ਮਰਨ ਕਾਲ ਕਾ ਤ੍ਰਾਸ ਨਿਵਰਿਯੈ "** ਕਦੇ ਨਹੀਂ ਸਨ ਲਿਖ ਸਕਦੇ। ਮੌਤ ਦੇ ਸਮੇਂ ਡਰ ਦਸ਼ਮੇਸ਼ ਜੀ ਦੇ ਨੇੜੇ ਆਵੇ ਹੀ ਕਿਉ ?

ਕਿਡੇ ਦੁੱਖ ਵਾਲੀ ਸਥਿਤੀ ਹੈ, ਕਿ " **ਬੇਨਤੀ ਚੌਪਈ** " ਵਿਚ ਸਿੱਧਾ ਉਸ ਪੂਰੇ ਸਤਿਗੁਰੂ ਨੂੰ ਹੀ ਮੌਤ ਸਮੇ ਦੇ ਕਸ਼ਟਾਂ ਤੋਂ ਭੈ-ਭੀਤ ਹੋਇਆ ਦਰਸਾਇਆ ਹੋਇਆ ਹੈ ਜਿਹੜਾ ਜਨਮ ਤੋਂ ਪ੍ਰਭੂ ਪਿਆਰ ਵਿਚ ਰੰਗਿਆ ਹੋਇਆ ਹੈ ਅਤੇ ਜਿਸ ਦੀ ਸੁਰਤਿ ਸਦੀਵੀ ਆਤਮਕ ਅਡੋਲਤਾ ਵਿਚ ਟਿਕੀ ਹੋਈ ਸੀ। ਜਿਨ੍ਹਾਂ ਵਿਕਾਰਾਂ ਨੂੰ ਦੂਜੇ ਵਿਚ ਦਰਸਾਉਣ ਨਾਲ ਕਿਸੇ ਦਾ ਦਿਲ ਦੁਖਣਾ ਸੀ, ਉਹ ਸਤਿਗੁਰਾਂ ਨੇ ਆਪਣੇ ਆਪ ਵਿਚ ਦਰਸਾ ਕੇ, ਮਨੁੱਖਤਾ ਨੂੰ ਉਪਦੇਸ਼ ਦੇਣ ਦਾ ਢੰਗ ਤਾਂ ਜ਼ਰੂਰ ਵਰਤਿਆ ਹੈ ਜਿਵੇਂ--**ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ ॥** [੧੭੨] ਜਾਂ--**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥** [੧੫੬] ਅਤੇ---**ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ ॥** [੧੭੬] ਅਜਿਹੇ ਹੋਰ ਕਈ ਸ਼ਬਦ। ਜਿਸ ਨੂੰ ਉਪਦੇਸ਼ ਦੇਣਾ ਹੈ ਜੇ ਸਿੱਧਾ ਉਸ ਨੂੰ ਹੀ **ਦੁਸ਼ਟੀ** ਜਾਂ **ਨੀਚ ਕਰਮੀ** ਕਹਿ ਕੇ ਸੰਬੋਧਨ ਕੀਤਾ ਜਾਵੇ ਤਾਂ ਉਪਦੇਸ਼ ਨਿਸਫਲ ਜਾਂਦਾ ਹੈ। **ਪਰ ਆਪਣੇ ਆਪ ਨੂੰ ਡਰਿਆ ਹੋਇਆ** ਦਰਸਾ ਕੇ **ਦੂਜੇ ਨੂੰ ਨਿਰਭੈਤਾ ਦਾ ਉਪਦੇਸ਼**, ਕਿਸੇ ਸੁਧਾਰਕ ਨੇ ਕਦੇ ਨਹੀਂ ਦਿੱਤਾ। ਜਿਹੜਾ ਆਪ ਡਰਿਆ ਹੋਇਆ ਆਪਣੇ ਬਚਾਅ ਲਈ ਬੇਨਤੀਆਂ ਕਰ ਰਿਹਾ ਹੋਵੇ ਉਸ ਨੇ ਨਿਰਭੈਤਾ ਦਾ ਰਾਹ ਕੀ ਵਿਖਾਉਣਾ ਹੋਇਆ? ਜਿਹੜਾ ਆਪ ਮਰਨ ਦੇ ਸਮੇ ਤੋਂ ਡਰਦਾ ਹਰਿ ਹਰਿ ਕਰ ਰਿਹਾ ਹੈ ਉਸ--**ਪਹਿਲਾ ਮਰਣੁ ਕਬੂਲਿ ਜੀਵਣ ਦੀ ਛਡਿ ਆਸੁ**--ਸ਼ਬਦ ਆਪਣੇ ਮੂੰਹ ਵਿਚੋਂ ਕਦੇ ਨਹੀਂ ਬੋਲ ਸਕਦਾ। ਵਿਰੋਧੀ ਅਰਥਾਂ ਵਾਲੀਆਂ ਗੱਲਾਂ ਕਹਿਣੀਆਂ ਜਾਂ ਲਿਖਣੀਆਂ ਕੇਵਲ ਬਿੱਪ੍ਰ ਦੇ ਹਿੱਸੇ ਦੀ ਗੱਲ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਕਿਸੇ ਥਾਂ ਵੀ ਗੁਰਦੇਵ ਜੀ, ਮੌਤ ਤੋਂ ਅਥਵਾ ਮੌਤ ਸਮੇਂ ਦੇ ਕਥਿਤ ਕਸ਼ਟਾਂ ਤੋਂ ਭੈ-ਭੀਤ ਹੋਏ ਮਹਾਂਕਾਲ ਅੱਗੇ ਰਖਿਆ ਲਈ ਬੇਨਤੀਆਂ ਕਰਦੇ ਕਿਤੇ ਨਜ਼ਰ ਨਹੀਂ ਆਉਂਦੇ। ਸਗੋਂ ਉੱਪਰ ਅਸੀਂ ਵੇਖ ਆਏ ਹਾਂ ਕਿ ਸਤਿਗੁਰਾਂ ਦੇ ਅਨਮੋਲ ਬਚਨ ਮਨੁੱਖਤਾ ਨੂੰ ਜਨਮ ਮਰਨ ਦੇ ਭੈ ਤੋਂ ਸਦਾ ਲਈ ਮੁਕਤ ਕਰ ਰਹੇ ਹਨ। ਫਿਰ ਇਹ ਕਿਵੇਂ ਮੰਨ ਲਿਆ ਜਾਵੇ ਕਿ ਉਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਸਵੇ ਸਰੂਪ ਵਿਚ, (ਮਹਾਂਬਲੀ ਦਸ਼ਮੇਸ਼ ਜੀ ਦੇ ਰੂਪ ਵਿਚ), ਮੌਤ ਸਮੇ ਦੇ ਕਸ਼ਟਾਂ ਤੋਂ ਛੁਟਕਾਰੇ ਲਈ ਬੇਨਤੀਆਂ ਕਰ ਦੇ ਗਿੜਗੜਾ ਰਹੇ ਸਨ ? ਮਨ ਵਿਚ ਇਹ ਪ੍ਰਸ਼ਨ ਹੋਰ ਵੀ ਜ਼ੋਰ ਫੜਦਾ ਹੈ ਕਿ, ਜਿਹੜੇ ਵਿਦਵਾਨ ਗੁਰਸਿੱਖ, ਦਸਮ ਗੁਰੂ ਗ੍ਰੰਥ ਜੀ ਦੀਆਂ ਇਨ੍ਹਾਂ ਬਾਣੀਆਂ ਨੂੰ ਕਿਸੇ ਦੋਖੀ ਬ੍ਰਾਹਮਣ ਦੀ ਕਿਰਤ ਕਹਿ ਰਹੇ ਹਨ, ਉਨ੍ਹਾਂ ਨੂੰ ਸੱਚੇ ਕਿਸ ਕਾਰਨ ਨਹੀਂ ਮੰਨਿਆ ਜਾ ਰਿਹਾ ?

ਮੌਤ ਤੋਂ ਨਿਰਭੈ ਹੋ ਜਾਣ ਲਈ ਸਿੰਘਾਂ ਦੇ ਬੋਲੇ ਚੜ੍ਹਦੀ ਕਲਾ ਵਾਲੇ ਦਸ਼ਮੇਸ਼ ਜੀ ਦੇ ਸਮੇ ਬਣੇ ਸਨ--ਜਿਵੇਂ ਮਰ ਗਏ ਨੂੰ " ਚੜ੍ਹਾਈ ਕਰ ਗਿਆ ", ਅਕਾਲ ਚਲਾਣਾ ਕਰ ਗਿਆਂ, " ਸੱਚਖੰਡ ਨਿਵਾਸੀ ਹੋ ਗਿਆਂ " ਦੇਹ ਦਾ ਤਿਆਗ ਕਰ ਗਿਆ ' ਪੂਰਾ ਹੋ ਗਿਆ ਆਦਿ।

[ ਨੋਟ:- ਅਜੇਹੇ ਬੋਲੇ ਕੇਵਲ " ਮੌਤ ਨੂੰ ਮਖ਼ੌਲਾਂ ਕਰਨ ' ਦੀ ਮਾਨਸਕ ਦਲੇਰੀ Spirit ਦਾ ਪ੍ਰਗਟਾਵਾ ਕਰਨ ਦੇ ਸੰਬੰਧ ਵਿਚ ਹੀ ਸਨ। ਇਹ ਸਮਝ ਲੈਣਾ, **ਵਡੀ ਭੁੱਲ ਹੈ**, ਕਿ ਸਿੱਖ ਭਾਵੇ ਕਿੱਡਾ ਵੀ ਨੀਚ ਕਰਮੀ ਹੋਵੇ ਉਹ ਸਦਾ ਸੱਚ ਖੰਡ ਵਿਚ ਹੀ ਜਾ ਬਿਰਾਜਦਾ ਹੈ, ਜਾਂ ਮਰ ਕੇ ਪੂਰਾ ਹੋ ਜਾਂਦਾ ਹੈ ]

ਅਗਲਾ ਗੁਰਮਤਿ ਵਿਸ਼ਾ ਅਰੰਭ ਕਰਨ ਤੋਂ ਪਹਿਲਾਂ, ਆਉ ਏਸੇ ਸੰਬੰਧ ਵਿਚ, ਸਿੱਖੀ ਸਿਧਾਂਤ ਦੇ ਜਨਮ ਦਾਤਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਅਨਮੋਲ ਫ਼ੁਰਮਾਨ ਵਿਚਾਰ ਕੇ ਦ੍ਰਿੜ ਕਰ ਲੈਣ ਦਾ ਉੱਦਮ ਕਰ ਵੇਖੀਏ, ਸ਼ਾਇਦ ਸਾਡਾ ਇਹ ਚੰਚਲ ਮਨ ਸਥਿਰ ਰਹਿਣਾ ਮੰਨ ਜਾਣੇ:--

੨੦- **ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀਂ ਆਸ ॥ ਤੂ ਸਰਬ ਜੀਆ ਪ੍ਰਤਪਾਲਹੀ ਲੇਖੈ ਸਾਸ ਗਿਰਾਸ ॥**
**ਅੰਤਰਿ ਗੁਰਮੁਖਿ ਤੂ ਵਸਹਿ, ਜਿਉ ਭਾਵੈ ਤਿਉ ਨਿਰਜਾਸਿ ॥ ੧ ॥ ਜੀਅ ਰੇ, ਰਾਮ ਜਪਤ ਮਨੁ ਮਾਨੁ ॥**
**ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥ ੧ ॥ ਰਹਾਉ ॥ ਅੰਤਰਿ ਕੀ ਗਤਿ ਜਾਣੀਐ ਗੁਰ**
**ਮਿਲੀਐ ਸੰਕ ਉਤਾਰਿ ॥ ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ ਅਨਹਦ**
**ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥ ੨ ॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥**
**ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹਿ ਪੈਨਾਈਐ ਮੁਖਿ ਹਰਿ ਨਾਮ ਨਿਵਾਸ ॥ ੩ ॥**

**ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥ ੪ ॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾ ਰਸੁ ਭੋਗਵੈ ਬਾਹੁੜਿ ਭੂਖਿ ਨ ਹੋਇ ॥ ਨਾਨਕ ਇਹੁ ਮਨ ਮਾਰਿ ਮਿਲੁ, ਭੀ ਫਿਰਿ ਦੁਖੁ ਨ ਹੋਇ ॥ ੫ ॥**[੨੦/੨੧]-੧੯

**ਅਰਥ**:--ਹੇ (ਮੇਰੀ) ਜਿੰਦੇ ! (ਐਸਾ ਉੱਦਮ ਕਰ ਕਿ) ਪਰਮਾਤਮਾ ਦਾ ਨਾਮ ਸਿਮਰਦਿਆਂ ਸਿਮਰਦਿਆਂ ਮਨ (ਸਿਮਰਨ ਵਿਚ) ਗਿੱਝ ਜਾਏ । ਗੁਰੂ ਦੀ ਸਰਨ ਪੈ ਕੇ (ਸਿਮਰਨ ਦੀ ਰਾਹੀਂ) ਜਿਸ ਮਨੁੱਖ ਨੇ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ, ਉਸ ਦੀ ਅੰਦਰਲੀ ਤ੍ਰਿਸਨਾ ਦੀ ਸੜਨ ਬੁੱਝ ਜਾਂਦੀ ਹੈ ॥ ੧ ॥ ਰਹਾਉ ॥

(ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਸਿਮਰਨ ਦੀ ਬਰਕਤਿ ਨਾਲ ਉਸ ਨੂੰ) ਮੌਤ ਦਾ ਡਰ ਨਹੀਂ ਰਹਿੰਦਾ, ਹੋਰ ਲੰਮੀ ਉਮਰ ਦੀਆਂ ਆਸਾਂ ਨਹੀਂ ਬਣਾਉਂਦਾ, (ਉਸ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਹੇ ਪ੍ਰਭੂ !) ਤੂੰ ਸਾਰੇ ਜੀਵਾਂ ਦੀ ਪਾਲਨਾ ਕਰਦਾ ਹੈਂ, ਜੀਵਾਂ ਦਾ ਹਰੇਕ ਸਾਹ ਹਰੇਕ ਗਿਰਾਹੀ ਤੇਰੇ ਹਿਸਾਬ ਵਿਚ (ਤੇਰੀ ਨਜ਼ਰ ਵਿਚ) ਹੈ । (ਹੇ ਪ੍ਰਭੂ !) ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਦੇ ਅੰਦਰ ਤੂੰ ਪਰਗਟ ਹੋ ਜਾਂਦਾ ਹੈਂ, (ਉਸ ਨੂੰ ਇਹ ਯਕੀਨ ਬਣਿਆਂ ਰਹਿੰਦਾ ਹੈ ਕਿ) ਜਿਵੇਂ ਤੇਰੀ ਰਜ਼ਾ ਹੈ ਤਿਵੇਂ ਤੂੰ (ਸਭ੍ ਦੀ) ਸੰਭਾਲ ਕਰਦਾ ਹੈਂ **। ੧ ।** ਪੂਰੀ ਸਰਧਾ ਨਾਲ ਗੁਰੂ ਦੀ ਸਰਨ ਪੈ ਜਾਣਾ ਚਾਹੀਦਾ ਹੈ, (ਇਸ ਤਰ੍ਹਾਂ ਅੰਦਰ-ਵੱਸਦੇ ਪਰਮਾਤਮਾ ਦੀ ਸਮਝ ਪੈ ਜਾਂਦੀ ਹੈ, ਮਰਨ ਤੋਂ ਪਹਿਲਾਂ ਹੀ ਉਸ ਮੌਤ ਦਾ ਡਰ ਮਾਰ ਲਈਦਾ ਹੈ ਜਿਸ ਦੇ ਵੱਸ ਪੈਣਾ ਹੁੰਦਾ ਹੈ । (ਪਰ ਇਹ ਅਵਸਥਾ ਤਦੋਂ) ਪ੍ਰਾਪਤ ਹੁੰਦੀ ਹੈ ਜਦੋਂ ਗੁਰੂ ਦੀ ਦੱਸੀ ਸਿੱਖਿਆ ਉੱਤੇ ਤੁਰੀਏ, ਤੇ (ਪ੍ਰਭੂ ਦੀ ਸਿਫ਼ਤਿ ਸਾਲਾਹ ਵਾਲੇ) ਸੋਹਣੇ ਸ਼ਬਦ ਵਿਚ ਇਕ-ਰਸ (ਜੁੜੇ ਰਹੀਏ) **। ੨ ।** ਜਦੋਂ ਇਕ-ਰਸ ਸਿਫ਼ਤਿ-ਸਾਲਾਹ ਕਰ ਸਕਣ ਵਾਲੀ ਅਵਸਥਾ ਪ੍ਰਾਪਤ ਹੋ ਜਾਏ, ਤਾਂ ਉਸ ਅਵਸਥਾ ਵਿਚ (ਮਨੁੱਖ ਦੇ ਅੰਦਰੋਂ) ਹਉਮੈ ਦਾ ਨਾਸ ਹੋ ਜਾਂਦਾ ਹੈ (ਮੈਂ ਵੱਡਾ ਹੋ ਜਾਵਾਂ, ਮੈਂ ਵੱਡਾ ਹੋ ਜਾਵਾਂ--ਇਹ ਹਾਲਤ ਮੁੱਕ ਜਾਂਦੀ ਹੈ) । ਮੈਂ ਸਦਾ ਸਦਕੇ ਹਾਂ ਉਸ ਮਨੁੱਖ ਤੋਂ ਜੋ ਆਪਣੇ ਗੁਰੂ ਨੂੰ ਸੇਵਦਾ (= ਗੁਰੂ ਦੇ ਦੱਸੇ ਰਾਹ ਤੇ ਤੁਰਦਾ) ਹੈ, ਉਸ ਦੇ ਮੂੰਹ ਵਿਚ ਸਦਾ ਪ੍ਰਭੂ ਦਾ ਨਾਮ ਵੱਸਦਾ ਹੈ, ਉਸ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ **। ੩ ।** (ਪਰ ਸੰਸਰਾ ਦੀ ਹਾਲਤ ਹੋਰ ਤਰ੍ਹਾਂ ਦੀ ਬਣ ਰਹੀ ਹੈ) ਮੈਂ ਜਿਧਰ ਵੇਖਦਾ ਹਾਂ ਉਧਰ ਹੀ (ਮਨਮੁਖ) ਜੀਵ ਮਾਇਆ ਵਿਚ ਮਸਤ ਹੋ ਰਹੇ ਹਨ, (ਹਰ ਪਾਸੇ) ਮਾਇਆ ਤੇ ਜੀਵਾਂ ਦਾ ਗਠ-ਜੋੜ ਬਣਿਆ ਪਿਆ ਹੈ, ਮਨਮੁੱਖਾਂ ਦਾ ਸਰੀਰ ਮਾਇਆ ਦੇ ਤਿੰਨ ਗੁਣਾਂ ਵਿਚ ਹੀ ਬੱਝਾ ਹੋਇਆ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਜੇਹੜਾ ਵੀ ਜੀਵ ਜਗਤ ਵਿਚ ਆਇਆ ਉਹ ਇਹੀ ਖੇਡ ਖੇਡਦਾ ਰਿਹਾ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਪਰਮਾਤਮਾ ਨਾਲ ਮਿਲਾਪ ਹਾਸਲ ਹੀ ਨਹੀਂ ਕਰ ਸਕਦੇ, ਕਿਉਂਕਿ ਉਹ ਵਿਛੁੜ ਹੋਏ (ਸਦਾ) ਵਿਛੁੜੇ ਹੀ ਰਹਿੰਦੇ ਹਨ ਤੇ ਦੁੱਖ ਵਿਚ ਰਹਿੰਦੇ ਹਨ **। ੪ ।** (ਮਾਇਆ ਵਲੋਂ) ਵੈਰਾਗਵਾਨ ਮਨ (ਭਟਕਣਾ ਤੋਂ ਬਚਿਆ ਰਹਿ ਕੇ) ਆਪਣੇ ਸਰੂਪ ਵਿਚ ਟਿਕਿਆ ਰਹਿੰਦਾ ਹੈ, ਕਿਉਂਕਿ) ਉਹ ਪਰਮਾਤਮਾ ਦੇ ਅਦਬ ਵਿਚ ਰੰਗਿਆ ਰਹਿੰਦਾ ਹੈ । ਉਹ ਮਨ ਪਰਮਾਤਮਾ ਨਾਲ ਡੂੰਘੀ ਸਾਂਝ ਦਾ ਮਹਾਂ ਅਨੰਦ ਮਾਣਦਾ ਹੈ, ਉਸ ਨੂੰ ਮੁੜ ਮਾਇਆ ਦੀ ਤ੍ਰਿਸ਼ਨਾ ਨਹੀਂ ਵਿਆਪਦੀ । ਗੁਰਦੇਵ ਜੀ ਦਾ ਫ਼ੁਰਮਾਨ--(ਹੇ ਮਨੁੱਖ) ਤੂੰ ਵੀ ਇਸ ਮਨ ਨੂੰ (ਮਾਇਆ ਦੇ ਮੋਹ ਵਲੋਂ) ਮਾਰ ਕੇ (ਪ੍ਰਭੂ-ਚਰਨਾਂ ਵਿਚ) ਜੁੜਿਆ ਰਹੁ, ਫਿਰ ਕਦੇ ( ਪ੍ਰਭੂ ਤੋਂ ਵਿਛੋੜੇ ਦਾ) ਦੁੱਖ ਨਹੀਂ ਵਿਆਪੇਗਾ । ੫ ।

੨੧- **ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥**
**ਜਿਸ ਤੇ ਹੋਆ ਸੋਈ ਪਰੁਜਾਣੈ ਜਾਂ ਉਸ ਹੀ ਮਾਹਿ ਸਮਾਇ ॥ ੧ ॥**[੧੩੨੯]-੮

੩

# ਰੱਬੀ ਹੁਕਮ

ਅਸਾਂ ਮਰਨ-ਸੰਸਕਾਰਾਂ ਦਾ ਵਿਸ਼ਾ ਅਰੰਭਿਆ ਹੋਇਆ ਹੈ । ਪਿੱਛੇ ਗਰੁੜ ਪੁਰਾਣ ਦੀ ਜਾਣਕਾਰੀ ਵਾਲੇ ਲੇਖ ਵਿਚ ਅਥਵਾ ਕਿਰਿਆ-ਕਰਮ ਲੇਖ ਵਿਚ ਅਸਾਂ ਪੜ੍ਹ ਲਿਆ ਹੈ ਕਿ ਪੁਰਾਣਕ ਗ੍ਰੰਥਾਂ ਦੀ ਸਿਖਿਆ ਦੇ ਪਰਚਾਰ ਤੋਂ ਭਾਰਤੀ-ਮਨੁੱਖ ਦੇ ਮਨ ਵਿਚ ਪੱਕਾ ਭਰਮ ਬਣ ਚੁੱਕਾ ਹੈ ਕਿ, ਮਿਥੇ ਹੋਏ ਧਰਮ-ਕਰਮ (ਭਾਵ, ਤੀਰਥਾਂ ਦੇ ਇਸ਼ਨਾਨ,, ਹੋਮ-ਜਗ, ਪੁੰਨ-ਦਾਨ, ਜਪ, ਤਪ ਜਾਂ ਅਜੇਹੇ ਹੋਰ ਕਈ ਪ੍ਰਕਾਰ ਦੇ ਧਾਰਮਿਕ ਕਰਮ) ਕਰਨ ਤੇ ਵੀ, ਜੇ ਜ਼ਿੰਦਗੀ ਵਿਚ ਕੀਤੇ ਸਾਰੇ ਪਾਪ ਨਾਸ ਹੋਣੋ ਰਹਿ ਜਾਣ ਤਾਂ ਪ੍ਰਾਣੀ ਦੇ ਮਰਨ ਪਿਛੋਂ ਮਿਰਤਕ ਦੇ ਪੁੱਤ ਪੋਤਰੇ, ਬ੍ਰਾਹਮਣ ਦੀ ਮਰਜ਼ੀ ਅਨੁਸਾਰੇ, ਸ਼ਰਾਧ, ਪ੍ਰਾਣੀ ਨਿਮਿਤ ਦਾਨ ਪੁੰਨ ਆਦਿ ਕਰਦੇ ਰਹਿਣ ਤਾਂ ਮਿਰਤਕ ਦੇ ਪਾਪਾਂ ਦਾ ਨਾਸ ਹੋ ਨੇ ਮਿਰਤਕ ਨੂੰ ਸਵਰਗਾਂ ਵਿਚ ਥਾਂ ਮਿਲ ਸਕਦੀ ਹੈ । ਅਸੀਂ ਪ੍ਰੋਹਿਤ ਦੀ ਲੁੱਟ ਨੀਤੀ ਵਾਲਾ ਇਹ ਘਿਨਾਵਣਾ ਪੱਖ ਵੀ ਪੜ੍ਹ ਚੁੱਕੇ ਹਾਂ ਕਿ ਬ੍ਰਾਹਮਣ-ਗੁਰੂ ਦੇ ਵਸੀਲੇ ਨਾਲ, ਮਿਰਤਕ ਨੂੰ ਧਨ-ਦੌਲਤ, ਲੀੜੇ ਕੱਪੜੇ ਜੁੱਤੀ ਛੱਤਰੀ, ਬਿਸਤਰੇ ਭਾਂਡੇ, ਏਥੋਂ ਤੱਕ ਕਿ, ਲਵੇਰੀ ਗਊ ਵੀ ਪਿੱਤ੍ਰ ਲੋਕ ਵਿਚ ਪੁੱਜ ਸਕਣ ਦਾ ਫੋਕਾ ਭਰਮ ਹਿੰਦੂ ਧਰਮ ਦਾ ਅੰਗ ਬਣ ਚੁੱਕਾ ਹੈ। ਪਰ ਗੁਰਮਤਿ ਅਜੇਹੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਗੁਰਮਤਿ ਅਨੁਸਾਰ ਮਰੇ ਹੋਏ ਪ੍ਰਾਣੀ ਦੇ ਨਮਿਤ ਕੀਤੇ ਧਰਮ-ਕਰਮਾ ਦਾ ਕੋਈ ਵੀ ਫੱਲ ਮਿਰਤਕ ਨੂੰ ਨਹੀਂ ਮਿਲਦਾ। ਪਿਛਲੇ ਸਫ਼ਿਆਂ ਤੇ ਅਸਾਂ ਇਹ ਵੀ ਸਮਝ ਲਿਆ ਹੈ ਕਿ, ਮ੍ਰਿਤਕ ਨਿਮਿਤ, ਮਾਇਆ, ਬਿਸਤਰੇ, ਕੱਪੜੇ, ਭਾਂਡੇ ਆਦਿ, ਗੁਰੂ ਦਰਬਾਰ ਵਿਚ ਭੇਟਾ ਕਰਨੇ ਜਾਂ ਮਿਰਤਕ ਨਿਮਿਤ ਸਿੰਘਾਂ ਨੂੰ ਪਰਸ਼ਾਦ ਛਕਾਉਣਾ ਆਦਿ ਸਤਿਗੁਰਾਂ ਤੋਂ ਬੇਮੁਖ ਹੋ ਕੇ ਬਿੱਪ੍ਰ ਦਾ ਚੇਲਾ ਬਣ ਤੁੱਲ ਹੈ ।

ਹੁਣ ਅਸਾਂ ਸਤਗੁਰਾਂ ਤੋਂ ਕਰਮ-ਫਲ ਫ਼ਿਲਾਸਫ਼ੀ ਸਮਝਣੀ ਹੈ, ਭਾਵ--

**੧)** ਹੁਕਮ ਅਥਵਾ ਸੰਜੋਗ ਵਿਜੋਗ ਕੀ ਹਨ ? ਕਰਮ-ਲੇਖ ਕੀ ਹੈ ਅਤੇ ਕੀ ਇਹ ਲੇਖ ਧਰਮ ਰਾਜ ਦਾ ਮੁਨਸੀ, ਚਿੱਤ੍ਰ ਗੁਪਤ ਹੀ ਲਿਖਦਾ ਹੈ?

**੨)** ਬ੍ਰਾਹਮਣ ਦਾ ਇਹ ਬਚਨ ਕਿਸ ਹੱਦ ਤੱਕ ਸੱਚ ਹੈ, ਕਿ ਕੀਤੇ ਕਰਮਾਂ ਦਾ ਫੱਲ ਹਰ ਪ੍ਰਾਣੀ ਨੂੰ ਜ਼ਰੂਰੀ ਭੁਗਤਨਾ ਹੀ ਪੈਂਦਾ ਹੈ ?

**੩)** ਧਰਮਰਾਜ ਅਥਵਾ ਉਸ ਦੀ ਕਚਿਹਰੀ ਬਾਰੇ ਅਤੇ ਜਮ ਜਾਂ ਜਮਦੂਤਾਂ ਬਾਰੇ ਗੁਰਮਿਤ ਦਾ ਫ਼ੁਰਮਾਨ ਕੀ ਹੈ ?

**੪)** ਕੀ ਗੁਰਮਤਿ ਅਨੁਸਾਰ ਵੀ ਜੂੰਨਾਂ ਦੀ ਗਿਣਤੀ ਚੌਰਾਸੀ ਲੱਖ ਹੀ ਹੈ ?

## ਹੁਕਮ--

ਇਹ ਸਮਝਣਾ ਜ਼ਰੂਰੀ ਹੈ ਕਿ--**ਸਭਿ ਆਏ ਹੁਕਮਿ ਖਸਮਾਹੁ, ਹੁਕਮ ਸਭ ਵਰਤਨੀ ॥**[੭੨੩] ਖਸਮ-ਪ੍ਰਭੂ ਦੇ ਹੁਕਮ ਨਾਲ ਹੀ ਸਾਰੇ ਆਉਂਦੇ ਹਨ ਅਤੇ ਹਰ ਥਾਂ ਪ੍ਰਭੂ ਦਾ ਹੁਕਮ ਹੀ ਵਰਤ ਰਿਹਾ ਹੈ । " **ਹੁਕਮੀ ਆਵੈ, ਹੁਕਮੇ ਜਾਵੈ, ਹੁਕਮੇ ਰਹੈ ਸਮਾਈ ॥** [੯੪੦] ਹੁਕਮ-ਕਾਰ ਨੂੰ ਸਮਝਣਾ ਹੈ । ਜੇ ਅਸਾ " **ਹੁਕਮੀ** " ਨੂੰ ਅਤੇ ਉਸ ਦੇ " **ਹੁਕਮ** " ਨੂੰ ਠੀਕ ਤਰ੍ਹਾਂ ਸਮਝ ਲਿਆ ਤਾਂ ਉਪ੍ਰੋਕ ਵਰਣਨ ਸਾਰੇ ਵਿਸ਼ੇ ਸਮਝਣ ਵਿਚ ਔਕੜ ਨਹੀਂ ਆਉਂਣ ਲੱਗੀ ।

ਪਹਿਲਾਂ ਅਸੀਂ ਇਹ ਸਮਝ ਲਈਏ ਕਿ, ਕੀ ਇਹ " ਰੱਬੀ ਹੁਕਮ " ਉਸੇ ਤਰ੍ਹਾਂ ਦੀ ' ਆਗਿਆ " ਜਾਂ ਆਦੇਸ਼ ਹੈ, ਜੋ ਇਕ ਹਾਕਮ ਆਪਣੇ ਹਜ਼ੂਰੀਏ ਨੂੰ ਜਾਂ ਇਕ ਮਾਲਕ ਆਪਣੇ ਨੌਕਰ ਨੂੰ ਦਿੰਦਾ ਹੈ ? ਪ੍ਰਭੂ ਦੀ ਮਰਜ਼ੀ ਨਾ ਹੋਵੇ ਤਾਂ ਕਦੇ ਕੋਈ ਦੁਰਘਟਣਾ ਨਹੀਂ ਵਾਪਰ ਸਕਦੀ । ਅਤੇ ਫਿਰ ਅਸਾਂ ਹੁਣੇ ਹੀ ਪੜ੍ਹਿਆ ਹੈ ਕਿ ਸਾਰੇ ਜੀਵ ਉਸ ਖ਼ਸਮ ਦੇ ਘੱਲੇ ਆਉਂਦੇ ਹਨ ਅਤੇ ਉਸ ਦੇ ਹੁਕਮ ਵਿਚ ਸਾਰੀ ਕਿਰਤ ਵਿਹਾਰ ਕਰਦਿਆਂ ਜ਼ਿੰਦਗੀ ਗੁਜ਼ਾਰ ਕੇ, ਪ੍ਰਭੂ-ਖ਼ਸਮ ਦੇ ਸੱਦੇ ਹੋਏ ਹੀ ਏਥੋਂ ਉਠ ਤੁਰਦੇ ਹਨ । ਕੀ ਹਰ ਪ੍ਰਾਣੀ ਉਸ ਪਰਮਾਤਮਾ ਦੀ ਕਿਸੇ ਵਿਸ਼ੇਸ਼ ਆਗਿਆ ਨਾਲ ਜੰਮਦਾ ਮਰਦਾ ਹੈ ? ਸੋਹਿਲੇ ਵਿਚ ਅਸੀਂ ਰੋਜ਼ ਪੜ੍ਹਦੇ ਹਾਂ ਕਿ ਮੌਤ ਦੇ ਸੱਦੇ ਨਿਤ ਪੈਂਦੇ ਰਹਿੰਦੇ ਹਨ--**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥ ੪ ॥** ਇਸ ਮਹਾਂਵਾਕ ਦੀ ਅਸਲ ਭਾਵਣਾ ਸਾਮਝਣ ਦੀ ਥਾਂ, ਅਸਾਂ ਇਹ ਨਿਰਣਾ ਕਰ ਲਿਆ ਹੋਇਆ ਹੈ ਕਿ ਪਰਮਾਤਮਾ ਜੀਵਾਂ ਦੇ ਜੰਮਣ ਦੇ ਅਤੇ ਮਰਨ ਦੇ ਉਚੇਚੇ ਆਦੇਸ਼ ਪੱਤਰ ਜਾਂ ਹੁਕਮ-ਨਾਮੇ ਭੇਜਦਾ ਰਹਿੰਦਾ ਹੈ ।

ਪ੍ਰਚਲਤ ਕਹਾਵਤ ਹੈ ਕਿ, " ਉਸ ' (ਪਰਮਾਤਮਾ) ਦੇ ਹੁਕਮ ਤੋਂ ਬਿਨਾਂ ਤਾਂ ਇੱਕ ਪੱਤਾ ਵੀ ਨਹੀਂ ਹਿੱਲਦਾ । ਜਦੋਂ ਉਸ ਦੀ ਮਰਜ਼ੀ ਹੁੰਦੀ ਹੈ ਉਦੋਂ ਉਹ ਭੁਚਾਲ ਆਉਣ ਦੀ ਆਗਿਆ ਦੇ ਦਿੰਦਾ ਹੈ, ਜਦੋਂ ਉਸ ਦਾ ਦਿਲ ਕਰਦਾ ਹੈ ਤਾਂ ਮੀਂਹ ਝੱਖੜ, ਵਾ-ਵਿਰੋਲਿਆਂ ਦਾ ਭਿਆਨਕ ਤੂਫ਼ਾਨ ਭੇਜ ਕੇ ਕਈ ਜੀਵਾਂ ਦਾ ਨਾਸ ਕਰ ਦਿੰਦਾ ਹੈ । ਲਗਪਗ ਮੀਲ ਭਰ ਉਚੀਆਂ ਸਮੁੰਦਰੀ-ਲਹਿਰਾਂ ਦਾ ਮਾਰੂ ਤੁਫਾਨ ਭੇਜ ਕੇ ਰੱਬ ਲੱਖਾਂ ਹਜ਼ਾਰਾਂ ਜਾਨਾਂ ਨੂੰ ਮਾਰ ਮੁਕਾਉਂਦਾ ਹੈ ਅਤੇ ਮਨੁੱਖ ਦੀ ਕਮਾਈ ਨਾਲ ਬਣੀ ਅਰਬਾਂ ਖਰਬਾਂ ਦੀ ਜਾਇਦਾਦ ਤਬਾਹ ਬਰਬਾਦ ਕਰ ਦਿੰਦਾ ਹੈ । ਕਿਤੇ ਗੱਡੀਆਂ ਭਿੜ ਰਹੀਆਂ ਹਨ, ਤੇ ਕਿਤੇ ਸੈਂਕੜੇ ਸਵਾਰੀਆਂ ਸਮੇਤ ਵੱਡੇ ਵੱਡੇ ਜਹਾਜ਼ ਤਬਾਹ ਹੋ ਰਹੇ ਹਨ । ਕਿਤੇ ਜੰਗਾਂ ਵਿਚ ਗ਼ਰੀਬ ਲੋਕਾਂ ਤੇ ਅਸਹਿ ਅਤੇ ਅਕਹਿ ਜ਼ੁਲਮ ਹੋ ਰਹੇ ਹਨ, ਅਤੇ ਇੱਕ ਗੋਲੇ (ਐਟਮ ਬੰਬ) ਦੇ ਫਟਦਿਆਂ ਹੀ ਲੱਖਾਂ ਜੀਵ-ਜੰਤ ਛਿਨ-ਭੰਗਰ ਵਿਚ ਸੁਆਹ ਹੋ ਗਏ । ਕਿਸੇ ਥਾਂ ਛੂਤ ਦੀਆਂ ਭਿਆਨਕ ਅਸਾਧ ਬਿਮਾਰੀਆਂ ਫੈਲ ਰਹੀਆਂ ਹਨ । ਅਜੇਹੀਆਂ ਭਿਆਨਕ ਤਬਾਹੀਆਂ ਦੇ ਸਮੇ, ਬੇ ਸ਼ੁਮਾਰ ਜੀਵ ਮਰ ਰਹੇ ਹੁੰਦੇ ਹਨ । ਮਨੁੱਖਾਂ ਦੇ ਮਾਸੂਮ ਬੱਚੇ ਉਨ੍ਹਾਂ ਦੇ ਹੱਥਾਂ ਵਿਚ ਭੁੱਖ ਨਾਲ ਸਹਿਕ ਸਹਿਕ ਕੇ ਹਜ਼ਾਰਾਂ ਦੀ ਗਿਣਤੀ ਵਿਚ ਰੋਜ਼ ਜਾਨਾਂ ਗੁਆ ਰਹੇ ਹੁੰਦੇ ਹਨ । ਕਿਤੇ ਬੜੇ ਭਿਆਨਕ ਸੋਕੇ ਪਏ ਹੋਏ ਹਨ, ਜਿਸ ਕਾਰਨ ਮਨੁੱਖੀ ਪਰਵਾਰਾਂ ਸਮੇਤ ਸਭ ਕਿਸਮਾ ਦੇ ਪਾਲਤੂ ਅਤੇ ਜੰਗਲੀ ਪਸ਼ੂ ਪੰਖੀ ਸਹਿਕ ਸਹਿਕ ਕੇ ਅਥਵਾ ਅੱਡੀਆਂ ਰਗੜ ਰਗੜ ਕੇ ਬੁਰੀ ਹਾਲੀਂ ਹਜ਼ਾਰਾਂ ਦੀ ਗਣਤੀ ਵਿਚ, ਨਿੱਤ ਮਰ ਰਹੇ ਹੁੰਦੇ ਹਨ । ਹਰ ਪਾਸੇ ' ਹਾਏ ਰੱਬਾ, ਹਾਏ ਰੱਬਾ " ਹੋ ਰਹੀ ਹੁੰਦੀ ਹੈ । ਜਾਂ ਆਪਣੀ ਆਪਣੀ ਬੋਲੀ ਵਿਚ ਵਿਚ ਰੱਬ ਦੀ ਦਰਗਾਹ ਵਿਚ ਰਹਿਮ ਦੀਆਂ ਅਰਦਾਸਾਂ ਕੀਤੀਆਂ ਜਾ ਰਹੀਆਂ ਹੁੰਦੀਆਂ ਹਨ । ਵਾਸਤਵ ਵਿਚ, ਇਨ੍ਹਾਂ ਘੋਰ ਮੁਸੀਬਤਾਂ ਦਾ ਭੇਜਣਹਾਰ, ਅਥਵਾ ਇਸ ਸਾਰੀ ਨਿਰਦਇਤਾ ਦਾ ਜਿੰਮੇਵਾਰ, ਹਰ ਥਾਉਂ ਅਕਾਲਪੁਰਖ ਨੂੰ ਹੀ ਗਰਦਾਨਿਆਂ ਜਾ ਰਿਹਾ ਹੁੰਦਾ ਹੈ । ਨਵ-ਜਨਮਿਆਂ ਬੱਚਿਆਂ ਦੀ ਮਾਸੂਮੀਅਤ ਦਾ ਵੀ ਕੋਈ ਲਿਹਾਜ਼ ਨਾ ਕਰਕੇ ਸਮੂਹਕ ਨਾਸ ਕਰਨ ਵਾਲੀ ਨਿਰਦਇਤਾ ਅਤੇ ਬੇਰਹਿਮੀ ਜਿਸ ਪਰਮਾਤਮਾ ਦਾ ਸੁਭਾ ਹੋਵੇ ਉਸ ਪ੍ਰਤੀ ਭਿਆਨਕ ਡਰ ਤਾਂ ਬਣ ਸਕਦਾ ਹੈ ਪਰ ਪਿਆਰ ਅਥਵਾ ਪ੍ਰੇਮ ਬਣ ਜਾਣਾ ਅਸੰਭਵ ਹੋ ਦਿੱਸਦਾ ਹੈ । ਅਤੇ ਫਿਰ ਜਦ ਇਹ ਵੇਖੀਏ ਕਿ ਜਾਪ ਸਾਹਿਬ ਵਿਚ ਰੱਬ ਦੇ ਇਸ ਜ਼ਾਲਮਾਂ ਵਾਲੇ ਕਰਮ ਤੋਂ ਸਗੋਂ ਨਮਸਕਾਰਾਂ ਕੀਤੀਆਂ ਹੋਈਆਂ ਹਨ, ਤੱਦ ਪ੍ਰੇਸ਼ਾਨੀ ਹੋਰ ਵੀ ਵਿਧਦੀ ਹੈ--**ਨਮੋ ਨਿੱਤ ਨਾਰਾਇਣੇ ਕ੍ਰੂਰ** (ਕਰੂਰ) **ਕਰਮੇ ॥ ...੫੪ ॥**

ਕੀ ਸਿਰਜਣਹਾਰ ਵਾਕਿਆ ਹੀ ਕ੍ਰੂਰ ਕਰਮੀ, ਭਾਵ, ਨਿਰਦਈ ਹੈ ? ਉੱਪਰ ਲਿਖੇ ਏਡੇ ਵੱਡੇ ਨਿਰਦਾਇਤਾ ਵਾਲੇ ਕੰਮ ਕਰਨ ਵਾਲੇ ਰੱਬ ਨੂੰ ਫਿਰ--ਕਰੀਮਾ, ਰਹੀਮਾ --ਭਾਵ, ਰਹਿਮ ਅਤੇ ਬਖ਼ਸ਼ਸ਼ਾਂ ਦਾ ਮਾਲਕ ਵੀ ਫ਼ੁਰਮਾਨ ਕੀਤਾ ਹੈ । ਪਰਮਾਤਮਾਂ ਨੂੰ ਸਤਿਗੁਰਾਂ ਨੇ ਮੂਲ ਮੰਤ੍ਰ ਵਿਚ ਹੀ " ਨਿਰਵੈਰ " ਫ਼ੁਰਮਾ ਕੇ ਮਨੁੱਖ ਨੂੰ ਤਸੱਲੀ ਕਰਾ ਦਿੱਤੀ ਕਿ ਪਰਮਾਤਮਾ ਵੈਰੀ ਨਹੀਂ ਸਗੋਂ--**ਹਰਿ ਸਾ ਮੀਤੁ ਨਾਹੀ ਮੈ ਕੋਈ ॥** ਗੁਰੂ ਗ੍ਰੰਥ ਸਾਹਿਬ ਵਿਰ ਪਰਮਾਤਮਾ ਨੂੰ ਥਾਪਿ- ਉਥਾਪਣਹਾਰਾ ਜ਼ਰੂਰ ਕਿਹਾ ਹੈ, ਨਦੀਆਂ ਵਿਚ ਟਿੱਬੇ ਅਤੇ ਥਲਾ ਵਿਚ ਪਹਾੜ ਬਣਾ ਸਕਣ ਵਾਲਾ ਵੀ ਕਿਹਾ ਹੈ, ਰਾਜੇ ਤੋਂ ਰੰਕ ਅਤੇ ਰੰਕ ਤੋ ਰਾਜਾ ਬਣਾ ਦੇਣ ਵਾਲਾ ਵੀ ਕਿਹਾ ਹੇ, ਪਰ ਕਿਸੇ ਇੱਕ ਥਾਂ ਵੀ ਪ੍ਰਭੂ ਨੂੰ ਨਿਰਦਇਤਾ ਵਾਲੇ ਕੰਮ ਕਰਨ ਵਾਲਾ ਕ੍ਰੂਰ ਕਰਮੀ ਨਹੀਂ ਕਿਹਾ । ਸਤਿਗੁਰੂ ਜੀ ਨੇ ਤਾਂ ਪਰਮਾਤਮਾ ਨੂੰ ਦੁੱਖਾਂ ਦਾ ਨਾਸ ਕਰਨ ਵਾਲਾ-**ਦੁਖ ਭੰਜਨ ਤੇਰਾ ਨਾਮ "** ਅਤੇ ਕੀਮਤੀ ਪਦਾਰਥਾਂ ਦਾ ਖ਼ਜ਼ਾਨਾ ਫ਼ੁਰਮਾਨ ਕੀਤਾ ਹੈ-**ਦੁਖ ਭੰਜਨ ਨਿਧਾਨ ਅਮੋਲੇ ॥** [੯੯] ਸੁਖਮਨੀ ਸਾਹਿਬ ਵਿਚ ਪੰਚਮ ਪਾਤਿਸ਼ਾਹ ਜੀ ਨੇ ਅਕਾਲਪੁਰਖ ਨੂੰ--**ਨਿਰਾਹਾਰ ਨਿਰਵੈਰ ਸੁਖਦਾਈ ॥** ਫ਼ੁਰਮਾਇਆ ਹੈ । ਪ੍ਰਭੂ ਆਪਣੀ ਕਿਰਤ ਦਾ ਕੇਵਲ ਰਾਖਾ ਹੀ ਨਹੀਂ ਸਗੋਂ ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਉਹ ਜੀਵਾਂ ਨਾਲ ਮਾਤਾ ਪਿਤਾ ਵਰਗਾ ਪਿਆਰ ਕਰਦਾ ਹੈ---**ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ।**[੭੮੩] ਵਾਹਿਗੁਰੂ ਜੀ ਬਾਰੇ ਸਤਿਗੁਰਾਂ ਨੇ ਤਾਂ ਏਥੋਂ ਤੱਕ ਫ਼ੁਰਮਾਇਆ ਹੈ ਕਿ--" ਮੇਰਾ ਮਾਤਾ ਪਿਤਾ, ਸੰਬੰਧੀ ਭਰਾ ਆਦਿ ਸਭ ਕੁਝ ਤੂੰ ਹੀ ਹੈਂ । ਸਭਨੀ ਥਾਈ ਤੂੰ ਹੀ ਸਾਡਾ ਰਾਖਾ ਹੈ, ਇਸ ਲਈ ਸਾਨੂੰ ਕਿਸੇ ਪ੍ਰਕਾਰ ਦੀ ਚਿੰਤਾ ਕਿਉਂ ਹੋਵੇ----**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥** [੧੦੩] ਅਤੇ ਫਿਰ ਸਿਰਜਣਹਾਰ ਪ੍ਰਭੂ ਬਾਰੇ ਸਤਿਗੁਰਾਂ ਨੇ ਇਉਂ ਵੀ ਫ਼ੁਰਮਾਇਆ ਹੈ--**ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥ ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ੨ ॥**[੬੭੭] ਫਿਰ ਜਿਸ ਪਰਮਾਤਮਾ ਨੂੰ ਸਤਿਗੁਰੂ ਜੀ ਇਨ੍ਹਾਂ ਪਿਆਰ ਅਤੇ ਭਰੋਸੇ ਭਰੀ ਸ਼ਰਧਾ ਵਾਲੇ ਬਚਨਾ ਨਾਲ ਯਾਦ ਕਰਦੇ ਥੱਕਦੇ ਹੀ ਨਾ ਹੋਣ ਕਿ ---**ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥ ੪ ॥** [੪੩]-੫-੭੫ [ਗੁਰਬਾਣੀ ਵਿਚ ਇਹੋ ਜਿਹੇ ਹੋ ਬੇਅੰਤ ਗੁਰੂ ਫ਼ੁਰਮਾਨ ਹਨ]

ਉਸੇ ਸਿਜਣਹਾਰ ਬਾਰੇ ਕਦੇ ਇਹ ਸੋਚਿਆ ਵੀ ਕਿਵੇਂ ਜਾਵੇ ਕਿ ਦੁਨੀਆਂ ਤੇ ਸਮੂਹਕ ਤਬਾਹੀਆਂ ਕਰ ਦੇਣ ਦਾ ਹੁਕਮ ਉਸੇ ਮਿਠਬੋਲੜੇ ਸੱਜਣ ਸੁਆਮੀ ਦਾ ਹੁੰਦਾ ਹੈ, ਜਿਸ ਨੂੰ ਸਿਵਾਏ ਪਿਆਰ ਦੀ ਬੋਲੀ ਦੇ ਹੋਰ ਕੋਈ ਭਾਸ਼ਾ ਆਉਂਦੀ ਹੀ ਨਾ ਹੋਵੇ ? ਜਿਸ ਦੀ ਭਾਖਿਆ ਹੈ ਹੀ ਪਿਆਰ---**ਭਾਖਿਆ ਭਾਉ ਅਪਾਰ ॥** ਜਪੁ-੪] ਫਿਰ ਇਹ ਸਮੂਹਕ ਤਾਬਾਹੀਆਂ ਕੀ ਪਰਮਾਤਮਾ ਦੇ ਹੁਕਮ ਨਾਲ ਨਹੀਂ ਹੁੰਦੀਆਂ ? ਫਿਰ ਇਨ੍ਹਾਂ

ਸਮੂਹਕ ਬਰਬਾਦੀਆਂ ਦਾ ਜ਼ਿੰਮੇਵਾਰ ਕੌਣ ਹੈ ? ਉਹ ਕਰੂਰ ਕਰਮੀ ਕਿਹੜੀ ਸ਼ਕਤੀ ਹੈ ? ਜੇ ਰੱਬ ਸਾਡੇ ਨਾਲ ਮਾਤਾ ਪਿਤਾ ਵਾਲਾ ਪਿਆਰ ਕਰਦਾ ਹੈ ਤਾਂ ਫਿਰ ਸਮੂਹਕ ਤਬਾਹੀਆਂ ਕਿਸ ਦੇ <u>ਹੁਕਮ</u> ਨਾਲ ਹੁੰਦੀਆਂ ਹਨ ? ਆਉ ਪ੍ਰਭੂ ਦੇ <u>ਹੁਕਮ</u> ਦੀ ਇਸ ਕਾਰ ਨੂੰ ਸਮਝਣ ਦਾ ਯਤਨ ਕਰੀਏ ?

## <u>ਹੁਕਮ ਕਿ ਬੁਝਾਰਤ</u> ?

ਹੁਕਮ ਜਾਂ ਆਦੇਸ਼ ਦੀ ਪਾਲਣਾ ਤਦ ਹੀ ਹੋ ਸਕਦੀ ਹੈ, ਜੇ ਇਹ ਸਮਝ ਆ ਜਾਵੇ ਕਿ ਇਸ ਹੁਕਮ ਅਨੁਸਾਰ ਕਰਨਾ ਕੀ ਹੈ ? ਜਪੁ ਜੀ ਸਾਹਿਬ ਦੀ ਦੂਜੀ ਪਉੜੀ ਦੀ ਪਹਿਲੀ ਤੁਕ ਵਿਚ ਹੀ ਫ਼ੁਰਮਾਨ ਹੈ---**ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥** ਭਾਵ, ਅਕਾਲਪੁਰਖ ਦੇ ਜਿਸ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ, ਉਹ ਹੁਕਮ ਕਿਹਾ ਨਹੀਂ ਜਾ ਸਕਦਾ, ਕਿਸੇ ਨੂੰ ਦੱਸਿਆ ਨਹੀਂ ਜਾ ਸਕਦਾ । ਅਰਥਾਤ ਪ੍ਰਭੂ ਦੇ ਉਸ ਹੁਕਮ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ । ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਪ੍ਰਭੂ ਦਾ ਹੁਕਮ ਆਗਿਆ ਜਾਂ ਆਦੇਸ਼ ਨਹੀਂ, ਕੁਝ ਹੋਰ ਹੈ।

## <u>ਹੁਕਮ ਵਡਾ ਕਿ ਕੰਮ</u> ?

ਸਾਧਾਰਨ ਬੋਲੀ ਅਨੁਸਾਰ ਅਸੀਂ " ਹੁਕਮ ' ਦਾ ਅਰਥ ਆਗਿਆ ਜਾਂ ਆਦੇਸ਼ ਸਮਝਦੇ ਹਾਂ । ਭਾਵ, ਅਜੇਹਾ ਆਦੇਸ਼ ਜਿਸ ਤੋਂ ਆਪਣੀ ਮਰਜ਼ੀ ਕਿਸੇ ਦੂਜੇ ਤੋਂ ਪੂਰੀ ਕਰਵਾਈ ਜਾਂਦੀ ਹੈ । ਅਜੇਹੇ ਹੁਕਮ ਜਾਂ ਆਦੇਸ਼, ਆਪਣੇ ਆਪ ਵਿਚ ਵੱਡੇ ਜਾਂ ਛੋਟੇ ਨਹੀਂ ਹੋਇਆ ਕਰਦੇ । ਜਿਸ ਕੰਮ ਦੇ ਕਰਨ ਲਈ, ਕੋਈ ਹੁਕਮ, ਅਦੇਸ਼ ਜਾਂ ਆਗਿਆ ਹੁੰਦੀ ਹੈ ਸਦਾ ਉਹ " ਕੰਮ " ਹੀ ਵਡਾ ਜਾਂ ਛੋਟਾ ਹੁੰਦਾ ਹੈ । ਜਿਵੇਂ ਇਹ ਵੀ ਇੱਕ ਹੁਕਮ ਹੀ ਹੈ -- ਤੂੰ ਜਾ ਕੇ ਮੇਰੇ ਲਈ ਉਸ ਨਲਕੇ ਵਿਚੋਂ ਪਾਣੀ ਦਾ ਗਲਾਸ ਲਿਆ " । ਪਰ ਇਹ ਵੀ ਤਾਂ ਇਕ ਹੁਕਮ ਹੀ ਹੈ----" ਦੁਸ਼ਮਣ ਦੇਸ਼ ਤੇ ਹੱਲਾ ਬੋਲਣ ਦਾ ਪ੍ਰਬੰਧ ਕਰੋ " । ਪਾਣੀ ਲਿਆਉਣ ਵਾਲੀ ਆਗਿਆ ਦੇ ਅੱਖਰ ਬਹੁਤੇ ਹਨ ਪਰ ਕੰਮ ਬੜਾ ਛੋਟਾ ਹੈ, ਜਦ ਕਿ ਦੂਜੇ ਹੁਕਮ ਦੇ ਅੱਖਰ ਥੋਹੜੇ ਹਨ ਪਰ ਕੰਮ ਬੜਾ ਵੱਡਾ ਹੈ । ਸੋ ਹੁਕਮ ਆਪਣੇ ਆਪ ਵਿਚ ਵੱਡਾ ਨਿੱਕਾ ਨਹੀਂ ਹੁੰਦਾ ਸਦਾ ' ਕੰਮ " ਹੀ ਵੱਡਾ ਜਾਂ ਛੋਟਾ ਹੁੰਦਾ ਹੈ । ਪਰ ਏਧਰ ਸਤਿਗੁਰਾਂ ਨੇ ਤਾਂ ਇਉਂ ਫ਼ੁਰਮਾਨ ਕੀਤਾ ਹੈ:--

੨੨- **ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲ ਨ**
**ਪੁਜਾਵਹਿ ਰੋਇ ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥ ੨ ॥**[੫੩]-੧

ਤੇਰਾ ਹੁਕਮ ਕਿਡੇ ਵਿਸਥਾਰ ਵਾਲਾ ਹੈ ਅਤੇ ਕਿੰਨਾ ਅਟੱਲ ਹੈ ਇਹ ਬਿਆਨ ਤੋਂ ਬਾਹਰ ਹੈ । ਭਾਵੇਂ ਸੈਂਕੜੇ ਕਵੀ ਇੱਕਠੇ ਕੀਤੇ ਜਾਣ ਤਾਂ ਉਹ ਵੀ ਤੇਰੇ ਹੁਕਮ ਦੇ ਗੁਣਾ ਦਾ ਤਿਲ ਮਾਤ੍ਰ ਵੀ ਨਹੀਂ ਦਸ ਸਕਣਗੇ । ਤੇਰੇ ਹੁਕਮ ਦਾ ਮੁੱਲ ਕੋਈ ਨਹੀਂ ਪਾ ਸਕਦਾ । ਐਵੇਂ ਸੁਣ ਸੁਣਾ ਕੇ ਸਾਰੇ ਤੇਰੀ ਬਾਬਤ ਆਖ ਸੁਣਾਉਂਦੇ ਹਨ । ਅਤੇ ਫਿਰ--**ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥**(੧੯੬]-ਵਾਰ-੨ । ਸਤਿਗੁਰਾਂ ਨੇ ਇਸ ' **ਹੁਕਮ** ਨੂੰ **ਅਪਾਰ** ਭਾਵ, ਜਿਸ ਦਾ ਪਾਰਲਾ ਬੰਨਾ ਹੈ ਹੀ ਕੋਈ ਨਹੀਂ, ਵੀ ਫ਼ੁਰਮਾਇਆ ਹੈ:--

੨੩- **ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥.... ੩ ॥** [੮੮੫]-੧੦

**ਅਰਥ:**--ਇਹ ਜਗਤਕਰਤਾਰ ਨੇ ਇਕ ਖੇਡ ਰਚੀ ਹੋਈ ਹੈ । ਉਸ ਕਰਤਾਰ ਦੇ ਕਦੇ ਖ਼ਤਮ ਨਾ ਹੋਣ ਵਾਲੇ(-ਅਪਾਰ) ਹੁਕਮ ਵਿਚ ਹੀ ਜੀਵ ਇਥੇ (ਸੰਸਾਰ ਵਿਚ) ਆਉਂਦੇ ਰਹਿੰਦੇ ਹਨ ਤੇ ਇਥੋਂ ਜਾਂਦੇ ਰਹਿੰਦੇ ਹਨ ।

ਆਗਿਆ ਨੂੰ ਕਦੇ ਅਪਾਰ ਨਹੀਂ ਕਿਹਾ ਜਾ ਸਕਦਾ । ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਸਿਰਜਣਾ ਦੇ ਵਿਸਥਾਰ ਦਾ ਅਨੁਮਾਨ ਦਰਸਾ ਕੇ ਫਿਰ ਪ੍ਰਭੂ ਦੇ ਹੁਕਮ ਨੂੰ ਇਸ ਤੋਂ ਵੀ ਬੇਅੰਤ ਫ਼ੁਰਮਾਨ ਕੀਤਾ ਹੈ:--

੨੪- **ਸਲੋਕ ਮ: ੧ ॥ ਸਭੇ ਰਾਤੀ, ਸਭਿ ਦੇਹਿ, ਸਭਿ ਥਿਤੀ, ਸਭਿ ਵਾਰ ॥ ਸਭੇ ਰੁਤੀ, ਮਾਹ ਸਭਿ, ਸਭਿ**
**ਧਰਤੀ, ਸਭਿ ਭਾਰ ॥ ਸਭੇ ਪਾਣੀ, ਪਉਣ ਸਭਿ, ਸਭਿ ਅਗਨੀ ਪਾਤਾਲ ॥ ਸਭੇ ਪੁਰੀਆ, ਖੰਡ ਸਭਿ,**
**ਸਭਿ ਲੋਅ ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥ ਆਖਹਿ ਥਕਹਿ**
**ਆਖਿ ਆਖਿ, ਕਰਿ ਸਿਫਤੀਂ ਵੀਚਾਰ ॥ ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥**[੧੨੪੧]- ਵਾਰ ੧੧

**ਅਰਥ:**--ਰਾਤਾਂ, ਦਿਹਾੜੇ, ਥਿੱਤਾਂ, ਵਾਰ, ਰੁਤਾਂ, ਮਹੀਨੇ, ਧਰਤੀਆਂ ਤੇ ਧਰਤੀਆਂ ਉਤੇ ਪੈਦਾ ਹੋਏ ਸਾਰੇ ਪਦਾਰਥ, ਹਵਾ, ਪਾਣੀ, ਅੱਗ, ਧਰਤੀ ਦੇ ਹੇਠਲੇ ਪਦਾਰਥ, ਧਰਤੀਆਂ ਦੇ ਮੰਡਲ, ਬ੍ਰਹਮੰਡ ਦੇ ਬੇਅੰਤ ਹਿੱਸੇ, ਹਰੇਕ ਲੋਕ (ਦੇ ਬੇਅੰਤ ਕਿਸਮਾਂ ਦੇ ) ਜੀਆ-ਜੰਤ--ਇਹ ਸਾਰੀ ਰਚਨਾ (ਕੇਡੀ ਕੁ ਹੈ) ਬਿਆਨ ਨਹੀਂ ਕੀਤੀ ਜਾ ਸਕਦੀ, ( ਇਸ ਰਚਨਾਂ ਦੇ ਬਣਾਉਂਣ ਵਾਲੇ ਪ੍ਰਭੂ ਦਾ ) <u>ਹੁਕਮ ਕਿੱਡਾ ਵਡਾ ਹੈ--ਇਹ ਵੀ ਪਤਾ ਨਹੀਂ ਲੱਗ ਸਕਦਾ ।</u> ਪਰਮਾਤਮਾਂ ਦੀਆਂ ਸਿਫ਼ਤਾਂ ਦੀ ਵਿਚਾਰ ਕਰ ਕੇ ਲੋਕ ਮੁੜ ਮੁੜ ਬੇਅੰਤ ਵਾਰੀ (ਉਸ ਦੀਆਂ ਵਡਿਆਈਆਂ) ਦਾ ਕਥਨ ਕਰਦੇ ਹਨ ਤੇ (ਕਥ ਕਥ ਕੇ) ਥੱਕ ਜਾਂਦੇ ਹਨ, ਪਰ, ਵਿਚਾਰੇ ਗੰਵਾਰਾਂ ਨੇ ਪ੍ਰਭੂ ਦਾ ਰਤਾ ਵੀ ਅੰਤ ਨਹੀਂ ਲੱਭਾ । ੧ ।

ਫਿਰ ਪ੍ਰਭੂ ਦਾ ਹੁਕਮ ਵਾਸਤਵ ਵਿਚ ਹੈ ਕੀ ? ਅਸਾਂ ਪ੍ਰਭੂ ਦੇ ਉਸ ਹੁਕਮ ਨੂੰ ਬੁੱਝਣ ਦਾ ਯਤਨ ਕਰਨਾ ਹੈ--**ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥ ੨ ॥** ਆਪਣੇ ਪੂਰੇ ਸਤਿਗੁਰੂ ਜੀ ਅੱਗੇ ਜੋਦੜੀ ਕਰਨੀ ਹੈ ਕਿ, ਸਾਨੂੰ ਪ੍ਰਭੂ ਦੇ ਉਸ ਹੁਕਮ ਦੀ ਸੋਝੀ ਕਰਾਉਣ ਦੀ ਬਖ਼ਸ਼ਸ਼ ਕਰਨ, ਜਿਸ ਨੂੰ ਬੁੱਝ ਲੈਣ ਨਾਲ, ਹਉਮੈ-ਹੰਕਾਰ ਦਾ ਨਾਸ ਹੋ ਜਾਣਾ ਹੈ । ਕਿਉਂਕਿ ਜਦੋਂ--**ਹਉਮੈ ਬੂਝੈ ਤਾ ਦਰ ਸੂਝੈ ॥**(ਵਾਰ ਆਸਾ) ਹਉਮੈ ਗਈ ਤਾਂ ਪ੍ਰਭੂ ਦੇ ਦਰਬਾਰ ਦੇ ਦਰਸ਼ਨ ਹੋ ਗਏ । ਮੁਢਲੀ ਗੱਲ, ਹੁਕਮ ਬੁੱਝਣ ਦੀ ਹੀ ਹੈ । ਸਪੱਸ਼ਟ ਹੈ ਕਿ ਇਹ ਹੁਕਮ ਉਹ ਨਹੀਂ ਹੈ ਜਿਸ ਬਾਰੇ ਅਸੀਂ ਇਹ ਸਮਝ ਰਹੇ ਹਾਂ ਕਿ --" ਹੁਕਮ ਬਿਨਾ ਪੱਤਾ ਨਹੀਂ ਹਿੱਲਦਾ "। ਇੱਕ ਪੱਤੇ ਦੇ ਹਿਲਣ ਤੋ ਅਰੰਭ ਹੋ ਜੇ ਲੱਖਾ ਜੀਵਾਂ ਦੇ ਹਰ ਪਲ ਵਿਚ ਜਨਮ ਅਤੇ ਮਰਨ ਦੇ ਬੇਅੰਤ ਹੁਕਮ ਦਿੰਦੇ ਰਹਿਣਾ । ਇਸ ਤੋਂ ਇਹ ਗੱਲ ਸਾਫ਼ ਹੋ ਰਹੀ ਹੈ ਕਿ ਪ੍ਰਭੂ ਦਾ ਹੁਕਮ ਅੱਖਰਾਂ ਵਿਚ ਦਿੱਤਾ ਜਾਣ ਵਾਲਾ ਆਦੇਸ਼ ਨਹੀਂ ਹੈ । ਭਾਵ, ਬੇਅੰਤ ਪ੍ਰਕਾਰ ਦੇ ਭਾਣੇ ਜੋ ਸੰਸਾਰ ਤੇ ਵਰਤ ਰਹੇ ਹਨ, ਜੇ ਉਨ੍ਹਾਂ ਬਾਰੇ ਪ੍ਰਭੂ ਮੁੜ ਮੁੜ ਹੁਕਮ ਦੇਣ ਵਿਚ ਹੀ ਨਹੀਂ ਰੁਝਾ ਰਹਿੰਦਾ ਹੈ, ਤਾਂ ਫਿਰ ਬੇਅੰਤ ਪਰਕਾਰ ਦੀ ਦੁਰਘਟਨਾਵਾਂ, ਭੁਚਾਲ ਤੂਫ਼ਾਨਾਂ, ਸੋਕਿਆਂ ਆਦਿ ਵਾਲੇ ਵੱਡੇ ਛੋਟੇ ਕਈ ਭਾਣਿਆਂ ਦੇ ਵਾਪਰਨ

ਦਾ ਹੁਕਮ ਦੇਣ ਤੋਂ ਪ੍ਰਭੂ ਨੂੰ ਛਿਨ ਮਾਤ੍ਰ ਵੀ ਵਿਹਲ ਨਹੀਂ ਹੋ ਸਕਣੀ । ਬੜੀ ਵੱਡੀ ਸਿਰਖਪਾਈ ਦਾ ਜੋਖਮ ਭਰਿਆ ਕੰਮ ? ਇਸ ਨਿਰੰਤਰ ਅਤੇ ਅਨੰਤ ਰੁਝੇਵੇਂ ਤੋਂ ਪਰਮਾਤਮਾਂ ਥੱਕ ਕੇ ਅੱਕ ਜਾਂ ਖਿੱਝ ਵੀ ਜਾਂਦਾ ਹੋਣਾ ਹੈ । ਪਰ ਗੁਰਦੇਵ ਜੀ ਦਾ ਫ਼ੁਰਮਾਨ ਕਰਦੇ ਹਨ ਕਿ--

੨੫- **ਤਿਥੈ, ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

**ਵੇਖੈ ਵਿਗਸੈ, ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੭ ॥**[੮]

ਬੇਅੰਤ ਭਵਨਾਂ ਵਿਚਲੇ ਬੇਅੰਤ ਅਕਾਰਾਂ ਦੇ ਰੂਪ ਵਿਚ ਉਸ ਦੇ ਹੁਕਮ ਅਨੁਸਾਰ ਏਡੀ ਵਡੀ ਕਾਰ ਹੋ ਰਹੀ ਹੈ ਕਿ ਜਿਸ ਦਾ ਕਥਨ ਕਰਨਾ ਬੜਾ ਔਖਾ (**ਕਰੜਾ ਸਾਰੁ**--ਸਖ਼ਤ ਲੋਹੇ ਵਰਗਾ) ਹੈ । ਪਰ ਪ੍ਰਭੂ ਵਿਚਾਰ ਕਰ ਕਰ ਕੇ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੋਇਆ **ਵਿਗਸ** ਰਿਹਾ ਹੈ, ਭਾਵ, ਬੜਾ ਖ਼ੁਸ਼ ਹੋ ਰਿਹਾ ਹੁੰਦਾ ਹੈ ।

ਇਹ ਕੋਈ ਸਦਾ ਹੁਕਮ ਦਿੰਦੇ ਰਹਿਣ ਵਾਲੀ ਖਪਾਈ ਨਹੀਂ ਸਗੋਂ ਇਹ ਹੁਕਮ ਅਜੇਹਾ ਹੈ ਕਿ ਜਿਸ ਅਨੁਸਾਰ ਸ੍ਰਿਸ਼ਟੀ ਦੀ ਕਾਰ ਚਲਦੀ ਵੇਖ ਵੇਖ ਕੇ ਪ੍ਰਭੂ ਪੂਰਨ ਆਨੰਦ ਵਿਚ ਹੈ--ਯਥਾ--**ਹੁਕਮੀ ਹੁਕਮਿ ਚਲਾਏ ਵਿਗਸੈ, ਨਾਨਕ ਲਿਖਿਆ ਪਾਈਐ ॥ ੭ ॥**[੪੧੭] ਅਪਾਰ ਪਰਪੰਚ ਨੂੰ ਚਲਾਉਣ ਵਿਚ ਕੋਈ ਖਿੱਝ ਜਾਂ ਘਬਰਾਹਟ ਨਹੀਂ ਹੈ ਸਗੋਂ ਖੇੜਾ ਹੀ ਖੇੜਾ ਹੈ । ਇਹ ਰਬੀ **ਹੁਕਮ** ਆਦੇਸ਼ ਜਾਂ ਆਗਿਆ ਨਹੀਂ ਹੈ। ਹੁਕਮ ਦਾ ਅਰਥ ਕੁਝ ਹੋਰ ਹੈ । ਇਸ ਰੱਬੀ ਹੁਕਮ ਦਾ ਅਰਥ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਤੀਸਰੀ ਪਉੜੀ ਵਿਚ ਸਪੱਸ਼ਟ ਕਰਦਿਆਂ ਫ਼ੁਰਮਾਨ ਕੀਤਾ ਹੈ--**ਹੁਕਮੀ ਹੁਕਮ ਚਲਾਏ ਰਾਹੁ ॥** ਹੁਕਮ ਦੀ ਕਾਰ ਦਾ ਮਾਲਕ ਉਹ **ਹੁਕਮੀ,** ਸੰਸਾਰ ਰਚਨਾ ਦੀ ਕਾਰ ਨੂੰ ਇੱਕ ' **ਰਾਹੁ** ਅਥਵਾ ਇਕ ਕਾਇਦੇ ਅਨੁਸਾਰ ਚਲਾਂ ਰਿਹਾ ਹੈ । ਵਿਦਵਾਨਾਂ ਨੇ **ਰਾਹੁ** ਦੇ ਅਰਥ, ਰਸਤਾ, ਧਰਮ, ਕਇਦਾ, ਨਿਯਮ ਅਥਵਾ ਮਜ਼ਹਬ ਆਦਿ ਕੀਤੇ ਹਨ। ਪਰ ਅਸਾਂ ਹਰ ਗੱਲ ਆਪਣੇ ਪੂਰਨ-ਗੁਰੂ ਗ੍ਰੰਥ ਸਾਹਿਬ ਜੀ ਤੋਂ ਸਮਝਣ ਦਾ ਯਤਨ ਕਰਨਾ ਹੈ । ਆਉ ਵੇਖੀਏ ਕਿ **ਰਾਹੁ** ਹੋਰ ਕਿਨ੍ਹਾਂ ਸ਼ਬਦਾਂ ਵਿਚ ਆਇਆ ਹੈ ਅਤੇ ਕੀ, ਉਥੇ ਵੀ **ਰਾਹੁ** ਦਾ ਅਰਥ ਨਿਯਮ, ਅਸੂਲ, ਜਾਂ ਧਰਮ ਹੀ ਬਣਦਾ ਹੈ ? ਜਪੁਜੀ ਸਾਹਿਬ ਵਿਚ " ਰਾਹੁ " ਪਦ ਲਿਖਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਫ਼ੁਰਮਾਨ ਹੈ:--

੨੬- **ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥**

**ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥ . . . . . ੨ ॥** [੯੫੧]-ਵਾਰ-੧੧

ਅਰਥ:--ਮੁਸਲਮਾ ਮਨੁੱਖ ਦੀਨ (ਦੀ ਵਡਿਆਈ) ਕਰਦਾ ਹੈ ਪਰ ਜੇ ਗੁਰ ਪੀਰ ਦੇ ਕਹੇ ਅਨੁਸਾਰ ਨਹੀਂ ਤੁਰਦਾ ਤਾਂ (ਦਰਗਾਹੀ ਵਿਚ) ਕਬੂਲ ਨਹੀਂ ਹੋ ਸਕਦਾ । (ਬਹਿਸ਼ਤ ਨੂੰ ਜਾਣ ਦਾ) ਢੰਗ, ਨੀਯਮ ਅਸੂਲ (-ਰਾਹ) ਤਾ ਹਰ ਕੋਈ ਪੁੱਛਦਾ ਹੈ ਪਰ ਉਸ ਰਸਤੇ (ਨੀਯਮ) ਉਤੇ ਤੁਰਦਾ ਕੋਈ ਵਿਰਲਾ ਹੈ, ਨੇਕ ਅਮਲਾਂ ਤੋਂ ਬਿਨਾ ਬਹਿਸ਼ਤ ਮਿਲਦਾ ਨਹੀਂ ਹੈ।

ਸੋ ਰਾਹੁ ਦਾ ਅਰਥ, ਨੀਯਮ, ਅਸੂਲ, ਅਮਲ ਹੈ । ਏਸੇ ਤਰ੍ਹਾਂ ਮਾਝ ਕੀ ਵਾਰ ਮਹਲਾ ! ਦੀ ਨੌਵੀ ਪਉੜੀ ਵਿਚ **" ਰਾਹੁ ਦੋਵੈ, ਇਕੁ ਜਾਣੈ ਸੋਈ ਸਿਝਸੀ " ।** ਮਾਇਆ ਦੇ ਵਿਕਾਰੀ ਰਾਹ ਅਤੇ ਪ੍ਰਭੂ ਦੀ ਯਾਦ ਵਾਲਾ, (ਭਾਵ, ਉਚੇ ਆਚਰਨ ਦਾ ਅਸੂਲ), ਇਨ੍ਹਾਂ ਦੋਹਾਂ ਨਿਯਮਾਂ ਵਿਚੋ, ਇੱਕ ਪ੍ਰਭੂ ਦੀ ਯਾਦ ਵਾਲੇ ਨਿਯਮ ਨੇ ਹੀ ਬੇੜਾ ਪਾਰ ਕਰਨਾ ਹੈ । ਗਉੜੀ ਅਸਟਪਦੀਆਂ ਮਹਲਾ ੧ ਵਿਚ ਫ਼ੁਰਮਾਨ ਹੈ:--

੨੭- **ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥ ੮ ॥** [੨੨੩]-੫

ਏਸੇ ਤਰ੍ਹਾਂ ਵਡਹੰਸੁ ਮਹਲਾ ੧ ॥ ਦੂਜੇ ਸ਼ਬਦ ਵਿਚ ਹੀ ਗੁਰਦੇਵ ਜੀ ਦਾ ਫ਼ੁਰਮਾਨ ਹੈ:---

੨੮- **ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥ ੩ ॥**[੫੫੭]-੨

ਇਸ ਤਰ੍ਹਾਂ ਤਸਦੀਕ ਹੋ ਜਾਂਦੀ ਹੈ ਕਿ ਰਾਹੁ ਦਾ ਅਰਥ ਨਿਯਮ ਵੀ ਹੈ । ਏਸੇ ਤਰ੍ਹਾਂ ਜਪੁਜੀ ਸਾਹਿਬ ਦੀ ੧੬ਵੀ ਪਉੜੀ ਵਿਚ ਸਤਿਗੁਰਾਂ ਨੇ ਸੰਸਾਰ ਰਚਨਾਂ ਦੀ ਕਾਰ ਨੂੰ ਚਲਾਈ ਰਖਣ ਵਾਲੇ ਪੱਕੇ ਨਿਯਮ ਨੂੰ " ਸੂਤ " ਵੀ ਫ਼ੁਰਮਾਨ ਕੀਤਾ ਹੈ :--

੨੯- **ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ . . . . ੧੬ ॥** [੩]

(ਅਕਾਲ ਪੁਰਖ ਦਾ) ਧਰਮ-ਰੂਪੀ ਬੱਝਵਾਂ ਨੀਯਮ ਹੀ ' ਬਲਦ ' ਹੈ (ਜੋ ਸ੍ਰਿਸ਼ਟੀ ਨੂੰ ਸੰਭਾਲੀ ਰੱਖ ਰਿਹਾ ਹੈ) । (ਇਹ ਧਰਮ) ਦਇਆ ਦਾ ਪੁੱਤਰ ਹੈ (ਭਾਵ, ਅਕਾਲਪੁਰਖ ਨੇ ਆਪਣੀ ਦਇਆ-ਮਿਹਰ ਕਰ ਕੇ ਸ੍ਰਿਸ਼ਟੀ ਨੂੰ ਟਿਕਾ ਰੱਖਣ ਲਈ ਧਰਮ-ਰੂਪ ਨੀਯਮ ਬਣਾ ਦਿੱਤਾ ਹੈ) । ਇਸ ਧਰਮ ਨੇ ਆਪਣੀ ਮਰਯਾਦਾ ਅਨੁਸਾਰ ਸੰਤੋਖ ਨੂੰ ਜਨਮ ਦੇ ਦਿੱਤਾ ਹੈ । (ਸੰਤੋਖ ਦਾ ਅਰਥ ਵੀ ਭਟਕਣਾ ਤੋਂ ਰਹਿਤ, ਇੱਕ-ਸਾਰ ਟਿਕਿਆ ਹੋਇਆ ਹੀ ਹੈ) । " ਸੂਤ-ਧਾਗਾ ਵੀ ਹੈ ਪਰ ਸੂਤ ਦਾ ਅਰਥ--ਪ੍ਰਬੰਧ, ਇੰਤਜ਼ਾਮ, ਇੱਕ-ਸਾਰ ਪੱਕਾ ਨੀਯਮ, ਪੱਕਾ ਸਿਧਾਂਤ, ਅਥਵਾ ' ਅਟੱਲ ਹੁਕਮ "ਵੀ ਹੈ । ਸ੍ਰਿਸ਼ਟੀ ਦਾ ਸਾਰਾ ਪਸਾਰਾ ਪ੍ਰਭੂ ਦਾ ਇੱਕ ਖੇਲ ਮਾਤ੍ਰ ਹੈ, ਪਰ ਇਹ ਖੇਲ ਇਕ ਮਰਯਾਦਾ ਵਿਚ ਪਰੋਤਾ ਹੋਇਆ ਹੈ:--

੩੦- **ਇਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ ॥**

**ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ ॥ ੭ ॥**[੫੦੬]-੧-੭

**ਅਰਥ:**--ਇਹ ਸਾਰਾ ਜਗਤ-ਤਮਾਸ਼ਾ (-ਪਰਪੰਚ) ਕਰਤਾਰ ਨੇ ਆਪ ਬਣਾਇਆ ਹੈ, ਕਰਤਾਰ ਨੇ ਹੀ ਇਸ ਵਿਚ ਆਪਣੀ (ਅਟੱਲ ਨਿਯਮ-ਰੂਪੀ) ਸੱਤਾ ਟਿਕਾਈ ਹੋਈ ਹੈ । ਸਾਰੇ ਜਗਤ ਵਿਚ ਕੇਵਲ ਪਰਮਾਤਮਾ ਦੀ ਸੱਤਾ ਦਾ (ਨਿਯਮ-ਰੂਪ) ਧਾਗਾ ਪਸਰਿਆ ਹੋਇਆ ਹੈ, ਜਦੋਂ ਉਹ ਇਸ ਧਾਗੇ ਨੂੰ ਖਿੱਚ ਲੈਂਦਾ ਹੈ (ਤਾਂ ਜਗਤ-ਤਮਾਸ਼ਾ ਅਲੋਪ ਹੋ ਜਾਂਦਾ ਹੈ, ਤੇ) ਪਰਮਾਤਮਾ ਆਪ ਹੀ ਆਪ ਰਹਿ ਜਾਂਦਾ ਹੈ ।

੩੧- **ਅਕੁਲ ਨਿਰੰਜਨ ਪੁਰਖੁ, ਅਗਮੁ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ ॥**

**ਕੂੜੁ ਨਾ ਜਾਪੈ ਕਿਛੁ ਤੇਰੀ ਧਾਰੀਐ ॥ ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥**

**ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥ ... ੧ ॥** [੫੧੮]-ਵਾਰ

**ਅਰਥ:**--ਹੇ ਪਰਮਾਤਮਾ ! ਤੇਰੀ ਕੋਈ ਖ਼ਾਸ ਕੁਲ ਨਹੀਂ, ਮਾਇਆ ਦੀ ਕਾਲਖ ਤੈਨੂੰ ਲੱਗ ਨਹੀ ਸਕਦੀ, ਸਭ ਵਿਚ ਵਿਆਪਕ ਹੈਂ, ਅਪਹੁੰਬ ਤੇ ਬੇਅੰਤ ਹੈਂ, ਤੂੰ ਸਦਾ ਹੀ ਕਾਇਮ ਰਹਣ ਵਾਲਾ ਤੇ ਸੱਚ ਮੁਚ ਹਸਤੀ ਵਾਲਾ ਹੈਂ, ਸਾਰੀ ਸ੍ਰਿਸ਼ਟੀ ਤੇਰੀ ਹੀ ਰਚੀ ਹੋਈ ਹੈ (ਇਸ ਵਿਚ ਵੀ) ਕੋਈ ਚੀਜ਼ ਝੂਠ ਨਹੀਂ ਜਾਪਦੀ । (ਜਿੰਨੀ ਵੀ) ਸ੍ਰਿਸ਼ਟੀ ਪ੍ਰਭੂ ਨੇ ਪੈਦਾ

ਕੀਤੀ ਹੈ (ਇਸ ਵਿਚ) ਸਭ ਜੀਵਾਂ ਨੂੰ ਦਾਤਾਰ ਪ੍ਰਭੂ ਦਾਤਾਂ ਦਿੰਦਾ ਹੈ, ਸਭ ਨੂੰ ਇਕੋ ਹੀ (ਹੁਕਮ ਰੂਪ) ਧਾਗੇ ਵਿਚ ਪ੍ਰੋ ਕੇ (ਸਭ ਵਿਚ ਉਸ ਨੇ ਆਪਣੀ) ਜੋਤਿ ਮਿਲਾਈ ਹੋਈ ਹੈ, ਆਪਣੇ ਹੁਕਮ ਅੰਦਰ ਹੀ (ਉਸ ਨੇ ਜੀਵਾਂ ਨੂੰ) ਸੰਸਾਰ ਸਮੁੰਦਰ ਵਿਚ (ਫਸਾਇਆ ਹੋਇਆ ਹੈ ਤੇ) ਹੁਕਮ ਅੰਦਰ ਹੀ ਇਸ ਵਿਚੋਂ ਤਾਰਦਾ ਹੈ ।

੩੨- **ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ ॥ ਘਟ ਘਟ ਅੰਤਰਿ ਰਵਿਆ ਸੋਈ ॥ ੨ ॥**[੩੮੭]-੧੩-੬੪

ਸਾਰੀ ਸ੍ਰਿਸ਼ਟੀ (-ਸਮਗ੍ਰੀ) ਜਿਸ **ਸੂਤ** ਵਿਚ ਪਰੋਤੀ ਹੋਈ ਹੈ ਅਸਲ ਵਿਚ ਉਹ ਅਪਾਰ ਧਾਗਾ ਵੀ ਪ੍ਰਭੂ ਆਪ ਹੀ ਹੈ । ਉਹ ਨੀਯਮ ਰੂਪੀ ਹੁਕਮ ਪ੍ਰਭੂ ਦੇ ਨਿਜ ਜ਼ਾਤ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ । ਏਸੇ ਲਈ ਉਸ ਹਰ ਥਾਂ ਵੱਸਦੇ ਪ੍ਰਭੂ ਨੇ ਸਾਰਾ ਦਿਸਦਾ ਪਦਾਰਥ ਇੱਕ ਨਿਯਮ-ਰੂਪੀ ਧਾਗੇ ਵਿਚ ਪ੍ਰੋਤਾ ਹੋਇਆ ਹੈ । ਏਸੇ ਤਰ੍ਹਾਂ ਹੀ--**ਸਗਲ ਸਮਗ੍ਰੀ ਆਪਨੈ ਸੂਤਿ ਧਾਰੀ ॥** (ਸੁਖਮਨੀ)

ਰੱਬੀ **ਹੁਕਮ** ਦਾ ਅਰਥ ਰੱਬੀ-ਮਰਯਾਦਾ ਹੈ, ਰੱਬੀ ਨੀਯਮ ਹੈ, ਰੱਬੀ ਨੀਯਮ ਵਾਲਾ **ਰਾਹੁ** ਹੈ, ਅਕਾਲਪੁਰਖ ਦਾ ਹੁਕਮ ਇੱਕ ਪੱਕੇ ਨੀਯਮ-ਰੂਪੀ **ਸੂਤ** ਹੈ । ਅਰਬਾਂ ਖਰਬਾਂ ਸਾਲਾਂ ਤੋਂ ਸੂਰਜ ਧਰਤੀ ਚੰਦ ਆਪਣੀ ਬੱਝੀ ਹੋਈ ਮਰਯਾਦਾ ਨਾਲ ਅਜੇਹੀ ਟਿੱਕਵੀਂ ਚਾਲੇ ਪਏ ਹੋਏ ਹਨ ਕਿ ਦਿਨ ਰਾਤ ਅਤੇ ਮੌਸਮਾਂ ਦੇ ਸਮੇਂ ਦਾ ਕਦੇ ਕੋਈ ਵਿਧਾਨ ਨਹੀਂ ਬਦਲਿਆ । ਛਿਣ ਮਾਤ੍ ਦਾ ਫ਼ਰਕ ਨਹੀਂ ਪੈ ਰਿਹਾ । ਕਾਇਨਾਤ ਵਿਚ ਅਸੰਖਾਂ, ( ਭਾਵ ਗਿਣਤੀ ਤੋਂ ਪਰੇ) ਸੂਰਜ, ਚੰਦ, ਧਰਤੀਆਂ, ਗ੍ਰਹ ਆਦਿ ਬੜੀ ਤਿੱਖੀ ਅਤੇ ਬੱਝਵੀ ਚਾਲ ਨਾਲ ਇੱਕ ਦੂਜੇ ਦੇ ਉੱਪਰ ਦੀ ਚੱਕਰ ਲਾ ਰਹੇ ਹਨ । ਚਾਲ ਵਿਚ ਜ਼ਰਾ ਵੀ ਫ਼ਰਕ ਆ ਜਾਵੇ ਤਾਂ ਸਾਰੇ ਆਪਸ ਵਿਚ ਭਿੜ ਕੇ ਭਿਆਨਕ ਤਬਾਹੀ ਮਚਾ ਦੇਣ । ਪਰ ਅਸੰਖਾਂ ਸਦੀਆਂ ਤੋਂ ਉਨ੍ਹਾਂ ਦੇ ਰਸਤੇ ਅਤੇ ਚਾਲ ਵਿਚ ਰਾਈ ਭਰ ਦਾ ਫ਼ਰਕ ਵੀ ਨਹੀਂ ਆ ਰਿਹਾ । ਇਹ ਹੈ ਉਸ ਸਿਰਜਣ-ਹਾਰ ਦਾ **ਹੁਕਮ** ਜਿਸ ਵਿਚ ਬੱਝੇ ਸਭ ਕਾਰ ਕਮਾ ਰਹੇ ਹਨ । ਇਨ੍ਹਾਂ ਨਛੱਤ੍ਰਾਂ ਦੀ ਬੱਝਵੀ ਅਤੇ ਖ਼ੁਨਾਮੀ ਰਹਿਤ ਚਾਲ ਦੇ ਕਾਰਨ ਹੀ ਜੋਤਸ਼ ਦਾ ਹਿਸਾਬ ਚੱਲ ਰਿਹਾ ਹੈ । ਜੋਤਸੀ ਦੇ ਪੱਲੇ ਕੱਖ ਨਹੀਂ ਹੈ ਜੇ ਗ੍ਰਹਾਂ ਨਿਛੱਤ੍ਰਾਂ ਦੀ ਚਾਲ ਬਦਲਦੀ ਰਹਿੰਦੀ ਹੋਵੇ । ਇਸ ਲਈ ਜੋਤਸ਼ ਦੇ ਗ੍ਰੰਥ ਲਿਖਣ ਵਾਲਾ ਵੀ ਪ੍ਰਭੂ ਆਪ ਹੀ ਹੈ । ਠੀਕ ਠੀਕ ਜੋਤਸ਼ ਲਿਖ ਲੈਣ ਤੇ ਜੋਤਸ਼ੀ ਦੇ ਨਿੱਜੀ ਹੰਕਾਰ ਨੂੰ ਕੋਈ ਥਾਂ ਨਹੀਂ ਹੈ । **ਕੇਵਲ ਪ੍ਰਭੂ ਦੀ ਪੱਕੀ ਮਰਯਾਦਾ ਦਾ ਫਲ ਹੀ ਸਾਰੇ ਖਾ ਰਹੇ ਹਨ**। ਮਰਯਾਦਾ ਦਾ ਇੱਕ ਹੋਰ ਰੂਪ:--

੩੩- **ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ, ਸੁ <u>ਏਕਾ ਵਾਰ</u> ॥ ਕਰਿ ਕਰਿ ਵੇਖੈ ਸਿਰਜਣਹਾਰੁ ॥**
**ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਿਤ, ਜੁਗ ਜੁਗੁ ਏਕੋ ਵੇਸੁ ॥ ੩੧ ॥**

**ਅਰਥ:**--ਅਕਾਲਪੁਰਖ ਦੇ ਭੰਡਾਰਿਆਂ ਦਾ ਟਿਕਾਣਾ ਹਰੇਕ ਭਵਨ ਵਿਚ ਹੈ (ਭਾਵ, ਹਰੇਕ ਭਵਨ ਵਿਚ ਅਕਾਲਪੁਰਖ ਦੇ ਭੰਡਾਰੇ ਚੱਲ ਰਹੇ ਹਨ) । ਜੋ ਕੁਝ (ਅਕਾਲ ਪੁਰਖ ਨੇ ਉਨ੍ਹਾਂ ਭੰਡਾਰਿਆਂ ਵਿਚ) ਪਾਇਆ ਹੈ ਇਕੋ ਹੀ ਵਾਰੀ ਪਾ ਦਿੱਤਾ ਹੈ, (ਭਾਵ, ਉਸ ਦੇ ਭੰਡਾਰੇ ਸਦਾ ਅਖੁੱਟ ਹਨ) । ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਸਿਰਜਣਹਾਰ (ਜੀਵਾਂ ਨੂੰ) ਪੈਦਾ ਕਰ ਕੇ (ਉਨ੍ਹਾਂ ਦੀ) ਸੰਭਾਲ ਕਰ ਕਾਰ ਰਿਹਾ ਹੈ । ਹੇ ਨਾਨਕ ! ਸਦਾ ਅਥਿਰ ਰਹਿਣ ਵਾਲੇ (ਅਕਾਲਪੁਰਖ) ਦੀ (ਸ੍ਰਿਸ਼ਟੀ ਦੀ ਸੰਭਾਲ ਵਾਲੀ) ਇਹ ਕਾਰ( ਇਹ ਨਿਯਮ, ਇਹ ਹੁਕਮ) ਸਦਾ ਅਟੱਲ ਹੈ । ਸੋ ਕੇਵਲ ਉਸ (ਅਕਾਲਪੁਰਖ) ਨੂੰ ਪ੍ਰਣਾਮ ਕਰੋ ਜੋ (ਸਭ ਦਾ) ਮੁਢ ਹੈ, ਜੋ ਸ਼ੁੱਧ-ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (ਲਭ ਸਕਦਾ), ਜੋ ਨਾਸ-ਰਹਿਤ ਹੈ ਅਤੇ ਜੋ ਸਦਾ ਹੀ ਇਕੋ ਜਿਹਾ ਰਹਿੰਦਾ ਹੈ ।

ਧਰਤੀ ਵਿਚੋਂ ਪੈਦਾ ਹੋ ਰਹੇ ਕਈ ਪ੍ਰਕਾਰ ਦੇ ਪਦਾਰਥਾਂ ਦਾ ਭੰਡਾਰਾ ਅਮੁੱਕ ਹੈ--**ਧਰਤੀ ਦੇਗ ਮਿਲੈ ਇਕ ਵੇਰਾ**--(੧੧੯੦] ਧਰਤੀ ਇਕ ਅਜੇਹੀ ਦੇਗ਼ ਹੈ ਜਿਹੜੀ ਕਦੇ ਖਾਲੀ ਨਹੀਂ ਹੁੰਦੀ । ਪਰ ਧਰਤੀ ਵਿਚੋਂ ਬਨਾਸਪਤੀ ਦੇ ਉੱਗਣ ਅਤੇ ਵਧਨ-ਫੁੱਲਣ ਦਾ ਵੀ ਇੱਕ ਪੱਕਾ ਵਿਧਾਨ ਹੈ, ਇੱਕ ਅਟੱਲ ਮਰਯਾਦਾ ਹੈ । ਉਸ ਮਰਯਾਦਾ ਨੂੰ ਸਮਝ ਲੈਣ ਵਾਲਿਆਂ ਨੇ ਬਨਾਸਪਤੀ ਦੀ ਪੈਦਾਵਾਰ ਵਧਾ ਲਈ । ਰੱਬ ਦੇ ਬਣਾਏ ਹੋਏ, ਧਰਤੀ ਦੇ,, ਹਵਾ-ਪਾਣੀ ਬਨਾਸਪਤੀ, ਅਤੇ ਖਾਦਾਂ ਦੇ ਪੱਕੇ ਸੁਭਾ ਨੂੰ ਸਮਝ ਕੇ, ਉਸ ਦੇ ਅਨੁਸਾਰੀ ਹੋ ਕੇ, ਵਿਗਿਆਨਕਾਂ ਨੇ ਫ਼ਸਲਾਂ ਦੀ, ਫਲਾਂ ਦੀ, ਅਥਵਾ ਛਾਂ ਦੇਣ ਵਾਲੇ ਬੂਟਿਆਂ ਦੀ ਸ਼ਕਲ ਅਤੇ ਉਨ੍ਹਾਂ ਦੇ ਅਕਾਰ ਵਿਚ ਫ਼ਰਕ ਪਾ ਲਿਆ । ਪ੍ਰਭੂ ਦੀ ਬਣਾਈ ਪੱਕੀ ਮਰਯਾਦਾ ਦੀ ਬਰਕਤਿ ਨਾਲ, ਮਨੁੱਖ ਨੇ ਹਰ ਪਾਸਿਆਂ ਤੋਂ ਪੈਦਾਵਾਰ ਦੂਣੀ ਚੌਣੀ ਕਰ ਲਈ । ਧਰਤੀ ਦੇ ਅੰਦਰ ਵੀ, ਤੇਲ, ਕੋਲਾ, ਸੋਨਾ, ਚਾਂਦੀ, ਲੋਹਾ, ਆਦਿ ਬੇਅੰਤ ਪ੍ਰਕਾਰ ਦੇ ਕੀਮਤੀ ਧਾਤ-ਪਦਾਰਥਾਂ ਦੇ ਬੇਅੰਤ ਭੰਡਾਰੇ ਹਨ । ਪਰ ਇਨ੍ਹਾਂ ਨੂੰ ਪ੍ਰਾਪਤ ਕਰ ਸਕਣ ਦੀ ਵੀ ਖ਼ਾਸ ਮਰਯਾਦਾ ਹੈ । ਇਸ ਮਰਯਾਦਾ ਨੂੰ ਵਰਤ ਕੇ ਪਦਾਰਥਾਂ ਨੂੰ ਹਾਸਲ ਕਰ ਸਕਣ ਦੀ ਖੁਲ੍ਹ ਮਨੁੱਖ ਨੂੰ ਮਿਲੀ ਹੋਈ ਹੈ । ਕੁਦਰਤ ਦੇ ਨਿਯਮਾਂ ਦੀ ਵੱਧ ਤੋਂ ਵੱਧ ਸੁਚੱਜੇ ਢੰਗ ਨਾਲ ਵਰਤੋਂ ਕਰਨ ਵਾਲਾ, ਭਰਵੀਂ ਫ਼ਸਲ ਅਤੇ ਹੋਰ ਪਦਾਰਥਾਂ ਨੂੰ ਪ੍ਰਾਪਤ ਕਰਕੇ ਉਨ੍ਹਾਂ ਤੋਂ ਸੁਖ ਮਾਣਦਾ ਹੈ । ਖਾਣ ਵਰਤਣ ਵਾਲਿਆਂ ਜੀਵਾਂ ਦੀ ਗਿਣਤੀ ਦੂਣੀ ਚੌਣੀ ਹੁੰਦੀ ਜਾ ਰਹੀ ਹੈ, ਪਰ--**ਜੋ ਕਿਛੁ ਪਾਇਆ, ਸੁ ਏਕਾ ਵਾਰ**-- ਇੱਕੋ ਵਾਰੀ ਭਰੇ ਭੰਡਾਰਿਆਂ ਦਾ ਪਾਰਾਵਾਰ ਨਹੀਂ ਆ ਰਿਹਾ ।

ਲੋਹਾ ਆਪਣਾ ਸੁਭਾ ਬਦਲ ਕੇ ਮਿੱਟੀ ਬਣ ਸਕਦਾ ਹੋਵੇ, ਲੱਕੜੀ ਪਾਣੀ ਬਣ ਜਾਣ ਦੀ ਆਦਤ ਬਣਾ ਲਵੇ, ਸੀਮੰਟ ਆਪਣੀ ਮਰਜ਼ੀ ਨਾਲ ਇੱਕ ਨਿਕੰਮਾ ਗਾਰਾ ਬਣ ਜਾਂਦਾ ਹੋਵੇ, ਇਟਾਂ ਜਾਨਵਰ ਬਣ ਕੇ ਉਡ ਸਕਦੀਆਂ ਹੋਣ ਤਾਂ ਸੰਸਰ ਵਿਚ ਅਦਭੁਤ ਭਵਣਾ ਦੀ, ਮਸ਼ੀਨਾਂ, ਜਹਾਜ਼ਾਂ, ਗੱਡੀਆਂ, ਮੋਟਰਾਂ, ਬਿਜਲੀ ਆਦਿ ਦੀ ਰੌਣਕ ਨਾ ਰਹੇ । ਜੇ ਕਿਤੇ ਪਦਾਰਥ ਆਪਣਾ ਸੁਭਾ ਬਦਲਦੇ ਰਹਿਣ, ਜੇ ਕਿਤੇ ਇਹ ਸੱਭ ਕੁਝ ਉਸ ਨਾਥ ਨੇ ਨਾ ਨਥਿਆ ਹੋਇਆ ਹੋਵੇ-**ਆਪਿ ਨਾਥੁ ਨਾਥੀ ਸਭ ਜਾ ਕੀ ॥** [ਜਪੁ]-੯ ਤਾਂ ਗੋਲਿਆਂ ਆਦਿ ਦੀ ਗੜ-ਗੜਾਹਟ ਵੀ ਛਾਈਂ-ਮਾਈਂ ਹੋ ਜਾਵੇ । ਅਤੇ ਜੇ ਕਿਤੇ ਹਵਾ ਆਪਣਾ ਰੂਪ ਬਦਲ ਕੇ ਰੁੱਖ ਬਣ ਖਲੋਵੇ ਤਾਂ, ਸੁਆਸਾਂ ਦੇ ਆਸਰੇ ਜੀਊਣ ਵਾਲੇ ਸਾਰੇ ਜੀਵ, ਝੱਟ ਹੀ ਮਿੱਟੀ ਵਿਚ ਰਲ ਜਾਣ । ਜੜੀ ਬੂਟੀਆਂ ਆਪਣਾ ਸੁਭਾ ਬਦਲਦੀਆਂ ਰਹਿੰਦੀਆਂ ਹੋਣ ਤਾ ਡਾਕਟਰ ਕੋਈ ਦਵਾਈ ਨਹੀਂ ਬਣਾ ਸਕਦੇ । ਵਿਗਿਆਨਕ ਕੇਵਲ ਪਦਾਰਥਾਂ ਦੇ ਸੁਭਾ ਨੂੰ ਬੁੱਝ ਕੇ ਨਵੀਆਂ-ਨਵੀਆਂ ਕਾਢਾਂ ਕੱਢਦਾ ਹੈ । ਪਦਾਰਥਾਂ ਦੇ ਪੱਕੇ ਸੁਭਾ ਬਣਾਉਣ ਵਾਲੇ ਦੀ ਮਿਹਰ ਨੂੰ ਵਿਸਾਰ ਕੇ ਆਪਣੀ ਸਮਝ ਦਾ ਹੰਕਾਰ ਕਰਨਾ ਮੂਰਖਤਾਈ ਹੈ । ਹਰ ਨਵੀਂ ਕਾਢ ਸਮੇ ਵਗਿਆਨਕ ਨੂੰ ਪ੍ਰਭੂ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ-- " ਹੇ ਪ੍ਰਭੂ ! ਤੂੰ ਧੰਨ ਹੈਂ ਜਿਸ ਦੀ ਮਿਹਰ ਨਾਲ ਮੈਨੂੰ ਪਦਾਰਥ ਦੇ ਗੁਣ ਦਾ ਪਤਾ ਲੱਗ਼ ਸਕਿਆ । ਹਰ ਥਾਂ ਪ੍ਰਭੂ ਦਾ ਪੱਕਾ ਨਿਯਮ ਰੂਪੁ ਹੁਕਮ ਹੀ ਰੌਣਕਾਂ ਬਣਾ ਰਿਹਾ ਹੈ । ਹਰ ਥਾਂ ਪ੍ਰਭੂ ਹੀ ਪ੍ਰਭੂ ਹੈ । ਹੁਕਮੀ ਵੀ ਆਪ, ਹੁਕਮ ਵੀ ਆਪਿ, ਹੁਕਮ ਮੰਨਣ ਵਾਲਾ ਵੀ ਆਪ । ਧੰਨ ਹੈ, ਧੰਨ ਹੈਂ, ਹੇ ਦਾਤਾਰ ਤੂੰ ਧੰਨ ਹੈ । **ਨਾਨਕ**

**ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥** [ਜਪੁ] ਹੁਕਮ ਦੀ ਅਸਲੀਅਤ ਬੁੱਝ ਲੈਣ ਵਾਲਾ ਹੰਕਾਰੀ ਨਹੀ ਰਹਿ ਸਕਦਾ । ਹੁਕਮ ਦੀ ਪਛਾਣ ਆਉਂਦਿਆਂ ਸਾਰ ਆਪਣੇ ਆਪੇ ਦੀ ਅੱਡਰੀ ਹੋਂਦ ਵਾਲੀ ਹਉਂ-ਮੈਂ ਮਿਟ ਜਾਂਦੀ ਹੈ।

ਕਾਦਰ ਨੇ ਹਵਾ ਦਾ ਸੁਭਾ ਬਣਾਇਆ ਹੋਇਆ ਹੈ ਕਿ ਉਹ ਗਰਮੀ ਨਾਲ ਹਲਕੀ ਹੋ ਕੇ ਉਪਰ ਨੂੰ ਚੜ੍ਹਦੀ ਹੈ । ਖਾਲੀ ਹੋਈ ਥਾਂ ਨੂੰ ਪੂਰਾ ਕਰਨ ਲਈ ਦੌੜ ਪੈਣਾ ਵੀ ਹਵਾ ਦਾ ਪੱਕਾ ਨਿਯਮ ਹੈ । ਰੁਖ ਦਾ ਪੱਤਾ ਕੁਦਰਤ ਦੇ ਬਣਾਏ ਏਸੇ ਹੁਕਮ ਅਨੁਸਾਰ ਹਿੱਲਦਾ ਹੈ । ਹਨੇਰੀਆਂ ਵੀ ਉਸੇ ਦੇ ਬਣਾਏ ਪੱਕੇ ਨਿਯਮ ਅਨੁਸਾਰ ਹੀ ਝੁਲਦੀਆਂ ਹਨ । ਬਾਰਸ਼ਾਂ, ਭੁਚਾਲ, ਤੂਫ਼ਾਨ, ਸੂਰਜ ਗ੍ਰਹਣ ਚੰਦ ਗ੍ਰਹਣ, ਸਭ ਕੁਦਰਤ ਦੇ ਬਣੇ ਪੱਕੇ ਅਸੂਲ, ਪੱਕੇ ਨਿਯਮ ਅਥਵਾ ਅਟੱਲ ਹੁਕਮ ਅਨੁਸਾਰ ਹੀ ਵਾਪਰਦੇ ਹਨ । ਕਾਦਰ ਦੇ ਇਨ੍ਹਾਂ ਨੀਯਮਾਂ ਦਾ ਜਿਉਂ ਜਿਉਂ ਗਿਆਨ ਹੁੰਦਾ ਜਾ ਰਿਹਾ ਹੈ ਇਨ੍ਹਾਂ ਦੇ ਵਾਪਰਨ ਬਾਰੇ ਵਿਗਿਆਨਕ ਅਗਾਊਂ ਤੋਂ ਅਗਾਉਂ ਸੂਚਨਾਂ ਦੇਣ ਦੇ ਸਮਰਥ ਹੁੰਦੇ ਜਾ ਰਹੇ ਹਨ । ਸੋਕੇ, ਭੁਖ ਮਰੀਆਂ ਸੱਭ ਕੁਝ ਪੱਕੇ ਨੀਯਮ ਅਥਵਾ ਅਟੱਲ ਹੁਕਮ ਦੇ ਅਧੀਨ ਹਨ । ਸਰਬ ਜੂਨਾਂ ਦਾ ਸਿਕਦਾਰ ਮਨੁੱਖ, ਇਨ੍ਹਾਂ ਹੁਕਮਾਂ ਦਾ ਪਤਾ ਕਰਨ ਵਿਚ ਸੁਤੰਤਰ ਹੋਣਾ ਵੀ ਅਕਾਲਪੁਰਖ ਦੇ ਪੱਕੇ ਨਿਯਮ ਦੇ ਅਧੀਨ ਹੀ ਹੈ । ਸੋ ਇਹ ਵੱਡੀ ਗੱਲ ਨਹੀਂ ਹੈ ਕਿ ਕਿਸੇ ਦਿਨ ਸੋਕਿਆਂ ਅਤੇ ਭੁਖ-ਮਰੀਆਂ, ਅਥਵਾ ਭੁਚਾਲਾਂ ਦੀ ਮਾਰ ਤੋਂ ਬਚੇ ਰਹਿਣ ਦੇ ਸਮਰੱਥ ਬਣਾਉਣ ਵਾਲਾ ਕੁਦਰਤ ਦਾ ਪੱਕਾ ਸਿਧਾਂਤ ਵੀ ਵਿਗਿਆਨਕ ਲੱਭ ਲਵੇ । ਹੁਕਮ ਦਾ ਲੱਭਣਾ ਵੀ ਕੁਦਰਤ ਦੀ ਦੇਣ ਹੈ । ਉਸ ਨੂੰ ਵਿਸਾਰ ਕੇ ਆਪਣੀ ਵਡਿਆਈ ਸਮਝਣੀ ਅਗਿਆਨਤਾ ਹੈ । ਕੁਦਰਤ ਦੇ ਇਸ ਖੇਲ-ਪਸਾਰੇ ਵਿਚ ਹਰ ਥਾਂ, ਹਰ ਸਮੇਂ ਕਾਦਰ ਦੀ ਆਪਣੀ ਸੱਤਾ ਹੀ ਕੰਮ ਕਰ ਰਹੀ ਹੈ।

ਏਸੇ ਤਰ੍ਹਾਂ ਜੀਵ ਦਾ ਨਿੰਮਣਾ ਅਤੇ ਪਲਣਾ, ਖਾਸ ਮਰਯਾਦਾ ਰੂਪ ਹੁਕਮ ਹੈ । ਜਨਮ ਇੱਕ ਖ਼ਾਸ ਬੱਝੀ ਮਰਯਾਦਾ ਰੂਪੀ ਹੁਕਮ ਅਨੁਸਾਰ ਹੁੰਦਾ ਹੈ । ਮਰਯਾਦਾ ਵਿਚ ਫ਼ਰਕ ਪੈ ਜਾਵੇਂ ਤਾਂ ਬਾਲ ਨਹੀਂ ਜਨਮ ਸਕਦਾ । ਡਾਕਟਰ ਹਕੀਮ ਪ੍ਰਭੂ ਦੇ ਬਣੇ ਉਸ ਹੁਕਮ-ਰੂਪ ਮਰਯਾਦਾ ਨੂੰ ਅਨੁਸਾਰੀ ਬਣਾਉਣ ਦੀ ਸੂਝ ਰੱਖਦੇ ਹਨ, ਅਤੇ ਬਾਲਾਂ ਦਾ ਜਨਮ ਹੋਣ ਲੱਗ ਪੈਂਦਾ ਹੈ । ਕਈ ਵਾਰੀ ਵਿਘਨ ਅਜੇਹਾ ਹੁੰਦਾ ਹੈ ਕਿ ਡਾਕਟਰ ਹਕੀਮ ਕੁਝ ਨਹੀਂ ਕਰ ਸਕਦੇ ਅਤੇ ਸਮੇ ਨਾਲ ਉਹ ਵਿਘਨ ਕੁਦਰਤ ਦੇ ਹੀ ਬਣੇ ਕਿਸੇ ਨਿਯਮ ਅਨੁਸਾਰ ਠੀਕ ਹੋ ਜਾਂਦਾ ਹੈ । ਅਰੋਗਤਾ ਦੇ ਖ਼ਾਸ ਨਿਯਮ ਵੀ ਕਾਦਰ ਦੇ ਹੀ ਬਣਾਏ ਹੋਏ ਹਨ । ਜਿਹੜੇ ਮਨੁੱਖ ਆਪਣੀ ਜਿੰਦਗੀ ਨੂੰ ਉਨ੍ਹਾਂ ਨੀਯਮਾਂ ਅਨੁਸਾਰ ਢਾਲ ਲੈਂਦੇ ਹਨ, ਕੁਦਰਤ ਦੇ ਨੀਯਮ ਰੂਪੀ ਹੁਕਮ ਦੀ ਉਲੰਙਣਾ ਨਹੀਂ ਕਰਦੇ, ਉਨ੍ਹਾਂ ਦੀ ਸਿਹਤ ਨਹੀਂ ਵਿਗੜਦੀ । ਅਤੇ ਕੁਦਰਤ ਦੇ ਪੱਕੇ ਨੀਯਮਾਂ ਨੂੰ ਸਮਝ ਕੇ ਹੁਕਮ ਦੀ ਪਾਲਣਾ ਕਰਨ ਵਾਲੇ ਸੁਖੀ ਜੀਵਨ ਗੁਜ਼ਾਰਦੇ ਹਨ । ਸਰੀਰਾਂ ਦੇ ਬਿਨਸ ਜਾਣ ਦਾ ਵੀ ਰੱਬੀ ਵਿਧਾਨ ਹੈ ਉਸ ਵਿਧਾਨ ਦੀ ਉਲੰਙਣਾ ਕਰਕੇ ਜੀਵਤ ਰਹਿਣਾ ਅਸੰਭਵ ਹੋ ਜਾਂਦਾ ਹੈ । ਮੌਤ ਹੋ ਜਾਣ ਦੇ ਪੱਕੇ ਕਾਰਨ, ਪੱਕੇ ਨਿਯਮ-ਰੂਪੀ ਹੁਕਮ ਨਾ ਹੁੰਦੇ ਤਾਂ ਡਾਕਟਰ ਲੋਕ ਮੌਤ ਦਾ ਕਾਰਨ ਲਿਖ ਕੇ ਕਦੇ ਨਾ ਦੇ ਸਕਦੇ । ਕੁਦਰਤ ਦੇ ਹੁਕਮ-ਸਿਧਾਂਤ ਦੇ ਇਸ ਪੱਖ ਦੀ ਪਾਲਣਾ ਸੰਸਾਰੀ ਜ਼ਿੰਦਗੀ ਲਈ ਸਹੂਲਤਾਂ ਤੇ ਪਰਮਾਰਥ ਦੀ ਜ਼ਿੰਦਗੀ ਵਿਚ ਦਰਗਾਹੀ ਮਾਣ ਸਤਿਕਾਰ ਪ੍ਰਦਾਨ ਕਰਦਾ ਹੈ--

੩੪- **ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥ ਹੁਕਮੈ ਅੰਦਰਿ ਜੰਮਿਆ ਪਿਆਰੇ,**
**ਊਧਉ ਸਿਰ ਕੈ ਭਾਰਿ ॥ ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥ ੪ ॥**[੬੩੬]-੩

**ਅਰਥ:**--ਜੀਵ ਪਰਮਾਤਮਾ ਦੇ ਹੁਕਮ ਅਨੁਸਾਰ (ਪਹਿਲਾਂ) ਮਾਤਾ ਦੇ ਗਰਭ ਵਿਚ ਟਿਕਦਾ ਹੈ, ਤੇ ਮਾਂ ਦੇ ਪੇਟ ਵਿਚ (ਦਸ ਮਹੀਨੇ ਨਿਵਾਸ ਰੱਖਦਾ ਹੈ) । ਪੁੱਠਾ ਸਿਰ ਭਾਰ ਰਹਿ ਕੇ ਪ੍ਰਭੂ ਦੇ ਹੁਕਮ ਅਨੁਸਾਰ ਹੀ (ਫਿਰ) ਜਨਮ ਲੈਂਸਾ ਹੈ । (ਕਿਸੇ ਖ਼ਾਸ ਜੀਵਨ-ਮਨੋਰਥ ਵਾਸਤੇ ਜੀਵ ਜਗਤ ਵਿਚ ਆਉਂਦਾ ਹੈ) ਜਿਹੜਾ ਜੀਵ ਗੁਰੂ ਦੀ ਸਿਖਿਆ ਤੇ ਚੱਲ ਕੇ (--ਗੁਰਮੁਖ ਬਣ ਕੇ) ਜੀਵਨ-ਮਨੋਰਥ ਨੂੰ ਸਵਾਰ ਕੇ ਏਥੋਂ ਜਾਂਦਾ ਹੈ ਉਹ ਪਰਮਾਤਮਾ ਦੀ ਹਜ਼ੂਰੀ ਵਿਚ ਆਦਰ ਪਾਉਂਦਾ ਹੈ (ਉਸਦਾ ਜਨਮ ਮਰਨ ਦਾ ਕਲੇਸ਼ ਮੁੱਕ ਜਾਂਦਾ ਹੈ)

ਮਾਇਕ ਪਦਾਰਥਾਂ ਦੀ ਪ੍ਰਾਪਤੀ ਅਥਵਾ ਸੁਖ ਦੀ ਪ੍ਰਾਪਤੀ ਤੇ ਖ਼ੁਸ਼ੀਆਂ, ਪਾਰਟੀਆਂ ਭੰਗੜੇ ? ਮਾਇਆ ਦੇ ਖ਼ੁੱਸ ਜਾਣ ਕਾਰਨ ਅਥਵਾ ਦੁਖਾਂ ਦੀ ਹਨੇਰੀ ਆ ਜਾਣ ਤੇ ਸੋਗ, ਗ਼ਮੀ ਰੋਣਾ ਪਿੱਟਣਾ ? ਜਨਮ ਅਤੇ ਮਰਨ ਤੋਂ ਪ੍ਰਭਾਵਤ ਹੋ ਕੇ ਮਨੁੱਖ ਕਦੇ ਖ਼ੁਸ਼ੀ ਨਾਲ ਆਪਣੀ ਸੁਧ ਬੁਧ ਗੁਆ ਕੇ ਭੁੜਕਦਾ, ਕਿਲਕਾਰੀਆਂ ਮਾਰਦਾ, ਲੋਕਾਂ ਦੇ ਇੱਕਠ ਬੁਲਾ ਕੇ ਸੈਂਕੜੇ, ਹਜ਼ਾਰਾਂ, ਅਤੇ ਜੇ ਪੁੱਜ ਪਵੇ ਤਾਂ, ਲੱਖਾਂ ਰੁਪਈਏ ਖ਼ਰਚ ਕਰਕੇ ਆਪਣੀ ਖ਼ੁਸ਼ੀ ਅਤੇ ਹੰਕਾਰ ਦਾ ਪ੍ਰਗਟਾਵਾ ਕਰਦਾ ਹੋਇਆ ਕਈ ਦਿਨਾਂ ਤੱਕ ਲੋਕਾਂ ਲਈ ਤਮਾਸ਼ਾ ਬਣਿਆਂ ਰਹਿੰਦਾ ਹੈ, ਮਨੁੱਖ ਦੀ ਇਸ ਕਮਜ਼ੋਰੀ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ---**ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥** [੫੯੮] ਜਦ ਮਾਂ, ਬਾਪ, ਧੀ, ਪੁੱਤ, ਸਾਕ ਸੰਬਧੀਆਂ ਦੇ ਰੂਪ ਵਾਲੀ ਮਾਇਆ, ਜਾਂ ਧਨ-ਦੌਲਤ ਅਥਵਾ ਪ੍ਰਭਤਾ ਰੂਪ ਮਾਇਆ ਖ਼ੁੱਸ ਜਾਂਦੀ ਹੈ, ਤਾਂ ਰੋਂਦਾ, ਧਾਹਾਂ ਮਾਰਦਾ, ਸੋਗ ਮਨਾਉਂਣ ਲਈ ਬਣੇ ਰਸਮ ਰਿਵਾਜਾਂ ਵਿਚ ਬੱਝਾ ਹੋਇਆ, ਆਪਣੇ ਨੱਕ-ਨਮੂਜ ਵਾਸਤੇ ਖ਼ਰਚ ਕਰਦਾ ਹੋਇਆ ਗ਼ਮੀ ਵਿਚ ਵੀ ਕਈ ਦਿਨਾਂ ਤਾਈਂ ਲੋਕਾ ਲਈ ਤਮਾਸ਼ਾ ਬਣਿਆਂ ਸੱਟਾਂ ਖਾਂਦਾ ਰਹਿੰਦਾ ਹੈ । ਖ਼ੁਸ਼ੀ ਦੇ ਸਮੇ ਅਥਵਾ ਗ਼ਮੀ ਦੇ ਸਮੇ ਇਕੱਤ੍ਰ ਹੋਏ ਤਮਾਸ਼ਬੀਨ-ਹਮਦਰਦ ਕਿਸੇ ਕਿਸਮ ਦਾ ਭਲਾ ਕਰਨ ਦੇ ਥਾਂ ਕਈ ਪਰਕਾਰ ਦੀਆਂ ਪ੍ਰੇਸ਼ਾਨੀਆਂ ਦਾ ਕਾਰਨ ਬਣਦੇ ਹਨ--**ਕਬੀਰ ਸੂਖ ਨ ਏਹ ਜੁਗ, ਕਰਹਿ ਜੁ ਬਹੁਤੇ ਮੀਤ ॥**[੧੩੬੫] ਬਹੁਤੇ ਸੱਜਣ ਬਣਾ ਲੈਣੇ, ਦੁਖਾਂ ਦਾ ਸਬੱਬ ਬਣਦਾ ਹਨ । ਮਾਇਆ ਦੀ ਅਸਲੀਯਤ ਤੋਂ ਅਣਜਾਣ ਮਨੁੱਖ ਦੁਖ ਅਤੇ ਸੁੱਖ, ਦੋਹਾਂ ਹਾਲਤਾ ਵਿਚ ਹੁਕਮ ਦੀ ਕਾਰ ਨੂੰ ਵਿਸਾਰ ਕੇ ਦੁਖ ਹੀ ਦੁਖ ਸਹੇੜਦਾ ਹੈ । ਪਰ--**ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨਾ ਰੋਵਣਾ ॥** [੫੨੩]-ਵਾਰ-੧੯

ਸਿਰਜਣ-ਹਾਰ ਦੇ **ਅਟੱਲ ਹੁਕਮ,** ਉਸ ਦੀ ਰਜ਼ਾ, ਉਸ ਦੇ ਭਾਣੇ ਤੋਂ ਭਰੋਸਾ ਤਿਆਗ ਕੇ ਮਨੁੱਖ ਕਿਸੇ ਪੁੱਛਾਂ ਦੇਣ ਵਾਲੇ ਪਖੰਡੀ ਲੁਟੇਰਿਆਂ ਕੋਲ, ਜਾਂ ਆਪਣੀ ਫੋਕੀ ਅਧਿਆਤਮਕ ਸ਼ਕਤੀ ਦਾ ਜਾਲ ਵਿਛਾਈ ਬੈਠੇ, ਸਾਧਾ-ਸੰਤਾਂ, ਪੀਰਾਂ ਫਕੀਰਾਂ, ਅਥਵਾ ਗੱਦੀ-ਦਾਰ ਡੇਰੇ ਦਾਰਾਂ ਦੇ ਵਰਾਂ-ਅਸੀਸਾਂ ਤੇ ਭਰੋਸਾ ਬੰਨ੍ਹੀ ਖੱਜਲ ਖ਼ੁਆਰ ਹੁੰਦਾ ਹੈ । ਅਜੇਹੇ ਅਗਿਆਨੀਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ, ਕਿਸੇ ਅਸੀਸਾਂ ਦੇਣ ਵਾਲੇ ਦੇ ਕਹੇ, ਕੁਦਰਤ ਆਪਣਾ ਪੱਕਾ ਸਿਧਾਂਤ ਕਦੇ ਨਹੀਂ ਬਦਲਦੀ । ਕੁਦਰਤ ਦੇ ਬਣੇ ਪੱਕੇ ਨਿਯਮ ਅਨੁਸਾਰ ਦੁਖ ਅਤੇ ਸੁੱਖ ਆਉਂਦੇ ਜਾਂਦੇ ਰਹਿੰਦੇ ਹਨ । ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ--**ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥** [੧੨੯੬] ਅਸੀਸਾਂ ਦੇਣ ਵਾਲੇ ਅਤੇ ਅਸੀਸਾਂ

ਲੈਣ ਵਾਲੇ, ਦੋਵੇਂ ਕਾਲ ਵੱਸ ਹੋ ਜਾਂਦੇ ਹਨ । ਲੋਕਾਂ ਨੂੰ ਅਜੇਹੇ ਮਾਇਆ ਜਾਲ ਵਿਚੋਂ ਕੱਢ ਕੇ, ਸਦਾ ਵਾਹਿਗੁਰੂ ਦੀ ਰਜ਼ਾ ਵਿਚ ਵਿਚਰਦਿਆਂ ਰਹਿਣ ਦੀ ਜਾਚ ਸਿਖਾਉਣ ਆਏ ਸਤਿਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਦੀ ਉਲੰਘਣਾ ਕਰਨੀ ਵਡੀ ਬਦਕਿਸਮਤੀ ਹੈ ।

੩੫- **ਪਾਤਾਲ ਪੁਰੀਆ ਲੋਅ ਆਕਾਰਾ ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥ ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥ ੫ ॥ ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ ਅਗਮ ਅਗੋਚਰ ਵੇਪਰਵਾਹੇ ॥ ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥ ੬ ॥**[੧੦੬੧]-੩-੧੭

**ਅਰਥ:**--ਹੇ ਭਾਈ ! (ਅਨੇਕਾਂ) ਪਾਤਾਲ, ( ਅਨੇਕਾਂ ) ਪੁਰੀਆਂ, (ਅਨੇਕਾਂ) ਮੰਡਲ--ਇਹ ਸਾਰਾ ਦਿੱਸਦਾ ਜਗਤ (ਪਰਮਾਤਮਾ ਦਾ ਪੈਦਾ ਕੀਤਾ ਹੋਇਆ ਹੈ ), ਇਸ ਵਿਚ ਪਰਮਾਤਮਾ ਦਾ ਕਰੜਾ ਹੁਕਮ (-ਨੀਯਮ) ਜਗਤ ਦੀ ਕਾਰ ਚਲਾ ਰਿਹਾ ਹੈ । (ਇਸ ਸਾਰੇ ਜਗਤ ਨੂੰ ਪਰਮਾਤਮਾ ਆਪਣੇ) ਹੁਕਮ ਵਿਚ ਪੈਦਾ ਕਰਦਾ ਹੈ, ਹੁਕਮ ਵਿਚ ਹੀ ਢਾਹੁੰਦਾ ਹੈ । ਹੁਕਮ ਅਨੁਸਾਰ ਹੀ ( ਜੀਵ ਨੂੰ ਗੁਰੂ ਨਾਲ ) ਮੇਲ ਕੇ ( ਆਪਣੇ ਚਰਨਾਂ ਵਿਚ ) ਜੋੜਦਾ ਹੈ । ੫ । ਹੇ ਅਪਹੁੰਚ ! ਹੇ ਅਗੋਚਰ ! ਹੇ ਵੇ-ਪਰਵਾਹ ! ਜਿਹੜਾ ਮਨੁੱਖ ਤੇਰੇ ਹੁਕਮ ਨੂੰ ਸਮਝ ਲੈਂਦਾ ਹੈ, ਉਹ ਉਸ ਹੁਕਮ ਦੀ ਸੋਭਾ ਕਰਦਾ ਹੈ (ਭਾਵ, ਹੁਕਮ ਵਿਚ ਰਹਿਣ ਵਿਚ ਸੁਖ ਅਨਭਵ ਕਰਦਾ ਹੈ)। ਹੇ ਪ੍ਰਭੂ ਤੂੰ ਜੇਹੋ ਜਿਹੀ ਮਤਿ ( ਕਿਸੇ ਮਨੁੱਖ ਨੂੰ ) ਦਿੰਦਾ ਹੈਂ, ਉਹ ਉਹੋ ਜਿਹਾ ਬਣ ਜਾਂਦਾ ਹੈ । ਤੂੰ ਆਪ ਹੀ ਗੁਰੂ ਦੇ ਸ਼ਬਦ ਵਿਚ (ਮਨੁੱਖ ਨੂੰ ਜੋੜ ਕੇ ਉਸ ਨੂੰ ਆਪਣੇ ਹੁਕਮ ਦੀ ) ਸੂਝ ਬਖ਼ਸ਼ਦਾ ਹੈਂ । ੬ ।

## ੪

# ਰੱਬੀ ਹੁਕਮ ਨੂੰ ਬੁੱਝਣ ਦੀ ਲੋੜ

ਜਗਤ ਨੂੰ ਨਿਆਰਾ ਸਿਧਾਂਤ ਦੇਣ ਆਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਦੂਜੀ ਪਉੜੀ ਵਿਚ ਹੀ ਫ਼ੁਰਮਾ ਦਿੱਤਾ ਸੀ ਕਿ-- **ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥ ੨ ॥** ਅਸੀਂ ਉੱਪਰ ਵੀ ਵਿਚਾਰਿਆ ਹੈ ਕਿ, ਕੁਦਰਤ ਵਿਚੋਂ ਕਿਸੇ ਸ਼ਕਤੀ ਦਾ ਲੱਭ ਲੈਣਾ, ਕੁਦਰਤ ਦੀ ਬਣੀਆਂ ਜੜੀਆਂ ਬੂਟੀਆਂ ਦੇ ਪੱਕੇ ਸੁਭਾ ਦੀ ਸਮਝ ਆ ਜਾਣੀ ਉਸ ਹੁਕਮੀ ਦੀ ਬਖ਼ਸ਼ਸ਼ ਹੈ। ਉਸ ਦੇ ਕਾਰਨ ਕੋਈ ਲਾਹੇਵੰਦ ਦੁਵਾਈ ਬਣਾ ਲੈਣੀ, ਵੀ ਅਕਾਲਪੁਰਖ ਦੀ ਹੀ ਬਖ਼ਸ਼ਸ਼ ਹੈ । ਅਜੇਹੀ ਪ੍ਰਾਪਤੀ ਤੇ ਕਾਦਰ ਦਾ ਧਨਵਾਦੀ ਹੋਣ ਦੇ ਥਾਂ, ਆਪਣੀ ਮਤ ਦਾ ਹੰਕਾਰ ਕਰਨਾ ਪ੍ਰਭੂ ਨੂੰ ਵਿਸਾਰ ਦੇਣ ਵਾਲੀ ਮਨਮੁੱਖਤਾ ਹੈ । ਰੱਬੀ ਹੁਕਮ, ਰਜ਼ਾ, ਭਾਣੇ ਦੀ ਕਾਰ ਦੇ ਹਰ ਪੱਖ ਨੂੰ ਸਮਝ ਲੈਣਾ ਬੜਾ ਜ਼ਰੂਰੀ ਹੈ । ਇਸ ਤੱਥ ਨੂੰ ਸਮਝਣ ਵਾਸਤੇ ਆਉ ਆਪਣੇ ਨਿਆਰੇ ਅਤੇ ਅਨੂਪਮ ਸਤਿਗੁਰੂ ਗ੍ਰੰਥ ਸਾਹਿਬ ਜੀ, ਆਪਣੇ ਸੱਚੇ ਸੱਜਣ ਸੁਆਮੀ ਜੀ ਦੀ ਹਜ਼ੂਰੀ ਵਿੱਚ ਹੱਥ ਬੰਨ੍ਹ ਖਲੋਈਏ ਅਤੇ ਜੋਦੜੀ ਕਰੀਏ, ਹੇ ਪ੍ਰਭੂ !--**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥** :---

੩੬ **ਹੁਕਮੁ ਬੁਝੈ ਸੋਈ ਪਰਵਾਣੁ ॥ ਸਾਚੁ ਸਬਦੁ ਜਾ ਕਾ ਨੀਸਾਣੁ ॥ ੩ ॥**[੩੮੬]-੮-੫੯

**ਅਰਥ:**--(ਹੇ ਭਾਈ !) ਇਸ ਜੀਵਨ-ਸਫ਼ਰ ਵਿਚ) ਜਿਸ ਮਨੁੱਖ ਦੇ ਪਾਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤ-ਸਾਲਾਹ ਦੀ ਬਾਣੀ ਦੀ ਰਾਹਦਾਰੀ (-ਨੀਸਣੁ) ਹੇ, (ਤੇ ਇਸ ਰਾਹਦਾਰੀ ਦੀ ਬਰਕਤਿ ਨਾਲ ਜਿਹੜਾ ਮਨੁੱਖ ਪਰਮਾਤਮਾ ਦੀ) ਉਸ ਦੇ ਹੁਕਮ ਨੂੰ ( ਉਸ ਦੀ ਰਜਾ ਨੂੰ ) ਸਮਝ ਲੈਂਦਾ ਹੈ (ਭਾਵ, ਰਜ਼ਾ ਵਿਚ ਖਿੜੇ-ਮੱਥੇ ਰਾਜ਼ੀ ਰਹਿੰਦਾ ਹੈ) ਉਹ ਮਨੁੱਖ (ਪਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੋ ਜਾਂਦਾ ਹੈ ।

੩੭- **ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥ ਜਪਿ ਜਪਿ ਜੀਵਹਿ ਤੇਰਾ ਨਾਂਉ ॥ ਤੁਝ ਬਿਨੁ ਦੂਜਾ ਨਾਹੀ ਥਾਉ ॥ ੨ ॥**[੧੨੭੦]-੨-੨੦

**ਅਰਥ:**--ਹੇ ਪ੍ਰਭੂ ਜਦੋਂ ਤੇਰੀ ਰਜ਼ਾ ਹੁੰਦੀ ਹੈ ਤਦੋਂ ਹੀ ਸਿਫ਼ਤ ਸਾਲਾਹ ਗਾਈ ਜਾ ਸਕਦੀ ਹੈ, ਤੇਰਾ ਨਾਮ ਸੁਣਿਆਂ ਜਾ ਸਕਦਾ ਹੈ। (ਜਿਹੜਾ ਮਨੁੱਖ ਤੇਰੇ) ਹੁਕਮ ਨੂੰ ਸਮਝ ਲੈਂਦਾ ਹੈ, ਉਹ (ਤੇਰੇ) ਸੱਚੇ ਨਾਮ ਵਿਚ ਲੀਨ ਰਹਿੰਦਾ ਹੈ । ਹੇ ਪ੍ਰਭੂ ! (ਤੇਰੇ ਸੇਵਕ) ਤੇਰਾ ਨਾਮ ਜਪ ਜਪ ਕੇ ਆਤਮਕ ਜੀਵਨ ਹਾਸਲ ਕਰਦੇ ਹਨ, ਉਨ੍ਹਾਂ ਨੂੰ ਤੈਥੋਂ ਬਿਨਾਂ ਹੋਰ ਕੋਈ ਸਹਾਰਾ ਨਹੀਂ । ੨ ।

੩੮ **ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ ਹੁਕਮੁ ਬੂਝੈ ਸੋ ਸਾਚਿ ਸਮਾਣਾ ॥ ੩ ॥**[੧੯੩]-੬੬-੧੩੫

੩੯- **ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥ ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥ ੧੩ ॥**[੧੦੭੬]-੧-੫

**ਅਰਥ:**--ਉਹ ਮਨੁੱਖ ਪਰਮਾਤਮਾ ਦਾ ਭਗਤ ਆਖਿਆ ਜਾਂਦਾ ਹੈ, ਜਿਹੜਾ (ਹਰੇਕ ਹੋ ਰਹੀ ਪਰਮਾਤਮਾ ਦੀ) ਸਮਝਦਾ ਹੈ, (ਤੇ, ਇਹ ਨਿਸਚਾ ਰੱਖਦਾ ਹੈ ਕਿ) ਦੁਖ (ਆਵੇ ਚਾਹੇ) ਸੁਖ, ਦੋਹਾਂ ਨੂੰ ਇੱਕੋ ਜਿਹਾ ਸਹਾਰਨਾ ਚਾਹੀਦਾ ਹੈ । ਪਰ ਮਨੁੱਖ ਤਦੋਂ ਹੀ ਕੇਵਲ ਪਰਮਾਤਮਾ ਨੂੰ ਹੀ ਸਭ ਕੁਝ ਕਰਣ ਕਰਾਵਣ ਵਾਲਾ ਸਮਝਦਾ ਹੈ ਜਦੋਂ ਉਸ ਦੇ ਅੰਦਰੋਂ ਹਉਮੈ ਦੂਰ ਹੁੰਦੀ ਹੈ । ਅਜੇਹਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ । ੧੩ ।

੪੦- **ਹੁਕਮੁ ਬੁਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥ ੨ ॥**[੩੮੫]-੬-੫੭

**ਅਰਥ:**--ਤੇਰੀ ਰਜ਼ਾ ਨੂੰ ਸਮਝ ਲੈਣ ਵਾਲਾ ਸਾਰੇ ਆਤਮਕ ਆਨੰਦ ਮਾਣਦਾ ਹੈ । ਸਤਿਗੁਰ ਦੀ ਦੱਸੀ ਸੇਵਾ ਦੀ ਬਰਕਤਿ ਨਾਲ ਬੜੀ ਉੱਚੀ ਵਾਸਨਾ-ਰਹਿਤ ਅਵਸਥਾ ਪ੍ਰਾਪਤਿ ਹੋ ਜਾਂਦੀ ਹੈ । ੨ ।

**ਇਹ ਅਟੱਲ ਨੀਯਮ** ਵੀ ਪ੍ਰਭੂ ਨੇ ਹੀ ਬਣਾਇਆ ਹੈ ਕਿ ਮਾਇਆ ਦਾ ਮੋਹ ਸਦਾ ਹੀ ਵਿਨਾਸ ਦਾ ਕਾਰਨ ਬਣਦਾ ਹੈ । ਪਰ ਫਿਰ ਛੁਟਕਾਰੇ ਦਾ ਵਿਧਾਨ ਵੀ ਅਕਾਲ ਪੁਰਖ ਦੇ ਹੁਕਮ ਅਥਵਾ ਪੱਕੇ ਨੀਯਮ ਅਨੁਸਾਰ ਹੀ ਹੈ:--

੪੧- **ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥ ਗੁਰਮੁਖਿ ਵਿਰਲਾ ਚੀਨੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥ ੨ ॥**[੧੩੪੪]-੫

**ਅਰਥ:**--ਮਾਇਆ ਦੇ ਮੋਹ ਵਿਚ ( ਫਸ ਕੇ ) ਇਸ ਮਨ ਦੀ ਆਤਮਕ ਮੌਤ ਹੋ ਜਾਂਦੀ ਹੈ ( ਪਰ ਜੀਵ ਦੇ ਵੀ ਕੀ ਵੱਸ ? ) ਜਦੋਂ ਧੁਰੋਂ ਹੀ ਇਹ ਹੁਕਮ ( ਪੱਕਾ ਸਿਧਾਂਤ ) ਚਲਿਆ ਆ ਰਿਹਾ ਹੈ ਤਾਂ ਕਿਸੇ ਹੋਰ ਅੱਗੇ ਪੁਕਾਰ ਵੀ ਨਹੀਂ ਕੀਤੀ ਜਾ ਸਕਦੀ (-ਕਹੀਐ ਕਾਸੁ) । (ਭਾਵ, ਮਾਇਆ ਦਾ ਮੋਹ ਆਤਮਕ ਮੌਤ ਦਾ ਕਾਰਨ ਬਣਦਾ ਹੈ--ਇਹ ਨੀਯਮ ਅਟੱਲ ਹੈ, ਇਸ ਨੂੰ ਕੋਈ ਉਲੰਘ ਨਹੀਂ ਸਕਦਾ ) । ਕੋਈ ਵਿਰਲਾ ਬੰਦਾ ਗੁਰੂ ਦੀ ਸਰਨ ਪੈ ਕੇ ਸਮਝਦਾ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਮਾਇਆ ਦੇ ਮੋਹ ਤੋਂ ਖਲਾਸੀ ਨਹੀਂ ਹੋ ਸਕਦੀ ( ਨਾਮ ਤੋਂ ਬਿਨਾ ਮਾਇਆ-ਮੋਹ ਤੋਂ ਖਲਾਸੀ ਨਹੀਂ ਹੋ ਸਕਦੀ ਇਹ ਨੀਯਮ ਵੀ ਖ਼ੁਦਾਈ ਹੈ )।

ਪ੍ਰਭੂ ਦੇ ਹੁਕਮ ਨੂੰ ਬੁਝ ਕੇ ਉਸ ਅਨੁਸਾਰ ਵਿਹਾਰ ਕਰਨ ਤੇ ਹੀ ਸੰਸਾਰੀ ਜੀਵਨ ਲਈ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ । ਪ੍ਰਭੂ ਦੇ ਬਝਵੇਂ ਹੁਕਮ ਦੇ ਕਾਰਨ ਹੀ ਮਨੁੱਖ ਸੰਸਾਰ ਵਿਚ ਬੜੀਆਂ ਵੱਡੀਆਂ ਪ੍ਰਾਪਤੀਆਂ ਕਰਦਾ ਚਲਿਆ ਜਾ ਰਿਹਾ ਹੈ, ਏਸੇ ਤਰ੍ਹਾਂ ਅਧਿਆਤਮਕ ਜਿੰਦਗੀ ਨੂੰ ਰਸੀਲੀ ਬਣਾਉਣ ਲਈ ਵੀ, ਉਸੇ ਕਾਦਰ ਦੇ ਪੱਕੇ ਸਿਧਾਂਤ ਹਨ। ਉੱਚੀ ਆਤਮਕ ਅਵਸਥਾ ਵਿਚ ਪੁੱਜ ਸਕਣ ਦਾ ਵੀ ਇੱਕ ਪੱਕਾ ਸਿਧਾਂਤ-ਰੂਪੀ ਹੁਕਮ ਹੀ ਹੈ। ਕਿਸੇ ਰਾਜੇ ਨਾਲ ਮਿਲਾਪ ਪ੍ਰਾਪਤ ਕਰ ਸਕਣ ਦਾ, ਕਿਸੇ ਅਫ਼ਸਰ ਦੀ ਮੁਲਕਾਤ ਦਾ ਖ਼ਾਸ ਵਿਧਾਨ ਬਣਿਆਂ ਹੁੰਦਾ ਹੈ । ਏਸੇ ਤਰ੍ਹਾਂ--**ਸਚੀ ਤੇਰੀ ਕੁਦਰਤਿ ਸਚੇ ਪਾਤਿਸ਼ਾਹ ॥** ਦੀ ਨੇੜਤਾ ਪ੍ਰਾਪਤ ਕਰ ਸਕਣ ਦਾ, ਉਸ ਦੀ ਪਛਾਣ ਕਰ ਸਕਣ ਦਾ ਵੀ ਪੱਕਾ ਵਿਧਾਨ ਹੈ। ਪੰਚਮ ਪਾਤਸ਼ਾਹ ਜੀ ਰੱਬੀ ਪ੍ਰਸੰਨਤਾ ਹਾਸਲ ਕਰਨ ਲਈ ਕੀਤੇ ਜਾਂਦੇ ਹੋਰ ਸਭ ਚਾਰੇ ਨਿਸਫ਼ਲ ਦੱਸਦੇ ਹੋਏ ਫ਼ੁਰਮਾਨ ਕਰਦੇ ਹਨ:--

੪੨- **ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ੧ ॥**
**ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ ੧ ॥ ਰਹਾਉ ॥**
**ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥ ੨ ॥**
**ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ ੩ ॥**
**ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ੪ ॥**
**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ੫ ॥**[੮੮੫-੯

ਰਹਾਉ ਦੀ ਤੁਕ ਵਿਚ ਪੰਚਮ ਸਤਿਗੁਰੂ ਨਾਨਕ ਜੀ ਸ਼ਬਦ ਦਾ ਭਾਵ ਲਿਖਦੇ ਹੋਏ ਹਨ, ਹੇ ਸਾਰੇ ਜਗਤ ਦੇ ਮੂਲ ! [ਕਾਰਣ--ਜਗਤ ਦੇ ਕਾਰਣ, ਜਗਤ ਦੇ ਮੂਲ । ਕਰਨ-ਜਗਤ] ਹੇ ਬਖ਼ਸ਼ਿੰਦ, !ਹੇ ਕਿਰਪਾਲ ! (-ਕਰੀਮ, ਕਿਰਪਾ ਧਾਰ) ਹੇ ਰਹਿਮ ਕਰਨ ਵਾਲੇ ! (-ਰਹੀਮ) (ਜੀਵਾਂ ਨੇ ਆਪੋ ਆਪਣੇ ਧਰਮ-ਪੁਸਤਕਾਂ ਦੀ ਬੋਲੀ ਅਨੁਸਾਰ ਤੇਰੇ ਵਖ ਵਖ ਨਾਮ ਰੱਖੇ ਹੋਏ ਹਨ, ਪਰ ਤੂੰ ਇਨ੍ਹਾਂ ਨਾਵਾਂ ਤੋਂ ਨਿਰਲੇਪ ਸਭ ਦਾ ਸਾਂਝਾ ਹੈਂ ) ।

ਕੋਈ ਰਾਮ ਰਾਮ ਤੇ ਕੋਈ ਖ਼ੁਦਾ ਖ਼ੁਦਾ, ਕੋਈ ਗੋਸਾਈਂ ਤੇ ਕੋਈ ਅੱਲਾ ਅੱਲਾ ਆਖ ਕੇ ਤੈਨੂੰ ਯਾਦ ਕਰਦਾ ਹੈ । ਕੋਈ ਤੀਰਥਾਂ ਤੇ ਇਸ਼ਨਾਨ ਕਰਦਾ ਹੈ ਤੇ ਕੋਈ ਮੱਕੇ ਦਾ ਹੱਜ ਕਰਦਾ ਹੈ (ਭਾਵ, ਕਈ ਲੋਕ ਕਰਮਕਾਂਡੀ ਹਨ), ਹਿੰਦੂ ਵੇਦ ਆਦਿਕ ਅਤੇ ਮੁਸਲਮਾਨ, ਕੁਰਾਨ, ਅੰਜੀਲ ਆਦਿਕ ਧਰਮ ਪੁਸਤਕਾਂ ਪੜ੍ਹਦੇ ਹਨ । ਮੁਸਲਮਾਨ ਨੀਲੇ ਕੱਪੜੇ ਪਹਿੰਨਦੇ ਹਨ ਅਤੇ ਹਿੰਦੂ ਚਿੱਟੇ ਬਸਤ੍ਰ ਪਾਉਂਦੇ ਹਨ । ਕੋਈ ਕਹਿੰਦਾ ਹੈ ਕਿ ਮੈਂ ਮੁਸਲਮਾਨ ਹਾਂ ਤੇ ਕੋਈ ਹਿੰਦੂ ਬਣੀ ਫਿਰਦਾ ਹੈ । ਕੋਈ ਰੱਬ ਕੋਲੋਂ ਬਹਿਸ਼ਤ ਮੰਗਦਾ ਹੈ ਤੇ ਕੋਈ ਸੁਰਗ ਮੰਗਦਾ ਹੈ ।

ਜਿਸ ਮਨੁੱਖ ਨੇ ਪਰਮਾਤਮਾ ਦਾ ਹੁਕਮ ਪਛਾਣ ਲਿਆ ਹੈ, ਜਿਸ ਨੇ ਸਮਝ ਲਿਆ ਹੈ ਕਿ ਪ੍ਰਭੂ ਦੀ ਕਾਰ ਸਦਾ ਅਟੱਲ ਨੀਯਮ ਵਿਚ ਚੱਲ ਰਹੀ ਹੈ, ਅਤੇ ਜੋ ਕੁਝ ਵਰਤ ਰਿਹਾ ਹੈ, ਜੋ ਕੁਝ ਵਰਤਨਾ ਹੈ, ਉਹ ਉਸ ਦਾਤਾਰ ਦੀ ਰਜ਼ਾ ਹੈ, । ਸਭ ਕੁਝ ਉਸ ਦੇ ਅਟੱਲ ਨੀਯਮ ਦੀ ਦੇਣ ਹੈ । ਅਜੇਹਾ ਜਾਣ ਲੈਣ ਵਾਲਾ ਮਨੁੱਖ, ਪ੍ਰਭੂ ਦੇ ਹਰ ਹੁਕਮ ਵਿਚ ਉਸ ਦੇ ਭਾਣੇ ਨੂੰ ਵੇਖ ਕੇ ਸਦਾ ਆਨੰਦ-ਮਈ ਬਿਸਮਾਧੀ ਅਵਸਥਾ ਵਿਚ ਅਡੋਲ ਚਿਤ ਰਹਿੰਦਾ ਹੈ । ਹੁਕਮ ਨੂੰ ਬੁੱਝ ਲੈਣ ਵਾਲਾ ਅਜੇਹਾ ਵਡਭਾਗਾ ਜੀਵ, ਪ੍ਰਭੂ ਵਿਚ ਸਮਾ ਚੁੱਕਾ ਹੁੰਦਾ ਹੈ-- **ਹੁਕਮ ਬੂਝੈ ਸੋ ਸਚਿ ਸਮਾਣਾ ॥** [੧੯੩]

ਹੁਕਮ ਦੀ ਪਛਾਣ ਤੋਂ ਖੁੰਝੇ ਮਨੁੱਖ ਦੀ ਅਵਸਥਾ ਸਮਝਾਉਂਦੇ ਹੋਏ ਗੁਰਦੇਵ ਜੀ ਫ਼ੁਰਮਾਨ ਕਰਦੇ ਹਨ:--

੪੩- **ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥ ੧ ॥ ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਾ ਤੇ ਓਇ ਹਮ ਤੇ ਛੂਟੇ ॥ ੧ ॥ ਰਹਾਉ ॥ ਮੇਰਾ ਤੇਰਾ ਜਾਨਤਾ ਤਬ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥ ੨ ॥ ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰਿ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥ ੩ ॥ ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥ ੪ ॥**[੪੦੦]-੧੭-੧੧੯

**ਪਦ ਅਰਥ:**--ਡੀਗਨ--(ਵਿਕਾਰਾਂ ਵਿਚ) ਡਿੱਗਣਾ । ਡੋਲਾ--(ਮਾਇਆ ਦੇ ਮੋਹ ਵਿਚ) ਡੋਲ ਜਾਣਾ, ਮੋਹ ਵਿਚ ਫਸ ਜਾਣਾ । ਤਉ ਲਉ--ਉਤਨਾ ਚਿਰ ਤਕ ਹੀ । ਭਰਮਾ--ਦੌੜ ਭੱਜ । ਬਿਸਰਾਮਾ--ਟਿਕਾਉ । ਓਇ--[ਲਫ਼ਜ਼ ਓਹੁ ਤੋਂ ਮਹੁ ਵਚਨ] । ਬਿਖਾਧੀ--ਝਗੜਾਲੂ, (ਦੁਖੀ ਕਰਨ ਵਾਲੇ) । ਦੋਖੀਆ--ਵੈਰੀ । ਹੂਟੇ--ਹਟ ਗਏ, ਥੱਕ ਗਏ । ਮੇਰਾ ਤੇਰਾ--ਵਿਤਕਰਾ । ਤਬ ਹੀ ਲਉ--ਤਦ ਤਕ ਹੀ ।

ਅਗਿਆਨੀ ਅਥਵਾ ਮਨਮੁੱਖ, ਮਾਇਕ ਪਦਾਰਥਾਂ ਦੇ ਰਸਾਂ ਕਸਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ । ਅਤੇ ਮਾਇਆ ਦਾ ਮੋਹ ਮਨੁੱਖ ਨੂੰ ਵਿਕਾਰੀ ਬਣਾ ਕੇ, ਦੁਖਦਾਈ ਭਟਕਣਾ ਵਿਚ ਪਾਈ ਰਖਦਾ ਹੈ । ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਜਿੰਨਾ ਚਿਰ ਮਨੁੱਖ ਨੂੰ ਹੁਕਮ ਦੀ ਪਛਾਣ ਨਹੀਂ ਆਉਂਦੀ, ਉਨਾ ਚਿਰ ਆਤਮਕ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ । ਗੁਰੂ ਦੀ ਮਿਹਰ ਨਾਲ ਗੁਰਮਤਿ ਦੀ ਸੋਝੀ ਆ ਕੇ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਮਨੁੱਖ ਨੂੰ ਹੁਕਮ ਦੀ ਪਛਾਣ ਆ ਜਾਂਦੀ ਹੈ । ਫਿਰ ਜਦੋਂ ਹੀ, ਰੱਬੀ ਵਿਧਾਨ ਦੀ ਪਛਾਣ ਆ ਜਾਏ, ਮਾਇਕ ਭੁੱਖਾਂ ਮੁੱਕਾ ਦੇਣ ਵਾਲਾ ਸਬਰ ਤੇ ਸੰਤੋਖ ਮਨ ਵਿਚ ਆ ਵੱਸਦਾ ਹੈ। ਆਪੇ ਦੀ ਪਛਾਣ ਕਰੀ ਰੱਖਣ ਦੀ ਸੋਝੀ ਆਉਂਦੀ ਹੈ। ਪਤਾ ਲੱਗਦਾ ਹੈ ਕਿ ਜੋ ਕੁਝ ਅਸੀਂ ਆਪਣੇ ਵੱਸ ਵਿਚ ਸਮਝਦੇ ਹਾਂ ਅਸਲ ਵਿਚ ਉਹ ਵੀ ਉਸ ਨਾਥ ਦੀ ਹੀ ਦਇਆਲਤਾ ਦਾ ਫਲ ਹੈ। ਅਜੇਹੀ ਆਤਮਕ ਸੂਝ ਨਾਲ ਮਨੁੱਖ ਸਰਬ ਸੁਖਾਂ ਨੂੰ ਪ੍ਰਾਪਤ ਹੁੰਦਾ ਹੈ--**ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖੁ ਪਾਵਏ ॥** [੪੪੦] । ਸੋ ਅਧਿਆਤਮਕ ਜੀਵਨ ਲਈ ਹੁਕਮ ਦੀ ਪਛਾਣ, ਬੜੀ ਜ਼ਰੂਰੀ:---

੪੪- **ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨ ਸਵਾਰਣਹਾਰੁ ॥**
**ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥**[੧੦੮੯]-ਵਾਰ-੧੦

**ਅਰਥ:**--ਕਾਂ ਤੋਂ ਚਿੱਟਾ ( ਹੰਸ ਕਦੇ ) ਨਹੀਂ ਬਣ ਸਕਦਾ, (ਕੇਵਲ) ਲੋਹੇ ਦੀ ਬਣੀ ਬੇੜੀ ( ਨਦੀ ਦੇ ) ਪਾਰਲੇ ਕੰਢੇ ਨਹੀਂ ਪੁੱਜਦੀ, ਪਰ ਸ਼ਾਬਾਸੇ ਉਸ ਸਵਾਰਨ ਵਾਲੇ ( ਗੁਰੂ ) ਨੂੰ ( ਜਿਸ ਦੀ ਮਤਿ ਲੈ ਕੇ ਕਾਂ ਵਰਗੇ ਕਾਲੇ ਮਨ ਵਾਲਾ ਵੀ ) ਪਰਮਾਤਮਾ ਦਾ ਨਾਮ ਅੰਗੀਕਾਰ ਕਰਦਾ ਹੈ, ਹੁਕਮ ਪਛਾਣਦਾ ਹੈ ਤਾਂ ( ਕਾਂ ਤੋਂ ) ਹੰਸ ਬਣ ਜਾਂਦਾ ਹੈ ( ਜਿਵੇਂ ) ਲੱਕੜ ਦੇ ਆਸਰੇ ਲੋਹਾ ( ਨਦੀ ਦੇ ) ਪਾਰਲੇ ਕੰਢੇ ਜਾ ਲੱਗਦਾ ਹੈ, ( ਗੁਰੂ ਦੇ ਆਸਰੇ ) ਹੇ ਨਾਨਕ ! ਉਹ ਤ੍ਰਿਸ਼ਨਾਂ ਤਿਆਗਦਾ ਹੈ ਤੇ ਰੱਬ ਦੇ ਡਰ ਵਿਚ ਜੀਉਂਦਾ ਹੈ, (ਬੱਸ !) ਇਹੀ ਕਰਣੀ ਸਭ ਤੋਂ ਚੰਗੀ ਹੈ । ੧ ।

੪੫- **ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥ ੧ ॥ ਰਹਾਉ ਦੂਜਾ ॥**[੯੨]-੧

**ਅਰਥਃ**--ਪ੍ਰਭੂ ਨਾਲ ਚਿੱਤ ਜੋੜਿਆਂ ਆਤਮਕ ਮੌਤ ਨਹੀਂ ਹੁੰਦੀ, ( ਕਿਉਂਕਿ ਜਿਉਂ ਜਿਉਂ ਜੀਵ ਪ੍ਰਭੂ ਦੇ ) ਹੁਕਮ ਨੂੰ ਪਛਾਣਦਾ ਹੈ, (ਆਖ਼ਰ) ਪ੍ਰਭੂ ਨਾਲ ਇਸ ਦਾ ਮਿਲਾਪ ਹੋ ਜਾਂਦਾ ਹੈ। ੧।

੪੬ **ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥**
**ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥ ੪ ॥**[੨੩੨]-੭

ਖ਼ਸਮ-ਪ੍ਰਭੂ ਦਾ ਹੀ ਇਹ ਸਾਰਾ ਪਸਾਰਾ ਹੈ। ਸਭ ਕੁਝ ਉਸ ਦੀ ਕੇਵਲ-ਮਾਤ੍ਰ ਜ਼ਾਤ ਤੋਂ ਸਭ ਦਿਸਦਾ ਅਣਦਿਸਦਾ ਸੰਸਾਰ ਬਣਿਆਂ ਹੈ, ਉਸ ਸਦੀਵੀ ਰਹਿਣ ਵਾਲੇ ਖ਼ਸਮ ਦੀ ਪਛਾਣ ਕਰ ਲੈਣੀ ਹੀ ਉਸ ਦੀ ਪ੍ਰਾਪਤੀ ਹੈ। ਉਸ ਦੀ ਪਛਾਣ ਆਪੇ ਦੀ ਪਛਾਣ ਹੈ। ਜਦੋਂ ਅੰਤਰ ਆਤਮੇ ਦੀ ਪਛਾਣ ਆ ਜਾਵੇ ਤਾਂ ਹਰ ਪਾਸੇ ਭਲਾ ਹੀ ਭਲਾ ਦਿੱਸ ਆਉਂਦਾ ਹੈ। ਫਿਰ ਸਾਰੀਆਂ ਕਮੀਆਂ ਆਪਣੇ ਵਿਚ ਨਜ਼ਰ ਆਉਣੀਆਂ ਅਰੰਭ ਹੋ ਜਾਂਦੀਆਂ ਹਨ। ਜਦ ਹਰ ਪ੍ਰਾਣੀ ਵਿਚ ਪ੍ਰਭੂ ਦੇ ਦਰਸ਼ਨ ਹੋਣ ਲੱਗ ਪੈਣ ਫਿਰ ਕੋਈ ਬੁਰਾ ਕਿਉਂ ਲੱਗੇ ? ਹਰ ਦੂਜਾ ਜੀਵ ਪਿਆਰਾ ਲੱਗਣ ਲੱਗ ਪੈਂਦਾ ਹੈ। ਏਹੀ ਹੈ ਪ੍ਰਭੂ ਦੀ ਸਦੀਵੀ ਯਾਦ, ਏਹੀ ਹੈ ਉਸ ਦਾ ਨਿਰੰਤਰ ਸਿਮਰਨ। ਹੁਕਮ ਦੀ ਠੀਕ ਪਛਾਣ ਆ ਜਾਣ ਨਾਲ ਜੀਵਨ ਸਫ਼ਲ ਹੋ ਗਿਆ:---

੪੭- **ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥ ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ ਗੁਰਮੁਖਿ ਆਪ ਪਛਾਣੀਐ ਬੁਰਾ ਨ ਦੀਸੈ ਕੋਇ ॥ ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥੧॥**[੧੨੪੪]-ਵਾਰ-੧੮

੪੮- **ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੪ ॥**[੯੯੧]-੭

੪੯- **ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥**[੧੩੫੦]-੩

**ਅਰਥਃ**--ਉਹ ਸਦਾ ਕਾਇਮ ਰਹਿਣ ਵਾਲਾ ਸਭ ਜੀਵਾਂ ਵਿਚ ਵੱਸਦਾ ਹੈ। ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸ ਦਾ ਕੀਤਾ ਹੋ ਰਿਹਾ ਹੈ। ਉਹੀ ਮਨੁੱਖ ਰੱਬ ਦਾ (ਪਿਆਰਾ) ਬੰਦਾ ਕਿਹਾ ਜਾ ਸਕਦਾ ਹੈ, ਜੋ ਉਸ ਦੀ ਰਜ਼ਾ ਨੂੰ ਪਛਾਣਦਾ ਹੈ ਤੇ ਉਸ ਇੱਕ ਨਾਲ ਸਾਂਝ ਪਾਉਂਦਾ ਹੈ। ੩।

ਪਰ ਇਸ ਹੁਕਮ ਦੀ ਪਛਾਣ ਹੋ ਸਕਣੀ ਪ੍ਰਭੂ ਦੀ ਮਿਹਰ-ਕਰਮ ਦਾ ਫਲ ਹੈ। ਉਸ ਦੀ ਕਿਰਪਾ ਦ੍ਰਿਸ਼ਟੀ ਦੀ ਲੋੜ ਹੈ। ਅਤੇ ਪ੍ਰਭੂ ਨੂੰ ਰੀਝਾਉਣ ਦੀ ਜਾਚ ਸਤਿਗੁਰੂ ਗ੍ਰੰਥ ਸਾਹਿਬ ਜੀ ਨੇ ਸਿਖਾਉਣੀ ਹੈ। ਗੁਰਬਾਣੀ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਘਾਲਣਾ ਘਾਲਣ ਦੀ ਲੋੜ ਹੈ। ਸਾਹਿਬ ਦੀ ਕ੍ਰਿਪਾ ਦ੍ਰਿਸਟੀ ਲਈ ਚਰਨ-ਧੂੜ ਬਣ ਕੇ ਜੋਦੜੀਆਂ ਕਰਨ ਦੀ ਲੋੜ ਹੈ। ਫਿਰ ਜਦੋਂ ਸਾਹਿਬ ਦਿਆਲ ਹੋ ਗਿਆ ਤਾਂ:---

੫੦- **ਪਉੜੀ ॥ ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸੈ ਭਾਵੈ ਸੋ ਕਰੇ ਮਨਹੁਚਿੰਦਿਆ ਸੋ ਫਲੁ ਪਾਇਸੀ ॥ <u>ਤਾ ਦਰਗਹ ਪੈਧਾ ਜਾਇਸੀ</u> ॥ ੧੫ ॥** [੪੭੧]

ਦਰਗਾਹ ਵਿਚ ਆਦਰ ਪਾਉਣ ਜੋਗੇ ਬਣਨ ਲਈ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਦੀ ਲੋੜ ਹੈ। ਪ੍ਰਭੂ ਨਾਲ ਜਾਣ-ਪਛਾਣ ਦਾ ਵਸੀਲਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਜੀਵਨ ਮਰਯਾਦਾ ਬਣਾਉਣੀ ਹੈ। ਜੀਵਨ ਨੂੰ ਗੁਰਮਤਿ ਦੇ ਸੱਚੇ ਵਿਚ ਢਾਲ ਲੈਣ ਤੇ ਹੁਕਮ ਮੰਨਣ ਦੀ ਯੋਗਤਾ ਆਉਣੀ ਹੈ। ਰਜ਼ਾ ਵਿਚ ਪ੍ਰਸੰਨ ਰਹਿਣਾ ਹੀ ਖ਼ਸਮ ਦੇ ਮਹਲਾਂ ਦੇ ਦਰਵਾਜ਼ੇ ਦੀ ਰਾਹਦਾਰੀ ਹੈ। " **ਹੁਕਮਿ ਰਜਾਈ ਚਲਣਾ** " ਮਨ ਦੇ ਟਿਕਾਉ ਦੀ ਉਹ ਅਵਸਥਾ ਹੈ ਜਿਥੇ ਸਾਰੀਆਂ ਮਨੋ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਏਹੀ ਤਾਂ ਹੈ ਦਰਗਾਹ ਵਿਚ ਆਦਰ ਮਿਲਣ ਦੀ ਨਿਸ਼ਨੀ।

## ੫
## ਹੁਕਮ ਦੇ ਹੋਰ ਰੂਪ

**ਗੁਰੂ ਗ੍ਰੰਥ ਸਾਹਿਬ ਜੀ** ਨੇ ਸਾਨੂੰ ਹੁਕਮ ਦੇ ਹੋਰ ਰੂਪ ਵੀ ਸਮਝਾਏ ਹਨ :--

੫੧- **ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥ ੧੪ ॥ [੪੭੦]** [ਨੋਟ--ਪੂਰੀ ਪਉੜੀ ਦੇ ਅਰਥ ਪਹਿਲਾਂ ਹੋ ਚੁੱਕੇ ਹਨ]

੫੨- **ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥ ੧ ॥ ਰਹਾਉ ॥**[੬੬੧]-੧-੩

**ਅਰਥਃ**--ਹੇ ਮੇਰੀ ਮਾਂ ! ਕਿਸੇ ਚਲਾਕੀ ਨਾਲ ਜਾਂ ਕੋਈ ਹੱਕ ਜਤਾਉਣ (ਹੁਕਮ ਦੇ ਸਕਣ ਵਾਲਾ ਹੱਕ) ਨਾਲ ਪਰਮਾਤਮਾ ਨਹੀਂ ਮਿਲਦਾ। ਹੋਰ ਕਿਹੜੀ ਵਿਧੀ ਹੈ ਜਿਸ ਨਾਲ ਮੈਂ ਉਸ ਪ੍ਰਭੂ ਵਿਚ ਮਿਲ ਸਕਦਾ ਹਾਂ ? । ੧ । ਰਹਾਉ ।

੫੩- **ਜਿਸ ਦਾ ਦਿਤਾ ਖਾਵਣਾ ਤਿਹੁ ਕਹੀਐ ਸਾਬਾਸ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥ ੨੨ ॥**[੪੭੪]

੫੪- **ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ ॥**
**ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥ ੭ ॥** [੫੦੭]-੧-੮

**ਅਰਥਃ**--ਹੇ ਪ੍ਰਭੂ ! ਕਰਾਮਾਤੀ ਤਾਕਤਾਂ ਰੱਖਣ ਵਾਲਿਆਂ ਵਿਚ ਤੇਰੀ ਕਰਾਮਾਤੀ ਤਾਕਤ ਸ਼ਿਰੋਮਣੀ ਹੈ, ਕੰਮ ਕਰਨ ਵਾਲਿਆਂ ਵਿਚ ਤੂੰ ਸ਼ਿਰੋਮਣੀ ਹੈ। ਹੇ ਪ੍ਰਭੂ ! ( ਦੁਨੀਆ ਦੇ ) ਇਖ਼ਤਿਆਰ ਵਾਲਿਆਂ ਵਿਚ ਤੇਰਾ ਇਖ਼ਤਿਆਰ ਸਭ ਤੋਂ ਵੱਡਾ ਹੈ, (ਦੁਨੀਆਂ ਦੇ ) ਹੁਕਮ ਚਲਾਉਂਣ ਵਾਲਿਆਂ ਵਿਚ ਤੂੰ ਸ਼ਿਰੋਮਣੀ ਹਾਕਮ ਹੈਂ। (ਭਾਵ, ਲੋਕ ਫੋਕੇ ਹੰਕਾਰ ਵਿਚ ਫ਼ਸੇ ਹੋਏ ਹਨ ਅਸਲ ਵਿਚ ਸਭ ਪਾਸੇ ਤੇਰੀ ਹੀ ਸ਼ਕਤੀ ਕੰਮ ਕਰ ਰਹੀ ਹੈ, ਤੇਰਾ ਹੀ ਅਪਾਰ ਹੁਕਮ ਵਰਤ ਰਿਹਾ ਹੈ)। ੭ ।

<u>**ਅਤੇ ਹੁਕਮ ਦਾ ਇੱਕ ਰੂਪ ਇਹ ਵੀ ਹੈ:**</u>--

੫੫- **ਅਖਰ** ਮਹਿ ਤ੍ਰਿਭਵਨ ਪ੍ਰਭਿ ਧਾਰੇ ॥ **ਅਖਰ** ਕਰਿ ਕਰਿ ਬੇਦ ਬੀਚਾਰੇ ॥ **ਅਖਰ** ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥
**ਅਖਰ** ਨਾਦ ਕਥਨ ਵਖ੍ਯ੍ਯਾਨਾ ॥ **ਅਖਰ** ਮੁਕਤਿ ਜੁਗਤਿ ਭੈ ਭਰਮਾ ॥ **ਅਖਰ** ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ **ਅਖਰ** ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥ ੫੪ ॥[੨੫੬]

ਪਦ ਅਰਥ:--ਅਖਰ--੧। ਅਵਿਨਾਸ਼ੀ ਪ੍ਰਭੂ ੨। ਪ੍ਰਭੂ ਦਾ ਹੁਕਮ, ਪ੍ਰਭੂ ਦਾ ਅਟੱਲ ਨੀਯਮ । ਧਾਰੇ--ਅਸਥਾਪਨ ਕੀਤੇ । ਅਖਰ ਕਰਿ ਕਰਿ--ਹੁਕਮ ਕਰਕੇ, ਹੁਕਮ ਦੀ ਰਾਹੀਂ । ਕਰਿ ਬੇਦ--ਵੇਦ ਬਣਾ ਕੇ । ਨਲਾਦ--ਆਵਾਜ਼, ਰਾਗ, ਕੀਰਤਨ । ਵਖ੍ਯ੍ਯਾਨਾ--ਉਪਦੇਸ਼, ਵਿਆਖਿਆ । ਅਖਰ ਹੈ--ਅੱਖਰ, ਭਾਵ, ਹੁਕਮ ਦਾ ਪਸਾਰਾ ਹੈ । ਕਿਰਤਿ--ਕਰਨ ਜੋਗ ।

**ਅਰਥ:**--ਇਹ ਤਿੰਨੇ ਭਵਨ (ਸਾਰਾ ਜਗਤ) ਪ੍ਰਭੂ ਨੇ ਆਪਣੇ ਹੁਕਮ (ਪੱਕੇ ਨੀਯਮ) ਵਿਚ ਹੀ ਰਚੇ ਹਨ । ਪ੍ਰਭੂ ਦੇ ਉਸ ਹੁਕਮ ਅਨਸਾਰ ਹੀ ਵੇਦ ਰਚੇ ਗਏ, ਤੇ ਵਿਚਾਰੇ ਗਏ । ਸਾਰੇ ਸ਼ਾਸਤ੍ਰ ਸਿਮ੍ਰਿਤੀਆਂ ਤੇ ਪੁਰਾਣ ਪ੍ਰਭੂ ਦੇ ਹੁਕਮ ਦਾ ਪ੍ਰਗਟਾਵਾ ਹਨ । ਇਨ੍ਹਾਂ ਪੁਰਾਣਾਂ ਸ਼ਾਸਤ੍ਰਾਂ ਤੇ ਸਿਮ੍ਰਿਤੀਆਂ ਦੇ ਕੀਰਤਨ ਕਥਾ ਤੇ ਵਿਆਖਿਆ ਵੀ ਪ੍ਰਭੂ ਦੇ ਹੁਕਮ ਦਾ ਹੀ ਜ਼ਹੂਰ ਹੈ । (ਭਾਵ, ਕਿਸੇ ਕਿਰਤ ਨੂੰ ਆਪਣੀ ਕਹਿ ਕੇ ਵਡਿਆਉਣਾ ਅਤੇ ਨਾਜਾਇਜ਼ ਲਾਭ ਲੈਣੇ, ਦੁਖਦਾਈ ਹੰਕਾਰ ਹੈ । ਸਾਰੇ ਜਗਤ ਦੀ ਕਾਰ ਪ੍ਰਭੂ ਦੇ ਬਣਾਏ ਪੱਕੇ ਨੀਯਮ ਵਿਚ ਬੱਝੀ ਚਲ ਰਹੀ ਹੈ । ਏਸੇ ਮਰਯਾਦਾ ਅਧੀਨ ਹੀ ਗ੍ਰੰਥ ਆਦਿ ਲਿਖੇ ਜਾਂਦੇ ਹਨ । ਇਹ ਸਮਝਣਾ ਗ਼ਲਤ ਹੈ ਕਿ ਵੇਦ ਸ਼ਾਸਤ੍ਰ ਆਦਿ ਰਚੇ ਜਾਣ ਲਈ ਅਕਾਲਪੁਰਖ ਨੇ ਕੋਈ ਉਚੇਚਾ ਹੁਕਮ ਦਿੱਤਾ ਸੀ । ਉਸ ਪੱਕੇ ਸਿਧਾਂਤ ਅਨੁਸਾਰ ਹੀ ਚਮਤਕਾਰੀ ਬੁੱਧੀ ਵਾਲੇ ਮਨੁੱਖ ਜਨਮ ਲੈਂਦੇ ਹਨ । ਉਸ ਰੱਬੀ ਹੁਕਮ ਅਤੇ ਮਨੁੱਖੀ ਆਗਿਆ ਦੇ ਫਰਕ ਨੂੰ ਸਮਝਣ ਬਾਰੇ ਬੜੀ ਵਿਸਥਾਰ ਨਾਲ ਵਿਚਾਰ ਹੋ ਚੁੱਕੀ ਹੈ)

ਦੁਨੀਆ ਦੇ ਡਰਾਂ ਭਰਮਾਂ ਤੋਂ ਖਲਾਸੀ ਲੱਭਣੀ ਵੀ ਪ੍ਰਭੂ ਦੇ ਹੁਕਮ ਦਾ ਪ੍ਰਕਾਸ਼ ਹੈ । (ਮਨੁੱਖਾ ਜਨਮ ਵਿਚ) ਕਰਨ ਯੋਗ ਕਰਮਾਂ ਦੀ ਪਛਾਣ ਕਰਨੀ ਆਤਮਕ ਪਵਿਤ੍ਰਤਾ ਦੇ ਨਿਯਮਾਂ ਦੀ ਭਾਲ--ਇਹ ਪ੍ਰਭੂ ਦੇ ਹੁਕਮ ਦਾ ਹੀ ਦ੍ਰਿੱਸ਼ ਹੈ । ਹੇ ਨਾਨਕ ! ਜਿਤਨਾ ਵੀ ਇਹ ਦਿੱਸਦਾ ਸੰਸਾਰ ਰਿਹਾ ਹੈ, ਇਹ ਸਾਰਾ ਹੀ ਪ੍ਰਭੂ ਦੇ ਹੁਕਮ ਦਾ ਸਰਗੁਣ ਰੂਪ ਹੈ, ਪਰ ( ਹੁਕਮ ਦਾ ਮਾਲਕ ) ਪ੍ਰਭੂ ਆਪ ( ਇਸ ਸਾਰੇ ਪਸਾਰੇ ਦੇ ) ਪ੍ਰਭਾਵ ਤੋਂ ਪਰੇ ਹੈ । ੫੪ ।

## <u>ਹੁਕਮ ਦਾ ਇਕ ਰੂਪ ਭੈ ਅਥਵਾ ਭਉ ਵੀ ਹੈ</u>

੫੬- **ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥**
**ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰਨਾਥ ॥**
**ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥**[੪੬੪]-ਵਾਰ-੪

ਹਵਾ ਦਾ ਸਦਾ ਡਰ ਵਿਚ ਚੱਲਣਾ, ਦਰਿਆਵਾਂ ਦਾ ਵਹਿਣ, ਅਗਨੀ ਦੀ ਸੇਕ ਅਥਵਾ ਸਾੜਨ ਸ਼ਕਤੀ, ਧਰਤੀ ਦਾ ਭਾਰ ਹੇਠ ਦੱਬੇ ਰਹਿਣਾ, ਬੱਦਲ ਆਦਿ ਜੋ ਦੌੜੇ ਫਿਰ ਰਹੇ ਹਨ, ਸਾਰੀ ਸ੍ਰਿਸ਼ਟੀ ਪ੍ਰਭੂ ਦੇ ਭੈ ਵਿਚ ਕਾਰ ਕਰ ਰਹੀ ਹੈ । ਸਿਰਜਣਾ ਦਾ ਹਰ ਭਾਗ, ਪ੍ਰਭੂ ਦੀ ਰਜ਼ਾ, ਪ੍ਰਭੂ ਦੇ ਹੁਕਮ ਅਥਵਾ ਪ੍ਰਭੂ ਦੇ ਬੱਝੇ ਹੋਏ ਨੀਯਮ ਵਿਚ ਸੇਵਾ ਕਰੀ ਜਾ ਰਹੀ ਹੈ ।

੫੭- **ਡਰਪੈ ਧਰਤਿ ਅਕਾਸੁ ਨਖ੍ਯ੍ਯਤ੍ਰਾ ਸਿਰ ਊਪਰਿ ਅਮਰ ਕਰਾਰਾ ॥ ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰ**
**ਬਿਚਾਰਾ ॥ ੧ ॥ ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥**
**੧ ॥ ਰਹਾਉ ॥ ਦੇਹਧਾਰੀ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥ ਲਖ ਚਉਰਾਸੀਹ ਮਰਿ**
**ਮਰਿ ਜਨਮੈ ਫਿਰਿ ਫਿਰਿ ਜੋਨੀ ਜੋਇਆ ॥ ੨ ॥ ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇ ॥**
**ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮਰਾਇ ॥ ੩ ॥ ਸਗਲ ਸਮਗ੍ਰੀ ਡਰਹਿ ਬਿਆਪੀ ਬਿਨ**
**ਡਰੁ ਕਰਣੈ ਹਾਰਾ ॥ ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥ ੪ ॥**[੯੯੮]-੧

**ਅਰਥ:**---ਹੇ ਭਾਈ (ਅਸਾਂ) ਇੱਕੋ ਗੱਲ ਸੁਣੀ ਹੋਈ ਹੈ ਜੋ ਮਨੁੱਖ ਨੂੰ ਡਰਾਂ ਤੋਂ ਰਹਿਤ ਕਰ ਦਿੰਦਾ ਹੈ (ਉਹ ਇਹ ਹੈ ਕਿ) ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਪਰਮਤਮਤਾ ਦੇ ਗੁਣ ਗਾਉਂਦਾ ਹੈ ( ਅਤੇ ਰਜ਼ਾ ਅਨੁਸਾਰ ਜੀਉਂਣਾ ਸਿੱਖ ਲੈਂਦਾ ਹੈ) ਉਹ ਸੁਖੀ ਜੀਵਨ ਵਾਲਾ ਹੈ ਉਹ ਸਦਾ ਸੌਖਾ ਰਹਿੰਦਾ ਹੈ । ੧ । ਰਹਾਉ ।

ਧਰਤੀ, ਆਕਾਸ਼, ਤਾਰੇ--ਇਨ੍ਹਾਂ ਸਭਨਾਂ ਦੇ ਸਿਰ ਤੇ ਪਰਮਾਤਮਾ ਕਰੜਾ ਹੁਕਮ ਚੱਲ ਰਿਹਾ ਹੈ (ਇਨ੍ਹਾਂ ਵਿਚੋਂ ਕੋਈ ਵੀ) ਰਜ਼ਾ ਤੋਂ ਆਕੀ ਨਹੀਂ ਹੋ ਸਕਦਾ (ਭਾਵ, ਬੱਝੇ ਹੋਏ ਨੀਯਮ ਦੀ ਉਲੰਘਣਾ ਨਹੀਂ ਕਰ ਸਕਦਾ) । ਹਵਾ, ਪਾਣੀ, ਅੱਗ (ਆਦਿਕ ਹਰੇਕ ਤੱਤ) ਰਜ਼ਾ ਵਿਚ ਤੁਰ ਰਿਹਾ ਹੈ । ਨਿਮਾਣਾ ਇੰਦਰ ਵੀ ਪ੍ਰਭੂ ਦੇ ਹੁਕਮ ਵਿਚ ਤੁਰ ਰਿਹਾ ਹੈ ( ਭਾਵੇਂ ਲੋਕਾਂ ਦੇ ਖ਼ਿਆਲ ਅਨੁਸਾਰ ਉਹ ਸਾਰੇ ਦੇਵਤਿਆਂ ਦਾ ਰਾਜਾ ਹੈ) **। ੧ ।** ਸਾਰੇ ਜੀਵ ਅਤੇ ਦੇਵਤੇ ਹੁਕਮ ਵਿਚ ਤੁਰ ਰਹੇ ਹਨ, ਸਿੱਧ ਅਤੇ ਸਾਧਿਕ ਵੀ ) ਹੁਕਮ ਅੱਗੇ ਥਰ ਥਰ ਕੰਬਦੇ ਹਨ । ਚੌਰਾਸੀ ਲੱਖ ਜੂਨਾਂ ਦੇ ਸਾਰੇ ਜੀਵ (ਜੋ ਰਜ਼ਾ ਵਿਚ ਨਹੀਂ ਤੁਰਦੇ) ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ, ਮੁੜ ਮੁੜ ਜੂਨਾਂ ਵਿਚ ਪਾਏ ਜਾਂਦੇ ਹਨ **। ੨ ।** ਪਰਮਾਤਮਾ ਨੇ ਬੇਅੰਤ ਜੀਵ ਪੈਦਾ ਕੀਤੇ ਹੋਏ ਹਨ ਜੋ ਰਜੋ ਸਤੋ ਤਮੋ (ਇਨ੍ਹਾਂ ਤਿੰਨ ਗੁਣਾਂ ਵਿਚ ਵਰਤ ਰਹੇ ਹਨ, ਇਹ ਸਾਰੇ ਉਸ ਦੇ) ਹੁਕਮ ਵਿਚ ਹੀ ਕਾਰ ਕਰ ਰਹੇ ਹਨ । (ਦੁਨੀਆ ਦੇ ਸਾਰੇ ਜੀਵਾਂ ਵਾਸਤੇ) ਛਲ (ਬਣੀ ਹੋਈ) ਇਹ ਵਿਚਾਰੀ ਲਛਮੀ (-ਮਾਇਆ) ਵੀ ਰਜ਼ਾ ਵਿਚ ਤੁਰ ਰਹੀ ਹੈ, ਧਰਮਰਾਜ ਵੀ ਹੁਕਮ ਅੱਗੇ ਥਰ ਥਰ ਕੰਬਦਾ ਹੈ । ੩ । ਹੇ ਭਾਈ ! ਦੁਨੀਆਂ ਦੀ ਸਾਰੀ ਸਮੱਗ੍ਰੀ ਰਜ਼ਾ ਵਿਚ ਬੱਝੀ ਹੋਈ ਹੈ, ਇੱਕ ਸਿਰਜਣਹਾਰ ਪ੍ਰਭੂ ਹੀ ਹੈ ਜਿਸ ਉਤੇ ਕਿਸੇ (ਦੂਜੇ) ਦਾ ਡਰ ਨਹੀਂ । ਗੁਰਦੇਵ ਜੀ ਦਾ ਫ਼ੁਰਮਾਨ ਹੈ--ਪਰਮਾਤਮਾ ਆਪਣੇ ਭਗਤਾਂ ਦਾ ਸਹਾਈ ਹੈ, ਭਗਤ ਉਸ ਦੇ ਦਰਬਾਰ ਵਿਚ ਸਦਾ ਸੋਭਾ ਪਾਉਂਦੇ ਹਨ । ੪ ।

੫੮= **ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥ ੬ ॥**[੭੨੫]-੧

**ਅਰਥ:**--ਹੇ ਨਾਨਕ ! ਜਦੋਂ (ਜੀਵ ਇਸਤ੍ਰੀ ਪ੍ਰਭੂ-ਪਤੀ ਦੀ ਰਜ਼ਾ ਨੂੰ ਸਮਝ ਲੈਂਦੀ ਹੈ, ਜਦੋਂ ਉਸ ਦੇ ਡਰ ਨੂੰ ( ਜਿੰਦ ਵਾਸਤੇ ਸੁਗੰਧੀ ਬਣਾਉਂਦੀ ਹੈ, ਜਿਵੇਂ ਸਰੀਰ ਉਤੇ ਕੋਈ ਇਸਤ੍ਰੀ) ਚੰਦਨ ਲਾਉਂਦੀ ਹੈ, ਜਦੋਂ ਇਸਤ੍ਰੀ (ਪਤੀ ਨੂੰ ਵੱਸ ਕਰਨ ਵਾਸਤੇ ਆਤਮਕ) ਗੁਣਾਂ ਨੂੰ ਟੂਣੇ ਬਣਾਉਂਦੀ ਹੈ, ਉਹ ਪ੍ਰਭੂ ਪਿਆਰੇ ਦਾ ਮਿਲਾਪ ਹਾਸਲ ਕੇ ਲੈਂਦੀ ਹੈ । ੬ ।

੫੯- **ਡਰਿ ਘਰੁ, ਘਰਿ ਡਰੁ, ਡਰਿ ਡਰੁ ਜਾਇ ॥ ਸੋ ਡਰੁ ਕੇਹਾ, ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥**
**ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥ ੧ ॥ ਡਰੀਐ, ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥ ੧ ॥**
**ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ, ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ**
**ਪਾਛੈ ਹੁਕਮਿ ਸਮਾਇ ॥ ੨ ॥ ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ**
**ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥ ੩ ॥ ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ, ਤੂੰ ਸਭਨਾ ਕਾ**
**ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥ ੪ ॥ [੧੫੧]-੨**

**ਅਰਥ**:--(ਹੇ ਪ੍ਰਭੂ !) ਤੇਰੇ ਡਰ-ਅਦਬ ਵਿਚ ਰਿਹਾਂ ਉਹ ਆਤਮਕ ਅਵਸਥਾ ਮਿਲ ਜਾਂਦੀ ਹੈ ਜਿਥੇ ਮਨ ਤੇਰੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਹਿਰਦੇ ਵਿਚ ਇਹ ਯਕੀਨ ਬਣ ਜਾਂਦਾ ਹੈ ਕਿ ਤੂੰ ਮੇਰੇ ਅੰਦਰ ਵੱਸਦਾ ਹੈਂ ਤੇ ਸਭ ਵਿਚ ਵੱਸਦਾ ਹੈਂ । ਤੇਰੇ ਡਰ-ਅਦਬ (-ਤੇਰੀ ਰਜ਼ਾ) ਵਿਚ ਰਿਹਾਂ (ਦੁਨੀਆਂ ਦਾ ਹਰੇਕ ਕਿਸਮ ਦਾ) ਸਹਮ ਦੂਰ ਹੋ ਜਾਂਦਾ ਹੈ । ਤੇਰਾ ਡਰ ਐਸਾ ਨਹੀਂ ਹੁੰਦਾ ਕਿ ਉਸ ਡਰ ਵਿਚ ਤਿਹਾਂ ਕੋਈ ਹੋਰ ਸਹਮ ਟਿਕਿਆ ਰਹੇ । (ਹੇ ਪ੍ਰਭੂ ! ) ਤੈਥੋਂ ਬਿਨਾਂ ਜੀਵ ਦਾ ਕੋਈ ਹੋਰ ਥਾਂ ਆਸਰਾ ਨਹੀਂ ਹੈ । ਜਗਤ ਵਿਚ ਜੋ ਕੁਝ ਹੋ ਰਿਹਾ ਹੈ ਸਭ ਤੇਰੀ ਮਰਜ਼ੀ ਨਾਲ ਹੋ ਰਿਹਾ ਹੈ **। ੧ ।** (ਹੇ ਪ੍ਰਭੂ ! ਡਰ-ਅਦਬ ਵਿਚ ਰਹਿੰਣ ਦੀ ਥਾਂ, ਤੇਰੇ ਰਜ਼ਾ ਅੱਗੇ ਸੀਸ ਝੁਕਾ ਕੇ ਸਦਾ ਤੇਰਾ ਧਨਵਾਦੀ ਰਹਿਣ ਦੀ ਥਾਂ) ਜੇ ਜੀਵ ਦੇ ਹਿਰਦੇ ਵਿਚ ਕੋਈ ਹੋਰ ਡਰ ਟਿਕਿਆ ਰਹੇ, ਤਾਂ ਜੀਵ ਸਦਾ ਸਹਮਿਆਂ ਰਹਿੰਦਾ ਹੈ, ਮਨ ਦੀ ਘਬਰਾਹਟ, ਮਨ ਦਾ ਸਹਮ ਹਰ ਵੇਲੇ ਬਣਿਆਂ ਰਹਿੰਦਾ ਹੈ **। ੧ । ਰਹਾਉ ।** ( ਪ੍ਰਭੂ ਦੇ ਡਰ-ਅਦਬ ਵਿਚ ਰਿਹਾਂ ਹੀ ਇਹ ਯਕੀਨ ਬਣ ਸਕਦਾ ਹੈ ਕਿ) ਜੀਵ ਨਾ ਮਰਦਾ ਹੈ ਨਾ ਕਿਤੇ ਡੁੱਬ ਸਕਦਾ ਹੈ ਨਾ ਕਿਤੋਂ ਤਰਦਾ ਹੈ (ਭਾਵ, ਜਿਹੜਾ ਕਿਤੇ ਡੁੱਬਦਾ ਹੀ ਨਹੀਂ ਉਸ ਦੇ ਤਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ) । (ਇਹ ਯਕੀਨ ਬਣਿਆਂ ਰਹਿੰਦਾ ਹੈ ਕਿ) ਜਿਸ ਪਰਮਾਤਾਮ ਨੇ ਇਹ ਜਗਤ ਬਣਾਇਆ ਹੈ ਉਹੀ ਸਭ ਕੁਝ ਕਰ ਸਕਦਾ ਹੈ, ਉਸ ਦੇ ਹੁਕਮ ਵਿਚ ਹੀ ਜੀਵ ਜੰਮਦਾ ਹੈ ਤੇ ਹੁਕਮ ਵਿਚ ਹੀ ਮਰਦਾ ਹੈ, ਲੋਕ ਪਰਲੋਕ ਵਿਚ ਜੀਵ ਨੂੰ ਉਸ ਦੇ ਹੁਕਮ ਵਿਚ ਟਿਕੇ ਰਹਿਣਾ ਪੈਂਦਾ ਹੈ । ੨ । ਜਿਸ ਹਿਰਦੇ ਵਿਚ ਪ੍ਰਭੂ ਦਾ ਡਰ-ਅਦਬ ਨਹੀਂ ਹੈ, ਮੋਹ ਹੈ ਹੰਕਾਰ ਹੈ, ਉਸ ਹਿਰਦੇ ਵਿਚ ਤ੍ਰਿਸ਼ਨਾ ਦੀ ਅੱਗ ਦੀ ਕਾਂਗ ਨਦੀ ਵਾਂਗ (ਠਾਠਾਂ ਮਾਰਦੀ) ਹੈ । ਪ੍ਰਭੂ ਦਾ ਡਰ-ਅਦਬ ਹੀ ਆਤਮਕ ਜੀਵਨ ਦੀ ਖ਼ੁਰਾਕ ਹੈ, ਆਤਮਾ ਦਾ ਆਸਰਾ ਹੈ, ਜੋ ਇਹ ਖ਼ੁਰਾਕ ਨਹੀਂ ਖਾਂਦੇ ਉਹ ( ਦੁਨੀਆਂ ਵਿਚ ਰਹਿ ਕੇ ਕਮਲੇ ਹੋਏ ਰਹਿੰਦੇ ਹਨ **। ੩ ।** (ਹੇ ਤੇਰੇ ਭਾਣੇ ਵਿਚ ਰਾਜ਼ੀ ਰਿਹਾਂ, ਹੀ ਇਹ ਯਕੀਨ ਬਣਦਾ ਹੈ ਕਿ) ਜਿਸ ਕਿਸੇ ਦਾ ਜੇ ਕੋਈ ਸਹਾਈ ਬਣਦਾ ਹੀ ਹੈ ਤਾਂ ਕੋਈ ਵਿਰਲਾ ਹੀ ਹੈ (ਭਾਵ, ਕਿਸੇ ਦਾ ਕੋਈ ਸਦਾ ਲਈ ਸਹਾਇਕ ਨਹੀਂ ਬਣ ਸਕਦਾ), ਪਰ ਹਰੇਕ ਜੀਵ ਤੇਰਾ (ਪੈਦਾ ਕੀਤਾ ਹੋਇਆ) ਹੈ, ਤੂੰ ਸਭ ਦੀ ਸਾਰ ਰੱਖਣ ਵਾਲਾ ਹੈਂ । ਹੇ ਨਾਨਕ ! ਜਿਸ ਪਰਮਾਤਮਾ ਨੇ ਇਹ ਸਾਰੇ ਜੀਵ ਜੰਤ ਪੈਦਾ ਕੀਤੇ ਹਨ, (ਜੀਵ ਵਾਸਤੇ ) ਉਸੇ ਨੇ ਹੀ ਧਨ -ਮਾਲ (ਬਣਾਇਆ ਹੋਇਆ) ਹੈ । (ਇਸ ਤੋਂ ਵਧ ਇਹ) ਵਿਚਾਰਨਾਂ ਤੇ ਆਖਣਾ (ਕਿ ਉਹ ਪ੍ਰਭੂ ਆਪਣੇ ਪੈਦਾ ਕੀਤੇ ਜੀਵਾਂ ਦੀ ਕਿਵੇਂ ਸੰਭਾਲ ਕਰਦਾ ਹੈ) ਔਖਾ ਕੰਮ ਹੈ । ੪ ।

## ੬

# ਆਗਿਆ

੬੦- ਸਦਾ ਨਿਕਟਿ ਕਰਿ ਤਿਸ ਕਉ ਜਾਣੁ ॥ **ਪ੍ਰਭੁ ਕੀ ਆਗਿਆ ਸਤਿ ਕਰਿ ਮਾਨੁ ॥**
ਗੁਰ ਕੈ ਬਚਨੁ ਸਦਾ ਮਿਟਾਵਹੁ ਆਪੁ ॥ ਹਰਿ ਹਰਿ ਨਾਮੁ ਨਾਨਕ ਜਪਿ ਜਾਪੁ ॥ ੪ ॥[੧੭੭]-੪-੭੩

੬੧- **ਪ੍ਰਭ ਕੀ ਆਗਿਆ** ਆਤਮ ਹਿਤਾਵੈ ॥ **ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖ ਤੈਸਾ ਉਸ ਸੋਗੁ ॥ ਸਦਾ ਅਨੰਦੁ ਤਹ ਨਹੀਂ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥...੭ ॥ [੨੭੫]**

ਹੁਕਮ ਵਿਚ ਰਹਿਣਾ ਪਿਆਰ ਲੱਗਣ ਲੱਗ ਜਾਣਾ ਜੀਵਨ ਮੁਕਤ ਦੀ ਨਿਸ਼ਾ**ਨੀ ? ਹਰਿ ਥਾਂ ਹਰ ਸਫ਼ਲਤਾ ਵਿਚ ਉਹ ਆਪ ਹੀ ਆਪ ਜੋ ਪ੍ਰਤੱਖ ਹੋ ਜਾਂਦਾ ਹੈ। ਆਪਣੇ ਆਪੇ ਨਾਲ ਜੁੜਿਆ ਕੋਈ ਬੰਧਨ ਨਾ ਰਿਹਾ। ਏਹੀ ਤਾਂ ਹੈ ਜੀਵਨ ਮੁਕਤਿ ਅਵਸਥਾ। ਅਗਲੇ ਗੁਰੂ ਸ਼ਬਦ ਵਿਚ ਸਤਿਗੁਰਾਂ ਨੇ ਹੁਕਮ ਦੀ ਪਛਾਣ ਕਰਾਉਣ ਦਾ ਹੋਰ ਵੀ ਲਾਹੇਵੰਦ ਉਪਰਾਲਾ ਕੀਤਾ ਹੈ**:--

੬੨- ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥
ਆਪਨ ਜਸੁ ਆਪੇ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥**ਆਗਿਆਕਾਰੀ** (=ਹੁਕਮੀ)
ਕੀਨੀ ਮਾਇਆ ॥ ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥**ਆਗਿਆ**
**ਆਵੈ ਆਗਿਆ ਜਾਇ** ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥ ੫ ॥ [੨੯੪]-੨੩

੬੩- ਏਕਾ ਓਟ ਗਹੁ ਹਾਂ ॥ ਗੁਰ ਕਾ ਸਬਦੁ ਕਹੁ ਹਾਂ ॥**ਆਗਿਆ** ਸਤਿ ਸਹੁ ਹਾਂ ॥
ਮਨਹਿ ਨਿਧਾਨੁ ਲਹੁ ਹਾਂ ॥ ਸੁਖਹਿ ਸਮਾਈਐ ਮੇਰੇ ਮਨਾ ॥ ੧ ॥[੪੧੦]-੪-੧੬੦

੬੪- ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥**ਪ੍ਰਭ ਕੀ ਆਗਿਆ**
**ਮਾਨਿ ਸੁਖੁ ਪਾਇਆ** ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ੩ ॥[੧੧੪੭]-੨੭-੪੦

੬੫- ਆਪੁ ਮੇਟਿ ਪਏ ਸਰਣਾਈ ਇਹ ਮਤਿ ਸਾਧੂ ਕਹੀ ॥
**ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ** ਭਰਮੁ ਅਧੇਰਾ ਲਹੀ ॥ ੧ ॥ [੫੨੯]-੭

੬੬- **ਆਗਿਆ ਦੂਖ ਸੂਖ ਸਭਿ ਕੀਨੇ** ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥
ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ ॥ ੧ ॥ [੧੦੮੬]-੧

੬੭- **ਜੈਸੀ ਆਗਿਆ ਕੀਨੀ ਠਾਕੁਰਿ** ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੂ ਕਉ ਦਉਰਿਓ ॥ ੨ ॥ **ਆਗਿਆ ਮਹਿ ਭੂਖ ਸੋਈ ਕਰਿ ਸੂਖਾ** ਸੋਗ ਹਰਖ ਨਹੀ
ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ੩ ॥ ਭਇਓ ਕ੍ਰਿਪਾਲੁ ਠਾਕੁਰ ਸੇਵਕ
ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥ ੪ ॥ [੧੦੦੦]-੫

**ਅਰਥ**:--ਹੇ ਭਾਈ ! ਸੇਵਕ ਉਹ ਹੈ, ਜਿਸ ਨੂੰ ਮਾਲਕ ਪ੍ਰਭੂ ਨੇ ਜਿਹੋ ਜਿਹਾ ਹੁਕਮ ਕਦੇ ਕੀਤਾ, ਉਸ ਨੇ ਉਸ ਹੁਕਮ ਤੋਂ ਕਦੇ ਮੂੰਹ ਨਹੀਂ ਮੋੜਿਆ । ਜੇ ਮਾਲਕ ਨੇ ਉਸ ਨੂੰ ਘਰ ਦੇ ਅੰਦਰੇ ਟਿਕਾਈ ਰੱਖਿਆ, ਤਾਂ ਸੇਵਕ ਵਾਸਤੇ ਉਥੇ ਹੀ ਆਤਮਕ ਅਡੋਲਤਾ ਤੇ ਆਨੰਦ ਬਣਿਆ ਰਹਿੰਦਾ ਹੈ, (ਜੇ ਮਾਲਕ ਨੇ ਆਖਿਆ--) ਉੱਠ (ਉਸ ਪਾਸੇ ਵਲ ਜਾਹ, ਤਾਂ ਸੇਵਕ) ਉਸੇ ਪਾਸੇ ਵਲ ਦੌੜ ਪਿਆ । ੨ । ਜੇ ਸੇਵਕ ਨੂੰ ਮਾਲਕ-ਪ੍ਰਭੂ ਦੇ ਹੁਕਮ ਵਿਚ ਭੁੱਖ-ਨੰਗ ਆ ਗਈ, ਤਾਂ ਉਸ ਨੂੰ ਹੀ ਉਸ ਨੇ ਸੁਖ ਮੰਨ ਲਿਆ। ਸੇਵਕ ਖ਼ੁਸ਼ੀ ਜਾਂ ਗ਼ਮੀ ਦੀ ਪਰਵਾਹ ਨਹੀਂ ਕਰਦਾ। ਸੇਵਕ ਨੂੰ ਮਾਲਕ-ਪ੍ਰਭੂ ਦਾ ਜਿਹੜਾ ਹੁਕਮ ਮਿਲਦਾ ਹੈ, ਉਸ ਨੂੰ ਸਿਰ ਮੱਥੇ ਮੰਨਦਾ ਹੈ। ਹੇ ਨਾਨਕ ! ਮਾਲਕ-ਪ੍ਰਭੂ ਜਿਦ ਸੇਵਕ ਉੱਤੇ ਦਇਆਵਾਨ ਹੁੰਦਾ ਹੈ, ਉਸ

ਦਾ ਇਹ ਲੋਕ ਤੇ ਪਰਲੋਕ ਦੋਵੇਂ ਸੌਰ ਜਾਂਦੇ ਹਨ। ਜਿਸ ਸੇਵਕ ਨੇ ਖਸਮ-ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ, ਉਹ ਭਾਗਾਂ ਵਾਲਾ ਹੈ, ਉਸ ਦਾ ਦੁਨੀਆ ਵਿਚ ਆਉਣਾ ਸਫ਼ਲ ਹੋ ਜਾਂਦਾ ਹੈ। ੪ ।

੬੮- **ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ ॥ ਪ੍ਰਭ ਕੀ**
**ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ ੩ ॥** [੧੧੪੭]੨੭-੪੪

੬੯- **ਤਨ ਤੇ ਛੁਟਕੀ ਅਪਨੀ ਧਾਰੀ ॥ ਪ੍ਰਭ ਕੀ ਆਗਿਆ ਲਗੀ ਪਿਆਰੀ ॥**
**ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ ॥ ਤਾ ਇਹੁ ਅਚਰਜੁ ਨੈਨਹੁ ਡੀਠਾ ॥ ੧ ॥** [੮੯੭]-੫-੧੬

੭੦- **ਆਗਿਆ ਤੁਮਾਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥ ਜੋ ਤੂ ਦਹਿ ਤਹੀ ਇਹੁ ਤ੍ਰਿਪਤੈ ਆਨ**
**ਨ ਕਤਹੂ ਧਾਵਉ ॥ ੨ ॥ ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥**
**ਸਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪਨਾ ਲਹੀਐ ॥ ੩ ॥ ਸਦਾ ਸਦਾ ਹਮ ਛੋਹਰੇ ਤੁਮਰੇ**
**ਤੂ ਪ੍ਰਭ ਹਮਰੋ ਮੀਰਾ ॥ ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥ ੪ ॥**[੭੧੩]-੩-੫

# ੭

# ਭਾਣਾ, ਰਜ਼ਾ

ਹੇ ਨਿਰੰਕਾਰ ਸਦਾ ਤੂੰ ਹੀ ਅਟੱਲ ਰਹਿਣਾ ਵਾਲਾ ਹੈਂ । ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ । ਤੇਰੀ ਰਜ਼ਾ ਵਿਚ ਰਹਿਣਾ ਹੀ ਅਸਲ ਸੁਖੀ ਜੀਵਨ ਹੈ ।--**ਜੋ ਤੁਧੁ ਭਾਵੈ, ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥**੧੬ ॥ [ਜਪੁ ।

੭੧- **ਰੂਪਵੰਤੁ ਸੋ ਚਤੁਰੁ ਸਿਆਣਾ ॥ ਜਿਨਿ ਜਿਨਿ ਮਾਨਿਆ ਪ੍ਰਭ ਕਾ ਭਾਣਾ ॥ ੨ ॥**[੧੯੮]-੯੦-੧੫੯

ਰੱਬੀ ਹੁਕਮ, ਭਾਣਾ ਅਤੇ ਰਜ਼ਾ ਦਾ ਲਗ-ਪਗ ਇੱਕ ਹੀ ਅਰਥ ਹੈ--**ਜੋ ਤੁਧ ਭਾਵੈ ਸੋ ਭਲਾ ਪਿਆਰੇ, ਤੇਰੀ ਅਮਰੁ ਰਜਾਇ ॥** [੪੩੨]-ਛੰਤ-੩-- **ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** (ਜਪੁ) ਅਤੇ---**ਰਹੈ ਰਜਾਈ ਹੁਕਮੁ ਪਛਾਣੈ ॥** [੮੩੨] ਅਤੇ--**ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥** [੧੦੮੯] ਰਜ਼ਾ ਅਤੇ ਹੁਕਮ ਇੱਕ ਹੈ । ਏਸੇ ਤਰ੍ਹਾਂ ਹੀ ਸਤਿਗੁਰਾਂ ਦਾ ਇਹ ਫ਼ੁਰਮਾਨ:--

੭੨- **ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥**
**ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਲਿ ਸਬਦਿ ਭਏ ਨਾਸੁ ॥ ੭ ॥**[੮੩੨]-੨

**ਅਰਥ:**--ਜਦੋਂ ਮਨੁੱਖ ਗੁਰੂ ਨੂੰ ਮਿਲ ਪੈਂਦਾ ਹੈ ਤਾਂ ਇਹ ਉਸ ਪਰਮਾਤਮਾਂ ਨਾਲ ਡੂੰਘੀ ਸਾਂਝ (-ਜਾਣੈ ) ਪਾ ਲੈਂਦਾ ਹੈ, ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ ਤੇ ਰਜ਼ਾ ਵਿਚ (ਰਾਜੀ) ਰਹਿੰਦਾ ਹੈ । ਸਦਾ-ਥਿਰ ਪ੍ਰਭੂ ਦੀ ਰਜ਼ਾ ਨੂੰ ਸਮਝ ਕੇ ਉਸ ਦੇ ਦਰ ਤੇ ਥਾਂ ਪ੍ਰਾਪਤ ਕਰ ਲੈਂਦਾ ਹੈ । ਗੁਰੂ ਦੇ ਸ਼ਬਦ ਦੀ ਰਾਹੀਂ ਉਸ ਦੇ ਜਨਮ ਮਰਨ (- ਕਾਲ-ਮੌਤ, ਬਿਕਾਲ--ਜਨਮ । ਦੇ ਗੇੜ ) ਮੁੱਕ ਜਾਂਦੇ ਹਨ । ੭ ।

ਸੋ, ਭਾਣਾ ਰਜ਼ਾ, ਹੁਕਮ ਦੇ ਹੀ ਨਾ ਹਨ । ਪਰਮਾਤਮਾਂ ਦਾ ਹੁਕਮ ਉਸ ਦੀ ਖ਼ੁਸ਼ੀ ਉਸ ਦੀ ਰਜ਼ਾ, ਉਸ ਦਾ ਭਾਣਾ ਹੈ, ਰਜ਼ਾ ਵਿਚ ਰਾਜ਼ੀ ਰਹਿੰਣਾ, ਸਦਾ ਉਸ ਦਾ ਸ਼ੁਕਰ ਗੁਜ਼ਾਰ ਰਹਿਣਾ, ਦੁਖ ਅਤੇ ਸੁਖ ਨੂੰ ਇੱਕ ਸਮਾਨ ਸਮਝਣਾ, ਹੀ ਅਸਲ ਤਿਆਗ ਹੈ ਅਤੇ ਏਹੀ ਅਵਸਥਾ ਹੈ ਜਿਸ ਨੂੰ ਉਸ ਜੋਤੀ ਦੀ ਜੋਤਿ ਵਿਚ (ਜੋਤੀ-ਜੋਤਿ) ਸਮਾਉਣਾ ਕਹੀਦਾ ਹੈ।

੭੩- **ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖ ਪਾਇਆ ॥ ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥**
**ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥ ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥**
**ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥ ੨੧ ॥**[੧੦੯੩]-ਵਾਰ

**ਅਰਥ:**--ਉਸ ਪਰਮਾਤਮਾ ਨੇ ( ਜਿਸ ਮਨੁੱਖ ਤੋਂ ) ਆਪਣੀ ਰਜ਼ਾ ਵਿਚ ਆਪਣਾ ਹੁਕਮ ਮਨਾਇਆ ਹੈ ਉਸ ਮਨੁੱਖ ਨੇ ਰਜ਼ਾ ਵਿਚ ਰਹਿ ਕੇ ਸੁਖ ਲੱਭਾ ਹੈ । ਉਸ ਪ੍ਰਭੂ ਨੇ ਆਪਣੀ ਰਜ਼ਾ ਵਿਚ ਜਿਸ ਮਨੁੱਖ ਨੂੰ ਗੁਰੂ ਮਿਲਾਇਆ ਹੈ ਉਹ ਰਜ਼ਾ ਵਿਚ ਰਹਿ ਕੇ ਨਾਮ ਸਿਮਰਦਾ ਹੈ, ਜਿਸ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਸਭ ਤੋਂ ਵਡੀ ਰੱਬੀ ਬਖ਼ਸ਼ਸ਼ ਪ੍ਰਤੀਤ ਹੁੰਦੀ ਹੈ ਉਹ ਆਪ ' ਨਾਮ ' ਸਿਮਰਦਾ ਹੈ ਤੇ ਹੋਰਨਾਂ ਨੂੰ ਸੁਣਾਉਂਦਾ ਹੈ, ਪਰ ' ਨਾਮ ' ਸਿਮਰਦੇ ਉਹੀ ਹਨ ਜਿੰਨ੍ਹਾਂ ਦੇ ਮੱਥੇ ਤੇ ਧੁਰੋਂ ਮੁੱਢ ਤੋਂ ਲੇਖ ਲਿਖਿਆ ਹੋਇਆ ਹੈ ( ਭਾਵ, ਜਿੰਨ੍ਹਾਂ ਦੇ ਅੰਦਰ ਕਰਮਾਂ ਅਨੁਸਾਰ ਸਿਮਰਨ ਦੇ ਸੰਸਕਾਰ ਬਣੇ ਹੋਏ ਹਨ ) । (ਨੋਟ- ਕਰਮਾਂ ਅਨੁਸਾਰ ਸੰਸਕਾਰ ਦੇ ਬਣਨ ਦੀ ਰੱਬੀ ਮਰਯਾਦਾ ਬਾਰੇ ' ਕਰਮ ਫੱਲ ' ਲੇਖ ਵਿਚ ਵਿਚਾਰ ਕੀਤੀ ਗਈ ਹੈ ) (ਸੋ, ) ਹੇ ਨਾਨਕ ! ਉਸ ਪ੍ਰਭੂ ਦੀ ਸਰਨ ਵਿਚ ਰਹੁ ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ । ੨੧ ।

੭੪- **ਜੋ ਤੁਧੁ ਕਰਣਾ ਸੋ ਕਰਿ ਪਾਇਆ ॥ ਭਾਣੇ ਵਿਚ ਕੋ ਵਿਰਲਾ ਆਇਆ ॥ ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚ ਸੁਖੁ**
**ਪਾਇਦਾ ॥ ੧ ॥ ਗੁਰਮੁਖਿ ਤੇਰਾ ਭਾਣਾ ਭਾਵੈ ॥ ਸਹਜੇ ਹੀ ਸੁਖੁ ਸਚੁ ਕਮਾਵੈ ॥ ਭਾਣੇ ਨੋ ਲੋਚੈ ਬਹੁਤੇਰੀ ਆਪਣਾ**
**ਭਾਣਾ ਆਪ ਮਨਾਇਦਾ ॥ ੨ ॥ ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥ ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥**
**ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥ ੩ ॥ ਜਾ ਤਿਸੁ ਭਾਵੇ ਤਾ ਗੁਰੂ ਮਿਲਾਏ ॥ ਗੁਰਮੁਖਿ ਨਾਮੁ**
**ਪਦਾਰਥੁ ਪਾਏ ॥ ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥ ੪ ॥**[੧੦੬੩]-੬-੨੦

**ਅਰਥ:**--ਹੇ ਪ੍ਰਭੂ ! ਜਿਹੜਾ ਕੰਮ ਤੂੰ ਕਰਨਾ ( ਚਾਹੁੰਦਾ ) ਹੈਂ, ਉਹ ਕੰਮ ਤੂੰ ਜ਼ਰੂਰ ਕਰ ਦਿੰਦਾ ਹੈਂ, (ਇਹ ਪਤਾ ਹੁੰਦਿਆਂ ਵੀ) ਕੋਈ ਵਿਰਲਾ ਮਨੁੱਖ ਤੇਰੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੈ । ਜਿਹੜਾ ਮਨੁੱਖ ਤੇਰੀ ਰਜ਼ਾ ਨੂੰ ਸਿਰ-ਮੱਥੇ ਤੇ ਮੰਨਦਾ ਹੈ, ਉਹ ਆਤਮਕ ਸੁਖ ਪ੍ਰਾਪਤ ਕਰਦਾ ਹੈ, ਉਹ ਤੇਰੀ ਰਜ਼ਾ ਵਿਚ ਰਹਿ ਕੇ ਆਤਮਕ ਆਨੰਦ ਮਾਣਦਾ ਹੈ । ੧ । ਹੇ ਪ੍ਰਭੂ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਨੂੰ ਤੇਰੀ ਰਜ਼ਾ ਚੰਗੀ ਲੱਗਦੀ ਹੈ । ਉਹ ਆਤਮਕ ਅਡੋਲਤਾ ਵਿਚ ਰਹਿ ਕੇ ਸੁਖ ਪਾਉਂਦਾ ਹੈ, ਉਹ ਸਦਾ-ਥਿਰ ਹਰਿ-ਨਾਮ ਸਿਮਰਨ ਦੀ ਕਮਾਈ ਕਰਦਾ ਹੈ । ਪ੍ਰਭੂ ਦੇ ਕੀਤੇ ਨੂੰ ਮਿੱਠਾ ਕਰਕੇ ਮੰਨਣ ਦੀ ਤਾਂਘ ਬਥੇਰੀ ਲੁਕਾਈ ਕਰਦੀ ਹੈ, ਪਰ ਆਪਣੀ ਰਜ਼ਾ ਉਹ ਆਪ ਹੀ ( ਕਿਸੇ ਵਿਰਲੇ ) ਤੋਂ ਮਨਾਉਂਦਾ ਹੈ । ੨ । ਹੇ ਪ੍ਰਭੂ ! ਰਜ਼ਾ ਨੂੰ ਮੰਨਣ ਵਾਲਾ ਤੈਨੂੰ ਆ ਮਿਲਦਾ ਹੈ । ਜਿਸ ਮਨੁੱਖ ਨੂੰ ਤੇਰਾ ਭਾਣਾ ਭਾ ਜਾਂਦਾ ਹੈ, ਉਹ ਤੇਰੇ ( ਚਰਨਾਂ ) ਵਿਚ ਲੀਨ ਹੋ ਜਾਂਦਾ ਹੈ । ਉਸ

(ਵਿਰਲੇ ਮਨੁੱਖ) ਨੂੰ ਬੜੀ ਇੱਜ਼ਤ ਮਿਲਦੀ ਹੈ । ੩ । ਪਰਮਾਤਮਾ ਜਿਸ ਤੇ ਮਿਹਰ ਕਰੇ ਉਸ ਨੂੰ ਗੁਰੂ ਮਿਲਾ ਦਿੰਦਾ ਹੈ, ਗੁਰੂ ਦੇ ਸਨਮੁੱਖ ਹੋਇਆਂ ਮਨੁੱਖ ਸ੍ਰੇਸ਼ਟ ਨਾਮ ਪ੍ਰਾਪਤ ਕਰ ਲੈਂਦਾ ਹੈ । ਹੇ ਪ੍ਰਭੂ ! ਇਸ ਸਾਰੀ ਸ੍ਰਿਸ਼ਟੀ ਤੂੰ ਆਪਣੀ ਰਜ਼ਾ ਵਿਚ ਪੈਦਾ ਕੀਤੀ ਹੈ । ਜਿਸ ਮਨੁੱਖ ਨੂੰ ਤੂੰ ਆਪਣੀ ਰਜ਼ਾਂ ਮੰਨਣ ਦੀ ਤਾਕਤ ਦਿੰਦਾ ਹੈਂ, ਉਸ ਨੂੰ ਤੇਰੀ ਰਜ਼ਾ ਪਿਆਰੀ ਲੱਗਦੀ ਹੈ । ੪ ।

ਇਹ ਵੀ ਇੱਕ ਪੱਕਾ ਰੱਬੀ-ਵਿਧਾਨ ਹੀ ਹੈ ਕਿ ਕਰਤੇ ਦੀ ਰਜ਼ਾ ਵਿਚ ਦਿਲੋਂ ਰਾਜ਼ੀ ਰਹਿਣ ਵਾਲਾ ਮਨੁੱਖ ਹੰਕਾਰ ਰਹਿਤ ਅਤੇ ਸੰਤੋਖੀ ਹੋ ਜਾਂਦਾ ਹੈ । ਉਸ ਦਾ ਮਨ ਮਾਇਆ ਦੇ ਮੋਹ ਤੋਂ ਉਪਜਦੇ ਵਿਕਾਰੀ ਜੀਵਨ ਵਲ ਭਟਕਣੋਂ ਰਹਿ ਜਾਂਦਾ ਹੈ । ਪਰਮਾਤਮਾ ਦੇ ਭਾਣੇ ਦੀ ਅਥਵਾ ਪ੍ਰਭੂ ਦੇ ਹੁਕਮ ਦੀ ਉਲੰਘਣਾ ਹੋ ਜਾਣ ਦੇ ਭਉ ਤੋ ਪਰਮਾਤਮਾ ਨਾਲ ਭਾਉ ਬਣਦਾ ਹੈ ਅਤੇ ਅਜੇਹਾ ਭਾਗਾਂ ਵਾਲਾ ਮਨੁੱਖ, ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ । ਅਤੇ ਇਸ ਤਰ੍ਹਾਂ ਸਦੀਵੀ ਆਤਮਕ ਸੁਖ ਮਾਣਦਾ ਹੈ ।

ਪ੍ਰਭੂ ਦੀ ਰਜ਼ਾ ਅਥਵਾ ਰੱਬੀ-ਭਾਣੇ ਵਿਚ ਰਹਿ ਕੇ ਸੁਖੀ ਜਿੰਦਗੀ ਗੁਜ਼ਾਰਨ ਜੋਗਾ ਬਣਾਉਣ ਲਈ, ਅਤੇ ਦਾਤਾਰ ਦੀਆਂ ਮਿਹਰਾਂ ਦਾ ਸ਼ੁਕਰ-ਗੁਜ਼ਾਰ ਰਹਿ ਕੇ ਸਦਾ ਖੇੜੇ ਵਿਚ ਰਹਿਣ ਜੋਗਾ ਬਣਾਉਣ ਲਈ ਅਥਵਾ ਮਨੁੱਖ ਨੂੰ ਇੱਕ ਸੁੰਦਰ ਵਿਆਕਤੀ ਬਨਾਉਂਣ ਵਾਸਤੇ, ਸਿਰਜਣ ਹਾਰ ਦੇ ਪੱਕੇ ਨਿਯਮ ਰੂਪੀ ਹੁਕਮ ਤੋਂ ਜਾਣੂੰ ਕਰਾਉਣ ਲਈ, ਸਤਿਗੁਰੂ ਨਾਨਕ ਜੀ ਨੇ ਬੇਅੰਤ ਗੁਰੂ-ਬਾਣੀ ਸ਼ਬਦ ਲਿਖਣ ਦਾ ਉਪਕਾਰ ਕੀਤਾ ਹੈ:-

੭੫- **ਹਰਿ ਕੈ ਭਾਣੈ ਜਨੁ ਸੇਵਾ ਕਰੇ ਬੂਝੈ ਸਚੁ ਸੋਈ ॥ ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖ ਹੋਈ ॥ ੩ ॥ ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥ ਨਾਨਕ ਨਾਮੁ ਸਾਲਾਹਿ ਤੂੰ ਗੁਰਮੁਖਿ ਗਤਿ ਹੋਈ ॥ ੪ ॥**[੩੬੫]-੩੯-੧੩

**ਅਰਥ:**--ਜਿਹੜਾ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਚੱਲਦਾ ਹੈ, (ਸਮਝੋ ਕਿ) ਉਹੀ ਮਨੁੱਖ ਪਰਮਾਤਮਾ ਦੀ ਸੇਵਾ-ਭਗਤੀ ਕਰਦਾ ਹੈ, ਉਹੀ ਉਸ ਸਦਾ-ਥਿਰ (-ਸੱਚੇ ) ਪ੍ਰਭੂ ਨੂੰ ਸਮਝਦਾ ਹੈ । ਪਰਮਾਤਮਾ ਦੀ ਰਜ਼ਾ ਵਿਚ ਤੁਰਿਆਂ ਹੀ ਉਸ ਦੀ ਸਿਫ਼ਤ-ਸਾਲਾਹ ਹੋ ਸਕਦੀ ਹੈ । ਜੇ ਪਰਮਾਤਮਾ ਦੀ ਰਜ਼ਾ ਵਿਚ ਤੁਰੀਏ ਤਾਂ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ **। ੩ ।** (ਜਿਸ ਮਨੁੱਖ ਨੇ) ਪਰਮਾਤਮਾ ਦੀ ਰਜ਼ਾ ਵਿਚ ਤੁਰ ਕੇ ਮਨੁੱਖਾ ਜਨਮ ਦਾ ਮਨੋਰਥ ਹਾਸਲ ਕਰ ਲਿਆ ਹੈ ਉਸ ਦੀ ਅਕਲ ਵਧੀਆ ਬਣ ਗਈ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ (ਗੁਰੂ-ਗ੍ਰੰਥ ਸਾਹਿਬ ਜੀ ਦੀ ਸਰਨ ਪੈ ਕੇ ) ਪਰਮਾਤਮਾ ਨੇ ਨਾਮ ਦੀਆਂ ਵਡਿਆਂ ਕਰੋ । ਗੁਰੂ ਦੀ ਸਰਨੀ ਪਿਆਂ ( ਉਸ ਦੇ ਦੱਸੇ ਰਾਹ ਤੇ ਤੁਰਿਆਂ ) ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ । ੪ ।

੭੬- **ਜਿਨਾ ਭਾਣੇ ਕਾ ਰਸੁ ਆਇਆ ॥ ਤਿਨ, ਵਿਚਹੁ ਭਰਮ ਚੁਕਾਇਆ ॥**
**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥**੧੦ ॥ [੭੨]-੧

**ਅਰਥ:**--ਜਿੰਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦੀ ਰਜ਼ਾ ਵਿਚ ਤੁਰਨ ਦਾ ਆਨੰਦ ਆ ਜਾਂਦਾ ਹੈ, ਉਹ ਆਪਣੇ ਅੰਦਰੋਂ ਮਾਇਆ ਵਾਲੀ ਭਟਕਣਾ ਦੂਰ ਕਰ ਲੈਂਦੇ ਹਨ (ਪਰ ਇਹ ਮਿਹਰ ਸਤਿਗੁਰਾਂ ਦੀ ਹੀ ਹੈ ) । ਹੇ ਨਾਨਕ ! ਗੁਰੂ ਅਜੇਹਾ (ਦਇਆਲ) ਹੈ ਕਿ ਉਹ (ਸਰਨ ਆਏ) ਸਭ ਜੀਵਾਂ ਨੂੰ ਪ੍ਰਭੂ-ਚਰਨਾਂ ਵਿਚ ਮਿਲਾ ਦਿੰਦਾ ਹੈ । ੧੦ ।

ਆਪਣੇ ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ ਜਿਹੜਾ ਭਾਣੇ ਦੀ ਸਾਰ ਨਹੀਂ ਜਾਣਦਾ ਉਹ ਸਦਾ ਦੁਖੀ ਰਹਿੰਦਾ ਹੈ :---

੭੭- **ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥**
**ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥ ੫ ॥**[ ੧੦੬੪]-੬-੨੦

**ਅਰਥ:**--ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਤੇ ਮਾਇਆ ਦੇ ਮੋਹ ਵਿਚ ਅੰਨ੍ਹਾ ਹੋ ਚੁੱਕਾ ਮਨੁੱਖ (ਆਪਣੇ ਵਲੋਂ ਬਥੇਰੀ ) ਸਿਆਣਪ ਕਰਦਾ ਹੈ, (ਪਰ ਜਦ ਤਕ ਉਹ ਪਰਮਾਤਮਾ ਦੇ) ਕੀਤੇ ਨੂੰ ਮਿੱਠਾ ਕਰਕੇ ਨਹੀਂ ਮੰਨਦਾ (ਓਨਾ ਚਿਰ ਉਹ) ਬਹੁਤ ਦੁੱਖ ਪਾਉਂਦਾ ਹੈ । ਮਨ ਦਾ ਮੁਰੀਦ ਮਨੁੱਖ ਭਟਕਣਾ ਦੇ ਕਾਰਨ ਕੁਰਾਹੇ ਪਿਆ ਹੋਇਆ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ, ਉਹ ਕਦੇ ਵੀ (ਇਸ ਤਰ੍ਹਾਂ) ਪਰਮਾਤਮਾ ਦੇ ਚਰਨਾਂ ਵਿਚ ਥਾਂ ਨਹੀਂ ਲੱਭ ਸਕਦਾ । ੫ ।

੭੮- **ਤੇਰਾ ਕੀਤਾ ਜਿਸੁ ਲਾਗੈ ਮੀਠਾ ॥ ਘਟਿ ਘਟਿ ਪਾਬ੍ਰਹਮੁ ਤਿਨਿ ਜਨਿ ਡੀਠਾ ॥**
**ਥਾਨਿ ਥਨੰਤਰਿ ਤੂੰ ਹੈ ਤੂੰ ਹੈਂ ਇਕੋ ਇਕੁ ਵਰਤਾਵਣਿਆ ॥ ੨ ॥** [੧੩੧]-੩-੩੭

੮

# ਭਾਣਾ ਮੰਨਣ ਦੀ ਸੋਝੀ, ਕਰਤਾਰ ਦੀ ਬਖ਼ਸ਼ਸ਼

ਹੁਕਮ ਇੱਕ ਪੱਕੀ ਮਰਯਾਦਾ ਹੈ ਅਤੇ ਸੰਸਾਰ ਰਚਨਾ-ਖੇਡ ਦੀ ਸਾਰੀ ਕਾਰ ਇੱਕ ਸੂਤ ਵਿਚ ਪਰੋਤੀ ਹੋਈ ਨਿਰੰਤਰ ਚਲ ਰਹੀ ਹੈ । ਪਰ ਇਸ ਹੁਕਮ ਦੇ ਭੇਦ ਨੂੰ ਪੂਰਨ ਤੌਰ ਵਿਚ ਸਮਝ ਲੈਣਾ ਜੀਵ ਦੇ ਵੱਸ ਦੀ ਗੱਲ ਨਹੀਂ ਹੈ । ਹੁਕਮ, ਭਾਣਾ ਅਥਵਾ ਰਜ਼ਾ ਵਿਚ ਰਹਿਣ ਦੀ ਸਮਰਥਾ ਵੀ ਪ੍ਰਭੂ ਦੀ ਬਖ਼ਸ਼ਸ਼ ਦੇ ਅਧੀਨ ਹੈ । ਅਗੰਮ, ਅਥਥਾਹ, ਬੇਅੰਤ ਅਤੇ ਅਪਾਰ ਵਾਹਿਗੁਰੂ ਦੀ ਥਾਹ, ਕਿਸੇ ਪੱਖੋਂ ਵੀ ਨਹੀਂ ਪਾਈ ਜਾ ਸਕਦੀ । ਹੁਕਮੀ ਦੇ ਭਾਣੇ ਦੀ ਥਾਹ ਪਾ ਲੈਣ ਦੀ ਗੱਲ ਹੰਕਾਰ ਹੈ । ਆਦਿ ਕਾਲ ਤੋਂ ਵਗਿਆਨੀ ਸਮਝਦਾ ਆ ਰਿਹਾ ਹੈ ਕਿ ਉਸ ਨੇ ਪ੍ਰਭੂ ਦਾ ਭੇਤ ਪਾ ਲਿਆ ਹੈ । ਪਰ ਨਿਤ ਨਵੇਂ ਦਿਨ ਨਵੀਆਂ ਕਾਢਾਂ ਨਿਕਲਦੀਆਂ ਰਹਿਣ ਤੋਂ ਸਿੱਧ ਹੋ ਰਿਹਾ ਹੈ ਕਿ ਪਤਾ ਨਹੀਂ ਅਜੇ ਕਾਦਰ ਦੇ ਭੰਡਾਰੇ ਵਿਚ ਕਿਹੋ ਜਿਹੀਆਂ ਕੁਦਰਤਾਂ ਲੁਕੀਆਂ ਹੋਈਆਂ ਹਨ । ਹੁਕਮ ਅਨੁਸਾਰ ਜੀਊਣਾ ਸਿੱਖ ਜਾਣ ਵਿਚ ਹੀ ਅਸਲੀ ਸੁਖ ਹੈ । ਸਦਾ ਅਰਦਾਸ ਕਰਨੀ ਹੈ ਕਿ, ਹੇ ਦਾਤਾਰ ਜੀਓ ! ਤੂੰ ਸਾਨੂੰ ਏਸ ਜੋਗ ਬਣਾ ਕਿ ਅਸੀਂ ਸਦਾ ਤੇਰੇ ਹੁਕਮ ਵਿਚ ਰਹੀਏ ਅਸੀ ਸਦਾ ਤੇਰੇ ਭਾਣੇ ਨੂੰ ਮਿੱਠਾ ਕਰਕੇ ਮੰਨੀਏ:-----

੭੯- **ਕਹਿਆ ਕਰਣਾ ਦਿਤਾ ਲੈਣਾ ॥ ਗਰੀਬਾ ਅਨਾਥਾ ਤੇਰਾ ਮਾਣਾ । ਸਭ ਕਿਛੁ ਤੂੰ ਹੈ ਤੂੰ ਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥ ੧ ॥ ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ ਭਾਣੈ ਭਰਮਿ ਭਵੈ ਬਹੁ ਜੂਨੀ, ਸਭ ਕਿਛੁ ਤਿਸੈ ਰਜਾਈ ਜੀਉ ॥ ੨ ॥ ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥ ਅਗਮ ਅਗੋਚਰ ਬੇਅੰਤ ਅਥਾਹਾ, ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥ ੩ ॥**[੯੮]-੭-੧੪

**ਅਰਥ:**--ਹੇ ਪ੍ਰਭੂ ! ਜੋ ਕੁਝ ਤੂੰ ਹੁਕਮ ਕਰਦਾ ਹੈਂ, ਉਹੀ ਜੀਵ ਕਰਦੇ ਹਨ, ਜੋ ਕੁਝ ਤੂੰ ਦਿੰਦਾ ਹੈਂ, ਉਹੀ ਜੀਵ ਲੈਂਦਾ ਹੈ । ਗ਼ਰੀਬਾਂ ਅਤੇ ਅਨਾਥ ਜੀਵਾਂ ਨੂੰ ਤੇਰਾ ਹੀ ਸਹਾਰਾ ਹੈ । ਹੇ ਮੇਰੇ ਪਿਆਰੇ ਪ੍ਰਭੂ ! (ਜਗਤ ਵਿਚ) ਸਭ ਕੁਝ ਤੂੰ ਹੀ ਕਰ ਰਿਹਾ ਹੈਂ। ਮੈਂ ਤੇਰੀ ਸਮਰਥਾ ਤੋਂ ਸਦਕੇ ਜਾਂਦਾ ਹਾਂ **। ੧ ।** ਪਰਮਾਤਮਾ ਦੀ ਰਜ਼ਾ ਵਿਚ ਹੀ ਜੀਵ (ਜ਼ਿੰਦਗੀ ਦਾ) ਗ਼ਲਤ ਰਸਤਾ ਅਤੇ ਕਈ ਸਹੀ ਰਸਤਾ ਫੜ ਲੈਂਦੇ ਹਨ । ਪਰਮਾਤਮਾ ਦੀ ਰਜ਼ਾ ਵਿਚ ਹੀ ਕਈ ਜੀਵ ਗੁਰੂ ਦੀ ਸਰਨ ਪੈ ਕੇ ਹਰੀ ਦੇ ਗੁਣ ਗਾਉਂਦੇ ਹਨ । ਪ੍ਰਭੂ ਦੀ ਰਜ਼ਾ ਅਨੁਸਾਰ ਹੀ ਜੀਵ (ਮਾਇਆ ਦੇ ਮੋਹ ਦੀ) ਭਟਕਣਾ ਵਿਚ ਫਸ ਕੇ ਅਨੇਕ ਜੂਨਾਂ ਵਿਚ ਭੌਂਦਾ ਫਿਰਦਾ ਹੈ । (ਇਹ) ਸਭ ਕੁਝ ਉਸ ਪ੍ਰਭੂ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ । **੨ ।** ਹੇ ਅਪਹੁੰਚ ਪ੍ਰਭੂ ! ਹੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਪ੍ਰਭੂ ! ਹੇ ਬੇਅੰਤ ਪ੍ਰਭੂ ! ਹੇ ਅਥਾਹ ਪ੍ਰਭੂ ! (ਆਪਣੀ ਸਮਰਥਾ ਨਾਲ ਨਾ ਕੋਈ ਜੀਵ ਮੂਰਖ ਹੈ ਨਾ ਹੀ ਕੋਈ ਸਿਆਣਾ ਹੈ (ਜਗਤ ਵਿਚ ਜੋ ਕੁਝ ਹੋ ਰਿਹਾ ਹੈ) ਸਭ ਤੇਰਾ ਹੁਕਮ ਹੀ ਚਲ ਰਿਹਾ ਹੈ । ਤੇਰੀ ਕੀਮਤ ਨਹੀਂ ਪਾਈ ਜਾ ਸਕਦੀ । ੩ ।

੮੦- **ਹਰਿ ਕੈ ਭਾਣੈ ਗੁਰ ਮਿਲੈ ਸੇਵਾ ਭਗਤਿ ਬਨੀਜੈ ॥ ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ**
**ਰਸੁ ਪੀਜੈ ॥ ਹਰਿ ਕੈ ਭਾਣੈ ਸੁਖੁ ਪਾਈਐ ਹਰਿ ਲਾਹਾ ਨਿਤ ਲੀਜੈ ॥ ਹਰਿ ਕੈ ਤਖਤਿ**
**ਬਹਾਲੀਐ ਘਰਿ ਸਦਾ ਵਸੀਜੈ ॥ ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ ॥ ੧੬ ॥**[੫੧੫]-ਵਾਰ

**ਅਰਥ:**--ਜੇ ਪ੍ਰਭੂ ਦੀ ਰਜ਼ਾ ਹੋਵੇ ਤਾਂ (ਮਨੁੱਖ ਨੂੰ) ਗੁਰੂ ਮਿਲਦਾ ਹੈ ਤੇ (ਉਸ ਵਾਸਤੇ) ਪ੍ਰਭੂ ਦੇ ਸਿਮਰਨ ਤੇ ਭਗਤੀ (ਦੀ ਜੁਗਤ) ਬਣਦੀ ਹੈ, ਪ੍ਰਭੂ ਮਨ ਵਿਚ ਆ ਵੱਸਦਾ ਹੈ ਤੇ ਅਡੋਲ ਅਵਸਥਾ ਵਿਚ ਟਿਕਿਆਂ ਨਾਮ-ਰਸ ਪੀਵੀਦਾ ਹੈ, (ਆਤਮਾ ਨੂੰ) ਸੁਖ ਮਿਲਦਾ ਹੈ ਤੇ (ਜੀਵ-ਵਪਾਰੀ ਨੂੰ) ਸਦਾ ਨਾਮ-ਰੂਪ ਨਫ਼ਾ ਮਿਲਦਾ ਹੈ । ਜਿੰਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ, ਉਹ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ (ਮਿੱਠਾ ਕਰ ਕੇ) ਮੰਨਦੇ ਹਨ ।

ਰਜ਼ਾ ਵਿਚ ਚੱਲਣ ਦੀ ਸੋਝੀ ਆ ਜਾਣੀ, ਉਸੇ ਪ੍ਰਭੂ ਦੀ ਹੀ ਮਿਹਰ ਹੈ:--

੮੧- **ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ**
**ਜੀਉ ॥ ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ**
**ਆਕਾਸਿ ਜੀਉ ॥ ਭਾਣੈ ਭਵਜਲ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ ਭਾਣੈਸੋ ਸਹੁ ਰੰਗਲਾ ਸਿਫਤਿ**
**ਰਤਾ ਗੁਣਤਾਸਿ ਜੀਉ ॥ ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ ਤੂ ਸਹੁ ਅਗਮ**
**ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ**
**ਪਿਆਸਿ ਜੀਉ ॥ ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥ ੨ ॥**[੭੬੨]-ਸੁਚਜੀ

**ਪਦ ਅਰਥ:**--ਸੁਚਜੀ--ਜਿਸ ਨੇ ਜੀਵਨ ਦੀ ਚੰਗੀ ਜਾਚ ਸਿੱਖੀ ਹੋਈ ਹੈ । ਜਾ--ਜਦੋਂ । ਤਾ--ਤਦੋਂ । ਰਾਸਿ--ਪੂੰਜੀ, ਸਰਮਾਇਆ । ਅੰਤਰਿ--ਆਪਣੇ ਹਿਰਦੇ ਵਿਚ (ਵਸਾ ਕੇ) । ਹਉ--ਮੈਂ । ਸੁਖਿ--ਸੁਖੀ, ਸੁਖ ਨਾਲ । ਵਸਾ--ਮੈਂ ਵੱਸਦੀ ਹਾਂ । ਸਾਬਾਸਿ--ਵਡਿਆਈ । ਭਾਣੈ--ਪ੍ਰਭੂ ਦੀ ਰਜ਼ ਵਿਚ ਹੀ । ਤਖਤਿ--ਤਖ਼ਤ ਉਤੇ । ਉਦਾਸਿ--ਉਦਾਸੀ, ਤਿਆਗੀ । ਥਲ ਸਿਰਿ--ਥਲ ਦੇ ਸਿਰ ਉਤੇ (ਭਾਵ, ਥਲਾਂ ਵਿਚ) । ਸਰੁ--ਤਲਾਬ, ਦਰੀਆ, ਸਮੁੰਦਰ । ਵਹੈ--ਵਗ ਪੈਂਦਾ ਹੈ । ਆਕਾਸਿ--ਅਕਾਸ਼ ਵਿਚ, ਹੰਕਾਰੀ ਹਿਰਦੇ ਵਿਚ । ਫੁਲੈ--ਖਿੜ ਪੈਂਦਾ ਹੈ । ਮੰਝਿ--ਵਿੱਚੇ ਹੀ । ਭਰੀਆਸਿ--ਭਰੀਜ ਕੇ ਡੁੱਬ ਜਾਈਦਾ ਹੈ । ਸਹੁ--ਖਸਮ-ਪ੍ਰਭੂ । ਰੰਗੁਲਾ--ਪਿਆਰਾ । ਗੁਣ ਤਾਸਿ--ਗੁਣਾਂ ਦਾ ਖ਼ਜ਼ਾਨਾ । ਭੀਹਾਵਲਾ--ਡਰਾਉਣਾ । ਆਵਣਿ ਜਾਇ--ਜੰਮਣ ਮਰਨ (ਦੇ ਗੇੜ) ਵਿਚ । ਅਗਮ--ਅਪਹੁੰਚ । ਅਤੋਲਵਾ--ਬੇਅੰਤ ਗੁਣਾਂ ਵਾਲਾ ।

੮੨- **ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ ॥ ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ ॥**
**ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ ॥ ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥ ਭਾਣੈ**
**ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ ॥ ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ ॥ ਭਾਣੈ ਨਰਕਿ**
**ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ ॥ ਭਾਣੈ ਹੀ ਜਿਸ ਭਗਤੀ ਲਾਏ ਨਾਨਕ ਵਿਰਲੇ ਹੇ ॥ ੨ ॥**[੯੬੩]-ਵਾਰ-੧੨

**ਅਰਥ:**--ਹੇ ਨਾਨਕ ! ਪੂਰਾ ਗੁਰੂ (ਤਾਂ ਇਹ) ਮਤ ਦਿੰਦਾ ਹੈ ਕਿ ਪ੍ਰਭੂ ਦਾ ਨਾਮ ਸਿਮਰਨਾ ਚਾਹੀਦਾ ਹੈ, (ਪਰ ਉਂਞ) ਜਪ ਤਪ ਸੰਜਮ (ਆਦਿਕ ਕਰਮ-ਕਾਂਡ) ਪ੍ਰਭੂ ਦੀ ਰਜ਼ਾ ਵਿਚ ਹੀ ਹੋ ਰਹੇ ਹਨ, ਰਜ਼ਾ ਅਨੁਸਾਰ ਹੀ ਪ੍ਰਭੂ (ਇਸ ਕਰਮ-ਕਾਂਡ ਵਿਚੋਂ ਜੀਵਾਂ ਨੂੰ) ਕੱਢ ਲੈਂਦਾ ਹੈ । ਪ੍ਰਭੂ ਦੀ ਰਜ਼ਾ ਅਨੁਸਾਰ ਹੀ ਜੀਵ ਜੂਨਾਂ ਵਿਚ ਭਟਕਦਾ ਹੈ, ਰਜ਼ਾ ਵਿਚ ਹੀ ਪ੍ਰਭੂ (ਜੀਵ ਉੱਤੇ) ਬਖ਼ਸ਼ਸ਼ ਕਰਦਾ ਹੈ । ਉਸ ਦੀ ਰਜ਼ਾ ਵਿਚ ਹੀ (ਜੀਵ ਨੂੰ) ਦੁੱਖ ਸੁਖ ਭੋਗਣਾ ਪੈਂਦਾ ਹੈ, ਆਪਣੀ ਰਜ਼ਾ ਅਨੁਸਾਰ ਹੀ ਪ੍ਰਭੂ (ਜੀਵਾਂ ਉਤੇ) ਮਿਹਰ ਕਰਦਾ ਹੈ । ਪ੍ਰਭੂ ਆਪਣੀ ਰਜ਼ਾ ਵਿਚ ਹੀ ਸਰੀਰ ਬਣਾ ਕੇ ( ਉਸ ਵਿਚ) ਜਿੰਦ ਪਾ ਦਿੰਦਾ ਹੈ, ਰਜ਼ਾ ਵਿਚ ਹੀ ਜੀਵਾਂ ਨੂੰ ਭੋਗਾਂ ਵਲ ਪ੍ਰੇਰਦਾ ਹੈ ਤੇ ਰਜ਼ਾ ਅਨੁਸਾਰ ਹੀ ਭੋਗਾਂ ਵਲੋਂ ਰੋਕਦਾ ਹੈ । ਆਪਣੀ ਰਜ਼ਾ ਅਨੁਸਾਰ ਹੀ ਪ੍ਰਭੂ (ਕਿਸੇ ਨੂੰ) ਨਰਕ ਵਿਚ ਤੇ (ਕਿਸੇ ਨੂੰ) ਸੁਰਗ ਵਿਚ ਪਾਉਂਦਾ ਹੈ । ਪ੍ਰਭੂ ਦੀ ਰਜ਼ਾ ਵਿਚ ਹੀ ਜੀਵ ਦਾ ਨਾਸ ਹੋ ਜਾਂਦਾ ਹੈ । ਆਪਣੀ ਰਜ਼ਾ ਅਨੁਸਾਰ ਹੀ ਜਿਸ ਮਨੁੱਖ ਨੂੰ ਬੰਦਗੀ ਵਿਚ ਜੋੜਦਾ ਹੈ (ਉਹ ਮਨੁੱਖ ਬੰਦਗੀ ਕਰਦਾ ਹੈ, ਪਰ ) ਹੇ ਨਾਨਕ ! ਬਬਦਗੀ ਕਰਨ ਵਾਲੇ ਬੰਦੇ ਬਹੁਤ ਵਿਰਲੇ ਹਨ । ੨ ।

ਉੱਦਮ ਨਾਲ ਸੁਕਿਰਤ ਕਰਦਿਆਂ ਜੇ ਕੋਈ ਵਡੀ ਪ੍ਰਾਪਤੀ ਹੁੰਦੀ ਹੈ ਤਾਂ ਇਸ ਨੂੰ ਪ੍ਰਮਾਤਮਾ ਦੀ ਮਿਹਰ ਹੀ ਸਮਝਣਾ ਹੈ । ਹੰਕਾਰ ਵਿਚ ਨਹੀਂ ਆਉਣਾ ਕਿ ਇਹ ਪ੍ਰਾਪਤੀ ਮੇਰੀ ਹਿੰਮਤ ਨਾਲ ਹੋਈ ਹੈ । ਸਤਿਗੁਰਾਂ ਦੇ ਇਸ ਬਚਨ ਨੂੰ ਵੀ ਨਹੀਂ ਭੁੱਲਣਾ:--

੮੩- **ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮ ਕਰੇ**
**ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ**
**ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥ ੩ ॥** [੪੬੩[]-ਵਾਰ-੨

**ਅਰਥ:**--ਇਹ ਜਗਤ ਪ੍ਰਭੂ ਦੇ ਰਹਿਣ ਦੀ ਥਾਂ ਹੈ, ਪ੍ਰਭੂ ਇਸ ਵਿਚ ਵੱਸ ਰਿਹਾ ਹੈ । ਕਈ ਜੀਵਾਂ ਨੂੰ ਆਪਣੇ ਹੁਕਮ ਅਨਸਾਰ (ਇਸ ਸੰਸਾਰ-ਸਾਗਰ ਵਿਚੋ ਬਚਾ ਕੇ) ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ਅਤੇ ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਹੀ ਇਸੇ ਜਿਵ ਨੂੰ ਡੋਬ ਦਿੰਦਾ ਹੈ । ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਵਿਚੋਂ ਕੱਢ ਲੈਂਦਾ ਹੈ, ਕਈਆਂ ਨੂੰ ਇਸੇ ਵਿਚ ਫਸਾਈ ਰੱਖਦਾ ਹੈ । ਇਹ ਗੱਲ ਭੀ ਦੱਸੀ ਨਹੀਂ ਜਾ ਸਕਦ ਕਿ ਰੱਬ ਕਿਸ ਦਾ ਬੇੜਾ ਪਾਰ ਕਰਦਾ ਹੈ । ਹੇ ਨਾਨਕ ! ਜਿਸ (ਵਡਭਾਗੀ) ਮਨੁੱਖ ਨੂੰ ਚਾਨਣ ਬਖ਼ਸ਼ਦਾ ਹੈ, ਉਸ ਨੂੰ ਗੁਰੂ ਦੀ ਰਾਹੀ ਸਮਝ ਪੈ ਜਾਂਦੀ ਹੈ । ੩ ।

ਚੰਗਾ ਸਰੀਰ ਵਧੀਆ ਸਿਹਤ ਚੰਗੀ ਬੁੱਧੀ, ਸਭ, ਦਾਤਾਰ ਦੀ ਬਸ਼ਸ਼ ਹੈ। ਪ੍ਰਭੂ ਦੇ ਹੁਕਮ, ਭਾਣੇ ਅਤੇ ਰਜ਼ਾ ਦੀ ਸੋਝੀ ਦੇ ਕੇ, ਸਾਨੂੰ ਸਦੀਵੀ ਸੁਖੀ ਜੀਵਨ ਦੀ ਬਖ਼ਸ਼ਸ਼ ਕਰਨ ਵਾਸਤੇ ਹੀ, ਸਤਿਗੁਰਾਂ ਨੇ ਬੇਅੰਤ ਸ਼ਬਦ ਰਚੇ ਹਨ। ਉਨ੍ਹਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ:--

**ਹੁਕਮ ਅਥਵਾ ਅਮਰ**

| | | | | | |
|---|---|---|---|---|---|
| ੧= [੧੬੧]-੧੧-੩੧(੧) | ੨= [੯੧]-੧(ਰਹਾ) | ੩= [੧੦੪]-੨੭-੩੪(੧) | ੪= [੨੮੧]-ਅਸ-੧੪(੨) | ੫= [੩੩੦]-੧-੩੬(੭) | ੬= [੨੯੨]-੨੨(੪) |
| ੭= [੭੨੧]-੧(੯) | ੮= [੪੨੩]-੩-੨੫(੩) | ੯= [੯੧੮]-੯ | ੧੦=[੯੫੦]-ਵਾਰ-੯(੨) | ੧੧=[੧੦੮੧]-੧-੧੦(੭) | ੧੨=[੧੦੯੧]-ਵਾਰ-੧੫(੧) |
| ੧੩=[੧੦੯੧]-ਵਾ-੧੬ | ੧੪=[੧੦੯੪]-ਵਾ-੨੨ | ੧੫=[੫੨੩]-ਵਾ-੨੦(੧) | ੧੬=[੪੭੪]-ਵਾ-੨੨ | ੧੭=[੪੬੬]-ਵਾ-੭(੨) | ੧੮=[੧੦੪]-੨੬-੨੩(੧) |
| ੧੯=[੧੫੬]-੫-੧੭(੬) | ੨੦=[੧੫੬]-੧-੧੮(੪) | ੨੧=[੧੫੭]-੧-੨੧ | ੨੨=[੧੫੮]-੩-੨੩(ਰਹਾ) | ੨੩=[੨੨੧]-੧(੮) | ੨੪=[੨੫੨]-੧੧ |
| ੨੫=[੨੬੦]-੫੪ | ੨੬=[੩੯੦]-੩੧-੮੨ | ੨੭=[੫੫]-੪(੮) | ੨੮=[੮੫]-ਵਾ-੮(੧) | ੨੯=[੯੦]-ਵਾ-੧੮(੧) | ੩੦=[੭੨੩]-੧(੧) |

| | | | | | |
|---|---|---|---|---|---|
| ੩੧=[੭੬੦]-ਅਸਤ-੧-੩ | ੩੨-=[੪੬੩]-ਵਾਰ-੨ | ੩੩=[੪੭੨]-ਵਾ-੧੮ | ੩੪=[੪੭੧]-ਵਾ-੧੫ | ੩੫=[੨੮੬]-ਅਸਟ੧੭(੭) | ੩੬=[੫੦੯]-ਵਾਰ-੨ |
| ੩੭=[੫੧੬]-ਵਾਰ-੧੯ | ੩੮=[੫੩]-੧(੨) | ੩੯=[੧੯੩]-੬੬-੧੩੫ | ੪੦=[੨੭੭]-ਆਸ਼ਤ-੯(੨) | ੪੧=[੪੨੧]-੨੦(੮) | ੪੨=[੪੪੦]-ਝਮਟ-੨-੭-੫(੨) |
| ੪੩=[੯੭]-੨-੯(੪) | ੪੪=[੫੫੬]-ਵਾਰ-੨੧(੨) | ੪੫=[੧੫੨]-੫(੪) | ੪੬=[੩੫੯]-੩-੩੬(੧) | ੪੭=[੫੦੯]-ਵਾਰ-੨ | ੪੮=[੨੬੦]-੫੪ |
| ੪੯=[੨੫੧]-੭ | ੫੦=[੨੬੫]-੩ | ੫੧=[੨੮੫]-੮-੫੯(੩) | ੫੨=[੫੯੧]-੬-੮ | ੫੩=[੫੫੦]-ਵਾਰ-੬ | ੫੪=[੫੧੮]ਵਾਰ-੧ |
| ੫੫=[੫੬੩]-੮(੨) | ੫੬=[੭੬੩]-੧(੩) | ੫੭=[੯੪੮]-ਵਾਰ-੩ | ੫੮=[੯੫੫]-ਵਾਰ੧੭(੧) | ੫੯=[੧੦੧੫]-੩-੧੧(੪) | ੬੦=[੧੦੪੨]-੫-੨੨(੧) |
| ੬੧=[੧੩੪੫]-੭(੬) | ੬੨=[੮੮੫]-੧੦(੩) | ੬੩=[੪੧੭]-੧੨ | ੬੪=[੪੧੯]-੧੬(੫) | ੬੫=[੪੩੩]-ਪੱਟੀ-੨੨ | ੬੬=[੫੧੦]-ਵਾਰ-੬ |
| ੬੭=[੬੩੬]-੩ | ੬੮=[੬੭੬]-੧-੨੨(੩) | ੬੯=[੭੬੦]-੧-੩(੩) | ੭੦=[੧੨੭੫]-੧-੪(੭) | ੭੧=[੯੯੨]-੧੦(੨) | ੭੨=[੧੦੫੦]-੭(੬) |
| ੭੩=[੧੦੫੪]-੧੦(੧੩) | ੭੪=[੧੦੭੭]-੧-੬(੧੧) | ੭੫=[੧੦੮੧]-੧-੧੦(੯-੧੦) | ੭੬=[੧੧੦੪]-੧-੮ | ੭੭=[੬੮੮]-ਛੰਤ-੨(੩) | ੭੮=[੧੧੬੯]-੪(੪) |
| ੭੯=[੧੨੫੯]-੬ | ੮੦=[੧੨੭੦]-੨-੨੦ | ੮੧=[੧੨੮੯]-ਵਾਰ੨੪ | ੮੨=[੧੩੪੯]-੩(੩) | ੮੩=[੮੮੫]-੯(੫) | ੮੪=[੭੮੬]-ਵਾਰ-੨ |
| ੮੫=[੭੮੯]-ਵਾਰ-੧੨ | ੮੬=[੮੩੨]-੨(੭) | ੮੭=[੧੪੨੧]-੬੬ | ੮੮=[੧੧੬੮]-੩(੨) | ੮੯=[੧੨੮੯]-ਵਾਰ-੨੪ | ੯੦=[੯੬੨]-ਵਾਰ-੧੧ |
| ੯੧=[੧੦੨੬]-੧-੭(੧੬) | ੯੨=[੧੩੪੫]-ਅਸਟ-੭(੬) | ੯੩=[੨੬੧]-੫੪ | ੯੪=[੪੨੩]-੧-੨੩ | ੯੫=[੯੪੦]-੨੨ | ੯੬=[੯੦੮]-੧(੬) |
| ੯੭=[੧੦੩੬]-੪-੧੬(੧੫) | ੯੮=[੪੨੧]-ਅਸਟ-੧੯(੨) | ੯੯=[੪੨੨]-੧-੨੩(੬) | ੧੦੦=[੫੧੨]-ਵਾਰ-੨੦ | ੧੦੧=[੫੬੦]-੯ | ੧੦੨=[੯੪੮]-ਵਾਰ-੫ |
| ੧੦੩=[੧੦੪੨]-੫-੨੨(੨) | ੧੦੪=[੧੦੫੪]-੨-੧੧ | ੧੦੫=[੧੧੨੮]-੨੯ | ੧੦੬=[੧੧੪੪]-੧੯-੩੨ | ੧੦੭=[੧੧੬੪]-੫ | ੧੦੮=[੧੦੮੧]-੧-੧੦ |
| ੧੦੯=[੧੦੮੦]-ਵਾਰ-੧੨ | ੧੧੦[੧੧੨੮]-੩(ਰਹਾ) | ੧੧੧=[੧੨੪੧]-ਵਾਰ-੧੦ | ੧੧੨=[੧੨੫੮]-੧ | ੧੧੩=[੧੨੮੦]-ਵਾਰ-੫(੧) | ੧੧੪=[੧੨੫੧]-ਵਾਰ-੩੬ |
| ੧੧੫=[੧੨੮੬]-ਵਾਰ-੧੯ | ੧੧੬=[੧੨੩੮]-ਵਾਰ-੩ | ੧੧੭=[੧੪੨੩]-੯ | ੧੧੮=[੧੨੮੭]-ਵਾਰ-੧੦ | ੧੧੯=[੫੧੦]-ਵਾਰ-੬(੧) | ੧੨੦=[੫੨੦]-ਵਾ੧-੧੦ |
| ੧੨੧=[੫੨੧]-ਵਾਰ-੧੨ | ੧੨੨=[੨੨੧]-੦ਅਸਟ-੧(੮) | ੧੨੩=[੧੨੮੯]-ਵਾਰ-੨੪ | ੧੨੪=[੧੨੪੧]-ਵਾਰ-੯(੨) | ੧੨੫=[੧੨੪]-ਵਾਰ-੧੧ | ੧੨੬=[੯੯੧]-੬(ਰਹਾ) |
| ੧੨੭=[੧੧੩੦]-੧-੧੧(੫) | | | | | |

**<u>ਭਾਣਾ</u>-ਭਾਵੀ**

| | | | | | |
|---|---|---|---|---|---|
| ੧= [੧੦੯੭]-ਵਾਰ-੮ | ੨=[੧੪੪]-ਵਾਰ-੧੫ | ੩= [੯੦]-ਵਾਰ-੧੮ | ੪= [੪੭੨]-ਵਾਰ-੧੮ | ੫= [੭੬੨]-ਸੁਚਜੀ | ੬=[੯੪੯]-ਵਾਰ-੬(੧) |
| ੭=[੩੧੧]-ਵਾਰ-੨੦ | ੮=[੯੧੦]-੩(੧੨] | ੯= [੧੦੧੧]-੪(੩) | ੧੦=[੧੨੭੦]-੨(੩) | ੧੧=[੩੬੪]-੧੦-੪੯ | ੧੨=[੬੬੨]-੪-੬ |
| ੧੩=[੨੬੦]-੪੯ | ੧੪=[੧੧੯੧]-੧-੮(੪) | ੧੫=[੨੫]-੩੨ | ੧੬=[੩੫੪]-੧੮(੪) | ੧੭=[੩੫੪]-੧੯(੪) | ੧੮=੩੪੯]-੩(੧) |

੮੪- **ਤੇਰਾ ਭਾਣਾ ਤੁਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥**
**ਸਾਈ ਭਗਤਿ ਜੋ ਤੁਧੁ ਭਵੈ ਤੂੰ ਸਰਬ ਜੀਆ ਪ੍ਰਤਿਪਾਲਾ ॥ ੧ ॥** [੭੪੭]-੧-੪੮

੯

# ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ..... ॥

ਅਸੀ ਪਿਛੇ ਪੜ੍ਹ ਆਏ ਹਾਂ ਕਿ ਸੰਸਾਰ ਦੀ ਕਾਰ ਪ੍ਰਭੂ-ਨਾਥ ਦੇ ਪੱਕੇ ਨੀਯਮ ਰੂਪੀ ਹੁਕਮ ਵਿਚ ਨੱਥੀ ਹੋਈ ਚੱਲ ਰਹੀ ਹੈ । ਜਪੁਜੀ ਸਾਹਿਬ ਦੀ ੨੯ਵੀਂ ਪਉੜੀ ਵਿਚ ਫ਼ੁਰਮਾਨ ਹੈ ਕਿ--**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਿਹ . . . . . ॥** ਭਾਵ, ਸੰਜੋਗ (-ਮਿਲਾਪ), ਅਤੇ ਵਿਜੋਗ (-ਵਿਛੋੜਾ), ਦੋਵੇ (ਸੰਸਾਰ ਦੀ) ਕਾਰ ਚਲਾ ਰਹੇ ਹਨ । ਕੀ, ਸੰਜੋਗ ਵਿਜੋਗ ਹੁਕਮ ਦਾ ਹੀ ਦੂਜਾ ਨਾਮ ਹੈ ? ਮਿਲਾਪ ਅਤੇ ਵਿਛੋੜਾ ਸੰਸਾਰ ਦੀ ਕਾਰ ਕਿਵੇਂ ਚਲਾ ਰਹੇ ਹਨ ?

**ਮਹਾਨ ਹਾਂਨ ਕੋਸ਼ ਅਨੁਸਾਰः**--ਸੰਜੋਗ--ਸੰਬੰਧ (ਮਿਲਾਪ) " **ਧੀਆ ਪੂਤ ਸੰਜੋਗ** " (ਸ੍ਰੀ ਅ: ਮ: ੧) ੨ ਏਕਾ. ਇਤਫ਼ਾਕ . ੩ ਜੋਤਸ਼ ਅਨੁਸਾਰ ਗ੍ਰਹ ਰਾਸ਼ੀ ਯੋਗ ਆਦਿ ਦਾ ਮੇਲ । " **ਧਨ ਮੂਰਤ ਚਸੇ ਪਲ ਘੜੀਆ, ਧੰਨ ਸੁ ਓਇ ਸੰਜੋਗਾ ਜੀਉ .** " (ਮਾਝ ਮ: ੫) " **ਨਾਮ ਹਮਾਰੈ ਸਉਣ ਸੰਜੋਗ .** " (ਭੈਰਉ ਮ: ੫) ੪ ਕਰਮਫਲ। " **ਲਿਖਿਆ ਧੁਰਿ ਸੰਜੋਗ .** " (ਮਾਝ ਬਾਰਹਮਾਹਾ) ੫ ਦੇਹ ਨਾਲ ਜੀਵਾਤਮਾ ਦਾ ਮਿਲਾਪ। ਜਨਮ। " **ਸਾਹਾ ਸੰਜੋਗ ਵੀਆਹੁ ਵਿਜੋਗ .** " (ਗਉ ਮ: ੧) ੬ ਉਪਾਯ। ਯਤਨ. ੭ ਬੈਲਾਂ ਦਾ ਜੋੜਨਾ। " **ਚੇਤਾ ਵਤ੍ਰ ਵਖਤ ਸੰਜੋਗ .** " (ਵਾਰ ਰਾਮ ੧ ਮ: ੧) ਕਰਤਾਰ ਦੀ ਯਾਦ ਵਤ੍ਰ ਹੈ ਅਤੇ ਨਾਮ ਸਿਮਰਣ ਦਾ ਵੇਲਾ ਹਲ ਜੋੜਨਾ ਹੈ ।

ਸੰਜੋਗਿः--ਕਰਮ ਆਦਿਕਾਂ ਦੇ ਸੰਬੰਧ ਨਾਲ। " ਮਾਨਸ ਜਨਮ ਸੰਜੋਗਿ ਪਾਇਆ . " ੨ ਉਪਾਯ (ਜਤਨ) ਨਾਲ. " **ਕਵਨ ਸੰਜੋਗਿ ਮਿਲਉ ਪ੍ਰਭੁ ਅਪਨੇ .** " (ਬਿਲਾ ਮ: ੫) " **ਮੇਲਾ ਸੰਜੋਗੀ ਰਾਮ .** " (ਆਸਾ ਛੰਤ ਮ: ੧) । ੩ ਸੰਨਯਾਸੀ ਅਤੇ ਜੋਗੀਆਂ ਦੇ ਸੰਕੇਤ ਵਿੱਚ ਉਹ ਸਾਧੂ ਸੰਜੋਗੀ ਹੈ, ਜੋ ਗ੍ਰਿਹਸਥੀ ਹੋਕੇ ਜੀਵਨ ਬਿਤਾਏ ।

ਬਿਜੋਗः--ਜੁਦਾਈ, ਵਿਛੋੜਾ । ਬਿਜੋਗੀ--ਵਿਛੜਿਆ ਹੋਇਆ । ਜੁਦਾ ਹੋਯਾ ।

ਵਿਜੋਗः--ਵਿਛੋੜਾ . " **ਬੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ .** " (ਮਾਝ ਬਾਰਹਮਾਹ)

ਵਿਜੋਗਿ--ਵਿਯੋਗ ਨਾਲ. " **ਸੂਰਜ ਚੜੈ ਵਿਜੋਗਿ ਸਭਸੈ ਘਟੈ ਆਰਜਾ .** " (ਮ: ਵਾਰ ਸਾਰ)

ਉਪ੍ਰੋਕਤ ਸਾਰਿਆਂ ਅਰਥਾਂ ਵਿਚੋਂ **ਹੁਕਮ** ਵਾਂਗ ਸੰਸਾਰ ਦੀ ਕਾਰ ਚਾਲਾਉਣ ਵਾਲੇ ਸਿਧਾਂਤ ਦਾ ਸੰਕੇਤ ਮਾਤ੍ਰ ਮਿਲਦਾ ਹੈ। ਅਸੀਂ ਗੁਰਬਾਣੀ ਵਿਚਾਰ ਤੋਂ ਸੰਜੋਗ ਵਿਜੋਗ ਦਾ ਗੁਰਮਤਿ ਸਿਧਾਂਤ ਸਮਝ ਰਹੇ ਹਾਂ। ਸਿਰਜਣਹਾਰ ਦੀ " ਸੰਜੋਗ " ਸੱਤਾ ਅਤੇ " ਵਿਜੋਗ " ਸੱਤਾ ਦੁਆਰਾ ਸੰਸਾਰ ਦੀ ਕਾਰ ਚਲਦੀ ਹੋਣ ਦਾ ਸਿਧਾਂਤ ਦੇਣ ਵਾਲੀ ਜਪੁਜੀ ਸਾਹਿਬ ਦੀ ੨੯ਵੀਂ ਪਉੜੀ ਤੋਂ ਗੁਰਬਾਣੀ-ਸ਼ਬਦ ਵਿਚਾਰ ਅਰੰਭ ਕਰਦੇ ਹਾਂ :---

੮੫- **ਭੁਗਤਿ ਗਿਆਨੁ, ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ ॥**
**ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥**
**ਸੰਜੋਗੁ ਵਿਜੋਗੁ, ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ ॥**
**ਆਦੇਸੁ, ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥ ੨੯ ॥**

**ਅਰਥ:**--(ਹੇ ਜੋਗੀ ! ਜੇ) ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਗਿਆਨ ਤੇਰੇ ਲਈ ਭੰਡਾਰਾ (ਚੂਰਮਾ) ਹੋਵੇ, ਦਇਆ ਇਸ (ਗਿਆਨ-ਰੂਪ) ਭੰਡਾਰੇ ਦੀ ਵਰਤਾਵੀ ਹੋਵੇ, ਹਰੇਕ ਜੀਵ ਦੇ ਅੰਦਰ (ਜਿਹੜੀ ਜਿੰਦਗੀ ਦੀ ਰੌ ਚਲ ਰਹੀ ਹੈ,ਸਰਬੱਤ ਦੇ ਭਲੇ ਵਾਲੀ ਭਾਵਣਾ, ਭੰਡਾਰਾ ਛਕਣ ਵੇਲੇ ਜੇ ਤੇਰੇ ਅੰਦਰ) ਨਿਾਦੀ ਵਜ ਰਹੀ ਹੋਵੇ, (ਗੋਰਖ ਵਰਗੇ ਕਿਸੇ ਵਡੇ ਜੋਗੀ ਨੂੰ ਨਾਥ ਮੰਨਣ ਦੇ ਥਾਂ ਤੈਨੂੰ ਭਰੋਸਾ ਹੋਵੇ ਕਿ) ਤੇਰਾ ਨਾਥ ਆਪ ਅਕਾਲ ਪੁਰਖ ਹੈ,, ਜਿਸ ਦੇ ਵੱਸ ਵਿਚ ਸਾਰੀ ਸ੍ਰਿਸ਼ਟੀ ਹੈ, (ਁਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ਂ ਇਸ ਤਰ੍ਹਾਂ ਕੂੜ ਦੀ ਕੰਧ ਤੇਰੇ ਅੰਦਰੋਂ ਟੁੱਟ ਕੇ ਪਰਮਾਤਮਾ ਨਾਲੋਂ ਤੇਰੀ ਵਿੱਥ ਮਿਟ ਸਕਦੀ ਹੈ) । (ਜੋਗ-ਸਾਧਨਾ ਦੀ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ ਵਿਅਰਥ ਹਨ, ਇਹ) ਰਿੱਧੀਆਂ ਤੇ ਸਿੱਧੀਆਂ ਤਾਂ ਹੋਰ ਪਾਸੇ ਵਾਲੇ ਸੁਆਦ ਹਨ । (ਸੰਸਾਰ ਚਲਾਉਣ ਵਾਲੇ ਸਚਿਆਰ ਦੀ ਸੱਚੀ ਕਾਰ ਵਿਚ ਇਨ੍ਹਾਂ ਜੰਤ੍ਰਾਂ ਮੰਤ੍ਰਾਂ, ਰਿਧੀਆਂ ਸਿਧੀਆਂ, ਕਰਾਮਤਾਂ ਦੇ ਤਮਾਸ਼ੇ ਦਾ ਕੀ ਕੰਮ ? ਇਸ ਪਾਸੇ ਪਿਆਂ ਹੰਕਾਰ ਹੀ ਵਧਦਾ ਹੈ ਅਤੇ ਦੇਹ ਦੇ ਅੰਦਰ ਹੀ ਲੱਗੇ ਪ੍ਰਭੂ ਦੇ ਦਰਬਾਰ ਵਿਚ ਸਚਿਆਰ ਨਹੀਂ ਹੋ ਸਕੇਂਗਾ, ਸਗੋਂ ਪ੍ਰਭੂ ਨਾਲੋਂ ਵਿਥ ਵਧੇਗੀ) ੀ

ਅਕਾਲ ਪੁਰਖ ਦੀ ਂ ਸੰਜੋਗ ਂ ਸੱਤਾ ਤੇ ਂ ਵਿਜੋਗ ਂ ਸੱਤਾ ਦੋਵੇਂ (ਮਿਲ ਕੇ ਇਸ ਸੰਸਾਰ ਦੀ) ਕਾਰ ਚਲਾ ਰਹੀਆਂ ਹਨ (ਭਾਵ, ਪਿਛਲੇ ਸੰਜੋਗਾਂ ਕਰਕੇ ਟੱਬਰ ਆਦਿਕਾਂ ਦੇ ਜੀਵ ਇਥੇ ਆ ਇਕੱਠੇ ਹੁੰਦੇ ਹਨ । ਪ੍ਰਭੂ ਦੀ ਰਜ਼ਾ ਵਿਚ ਫਿਚ ਵਿਛੜ ਵਿਛੜ ਕੇ ਆਪੋ ਆਪਣੀ ਵਾਰੀ ਇਥੋਂ ਤੁਰ ਜਾਂਦੇ ਹਨ) ਅਤੇ (ਸਭ ਜੀਵਾਂ ਦੇ ਕੀਤੇ ਕਰਮਾਂ ਦੇ) ਲੇਖੇ (-**ਲੇਖੈ ਆਵਿਹਿ ਭਾਗ**) ਅਨੁਸਾਰ (ਦਰਜਾ-ਬ-ਦਰਜਾ ਸੁੱਖ ਦੁੱਖ ਦੇ) ਛਾਂਦੇ ਮਿਲ ਰਹੇ ਹਨ (ਜੇ ਇਹ ਯਕੀਨ ਬਣ ਜਾਏ ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਜਾਂਦੀ ਹੈ) । (ਸੋ, ਕੂੜ ਦੀ ਕੰਧ ਦੂਰ ਕਰਨ ਲਈ) ਕੇਵਲ ਉਸ (ਅਕਾਲ ਪੁਰਖ) ਨੂੰ ਪ੍ਰਣਾਮ ਕਰੋ, ਜੋ (ਸਭ ਦਾ) ਮੁੱਢ (-ਆਦਿ) ਹੈ, ਜੋ ਸੁੱਧ-ਸਰੂਪ (-ਅਨੀਲ) ਹੈ, ਜਿਸ ਦਾ ਕੋਈ ਮੁੱਢ ਨਹੀ ਲੱਭ ਸਕਦਾ (-ਅਨਾਦਿ ਹੈ), ਜੋ ਨਾਸ-ਰਹਿਤ ਹੈ (-ਅਨਾਹਤਿ) ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ (ਉਸੇ ਦੀ ਰਜ਼ਾ ਵਿਚ ਰਹਿਣਾ ਸਿੱਖੋ, ਉਸ ਦੇ ਹੀ ਹੁਕਮ ਨੂੰ ਅਟੱਲ ਮਨੋਂ ਅਤੇ ਰਿਧੀਆਂ ਸਿਧੀਆਂ ਵਾਲਾ ਪਖੰਡ ਤਿਆਗੋ) । ੨੯ ।

੮੬- **ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ ॥ ਹੁਕਮੀ ਸ੍ਰਿਸਟਿ ਸਾਜੀਅਨੁ**
**ਜੋਤੀ ਜੋਤਿ ਮਿਲਾਇਆ ॥ ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥ . . ੨ ॥** [੫੦੯]-ਵਾਰ-੨

**ਅਰਥ:**--ਪਰਮਾਤਮਾ ਨੇ ਸੰਜੋਗ (-ਮਿਲਾਪ) ਤੇ ਵਿਜੋਗ (-ਵਿਛੋੜਾ)-ਰੂਪ ਨਿਯਮ ਬਣਾਇਆ ਤੇ ਜਗਤ ਰਚਨਾ ਦਾ ਮੁੱਢ ਬੰਨ੍ਹ ਦਿੱਤਾ । ਉਸ ਨੇ ਆਪਣੇ ਹੁਕਮਵਿਚ ਸ੍ਰਿਸ਼ਟੀ ਸਾਜੀ ਤੇ (ਇਸ ਦੀ) ਆਤਮਾ ਵਿਚ ਆਪਣੀ) ਜੋਤਿ ਰਲਾਈ । ਇਹ ਸਾਰਾ ਪ੍ਰਕਾਸ਼ ਪ੍ਰਭੂ ਦੀ ਜੋਤਿ ਤੋਂ ਹੀ ਹੋਇਆ ਹੈ--ਇਹ ਬਚਨ ਸਤਿਗੁਰੂ ਨੇ ਸੁਣਾਇਆ ਹੈ ।

ਂ ਸੰਜੋਗ ਵਿਜੋਗ-ਰੂਪੀ ਨਿਯਮ ਹੁਕਮ-ਰੂਪੀ ਰੱਬੀ ਨਿਯਮ ਤੋਂ ਬਾਹਰਾ ਨਹੀਂ ਹੈ । ਂ ਹੁਕਮ ਂ ਅਥਵਾ ਂ ਭਾਣੇ ਂ ਤੋਂ ਬਾਹਰ ਕੁਝ ਨਹੀਂ ਹੈ । ਸੰਜੋਗ ਅਤੇ ਵਿਜੋਗ-ਨਿਯਮ ਉਸ ਰੱਬੀ ਹੁਕਮ ਦੀ ਹੀ ਵਿਆਖਿਆ ਹੈ । ਪੈਦਾ ਹੋਣਾ ਸੰਜੋਗ ਹੈ ਮੌਤ ਵਿਛੋੜਾ ਵਿਜੋਗ ਹੈ । ਵਾਪਰਦਾ ਸਭ ਕੁਝ ਹੁਕਮ ਵਿਚ ਹੀ ਹੈ--**ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥**[੭੬੦] । ਸੰਜੋਗ ਭਾਵ ਪੈਦਾਇਸ਼ ਅਤੇ ਵਿਜੋਗ, ਭਾਵ ਮੌਤ, ਦੋਹਾਂ ਦਾ ਨਿਰੰਤਰ ਵਾਪਰਦੇ ਰਹਿਣਾ, ਸੰਸਾਰ ਦੀ ਕਾਰ ਲਈ ਜ਼ਰੂਰੀ ਹੈ। ਜੀਵਾਂ ਦੀ ਕੇਵਲ ਸੰਜੋਗ (ਭਾਵ, ਜੀਵਾਂ ਦਾ ਕੇਵਲ ਜਨਮ ਹੀ) ਹੁੰਦਾ ਰਹੇ ਅਤੇ ਵਿਜੋਗ (-ਮੌਤ) ਹੋਵੇ ਹੀ ਨਾ, ਤਾਂ ਸੰਸਾਰ ਦੀ ਕਾਰ ਵਿਚ ਖਲਬਲੀ ਮਚ ਜਾਵੇ। ਜੀਵਨ ਨਰਕ ਤੋਂ ਵੀ ਭੈੜਾ ਬਣ ਜਾਵੇ। ਪੈਦਾਇਸ਼ ਦੇ ਨਾਲ ਮੌਤ ਜ਼ਰੂਰੀ ਹੈ ਅਥਵਾ ਸੰਜੋਗ ਅਤੇ ਵਿਜੋਗ ਕੁਦਰਤ ਦੀ ਸੰਸਾਰ-ਖੇਡ ਦਾ ਬੜਾ ਜ਼ਰੂਰੀ ਅੰਗ ਹੈ ।

੮੭- **ਨਾਮੁ ਹਮਾਰੈ ਸਉਣ ਸੰਜੋਗ ॥ ਨਾਮ ਹਮਾਰੈ ਤ੍ਰਿਪਤਿ ਸੁ ਭੋਗ ॥**
**ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥**੩ ॥ [੧੧੪੫]-੨੨-੩੫

ਨਾਮ ਨਾਲ ਸੰਜੋਗ ਭਾਵ ਪ੍ਰਭੂ ਨਾਲ ਜੋੜ, ਸੁੱਚੇ ਆਚਰਨ ਦਾ ਪ੍ਰਤੀਕ ਅਥਵਾ ਸੁਖ ਦਾ ਮੂਲ ਹੈ, ਅਤੇ ਏਹੀ ਸੰਜੋਗ ਧੰਨ ਹੈ-**ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥ ੧ ॥**[੯੯]

ਗੁਰਮੁਖਤਾਈ, ਉੱਚੇ ਆਦਰਸ਼ਾਂ ਵਾਲੀ ਜੀਵਨ-ਜੁਗਤ ਅਥਵਾ ਪ੍ਰਭੂ-ਪਿਆਰ ਦੀ ਰੰਗਣ ਦਾ ਸੰਜੋਗ, ਜਨਮ ਮਰਨ ਦੇ ਗੇੜੇ ਤੋਂ ਵਿਜੋਗ (ਛੁਟਕਾਰੇ) ਦਾ ਸਬੱਬ ਬਣਦਾ ਹੈ । ਮਨੁੱਖੀ ਰਿਸ਼ਤੇ ਜਿਵੇਂ ਇੱਕ ਦੂਜੇ ਨਾਲ ਜੁੜ ਰਹੇ ਹਨ, ਅਤੇ ਜਿਵੇਂ (ਜੀਵਾਂ ਦੇ ਕੀਤੇ ਕਰਮਾਂ ਦੇ ਅਧਾਰ ਤੇ) ਸੰਸਾਰ ਸਮੁੰਦਰ ਵਿਚੋਂ ਪਾਰ ਲੰਘ ਰਹੇ ਹਨ, ਸੰਜੋਗ ਵਿਜੋਗ ਦੀ ਇਸ ਕਾਰ ਨੂੰ ਸਮਝਾਉਣ ਲਈ, ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦਾ ਪਾਵਨ ਫੁਰਮਾਨ ਇਸ ਪ੍ਰਕਾਰ ਹੈ:--

੮੮- **ਜੁੜਿ ਜੁੜਿ ਵਿਛੁੜੇ, ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥**
**ਕੇਤਿਆ ਕੇ ਬਾਪ, ਕੇਤਿਆਂ ਕੇ ਬੇਟੇ, ਕੇਤੇ ਗੁਰ ਚੇਲੇ ਹੂਏ ॥ ਆਗੈ ਪਾਛੈ ਗਣਤ ਨ ਆਵੈ**
**ਕਿਆ ਜਾਤੀ ਕਿਆ ਹੁਣਿ ਹੂਏ ॥ ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ**
**ਕਰਤਾ ਕਰੇ ਕਰੇ ॥ ਮਨਮੁਖਿ ਪਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥ ੨ ॥**[੧੨੩੮]-ਵਾਰ-੩

**ਅਰਥ:**--ਆਤਮਾ ਤੇ ਸਰੀਰ ਇਕੱਠੇ ਹੋ ਕੇ ਵਿਛੁੜ ਜਾਂਦੇ ਹਨ, ਵਿਛੁੜ ਕੇ ਫਿਰ ਮਿਲਦੇ ਹਨ, (ਭਾਵ) ਜੀਵ ਜੰਮਦੇ ਹਨ ਮਰਦੇ ਹਨ, ਮਰਦੇ ਹਨ ਫਿਰ ਜੰਮਦੇ ਹਨ । (ਇਹ ਜੰਮਣ ਮਰਨ ਦਾ ਸਿਲਸਲਾ ਇਤਨਾ ਲੰਮਾ ਹੁੰਦਾ ਹੈ ਕਿ ਜੀਵ ਇਸ ਗੇੜ ਵਿਚ) ਕਈਆਂ ਦੇ ਪਿਉ ਤੇ ਕਈਆਂ ਦੇ ਪੁੱਤਰ ਬਣਦੇ ਹਨ, ਕਈ (ਵਾਰੀ) ਗੁਰੂ ਤੇ ਚੇਲੇ ਬਣਦੇ ਹਨ । ਇਹ ਲੇਖਾ ਗਿਣਿਆ ਨਹੀਂ ਜਾ ਸਕਦਾ ਕਿ ਜੋ ਕੁਝ ਅਸੀ ਹੁਣ ਐਸ ਵੇਲੇ ਹਾਂ ਇਸ ਤੋਂ ਪਹਿਲਾਂ ਸਾਡਾ ਕੀ ਜਨਮ ਸੀ ਤੇ ਅਗਾਂਹ ਕੀ ਹੋਵੇਗਾ ।

ਪਰ ਇਹ ਸਾਰਾ ਜਗਤ(-ਰਚਨਾ-ਰੂਪ ਲੇਖਾ ਜੋ ਲਿਖਿਆ ਜਾ ਰਿਹਾ ਹੈ ਇਹ ਜੀਵਾਂ ਦੇ) ਕੀਤੇ ਕਰਮਾਂ ਅਨੁਸਾਰ ਲਿਖਿਆ ਜਾਂਦਾ ਹੈ, ਕਰਤਾਰ ਇਹ ਖੇਡ ਇਸ ਤਰ੍ਹਾਂ ਖੇਡੀ ਜਾ ਰਿਹਾ ਹੈ । ਮਨਮੁਖ ਇਸ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਤੇ ਗੁਰਮੁਖਿ ਇਸ ਵਿਚੋਂ ਪਾਰ ਲੰਘ ਜਾਂਦਾ ਹੈ ਕਿਉਂਕਿ, ਹੇ ਨਾਨਕ ! ਮਿਹਰਾਂ ਦਾ ਮਾਲਕ ਪ੍ਰਭੂ ਉਸ (ਗੁਰਮੁਖਿ) ਉਤੇ ਮਿਹਰ ਦੀ ਨਜ਼ਰ ਕਰਦਾ ਹੈ । ੨ ।

ਜਨਮ ਮਰਨ ਦੇ ਗੇੜ ਵਿਚ ਪਏ ਰਹਿਣ ਦੇ ਕਾਰਨ ਨੂੰ ਹੋਰ ਸਪੱਸ਼ਟ ਕਰਦਿਆਂ ਹੋਇਆ ਸ੍ਰੀ ਗੁਰੂ ਨਾਨਕ ਜੀ ਦਾ ਫੁਰਮਾਨ:---

੮੯- **ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥**[੯੩੯]-੧

**ਅਰਥ**:--ਪਰਮਾਤਮਾ ਦੀ ਬਖ਼ਸ਼ਸ਼ ਦੇ ਸੰਜੋਗ ਨਾਲ ਇਸ ਮਨੁੱਖਾ ਸਰੀਰ ਨਾਲ ਸੋਹਣਾ ਮਿਲਾਪ ਹੋਇਆ ਸੀ, ਪਰ ਇਸ ਸਰੀਰ ਵਿਚ ਆ ਕੇ ਮਾਇਕ ਪਦਾਰਥਾਂ ਦੇ ਰਸ ਹੀ ਮਾਣਦੇ ਰਹੇ । ਜਦੋਂ ਉਸ ਦੀ ਰਜ਼ਾ ਵਿਚ ਮੌਤ ਆਈ ਮਨੁੱਖਾ ਸਰੀਰ ਨਾਲੋਂ ਵਿਛੋੜਾ ਹੋ ਗਿਆ, (ਪਰ ਮਾਇਕ ਪਦਾਰਥਾਂ ਦੇ ਚਸਕੇ ਵਿਚ ਪੈ ਕੇ ਭੋਗਾਂ ਦੇ ਕਾਰਨ ਹੀ) ਮੁੜ ਮੁੜ ਅਨੇਕਾਂ ਜਨਮਾਂ ਦੇ ਗੇੜ ਲੰਘਣੇ ਪਏ । ੪ ।

੯੦- **ਖਿਨ ਮਹਿ ਹਸੈ ਖਿਨ ਮਹਿ ਰੋਵੈ ॥ ਦੂਜੀ ਦੁਰਮਤਿ ਕਾਰਜੁ ਨ ਹੋਵੈ ॥**

**ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥ ੮ ॥**[੧੦੫੭]-੫-੧੪

**ਅਰਥ:**--(ਪਰਮਾਤਮਾ ਤੇ ਨਾਮ ਤੋਂ ਖੁੰਝਿਆਂ ਮਨੁੱਖ) ਘੜੀ ਵਿਚ ਹੱਸ ਪੈਂਦਾ ਹੈ, ਘੜੀ ਵਿਚ ਰੋ ਪੈਂਦਾ ਹੈ (ਭਵ, ਹਰਖ ਸੋਗ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ, ਸੋ ) ਮਾਇਆ ਦੇ ਮੋਹ ਵਿਚ ਫਸਾ ਰੱਖਣ ਵਾਲੀ ਖੋਟੀ ਮਤਿ ਦੀ ਰਾਹੀਂ ਜੀਵਨ-ਮਨੋਰਥ ਸਫ਼ਲ ਨਹੀਂ ਹੁੰਦਾ । (ਹਰਿ-ਨਾਮ ਵਿਚ) ਜੁੜਨਾ ਤੇ (ਹਰਿ-ਨਾਮ ਤੋਂ) ਵਿਛੁੜ ਜਾਣਾ--ਪਿਛਲੇ ਕੀਤੇ ਕਰਮਾਂ ਅਨੁਸਾਰ) ਕਰਤਾਰ ਨੇ ਆਪ (ਜੀਵਾਂ ਦੇ ਮੱਥੇ ਉਤੇ) ਲਿਖ ਰੱਖੇ ਹਨ, ਇਹ ਪੂਰਬਲੀ ਕਰਮ-ਕਮਾਈ (ਜੀਵ ਪਾਸੋਂ ਆਪਣੇ ਉਦੱਮ ਨਾਲ) ਮਿਟਾਈ ਨਹੀਂ ਜਾ ਸਕਦੀ (ਸਤਿਗੁਰੂ ਦੇ ਗਿਆਨ ਤੇ ਤੁਰਨ ਵਾਲਾ ਅਵਸਰ ਜੋ ਮਨੁੱਖਾ ਦੇਹੀ ਵਿਚ ਹੀ ਮਿਲ ਸਕਦਾ ਹੈ, ਹੱਥੋਂ ਨਹੀਂ ਗਵਾਉਣਾ ਚਾਹੀਦਾ । ਹੁਣ ਦਾ ਲਿਖਿਆ ਇਹ-ਕਰਮ ਲੇਖ, ਅਗਲੇ ਜਨਮ ਮਰਨ ਦੇ ਗੇੜ ਨੂੰ ਮੁਕਾ ਸਕਦਾ ਹੈ )

੯੧- **ਕਾਇਆ ਹੰਸ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜ ਪਾਇਆ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥ ੪ ॥**[੧੩੯]

ਸੰਜੋਗ ਵਿਜੋਗ ਦੀ ਏਸੇ ਨਿਰੰਤਰ ਕਾਰ ਵਿਚ ਜਦੋਂ ਦਿਨ ਦਾ ਸੰਜੋਗ ਹੋਵੇ ਤਾਂ ਹਨੇਰੇ ਦਾ ਵਿਜੋਗ ਹੋ ਜਾਂਦਾ ਹੈ । ਦੋਹਾਂ ਵਿਚੋਂ ਕੇਵਲ ਇਕ ਹੀ ਰਹਿ ਸਕਦਾ ਹੈ । ਪਰ ਸੰਜੋਗ ਵਿਜੋਗ ਦੀ ਇਹ ਕਿਰਿਆ ਸੰਸਾਰ ਉਤੇ ਦਿਨ, ਰਾਤ, ਹਫ਼ਤੇ, ਮਹੀਨੇ, ਸਾਲ, ਸਦੀਆਂ, ਆਦਿ ਦਾ ਰੂਪ ਧਾਰ ਰਹੇ ਹਨ । ਸੂਰਜ ਦੇ ਸੰਜੋਗ ਅਤੇ ਵਿਜੋਗ ਨਾਲ ਹੀ ਉਮਰਾਂ ਦਾ ਖਾਤਮਾ ਹੋ ਰਿਹਾ ਹੈ--**ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥** [੧੨੪੪] ਦਿਨ ਅਤੇ ਰਾਤ ਸੰਸਾਰ ਦੀ ਕਾਰ ਚਲਾਉਣ ਵਿਚ ਸਹਾਈ ਹਨ । ਬਦੀ ਹੈ ਤਾਂ ਨੇਕੀ ਦਾ ਵਿਛੋੜਾ ਹੋ ਜਾਂਦਾ ਹੈ । ਝੂਠ ਦੇ ਵਿਛੋੜੇ ਲਈ ਸੱਚ ਦਾ ਸੰਜੋਗ ਜ਼ਰੂਰੀ ਹੈ, ਗੁੱਸੇ ਤੋਂ ਬਚਨ ਲਈ ਸਹਿਨ-ਸ਼ੀਲਤਾ ਅਤੇ ਹਿਰਦੇ ਵਿਚ ਵਿਸ਼ਾਲਤਾ ਦੇ ਸੰਜੋਗ ਦੀ ਲੋੜ ਹੈ । ਕਠੋਰਤਾ ਦੇ ਵਿਜੋਗ ਲਈ ਦਇਆ ਅਤੇ ਪਿਆਰ ਦਾ ਸੰਜੋਗ ਲੋੜੀਦਾ ਹੈ । ਗਿਆਨ ਦੇ ਸੰਜੋਗ ਨਾਲ ਅਗਿਆਨਤਾਂ ਤੋਂ ਵਿਜੋਗ ਹੁੰਦਾ ਹੈ । ਭਗਤੀ ਦਾ ਸੰਜੋਗ ਜਨਮ ਮਰਨ ਦੇ ਗੇੜ ਤੋਂ ਵਿਛੋੜੇ ਦਾ ਕਾਰਨ ਬਣਦਾ ਹੈ । ਜੀਵਨ ਮਰਨ, ਸੁਖ ਦੁਖ, ਸੰਜੋਗ ਅਤੇ ਵਿਜੋਗ ਦੀ ਹੀ ਕਾਰ ਹੈ :--

੯੨- **ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸ਼ਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥ ੮ ॥**[੧੦੩੨]-੬-੧੨

**ਅਰਥ:**--(ਜੰਮ ਕੇ ਪਰਵਾਰ ਵਿਚ) ਮਿਲਣਾ ਤੇ (ਮਰ ਕੇ ਪਰਵਾਰ ਤੋਂ) ਵਿਛੜਨਾ--ਇਹ ਖੇਡ ਪਰਮਾਤਮਾ ਨੇ ਬਣਾ ਦਿੱਤੀ ਹੈ । ਜਗਤ ਪੈਦਾ ਕਰ ਕੇ ਦੁੱਖ ਸੁੱਖ ਵੀ ਉਸੇ ਨੇ ਹੀ ਦਿੱਤੇ ਹਨ । ਜਿਹੜੇ ਬੰਦੇ ਗੁਰੂ ਦੀ ਸਰਨ ਪੈ ਕੇ ਮਿਠੇ ਸੁਭਾ ਦਾ ਸੰਜੋਅ ਪਹਿਨਦੇ ਹਨ ਉਹ ਦੁਖ ਸੁਖਾਂ ਤੋਂ ਨਿਰਲੇਪ ਰਹਿੰਦੇ ਹਨ । ੪= ।।।

ਏਸੇ ਤਰ੍ਹਾਂ ਸੰਸਾਰੀ ਜੀਵਨ ਦੇ ਹਰ ਪੱਖ ਵਿਚ ਸੰਜੋਗ ਵਿਜੋਗ ਦੋਵੇਂ ਹੀ ਕਾਰ ਚਲਾ ਰਹੇ ਹਨ । ਪਰ ਏਥੇ ਵੀ ਇਹ ਨਹੀਂ ਭੁੱਲਣਾ ਕਿ ਸੰਜੋਗ ਦੀ ਕਾਰ ਸੱਭ ਕੁੜ ਨਾਥ ਪਰਮਾਤਾਮਾ ਦੇ ਆਪਣੇ ਹੁਕਮ ਵਿਚ ਹੀ ਜਨਮ ਮਰਨ ਦੀ ਕਾਰ ਚਲਾਈ ਜਾ ਰਿਹਾ ਹੈ ।

੯੩- **ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਪੰਚ ਧਾਤੁ ਕਰਿ ਪੁਤਲਾ ਕੀਆ ॥ ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ ॥ ੧ ॥**[੧੦੦੭]-੧-੩੧

**ਅਰਥ:**--(ਜਿੰਦ ਤੇ ਸਰੀਰ ਦਾ) ਮਿਲਾਪ ਅਤੇ ਵਿਛੋੜਾ ਪਰਮਾਤਮਾ ਦੀ ਰਜ਼ਾ ਅਨੁਸਾਰ ਹੀ ਹੁੰਦਾ ਹੈ । (ਪਰਮਾਤਮਾ ਦੇ ਹੁਕਮ ਵਿਚ ਹੀ) ਪੰਜ ਤੱਤ (ਇਕੱਠੇ) ਕਰ ਕੇ ਸਰੀਰ ਬਣਾਇਆ ਜਾਂਦਾ ਹੈ । ਪ੍ਰਭੂ ਪਾਤਿਸ਼ਾਹ ਦੇ ਹੁਕਮ ਅਨੁਸਾਰ ਹੀ ਜੀਵਾਤਮਾ ਸਰੀਰ ਵਿਚ ਆ ਟਿਕਦੀ ਹੈ । ੧ ।

**ਹੋਰ ਰੂਪ**--ਸੰਜੋਗ ਭਾਵ ਸਬੱਬ --

੯੪- **ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਿਤ ਖੋਵੈ ॥ ਰੰਗ ਸਿਉ ਨਿਤ ਰਲੀਆ ਮਾਣੈ, ਅਪਣੇ ਕੰਤ ਪਿਆਰੀ ਜੀਉ ॥ ੩ ॥**[੧੦੧੬]-੧

**ਅਰਥ:**--ਚੰਗੇ ਭਾਗਾਂ ਨਾਨ (ਸਬੱਬ ਨਾਲ) ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੁੰਦਾ ਹੈ, ਉਹ ਗੁਰੂ ਦੀ ਮਤਿ ਤੇ ਤੁਰ ਕੇ ਆਪਣੇ ਅੰਦਰੋਂ ਖੋਟੀ ਮਤਿ ਦਾ ਨਾਸ ਦਿੰਦੀ ਹੈ, ਉਹ ਪ੍ਰੇਮ ਦਾ ਸਦਕਾ ਆਤਮਕ ਮਿਲਾਪ ਦਾ ਆਨੰਦ ਮਾਣਦੀ ਹੈ, ਅਤੇ ਉਹ ਆਪਣੇ ਪ੍ਰਭੂ ਪਤੀ ਦੀ ਲਾਡਲੀ ਬਣ ਜਾਂਦੀ ਹੈ । ੩ ।

੯੫- **ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥ ੩ ॥**[੧੫੨]-੩ {**ਸੰਤਤਿ**=ਔਲਾਦ}

**ਅਰਥ**:--ਜੇ ਸਤ ਸੰਗ (ਵਿਚ ਜਾਣ ਦੀ ਸੱਧਰ ਵਾਲਾ) ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਵੇ (ਭਾਵ, ਜਿਵੇਂ ਵਿਆਹ ਵਾਸਤੇ ਸੋਧਿਆ ਹੋਇਆ ਸਾਹਾ ਟਾਲਿਆ ਨਹੀਂ ਜਾ ਸਕਦਾ, ਤਿਵੇਂ ਸਤ ਸੰਗ ਵਿਚੋਂ ਕਦੇ ਨ ਖੁੰਝੇ), ਜੇ (ਸਤ ਸੰਗਤ ਵਿਚ ਰਹਿ ਕੇ ਦੁਨੀਆਂ ਨਾਲੋਂ) ਨਿਰ,ਮੋਹਤ-ਰੂਪ (ਪ੍ਰਭੂ ਨਾਲ) ਵਿਆਹ ਹੋ ਜਾਏ, ਤਾਂ (ਇਸ ਵਿਆਹ ਵਿਚੋਂ) ਸੱਚ (ਭਾਵ, ਪ੍ਰਭੂ ਦਾ ਸਦਾ ਹਿਰਦੇ ਵਿਚ ਟਿਕੇ ਰਹਿਣਾ, ਉਸ ਜੀਵ-ਇਸਤ੍ਰੀ ਦੀ) ਸੰਤਾਨ ਹੈ । ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ--ਇਹ ਹੈ (ਸੱਚਾ) ਪ੍ਰਭੂ-ਮਿਲਾਪ । ੩ ।

ਏਵੇਂ ਦੇ ਹੀ ਵਿਆਹ ਨਾਲ ਸੰਬੰਧਤ ਸੰਜੋਗ ਵਿਜੋਗ ਦੀ ਕਾਰ ਦੇ ਹੋਰ ਦਰਸ਼ਨ:--

੯੬- **ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆ ॥ ਮਿਲਿ ਇਕਤ੍ਰ ਹੋਏ ਸਹਿਜ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥ ੩ ॥**[੮੪੬]--ਛੰਤ-੧

' ਸੰਜੋਗੁ ਵਿਜੋਗ ਦੋਵੇਂ ਰਲ ਕੇ ' ਸੱਚ ਨਾਲ ਜੋੜਨ ਵਾਲੀ " ਸੰਸਾਰ ਦੀ ਸੱਚੀ ਕਾਰ ਚਲਾਉਣ ਦਾ ਇਵੇਂ ਕਾਰਨ ਬਣਦੇ ਹਨ। ਅਜੇਹੇ ਹੋਰ ਵੀ ਪਾਵਨ ਗੁਰਬਾਣੀ ਸ਼ਬਦ ਹਨ ਜਿਨ੍ਹਾਂ ਦੁਆਰਾ ਜਪ ਸਾਹਿਬ ਦੀ ੨੯ਵੀਂ ਪਉੜੀ ਵਿਚ ਆਏ ਸੰਜੋਗ ਵਿਜੋਗ ਦੀ ਸੰਸਾਰ ਕਾਰ ਬਾਰੇ ਸਮਾਝਾਇਆ ਹੋਇਆ ਹੈ । " ਸੰਜੋਗ " ਅਥਵਾ ਵਿਜੋਗ ਜਾਂ ਬਿਓਗ ਲਫ਼ਜ਼ ਹੋਰ ਅਰਥਾਂ ਵਿਚ ਵੀ ਗੁਰਬਾਣੀ ਵਿਚ ਵਰਤੇ ਹੋਏ ਹਨ । ਗੁਰਬਾਣੀ ਵਿਚਾਰ ਦੀ ਸੱਧਰ ਵਾਲੇ ਪ੍ਰੇਮੀਆਂ ਲਈ ਕੁਝ ਸ਼ਬਦ ਇਸ ਪ੍ਰਕਾਰ ਹਨ:--॥

## ਪਿਛਲੇ ਕਰਮਾਂ ਤੋਂ ਬਣੇ ਸੰਜੋਗਾਂ ਕਰਕੇ

੯੭- **ਸੰਜੋਗਿ ਮਿਲਾਏ ਸਾਧ ਸੰਗਾਏ ॥ ਕਤਹੂ ਨ ਜਾਏ ਘਰਹਿ ਬਸਾਏ ॥**
**ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥ ੧ ॥**[੧੩੦੭]-੧-੪੬

**ਅਰਥ:**--(ਕਿਸੇ ਪਿਛਲੇ) ਸੰਜੋਗ ਨੇ (ਮੈਨੂੰ) ਸਾਧ ਸੰਗਤਿ ਵਿਚ ਮਿਲਾ ਦਿੱਤਾ, (ਹੁਣ ਮੇਰਾ ਮਨ) ਕਿਸੇ ਵੀ ਹੋਰ ਪਾਸੇ ਨਹੀਂ ਜਾਂਦਾ, (ਹਿਰਦੇ-) ਘਰ ਵਿਚ ਟਿਕਿਆ ਰਹਿੰਦਾ ਹੈ। ਮੇਰੇ ਇਸ ਸਰੀਰ (-ਚੋਲੈ) ਵਿਚ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਪਰਗਟ ਹੋ ਪਿਆ ਹੈ। ੧।

੯੮- **ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥ ੧ ॥**[੭੦੦]-੧

ਅਰਥ:--ਮਾਂ, ਪਿਉ, ਇਸਤ੍ਰੀ, ਪੁੱਤਰ, ਰਿਸ਼ਤੇਦਾਰ, ਪਿਆਰੇ ਮਿੱਤਰ ਅਤੇ ਭਰਾ--ਇਹ ਸਾਰੇ ਪਹਿਲੇ ਜਨਮਾ ਦੇ ਸੰਜੋਗਾਂ ਕਰਕੇ ਮਿਲ ਪਏ ਹਨ। ਅਖੀਰ ਵੇਲੇ ਇਨ੍ਹਾਂ ਵਿਚੋਂ ਕਿਸੇ ਨੇ ਵੀ ਸਾਥੀ ਨਹੀਂ ਬਣਨਾ। ੧।

੯੯- **ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥**
**ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ॥ ਖਿਨ ਮਹਿ ਕਉੜੇ ਹੋਇ ਗਏ, ਜਿਤੜੇ ਮਾਇਆ ਭੋਗ ॥**
**ਵਿਚੁ ਨ ਕੋਈ ਕਰਿ ਸਕੈ, ਕਿਸ ਥੈ ਰੋਵਹਿ ਰੋਜ ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥**
**ਵਡਭਾਗੀ ਮੇਰਾ ਪ੍ਰਭੁ ਮਿਲੈ, ਤਾਂ ਉਤਰਹਿ ਸਭਿ ਬਿਓਗ ॥ ਨਾਨਕ ਕਉ ਪ੍ਰਭ ਰਾਖਿ ਲੇਹਿ, ਮੇਰੇ ਸਾਹਿਬ**
**ਬੰਦੀ ਮੋਚ ॥ ਕਤਿਕਿ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ ॥ ੯ ॥**[੧੩੫]-੮

## ਭਲਾ ਸਮਾ ਮਹੂਰਤ

੧੦੦- **ਗਾਇਓ ਰੀ ਮੈ ਗੁਣਨਿਧਿ ਮੰਗਲ ਗਾਇਓ ॥ ਭਲੇ ਸੰਜੋਗ**
**ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥ ੧ ॥ ਰਹਾਉ ॥**[੧੨੦੬]-੧੪

**ਅਰਥ:**--ਹੇ ਭੈਣੇ !(ਜਿੰਦ ਵਾਸਤੇ ਉਹ) ਭਲੇ ਸਬਬ ਹੁੰਦੇ ਹਨ, ਭਾਗਾਂ ਵਾਲੇ ਦਿਨ ਹੁੰਦੇ ਹਨ, ਸੋਹਣੇ ਸਮੇ ਹੁੰਦੇ ਹਨ, ਜਦੋਂ (ਕੋਈ ਜਿੰਦ) ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਨੂੰ ਖ਼ੁਸ਼ ਕਰ ਲਏ। ਮੈਂ ਵੀ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਸਿਫ਼ਤਿ ਸਾਲਾਹ ਦੇ ਗੀਤ ਗਾ ਰਹੀ ਹਾਂ। ੧। ਰਹਾਉ।

੧੦੧- **ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥ ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥ ੨ ॥** [੮੦੭]-੧੦-

**ਅਰਥ:**--(ਮਨੁੱਖਾ ਜੀਵਨ ਵਾਲੇ ਦਿਨ ਹੀ ਪਰਮਾਤਮਾ ਨਾਲ) ਮਿਲਾਪ ਪੈਦਾ ਕਰਨ ਦੇ ਚੰਗੇ ਅਵਸਰ ਹਨ ( ਜਿੰਨਾ ਚਿਰ ਇਹ ਜਨਮ ਮਿਲਿਆ ਹੈ, ਬਾਹਰ ਭਟਕਣਾ ਛੱਡ ਕੇ) ਆਪਣੇ ਹਿਰਦੇ-ਘਰ ਦੇਸ ਵਿਚ ਆ ਕੇ ਟਿਕਿਆ ਰਹੁ। ਗੁਰਦੇਵ ਜੀ ਫ਼ੁਮਾਉਂਦੇ ਹਨ--ਜਿਸ ਮਨੁੱਖ ਉਤੇ ਪ੍ਰਭੂ ਦਇਆਲ ਹੋ ਜਾਂਦੇ ਹਨ, (ਪ੍ਰਭੂ ਨਾਲੋਂ ਉਸ ਦੇ) ਸਾਰੇ ਵਿਛੋੜੇ ਦੂਰ ਹੋ ਜਾਂਦੇ ਹਨ। ੨।

੧੦੨- **ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ ੧ ॥**[੮੦੬]-੧-੧੯

**ਅਰਥ:**--ਹੇ ਕਿਹੜੇ ਉਹ ਮਹੂਰਤ ਹਨ ਜਦੋਂ ਮੈਂ ਆਪਣੇ ਪ੍ਰਭੂ ਨੂੰ ਮਿਲ ਸਕਾਂ ? (ਉਹ ਲਗਨ ਮਹੂਰਤ ਤਾਂ ਹਰ ਵੇਲੇ ਹੀ ਹਨ) ਇਕ ਇਕ ਪਲ, ਅੱਖ ਝਮਕਣ ਜਿਤਨਾ ਸਮਾ ਭਰ ਵੀ ਸਦਾ ਹੀ ਹਰਿ-ਨਾਮ ਜਪਨ ਨਾਲ (ਪਰਮਾਤਮਾ ਨਾਲ ਮਿਲਾਪ ਬਣਿਆਂ ਰਹਿੰਦਾ ਹੈ)।

ਬਿਲਕੁਲ ਏਹੀ ਸਿਖਿਆ ਇਸ ਅਗਲੀ ਪਉੜੀ ਵਿਚ ਹੈ :--

੧੦੩- **ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ ॥ ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥**
**ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ ॥ ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥**
**ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥ ੧੫ ॥**[੭੦੯]-ਵਾਰ

**ਅਰਥ:**--(ਰੱਬ ਕਰਕੇ) ਉਹ ਵੇਲਾ ਛੇਤੀ ਆਵੇ ਜਦੋਂ ਮੈਂ ਪ੍ਰਭੂ ਨੂੰ ਮਿਲਾਂ। ਉਹ ਮਹੂਰਤ, ਉਹ ਮਿਲਣ ਦਾ ਸਮਾਂ ਭਾਗਾਂ ਵਾਲਾ ਹੁੰਦਾ ਹੈ, ਜਦੋਂ ਧਰਤੀ ਦਾ ਸਾਂਈ ਮਿਲਦਾ ਹੈ। (ਮਿਹਰ ਕਰ) ਅੱਠੇ ਪਹਰ ਪ੍ਰਭੂ ਨੂੰ ਸਿਮਰ ਕੇ ਮੈਂ ਆਪਣੇ ਮਨ ਦੀ ਚਾਹ ਪੂਰੀ ਕਰਾਂ। ਚੰਗੀ ਕਿਸਮਤ ਨਾਲ ਸਤਸੰਗ ਮਿਲ ਜਾਏ ਤੇ ਮੈਂ ਨਿਊਂ ਨਿਊਂ ਕੇ (ਸਤ ਸੰਗੀਆਂ ਦੇ) ਪੈਰੀ ਲੱਗਾਂ। ਮੇਰੇ ਮਨ ਵਿਚ (ਪ੍ਰਭੂ ਦੇ) ਦਰਸ਼ਨ ਦੀ ਤ੍ਰੇਹ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ (ਅਜੇਹੀ ਆਸ ਪੂਰੀ ਕਰ ਦੇਣ ਵਾਲੇ ਸਤ ਸੰਗੀਆਂ ਤੋ) ਮੈਂ ਸਦਕੇ ਜਾਂਦਾ ਹਾਂ।

## ਭਾਗ, ਕਿਸਮਤ

੧੦੪- **ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ ॥ ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ ॥ . . ੩ ॥**[੭੦੬]-ਵਾਰ

**ਅਰਥ:**--(ਪ੍ਰਭੂ ਨੇ ਤੈਨੂੰ) ਜਿੰਦ ਪ੍ਰਾਣ ਸਰੀਰ ਤੇ ਧਨ ਦਿੱਤਾ ਤੇ ਸੁਆਦਲੇ ਪਦਾਰਥ ਭੋਗਣ ਨੂੰ ਦਿੱਤੇ। ਤੇਰੇ ਚੰਗੇ ਭਾਗ (-ਸੰਜੋਗ) ਬਣਾ ਕੇ ਤੈਨੂੰ ਉਸ ਨੇ ਘਰ ਸੋਹਣੇ ਮਕਾਨ, ਰਥ ਤੇ ਘੋੜੇ ਦਿੱਤੇ।

੧੦੫- **ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ**
**ਹਰਖੁ ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥ ੩ ॥**[੬੨]-੧੫

**ਅਰਥ:**--(ਪ੍ਰਭੂ ਦੀ ਰਜ਼ਾ ਅਨੁਸਾਰ ਜਗਤ ਵਿਚ) ਧੀਆਂ ਪੁੱਤਰਾਂ ਦਾ ਮੇਲ (ਆ ਬਣਦਾ ਹੈ) ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੰਦਾ ਇਨ੍ਹਾਂ ਨੂੰ ਆਪਣੇ ਸਮਝ ਲੈਂਦਾ ਹੈ। (ਮਨੁੱਮੁੱਖ ਬੰਦੇ ਆਪੋ ਆਪਣੀ) ਇਸਤ੍ਰੀ ਨੂੰ ਵੇਖ ਕੇ ਖ਼ੁਸ਼ ਹੁੰਦੇ ਹਨ, (ਵੇਖ ਕੇ) ਖ਼ੁਸ਼ੀ ਵੀ ਹੁੰਦਾ ਹੈ ਸਹਮ ਵੀ ਹੁੰਦਾ ਹੈ (ਕਿ, ਕਿਤੇ ਧੀਆਂ ਪੁੱਤਰ ਇਸਤ੍ਰੀ ਮਰ ਨਾ ਜਾਣ)। ਗੁਰੂ ਦੇ ਦੱਸੇ ਰਸਤੇ ਤੇ ਤੁਰਨ ਵਾਲੇ ਬੰਦੇ ਗੁਰੂ ਦੇ ਸ਼ਬਦ ਦੀ ਰਾਹੀਂ ਆਤਮਕ ਰੰਗ ਮਾਣਦੇ ਹਨ, ਪਰਮਾਤਮਾ ਦਾ ਨਾਮ-ਰਸ ਦਿਨ-ਰਾਤ ਉਨ੍ਹਾਂ ਦੀ ਆਤਮਕ ਖ਼ੁਰਾਕ ਹੁੰਦੀ ਹੈ। ੩।

" **ਮਿਲਾਪ** " ਅਰਥ ਵਿਚ ਵੀ ਸੰਜੋਗ ਦੀ ਵਰਤੋਂ ਹੋਈ ਹੈ ਜਿਵੇਂ " **ਜਿਉ ਦੂਧ ਜਲਹਿ ਸੰਜੋਗ** " ॥ ੮੩੮] ਅਥਵਾ--" **ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥** [੧੦੧੩]

ਸੰਸਾਰ ਖੇਡ ਦੀ ਸਾਰੀ ਕਾਰ, ਸਾਡੇ ਕਰਮ, ਸਾਡੇ ਸੰਕਲਪ ਵਿਕਲਪ, ਸਭ ਕੁਝ ਪ੍ਰਭੂ ਦੇ ਹੁਕਮ ਵਿਚ ਹਨ। ਹੁਕਮ ਵਿਚ ਚਲਾਉਣ ਵਾਲੇ " ਹੁਕਮੀ " ਨੂੰ ਸਦਾ ਆਪਣੀ ਯਾਦ ਵਿਚ ਵਾਸਾਈ ਰੱਖਣ ਵਾਲੇ ਜੀਵ ਨੂੰ ਕਿਸੇ ਵੀ ਪ੍ਰਕਾਰ ਦਾ ਝੋਰਾ, ਕਿਉਂ ਵਾਪਰੇ ? :--

੧੦੬- ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥
ਤਉ ਕੜੀਐ ਜੇ ਦੂਜਾ ਭਾਏ ॥ ਕਿਆ ਕੜੀਐ ਜਾਂ ਰਹਿਆ ਸਮਾਏ ॥ ੧ ॥
ਮਾਇਆ ਮੋਹਿ ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥
ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ ॥ ਤਉ ਕੜੀਐ ਜੇ ਅਨਿਆਇ ਕੋ ਮਰਤਾ ॥
ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥ ੨ ॥
ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥ ਤਉ ਕੜੀਐ ਜੇ ਭੂਲਿ ਰੰਞਾਣੈ ॥
ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥ ੩ ॥
ਪ੍ਰਭੁ ਤੂ ਹੈ ਠਾਕੁਰੁ ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥
ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥ ੪ ॥[੧੧੪੦]-੫-੧੮

੧੦

# ਚਿਤ੍ਰ ਗੁਪਤ

ਮੌਤ ਉਪ੍ਰੰਤ ਕੀਤੇ ਕਰਮਾਂ ਦਾ ਫਲ ਮਿਲਨ ਬਾਰੇ ਪਿਛੇ **ਕਿਰਿਆ ਕਰਮ** ਲੇਖ ਵਿਚ ਵਿਸਥਾਰ ਨਾਲ ਪੜ੍ਹ ਆਏ ਹਾਂ। ਬਿੱਪ੍ਰੀ ਕੁੱਟਲ-ਬੁੱਧੀ ਦੀ ਉਪਜ, ਦੁਖਦਾਈ ਕਿਸਮ ਦੇ ਮਾਇਆ-ਜਾਲ " ਮਿਰਤਕ ਸੰਸਕਾਰਾਂ " ਬਾਰੇ ਵੀ ਅਸੀਂ ਪਿਛੇ ਵਿਸਥਾਰ ਨਾਲ ਵਿਚਾਰ ਕਰ ਆਏ ਹਾਂ। ਹੁਕਮ ਅਤੇ ਭਾਣੇ ਦੀ ਕਾਰ ਵੀ ਸਮਝਣ ਦਾ ਯਤਨ ਕੀਤਾ ਹੈ। ਏਥੇ ਅਸਾਂ ਕਰਮ-ਲੇਖ, ਅਥਵਾ ਲੇਖਾਂ ਦੇ ਲਿਖੇ ਜਾਣ ਬਾਰੇ, ਅਤੇ ਕਰਮ-ਫਲ ਬਾਰੇ ਗੁਰਮਤਿ ਸਿਧਾਂਤ ਸਮਝਣਾ ਹੈ। ਜੀਵ ਦੇ ਕੀਤੇ ਚੰਗੇ ਜਾਂ ਮਾੜੇ ਕਰਮ ਲਿਖਣ ਵਾਲੇ ਕਥਿਤ, ਧਰਮ-ਰਾਜ ਦੇ ਕਥਿਤ ਮੁਨਸ਼ੀ ਚਿਤ੍ਰ ਗੁਪਤ ਬਾਰੇ ਬੜਾ ਡੂੰਘਾ ਭਰਮ ਬਣਿਆਂ ਹੋਇਆ ਹੈ । ਸੋ ਕਰਮ-ਲੇਖ ਲਿਖਣ ਤੋਂ ਪਹਿਲਾਂ ਚਿਤ੍ਰ-ਗੁਪਤ ਰੀ ਅਸਲੀਯਤ ਸਮਝ ਲਈਏ ।

**ਚਿਤ੍ਰ ਗੁਪਤ**--ਬਾਰੇ ਹਿੰਦੂਆਂ ਵਿਚ ਪੁਰਾਣਾ ਖਿਆਲ ਹੈ ਕਿ ਇਹ ਇੱਕ ਅਜੇਹਾ ਦੇਵਤਾ ਹੈ ਜੋ ਜੀਵ ਦੇ ਚੰਗੇ ਮੰਦੇ (ਗੁਪਤ ਜਾਂ ਪ੍ਰਗਟ) ਕਰਮਾ ਨੂੰ ਲਿਖਦਾ ਰਹਿੰਦਾ ਹੈ । ਇਸ ਕਥਿਤ ਦਵਤੇ ਬਾਰੇ ਪੁਰਾਣਕ ਧਰਮ ਗੰਥਾਂ ਵਿਚ ਕਈ ਤਰ੍ਹਾਂ ਦੇ **ਕਿਆਸ** ਲਿਖੇ ਹੋਏ ਹਨ--

੧) ਪੁਰਾਣਾ ਅਨੁਸਾਰ ਚਿਤ੍ਰ ਗੁਪਤ ਧਰਮ ਰਾਜ ਦਾ ਇੱਕ ਲਿਖਾਰੀ ਹੈ ਜੋ ਗੁਪਤ ਢੰਗ ਨਾਲ ਸਾਰੇ ਜੀਵਾਂ ਦੇ ਕਰਮਾਂ ਦਾ ਸਾਰਾ ਵੇਰਵਾ ਨਾਲੋ ਨਾਲ ਲਿਖਦਾ ਰਹਿੰਦਾ ਹੈ । ਜਿਸ ਅਦਭੁਤ " ਬਹੀ " (**Register**) ਤੇ ਸੰਸਾਰ ਦੇ ਅਸੰਖਾਂ ਪ੍ਰਾਣੀਆਂ ਦੇ ਕਰਮਾਂ ਦਾ ਹਿਸਾਬ ਚਿਤ੍ਰ ਗੁਪਤ ਲਿਖਦਾ ਹੈ ਉਸ ਦਾ ਨਾਮ ' **ਗ੍ਰਸੰਧਾਨੀ** " (ਲਿਖਿਆ ਹੋਇਆ) ਹੈ ।

੨) ਸਿਕੰਦ ਪੁਰਾਣ ਦੀ ਕਥਾ ਅਨੁਸਾਰ, ਇਹ ਇੱਕ ਰਾਜਾ ਸੀ ਜੋ ਹਿਸਾਬ ਕਿਤਾਬ ਰੱਖਣ ਵਿਚ ਬੜਾ ਸਿਆਣਾ ਸੀ ਸਤੇ ਉਸ ਦਾ ਨਾਮ **ਚਿਤ੍ਰ** ਸੀ। ਇੱਕ ਦਿਨ ਜਦ ਰਾਜਾ ਇਸ਼ਨਾਨ ਕਰਨ ਗਿਆ ਤਾਂ ਧਰਮ ਰਾਜ ਨੇ ਉਸ ਨੂੰ ਚੁਕਵਾ ਲਿਆ ਅਤੇ ਆਪਣੇ ਦਫ਼ਤਰ ਦਾ ਕੰਮ ਉਸ ਨੂੰ ਸੌਂਪ ਦਿੱਤਾ । ਉਸ ਦਿਨ ਤੋਂ ਹੀ ਉਹ ਰਾਜਾ ਧਰਮਰਾਜ ਦੇ ਦਫ਼ਤਰ ਵਿਚ ਬੈਠਾ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੇ ਕਰਮਾਂ ਦਾ ਵੇਰਵਾ ਲਿਖਦਾ ਰਹਿੰਦਾ ਹੈ ।

(Foot note:--ਇਹ ਕਥਿਤ ਰਾਜਾ ਕਿਸ ਦੇਸ ਤੇ ਰਾਜ ਕਰਦਾ ਸੀ, ਜਾਂ ਉਹ ਕਿਹੜੇ ਜੁਗ ਵਿਚ, ਕਿਹੇੜੇ ਸਾਲ, ਕਿਹੜੇ ਦਿਨ ਚੁਕਿਆ ਗਿਆ ਸੀ ? ਅਜੇਹੇ ਸ਼ੰਕਿਆਂ ਨੂੰ ਦੂਰ ਕਰਨ ਦੀ ਲੋੜ ਪੁਰਾਣਾ ਦੇ ਲਿਖਾਰੀ ਨੇ ਅਨੁਭਵ ਨਹੀਂ ਕੀਤੀ। ਭਾਵੇਂ ਕਿੱਡਾ ਵੀ ਚਾਤਰ ਲਿਖਾਰੀ ਹੋਵੇ, ਝੂਠ ਨੂੰ ਸੱਚ ਬਣਾਉਣ ਲਗਿਆਂ ਕਮੀ ਜ਼ਰੂਰ ਰਹਿ ਜਾਂਦੀ ਹੈ ) ।

ਜਦ ਧਰਮ ਰਾਜ ਨੇ ਕਿਸੇ ਜੀਵ ਨੂੰ ਕਰਮਾਂ ਦਾ ਫਲ ਦੇਣਾ ਹੁੰਦਾ ਹੈ ਤਾਂ ਉਹ ਚਿਤ੍ਰ-ਰਾਜਾ-ਮੁਨੀਮ ਜੀਵ ਦੇ ਕਰਮਾਂ ਦਾ ਵੇਰਵਾ ਧਰਮਰਾਜ ਨੂੰ ਪੜ੍ਹ ਕੇ ਸੁਣਾਉਂਦਾ ਹੈ ।

੩) ਪਰ " ਭਵਿਸ਼ਯ ਪੁਰਾਣ " ਦਾ ਲਿਖਾਰੀ ਸਿਕੰਦ ਪੁਰਾਣ ਦੀ ਇਸ ਕਹਾਣੀ ਨਾਲ ਸਹਿਮਤ ਨਹੀਂ ਹੈ । ਉਸ ਨੇ ਲਿਖਿਆ ਹੈ ਸ੍ਰਿਸ਼ਟੀ ਦੀ ਰਚਨਾ ਕਰਨ ਉਪ੍ਰੰਤ ਜਦੋਂ ਬ੍ਰਹਮਾਂ ਆਰਾਮ ਕਰ ਰਿਹਾ ਸੀ ਤਾਂ ਉਸ ਦੇ ਸਰੀਰ ਵਿਚੋਂ ਇੱਕ ਰੰਗ-ਬ੍ਰੰਗਾ ਪੁਰਸ਼, ਹੱਥ ਵਿਚ ਕਲਮ ਦਵਾਤ ਫੜੀ ਹੋਈ, ਪੈਦਾ ਹੋਇਆ । ਜਦੋਂ ਬ੍ਰਹਮਾਂ ਨੇ ਅੱਖ ਪੁੱਟੀ ਤਾਂ ਉਸ ਡੱਬ-ਖੜੱਬੇ ਵਿਯਕਤੀ ਨੇ ਪੁਛਿਆ ਕਿ ਉਸ ਨੂੰ ਕਿਸ ਕਾਰਜ ਲਈ ਪੈਦਾ ਕੀਤਾ ਗਿਆ ਹੈ ? ਬ੍ਰਹਮਾਂ ਨੇ ਆਪਣੇ ਸਰੀਰ ਵਿਚੋਂ ਜਨਮਿਆਂ ਜਾਣਕੇ ਉਸ ਦਾ ਨਾਮ **ਕਾਯਸਥ** ਅਥਵਾ **ਕਾਇਥ** ਰਖਿਆ ਅਤੇ ਉਸ ਨੂੰ ਜੀਵਾਂ ਦੇ ਕਰਮਾ ਦਾ ਹਿਸਾਬ ਰੱਖਣ ਦਾ ਕਿੱਤਾ ਸੌਂਪ ਦਿੱਤਾ । ਉਸ ਦਿਨ ਤੋਂ ਉਹ ਕਾਯਥ ਇਹ ਮਹਾਨ ਜ਼ਿਮੇਵਾਰੀ ਨਿਭਾ ਰਿਹਾ ਹੈ।

੪) " ਗਰੁੜਪੁਰਾਣ " ਅਨੁਸਾਰ ਚਿਤ੍ਰਗੁਪਤ ਇਕ ਨਵੇਕਲੀ ਪੁਰੀ ਦਾ ਮਾਲਕ ਹੈ ਤੇ ਇਸਦੀ ਪੁਰੀ ਧਰਮਰਾਜ ਦੀ ਪੁਰੀ ਦੇ ਨੇੜੇ ਹੈ*।

[*Foot note:--ਚਿਤ੍ਰ-ਗੁਪਤ ਦੀ ਇਸ ਕਥਿਤ ਨਗਰੀ ਦਾ ਪੂਰਾ ਵੇਰਵਾ ਪਿੱਛੇ " ਗਰੁੜ ਪੁਰਾਣ ' ਲੇਖ ਵਿਚ ਆ ਚੁੱਕਾ ਹੈ }

੫) **ਇਸਲਾਮ ਅਨੁਸਾਰ** ਦੋ ਫ਼ਰਿਸ਼ਤੇ ਹਨ ਜਿਨ੍ਹਾਂ ਨੂੰ ' ਕਿਰਾਮਨ ਕਾਤਿਬੀਨ " ਕਿਹਾ ਜਾਂਦਾ ਹੈ । ਇਨ੍ਹਾਂ ਵਿਚੋਂ ਸ਼ੁਭ ਕਰਮ ਲਿਖਣ ਵਾਲਾ ਸੱਜੇ ਮੋਢੇ ਤੇ ਹੁੰਦਾ ਹੈ ਅਤੇ ਮਨੁੱਖ ਦੇ ਮੰਦੇ ਕਰਮ ਲਿਖਣ ਵਾਲਾ ਖੱਬੇ ਮੋਢੇ ਤੇ ਬੈਠਾ ਹੁੰਦਾ ਹੈ ।

**ਕਾਇਥ**--

**ਮਹਾਨ ਕੋਸ਼** ਅਨੁਸਾਰ ਕਾਇਥ ਦਾ ਅਰਥ ਹੈ- ਸਰੀਰ ਵਿਚ ਇਸਥਿਤ। ੨- ਜੀਵਆਤਮਾ। ੩- ਜ਼ਮੀਰ, **ਕਾਇਥਚੇਤੂ** ਭਾਵ, ਸ੍ਰੀਰ ਵਿਚ ਉਹ ਚੇਤਨਸੱਤਾ ਜਿਸ ਨੂੰ ਜ਼ਮੀਰ, ਵਿਵੇਕ ਸ਼ਕਤੀ ਅਥਵਾ **Conscience** ਆਖਦੇ ਹਨ । ਕਬੀਰ ਸਾਹਿਬ--ਘਰੀ ਘਰੀ ਕਾ ਲੇਖਾ ਮਾਗੈ **ਕਾਇਥੁਚੇਤੂ** ਨਾਉ " ॥ ਏਸੇ ਦਾ ਨਾਉ ਚਿਤ੍ਰਗੁਪਤ ਹੈ।

ਲੋਕ ਕਹਿੰਦੇ ਹਨ ਕਿ ਸੰਸਾਰ ਦੇ ਸਾਰੇ ਜੀਵਾਂ ਦੇ ਕਰਮਾਂ ਦਾ ਲੇਖਾ ਚਿਤ੍ਰਗੁਪਤ ਲਿਖਦੇ ਹਨ ਪਰ ਸਤਿਗੁਰਾਂ ਦਾ ਫ਼ੁਰਮਾਨ ਇਸ ਗੱਲ ਨੂੰ ਰੱਦ ਕਰਦਾ ਹੈਂ--**ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸ਼ਟਿ ਨ ਪੇਖਾ ॥ ੪ ॥**[੩੯੩]-੪੦-੯੧ ਜਿਸ ਚਿਤ੍ਰਗੁਪਤ ਦੀ ਕਿਸੇ ਹੋਂਦ ਨੂੰ ਬ੍ਰਾਹਮਣੀ ਗ੍ਰੰਥਾਂ ਨੇ ਆਪ ਹੀ ਸ਼ੱਕੀ ਅਥਵਾ ਝੂਠ ਬਣਾ ਦਿੱਤਾ ਹੋਇਆ ਹੈ, ਉਸ " **ਝੂਠ** " ਨੂੰ " **ਸੱਚ ਦੀ ਬਾਣੀ** " ਵਿਚ ਥਾਂ ਕਿਵੇ ਮਿਲ ਸਕਦਾ ਸੀ ? ਗੁਰਮਤਿ ਨੇ ਜੀਵਾਂ ਦਾ ਹਿਸਾਬ ਲਿਖਣ ਵਾਲੇ ਅਜੇਹੇ ਦੇਵਤੇ ਦੀ ਕਿਸੇ ਪ੍ਰਕਾਰ ਦੀ ਹੋਂਦ ਨੂੰ ਨਹੀਂ ਮੰਨਿਆਂ । ਇਸ ਕਥਿਤ ਲਿਖਾਰੀ ਦੀ ਅਸਲੀਯਤ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਫ਼ੁਰਮਾਨ ਇਸ ਪ੍ਰਕਾਰ ਹੈ:--

੯੧- **ਬਾਬਾ, ਅਬ ਨ ਬਸਉ ਇਹ ਗਾਉ ॥ ਘਰੀ ਘਰੀ ਕਾ ਲੇਖਾ ਮਾਗੈ, " ਕਾਇਥੁ " ਚੇਤੂ ਨਾਉ ॥ ੧ ॥ ਰਹਾਉ ॥**[੧੧੦੪]-੭

**ਅਰਥ:**--ਹੇ ਬਾਬਾ ! ਹੁਣ ਮੈਂ ਇਹ ਪਿੰਡ (ਸਰੀਰ) ਵਿਚ ਨਹੀਂ ਵੱਸਣਾ, ਜਿਥੇ ਰਿਹਾਂ ਉਹ ਪਟਵਾਰੀ ਜਿਸ ਦਾ ਨਾਮ ਚਿਤ੍ਰਗੁਪਤ ਹੈ, ਹਰੇਕ ਘੜੀ ਦਾ ਲੇਖਾ ਮੰਗਦਾਲ ਹੈ । ੧ ।

**ਮਹਾਨ ਕੋਸ਼ ਅਨੁਸਾਰ** " **ਕਇਥੁ** " ਦਾ ਅਰਥ ਹੈ--" ਜੋ ਕਾਇਆਂ ਵਿਚ ਇਸਥਿਤ ਹੈ । ਜੋ ਮਨੁੱਖ ਦੇ ਸਰੀਰ ਦੇ ਅੰਦਰ ਹੀ ਟਿਕਿਆ ਹੋਇਆ ਹੈਂ" ।

ਸਰੀਰ ਦੇ ਅੰਦਰ ਅਜੇਹਾ ਫ਼ਰਿਸ਼ਤਾ ਅਥਵਾ ਦੇਵਤਾ ਕਿਹੜਾ ਹੈ ਜੋ ਮਨੁੱਖ ਕੋਲੋਂ ਹਰੇਕ ਘੜੀ ਲੇਖਾ ਮੰਗਦਾ ਹੈ ?

ਮਨ, ਜ਼ਮੀਰ, ਜੋਤਿ, ਆਤਮਾ, ਅਥਵਾ ਪਰਮਾਤਮਾ ਤੋਂ ਬਿਨਾ, ਮਨੁੱਖਾ ਸਰੀਰ ਦੇ ਅੰਦਰ ਕੋਈ ਦੇਵਤਾ ਜਾਂ ਫ਼ਰਿਸ਼ਤਾ ਆਦਿ ਕੋਈ ਨਹੀਂ ਹੈ। ਸਾਡੇ ਨਿਤ ਦੇ ਕਰਮ, ਵਿਚਾਰ ਅਥਵਾ ਸੰਕਲਪ ਆਪਣਾ ਅਸਰ ਮਨ-ਆਤਮਾ ਤੇ ਛੱਡਦੇ ਰਹਿੰਦੇ ਹਨ । ਇਨ੍ਹਾਂ ਤੋਂ ਹੀ ਸਾਡੀਆਂ ਯਾਦਾਂ ਦਾ ਸੰਗ੍ਰਹ ਬਣਦਾ ਅਤੇ ਮਨ ਦੇ ਸੁਚੇਤ ਭਾਗ ਵਿਚ ਆ ਕੇ ਭੁੱਲੀਆਂ ਬਿਸਰੀਆਂ ਗੱਲਾਂ ਯਾਦ ਆਉਂਦੀਆਂ ਹਨ । ਮਨ-ਆਤਮਾ ਉਤੇ ਪਏ ਰਹਿਣ ਵਾਲੇ ਇਹ ਸੰਸਕਾਰ, ਜਦ ਸਾਡੀ ਇਸ ਕਿਰਿਆ ਦੁਆਰਾ ਮੁੜ ਮੁੜ ਕੇ ਪ੍ਰਗਟ ਹੁੰਦੇ ਹਨ ਤਾਂ ਉਨ੍ਹਾਂ ਅਨੁਸਾਰ ਸਾਡੇ ਮਨ ਦਾ ਸੁਭਾਵ ਬਣ ਜਾਂਦਾ ਹੈ । ਏਥੋਂ ਹੀ ਸਾਡੀਆਂ ਆਦਤਾਂ ਬਣਦੀਆਂ ਹਨ ਜਿਨ੍ਹਾਂ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੋ ਜਾਂਦਾ ਹੈ । ਮਨ ਦਾ ਸੁਭਾਵ ਪਿਛਲੇ ਕੀਤੇ ਆਪਣੇ ਹੀ ਕਰਮਾਂ ਦੀ ਅੰਤ੍ਰੀਵ ਘਾੜਤ ਹੁੰਦੀ ਹੈ । ਸਾਡੇ ਉਸ ਆਦਤ ਦੁਆਰਾ ਸਾਡੇ ਪਿਛਲੇ ਕਰਮ ਆਪਣੇ ਆਪ ਹੀ ਪ੍ਰਗਟ ਹੁੰਦੇ ਰਹਿੰਦੇ ਹਨ ।

ਸਾਡੇ ਫੁਰਨੇ ਸਾਡੇ ਕਰਮ ਦਾ ਮੁੱਢ ਹਨ । ਸੋ ਚੰਗੇ ਮੰਦੇ ਫੁਰਨਿਆਂ ਦਾ ਅਸਰ ਵੀ ਸਾਡੇ ਮਨ ਤੇ ਆਪਣੇ ਅਸਰ ਛੱਡਦੇ ਰਹਿੰਦੇ ਹਨ । ਸਾਡੇ ਸੰਕਲਪਾਂ ਅਤੇ ਵਿਕਲਪਾਂ ਦਾ ਮਨ ਉਤੇ ਗੁਪਤ ਰੂਪ ਵਿਚ ਪੈ ਰਿਹਾ ਨਿਸ਼ਾਨ, ਅਥਵਾ **ਚਿਤ੍ਰ** ਹੀ " **ਚਿਤਰ ਗੁਪਤ** " ਹੈ। ਇਹ ਸੱਭ ਕਿਰਿਆ ਪ੍ਰਭੂ ਦੇ ਬਣਾਏ ਪੱਕੇ ਨਿਯਮ ਅਧੀਨ ਨਿਰੰਤਰ ਚੱਲਦੀ ਰਹਿੰਦੀ ਹੈ । ਸੰਸਕਾਰਾਂ ਰੂਪੀ ਇਨ੍ਹਾਂ ਲੇਖਾਂ ਦੁਆਰਾ ਜੀਵ ਦੇ ਅੰਦਰ ਹਉਮੈ ਵਾਲੀ ਅੱਡਰੀ ਹਸਤੀ ਬਣ ਜਾਣ ਦਾ ਕਾਰਨ ਸਮਝਾਉਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ-- - - -**ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥** [੪੬੬]-ਵਾਰ-੭ ਪ੍ਰਭੂ ਦੇ ਹੁਕਮ ਰੂਪੀ ਨਿਯਮ ਅਨਸਾਰ, ਜੀਵ ਜਿਵੇਂ ਜਿਵੇਂ ਵੇਖਦੇ ਹਨ, ਤਿਹੋ ਜਿਹਾ ਉਨ੍ਹਾਂ ਦਾ ਆਪਣਾ ਸਰੂਪ ਬਣਦਾ ਜਾਂਦਾ ਹੈ। ਭਾਵ, ਜਿਸ ਨਿਯਤ ਨਾਲ ਜੀਵ ਦੂਜੇ ਮਨੁੱਖਾਂ ਨਾਲ ਵਰਤਦੇ ਹਨ, ਉਸੇ ਤਰ੍ਹਾਂ ਦੇ ਸੰਸਕਾਰ ਉਨ੍ਹਾਂ ਦੇ ਅੰਦਰ ਇਕੱਠੇ ਹੋ ਕੇ ਉਹੋ ਜਿਹਾ ਉਨ੍ਹਾਂ ਦਾ ਆਪਣਾ ਵੱਖਰਾ ਮਾਨਸਕ-ਸਰੂਪ ਬਣ ਜਾਂਦਾ ਹੈ । ਇਨ੍ਹਾਂ ਸੰਸਕਾਰਾਂ ਦੇ ਸੰਗ੍ਰਹ ਅਨੁਸਾਰ ਉਨ੍ਹਾਂ ਦੀ ਇੱਕ " ਪੱਕੀ ਆਦਤ " ਬਣ ਜਾਂਦੀ ਹੈ । ਜਿਹੋ ਜਿਹੇ ਕੋਈ ਕਰਮ ਕਮਾਉਂਦਾ ਹੈ ਉਸੇ ਤਰ੍ਹਾਂ ਦਾ ਆਪ ਬਣ ਜਾਂਦਾ ਹੈ --**ਜੇਹੇ ਕਰਮ ਕਮਾਇ ਤੇਹਾ ਹੋਇਸੀ ॥** [੭੨੯] ਅਥਵਾ--**ਤੇਹਾ ਹੋਵੈ ਜੇਹੇ ਕਰਮ ਕਮਾਇ ॥** [੩੬੩] ਏਹੀ ਹੈ ਕਰਮ ਰੂਪੀ ਲੇਖ ਜੋ ਗੁਪਤ ਢੰਗ ਨਾਲ, ਜੀਵ ਦੇ ਅੰਦਰ ਉੱਕਰਿਆ ਜਾਂਦਾ ਹੈ । ਏਸੇ ਕਰਮ ਲੇਖ ਤੋਂ ਹੀ ਜਨਮ ਮਰਨ ਦਾ ਗੇੜ ਪੈਂਦਾ ਹੈ । ਸਾਧ-ਗੁਰੂ (ਗ੍ਰੰਥ ਸਾਹਿਬ ਜੀ) ਦੀ ਸੰਗਤ ਵਿਚ ਟਿਕਿਆਂ (ਭਾਵ, ਗੁਰਬਾਣੀ ਅਨੁਸਾਰ ਆਪਣਾ ਜੀਵਨ ਬਣਾਇਆਂ) ਏਹੀ ਸੰਸਾਕਰ ਪ੍ਰਭੂ-ਭਗਤੀ, ਵਾਲੇ ਬਣ ਜਾਣ ਦੇ ਕਾਰਨ ਆਤਮਾ ਮੁੜ ਆਪਣੇ ਅਸਲੇ, ' ਪਰਮਾਤਮਾ ' ਵਿਚ ਲੀਨ ਹੋ ਜਾਂਦਾ ਹੈ । ਗੁਪਤ ਰੂਪ ਵਿਚ ਚੱਲ ਰਹੀ ਪ੍ਰਭੂ ਦੀ ਇਹੀ **ਕਲਮ**---**ਚਿਤਰ ਗੁਪਤ** ਹੈ । ਪਰ ਯਾਦ ਰਹੇ ਕਿ ਗੁਰਦੇਵ ਜੀ ਦੀ ਅਜੇਹੀ ਸੰਗਤਿ ਵੀ ਅਪਣੇ ਕਰਮਾਂ ਅਨੁਸਾਰ ਲਿਖੇ ਲੇਖਾਂ ਦੁਆਰਾ ਹੀ ਮਿਲਦੀ ਹੈ । ਬਿਨਾ ਭਾਗਾਂ ਦੇ, ਗੁਰਦੁਆਰਿਆਂ ਦੇ ਅੰਦਰ ਹੀ ਰਹਿੰਦਿਆਂ ਨੂੰ, ਅਖੰਡ ਪਾਠੀ ਹੁੰਦਿਆਂ ਨੂੰ ਵੀ, ਸਤਿਗੁਰਾਂ ਦੀ ਸੰਗਤਿ ਨਸੀਬ ਨਹੀਂ ਹੁੰਦੀ। ਅਜੇਹੇ ਲੋਕ, ਕੋਲ ਰਹਿੰਦੇ ਹੋਏ ਵੀ ਆਤਮਕ ਤੌਰ ਤੇ, **ਗੁਰੂ ਕੋਲੋਂ ਦੂਰ ਹੁੰਦੇ ਹਨ** । ਕਿਉਂਕਿ ਉਹ ਦੂਜਿਆਂ ਲਈ ਹੀ ਪੜ੍ਹਦੇ ਹਨ, ਦੂਜਿਆਂ ਲਈ ਭਾਸ਼ਨ ਦਿੰਦੇ ਹਨ ਪਰ ਆਪ ਗੁਰੂ ਦੇ ਹੁਕਮ ਤੇ ਤੁਰਨ ਦੀ ਲੋੜ ਨਹੀਂ ਸਮਝਦੇ। ਸਗੋਂ ਅਜੇਹੇ ਧਰਮ ਆਗੂਆਂ ਵਿਚੋਂ ਬਹੁਤਿਆਂ ਨੇ ਸਤਿਗੁਰਾਂ ਦੇ ਪਾਵਨ ਸਰੂਪ ਨੂੰ ਅਥਵਾ ਉਨ੍ਹਾਂ ਦੀ ਬਾਣੀ ਨੂੰ ਮਾਇਆ ਉਗਰਾਹੁੰਣ ਦਾ ਸਾਧਨ ਬਣਾ ਲਿਆ ਹੋਇਆ ਹੈ। ਮਨ ਕਰਕੇ ਗੁਰੂ ਦੀ ਸੰਗਤਿ ਵਿਚ ਟਿਕ ਸਕਣ ਵਾਲੇ ਭਾਗ, ਅਜੇਹੇ ਮੰਦਭਾਗੀਆਂ ਦੇ ਮੱਥੇ ਤੇ ਲਿਖੇ ਨਹੀਂ ਹੁੰਦੇ--**ਜਿਨ੍ ਮਸਤਕਿ ਧੁਰਿ ਹਰਿ ਲਿਖਿਆ ਤਿਨ੍ਾ ਸਤਿਗੁਰੁ ਮਿਲਿਆ ਰਾਮ ਰਾਜੇ ॥** [੪੫੦] ਇਹ ਨਾ ਭੁੱਲੀਏ ਕਿ, ਮੱਥੇ ਦੇ ਇਹ ਭਾਗ ਵੀ ਸਾਡੇ ਆਪਣੇ ਕਰਮਾਂ ਅਨੁਸਾਰ ਹੀ ਲਿਖੇ ਜਾਂਦੇ ਹਨ--**ਕਰਮੀ ਆਪੋ ਆਪਣੀ ਹੁਕਮੀ ਵਹੈ ਕਲਾਮ**-ਅਜੇਹੇ ਲੇਖੇ ਕੋਈ ਦੇਵਤਾ ਜਾਂ ਫ਼ਰਿਸ਼ਤਾ ਨਹੀਂ ਲਿਖਦਾ ਸਗੋਂ--**ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ, ਦੁਖੁ ਸਹਸਾ ਮਿਟਿ ਗਇਆ ॥ ੧ ॥ ਰਹਾਉ ॥**੪੩੨]-੨-੭੨ । ਜੀਵਾਂ ਦੇ ਲੇਖ ਲਿਖਣ ਵਾਲੇ ਕਥਿਤ ਚਿਤਰ ਗੁਪਤ ਨਾਮੀ ਦੇਵਤੇ ਜਾਂ ਇਸਲਾਮੀ ਧਰਮ ਵਾਲੇ ਫ਼ਰਿਸ਼ਤਿਆਂ ਦੀ ਹੋਂਦ ਵਾਲੇ ਭਰਮ ਨੂੰ ਨਿਰੰਤਰ ਮਿਟਾ ਰਿਹਾ ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ:-

੧੦੭- **ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥ ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥**
**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥**[੧੩੬੧]

**ਅਰਥ:**--ਗੁਰਦੇਵ ਜੀ ਦਾ ਫ਼ੁਰਮਾਨ ਹੈ--ਹੇ ਅਪਹੁੰਚ ਪ੍ਰਭੂ ! ਉਹ ਕਲਮ (ਕੇਵਲ) ਤੇਰੇ ਹੀ ਹੱਥ ਵਿਚ ਹੈ ( ਜੋ ਸਭ ਜੀਵਾਂ ਦੇ ) ਮੱਥੇ ਉੱਤੇ ਲੇਖ ਲਿਖਦੀ ਜਾ ਰਹੀ ਹੈ । ਹੇ ਅਤਿ ਸੁੰਦਰ ਰੂਪ ਵਾਲੇ ! ਤੂੰ ਸਭ ਜੀਵਾਂ ਦੇ ਵਿਚ ਮਿਲਿਆ ਹੋਇਆ ਹੈ । (ਕਿਸੇ ਵੀ ਜੀਵ ਕੋਲੋਂ ਆਪਣੇ) ਮੂੰਹ ਨਾਲ ਤੇਰੀ ਵਡਿਆਈ ਨਹੀਂ ਕੀਤੀ ਜਾ ਸਕਦੀ । (ਹੇ ਪ੍ਰਭੂ !) ਮੈਂ ਤੈਥੋਂ ਸਦਕੇ ਹਾਂ, ਤੇਰਾ ਦਰਸ਼ਨ ਕਰਕੇ ਮੇਰਾ ਮਨ ਮੋਹਿਆ ਗਿਆ ਹੈ । ੧ ।

## ਚਿਤ੍ਰ ਗੁਪਤਿ ਅਤੇ ਗੁਰਬਾਣੀ

ਇਸ ਪੁਸਤਕ ਦੇ ਛਪ ਚੁੱਕੇ ਪਹਿਲੇ ਭਾਗ ਦੇ ੯੬ ਸਫ਼ੇ ਤੋਂ ੧੬੨ ਸਫ਼ੇ ਤੱਕ, ਗੁਰੂ ਬਾਣੀ ਦੇ ਹੇਠ ਲਿਖੇ ਦੋ ਪੱਖ ਬੜੇ ਵਿਥਾਰ ਨਾਲ ਵਿਚਾਰ ਲਏ ਹੋਏ ਹਨ:--

(੧) ਹਿੰਦੂ ਧਰਮ ਵਾਂਗ ਦੇਵੀ ਦੇਵੀ ਦੇਵਤਿਆਂ ਦੀ ਅੱਡਰੀ ਹੋਂਦ ਨੂੰ ਗੁਰਮਤਿ ਮੁਢੋਂ ਹੀ ਨਹੀਂ ਮੰਨਦੀ

(੨) ਗੁਰਬਾਣੀ ਵਿਚ ਦੇਵੀ ਦੇਵਤਿਆਂ ਦਾ ਜ਼ਿਕਰ ਕਈ ਥਾਂਈਂ ਆਉਣ ਦਾ ਕਾਰਨ ।

ਉਪ੍ਰੋਕਤ ੯੪ ਨੰਬਰ ਗੁਰੂ ਸ਼ਬਦ ਤੋਂ ਹੀ ਸਪੱਸ਼ਟ ਹੋ ਰਿਹਾ ਹੈ ਕਿ ਹਿੰਦੂ ਧਰਮ ਦੇ ਵਿਸ਼ਵਾਸ਼ ਵਾਲੇ ਚਿਤ੍ਰ ਗੁਪਤ ਦੇਵਤੇ ਦੀ ਅੱਡਰੀ ਹੋਂਦ ਨੂੰ, ਗੁਰਬਾਣੀ ਬਿਲਕੁਲ ਨਹੀਂ ਮੰਨਦੀ। ਪਰ ਕਿਉਂਕਿ ਚਿਤ੍ਰ ਗੁਰਪਤ, ਧਰਮਰਾਜ ਅਥਵਾ ਜਮਰਾਜ ਦਾ ਗੁਰਬਾਣੀ ਵਿਚ ਕਈ ਥਾਂਈ ਜ਼ਿਕਰ ਆਇਆ ਹੈ ਜਿਸ ਤੋਂ ਕਈ ਤਰ੍ਹਾਂ ਦੇ ਭਰਮ ਪਾਏ ਗਏ ਹਨ। ਗੁਰਬਾਣੀ ਦੇ ਕਈ ਪਾਵਨ ਸ਼ਬਦਾਂ ਵਿਚ ਚਿਤ੍ਰ ਗੁਪਤ ਅਥਵਾ ਜਮਾਂ ਆਦਿ ਦੇ ਜ਼ਿਕਰ ਆਉਣ ਦਾ ਕੇਵਲ ਮਾਤ੍ਰ ਕਾਰਨ ਵੀ ਉਹੋ ਹੀ ਹੈ, ਜਿਸ ਦਾ ਪੂਰਾ ਵੇਰਵਾ ਪੁਸਤਕ ਦੇ ਪਹਿਲੇ ਭਾਗ ਵਿਚ ਆ ਚੁੱਕਾ ਹੈ। ਚਿਤ੍ਰ ਗੁਪਤ, ਜਮ, ਆਦਿ ਆਦਿ ਕਥਿਤ ਦੇਵਤਿਆਂ ਦੇ ਜ਼ਿਕਰ ਵਾਲੇ ਸ਼ਬਦਾਂ ਨੂੰ ਜੇ ਧਿਆਨ ਨਾਲ ਵਿਚਾਰਾਂਗੇ ਤਾਂ ਨਾਲੋ ਨਾਲ ਹੀ ਸਮਝ ਆਉਂਦੀ ਜਾਵੇਗੀ, ਕਿ, ਸਤਿਗੁਰਾਂ ਨੇ ਉਨ੍ਹਾਂ ਦੀ ਹੋਂਦ ਦੀ ਪੁਸ਼ਟੀ ਨਹੀਂ ਕੀਤੀ ਹੋਈ ਸਗੋਂ ਬੜੇ ਮਿੱਠੇ ਢੰਗ ਨਾਲ (ਉਨ੍ਹਾਂ ਦੀ ਹੋਂਦ ਦੀ) ਭਰਪੂਰ ਖੰਡਨਾਂ ਕੀਤੀ ਹੋਈ ਹੈ । ਅਜੇਹੇ ਕੁਝ ਗੁਰੂ ਫ਼ੁਰਮਾਨ ਇਸ ਪ੍ਰਕਾਰ ਹਨ:--

੧੦੮- **ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥ ੧ ॥ ਸਤਿਗੁਰ ਪੂਰੈ ਸਾਚੁ ਕਹਿਆ ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥ ੧ ॥ ਰਹਾਉ ॥ ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥ ੨ ॥ ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥੩॥ ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥ ੫ ॥**[੩੯੩]-੪੦-੯੧

(**ਪਨਿਹਾਰੀ**--ਪਾਣੀ ਭਰਨ ਵਾਲੀ, ਕਾਮਾਦਿਕ ਵਿਕਾਰਾਂ ਦਾ ਪਾਣੀ ਭਰਨ ਵਾਲੀ, ਵਿਕਾਰਾਂ ਵਿਚ ਫਸੀ ਹੋਈ ਜੀਵ ਇਸਤ੍ਰੀ)

**ਅਰਥ:**--(ਪਨਿਹਾਰੀ-) ਵਿਕਾਰਾਂ ਵਿਚ ਫਸੀ ਹੋਈ ਜੀਵ ਇਸਤ੍ਰੀ, ਜਿਸ ਜੀਵਨ-ਰਸਤੇ ਵਿਚ (ਆਤਮਕ ਜੀਵਨ ਦੀ ਰਾਸ ਪੂੰਜੀ) ਲੁਟਾ ਬੈਠਦੀ ਹੈ ਉਹ ਰਸਤਾ ਸੰਤ ਜਨਾਂ ਤੋਂ ਦੁਰੇਡੇ ਰਹਿ ਜਾਂਦਾ ਹੈ (ਭਾਵ, ਸੁੱਚੇ ਆਚਰਨ ਵਾਲੇ ਜੀਵ, ਗੁਰਮੁਖ ਸੱਜਣ, ਵਿਕਾਰਾਂ ਵਿਚ ਫ਼ਸਣ ਵਾਲੇ ਉਸ ਉਸ ਭੈੜੇ ਜੀਵਨ-ਰਸਤੇ ਵੱਲ ਤੱਕਦੇ ਵੀ ਨਹੀਂ ਹਨ, ਅਜੇਹੇ ਭੈੜ-ਕਰਮੀਆਂ ਤੋਂ ਉਹ ਦੂਰ ਹੀ ਰਹਿੰਦੇ ਹਨ) **। ੧ ।** ਹੇ ਪ੍ਰਭੂ ! ਪੂਰੇ ਗੁਰੂ ਨੇ ਜਿਸ ਮਨੁੱਖ ਨੂੰ ਤੇਰਾ ਸਦਾ-ਥਿਰ ਨਾਮ ਉਪਦੇਸ਼ ਦੇ ਦੱਤਾ, ਜਮ-ਦੂਤਾਂ (ਭਾਵ, ਆਤਮਕ ਮੌਤ) ਵਾਲਾ ਰਸਤਾ, ਉਸ ਮਨੁੱਖ ਤੋਂ ਦੂਰ ਪਰੇ ਰਹਿ ਜਾਂਦਾ ਹੈ ਉਸ ਨੂੰ ਤੇਰੇ ਨਾਮ ਦੀ ਬਰਕਤਿ ਨਾਲ ਜੀਵਨ-ਸਫ਼ਰ ਵਿਚ (ਮੁਕਤੇ-) ਖੁਲ੍ਹਾ (ਬੀਥੀ-) ਰਸਤਾ (ਭਾਵ, ਸ਼ਾਂਤੀ ਅਤੇ ਅਨੰਦ ਵਾਲਾ ਜੀਵਨ-ਰਸਤਾ ਲੱਭ ਪੈਂਦਾ ਹੈ **। ੧ । ਰਹਾਉ ।** ਜਿਥੇ ਲਾਲਚੀ ਮਸੂਲੀਆਂ ਦਾ ਪੱਤਣ ਹੈ (ਭਾਵ, ਜਿਥੇ ਕਥਿਤ, ਜਮ-ਮਸੂਲੀਏ ਕੀਤੇ ਮੰਦੇ ਕਰਮਾ ਬਾਰੇ ਤਾੜਨਾ ਕਰਦੇ ਹਨ) ਉਹ ਰਸਤਾ ਸੰਤ ਜਨਾਂ (ਭਾਵ, ਗੁਰਮੁਖਾਂ) ਤੋਂ ਦੂਰ ਪਰੇ ਰਹਿ ਜਾਂਦਾ ਹੈ **। ੨ ।** ਜਿਸ ਜੀਵਨ-ਸਫ਼ਰ ਵਿਚ (ਮਾਇਆ-ਵੇੜ੍ਹੇ ਜੀਵਾਂ ਦੇ) ਅਨੇਕਾਂ ਹੀ ਕਾਫ਼ਲੇ (ਕੀਤੇ ਮੰਦੇ ਕਰਮਾਂ ਦੇ ਕਾਰਨ) ਦੁਖੀ ਹੁੰਦੇ ਰਹਿੰਦੇ ਹਨ ਗੁਰਮੁਖ ਮਨੁੱਖ (ਉਸ ਸਫ਼ਰ ਵਿਚ) ਪਰਮਾਤਮਾ ਦੇ ਸਤਸੰਗੀ ਬਣੇ ਰਹਿੰਦੇ ਹਨ (ਇਸ ਕਰਕੇ ਗੁਰਮੁਖਾਂ ਨੂੰ ਕੋਈ ਦੁੱਖ ਨਹੀਂ ਪੋਹੰਦਾ) **। ੩ ।** (ਮਾਇਆ-ਵੇੜ੍ਹੇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਵਾਲੇ) ਚਿਤ੍ਰ ਗੁਪਤ (ਅਜੇਹੇ) ਸਭ ਜੀਵਾਂ ਦੇ ਕੀਤੇ ਕਰਮਾ ਦਾ ਹਿਸਾਬ ਲਿਖਦੇ ਰਹਿੰਦੇ ਹਨ, ਪਰ ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਬੰਦਿਆਂ ਵਲ ਅੱਖ ਪੁੱਟ ਕੇ ਵੀ ਨਹੀਂ ਤੱਕ ਸਕਦੇ **। ੪ ।** (ਪੰਚਮ ਪਾਤਿਸ਼ਾਹ ਜੀ ਦਾ ਫ਼ੁਰਮਾਨ--ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਉਸ ਦੇ ਹਿਰਦੇ ਵਿਚ ਸਦਾ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਇੱਕ-ਰਸ ਵਾਜੇ ਵੱਜਦੇ ਰਹਿੰਦੇ ਹਨ (ਇਸ ਵਾਸਤੇ ਉਸ ਨੂੰ ਵਿਕਾਰਾਂ ਦੀ ਪ੍ਰੇਰਨਾ ਸੁਣੀ ਹੀ ਨਹੀਂ ਜਾਂਦੀ) । ੫ ।

ਜ਼ਰਾ ਧਿਆਨ ਦਿਉ । ਕਿਰਿਆ ਕਰਮ ਵਾਲੇ ਲੇਖ ਵਿਚ ਅਸੀਂ ਸਮਝ ਆਏ ਹਾਂ ਕਿ ਗਰੁੜ ਪੁਰਾਣ ਅਥਵਾ ਹਿੰਦੂ ਧਰਮ ਦੇ ਕਾਨੂੰਨ ਗ੍ਰੰਥ ਸਿਮ੍ਰਿਤੀਆਂ ਅਨੁਸਾਰ ਵੱਡੇ ਤੋਂ ਵੱਡੇ ਜਪੀ ਤਪੀ ਅਤੇ ਸੱਚੇ ਪ੍ਰਭੂ ਭਗਤ ਦੇ ਮਰਨ ਤੇ ਵੀ ਜੇ ਕਿਰਿਆ ਕਰਮ ਨਾ ਕੀਤਾ ਜਾਵੇ, ਤਾਂ ਉਹ ਵੀ ਸਦ ਗਤੀ ਪ੍ਰਾਪਤ ਨਹੀਂ ਕਰਦਾ । ਭਾਵ, ਚਿਤ੍ਰ ਗੁਪਤ ਦਾ ਵਹੀਖਾਤਾ, ਜਮ ਮਾਰਗ , ਜਮ ਡੰਡ, ਅਤੇ ਵੈਤਰਨੀ ਨਦੀ ਤੋਂ ਕੋਈ ਨਹੀਂ ਬਚ ਸਕਦਾ । ਪਰ ਸਤਿਗੁਰਾਂ ਨੇ ਫ਼ੁਰਮਾਇਆ ਹੈ ਕਿ ਗੁਰਮੁਖਾਂ ਵੱਲ ਚਿਤ੍ਰਗੁਪਤ ਅੱਖ ਪੁੱਟ ਕੇ ਵੀ ਨਹੀਂ ਵੇਖ ਸਕਦਾ । ਗੁਰਮੁਖਾਂ ਲਈ, ਜਮ ਮਾਰਗ ਆਦਿ ਕੋਈ ਨਹੀਂ ਹੈ । ਅਜੇਹੀ ਕੋਈ ਵੀ ਕਥਿਤ ਔਕੜ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ । ਭਾਵ, ਚੰਗੀ ਜੀਵਨ-ਜੁਗਤ ਬਣਾਉਣ ਦਾ ਉਤਸ਼ਾਹ ਦੇਣ ਲਈ ਸਤਿਗੁਰਾਂ ਨੇ, ਬੜੇ ਮਿਠੇ ਢੰਗ ਨਾਲ ਉਸ ਵਿਸ਼ਵਾਸ਼ ਦੀ ਵਰਤੋਂ ਕੀਤੀ ਹੈ ਜਿਹੜਾ ਹਜ਼ਾਰਾਂ ਸਾਲਾਂ ਤੋਂ ਮਨੁੱਖ ਨੇ ਕਬੂਲਿਆ ਹੋਇਆ ਸੀ । ਚਿਤ੍ਰਗੁਪਤ ਦੀ ਹੋਂਦ ਇੱਕ ਭਰਮ ਹੈ । ਕੋਈ ਵੀ ਭਰਮ, ਗੁਰਮੁਖਾਂ ਦੇ ਨੇੜੇ ਕਿਉਂ ਆਵੇ ?

ਸਤਿਗੁਰਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੰਦ ਕਰਮੀਏ ਆਪਣੀ ਜਿੰਦਗੀ ਵਿਚ ਹੀ ਚਿਤ੍ਰਗੁਪਤ ਅਤੇ ਜਮ ਮਾਰਗ ਆਦਿ ਦੇ ਦੁਖਾਂ ਦੇ ਵੱਸ ਪੈ ਚੁੱਕੇ ਹੁੰਦੇ ਹਨ । ਰੱਬ ਤੋਂ ਟੁੱਟੇ ਅਜੇਹੇ ਮੰਦ-ਕਰਮੀਏਂ ਲੋਕ, ਜੀਊਂਦੇ ਹੀ ਆਤਮਕ ਮੌਤੇ ਮਰ ਚੁੱਕੇ ਹੁੰਦੇ ਹਨ । ਮਰਨ ਉਪ੍ਰੰਤ ਉਨ੍ਹਾਂ ਨੇ ਆਪਣੇ ਇਨ੍ਹਾਂ ਕਰਮਾਂ ਦਾ ਕਿਵੇ ਹਿਸਾਬ ਦੇਣਾ ਹੈ ? ਇਸ ਬਾਰੇ ਅਕਾਲਪੁਰਖ ਦੇ ਪੱਕੇ ਅਤੇ ਅਟੱਲ ਨਿਯਮ ਦੀ ਪੂਰੀ ਗੁਰਮਤਿ-ਜਾਣਕਾਰੀ ਅੱਗੇ ਕਰਮਫਲ ਲੇਖ ਵਿਚ ਵਿਸਥਾਰ ਨਾਲ ਲਿਖੀ ਗਈ ਹੈ ।

੧੦੯- **ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥ ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਨ ਪਾਇਆ ॥ ਤਹ ਜਨਮ ਮਰਨ ਮਰਣੁ, ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥ ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥ ਨਾਨਕੁ ਸਿਖ ਦੇਇ, ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥ ੩ ॥**[੭੯]-੧-੨

**ਅਰਥ**:--ਹੇ ਮੇਰੇ ਪਿਆਰੇ ਮਿਤ੍ਰ ਮਨ ! ਪਰਮਾਤਮਾ ਦੇ ਨਾਮ ਦਾ ਸੌਦਾ ਵਿਹਾਜ, ਇਹ ਸੌਦਾ ਨਫ਼ਾ ਦੇਣ ਵਾਲਾ ਹੈ । ਹੇ ਪਿਆਰੇ ਮਿਤ੍ਰ ਮਨ ! ਪਰਮਾਤਮਾ ਦਾ ਦਰਵਾਜ਼ਾ ਮੱਲੀ ਰੱਖ, ਏਹੀ ਦਰਵਾਜ਼ਾ ਅਟੱਲ ਹੈ । ਜੋ ਮਨੁੱਖ ਉਸ ਪ੍ਰਮਾਤਮਾਂ ਦਾ ਦਰ ਮੱਲਦਾ ਹੈ, ਜੋ ਅਦ੍ਰਿਸ਼ਟ ਹੈ ਅਤੇ ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ, ਉਹ ਮਨੁੱਖ ਐਸਾ (ਆਤਮਕ) ਟਿਕਾਣਾ ਪ੍ਰਾਪਤ ਕਰ ਲੈਂਦਾ ਹੈ ਜੋ ਕਦੇ ਡੋਲਦਾ ਨਹੀਂ । ਉਸ ਆਤਮਕ ਟਿਕਾਣੇ ਤੇ ਪਹੁੰਚਿਆਂ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ, ਮਨੁੱਖ ਹਰੇਕ ਕਿਸਮ ਦਾ ਸਹਮ ਅਤੇ ਦੁੱਖ ਮਿਟਾ ਲੈਂਦਾ ਹੈ । (ਉਸ ਆਤਮਕ ਟਿਕਾਣੇ ਤੇ ਪਹੁੰਚਿਆ ਮਨੁੱਖ ਧਰਮਰਾਜ ਦੇ ਥਾਪੇ ਹੋਏ) <u>ਚਿਤ੍ਰ ਗੁਪਤ ਦਾ ਲੇਖਾ ਪਾੜ ਦਿੰਦਾ ਹੈ</u> । ਜਮਦੂਤਾਂ ਦਾ ਕੋਈ ਜ਼ੋਰ ਉਸ ਦੇ ਉਤੇ ਨਹੀਂ ਪੈ ਸਕਦਾ । ਇਸ ਵਾਸਤੇ ਹੇ ਪਿਆਰੇ ਮਨ ! ਨਾਨਕ ਤੈਨੂੰ ਸਿਖਿਆ ਦਿੰਦਾ ਹੈ ਕਿ ਪਰਮਾਤਮਾ ਦੇ ਨਾਮ ਦਾ ਸੌਦਾ ਵਿਹਾਜ, ਇਹੀ ਸੌਦਾ ਨਫ਼ੇ ਵਾਲਾ ਹੈ । ੩ ।

ਜਿਸ ਚਿਤ੍ਰ ਗੁਪਤ ਦੇ ਕਾਗ਼ਜ਼ ਕਦੇ ਕਿਸੇ ਨੇ ਵੇਖੇ ਹੀ ਨਹੀਂ ਉਹ ਪਾੜੇ ਕਿਵੇਂ ਜਾ ਸਕਦੇ ਹਨ ? ਚਿਤ੍ਰ ਗੁਪਤ ਦਾ ਭਰਮ ਪਾਉਣ ਵਾਲੇ ਹਿੰਦੂਅ-ਧਰਮ ਗੰਥਾਂ ਵਿਚ ਤਾਂ ਚਿਤ੍ਰ ਗੁਪਤ ਦੀ ਵਹੀ ਦਾ ਨਾਮ ਵੀ ਲਿਖਿਆ ਹੋਇਆ ਹੈ । ਅਤੇ ਉਸ ਖਾਤੇ ਨੂੰ ਸਦਾ ਲਈ ਅਟੱਲ ਲਿਖਿਆ ਹੈ । ਪਰ ਸਤਿਗੁਰਾਂ ਨੇ ਉਸ ਬਹੀ ਖਾਤੇ ਵਾਲੇ ਕਾਗ਼ਜ਼ ਪਾਟ ਕੇ, ਸਦਾ ਲਈ ਖ਼ਤਮ ਹੋ ਚੁੱਕੇ ਦਰਸਾ ਕੇ ਚਿੱਤ੍ਰ ਗੁਪਤ ਨੂੰ ਦੇਵਤੇ ਮੰਨਣ ਵਾਲਿਆਂ ਦਾ ਭਰਮ ਦੂਰ ਕੀਤਾ ਹੈ । ਨਾਲ ਹੀ ਗੁਰਦੇਵ ਜੀ ਨੇ ਮਨੁੱਖ ਨੂੰ ਆਤਮਕ ਜੀਵਨ ਉਚਾ ਬਣਾਉਣ ਦਾ ਉਤਸ਼ਾਹ ਬਖ਼ਸ਼ਿਆ ਹੈ ।

੧੧੦- **ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ ॥**
**ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥ ੨ ॥**[੬੬੮]-੬

ਪ੍ਰਭੂ ਦੇ ਡਰ ਅਦਬ ਵਿਚ ਰਹਿ ਕੇ ਸੁੱਚਾ ਅਤੇ ਪਰਉਪਕਾਰੀ ਜੀਵਨ ਗੁਜ਼ਾਰਨ ਵਾਲੇ ਗੁਰਮੁਖ ਨੂੰ ਕਿਸੇ ਚਿਰਤ੍ਰ ਗੁਪਤ ਅਤੇ ਧਰਮ ਰਾਜ ਦੇ ਦਫ਼ਤਰ ਦਾ ਕੋਈ ਭੈ ਰਹਿੰਦਾ ਹੀ ਨਹੀਂ । ਇਹ ਕੇਵਲ ਇੱਕ ਭਰਮ ਹੈ ਜੋ ਬ੍ਰਾਹਮਣ ਦੀ ਲੁੱਟ ਨੀਤੀ ਦੀ ਉਪਜ ਹੈ ।

੧੧੧- **ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥** [੨੯੧]-ਅਸਟ-੨੧(੩)

ਜਦੋਂ ਪ੍ਰਮਾਤਮਾਂ ਕੇਵਲ ਆਪ ਹੀ ਆਪ ਸੀ ਉਸ ਵੇਲੇ ਇਹ ਚਿਤ੍ਰ ਗੁਪਤ ਕਿੱਥੇ ਸਨ ਅਤੇ ਕਿਸ ਤੋਂ ਕਰਮਾਂ ਦਾ ਲੇਖਾ ਪੁੱਛਦੇ ਸਨ ? ਜਦ ਦੂਜਾ ਕੋਈ ਹੈ ਹੀ ਨਹੀਂ ਸੀ ਤਾਂ ਲੇਖਾ ਕਿਸ ਦਾ ਲਿਖਿਆ ਜਾਂਦਾ ਸੀ ? ਜਿਸ ਨੇ ਆਪਣੇ " **ਏਕੋ ਕਵਾਉ** " ਦੀ ਸ਼ਕਤੀ ਨਾਲ ਜਿੰਦਗੀ ਦੇ ਬੇਅੰਤ ਪ੍ਰਵਾਹ (-ਦਰੀਆ) ਚਲਾਏ ਹਨ, ਉਹੀ ਉਨ੍ਹਾਂ ਦੇ ਕਰਮਾ ਦਾ ਲੇਖਾ ਰੱਖਦਾ ਹੈ । ਅਥਾਹ ਅਤੇ ਅਪਾਰ ਸ਼ਕਤੀ ਨੂੰ ਚਿਤ੍ਰ-ਗੁਪਤ ਆਦਿ ਜਿਹੇ ਕਿਸੇ ਸਹਾਇਕ ਦੀ ਲੋੜ ਕਿਉਂ ਪਵੇ ?

ਗੁਰਬਾਣੀ ਦੇ ਕਿਸੇ ਸ਼ਬਦ ਦੀ ਪੰਗਤੀ ਦੇ ਅੱਖਰੀ ਅਰਥਾਂ ਤੋਂ ਟਪਲਾ ਖਾ ਕੇ ਚਿਤ੍ਰ ਗੁਪਤ ਦੀ ਹੋਂਦ ਮੰਨ ਬਹਿਣੀ, ਅਥਵਾ ਚਿਤ੍ਰ ਗੁਪਤ ਆਦਿ ਦੇਵੀ ਦੇਵਤੇ ਦੀ ਅੱਡਰੀ ਹੋਂਦ ਸਿੱਧ ਕਰਨ ਲੱਗ ਜਾਣਾ, ਗੁਰੂ ਸਿਧਾਂਤ ਦੀ ਖੰਡਨਾਂ ਹੈ । ਪੰਚਮ ਪਾਤਿਸ਼ਾਹ ਜੀ ਦੇ ਉਪ੍ਰੋਕਤ ਸ਼ਬਦ ਨੰ: ੨ ਨੂੰ ਝੁਠਲਾਉਂਣ ਦਾ ਘੋਰ ਪਾਪ ਹੈ । ਗੁਰਮਤਿ ਸਿਧਾਂਤ ਦੀ ਅਟੱਲਤਾ ਨੂੰ ਰੱਦ ਕਰਨ ਦੀ ਗੁਸਤਾਖ਼ੀ ਨਹੀਂ ਕਰਨੀ ਚਾਹੀਦੀ । ਉਦਾਹਰਣ ਵਜੋਂ ਗੁਰੂ ਸ਼ਬਦ ਹੈ:--

੧੧੨- **ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ ੩ ॥**[੬੧੬]-੧੫-੨੬

ਜ਼ਾਹਰਾ ਤੌਰ ਤੇ ਸਪੱਸ਼ਟ ਮਲੂਮ ਹੋ ਰਿਹਾ ਹੈ ਕਿ ਪਰ ਇਸਤ੍ਰੀ ਗਾਮੀ, ਕਾਂਮੀ ਮਨੁੱਖ ਕੋਲੋਂ ਚਿਤ੍ਰ ਗੁਪਤ ਨੇ ਲੇਖਾ ਮੰਗਣਾ ਹੁੰਦਾ ਹੈ । ਇਸ ਤੋਂ ਚਿਤ੍ਰ ਗੁਪਤ ਦੀ ਸੁਤੰਤ੍ਰ ਹੋਂਦ ਨੂੰ ਮੰਨਣ ਦਾ ਟਪਲਾ ਲੱਗ ਸਕਦਾ ਹੈ । ਪਰ ਗੁਰਮਤਿ ਸਿੱਧਾਂਤ ਨੂੰ ਸਮਝਣ ਵਾਲੇ ਗੁਰਮੁਖਿ ਲਈ ਅਜੇਹਾ ਮੰਨ ਲੈਣਾ ਆਤਮ ਘਾਤ ਕਰ ਲੈਣ ਤੁੱਲ ਹੈ । " ਹਾਏ ! ਕੀ ਮੇਰੇ ਅਨੂਪੰਮ ਸਤਿਗੁਰਾਂ ਨੇ ਵੀ ਬਿੱਪ੍ਰੀ ਗ੍ਰੰਥਾਂ ਦੇ ਲਿਖਾਰੀ ਵਾਂਗ ਆਪਣੀ ਕਹੀ ਗੱਲ ਆਪ ਹੀ ਕੱਟ ਦਿੱਤੀ ? ਫਿਰ ਇਸ ਗੁਰੂ ਫ਼ੁਰਮਾਨ ਦੇ ਅਰਥ ਕੀ ਬਣੇ ? ਜਦ ਕਦੇ ਕਿਸੇ ਤੁਕ ਤੋਂ ਅਜੇਹੀ ਪ੍ਰੇਸ਼ਾਨੀ ਬਣ ਜਾਵੇ ਤਾਂ ਉਸ ਤੁਕ ਦਾ ਪੂਰਾ ਸ਼ਬਦ ਵਿਚਾਰਨਾ ਚਾਹੀਦਾ ਹੈ । ਆਪਣੇ ਆਪ ਮਸਲਾ ਹੱਲ ਨਿਕਲ ਆਉਂਦਾ ਹੈ:--

੧੧੩- **ਸੋਰਠਿ ਮਹਲਾ ੫ ॥ ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥ ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਆਪੁਨੋ ਕਰਿ ਮਾਨੈ ॥ ੧ ॥ ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥ ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥ ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥ ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥ ੨ ॥ ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ ੩ ॥ ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥ ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥ ੪ ॥**[੬੧੬]-੧੫-੨੬

ਕਈ ਵਾਰੀ ਜਿਕਰ ਹੋ ਚੁੱਕਾ ਹੈ ਕਿ ਰਹਾਉ ਦੀ ਤੁਕ, ਸ਼ਬਦ ਦਾ ਅੰਤ੍ਰੀਵ ਭਾਵ ਹੁੰਦਾ ਹੈ । ਇਸ ਸ਼ਬਦ ਦੀ ਰਹਾਉ ਦੀ ਤੁਕ ਦਾ ਅਰਥ ਹੈ:-

**ਹੇ ਮੂਰਖ ਮਨ !** ਮਾਲਕ ਪ੍ਰਭੂ (ਤੇਰੀਆਂ ਸਾਰੀਆਂ ਕਰਤੂਤਾਂ ਨੂੰ (ਹਰ ਵੇਲੇ) ਵੇਖ ਰਿਹਾ ਹੈ । ਤੂੰ ਜੋ ਕੁਝ ਕਰਦਾ ਹੈਂ, (ਮਾਲਕ-ਪ੍ਰਭੂ) ਉਹੀ ਜਾਣ ਲੈਂਦਾ ਹੈ, (ਉਸ ਪਾਸੋਂ ਤੇਰੀ) ਕੋਈ ਵੀ ਕਰਤੂਤ ਲੁਕੀ ਨਹੀਂ ਰਹਿ ਸਕਦੀ । ਰਹਾਉ ।

ਜਿਸ ਪਰਮਾਤਮਾ ਨੇ ਸਰੀਰ ਜਿੰਦ ਬਣਾ ਕੇ ਜੀਵ ਨੂੰ ਪੈਦਾ ਕੀਤਾ ਹੋਇਆ ਹੈ, ਉਸ ਸਭ ਦਾਤਾਂ ਦੇਣ ਵਾਲੇ ਪ੍ਰਭੂ ਨਾਲ ਜੀਵ ਡੂੰਘੀ ਸਾਂਝ ਨਹੀਂ ਪਾਉਂਦਾ । ਮਾਇਆ ਦੇ ਮੋਹ ਦੇ (ਆਤਮਕ) ਹਨੇਰੇ ਵਿਚ ਮਸਤ ਰਹਿ ਕੇ ਆਪਣੀ ਤਾਕਤ ਨੂੰ ਹੀ ਵਡੀ ਸਮਝਦਾ ਹੈ । ੧ । ਮਨੁੱਖ ਜੀਭ ਦੇ ਸੁਆਦਾਂ ਵਿਚ, ਲੋਭ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ (ਜਿਸ ਕਰਕੇ ਇਸ ਦੇ ਅੰਦਰ) ਅਨੇਕਾਂ ਵਿਕਾਰ ਪੈਦਾ ਹੋ ਜਾਂਦੇ ਹਨ, ਮਨੁੱਖ ਹਉਮੈ ਦੀਆਂ ਜ਼ੰਜੀਰਾਂ ਦੇ ਭਾਰ ਹੇਠ ਦਬ ਜਾਂਦਾ ਹੈ, ਬਹੁਤ ਜੂਨਾਂ ਵਿਚ ਭਟਕਦਾ ਫਿਰਦਾ ਹੈ, ਤੇ ਦੁੱਖ ਸਹਾਰਦਾ ਰਹਿੰਦਾ ਹੈ । ੨ ।

ਰਹਾਉ ਦੀ ਤੁਕ ਵਿਚ ਸਮਝਾਇਆ ਹੈ ਕਿ ਮਨੁੱਖ ਦੀਆਂ ਸਾਰੀਆਂ ਕਰਤੂਤਾਂ ਨੂੰ ਵਾਹਿਗੁਰੂ ਆਪ ਨਿਰੰਤਰ ਵੇਖ ਰਿਹਾ ਹੈ । ਇਸ ਤੋਂ ਸ਼ਬਦ ਦਾ ਭਾਵ, ਸਪੱਸ਼ਟ ਹੈ ਕਿ, ਸਾਡੀਆਂ ਮੰਦੀਆਂ ਕਰਤੂਤਾਂ ਦੀ ਸਜ਼ਾ ਵੀ ਪ੍ਰਭੂ ਨੇ ਹੀ ਦੇਣੀ ਹੈ, ਯਥਾ--**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ, ਸਚਾ ਦਰਬਾਰੁ ॥**[੩੪] ਜੀਵ ਦੇ ਕਰਮਾ ਦੀ ਵਿਚਾਰ ਹੋ ਕੇ ਨਿਆਂ, ਸਦਾ-ਥਿਰ-ਪ੍ਰਭੂ ਦੇ ਬੱਝੇ ਨੀਅਮ-ਰੂਪ ਅਟੱਲ ਹੁਕਮ ਅਨੁਸਾਰ

ਹੀ ਹੋਣਾ ਹੈ। ਅੱਗੇ ਤੀਸਰੀ ਤੁਕ ਵਿਚ ਚਿਤ੍ਰ ਗੁਪਤ ਦਾ ਜ਼ਿਕਰ ਕਰਨ ਤੋਂ ਸਤਿਗੁਰਾਂ ਦਾ ਭਾਵ ਇਹ ਨਹੀਂ ਲੈਣਾ ਚਾਹੀਦਾ ਕਿ ਉਨ੍ਹਾਂ ਨੇ ਵਾਹਿਗੁਰੂ ਦੇ ਥਾਂ ਚਿਤ੍ਰ ਗੁਪਤ ਦਾ ਭੈ ਪਾਇਆ ਹੈ। ਏਥੇ ਸਤਿਗੁਰਾਂ ਨੇ ਉਨ੍ਹਾਂ ਸੰਸਕਾਰਾਂ ਦਾ ਜਿਕਰ ਕੀਤਾ ਹੈ ਜਿਹੜੇ ਬ੍ਰਾਹਮਣ ਦੀ ਲੁੱਟ ਨੀਤੀ ਕਾਰਨ, ਮਨੁੱਖ ਦੀ ਆਤਮਾਂ ਹਜ਼ਾਰਾਂ ਸਾਲਾਂ ਤੋਂ ਕਬੂਲਦੀ ਆ ਰਹੀ ਹੈ। ਗੁਰਮਤਿ ਦੇ ਪੱਕੇ ਸਿਧਾਂਤ ਦੇ ਅਧਾਰ ਤੇ ਤੀਸਰੀ ਤੁਕ ਦੇ ਅਰਥ ਕਰਨ ਸਮੇ ਚਿਤ੍ਰ ਗੁਪਤ ਦਾ ਅਰਥ ਵੀ ਪਰਮਾਤਮਾ ਹੀ ਸਮਝਣੇ ਚਾਹੀਦੇ ਹਨ:----

(ਮਾਇਆ ਦੇ ਮੋਹ ਦੇ ਕਾਰਨ, ਵਿਕਾਰਾਂ ਦੀ ਪਕੜ ਵਿਚ ਆਏ, ਹੇ ਮਨੁੱਖ ! ਇਹ ਜੋ ਤੂੰ ) ਦਰਵਾਜ਼ੇ ਬੰਦ ਕਰਕੇ ਅਨੇਕਾਂ ਪਰਦਿਆਂ ਦੇ ਪਿਛੇ ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਹੈਂ, (ਯਾਦ ਰੱਖ ਕਿ ਪ੍ਰਮਾਤਮਾਂ ਤੋਂ ਤੇਰੀ ਕੋਈ ਕਰਤੂਤ ਲੁਕੀ ਨਹੀਂ ਰਹਿ ਸਕਦੀ) ਪ੍ਰਭੂ ਦੇ ਦਰਬਾਰ ਵਿਚ ਤੇਰੀਆਂ ਇਨ੍ਹਾਂ ਕਰਤੂਤਾਂ ਤੇ ਕਿਸੇ ਹਾਲਤ ਵਿਚ ਵੀ ਪਰਦਾ ਨਹੀਂ ਪੈਣਾ । ੩ ।

ਤੀਸਰੀ ਤੁਕ ਵਿਚ ਪ੍ਰਭੂ ਦੇ ਥਾਂ ਚਿਤ੍ਰ ਗੁਪਤ ਦਾ ਨਾਮ, ਅਕਾਲ-ਪੁਰਖ ਪ੍ਰਥਾਇ ਹੀ ਹੈ। ਦੂਜਾ ਹੋਰ ਇਸ ਕਰਕੇ ਨਹੀਂ ਹੋ ਸਕਦਾ, ਕਿਉਂਕਿ ਅਗਲੀ ਤੁਕ ਵਿਚ ਫਿਰ ਸਰਬ-ਵਿਆਪਕ ਵਾਹਿਗੁਰੂ ਜੀ ਦਾ ਹੀ ਜ਼ਿਕਰ ਹੈ ਜਿਸ ਤੋਂ ਵੀ ਚਿਤ੍ਰ-ਗੁਪਤ ਦੇ ਉਪ੍ਰੋਕਤ (**ਸਚਾ ਆਪਿ ਸਚਾ ਦਰਬਾਰ**) ਅਰਥ " ਅਕਾਲਪੁਰਖ " ਹੀ ਬਣਦੇ ਹਨ:--

(ਪੰਚਮ ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ) ਹੇ ਦੀਨਾਂ ਉਤੇ ਦਇਆ ਕਰਨ ਵਾਲੇ ! ਹੇ ਸਰਬ-ਵਿਆਪਕ ! ਹੇ ਦੁਖਾਂ ਦੇ ਨਾਸ ਕਰਨ ਵਾਲੇ ! ਤੈਥੋਂ ਬਿਨਾ ਹੋਰ ਕੋਈ ਆਸਰਾ ਨਹੀਂ ਹੈ । ਹੇ ਪ੍ਰਭੂ ! ਮੈਂ ਤੇਰੀ ਸਰਨ ਆਇਆ ਹਾਂ । ਸੰਸਾਰ-ਸਮੁੰਦਰ ਵਿਚ ( ਡੁੱਬਦੇ ਨੂੰ ਮੈਨੂੰ ਬਾਂਹ ਫੜ ਕੇ) ਕੱਢ ਲੈ । ੪ ।

ਅਤੇ ਸਤਿਗੁਰਾਂ ਦਾ ਫ਼ੁਰਮਾਨ ਜੋ ਅਸੀਂ ਜਪ ਸਾਹਿਬ ਵਿਚ ਰੋਜ਼ ਪੜ੍ਹਦੇ ਹਾਂ-- **ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥** ਕੀ, ਚਿਤ੍ਰਗੁਪਤ ਆਦਿ ਕਿਸੇ ਵੀ ਅਸਮਾਨੀ ਲਿਖਾਰੀ ਦੀ ਕੋਈ ਗੁੰਜਾਇਸ਼ ਰਹਿਣ ਦਿੰਦਾ ਹੈ ? ਆਉ ਰਲ ਕੇ ਗਾਵੀਏ:--

੧੧੪- **ਤੂੰ ਕਰਤਾ ਤੂੰ ਕਰਣਹਾਰੁ ਤੁਹੈ ਏਕੁ ਅਨੇਕ ਜੀਉ ॥ ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥ ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥ ੮ ॥**[੭੬੧]-੧-੩

**ਖ਼ਸਮ ਪ੍ਰਭੂ ਦੀਆਂ ਇਨ੍ਹਾਂ ਵਡਿਆਈਆਂ ਨੂੰ ਕਿਸੇ ਵੀ ਸਥਿਤ ਵਿਚ ਕਿਸੇ ਸਮੇ ਵੀ ਘਟਦਾ ਅਨੁਭਵ ਕਰਨਾ ਗੁਰਸਿੱਖੀ ਦਾ ਚਲਣ ਨਹੀਂ ਹੈ। ਉਸ ਦੇ ਕਾਰਜ ਉਹ ਆਪ ਹੀ ਕਰਦਾ ਹੈ:--** [ਮਾਝ ਮਹਲਾ ੫ ॥ ਦੇ ਸ਼ਬਦ ਨੰਬਰ-- ੨੧-੨੮-ਪੰਨਾ-੧੦੩ ]-

੧੧੫- **ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥ ਆਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥ ਤੂ ਠਾਕੁਰੁ ਸੇਵਕੁ ਫੁਨਿ ਆਪੇ ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥ ੪ ॥**

੧੧

# ਕਰਮ-ਲੇਖ

ਅਜੀਬ ਖੇਡ ਹੈ ਕਿ, ਪ੍ਰਭੂ ਜੀਵ ਨੂੰ ਆਪਣੇ ਹੁਕਮ ਵਿਚ ਆਪ ਹੀ ਚਲਾ ਰਿਹਾ ਹੈ, ਆਪ ਹੀ ਸਾਰੇ ਕਰਮ ਕਰਵਾ ਰਿਹਾ ਹੈ ਪਰ (ਆਪਣੀ ਇਸ ਜਗਤ-ਰਚਨਾ ਖੇਡ ਵਿਚ), ਜੀਵਾਂ ਦੁਆਰਾ ਕਰਵਾਏ ਉਨ੍ਹਾਂ ਹੀ ਕਰਮਾ ਅਨੁਸਾਰ ਹੁਕਮ-ਰੂਪੀ ਕਲਮ ਨਾਲ, ਸੰਸਕਾਰ-ਰੂਪੀ ਲੇਖ ਵੀ ਆਪ ਹੀ ਲਿਖੀ ਜਾ ਰਿਹਾ ਹੈ--**ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ** ॥ [੧੨੪੧] ਜੀਵ ਦੇ ਇਨ੍ਹਾਂ ਲੇਖਾਂ ਨੂੰ ਲਿਖਣ ਲਈ ਨਾ ਕਿਸੇ ਵਹੀ-ਖਾਤੇ ਦੀ ਲੋੜ ਹੈ, ਨਾ ਸਿਆਹੀ ਦੀ ਲੋੜ ਹੈ ਅਤੇ ਨਾ ਕਿਸੇ ਕਲਮ ਦੀ ਹੀ ਲੋੜ ਹੈ--**ਹੁਕਮੀ ਲਿਖੇ ਸਿਰਿ ਲੇਖੁ, ਵਿਣੁ ਕਲਮ ਮਸਵਾਣੀਐ** ॥ [੧੨੯੦] ਰੱਬੀ ਹੁਕਮ ਦੀ ਇਸ ਕਾਰ ਬਾਰੇ ਸਤਿਗੁਰਾਂ ਨੇ ਜਪੁਜੀ ਸਾਹਿਬ ਵਿਚ ਹੀ ਚਿਤਾਵਣੀ ਦੇ ਦਿੱਤੀ ਸੀ:-

੧੧੬- **ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ, ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥**(ਜਪੁ)

**ਅਰਥ:**--ਹੇ ਨਾਨਕ ! ਪੁੰਨ-ਕਰਮ ਅਤੇ ਪਾਪ-ਕਰਮ ਨਿਰੇ ਕਹਿਣ ਮਾਤਰ ਹੀ ਨਹੀਂ ਹਨ ਸੱਚ ਮੁੱਚ ਹੀ, ਤੂੰ ਜਿਹੋ ਜਿਹੇ ਕਰਮ ਕਰੇਂਗਾ ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉੱਕਰ ਕੇ ਨਾਲ ਲੈ ਜਾਇੰਗਾ। ਜੋ ਕੁਝ ਤੂੰ ਆਪ ਬੀਜਣਾ ਹੈ ਉਸੇ ਦਾ ਫਲ ਹੀ ਖਾਵੇਂਗਾ। (ਆਪਣੇ ਬੀਜੇ ਅਨੁਸਾਰ) ਅਕਾਲਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਵਿਚ ਪਿਆ ਰਹੇਂਗਾ।

ਆਸਾ ਰਾਗ ਦੀ ਵਾਰ ਦੀ ਸਤਵੀ ਪਉੜੀ ਦੇ ਪਹਿਲੇ ਸਲੋਕ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ, ਹਉਮੈ ਰੋਗ ਦੇ ਅੱਡ ਅੱਡ ਰੂਪ ਸਮਝਾਉਂਦੇ ਹਨ। ਸਲੋਕ ਦੀ ਅੰਤਲੀ ਪੰਗਤੀ ਵਿਚ ਕਰਮ ਲੇਖ ਦਾ ਰੱਬੀ ਸਿਧਾਂਤ ਸਮਝਾਉਂਦੇ ਹੋਏ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ---

੧੧੭- **ਨਾਨਕ ਹੁਕਮੀ ਲਿਖੀਐ ਲੇਖ ॥ ਜੇਹਾ ਵੇਖਹਿ ਤੇਹਾ ਵੇਖੁ ॥ ੧ ॥**[੪੬੬]

**ਅਰਥ:**--ਗੁਰਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜੀਵ ਜਿਵੇਂ ਜਿਵੇਂ ਵੇਖਦੇ ਹਨ, ਤਿਹੋ ਜਿਹਾ ਉਨ੍ਹਾਂ ਦਾ ਸਰੂਪ ਬਣ ਜਾਂਦਾ ਹੈ (ਭਾਵ, ਜਿਸ ਜਿਸ ਨੀਯਤ ਨਾਲ ਦੂਜੇ ਮਨੁੱਖਾਂ ਨਾਲ ਵਰਤਦੇ ਹਨ, ਉਸੇ ਤਰ੍ਹਾਂ ਦੇ ਅੰਦਰ ਸੰਸਕਾਰ ਇਕੱਠੇ ਹੋ ਕੇ ਉਹੋ ਜਿਹਾ ਉਨ੍ਹਾਂ ਦਾ ਆਪਣਾ ਵੱਖਰਾ ਮਾਨਸਕ ਸਰੂਪ ਬਣ ਜਾਂਦਾ ਹੈ, ਉਹੋ ਜਿਹੀ ਉਨ੍ਹਾਂ ਦੀ ਅੱਡਰੀ ਹਸਤੀ ਬਣ ਜਾਂਦੀ ਹੈ, ਉਹੋ ਜਿਹੀ ਉਨ੍ਹਾਂ ਦੀ " ਹਉ " ਬਣ ਜਾਂਦੀ ਹੈ, ਪਰ) ਇਹ ਲੇਖ ਵੀ ਰੱਬ ਦੇ ਹੁਕਮ ਵਿਚ ਹੀ ਲਿਖਿਆ ਜਾਂਦਾ ਹੈ, ( ਭਾਵ, ਹਰੇਕ ਜੀਵ ਦੀ ਇਹ ਵਖੋ ਵੱਖਰੀ ਹਸਤੀ ਰੱਬ ਦੇ ਹੁਕਮ ਅਨੁਸਾਰ ਹੀ ਬਣਦੀ ਹੈ) ।

ਏਸੇ ਕਰਮ ਲੇਖ ਨੂੰ ਸਮਝਾਉਂਣ ਲਈ ਗੁਰਦੇਵ ਜੀ ਦੇ ਕਈ ਗੁਰਬਾਣੀ ਸ਼ਬਦ ਹਨ । ਕਰਮ-ਲੇਖ ਲਿਖੇ ਜਾਣ ਵਾਲੇ ਏਸੇ ਰੱਬੀ ਹੁਕਮ ਨੂੰ ਸਤਿਗੁਰਾਂ ਨੇ ਇਉਂ ਵੀ ਸਮਝਾਇਆ ਹੈ:---

੧੧੮- **ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥**
**ਦਰਗਹਿ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥ ੧ ॥**[੬੬੨]-੫-੭

**ਅਰਥ:**--ਇਹ ਮਨੁੱਖਾ ਸਰੀਰ (ਮਾਨੋ) ਇੱਕ ਕਾਗ਼ਜ਼ ਹੈ ਅਤੇ ਮਨੁੱਖ ਦਾ ਮਨ (ਲਿਖਿਆ ਹੋਇਆ) ਦਰਗਾਹ ਦਾ ਪਰਵਾਨਾ ਹੈ । ਪਰ ਮਨੁੱਖ ਆਪਣੇ ਮੱਥੇ ਦੇ ਇਹ ਲੇਖ ਨਹੀਂ ਪੜ੍ਹਦਾ (ਭਾਵ, ਇਹ ਸਮਝਣ ਦਾ ਜਤਨ ਨਹੀਂ ਕਰਦਾ ਕਿ ਉਸ ਦੇ ਪਿਛਲੇ ਕੀਤੇ ਅਨੁਸਾਰ ਕਿਹੋ ਜਿਹੇ ਸੰਸਕਾਰ-ਲੇਖ ਉਸ ਦੇ ਮਨ ਵਿਚ ਟਿਕੇ ਹੋਏ ਹਨ ਜੋ ਉਸ ਨੂੰ ਹੁਣ ਪ੍ਰੇਰਨਾ ਕਰ ਰਹੇ ਹਨ)। ਮਾਇਆ ਤੇ ਤਿੰਨਾ ਗੁਣਾ ਦੇ ਅਸਰ ਹੇਠ ਰਹਿ ਕੇ ਕੀਤੇ ਹੋਏ ਕੰਮਾਂ ਦੇ ਸੰਸਕਾਰ ਰੱਬੀ ਨਿਯਮ ਅਨੁਸਾਰ ਹਰੇਕ ਮਨੁੱਖ ਦੇ ਮਨ ਵਿਚ ਉੱਕਰੇ ਜਾਂਦੇ ਹਨ । ਪਰ ਹੇ ਭਾਈ ! ਵੇਖ (ਜਿਵੇਂ ਕੋਈ ਖੋਟਾ ਸਿੱਕਾ ਕੰਮ ਨਹੀਂ ਆਉਂਦਾ, ਤਿਵੇਂ ਖੋਟੇ ਕੀਤੇ ਕੰਮਾਂ ਦਾ) ਖੋਟਾ ਸੰਸਕਾਰ-ਲੇਖ ਵੀ ਕੰਮ ਨਹੀਂ ਆਉਂਦਾ । ੧ । ।

ਹਜ਼ਾਰਾਂ ਸਾਲਾਂ ਦੇ ਪ੍ਰੋਹਿਤਵਾਦੀ ਪਰਚਾਰ ਦਾ ਸਦਕਾ ਮਨੁੱਖ ਨੂੰ ਪੱਕਾ ਯਕੀਨ ਬਣ ਚੁੱਕ ਹੈ ਕਿ ਦੁਖ, ਸੁਖ, ਅਮੀਰੀ, ਗ਼ਰੀਬੀ, ਨੇਕੀ, ਬਦੀ ਸਾਰਾ ਕੁਝ ਧੁਰੋਂ ਹੀ ਲਿਖੇ ਲੇਖਾਂ ਦਾ ਫਲ ਮਿਲ ਰਿਹਾ ਹੁੰਦਾ ਹੈ। ਅਜੇਹੇ ਚੰਗੇ ਜਾਂ ਮਾੜੇ ਲੇਖ ਕਿਸੇ ਵੀ ਵਿਧੀ ਨਾਲ ਬਦਲੇ ਨਹੀਂ ਜਾ ਸਕਦੇ। ਜਿਸ ਦਾ ਹੀ ਸਿੱਟਾ ਹੈ ਕਿ ਮਨੁੱਖ ਆਪਣੀ ਜੀਵਨ ਜੁਗਤ ਵਿਚ ਸੁਧਾਰ ਕਰ ਸਕਣ ਦੀ ਗੱਲ ਨੂੰ ਅਸੰਭਵ ਮਨ ਬੈਠਾ। ਮਨੁੱਖਤਾ ਦੇ ਸੱਚੇ ਹਮਦਰਦ ਸਤਿਗੁਰੂ ਜੀ ਨੇ, ਮਨੁੱਖ ਨੂੰ ਹਰ ਪੱਖੋਂ ਪੂਰਾ ਕਰਕੇ ਸੱਚਾ ਸੰਤ ਅਤੇ ਅਦੁਤੀ ਸੂਰਮਾ ਬਨਾਉਣ ਸੀ। ਚੜ੍ਹਦੀ ਕਲਾ ਵਾਲੀ ਜੀਵਨੀ ਕਿਸੇ ਪੱਖੋਂ ਵੀ ਕਮਜ਼ੋਰ ਕਿਉਂ ਰਹਿ ਜਾਵੇ ? ਕਰਮਾਂ ਦੀ ਮਾਰ ਖਾਈ ਜਾਣ ਦੀ ਬੇ-ਵਸਤਾ ਵਾਲੀ ਹਾਲਤ ਤੋਂ ਮਨੁੱਖ ਨੂੰ ਸਤੰਤਰ ਕਰ ਦੇਣਾ ਚਾਹਿਆ। ਸਤਿਗੁਰਾਂ ਨੇ ਪਹਿਲਾਂ ਜਪੁ ਸਾਹਿਬ ਦੀ ੨੦ਵੀ ਪਉੜੀ ਵਿਚ ਕਰਮ ਲੇਖ ਦੀ ਮੈਲ ਨੂੰ ਹੱਥਾਂ ਪੈਰਾਂ, ਸਰੀਰ ਅਥਵਾ ਕੱਪੜੇ ਦੀ ਮੈਲ ਵਾਂਗ ਸਾਫ਼ ਕਰ ਸਕਣ ਦੀ ਕਿਰਿਆ ਤੁੱਲ ਦਰਸਾ ਕੇ ਆਪਣੀ ਸੋਚਣੀ ਨੂੰ ਸਵੱਛ ਬਣਾ ਸਕਣ ਦੀ ਜਾਚ ਸਿਖਾਈ--**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥** ਹੁਣ ਦਾਤਾਰ ਜੀ ਮਨੁੱਖ ਨੂੰ ਆਪਣੇ ਕਰਮਾ ਦਾ ਲਿਖਾਰੀ ਵੀ ਆਪ ਹੀ ਬਣ ਸਕਣ ਦੀ ਸੋਝੀ ਅਤੇ ਹਿੰਮਤ ਦੀ ਬਖ਼ਸ਼ਸ਼ ਕਰਦੇ ਹੋਏ ਫ਼ੁਰਮਾਨ ਕਰ ਰਹੇ ਹਨ:--

੧੧੯- **ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥ ਲਲਤਾ ਲੇਖਣਿ ਸਚ ਕੀ ਪਿਆਰੇ**
**ਹਰਿ ਗੁਣ ਲਿਖਹੁ ਵੀਚਾਰਿ ॥ ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥ ੮ ॥**[੬੩੬]-੩

**ਅਰਥ:**--ਜੇ ਸਾਡਾ ਸਰੀਰ ਕਾਗ਼ਜ਼ ਬਣ ਜਾਇ, ਜੇ ਮਨ ਸਿਆਹੀ ਦੀ ਦਵਾਤ ਬਣਾ ਲਈਏ, ਜੇ ਸਾਡੀ ਜੀਭ ਪ੍ਰਭੂ ਦੀ ਸਿਫ਼ਤਿ-ਸਾਲਾਹ ਲਿਖਣ ਲਈ ਕਲਮ ਬਣ ਜਾਏ, ਤਾਂ, ਹੇ ਭਾਈ ! (ਸੁਭਾਗਤਾ ਇਸੇ ਗੱਲ ਵਿਚ ਹੈ ਕਿ) ਪਰਮਾਤਮਾ ਦੇ ਗੁਣਾਂ ਨੂੰ ਆਪਣੇ ਸੋਚ-ਮੰਦਰ ਵਿਚ ਲਿਆ ਕੇ (ਆਪਣੇ ਅੰਦਰ) ਉੱਕਰਦੇ ਚੱਲੋ । ਹੇ ਨਾਨਕ ! ਉਹ ਲਿਖਾਰੀ ਭਾਗਾਂ ਵਾਲਾ ਹੈ ਜੋ ਸੱਚੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਟਿਕਾ ਕੇ (ਆਪਣੇ ਅੰਦਰ) ਉੱਕਰ ਲੈਂਦੇ ਹਨ (ਭਾਵ, ਪ੍ਰਭੂ ਪ੍ਰੇਮ ਦੇ ਲੇਖ ਲਿਖ ਲੈਂਦਾ ਹੈ, ਪ੍ਰਭੂ ਨਾਲ ਪ੍ਰੀਤ ਵਾਲੇ ਸੰਸਕਾਰ ਬਣਾ ਲੈਂਦਾ ਹੈ) । ੮ ।

ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਈਏ:--

੧੨੦- **ਜਾਲਿ ਮੋਹੁ, ਘਸਿ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ, ਕਰਿ ਚਿਤੁ ਲੇਖਾਰੀ,**
**ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ, ਲਿਖੁ ਅੰਤੁ ਨ ਪਾਰਾਵਾਰੁ ॥ ੧ ॥ ਬਾਬਾ,**
**ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ, ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥**[੧੬]-੬

**ਅਰਥ:**--(ਹੇ ਭਾਈ ! ਮਾਇਆ ਦਾ) ਮੋਹ ਸਾੜ ਕੇ (ਉਸ ਨੂੰ) ਘਸਾ ਕੇ ਸਿਆਹੀ ਬਣਾ ਤੇ ਆਪਣੀ ਅਕਲ ਨੂੰ ਸੋਹਣਾ ਕਾਗ਼ਜ਼ ਬਣਾ । ਪ੍ਰੇਮ ਨੂੰ ਕਲਮ, ਤੇ ਆਪਣੇ ਮਨ ਨੂੰ ਲਿਖਾਰੀ ਬਣਾ । ਗੁਰੂ ਦੀ ਸਿਖਿਆ ਲੈ ਕੇ (ਪਰਮਾਤਮਾ ਦੇ ਗੁਣਾਂ ਦੀ) ਵਿਚਾਰ ਕਰਨੀ ਲਿਖ । ਪ੍ਰਭੂ ਦਾ ਨਾਮ ਲਿਖ, ਪ੍ਰਭੂ ਦੀ ਸਿਫ਼ਤਿ ਸਾਲਾਹ ਲਿਖ, ਇਹ ਕਿ, ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਪਾਰਲਾ-ਉਰਲਾ ਬੰਨਾ ਨਹੀਂ ਲੱਭ ਸਕਦਾ **। ੧ ।** ਹੇ ਭਾਈ ! ਇਹ ਲੇਖਾ ਲਿਖਣ ਦੀ ਜਾਚ ਸਿੱਖ । ਜਿਸ ਥਾਂ (ਜ਼ਿੰਦਗੀ ਵਿਚ ਕੀਤੇ ਕੰਮਾ ਦਾ ) ਹਿਸਾਬ ਮੰਗਿਆ (ਜਾਣ ਦਾ ਭੈ ਹੈ) ਉਥੇ ਇਹ ਲੇਖਾ ਸੱਚੀ ਰਾਹਦਾਰੀ ਬਣਦਾ ਹੈ । ੧ । ਰਹਾਉ ।

ਸਦਾ ਨਾਲ ਨਿਭਣ ਵਾਲੇ ਬਣ ਰਹੇ ਮਨੁੱਖ ਦੇ ਆਚਰਣ ਦਾ ਗਿਆਨ ਸਮਝਾਉਂਣ ਲਈ ਸਤਿਗੁਰੂ ਨਾਨਕ ਜੀ ਦਾ ਫ਼ੁਰਮਾਨ:--

੧੨੧- **ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ**
**ਤਉ ਗੁਣ ਨਾਹੀ ਅੰਤੁ ਹਰੇ ॥ ੧ ॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ**
**ਗਲਿਆ ॥ ੧ ॥ ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ**
**ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ**
**ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥ ੩ ॥ ਭਇਆ ਮਨੂਰੁ**
**ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥**[੯੯੦]-੩

**ਅਰਥ:**--ਹੇ ਕਮਲੇ ਮਨ ! ਤੂੰ ਪਰਮਾਤਮਾ ਨੂੰ ਕਿਉਂ ਯਾਦ ਨਹੀਂ ਕਰਦਾ ? ਜਿਉਂ ਜਿਉਂ ਤੂੰ ਪਰਮਾਤਮਾ ਨੂੰ ਵਿਸਾਰ ਰਿਹਾ ਹੈਂ ਤਿਉਂ ਤਿਉਂ ਤੇਰੇ (ਅੰਦਰੋਂ) ਗੁਣ ਘਟਦੇ ਜਾ ਰਹੇ ਹਨ । ੧ । ਰਹਾਉ ।

ਹੇ ਹਰੀ ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ (ਤੂੰ ਅਚਰਜ ਖੇਡ ਰਚੀ ਹੈ ਕਿ ਤੇਰੀ ਕੁਦਰਤਿ ਵਿਚ ਜੀਵਾਂ ਦਾ) ਆਚਰਨ, ਮਾਨੋ ਕਾਗ਼ਜ਼ ਹੈ, ਮਨ ਦਵਾਤ (-ਮਸਵਾਣੀ) ਹੈ (ਉਸ ਬਣ ਰਹੇ ਆਚਰਣ-ਕਾਗ਼ਜ਼ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ) ਚੰਗੇ ਮੰਦੇ (ਨਵੇਂ) ਲੇਖ ਲਿਖੇ ਜਾ ਰਹੇ ਹਨ (ਭਾਵ, ਮਨ ਵਿਚ ਹੁਣ ਤਕ ਦੇ ਇਕੱਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਨਵੇਂ ਚੰਗੇ ਮੰਦੇ ਕੰਮ ਕਰਦੇ ਹਨ, ਉਹ ਕੰਮ ਆਚਰਣ-ਰੂਪ ਕਾਗ਼ਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉੱਕਰਦੇ ਹਨ) । ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ-ਰੂਪ ਸਭਾਵ ਜਿਉਂ ਜਿਉਂ ਜੀਵਾਂ ਨੂੰ ਪ੍ਰੇਰਦਾ ਹੈ ਤਿਵੇਂ ਹੀ ਉਹ ਜੀਵਨ ਰਾਹ ਤੇ ਤੁਰ ਸਕਦੇ ਹਨ **। ੧ ।** (ਹੇ ਮਨ-ਪੰਛੀ ! ਪਰਮਾਤਮਾ ਨੂੰ ਵਿਸਾਰਨ ਨਾਲ ਤੇਰੀ ਜਿੰਦਗੀ ਦਾ ਹਰੇਕ) ਦਿਨ ਤੇ ਹਰੇਕ ਰਾਤ (ਤੈਨੂੰ ਮਾਇਆ ਵਿਚ ਫਸਾਉਣ ਲਈ) ਜਾਲ ਦਾ ਕੰਮ ਦੇ ਰਿਹਾ ਹੈ, ਤੇਰੀ ਉਮਰ ਦੀਆਂ ਜਿੰਨੀਆਂ ਵੀ ਘੜੀਆਂ ਹਨ ਉਹ ਸਾਰੀਆਂ ਹੀ (ਤੈਨੂੰ ਫਸਾਉਣ ਲਈ) ਫਾਹੀ ਬਣਦੀਆਂ ਜਾ ਰਹੀਆਂ ਹਨ । ਤੂੰ ਬੜੇ ਸੁਆਦ ਲੈ ਲੈ ਕੇ ਵਿਕਾਰਾਂ ਦੀ ਚੋਗ ਚੁਗ ਰਿਹਾ ਹੈਂ, ਹੇ ਮੂਰਖ ਮਨ !

ਇਨ੍ਹਾਂ ਵਿਚੋਂ ਕਿਹੜੇ ਗੁਣਾਂ ਦੀ ਮਦਦ ਨਾਲ ਖ਼ਲਾਸੀ ਪਾਵੇਂਗਾ ? **। ੨ ।** ਮਨੁੱਖ ਦਾ ਸਰੀਰ, ਮਾਨੋਂ (ਲੋਹਾਰ ਦੀ) ਭੱਠੀ (-ਆਰਣੁ) ਹੈ, ਉਸ ਭੱਠੀ ਵਿਚ ਮਨ, ਮਾਨੋ, ਲੋਹਾ ਹੈ ਤੇ ਉਸ ਉਤੇ ਕਾਮਾਦਿਕ ਪੰਜ ਅੱਗਾਂ ਬਲ ਰਹੀਆਂ ਹਨ, (ਕਾਮਾਦਿਕ ਦੀ ਤਪਸ਼ ਨੂੰ ਤੇਜ਼ ਕਰਨ ਲਈ) ਉਸ ਉਤੇ ਪਾਪਾਂ ਦੇ (ਭਖਦੇ) ਕੋਲੇ ਪਏ ਹੋਏ ਹਨ, ਮਨ (ਇਸ ਅੱਗ ਵਿਚ) ਸੜ ਰਿਹਾ ਹੈ, ਚਿੰਤਾ ਦੀ ਸੰਨ੍ਹੀ ਹੈ (ਜੋ ਇਸ ਨੂੰ ਚੋਭਾਂ ਦੇ ਦੇ ਕੇ ਹਰ ਪਾਸੇ ਵਲੋਂ ਸਾੜਨ ਵਿਚ ਮਦਦ ਦੇ ਰਹੀ ਹੈ) **। ੩ ।** ਪਰ ਹੇ ਨਾਨਕ ! ਜੇ ਸਮਰੱਥ ਗੁਰੂ ਮਿਲ ਪਏ ਤਾਂ ਉਹ ਸੜ ਕੇ ਨਿਕੰਮਾ ਲੋਹਾ ਹੋ ਚੁੱਕੇ ਮਨ ਨੂੰ ਵੀ ਸੋਨਾ ਬਣਾ ਦਿੰਦਾ ਹੈ । ਉਹ ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਨਾਮ ਦਿੰਦਾ ਹੈ ਜਿਸ ਦੀ ਬਰਕਤਿ ਨਾਲ ਸਰੀਰ ਟਿਕ ਜਾਂਦਾ ਹੈ (ਭਾਵ, ਇੰਦ੍ਰੇ ਵਿਕਾਰਾਂ ਵਲੋਂ ਹਟ ਜਾਂਦੇ ਹਨ) । ੪ ।

ਸਭ ਕੁਝ ਦੀ ਸੋਝੀ ਅਤੇ ਸਮਰਥਾ ਸਾਡੇ ਵਿਚ ਤਦ ਹੀ ਆਉਣੀ ਹੈ ਜੇ ਸਾਡੀ ਸੁਰਤਿ, ਮਤਿ, ਮਨ, ਬੁਧਿ, ਅਤੇ ਸੁੱਚੇ ਹਿਰਦੇ ਦੀ ਜ਼ਬਾਨ ਵਿਚੋਂ ਇਹ ਬਚਨ ਆਪਣੇ ਆਪ ਨਿਲਕਣੇ ਅਰੰਭ ਹੋ ਜਾਣ--ਹੇ ਸੱਚੇ ਪਿਤਾ ਵਾਹਿਗੁਰੂ ਜੀਓ ! ਗੁਰੁ (ਗ੍ਰੰਥ ਸਾਹਿਬ ਜੀ) ਨਾਲ ਸਾਡਾ ਮਿਲਾਪ ਕਰਾ ਦੇਣ ਵਾਲਾ ਵੀ ਤੂੰ, ਪੱਟੀ ਵੀ ਤੂੰ, ਲਿਖਣ ਵਾਲਾ ਵੀ, ਹੇ ਪ੍ਰਭੂ ! ਹੇ ਸਿਰਜਣ ਹਾਰ ! ਸਭ ਕੁਝ ਤੂੰ ਹੀ ਤੂੰ ਹੈ--**ਆਪੇ ਪਟੀ ਕਲਮ ਆਪਿ, ਉਪਰਿ ਲੇਖ ਭਿ ਤੂੰ ॥ ਇਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ੨ ॥**[੧੨੯੧]-ਵਾਰ-੨੮

ਅਕਾਲਪੁਰਖ ਦੀ ਰਜ਼ਾ ਅਨੁਸਾਰ, ਭਾਵ, ਉਸ ਦੇ ਉਸ ਪੱਕੇ ਨਿਯਮ ਅਨਸਾਰ ਜੋ ਅਸਾਂ ਉੱਪਰ ਸਮਝਿਆ ਹੈ--ਆਪਣੇ ਕਰਮਾ ਦੇ ਸੰਸਕਾਰਾਂ ਦਾ ਲੇਖ ਸਾਰੇ ਜੀਵਾਂ ਦੇ ਮੱਥੇ ਤੇ ਲਿਖਆ ਹੋਇਆ ਹੈ । ਇਸ ਕੁਦਰਤਿ ਨੂੰ ਰਚ ਕੇ ਇਸ ਦੀ ਸੰਭਾਲ ਵੀ ਉਹੀ ਕਰ ਰਿਹਾ ਹੈ, ਜਿਹੜਾ ਪ੍ਰਭੂ, ਆਪ ਇਸ ਕਰਮ ਲੇਖ ਤੋਂ ਸੁਤੰਤਰ ਹੈ :---

੧੨੨- **ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥**
**ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥ ੧ ॥** [੫੯੮]-੧੧

## ੧੨

# ਪੂਰਬ ਜਨਮ ਦੇ ਕਰਮ

ਗੁਰਬਾਣੀ ਅਨੁਸਾਰ ਪਿਛਲੇ ਜਨਮਾ ਦੇ ਚੰਗੇ ਕਰਮਾ ਕਰਕੇ ਮਨੁੱਖਾ ਜਨਮ ਮਿਲਿਆ ਹੈ ਅਤੇ ਪ੍ਰਭੂ ਦੀ ਬਖ਼ਸ਼ਸ਼ ਦੁਆਰਾ ਇਸ ਨੂੰ ਜਨਮ ਮਰਨ ਤੋਂ ਮੁਕਤੀ ਦਾ ਰਾਹ ਖੁਲ੍ਹਦਾ ਹੈ ।--**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ੪ ॥ [ਜਪੁ]** । ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਬਾਰੇ ਹੋਰ ਗੁਰੂ ਫ਼ੁਰਮਾਨ:--

੧੨੩ **ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥ ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥ ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥ ਜਿਨੀ ਗੁਰਮੁਖਿ ਨੰਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥ ਦੁਖੁ ਲਾਗਾ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥ ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥ ਨਾਨਕ ਗੁਰਮੁਖਾ ਨੂੰ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥ ੧ ॥**[੬੪੩]-ਵਾਰ-੩

**ਅਰਥ**:--(ਪਿਛਲੇ ਕੀਤੇ ਕਰਮਾਂ ਅਨੁਸਾਰ) ਮੁੱਢ ਤੋਂ ਜੋ (ਸੰਸਕਾਰ-ਰੂਪ ਲੇਖ) ਲਿਖਿਆ (ਭਾਵ, ਉੱਕਰਿਆ) ਹੋਇਆ ਹੈ, (ਉਸ ਲੇਖ ਅਨੁਸਾਰ ਹੀ) ਮੋਹ ਦੀ ਠਗ-ਬੂਟੀ (ਜਿਸ ਮਨੁੱਖ ਨੂੰ ) ਮਿਲ ਗਈ ਹੈ ਉਸ ਨੂੰ ਗੁਣਾਂ ਦਾ ਖ਼ਜ਼ਾਨਾ ਹਰੀ ਵਿੱਸਰ ਗਿਆ ਹੈ । **(ਭਾਵ, ਅਰੰਭ ਤੋਂ ਜਿਹੜਾ ਮਨੁੱਖ ਗੁਰਮਤਿ ਤਿਆਗ ਕੇ ਆਪ ਹੁਦਰਾ ਬਣ ਜਾਂਦਾ ਹੈ ਉਹ ਅਪਣੇ ਸੰਸਕਾਰ ਅਜੇਹੇ ਬਣਾ ਲੈਂਦਾ ਹੈ ਕਿ--)** (ਅਜੇਹੇ ਮਨੁਮੁੱਖਾਂ ਦੇ ਸਮੂਹ ਰੂਪ) ਸੰਸਰ ਨੂੰ ਜੀਉਂਦਾ ਨਾ ਸਮਝੋ ਜੋ ਮਾਇਆ ਦੇ ਮੋਹ ਵਿਚ ਮੁਇਆ ਪਿਆ ਹੈ, ਜਿਨ੍ਹਾਂ ਨੇ ਸਤਿਗੁਰੂ ਦੇ ਸਨਮੁਖ ਹੋ ਕੇ ਨਾਮ ਨਹੀਂ ਸਿਮਰਿਆ ਉਨ੍ਹਾਂ ਨੂੰ ਪ੍ਰਭੂ ਦੀ ਨੇੜਤਾ ਪ੍ਰਾਪਤ ਨਹੀਂ ਹੁੰਦੀ। ਅਜੇਹੇ ਮਨਮੁੱਖ ਬਹੁਤ ਦੁਖੀ ਹੁੰਦੇ ਹਨ (ਕਿਉਂਕਿ ਜਿਨ੍ਹਾਂ ਦੀ ਖ਼ਾਤਰ ਮਾਇਆ ਦੇ ਮੋਹ ਵਿਚ ਪਏ ਸਨ, ਉਹ) ਪੁਤ੍ਰ ਇਸਤ੍ਰੀ ਤਾਂ ਕੋਈ ਵੀ ਨਾਲ ਨਹੀਂ ਜਾਏਗਾ, ਸੰਸਾਰ ਦੇ ਲੋਕਾਂ ਵਿਚ ਵੀ ਉਨ੍ਹਾਂ ਦਾ ਮੂੰਹ ਕਾਲਾ ਹੋਇਆ, (ਭਾਵ, ਸ਼ਰਮਿੰਦੇ ਹੋਏ) ਤੇ ਹਾਹੁਕੇ ਲੈਂਦੇ ਹਨ, ਮਨਮੁਖਾਂ ਦਾ ਕੋਈ ਵਿਸਾਹ ਨਹੀਂ ਕਰਦਾ, ਉਨ੍ਹਾਂ ਦਾ ਇਤਬਾਰ ਮੁੱਕ ਜਾਂਦਾ ਹੈ। **ਪਰ:--**
**ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਬਣਾ ਰਹੇ ਭਾਵ,---ਗੁਰਮੁਖਾਂ ਨੂੰ ਬਹੁਤ ਸੁੱਖ ਹੁੰਦਾ ਹੈ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ । ੧ ।**

ਯਾਦ ਰੱਖੀਏ ਕਿ, ਪ੍ਰਭੂ ਦੇ ਗੁਣ ਗਾਉਣ ਦੀ ਲਗਨ ਲੱਗਣੀ ਵੀ ਪੂਰਬਲੇ ਕਰਮਾਂ ਦਾ ਫਲ ਹੁੰਦਾ ਹੈ:--

੧੨੪- **ਪਤਿਤ ਪਾਵਨ ਪ੍ਰਭ ਤੇਰੋ ਨਾਉ ॥ ਪੂਰਬਿ ਕਰਮ ਲਿਖੇ ਗੁਣ ਗਾਉ ॥ ੧ ॥ ਰਹਾਉ ॥** [ ੧੧੩੮]-੧੨

ਪਰ ਇਹ ਨਹੀਂ ਸਮਝਣਾ ਕਿ ਬਿਨਾ ਪਿਛਲੇ ਕਰਮਾ ਦੀ ਕਮਾਈ ਦੇ ਪ੍ਰਭੂ ਦਾ ਨਾਮ ਇਸ ਜਨਮ ਵਿਚ ਲਿਆ ਹੀ ਨਹੀਂ ਜਾ ਸਕਦਾ । ਮਨੁੱਖਾ ਜਨਮ ਮਿਲਣਾ ਚੰਗੇ ਭਾਗਾਂ ਦੀ ਨਿਸ਼ਾਨੀ ਹੈ । ਗੁਰਬਾਣੀ ਦਾ ਫ਼ੁਰਮਾਨ ਹੈ ਕਿ ਇਸ ਜਨਮ ਵਿਚ ਹੀ ਵਿਗੜੀ ਬਣਾ ਲੈ:--

੧੨੫- **ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥ ੧ ॥**[੪੮੧]-੧-੨੩

**ਅਰਥ**:--ਹੇ ਬੰਦੇ ! ਕਿਉਂ ਲੋਭ ਵਿਚ ਫ਼ਸ ਰਿਹਾ ਹੈਂ ਤੇ ਹੀਰਾ-ਜਨਮ ਗੁਆ ਰਿਹਾ ਹੈਂ ? ਪਿਛਲੇ ਜਨਮ ਵਿਚ (ਕੀਤੇ) ਕਰਮਾਂ-ਅਨੁਸਾਰ (ਮਿਲੇ ਇਸ ਮਨੁੱਖਾ-) ਸਰੀਰ ਵਿਚ ਕਿਉਂ ਤੂੰ ਪ੍ਰਭੂ ਦਾ ਨਾਮ ਰੂਪੀ ਬੀਜ ਨਹੀਂ ਬੀਜਦਾ ? । ੧ । ਰਾਹਉ ।

ਬਚਪਨ ਤੋਂ ਹੀ ਗ੍ਰੰਥੀਆਂ, ਰਾਗੀਆਂ, ਪਰਚਾਰਕਾਂ ਕੋਲੋਂ ਸਤਿਗੁਰਾਂ ਦਾ ਇਹ ਫ਼ੁਰਮਾਨ ਸੁਣਦੇ ਆਏ ਹਾਂ ਕਿ--**ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ ।** ਅਤੇ ਇਸ ਤੁਕ ਦੇ ਅਧਾਰ ਤੇ ਘੜੀ ਸਾਖੀ ਸੁਣਦੇ ਆਏ ਹਾਂ ਕਿ--ਮੰਡੀ ਦਾ ਰਾਜਾ ਪੰਚਮ ਪਾਤਿਸ਼ਾਹ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਅਗੇ ਗੁਰੂ ਦਰਬਾਰ ਵਿਚ ਇਹੀ ਤੁਕ ਪੜ੍ਹੀ ਜਾ ਰਹੀ ਸੀ । ਰਾਜਾ ਨਿਰਾਸ ਹੋ ਕੇ ਆਪਣੇ ਡੇਰੇ ਪਰਤ ਗਿਆ ਕਿ ਜੇ ਕਰਮਾਂ ਦਾ ਲੇਖ ਮਿਟ ਹੀ ਨਹੀਂ ਸਕਦਾ ਤਾਂ ਗੁਰੂ ਸਾਹਿਬ ਦੇ ਦਰਸ਼ਨਾਂ ਦਾ ਕੀ ਲਾਭ ? ਪਰ ਰਾਤ ਨੂੰ ਸੁਪਨੇ ਵਿਚ ਉਸ ਦਾ ਜਨਮ ਚੂੜ੍ਹਿਆਂ ਦੇ ਘਰ ਹੋ ਗਿਆ ਅਤੇ ਸੁਪਨੇ ਵਿਚ ਉਸ ਨੇ ਲੋਕਾਂ ਦੀ ਵਗਾਰ ਕਰਦਿਆਂ ਸਾਰੀ ਉਮਰ ਗੁਜ਼ਾਰੀ

। ਅਗਲੇ ਦਿਨ ਸਤਿਗੁਰੂ ਸਮਝਾਇਆ ਕਿ ਸਤਿਸੰਗਤਿ ਦੀ ਬਰਕਤ ਨਾਲ ਉਸ ਦੇ ਕਰਮਾਂ ਦਾ ਲੇਖ ਇੱਕ ਰਾਤ ਵਿਚ ਪੂਰਾ ਭੁਗਤਿਆ ਗਿਆ । ਸਾਖੀ ਦੇ ਸੱਚ ਜਾਂ ਝੂਠ ਨਾਲ ਸਾਡਾ ਕੋਈ ਵਸਤਾ ਨਹੀਂ । ਇਹ ਉਪ੍ਰੋਕਤ ਗੁਰੂ ਫ਼ੁਰਮਾਨ " ਓਅੰਕਾਰ " ਬਾਣੀ ਦੀ ੫੨ਵੀਂ ਪਉੜੀ ਵਿਚੋਂ ਹੈ । ਧਿਆਨ ਨਾਲ ਵਿਚਾਰਿਆਂ ਸਮਝ ਆ ਜਾਂਦੀ ਹੈ ਕਿ, ਜੇ ਮਨਮੁਖ ਤੋਂ ਗੁਰਮੁਖਿ ਬਣ ਜਾਈਏ ਤਾਂ, ਭਾਵੇਂ ਕਰਮ-ਲੇਖ-ਰੂਪੀ ਸੰਸਕਾਰ, ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦੇ ਅਧਾਰ ਤੇ ਬਣੇ ਹੋਏ ਹੋਣ, ਉਹ ਵੀ ਬਦਲੇ ਜਾ ਸਕਦੇ ਹਨ । ਪੂਰੀ ਪਉੜੀ ਇਸ ਪ੍ਰਕਾਰ ਹੈ:--

੧੨੬- **ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ ॥ ਆਪੇ ਕਾਰਣੁ ਜਿਨਿ ਕੀਆ, ਕਰਿ ਕਿਰਪਾ ਪਗੁ ਧਾਰਿ ॥ ਕਰਤੇ ਹਥਿ ਵਡਿਆਈਆ, ਬੂਝਹੁ ਗੁਰ ਬੀਚਾਰਿ ॥ ਲਿਖਿਆ ਫੇਰਿ ਨ ਸਕੀਐ, ਜਿਉ ਭਾਵੀ ਤਿਉ ਸਾਰਿ ॥ ਨਦਰਿ ਤੇਰੀ ਸੁਖੁ ਪਾਇਆ, ਨਾਨਕ ਸਬਦੁ ਵੀਚਾਰਿ ॥ ਮਨਮੁਖ ਭੂਲੇ ਪਚਿ ਮੁਏ, ਉਬਰੇ ਗੁਰ ਬੀਚਾਰਿ ॥ ਜਿ ਪੁਰਖੁ ਨਦਰਿ ਨ ਆਵਈ, ਤਿਸ ਕਾ ਕਿਆ ਕਰਿ ਕਹਿਆ ਜਾਇ ॥ ਬਲਿਹਾਰੀ ਗੁਰ ਆਪਣੇ, ਜਿਨਿ ਹਿਰਦੈ ਦਿਤਾ ਦਿਖਾਇ ॥੫੨॥**[੯੩੭]

**ਅਰਥ:**--ਹੇ ਸਖੀ ! (ਸਾਡੇ ਕੀਤੇ ਕਰਮਾ ਅਨੁਸਾਰ) ਜੋ ਲੇਖ ਕਰਤਾਰ ਨੇ ਲਿਖ ਦਿੱਤਾ ਸੀ ਉਹ (ਸਾਡੀ ਆਪਣੀ ਚਤੁਰਾਈ ਨਾਲ) ਮਿਟ ਨਹੀਂ ਸਕਦਾ । ( ਇਹ ਲੇਖ ਤਦੋਂ ਮਿਟਦਾ ਹੈ, ਜਦੋਂ) ਜਿਸ ਪ੍ਰਭੂ ਨੇ ਆਪ ਹੀ (ਇਸ ਹਉਮੈ ਦੇ ਲੇਖ ਦਾ) ਸਬੱਬ ਬਾਣਾਇਆ ਹੈ ਉਹ ਮਿਹਰ ਕਰਕੇ (ਸਾਡੇ ਹਿਰਦੇ-ਯਾਦ ਵਿਚ) ਆ ਵੱਸੇ । ਕਰਤਾਰ ਦੇ ਗੁਣ ਗਾਉਂਣ ਦੀ ਦਾਤ, ਦਾਤਾਰ ਦੇ ਆਪਣੇ ਹੱਥ ਵਿਚ ਹੈ, ਗੁਰੂ ਦੇ ਸ਼ਬਦ-ਵੀਚਾਰ ਦੀ ਰਾਹੀਂ (ਭਾਵ, ਗੁਰਮੁਖ ਬਣ ਕੇ) ਸਮਝਣ ਦਾ ਜਤਨ ਕਰੋ (ਤਾਂ ਸਮਝ ਆ ਜਾਵੇਗੀ । (ਹੇ ਪ੍ਰਭੂ ! ਹੌਮੈ ਦੇ) ਜੋ ਸੰਸਕਾਰ (ਸਾਡੇ ਮਨ ਵਿਚ ਸਾਡੇ ਕਰਮਾਂ ਅਨੁਸਾਰ) ਉੱਕਰੇ ਜਾਂਦੇ ਹਨ ਉਹ (ਸਾਡੀ ਚਤੁਰਾਈ ਨਾਲ) ਬਦਲੇ ਨਹੀਂ ਜਾ ਸਕਦੇ, ਜਿਵੇਂ ਤੈਨੂੰ ਚੰਗਾ ਲੱਗੇ ਤੂੰ ਆਪ ਸਾਡੀ ਸੰਭਾਲ ਕਰ । ਗੁਰੂ ਨਾਨਕ ਜੀ ਦਾ ਫ਼ੁਰਮਾਨ---ਗੁਰੂ ਦੇ ਸ਼ਬਦ (-ਗਿਆਨ ਉਪਦੇਸ਼) ਨੂੰ ਵਿਚਾਰ ਕੇ (ਸਮਝ ਪਈ ਹੈ ਕਿ, ਹੇ ਪ੍ਰਭੂ !) ਤੇਰੀ ਮਿਹਰ ਦੀ ਨਜ਼ਰ ਨਾਲ ਹੀ ਸੁਖ ਮਿਲਦਾ ਹੈ ।

ਕਿਹੜੇ ਮਨੁੱਖ ਆਪਣੇ ਮਨ ਦੇ ਪਿੱਛੇ ਤੁਰੇ ਉਹ (ਇਸ ਹਉਮੈ ਦੇ ਗੇੜ ਵਿਚ ਫਸ ਕੇ) ਦੁਖੀ ਹੋਏ । ਬਚੇ ਉਹ ਜੋ ਗੁਰੂ-ਸ਼ਬਦ ਦੀ ਵਿਚਾਰ ਵਿਚ ਜੁੜੇ । (ਮਨੁੱਖ ਦੀ ਆਪਣੀ ਚਤੁਰਾਈ ਕਰੇ ਵੀ ਕੀ ? ਕਿਉਂਕਿ ) ਜੋ ਪ੍ਰਭੂ (ਇਨ੍ਹਾਂ ਅੱਖਾਂ ਨਾਲ) ਦਿਸਦਾ ਹੀ ਨਹੀਂ, ਉਸ ਦੇ ਗੁਣ ਗਾਏ ਨਹੀਂ ਜਾ ਸਕਦੇ । (ਤਾਹੀਏਂ) ਮੈ/ਂ ਆਪਣੇ ਗੁਰੂ ਤੋਂ ਸਦਕੇ ਹਾਂ ਜਿਸ ਨੇ (ਮੈਨੂੰ ਮੇਰੇ) ਹਿਰਦੇ ਵਿਚ ਹੀ) ਪ੍ਰਭੂ ਵਿਖਾ ਦਿੱਤਾ ਹੈ । ੫੨ ।

ਜਿਵੇ ਅਸਾਂ ਪਿਛੇ ਚੰਗੀ ਤਰ੍ਹਾਂ ਸਮਝਿਆ ਹੈ ਕਿ ਅੰਦਰੇ ਵਸਦੀ ' ਪ੍ਰਭੂ-ਜੋਤਿ ' ਦੇ ਪ੍ਰਗਟ ਹੋਣ ਵਿਚ ਹੀ ਨਿਸਤਾਰਾ ਹੈ । ਅੰਦਰ ਵੱਸਦੇ ਪ੍ਰਭੂ ਦੇ ਦਰਸ਼ਨ ਸ਼ਬਦ-ਗੁਰੂ-ਗ੍ਰੰਥ ਸਾਹਿਬ ਦੀ ਸਿਖਿਆ ਤੇ ਤੁਰਿਆਂ ਹੋਣੇ ਹਨ । ਪ੍ਰਭੂ ਦੇ ਪਰਗਟ ਹੁੰਦਿਆਂ ਹੀ ਸਾਰੇ ਪਿਛਲੇ ਮੰਦੇ ਕਰਮ ਲੇਖਾਂ ਦਾ ਸਫ਼ਾਇਆ ਹੋ ਜਾਣਾ ਰੱਬੀ ਵਿਧਾਨ ਹੈ ।

ਏਸੇ ਤਰ੍ਹਾਂ ਹੀ ਗੁਰਬਾਣੀ ਵਿਚ ਜਿਥੇ ਇਹ ਲਿਖਿਆ ਹੈ ਕਿ ਪਿਛਲੇ ਕਰਮਾਂ ਦੇ ਲੇਖ ਬਦਲੇ ਨਹੀਂ ਜਾ ਸਕਦੇ ਉਥੇ ਨਾਲ ਹੀ ਲੇਖਾਂ ਦੇ ਬਦਲੇ ਜਾਣ ਦਾ ਸਾਧਨ ਵੀ ਲਿਖਿਆ ਹੋਇਆ ਹੈ---

੧੨੭- **ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥**
**ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥ ੫ ॥**[੧੦੯]

**ਅਰਥ:**--ਝੂਠੇ ਮੋਹ ਵਿਚ ਫ਼ਸੇ ਸਾਕਤ ਨੂੰ ਸਦਾ-ਥਿਰ ਪ੍ਰਭੂ (ਦਾ ਨਾਮ) ਚੰਗਾ ਨਹੀਂ ਲੱਗਦਾ, (ਉਸ ਨੂੰ ਮੋਹ ਵਾਲੀ ਮੇਰ-ਤੇਰ ਪਸੰਦ ਹੈ) ਉਸ ਮੇਰ ਤੇਰ ਵਿਚ ਫਸਿਆ ਹੋਇਆ ਉਹ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ । (ਦੁਬਿਧਾ ਵਾਲੇ ਕੀਤੇ ਕਰਮਾ ਅਨੁਸਾਰ, ਮੱਥੇ ਉਤੇ ਦੁਬਿਧਾ ਦੇ ਸੰਸਕਾਰਾਂ ਦਾ) ਲਿਖਿਆ ਲੇਖ ਕੋਈ ਮਿਟਾ ਨਹੀਂ ਸਕਦਾ । (ਇਸ ਲੇਖ ਤੋਂ) ਉਹੀ ਖ਼ਲਾਸੀ ਪ੍ਰਾਪਤ ਕਰਦਾ ਹੈ, ਜੋ ਗੁਰੂ ਦੀ ਸਰਨ ਪੈਂਦਾ ਹੈ (ਭਾਵ, ਜੋ ਗੁਰੂ ਦੀ ਮਤਿ ਅਨੁਸਾਰ ਚਲਦਾ ਹੈ) । ੫ । ਅਤੇ ਏਸੇ ਤਰ੍ਹਾਂ--

੧੨੮- **ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥ ੩ ॥**[੮੮]

ਭਾਵ, ਸਤਿਗੁਰਾਂ ਦੀ ਦੱਸੀ ਕਾਰ ਕਰਨ ਤੋਂ ਬਿਨਾ (ਮਾਇਆ ਦੇ ਮੋਹ ਤੋਂ) ਛੁਟਕਾਰਾ ਹੋ ਹੀ ਨਹੀਂ ਸਕਦਾ । ਏਵੇਂ ਹੀ ਸਤਿਗੁਰੂ ਨਾਨਕ ਸਾਹਿਬ ਜੀ ਦਾ ਹੋਰ ਫ਼ੁਰਮਾਨ :--

੧੨੯- **ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥**
**ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ ॥ ੬ ॥**[੧੦੧੪]-ਅਸਟ-੮

**ਅਰਥ:**--ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਲੇਖ ਮਿਟਦਾ ਨਹੀਂ (ਜਿੰਨਾ ਚਿਰ ਉਹ ਲੇਖ ਮੌਜੂਦ ਹੈ, ਉਸ ਦੇ) ਪ੍ਰਭਾਵ ਹੇਠ ਕੁਕਰਮ ਕਰ ਕਰ ਕੇ) ਜਨਮ ਮਰਨ ਦੇ ਗੇੜ ਵਿਚ ਜੀਵ ਪਿਆ ਰਹਿੰਦਾ ਹੈ । ਜੀਵ ਹੋਰ ਕਿਸ ਨੂੰ ਦੋਸ ਦੇਵੇ ? (ਅਸਲ ਗੱਲ ਇਹ ਹੈ ਕਿ) ਗੁਰੂ ਦੀ ਸਰਨ ਤੋਂ ਬਿਨਾ ਜ਼ਿੰਦਗੀ ਵਿਅਰਥ ਜਾਂਦੀ ਹੈ (ਵਿਕਾਰਾਂ ਵਿਚ ਪੈ ਕੇ ਮਨੁੱਖ) ਹੋਰ ਤੋਂ ਹੋਰ ਆਤਮਕ ਮੌਤ ਸਹੇੜਦਾ ਜਾਂਦਾ ਹੈ । ਗੁਰੂ ਤੋਂ ਖੁੰਝਣ ਕਰਕੇ ਜ਼ਿੰਦਗੀ (ਵਿਕਾਰਾਂ ਵਿਚ) ਸੜ ਜਾਂਦੀ ਹੈ । ੬ ।

੧੩੦- **ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥ ੧ ॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥ ੧ ॥ ਰਹਾਉ ॥ ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥ ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥ ੨ ॥ ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥ ੩ ॥ ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥ ੪ ॥**[੩੫੯]-੨-੩੬

**ਅਰਥ:**--(ਹੇ ਭਾਈ !) ਜਿਹੜਾ ਜੀਵ ਤੈਨੂੰ ਚੰਗਾ ਲਗਦਾ ਹੈ, ਉਸ ਨੂੰ ਤੇਰੀ ਰਜ਼ਾ ਮਿੱਠੀ ਲੱਗ ਪੈਂਦੀ ਹੈ । ਸੋ ਹੇ ਨਾਨਕ ! (ਪ੍ਰਭੂ ਦੇ ਦਰ ਤੋਂ ) ਉਸ ਜੀਵ ਨੂੰ ਆਦਰ ਮਿਲਦਾ ਹੈ ਜੋ (ਉਸ ਦੀ ਰਜ਼ਾ ਵਿਚ ਰਹਿ ਕੇ) ਉਸ ਸਦਾ-ਥਿਰ ਮਾਲਕ ਦੇ ਨਾਮ ਵਿਚ ਲੀਨ ਰਹਿੰਦਾ ਹੈ । ੧ । ਰਹਾਉ ।

ਪਰ ਜੀਵ ਦੇ ਵੀ ਕੀ ਵੱਸ ? ਜੀਵ ਉਹੀ ਕੁਝ ਕਰਦਾ ਹੈ ਜੋ ਪਰਮਾਤਮਾ ਉਸ ਤੋਂ ਕਰਾਉਂਦਾ ਹੈ । ਜੀਵ ਦੀ ਕੋਈ ਸਿਆਣਪ ਕੰਮ ਨਹੀਂ ਆਉਂਦੀ, ਜੋ ਕੁਝ ਅਕਾਲਪੁਰਖ ਕਰਨਾ ਚਾਹੁੰਦਾ ਹੈ, ਉਹੀ ਹੋ ਰਿਹਾ ਹੈ । **੧** । ਸਾਡੇ ਜਨਮ-ਜਨਮਾਂਤਰਾਂ ਦੇ ਕੀਤੇ ਕੰਮਾ ਦੇ ਸੰਸਕਾਰਾਂ ਦਾ ਇਕੱਠ ਸਾਡੇ ਮਨ ਵਿਚ ਉੱਕਰਿਆ ਪਿਆ ਹੈ, ਉਸ ਦੇ ਅਨੁਸਾਰ ਸਾਡੀ ਜੀਵਨ-ਰਾਹਦਾਰੀ ਲਿਖੀ ਪਈ ਹੁੰਦੀ ਹੈ, ਉਸ ਦੇ ਉਲਟ ਜੋਰ ਨਹੀਂ ਚੱਲ ਸਕਦਾ । ਫਿਰ ਜੇਹੋ ਜਿਹਾ ਉਹ ਜੀਵਨ-ਲੇਖ ਲਿਖਿਆ ਪਿਆ ਹੈ, ਉਸ ਦੇ ਅਨੁਸਾਰ (ਜੀਵਨ-ਸਫ਼ਰ) ਉਘੜਦਾ ਚਲਾ ਆਉਂਦਾ ਹੈ, (ਉਨ੍ਹਾਂ ਲੀਹਾਂ ਨੂੰ ਆਪਣੇ ਉੱਦਮ ਨਾਲ) ਮਿਟਾ ਨਹੀਂ ਸਕਦਾ (ਉਨ੍ਹਾਂ ਨੂੰ ਮਿਟਾਣ ਦਾ ਇਕੋ ਤਰੀਕਾ ਹੈ--ਰਜ਼ਾ ਵਿਚ ਤੁਰ ਕੇ

ਸਿਫ਼ਤਿ-ਸਾਲਾਹ ਕਰਦੇ ਰਹਿਣਾ) **। ੨ ।** ਜੇ ਕੋਈ ਜੀਵ ਇਸ ਧੁਰੋਂ ਲਿਖੇ ਹੁਕਮ ਦੇ ਉਲਟ ਬੜੇ ਇਤਰਾਜ਼ ਕਰੀ ਜਾਏ (-ਬਹੁਤਾ ਬੋਲੇ) (ਹੁਕਮ ਅਨੁਸਾਰ ਤੁਰਨ ਦੀ ਜਾਚ ਨਾ ਸਿੱਖੇ, ਉਸ ਦਾ ਸੌਰਦਾ ਕੁਝ ਨਹੀਂ, ਸਗੋਂ) ਉਸ ਦਾ ਨਾਮ ਆਵਾਰਾ ਭੌਣ ਵਾਲਾ, ਮਰਯਾਦਾ ਰਹਿਤ ਬੜਬੋਲਾ (-ਬਾਜਾਰੀ, " **ਸਬਦੁ ਨ ਚੀਨੈ ਲੰਪਟ ਹੈ ਬਾਜਾਰੀ "।।** ਮਾਰੂ ਅਸਟ ਮ: ੧) ਹੀ ਪੈ ਸਕਦਾ ਹੈ । । (ਜੀਵਨ ਦੀ ਬਾਜ਼ੀ) ਚੌਪੜ ਦੀ ਬਾਜ਼ੀ (ਵਰਗੀ) ਹੈ, (ਰਜ਼ਾ ਦੇ ਉਲਟ ਤੁਰਿਆਂ ਤੇ ਫ਼ਜ਼ੂਲ ਗਿਲ੍ਹੇ ਕੀਤਿਆਂ ਇਹ ਬਾਜ਼ੀ) ਜਿੱਤੀ ਨਹੀਂ ਜਾ ਸਕੇਗੀ, ਨਰਦਾਂ ਕੱਚੀਆਂ ਹੀ ਰਹਿੰਦੀਆਂ ਹਨ (ਪੁੱਗਦੀਆਂ ਸਿਰਫ਼ ਉਹੀ ਹਨ ਜੋ) ਪੁੱਗਣ ਵਾਲੇ ਘਰ ਵਿਚ ਜਾ (ਪਹੁੰਚਦੀਆਂ ਹਨ) **। ੩ ।** ਇਸ ਰਸਤੇ ਵਿਚ ਨਾ ਕੋਈ ਵਿਦਵਾਨ ਪੰਡਿਤ ਸਿਆਣਾ ਕਿਹਾ ਜਾ ਸਕਦਾ ਹੈ, ਨਾ ਕੋਈ (ਅਨਪੜ੍ਹ) ਮੂਰਖ ਭੈੜਾ ਮੰਨਿਆ ਜਾ ਸਕਦਾ ਹੈ (ਜੀਵਨ ਦੇ ਸਹੀ ਰਸਤੇ ਵਿਚ ਨਾ ਨਿਰੀ ਵਿੱਦਵਤਾ ਸਫ਼ਲਤਾ ਦਾ ਵਸੀਲਾ ਹੈ, ਨਾ ਅਨਪੜ੍ਹਤਾ ਵਾਸਤੇ ਅਸਫ਼ਲਤਾ ਹੈ) । ਉਹ ਜੀਵ (ਪ੍ਰਭੂ ਦਾ) ਬੰਦਾ ਅਖਵਾ ਸਕਦਾ ਹੈ ਜਿਸ ਨੂੰ ਪ੍ਰਭੂ ਆਪਣੀ ਰਜ਼ਾ ਵਿਚ ਰੱਖ ਕੇ ਉਸ ਪਾਸੋਂ ਆਪਣੀ ਸਿਫ਼ਤਿ-ਸਾਲਾਹ ਕਰਵਾਉਂਦਾ ਹੈ । ੪ ।

## ਪ੍ਰਭੂ ਦੀ ਰਜ਼ਾ ਦਾ ਇਹ ਪੱਖ ਵੀ ?:---

੧੩੧- **ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥ ਆਪੁ ਗਵਾਏ ਤਾ ਹਰਿ ਪਾਏ, ਹਰਿ ਸਿਉ ਸਹਜਿ ਸਮਾਵਣਿਆ ॥ ੧ ॥ ਰਹਾਉ ॥ ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥ ੨ ॥**[੧੧੭]-੧੪-੧੫

**ਅਰਥ:**--ਮੈਂ ਸਦਕੇ ਕੁਰਬਾਨ ਹਾਂ ਉਨ੍ਹਾਂ ਤੋਂ, ਜਿਹੜੇ ਆਪਾ ਭਾਵ ਦੂਰ ਕਰਦੇ ਹਨ । ਜਦੋਂ ਮਨੁੱਖ ਆਪਾ ਭਾਵ ਦੂਰ ਕਰਦਾ ਹੈ, ਤਾਂ ਪਰਮਾਤਮਾ ਨੂੰ ਮਿਲ ਪੈਂਦਾ ਹੈ, ਪਰਮਾਤਮਾ ਨਾਲ (ਮਿਲ ਕੇ) ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ । ੧ । ਰਹਾਉ । (ਪਰ ਇਹ ਆਪਾ ਭਾਵ ਦੂਰ ਕਰਨ ਦਾ) ਸ੍ਰੇਸ਼ਟ ਕੰਮ ਉਹ ਮਨੁੱਖ ਹੀ ਕਰਦਾ ਹੈ, ਜਿਸ ਦੇ ਅੰਦਰ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਅਨੁਸਾਰ ਆਪਾ ਭਾਵ ਦੂਰ ਕਰਨ ਦੇ ਸੰਸਕਾਰ ਦਾ ਲੇਖ ਮੌਜੂਦ ਹੋਵੇ । ਉਹ ਮਨੁੱਖ ਗੁਰੂ ਦੀ ਸਰਨ ਪੈ ਕੇ ਸਦਾ ਆਤਮਕ ਆਨੰਦ ਮਾਣਦਾ ਹੈ ਨ। ਗੁਰੂ ਵੀ ਕਿਸਮਤ ਤੋਂ ਬਿਨਾ ਨਹੀਂ ਮਿਲਦਾ । (ਗੁਰੂ ਆਪਣੇ ) ਸ਼ਬਦ-ਗਿਆਨ ਦੀ ਰਾਹੀਂ ਪਰਮਾਤਮਾ ਦਾ ਮਿਲਾਪ ਕਰਾ ਦਿੰਦਾ ਹੈ । ੨ ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ ਪੂਰਨ ਗੁਰੂ ਤੋਂ ਬਿਨਾਂ ਪਰਮਾਤਮਾਂ ਨਾਲ ਮਿਲਾਪ ਨਹੀਂ ਹੋ ਸਕਦਾ । ਪਰ ਨਾਲ ਹੀ ਬੇਅੰਤ ਗੁਰਬਾਣੀ ਸ਼ਬਦਾਂ ਅਨੁਸਾਰ, ਪੂਰਨ ਗੁਰੂ ਵੀ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦਾ ਹੈ । ਸਾਡੇ ਨਾਲੋਂ ਵਡੇ ਕਰਮਾ ਵਾਲਾ ਕੌਣ ਹੈ ਜਿਨ੍ਹਾਂ ਨੂੰ ਸਾਰੇ ਸੰਸਾਰ ਤੋਂ ਨਿਆਰੇ ਅਤੇ ਹਰ ਪੱਖੋਂ ਪੂਰੇ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਪ੍ਰਾਪਤਿ ਹੋਈ ਹੈ । ਸਾਡੀ ਬਦਕਿਸਮਤੀ ਇਹ ਹੈ ਕਿ ਅਸਾਂ ਆਪਣੇ ਪੂਰੇ ਸਤਿਗੁਰਾਂ ਦਾ ਫ਼ੁਰਮਾਨ ਭੁਲਾ ਦਿੱਤਾ ਹੋਇਆ ਹੈ:--

੧੩੨- **ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥ ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹਿ ਸਚੀ ਪੈਨਾਏ ॥ ਇਕਨਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥ ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ ॥ ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ ॥ ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥ ੧ ॥**[੩੦੩]-ਵਾਰ-੭

**ਅਰਥ:**--(ਧਰਤੀ ਦੇ ਸੁਭਾਵ ਵਾਂਗ) ਸਤਿਗੁਰੂ ਵੀ ਧਰਮ ਦੀ ਭੋਏਂ ਹੈ, ਜਿਸ ਤਰ੍ਹਾਂ (ਦੀ ਭਾਵਨਾ) ਦਾ ਬੀਜ ਕੋਈ ਬੀਜਦਾ ਹੈ, ਉਹੋ ਜਿਹਾ ਫਲ ਲੈਂਦਾ ਹੈ । ਜਿਨਾਂ ਗੁਰਸਿਖਾਂ ਨੇ ਨਾਮ-ਅੰਮ੍ਰਿਤ ਬੀਜਿਆ ਹੈ ਉਨ੍ਹਾਂ ਨੂੰ ਪ੍ਰਭੂ-ਪ੍ਰਾਪਤੀ-ਰੂਪ ਅੰਮ੍ਰਿਤ ਫਲ ਹੀ ਮਿਲ ਗਿਆ ਹੈ । ਇਸ ਸੰਸਾਰ ਵਿਚ ਤੇ ਅਗਲੇ ਜਹਾਨ ਵਿਚ ਉਹ ਸੁਰਖਰੂ ਹੁੰਦੇ ਹਨ, ਤੇ ਪ੍ਰਭੂ ਦੀ ਸੱਚੀ ਦਰਗਾਹ ਵਿਚ ਉਨ੍ਹਾਂ ਦਾ ਆਦਰ ਹੁੰਦਾ ਹੈ । ਇਕਨਾਂ ਜੀਵਾਂ ਦੇ ਹਿਰਦੇ ਵਿਚ ਖੋਟ (ਹੋਣ ਕਰਕੇ) ਉਹ ਸਦਾ ਖੋਟੇ ਕਰਮ ਕਰਦੇ ਹਨ । ਐਸਾ ਬੰਦਾ ਉਹੋ ਜਿਹਾ ਫਲ ਹੀ ਖਾਂਦਾ ਹੈ, (ਕਿਉਂਕਿ) ਜਦੋਂ ਸਰਾਫ਼ ਸਤਿਗੁਰੂ ਗਹੁ ਨਾਲ ਪਰਖਦਾ ਹੈ ਤਾਂ ਸਾਰੇ ਖ਼ੁਦਗਰਜ਼ ਪਰਗਟ ਹੋ ਜਾਂਦੇ ਹਨ (ਭਾਵ, ਲੁਕੇ ਨਹੀਂ ਰਹਿ ਸਕਦੇ) । ਜਿਹੋ ਜਿਹੀ ਉਨ੍ਹਾਂ ਦੇ ਹਿਰਦੇ ਦੀ ਭਾਵਨਾਂ ਹੁੰਦੀ ਹੈ, ਤਿਹੋ ਜਿਹਾ ਉਨ੍ਹਾਂ ਨੂੰ ਫਲ ਮਿਲਦਾ ਹੈ, ਤੇ ਖਸਮ ਪ੍ਰਭੂ ਦੀ ਰਾਹੀਂ ਉਸੇ ਤਰ੍ਹਾਂ ਨਸ਼ਰ ਕਰ ਦਿੱਤੇ ਜਾਂਦੇ ਹਨ । ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ (ਸਰਬ ਵਿਆਪੀ ਪ੍ਰਭੂ) ਸਾਰੇ ਖੇਡ ਆਪ ਹੀ ਕਰ ਕੇ ਵੇਖ ਰਿਹਾ ਹੈ । ੧ ।

ਪਰ ਨਾਲ ਹੀ ਇਹ ਗੁਰਬਾਣੀ ਫ਼ੁਰਮਾਨ ਵੀ ਯਾਦ ਰੱਖਣਾ ਹੈ:--

੧੩੩- **ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥ ੨੧ ।**[੪੩੩]-੨੧

**ਅਰਥ**--(ਹੇ ਮਨ ! ਜੇ ਤੂੰ ਪੜ੍ਹ ਕੇ ਸਚ ਮੁਚ ਪੰਡਿਤ ਹੋਗਿਆ ਹੈ, ਤਾਂ ਇਹ ਚੇਤੇ ਰੱਖ ਕਿ) ਜਿਹੋ ਜਿਹੇ ਕੰਮ ਮੈਂ ਕਰਦਾ ਹਾਂ, ਉਹੋ ਜਿਹਾ ਫਲ ਮੈਂ ਪਾ ਲੈਂਦਾ ਹਾਂ, ( ਆਪਣੇ ਕੀਤੇ ਕਰਮਾਂ ਅਨੁਸਾਰ ਆਪਣੇ ਉਤੇ ਆਏ ਦੁੱਖ ਕਲੇਸ਼ ਬਾਰੇ) ਹੋਰ ਲੋਕਾਂ ਨੂੰ ਦੋਸ ਨਹੀਂ ਦੇਣਾ ਚਾਹੀਦਾ । ਭੈੜ ਆਪਣੇ ਕਰਮਾਂ ਵਿਚ ਹੀ ਹੁੰਦਾ ਹੈ, (ਇਸ ਵਾਸਤੇ ਹੇ ਮਨ ! ਇਹ ਚੇਤੇ ਰੱਖ ਕਿ) ਮੈਂ ਕਿਸੇ ਹੋਰ ਦੇ ਮੱਥੇ ਦੋਸ ਨ ਮੜ੍ਹਾਂ (ਆਪਣੀ ਵਿੱਦਿਆ ਦੇ ਬਲ ਆਸਰੇ ਹੋਰ ਨੂੰ ਦੋਸ਼ੀ ਠਹਰਾਉਣ ਦੇ ਥਾਂ, ਹੇ ਮਨ ! ਆਪਣੀ ਹੀ ਕਰਣੀ ਨੂੰ ਸੁਧਾਰਨ ਦੀ ਲੋੜ ਹੈ)।

ਕਿਸੇ ਮੁਸੀਬਤ ਵਿਚ ਪੈ ਜਾਣ ਦੇ ਕਾਰਨ ਕਿਸੇ ਦੂਜੇ ਨੂੰ ਦੋਸ਼ ਦੇਣ ਦੇ ਥਾਂ ਆਪਣਾ ਆਪਾ ਵਿਚਾਰਨਾਂ ਚਾਹੀਦਾ ਹੈ । ਜ਼ਰੂਰ ਕਿਸੇ ਆਪਣੀ ਹੀ ਕਿਸੇ ਕਰਤੂਤ ਦਾ ਫਲ ਮਿਲ ਰਿਹਾ ਹੁੰਦਾ ਹੈ । ਆਪਣੇ ਸਤਿਗੁਰੂ ਦੀ ਸਿਖਿਆ ਤੇ ਤੁਰ ਕੇ ਆਪਣੀ ਜੀਵਨ ਜੁਗਤ ਸੁਆਰ ਲੈਣ ਦਾ ਸਮਾ ਮਿਲਣਾ ਹੀ ਸਭ ਤੋਂ ਵੱਡੇ ਉਚੇ ਭਾਗਾਂ ਦੀ ਨਿਸ਼ਾਨੀ ਹੈ । ਜਦ ਹੁਕਮ ਦੀ ਕਾਰ ਵਾਲੇ " ਹੁਕਮੀ " ਦੀ ਕਲਮ, ਵਗਣੀ ਹੀ ਸਾਡੇ ਕਰਮ ਅਨੁਸਾਰ ਹੈ, ਤਾਂ ਫਿਰ ਆਪਣੇ ਕਰਮ ਸਤਿਗੁਰਾਂ ਦੀ ਸਿਖਿਆ ਤੇ ਹੀ ਪੂਰੀ ਤਰ੍ਹਾਂ ਨਾਲ ਨਿਰਭਰ ਕਿਉਂ ਨਾ ਕਰ ਲਈਏ ? ਜੇ ਸਾਡੇ ਕਰਮ ਸਤਿਗੁਰੂ ਜੀ ਦੀ ਸਿਖਿਆ ਅਨੁਸਾਰ ਕੀਤੇ ਜਾ ਰਹੇ ਹਨ ਤਾਂ ਸਾਡੇ ਸੰਸਕਾਰਾਂ ਦੇ ਲੇਖ ਲਿਖੇ ਜਾਣ ਦੀ ਜ਼ਿਮੇਵਾਰੀ, ਸਤਿਗੁਰੂ ਜੀ ਦੀ ਸੰਭਾਲ ਵਿਚ ਆਪੇ ਹੀ ਜਾ ਪਈ । ਸੋ ਆਉ ਆਪਣੇ ਹਿਰਦੇ ਦੀ ਡੂੰਘਾਈ ਤੋਂ ਅਰਦਾਸ ਕਰੀਏ, ਹੇ ਸਤਿਗੁਰੂ ਜੀਓ ! ਸਾਡਾ ਹਿਰਦਾ, ਅੱਤ ਮਲੀਣ ਹੋ ਚੁੱਕਾ ਹੈ ਸਾਡੀ ਬਹੁੜੀ ਕਰੋ । ਸਾਨੂੰ ਅਜੇਹੇ ਆਚਰਨ ਵਾਲਾ ਬਣਾ ਦਿਉ ਕਿ ਦਰਗਾਹ ਵਿਚ ਇੱਜ਼ਤ ਪਾ ਸਕੀਏ:---

੧੩੪- **ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰਿ ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮ ਸਵਾਰਿ ਵਾਜਾ ਵਾਇਸੀ ॥**

**ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥ ੧ ॥**[੭੩੦]-੪-੬

**ਅਰਥ:**--ਉਹੀ ਹਿਰਦਾ ਪਵਿੱਤ੍ਰ ਹੈ ਜਿਹੜਾ ਉਸ ਪਰਮਾਤਮਾ ਨੂੰ ਚੰਗਾ ਲੱਗ ਪੈਂਦਾ ਹੈ । ਜੇ ਮਨੁੱਖ ਦਾ ਹਿਰਦਾ (ਅੰਦਰੋਂ ਵਿਕਾਰਾ ਨਾਲ) ਬਹੁਤ ਗੰਦਾ ਹੋਇਆ ਪਿਆ ਹੈ ਤਾ ਬਾਹਰੋਂ ਸਰੀਰ ਨੂੰ ਤੀਰਥਾਂ ਆਦਿਕ ਤੇ ਇਸ਼ਨਾਨ ਕਰਾਇਆਂ ਹਿਰਦਾ ਅੰਦਰੋਂ ਸ਼ੁੱਧ ਨਹੀਂ ਹੋ ਸਕਦਾ । ਜੇ ਗੁਰੂ ਦੇ ਦਰ ਤੇ (ਆਪਾ-ਭਾਵ ਦੂਰ ਕਰ ਕੇ ਸਵਾਲੀ) ਬਣੀਏ, ਤਾਂ ਹੀ (ਹਿਰਦੇ ਨੂੰ ਪਵਿਤ੍ਰ ਕਰਨ ਦੀ) ਅਕਲ ਮਿਲਦੀ ਹੈ । ਗੁਰੂ ਦੇ ਦਰ ਤੇ ਰਹਿ ਕੇ ਹੀ (ਵਿਕਾਰਾਂ ਦੀ ਮੈਲ) ਧੋਤਿਆਂ ਹਿਰਦਾ ਪਵਿਤ੍ਰ ਹੁੰਦਾ ਹੈ । (ਜੇ ਗੁਰੂ ਦੇ ਦਰ ਤੇ ਟਿਕੀਏ ਤਾਂ) ਪਰਮਾਤਮਾ ਆਪ ਹੀ ਇਹ (ਵਿਚਾਰਨ ਦੀ) ਸਮਝ ਬਖ਼ਸ਼ਦਾ ਹੈ ਕਿ ਅਸੀ ਚੰਗੇ ਹਾਂ ਜਾਂ ਮੰਦੇ । (ਜੇ ਇਸ ਮਨੁੱਖਾ ਸਮੇ ਗੁਰੂ ਦਾ ਆਸਰਾ ਨਹੀਂ ਲਿਆ ਤਾਂ) ਕੋਈ ਜੀਵ ਇਹ ਨਾ ਸਮਝ ਸਕੇ ਪਰਲੋਕ ਵਿਚ (ਜੀਵਨ ਪਵਿਤ੍ਰ ਕਰਨ ਦੀ ਸੂਝ) ਮਿਲੇਗੀ (ਭਾਵ, ਜੇ ਮਨੁਖ-ਜਿੰਦਗੀ ਵਿਚ ਆਤਮਕ ਜੀਵਨ ਨੂੰ ਉੱਚਾ ਨਾ ਕਰ ਸਕਿਆ ਤਾਂ ਫਿਰ ਮਰਨ ਉਪ੍ਰੰਤ ਪਤਾ ਨਹੀਂ ਮਨੁੱਖਾ ਜੀਵਨ ਮਿਲੇ ਕਿ ਨਾ ਮਿਲ ਸਕੇ ?) । (ਇਹ ਇੱਕ ਕੁਦਰਤੀ ਨਿਯਮ ਹੈ ਕਿ ਇਥੇ) ਮਨੁੱਖ ਜੇਹੋ ਜੇਹੇ ਕਰਮ ਕਰਦਾ ਹੈ ਉਹੋ ਜੇਹਾ ਉਹ ਆਪ ਬਣ ਜਾਂਦਾ (ਜੋ ਮਨੁੱਖ ਗੁਰੂ ਦੇ ਦਰ ਤੇ ਡਿਗਦਾ ਹੈ ਅਤੇ ਗੁਰੂ ਦੀ ਸਿਖਿਆ ਅਨੁਸਾਰ ਚਲਣ ਦੀ ਪ੍ਰਤਿਗਿਆ ਕਰਦਾ ਹੈ, ਉਸ ਨੂੰ) ਗੁਰੂ, ਆਤਮਕ ਜੀਵਨ ਦੇਣ ਵਾਲਾ ਨਾਮ ਬਖ਼ਸ਼ਦਾ ਹੈ । (ਜਿਸ ਮਨੁੱਖ ਨੂੰ ਇਹ ਦਾਤਿ ਮਿਲਦੀ ਹੈ) ਉਹ ਆਪਣਾ ਮਨੁੱਖਾ ਜਨਮ ਸੁੱਚਾ ਬਣ ਕੇ ਇੱਜ਼ਤ ਖੱਟ ਜਾਂਦਾ ਹੈ ਉਹ ਆਪਣੀ ਸੋਭਾ ਦਾ ਵਾਜਾ ਇਥੇ ਵਜਾ ਜਾਂਦਾ ਹੈ । ਕੋਈ ਇੱਕ ਮਨੁੱਖ ਕੀ, ਤਿੰਨਾ ਹੀ ਲੋਕਾਂ ਵਿਚ ਪ੍ਰਭੂ ਉਸ ਦੀ ਸੋਭਾ ਖਿਲਾਰਦਾ ਹੈ । ਹੇ ਨਾਨਕ ! ਉਹ ਮਨੁੱਖ ਆਪ ਸਦਾ ਪ੍ਰਸੰਨ-ਚਿਤ ਰਹਿੰਦਾ ਹੈ, ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ (ਭਾਵ, ਸੋਭਾ ਦਿਵਾਉਂਦਾ ਹੈ ) ।

ਅਮੀਰੀ-ਗ਼ਰੀਬੀ, ਦੁਖਾਂ ਅਤੇ ਸੁਖਾਂ ਦੇ ਆਉਣ ਜਾਣ ਵਿਚ ਪੂਰਬ ਜਨਮਾਂ ਦੇ ਕਰਮਾਂ ਦਾ ਬੜਾ ਹਿੱਸਾ ਹੁੰਦਾ ਹੈ । ਸਤਿਗੁਰਾਂ ਦੀ ਸਿਖਿਆ ਦੁਆਰਾ ਸਦਾ ਪ੍ਰਭੂ ਦੇ ਸ਼ੁਕਰਾਨੇ ਵਿਚ ਰਹਿ ਕੇ ਉਚੇ ਆਚਰਨ ਵਾਲੀ ਜਿੰਦਗੀ ਬਣਾਈ ਰੱਖਣ ਵਿਚ ਹੀ ਅਸਲੀ ਅਤੇ ਸਦੀਵੀ ਸੁਖ ਹੈ । ਕਰਮ-ਫਲ ਅਥਵਾ ਕਰਮ ਲੇਖ ਬਾਰੇ ਬੇਅੰਤ ਗੁਰਬਾਣੀ ਸ਼ਬਦਾਂ ਵਿਚੋਂ ਕੁਝ ਗੁਰੂ-ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:--

| | | | | | |
|---|---|---|---|---|---|
| ੧= [੩੩੬]-੧-੮(੧) | ੨= [੪੬੪]-ਵਾਰ-੩ | ੩= [੮੮੧]-ਛੰਤ-੬ | ੪= [੪੬੧]-ਛੰਤ-੧(੧) | ੫= [੪੭੨]-੧੭(੧) | ੬= [੪੭੩]-ਵਾਰ-੧੮ |
| ੭= [੪੮੧]-੧-੨੩(ਰਹਾ) | ੮= [੫੧੩]-ਵਾ-੧੩ | ੯= [੫੧੦]-ਵਾਰ-੫ | ੧੦=[੫੪੭]-੫-੮-(੨) | ੧੧=[੬੦੧]-੪(੪) | ੧੨=[੪੬੮]-ਵਾਰ-੧੧(੨) |
| ੧੩=[੧੦੮੧]-੧-੧੦(੭) | ੧੪=[੮੭]-ਵਾਰਪ-੧੨(੨) | ੧੫=[੫੨੧]-ਵਾਰ-੧੨ | ੧੬=[੬੬੭]-੬(੨) | ੧੭=[੮੦੯]-੫-੩੫(੪) | ੧੮=[੭੮੯]-ਵਾਰ-੧੨(੨) |
| ੧੯=[੬੩੬]-ਅਸਟ-੩ | ੨੦=[੫੬੫]-੪-੧(੩) | ੨੧=[੬੫੩]-ਵਾਰ-੨੭੮(੧) | ੨੨=[੬੬੦]-੩(੩) | ੨੩[੭੦੫]-੨-੩(੨) | ੨੪=[੭੧੭]-੬-੨੫(੧) |
| ੨੫=[੫੭੦]-ਛੰਤ-੪(੨) | ੨੬=[੭੨੯]-੪-੬ | ੨੭=[੭੦]-੧-੨੬(੭) | ੨੮=[੬੫੬]-੮(੩) | ੨੯=[੬੬੮]-੬(੨) | ੩੦=[੬੮੯]-ਛੰਤ-੩(੧) |
| ੩੧=[੭੧੮]-੧੧-੩੦(੨) | ੩੨=[ ੭੪੪]੩੪-੪੦(੪) | ੩੩=[੭੦੫]-ਛੰਤ-੨(੨) | ੩੪=[੬੯੫]-੧(੬) | ੩੫=[੭੦੬]-ਵਾਰ-੪ | ੩੬=[੭੫੫]-੧-੩(੭)] |
| ੩੭=[੮੩੪]-ਅਸਟ-੩(੧) | ੩੮=[੮੮੨]-੧(੩) | ੩੯=[੭੩੫]-੨-੧੩(੧) | ੪੦=[੯੮੯]-੨(੩) | ੪੧=[੭੩੦]-੫-੭(੨) | ੪੨=।[੮੧੩]-੨੦-੫੦(੩) |
| ੪੩=[੮੧੩]-੧੯-੪੯(੨) | ੪੪=[੫੮੫]-੪-(੧) | ੪੫=[੮੯੮]-੩੭-੪੮(੩) | ੪੬=[੮੮੮]-੮-੧੯(੧) | ੪੭=[੭੯੪]-੧(੧) | ੪੮=[੮੯੮]-੩੮-੪੯(ਰਹਾ) |
| ੪੯=[੯੭੦]-੮(੫) | ੫੦=[੧੦੮੬]-੧-੧੨-੨੨(੬) | ੫੧=[੯੪੦]-੨੨ | ੫੨=[੯੩੨]-੧੮ਓ | ੫੩=[੯੩੭]-ਓ-੨੫ | ੫੫=[੮੪੬]-ਸਿਧ ਗੋਸਟ-੨੫ |
| ੫੫=[੯੮੯]-੨(੧) | ੫੬=[੯੯੦]-੩(੪) | ੫੭=[੯੯੦]-੪ | ੫੮=੯੯੩]-੨(੫) | ੫੯=[੧੦੦੨]-੫-੧੪(੪) | ੬੦=[੧੦੩ ੭]-੪-੧੭(੧) |
| ੬੧=[੧੦੫੦]-੭(੧੦) | ੬੨=[੧੦੫੧]-੮(੫) | ੬੩=[੧੦੫੭]-੪-੧੩(੩) | ੬੪=[੧੦੨੭]-੨-੮(੧੦) | ੬੫=[੧੦੨੮]-੩-੯(੪) | ੬੬=[੧੦੪੯]-੨(੫) |
| ੬੭=[੧੦੯੮]-ਵਾ-੧੧ | ੬੮=[੭੯੨]--(੧) | ੬੯=[੭੨੮]-ਛੰਤ-੩(੧) | ੭੦=[੯੫੩]-੧੩(੨) | ੭੧=[੧੦੧੩]-ਅਸ-੮(੯) | ੭੨=[੧੦੨੭]੨-੮(੭,੮,੯) |
| ੭੩=[੧੦੮੯]-ਵਾਰ-੧੨(੨) | ੭੪=[੧੧੬੮]-੩(੪) | ੭੫=[੧੧੮੩]-੧੨ | ੭੬=[੧੧੯੩]-੨(੩) | ੭੭=[੧੨੪੩]ਵਾਰ-੧੫ | ੭੮=[੧੩੧੧]-੫ |
| ੭੯=[੧੦੦੫]-੩-੧੯(੩) | ੮੦=[੧੧੦੪]-੭(੩) | ੮੧=[੨੧੮੦]-੯(੨) | ੮੨=[੧੩੩੪]-੩ | ੮੩=[੩੧੬੩]-੪(੧) | ੮੪=[੧੧੭੯]-੩-੫(੪) |
| ੮੫=[੧੨੬੬]-੨(੪) | ੮੬=[੨੨੧]-੧ਸ਼ਟ(੮) | ੮੭=[੧੪੧੩]-੫ | ੮੯=[੧੪੧੪]-੧੪ | ੮੯=[੧੪੨੫]-੭ | ੯੦=[੧੦੯੩]-ਵਾਰ-੧੮ |
| ੯੧=[੧੧੨੮]-੧(੫) | ੯੨=[੧੧੬੧]-੭-੧੫(੪) | ੯੩=[੧੨੪੦]-ਵਾਰ-੮(੨) | ੯੪=[੨੧੪੧]-ਵਾਰ-੯(੨) | ੯੫=[੮੧੭]-੨-੬੬(ਰਹਾ) | ੯੬=[੧੦੪੪]-੧(੫) |
| ੯੭=[੧੨੮੯]-ਵਰਾ-੨੪(੧) | ੯੮=[੧੨੯੩]-੧(੩) | ੯੯=[੧੩੦੦]-੧-੧੨(੧) | ੧੦੦=[੧੩੧੧]-੫(੬) | ੧੦੧=[੧੩੭੬]-੨੨੪ | ੧੦੨=[੧੩੭੬]-੨੧੬ |
| ੧੦੩=[੧੩੮੩]-੯੪ | ੧੦੪=[੧੨੩੮]-ਵਵਾਰ-੨ | ੧੦੫=[੧੨੪੨]-ਵਾਰ-੧੪ | ੧੦੬=[੧੨੬੪]-੫ | ੧੦੭=[੧੩੫੧]-੩ | ੧੦੮=[੧੩੪੨]-ਅਸਟ-੧ |
| ੧੦੯=[੧੨੫੮]-੨(੩) | ੧੧੦-[੧੩੭੬]-੨੨੨ | ੧੧੧=[੧੨੫੫]-੪-(੧) | ੧੧੨=[੧੩੩੧]-੧੩(੫) | | |

੧੩੫- **ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥**
**ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥ ੪ ॥**[੩੬੩]-੮-੪੭

੧੩

# ਧਰਮ ਰਾਜ

ਧਰਮ ਰਾਜ, ਉਸ ਦੀ ਪੁਰੀ **ਸੰਯਮਨੀ**, ਮਹਲ, **ਕਾਲੀਚੀ** ਉਸ ਦੇ ਸਿੰਘਾਸਨ **ਵਿਹਾਰਭੂ** ਅਤੇ ਧਰਮ ਰਾਜ ਦੇ ਮੁਨਸ਼ੀ, **ਚਿਤ੍ਰ ਗੁਪਤ** ਦਾ ਜ਼ਿਕਰ ਅਸੀਂ ਗਰੁੜ ਪੁਰਾਣ ਵਿਚ ਵਿਸਥਾਰ ਨਾਲ ਪੜ੍ਹ ਆਏ ਹਾਂ। ਗਰੁੜ ਪੁਰਾਣ ਦੇ ਅਧਾਰ ਤੇ, ਹਿੰਦੂ ਧਰਮ ਵਿਚ ਬੜਾ ਪੱਕਾ ਵਿਸ਼ਵਾਸ਼ ਬਣਿਆਂ ਹੋਇਆ ਹੈ ਕਿ ਜੀਵ ਦੇ ਕੀਤੇ ਕਰਮਾਂ ਦੇ ਅਨੁਸਾਰ ਉਸ ਨੂੰ ਸੁਰਗ ਵਿਚ ਜਾਂ ਨਰਕ ਵਿਚ ਭੇਜਣ ਦਾ ਫ਼ੈਸਲਾ **ਧਰਮ ਰਾਜ** ਦੇ ਹੱਥ ਵਿਚ ਹੈ । ਹਿੰਦੂ ਗ੍ਰੰਥਾਂ ਵਿਚਲੀਆਂ ਕਈ ਅਜੇਹੀਆਂ ਕਹਾਣੀਆਂ ਵਿਚ ਇੱਕ ਅਜੇਹੀ ਗਾਥਾ ਵੀ ਹੈ, ਕਿ ਧਰਮ ਰਾਜ ਦੇ ਦੂਤ ਭੁਲੇਖੇ ਨਾਲ ਕਿਸੇ ਗ਼ਲਤ ਜੀਵ ਦੇ ਪ੍ਰਾਣ ਕੱਢ ਕੇ ਲੈ ਗਏ । ਜਦ ਚਿਤ੍ਰ ਗੁਪਤ ਨੇ ਆਪਣੇ **ਅਗ੍ਰਸੰਧਾਨੀ** ਰਜਿਸਟਰ ਵਿਚਲੀ ਲਿਖਤ ਦੇ ਅਧਾਰ ਤੇ ਇਹ ਕਹਿ ਦਿੱਤਾ ਕਿ ਮੂਰਖ ਜਮ, ਕਿਸੇ ਗ਼ੱਲਤ ਬੰਦੇ ਦੇ ਪ੍ਰਾਣ ਕੱਢ ਲਿਆਏ ਹਨ, ਤਾਂ ਧਰਮ ਰਾਜ ਨੇ ਕੜਕ ਕੇ ਦੂਤਾਂ ਨੂੰ ਹੁਕਮ ਦਿੱਤਾ- " ਜਾਉ ਪ੍ਰਾਣ ਉਸੇ ਲੋਥ ਵਿਚ ਮੁੜ ਪਾ ਆਉ "। ਅਖੇ, ਏਹੀ ਕਾਰਨ ਹੁੰਦਾ ਹੈ ਜੋ ਕਈ ਵਾਰੀ ਮਰਿਆ ਹੋਇਆ ਮਨਮੁੱਖ ਦੋਬਾਰਾ ਉਠ ਕੇ ਬੈਠ ਜਾਂਦਾ ਹੈ । ਅਜੇਹੀ ਇਕ ਹੋਰ ਥਾ ਇਉਂ ਵੀ ਹੈ--' ਗ਼ਲਤੀ ਨਾਲ ਰੂਹ ਕੱਢ ਕੇ ਲੈ ਜਾਣ ਵਾਲੇ ਜਮ-ਦੂਤ ਧਰਮਰਾਜ ਕੋਲੋਂ ਝਾੜਾਂ ਖਾ ਕੇ ਜਦ ਜਮ ਲੋਕ ਤੋਂ ਧਰਤੀ ਤੇ ਪੁੱਜੇ ਤਾਂ ਉਸ ਅਭਾਗੇ ਪ੍ਰਾਣੀ ਦੀ ਲਾਸ਼ ਸੜ ਚੁੱਕੀ ਸੀ। ਸਬੱਬ ਨਾਲ ਨੇੜੇ ਹੀ ਮਰਿਆ ਹੋਇਆ ਕੁੱਤਾ ਪਿਆ ਜਮਾਂ ਦੀ ਨਜ਼ਰੀਂ ਪੈ ਗਿਆ। ਜਮਾ ਨੇ ਡਰਦਿਆਂ ਮਾਰਿਆਂ ਉਸ ਕੁਤੇ ਦੇ ਉਸ ਮੁਰਦਾ ਲੋਥ ਵਿਚ ਬੰਦੇ ਵਾਲੀ ਜਾਨ ਪਾ ਦਿੱਤੀ। ਕੁੱਤਾ ਉਠ ਕੇ ਉਸੇ ਘਰ ਜਾ ਵੜਿਆ ਜਿਨ੍ਹਾਂ ਦਾ ਮਨੁੱਖ ਮਰਿਆ ਸੀ । ਕੁੱਤੇ ਦੇ ਅਸਲ ਮਾਲਕਾਂ ਨੂੰ ਵੀ ਪਤਾ ਲੱਗ ਗਿਆ ਕਿ ਉਨ੍ਹਾਂ ਦਾ ਕੁੱਤਾ ਜੀਉਂਦਾ ਹੋ ਕੇ ਗੁਆਂਡੀਆਂ ਦੇ ਬੂਹੇ ਜਾ ਬੈਠਾ ਹੈ । ਪਰ ਉਹ ਕੁੱਤਾ ਬਣ ਕੇ ਘਰ ਪਰਤਿਆ ਮਨੁੱਖ, ਆਪਣੇ ਘਰ-ਘਾਟ, ਧੀਆਂ ਪੁੱਤ੍ਰਾਂ ਅਤੇ ਪ੍ਰਵਾਰ ਨੂੰ ਛੱਡ ਕੇ ਸ਼ਰੀਕਾਂ ਦੇ ਘਰ ਜਾਣਾ ਆਪਣੀ ਹੈਠੀ ਮੰਨਦਾ ਸੀ

। ਇਸ ਕਸੂਰ ਤੋਂ ਵਿਚਾਰੇ ਨੂੰ ਡੰਡੇ ਵੀ ਖਾਣੇ ਪੈਂਦੇ ਰਹੇ । ਜਦ ਉਸ ਦੇ ਆਪਣੇ ਪੁੱਤ੍ਰਾਂ ਨੇ ਵੀ ਸਹਾਇਤਾ ਕਰਨ ਦੇ ਥਾਂ ਸਗੋਂ ਡੰਡੇ ਮਾਰੇ ਤਾਂ ਉਹ ਲਾਚਾਰ ਹੋ ਕੇ ਗੁਆਂਡੀਆਂ ਦੇ ਬੂਹੇ ਜਾ ਬੈਠਾ। ਆਪਣਿਆਂ ਨੂੰ ਛੱਡ ਕੇ ਸ਼ਰੀਕਾਂ ਦੇ ਘਰ ਬੈਠਾ ਉਹ (ਮਨੁੱਖ-ਕੁੱਤਾ) ਭੌਂਕੇ ਕਿਸ ਨੂੰ ? ਹੈਂ ਇਸ ਨੂੰ ਸਾਡੇ ਘਰ ਆ ਕੇ ਕੀ ਹੋ ਗਿਆ ? ਭੌਂਕਣਾ ਹੀ ਛੱਡ ਦਿੱਤਾ । ਗੁਆਂਡੀਆਂ ਨੇ ਦੁਖੀ ਹੋ ਕੇ ਦੁਰਕਾਰਨਾਂ ਸ਼ੁਰੂ ਕਰ ਦਿੱਤਾ । ਜਮਾਂ ਦੀ ਇਸ ਕੋਝੀ ਕਰਤੂਤ ਦੇ ਕਾਰਨ ਅਗਲੀ ਦੁਨੀਆਂ ਤੋਂ ਮੁੜਿਆ, ਨਿਰਦੋਸ਼ ਮਨੁੱਖ, **ਨਾ ਘਰ ਜੋਗਾ ਅਤੇ ਨਾ ਹੀ ਘਾਟ ਜੋਗਾ ਸੀ** । [ Foot note:--ਗੁਰਮਤਿ ਸਿਧਾਂਤ ਨੂੰ ਠੀਕ ਤਰ੍ਹਾਂ ਸਮਝ ਲੈਣ ਵਾਲਾ ਗੁਰਸਿੱਖ, ਪੁਰਾਣਾ ਵਿਚਲੀਆਂ ਅਜੇਹੀਆਂ ਕਹਾਣੀਆਂ ਨੂੰ ਸੱਚ ਨਹੀਂ ਮੰਨ ਸਕਦਾ ]

ਸਿੱਖਾਂ ਵਿੱਚ ਵੀ ਧਰਮਰਾਜ ਦੀ ਕਚਹਿਰੀ ਦੀ ਬੜੀ ਚਰਚਾ ਹੈ । ਭਾਈ ਰਣਧੀਰ ਸਿੰਘ ਜੀ ਨੇ ਤਾਂ ਗੁਰੂ ਬਾਣੀ ਦੇ ਸ਼ਬਦਾਂ ਦੀ ਕੁ-ਵਰਤੋਂ ਨਾਲ ਆਪਣੀ ਪੁਸਤਕ " **ਅਣਡਿੱਠੀ ਦੁਨੀਆ** " ਵਿਚ ਦੇਵੀ ਦੇਵਤਿਆਂ, ਭੂਤਾਂ ਪ੍ਰੇਤਾਂ ਅਥਵਾ ਧਰਮਰਾਜ ਅਤੇ ਅਗਲੀ ਦਰਗਾਹ ਬਾਰੇ ਲਗਪਗ ਉਸੇ ਤਰ੍ਹਾਂ ਦੀ ਤਸੱਲੀ ਕਰਵਾਈ ਹੋਈ ਹੈ, ਜਿਵੇਂ ਬ੍ਰਾਹਮਣੀ ਗ੍ਰੰਥਾਂ ਵਿਚ ਇਨ੍ਹਾਂ " **ਗ਼ੈਬਾਨ** " (=ਜਿਹੜੇ ਅੱਖੀਆਂ ਨਾਲ ਪਰਤੱਖ ਤੌਰ ਤੇ ਕਦੇ ਵੇਖੇ ਨਾ ਗਏ ਹੋਣ) ਭੂਤ ਪ੍ਰੇਤ, ਦੇਵੀ ਦੇਵਤੇ ਆਦਿ ਦਾ ਮਨੁਖਾ ਜੀਵਨ ਵਿਚ ਭਰਪੂਰ ਦਖ਼ਲ ਦਰਸਾਇਆ ਹੋਇਆ ਹੈ। ਜਿਹੜੀ ਗੁਰੂ ਬਾਣੀ ਮਨੁੱਖਾ ਜੀਵਨ ਨੂੰ ਸੁਖੀ ਬਣਾਉਣ ਲਈ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਵੀ ਗ਼ੈਬੀ ਸ਼ਕਤੀ ਤੇ ਵਿਸ਼ਵਾਸ਼ ਰੱਖਣ ਦੇ ਭਰਮਾਂ ਭੁਲੇਖਿਆਂ ਤੋਂ ਮੁਕਤ ਕਰਦੀ ਹੈ, ਅਤੇ ਜਿਸ ਪਾਵਨ ਗੁਰੂ ਬਾਣੀ ਨੇ ਭਰਮਾਂ ਭੁਲੇਖਿਆਂ ਤੋਂ ਮੁਕਤ ਪਰਾਣੀ ਨੂੰ--**ਸੋ ਸੁਖੀਆਂ ਜਿਸੁ ਭ੍ਰਮ ਗਇਆ ॥**[੧੧੯੦] ਸੁਖੀ ਜੀਵਨ ਵਾਲਾ ਫ਼ੁਰਮਾਨ ਕੀਤਾ ਹੈ, ਭਾਈ ਰਣਧੀਰ ਸਿੰਘ ਸਾਹਿਬ ਨੇ ਉਸੇ ਪਾਵਨ ਗੁਬਾਣੀ ਨੂੰ **ਅਣਡਿਠੀ ਦੁਨੀਆਂ ਦਾ ਭਰਮ ਪੱਕਾ ਕਰਨ ਲਈ ਵਰਤਿਆ** ਹੋਇਆ ਹੈ। [ਨੋਟ:--ਜਿਵੇ ਮਾਸ ਖਾਣ ਨੂੰ ਗੁਰਮਤਿ ਵਿਰੋਧੀ ਇੱਕ ਦੁਸ਼-ਕਰਮ ਸਿੱਧ ਕਰਨ ਲਈ ਗੁਰੂ ਬਾਣੀ ਦੀ ਗ਼ਲਤ ਵਰਤੋਂ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਅਵੱਗਿਆ ਕੀਤੀ ਹੋਈ, ਪਾਠਕਾਂ ਨੇ--**ਮਾਸੁ ਮਾਸੁ ਕਰਿ ਮੂਰਖੁ ਝਗੜੇ**--ਪੁਸਤਕ ਵਿਚ ਪੜ੍ਹ ਲਈ ਹੈ] ਦੇਵੀ ਦੇਵਤਿਆਂ ਬਾਰੇ ਅਤੇ ਅਵਤਾਰ ਪ੍ਰਥਾ ਬਾਰੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਵਿਚਾਰ ਹੋ ਚੁੱਕੀ ਹੈ। ਭੂਤਾਂ ਪ੍ਰੇਤਾਂ ਬਾਰੇ ਵੀ ਪੁਸਤਕ ਦੇ ਚੋਥੇ ਭਾਗ ਦੇ ਪਹਿਲੇ ਕਾਂਡ ਵਿਚਲੇ--" **ਭੂਤ-ਪ੍ਰੇਤ ਵੀ ਇੱਕ ਭਰਮ** " ਨੌਂਵੇਂ ਤੋਂ ੧੩ਵੇਂ ਤੱਕ, ਕੁਲ ਪੰਜ ਹਿਸਿਆਂ ਦੇ ਲੇਖ ਵਿਚ, ਭੂਤ ਪ੍ਰੇਤਾਂ ਦੀ ਅਸਲੀਯਤ ਬਾਰੇ, ਵਿਸਥਾਰ ਨਾਲ, ਗੁਰਮਤਿ ਵਿਚਾਰ ਲਿਖੀ ਜਾ ਚੁੱਕੀ ਹੈ। ਏਥੇ ਅਸਾਂ ਧਰਮਰਾਜ ਬਾਰੇ, ਅਗਲੀ ਦਰਗਾਹ ਅਥਵਾ ਪ੍ਰਭੂ ਦੇ ਦਰਬਾਰ ਬਾਰੇ ਗੁਰਮਤਿ ਵਿਚਾਰ ਕਰਨੀ ਹੈ। ਭਾਰਤੀ ਮਨੁੱਖ ਨੂੰ ਧਰਮ ਰਾਜ ਦੀ ਹੋਂਦ ਦਾ ਭਰੋਸਾ ਬਿਪ੍ਰ ਦੇ ਲਿਖੇ ਗ੍ਰੰਥਾਂ ਤੋ ਬਣਿਆਂ ਹੈ । ਧਰਮ ਰਾਜ ਅਤੇ ਉਸ ਦੀ " ਪੁਰੀ " ਆਦਿ ਬਾਰੇ ਜੋ ਕੁਝ ਬ੍ਰਾਹਮਣ ਨੇ ਆਪਣੇ ਗ੍ਰੰਥਾਂ ਵਿਚ ਲਿਖਿਆ ਹੈ, ਅਜੇਹਾ ਕੁਝ ਸੰਸਾਰ ਦੇ ਹੋਰ ਕਿਸੇ ਧਰਮ ਦੇ ਗ੍ਰੰਥਾਂ ਵਿਚ ਲਿਖਿਆ ਨਹੀਂ ਮਿਲਦਾ। ਬ੍ਰਹਮਾਂ ਦੇ ਮੂੰਹ ਵਿਚੋਂ ਹੋਈ- ਆਪਣੀ ਪੈਦਾਇਸ਼ ਦੀ ਕਹਾਣੀ ਵਾਂਗ ਹੀ, ਬ੍ਰਾਹਮਣ ਨੇ ਧਰਮ ਰਾਜ ਦੀ ਪੈਦਾਇਸ਼ ਦੀ ਕਹਾਣੀ ਵੀ ਬੜੀ ਵਚਿਤ੍ਰ ਹੈ। ਬ੍ਰਾਹਮਣ ਦੇ ਲਿਖੇ ਪੁਰਾਣਾ ਅਨੁਸਾਰ ਧਰਮ ਰਾਜ ਦੀ ਜਨਮ-ਕਥਾ ਇਸ ਪ੍ਰਕਾਰ ਹੈ:--

**ਕਥਿਤ ਧਰਮਰਾਜ** ਦੇ ਕਥਿਤ ਨਾਨਾ ਜੀ, ਪਰਮ ਮਿਸਤਰੀ **ਵਿਸ਼ਕਰਮਾਂ** ਜੀ ਦੀ ਕਥਾ ਪੁਸਤਕ ਦੇ ਪਹਿਲੇ ਭਾਗ ਵਿਚ ਵਿਸਥਾਰ ਨਾਲ ਆ ਚੁੱਕੀ ਹੈ। ਪਰ ਏਥੇ ਧਰਮ-ਰਾਜ ਦੀ ਅਸੀਅਤ ਨੂੰ ਠੀਕ ਤਰ੍ਹਾਂ ਸਮਝਣਾ ਇੱਕ ਜ਼ਰੂਰੀ ਵਿਸ਼ਾ ਹੈ। ਇਸ ਲਈ **ਵਿਸ਼੍ਵਕਰਮਾ** ਦੀ ਕਥਾ ਦੀ ਉਚੇਚੀ ਯਾਦ (ਪਾਠਕਾਂ ਦੀ ਸਹੂਲਤ ਲਈ) ਲਹੇਵੰਦ ਰਹੇਗੀ। ਵਿਸ੍ਵਕਰਮਾ ਨਾਂ ਦਾ ਦੇਵਤਾ ਵੀ ਬ੍ਰਾਹਮਣੀ ਕਲਪਣਾ ਦੀ ਹੀ ਉਪਜ ਹੈ। ਪਰ ਇਸ ਅਦਭੁਤ ਦੇਵਤੇ ਨੂੰ ਰਾਮਗੜ੍ਹੀਆ ਬ੍ਰਾਦਰੀ ਦੇ ਕਈ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਇਸ ਦੇਵਤੇ ਨੂੰ ਵੀ ਆਪਣਾ **ਇਸ਼ਟ** ਮੰਨਦੇ ਹਨ ਅਤੇ ਗੁਰੂ ਘਰਾਂ ਵਿੱਚ ਇਸ ਦੇਵਤੇ ਦਾ ਜਨਮ-ਪੁਰਬ ਵੀ ਸਤਿਗੁਰਾਂ ਦੇ ਜਨਮ ਪੁਰਬ ਵਾਂਗ ਹੀ ਮਨਾਉਂਦੇ ਹਨ।

ਪੁਰਾਣਾ ਅਨੁਸਾਰ ਵਿਸ੍ਵਕਰਮਾਂ ਨੇ ਸ੍ਰਿਸ਼ਟੀ ਸਿਰਜਣਾ ਵਿਚ ਪਰਮਾਤਮਾ ਦੀ ਬੜੀ ਸਹਾਇਤਾ ਕੀਤੀ ਸੀ। ਰਿਗ ਵੇਵ ਵਿਚ ਲਿਖਿਆ ਹੈ ਕਿ ਵਿਸ਼ਕ੍ਰਮਾਂ ਦੇ ਸਰੀਰ ਦੇ ਹਰ ਪਾਸੇ ਹਜ਼ਾਰਾਂ ਮੂੰਹ ਬਾਹਾਂ ਅਤੇ ਪੈਰ ਹਨ। ਸੰਸਾਰ ਰਚਨ ਵੇਲੇ ਇਹ ਆਪਣੀਆਂ ਉਨ੍ਹੰ ਹਜ਼ਾਰਾਂ ਬਾਹਾਂ ਤੋਂ ਕੰਮ ਲੈਂਦਾ ਹੈ ਅਰ ਇਸ ਨੂੰ ਸਾਰੇ ਲੋਕਾਂ ਦਾ ਗਿਆਨ ਹੈ । ਇਸ ਨੂੰ ਮਹਾਭਾਰਤ ਅਤੇ ਪੁਰਾਣਾਂ ਵਿੱਚ ਦੇਵਤਿਆਂ ਦਾ ਚੀਫ ਇੰਨਜੀਨੀਅਰ Chief Engineer ਦੱਸਿਆ ਹੈ।

ਇਸ ਗਾਥਾ ਨੂੰ ਅੱਗੇ ਤੋਰਨ ਤੋਂ ਪਹਿਲਾਂ, ਪਾਠਕਾਂ ਨੂੰ ਗੁਰਮਤਿ ਦੇ ਵਿਸ਼ੇਸ਼ ਸਿਧਾਂਤ ਦੀ ਯਾਦ ਕਰਵਾ ਕਰਵਾ ਦੇਣੀ ਜ਼ਰੂਰੀ ਹੈ। ਸਿੱਖਾਂ ਵਿਚੋਂ ਜਿਹੜੇ ਲੋਕ ਇਸ ਕਲਪਤ ਦੇਵਤੇ ਨੂੰ ਸ੍ਰਿਸ਼ਟੀ ਸਿਰਜਣਾ ਵਿਚ ਰੱਬ ਦਾ ਸਹਾਈ ਹੋਇਆ ਮੰਨਦੇ ਹਨ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਉਨ੍ਹਾਂ ਸਪੱਸ਼ਟ ਹੁਕਮਾ ਦੀ ਬੇਅਦਬੀ ਕਰਦੇ ਹਨ ਜਿਨ੍ਹਾਂ ਅਨੁਸਾਰ, ਇਸ ਸਾਰਾ ਦਿਸਦਾ ਅਤੇ ਅਣਦਿਸਦਾ ਸੰਸਾਰ ਕਰਤਾਰ ਦਾ ਆਪਣਾ ਵਜੂਦ ਹੈ ਅਤੇ ਇਸ ਸਾਰੇ ਬ੍ਰਹਮੰਡ ਦਾ ਕਰਤਾ ਵੀ ਉਹ ਆਪ ਹੀ ਆਪ ਹੈ। ਇਸ ਅਪਾਰ ਖਿਲਾਰੇ ਦੀ ਸਿਰਜਣਾ ਵਿਚ ਹੋਰ ਕੋਈ ਦੂਜਾ ਨਾ ਉਸ ਦਾ ਕੋਈ ਸਲਾਹਕਾਰ ਹੈ ਅਤੇ ਨਾ ਕੋਈ ਉਸ ਦੀ ਸਹਾਇਤਾ ਹੀ ਕਰਨ ਜੋਗ ਸੀ--(੧) **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** [੨੭੬]-(੨)--**ਤੂ ਕਰਣ ਕਾਰਣ ਸਮਰਥੁ ਹੈ, ਦੂਜਾ ਕੋ ਨਾਹੀ ॥**[੩੦੨] (੩)--**ਤਿਸਹਿ ਬੂਝ ਜਿਨਿ ਤੂ ਕੀਆ ਪ੍ਰਭੁ ਕਰਣ ਕਾਰਣ ਏਕ ॥ ੧ ॥ ਰਹਾਉ ॥**[੧੦੦੭] (੪) **ਤੁਧੁ ਆਪੇ ਕਾਰਣੁ ਆਪੇ ਕਰਣਾ ॥** [੫੬੩] ਮਿਥੇ ਹੋਏ ਟੀਚੇ ਅਨੁਸਾਰ ਪੰਜਵਾਂ ਗੁਰੂ ਸ਼ਬਦ:----

੧੩੬- **ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ॥ ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ**
**ਜਾਂ ਅਵਰੁ ਨ ਦੂਜਾ ਕੀਆ ॥ ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ॥ ਆਪੇ ਸੇਵ**
**ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥ ਆਪਿ ਨਿਰੰਕਾਰ ਆਕਾਰੁ ਹੈ, ਆਪੇ ਕਰੈ ਸੁ ਥੀਆ ॥ ੭ ॥**[੫੫੧]-ਵਾਰ-੭

**ਅਰਥ:**--ਜਦੋਂ ਪ੍ਰਭੂ ਨੇ ਆਪ ਹੀ ਬਹਿ ਕੇ ਰਚਨਾ ਰਚੀ ਤਦੋਂ ਉਸ ਨੇ ਕਿਸੇ ਦੂਜੇ ਸੇਵਕ ਪਾਸੋਂ ਸਲਾਹ ਨਹੀਂ ਲਈ, ਜਦੋਂ ਹੋਰ ਦੂਸਰਾ ਕੋਈ ਪੈਦਾ ਹੀ ਨਹੀਂ ਕੀਤਾ, ਤਾਂ ਕਿਸੇ ਨੇ ਕਿਸੇ ਪਾਸੋਂ ਲੈਣਾ ਕੀ ਸੀ ਅਤੇ ਦੇਣਾ ਕੀ ਸੀ ? (ਭਾਵ, ਕੋਈ ਐਸਾ ਹੈ ਹੀ ਨਹੀਂ ਸੀ ਜੋ ਪਰਮਾਤਮਾ ਨੂੰ ਸਲਾਹ ਦੇ ਸਕਦਾ । ਫਿਰ ਹਰੀ ਨੇ ਆਪ ਹੀ ਸੰਸਾਰ ਨੂੰ ਪੈਦਾ ਕੀਤਾ ਤੇ

ਸਭ ਜੀਵਾਂ ਨੂੰ ਰੋਜ਼ੀ ਦਿੱਤੀ। ਗੁਰੂ ਦੀ ਰਾਹੀਂ ਸਿਮਰਨ ਦੀ ਜੁਗਤਿ ਪ੍ਰਭੂ ਨੇ ਆਪ ਹੀ ਬਣਾਈ ਤੇ ਆਪ ਹੀ ਉਸ ਨੇ (ਨਾਮ-ਰੂਪ) ਅੰਮ੍ਰਿਤ ਪੀਤਾ, ਪ੍ਰਭੂ ਆਪ ਹੀ ਆਕਾਰ ਤੋਂ ਰਹਿਤ ਹੈ ਤੇ ਆਪ ਹੀ ਆਕਾਰ ਵਾਲਾ ਹੈ, ਜੋ ਉਹ ਆਪ ਕਰਦਾ ਹੈ ਦੋਈ ਹੁੰਦਾ ਹੈ । ੭ ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤਿ ਜੁਗਤ ਦੇ ਸਦੀਵੀ ਪ੍ਰਕਾਸ਼ ਰੂਪ ਸ੍ਰੀ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੀਸ ਝੁਕਾਉਣ ਵਾਲੇ ਰਾਮਗੜ੍ਹੀਏ ਵੀਰਾਂ ਦੀ ਚਰਨਾਂ ਵਿਚ ਬੇਨਤੀ ਹੈ ਕਿ ਉਹ ਸਤਿਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਕਿਸੇ ਵੀ ਦੇਵੀ ਦੇਵਤੇ ਆਦਿ ਬਾਰੇ ਧਾਰਮਿਕ ਸ਼ਰਧਾ ਕਦੇ ਨਾ ਬਨਾਉਣ।

**ਰਾਮਾਇਣ** ਦੇ ਲਿਖਾਰੀ ਨੇ **ਵਿਸ਼੍ਵਕਰਮਾ ਅੱਠਵੇਂ ਵਸੁ ਪ੍ਰਭਾਸ** ਦਾ ਪੁੱਤ੍ਰ **ਲਾਵਨਯਮਤੀ-ਯੋਗ ਸਿੱਧਾ** ਦੇਵੀ ਪੇਟੋਂ ਹੋਇਆ ਮੰਨਿਆਂ ਹੈ। ਪੁਰਾਣਾ ਵਿਚ **ਵਿਸ਼੍ਵਕਰਮਾਂ** ਦੀ ਪੁੱਤ੍ਰੀ **ਸੰਜਨਾ** ਦਾ ਵਿਆਹ **ਸੂਰਜ** ਨਾਲ ਹੋਇਆ ਲਿਖਿਆ ਹੈ । ਅਖੇ ਜਦ ਸੰਜਨਾ ਸੂਰਜ ਦਾ ਤੇਜ ਨਾ ਸਹਾਰ ਸਕੀ, ਤਾਂ ਵਿਸ਼ਵਕਰਮਾਂ ਨੇ **ਸੂਰਜ ਨੂੰ ਆਪਣੇ ਖਰਾਦ ਦੇ ਚਾੜ੍ਹ ਕੇ ਉਸ ਦਾ ਅਠਵਾਂ ਭਾਗ ਛਿੱਲ ਦਿੱਤਾ,** ਜਿਸ ਤੋਂ ਸੂਰਜ ਦੀ ਤਪਤ ਕਮ ਹੋ ਗਈ । ਸੂਰਜ ਦੇ ਛਿੱਲੜ ਤੋਂ ਵਿਸ਼੍ਵਕਰਮਾਂ ਨੇ **ਵਿਸ਼ਨੂੰ** ਦਾ **ਸੁਦਰਸ਼ਨ-ਚੱਕਰ, ਸ਼ਿਵ** ਦਾ **ਤ੍ਰਸ਼ੂਲ, ਕਾਰਤਿਕੇਯ** ਦੀ **ਬਰਛੀ** ਅਤੇ ਹੋਰ ਕਈ ਦੇਵਤਿਆਂ ਦੇ ਸ਼ਸਤ੍ਰ ਬਣਾਏ ।

## ਧਰਮ ਰਾਜ ਸੂਰਜ* ਦੀ ਔਲਾਦ ?

ਰਿਗ ਵੇਦ ਦੀ ਲਿਖਤ ਅਨੁਸਾਰ **ਯਮ-ਰਾਜ** (ਧਰਮ-ਰਾਜ) ਅਤੇ **ਯਮੀ** ਭਾਵ, **ਜਮਨਾਂ- ਨਦੀ** ** ਦੋਵੇਂ ਸੂਰਜ ਦੀ ਅਉਲਾਦ, ਸਕੇ ਭੈਣ ਭਾਈ ਹਨ । [* Foot note:--ਬ੍ਰਾਹਮਣੀ ਲਿਖਤਾਂ ਤੋਂ ਬਣੇ ਵਿਸ਼ਵਾਸ਼ ਅਨੁਸਾਰ, ਜਿਹੜਾ ਪ੍ਰਾਣੀ ਜਮਨਾ ਨਦੀ ਵਿਚ ਨ੍ਹਉਂਦਾ ਹੈ ਉਸ ਨੂੰ ਜਮਾਂ ਦਾ ਡਰ ਨਹੀਂ ਰਹਿੰਦਾ । ਕਿਉਂਕਿ ਜਮਨਾਂ ਯਮਰਾਜ ਦੀ ਭੈਣ ਹੈ ਇਸ ਕਾਰਨ ਜਮ ਅਜੇਹੇ **ਜਮਨਾ-ਭਗਤਾਂ** ਨੂੰ ਕੁੱਝ ਨਹੀਂ ਕਹਿੰਦਾ ]

*[**Foot note:--**ਏਸੇ ਸੂਰਜ ਨੂੰ, ਜਿਹੜਾ ਆਪਣੇ ਆਪ ਨੂੰ ਬੜੇ ਭਿਆਨਕ ਸੇਕ ਅਤੇ ਰੌਸਨੀ ਦਾ ਅਥਾਹ ਭੰਡਾਰ ਸਮਝਣ ਦੇ ਹੰਕਾਰ ਵਿਚ ਸੀ, ਜਿਹੜਾ ਸੂਰਜ ਆਪਣੇ ਅਕਾਰ ਨੂੰ ਧਰਤੀ-ਮਾਤਾ ਨਾਲੋਂ ਲੱਖਾਂ ਗੁਣਾ ਵੱਡਾ ਸਮਝਣ ਦੀ ਮੂਰਖਤਾਈ ਕਰੀ ਬੈਠਾ ਸੀ, ਜਿਹੜੇ ਸੂਰਜ ਨੂੰ ਇਹ ਗ਼ਲਤ ਫ਼ਹਿਮੀ ਸੀ ਕਿ, ਸੰਸਾਰ ਦਾ ਹਰ ਦਿਸਦਾ ਪਦਾਰਥ ਉਸ ਤੋਂ ਕਈ ਮੀਲ ਦੂਰ ਤੋਂ ਹੀ ਸੜ ਕੇ ਸੁਆਹ ਹੀ ਨਹੀਂ ਹੋ ਜਾਂਦਾ ਸਗੋਂ ਉਹ ਆਪ ਵੀ ਸੂਰਜ ਦੀ ਅੱਗ਼ ਦਾ ਹਿੱਸਾ ਇੱਕ ਭਾਂਬੜ ਬਣ ਜਾਂਦਾ ਹੈ--ਬ੍ਰਾਹਮਣੀ ਕਥਾ-ਕਲਾ ਦੇ ਕਮਾਲ ਨੇ, ਉਸੇ ਸੂਰਜ ਨੂੰ ਇਕ ਨਵ ਜਨਮੇ ਕਾਕੇ ਦੇ ਮੂਹ ਵਿਚ ਵੜਦਾ ਦਰਸਾ ਕੇ ਨਿਰਾ ਸੰਸਾਰੀ ਜੀਵਾਂ ਨੂੰ ਹੀ ਹਨੇਰੇ ਕਾਰਨ ਕੁਰਲਾਉਂਦਿਆਂ ਨਹੀਂ ਦਰਸਾਇਆ, ਸਗੋਂ ਸਾਰੇ ਕਥਿਤ ਦੇਵੀ ਦੇਵਤੇ ਉਸ ਬਾਲਕ (ਹਨੂੰਮਾਨ) ਦੀ ਉਸਤਤੀ ਗਾ-ਗਾ ਕੇ ਉਸ ਕੋਲੋਂ ਸੂਰਜ ਦੀ ਜਾਨ ਬਖਸ਼ੀ ਦੀ ਮੰਗ ਕਰਦੇ ਵੀ ਦਰਸਾਏ ਹੋਏ ਹਨ । ਭਾਂਵੇ ਸਾਰੇ ਸੰਸਾਰ ਦੇ ਵਿਗਿਆਨਕ ਸੂਰਜ ਨਾਲ ਵਿਆਹੀ ਜਾਣ ਵਾਲੀ ਅਥਵਾ ਸੂਰਜ ਦੀ ਔਲਾਦ ਪੈਦਾ ਹੋ ਸਕਣ ਵਾਲੀ ਕਿਸੇ ਵੀ ਗੱਲ ਨੂੰ ਸੱਚ ਨਹੀਂ ਮੰਨਦੇ, ਪਰ ਪ੍ਰੋਹਿਤ-ਵਾਦ ਦੀ ਕਹਾਣੀ-ਕਲਾ ਨੇ, ਇਸ ਸਭ ਕੁਝ ਨੂੰ, ਕੇਵਲ ਸੱਚ ਹੀ ਸਿੱਧ ਨਹੀਂ ਕਰ ਲਿਆ, ਸਗੋਂ ਅਜੇਹੀਆਂ ਝੂਠੀਆਂ ਗਾਥਾਵਾਂ ਦੇ ਅਧਾਰ ਤੇ, ਪੱਥਰ ਦੇ ਦੇਵੀ ਦੇਵਤੇ ਬਣਾ ਕੇ ਆਲੀਸ਼ਾਨ ਮੰਦਰਾਂ ਵਿਚ ਟਿਕਾ ਦਿੱਤੇ । ਫਿਰ ਉਨ੍ਹਾਂ ਦੇਵਤਿਆਂ ਦੇ ਮਨੋਰੰਜਨ ਲਈ ਕੀਮਤੀ ਬਸਤਰਾਂ ਅਤੇ ਵਡਮੁੱਲੇ ਹੀਰੇ ਮੋਤੀਆਂ ਨਾਲ ਜੜਾਊ ਆਭੂਸ਼ਨਾਂ ਵਿਚ ਸੁਸੱਜਤ ਰਾਮਜਣੀਆਂ ਵੀ ਮੰਦਰਾਂ ਦਾ ਸ਼ੰਗਾਰ ਬਣੀਆਂ । ਅਜਹੇ ਝੂਠ ਦੀ ਪੂਜਾ ਵਜੋਂ, " ਕਾਠ ਮਾਰਿਆ " ਅਰਬਾਂ ਖਰਬਾਂ ਦਾ ਧਨ, ਮਨੁੱਖਤਾ ਦੀ ਸਮਝ ਦਾ ਮੂੰਹ ਚਿੜਾ ਰਿਹਾ ਹੈ। ਇਸ ਕੰਮ ਵਿਚ ਖ਼ਾਲਾਸ ਜੀ ਵੀ ਪਿੱਛੇ ਨਹੀਂ ਰਿਹ ? ]

ਅਥਾਹ ਗਰਮੀ ਦੇ ਗੋਲੇ ਨੂੰ ਕਿਸੇ ਬੀਬੀ ਦਾ ਪਤੀ ਕਹਿ ਕੇ ਉਸ ਦੀ ਕੋਈ ਔਲਾਦ ਮੰਨ ਬੈਠਣਾ, ਬੜੇ ਤਕੜੇ ਝੂਠ ਦੀ ਪੂਜਾ ਹੈ । ਧੀ ਨੇ ਸ਼ਕਾਇਤ ਕੀਤੀ ਕਿ ਸੂਰਜ ਦੀ ਗਰਮੀ ਸਹਾਰੀ ਨਹੀਂ ਜਾਂਦੀ । ਤਾਂ ਧੀ ਦਾ ਪਿਤਾ (ਵਿਸ਼੍ਵਕਰਮਾ) ਆਪਣੇ ਜਵਾਈ, ਸੂਰਜ ਨੂੰ, ਖਰਾਦ ਤੇ ਚਾੜ੍ਹ ਕੇ ਛਿੱਲਦਾ ਹੈ । ਬ੍ਰਾਹਮਣੀ ਲਿਖਤ ਦੇ ਕਰਾਮਾਤੀ ਅਸਰ ਕਰਕੇ ਇਸ ਕਿੰਤੂ ਨੂੰ ਕੋਈ ਥਾਂ ਨਹੀਂ ਹੈ, ਕਿ ਧਰਤੀ ਨਾਲੋਂ ਲੱਖਾਂ ਗੁਣਾਂ ਵੱਡੇ ਸੂਰਜ ਦੀ ਛਿੱਲ ਲਾਹ ਸਕਣ ਵਾਲਾ ਖਰਾਦ, ਸੂਰਜ ਨਾਲੋਂ ਘਟ ਤੋਂ ਘੱਟ ਦੁਗਣੇ ਅਕਾਰ ਦਾ ਹੋਣਾ ਜ਼ਰੂਰੀ ਹੈ । ਏਡਾ ਖਰਾਦ ਕਿਹੜੀ ਧਰਤੀ ਤੇ ਬੀੜਿਆ ਗਿਆ ਸੀ ? ਦੂਜੀ ਗੱਲ ਇਹ ਹੈ ਮਿੱਟੀ ਸਮੇਤ ਸੰਸਰ ਦਾ ਕੋਈ ਪਦਾਰਥ ਏਨੇ ਜੋਗਾ ਨਹੀਂ ਹੈ ਜੋ ਸੂਰਜ ਨਾਲ ਛੂਹਣ ਤੋਂ ਪਹਿਲਾ ਹੀ, ਪਾਣੀ ਬਣ ਕੇ ਨਾ ਵਗ ਤੁਰੇ । ਭਾਵ, ਜੇ ਕਦੇ ਸੂਰਜ ਧਰਤੀ ਵੱਲ ਨੂੰ ਤੁਰ ਪਵੇ ਤਾਂ ਅਜੇ ਕੁਝ ਮੀਲਾਂ ਤੇ ਹੀ ਹੋਵੇ ਕਿ ਇਹ ਸਾਰਾ ਦਿਸਦਾ ਅਕਾਰ ਪੱਘਰ ਕੇ ਵਹਿ ਤੁਰੇ । ਪਾਣੀ ਦੀ ਬਣੀ ਭਾਫ ਬ੍ਰਹਿਮੰਡ ਵਿਚ ਪਤਾ ਨਹੀਂ ਕੀ ਤਬਾਹੀਆਂ ਮਚਾਵੇ । ਕੁਦਰਤ ਦੇ ਬਣੇ ਅਟੱਲ ਵਿਧਾਨ ਵਿਚ, ਧਰਮਰਾਜ ਦੇ ਜਨਮ ਨਾਲ ਜੋੜੀ ਅਜੇਹੀ ਕਹਾਣੀ ਲਈ ਨਿਸੰਦੇਹ ਕੋਈ ਥਾਂ ਨਹੀਂ ਹੈ । ਅਜੇਹੇ ਨਿਰਮੂਲ ਕਹਾਣੀ ਦੁਆਰਾ ਜਨਮਾਏ ਧਰਮ ਰਾਜ ਦੀ ਹੋਂਦ ਨੂੰ ਸੱਚ ਮੰਨੀ ਜਾਣਾ, ਬਿਬੇਕ ਹੀਨ, ਅੰਨ੍ਹੀ ਸ਼ਰਧਾ ਦੀ ਮੂਰਖ-ਜਿੱਦ ਹੈ ।

ਝੂਠ ਨੂੰ ਸੱਚ ਦਾ ਰੂਪ ਦੇ ਦੇਣ ਵਾਲੀ ਬ੍ਰਹਮਣ-ਕਲਾ ਦਾ ਬੜਾ ਅਦਭੁਤ ਕਮਾਲ ਹੈ, ਕਿ ਮਹਾਂਭਾਰਤ ਗਾਥਾ ਦੀ ਿਦ ਟੇਪਾਂ ਵਿਚ, ਭਿਆਨਕ ਸੇਕ ਦੇ ਅਥਾਹ ਭੰਡਾਰ ਇਸ ਸੂਰਜ ਨੂੰ ਅਸਮਾਨੋਂ ਉਤਰ ਕੇ ਧਰਤੀ ਵਗਦੇ ਦਰਿਆਂ ਦੇ ਕੰਢੇ ਤੇ ਬਣੇ ਰਾਜ ਮਹਲਾਂ ਵਿਚ ਪ੍ਰਵੇਸ਼ ਕਰਦਾ ਅਤੇ ਕੁਆਰੀ ਕੁੰਤੀ ਨੂੰ ਪੁੱਤਰ-ਵਤੀ ਰਦਾ ਦਰਸਾਇਆ ਹੋਇਆ ਹੈ । ਧਰਮ-ਰਾਜ ਦੇ ਪਿਤਾ ਸੂਰਜ-ਭਗਵਾਨ ਨੇ ਕੁੰਤੀ ਵਿਚੋਂ ਕਥਿਤ ਮਹਾਂ-ਦਾਨੀ ਅਤੇ ਵਡ ਬਲਕਾਰੀ ਯੋਧਾ **ਕਰਣ** " ਪੈਦਾ ਕਰਕੇ ਉਸ ਨੂੰ ਲਾਵਾਰਸਾਂ ਵਾਂਗ ਇੱਕ ਸਾਰਥੀ ਦੇ ਘਰ ਪਲਣ ਲਈ ਛੱਡ ਦਿੱਤਾ। ਪਿਤਾ (ਸੂਰਜ ਭਗਵਾਨ) ਦੀ ਇਸ ਕਰਤੂਤ ਨੇ ਪੁੱਤਰ (ਧਰਮਰਾਜ) ਦੇ ਆਚਰਨ ਤੇ ਬੜਾ ਡੂੰਘਾ ਅਸਰ ਕੀਤਾ। ਆਪਣੇ ਪਿਤਾ ਸੂਰਜ ਭਗਵਾਨ ਦੀ ਇਸ ਸਮਾਜ-ਵਿਰੋਧੀ ਕਰਤੂਤ ਤੋਂ ਧਰਮ ਰਾਜ ਏਡਾ ਦਲੇਰ ਹੋ ਗਿਆ ਕਿ ਉਸ ਨੇ ਆਪਣੇ ਹੀ ਪਿਤਾ (ਸੂਰਜ-ਭਗਵਾਨ) ਦੀ Girl Friend, ਓਸੇ ਕੁੰਤੀ ਵਿਚੋਂ, **ਮਹਾਰਾਜਾ ਯੁਧਿਸ਼ਟਰ ਪੈਦਾ ਜਾ ਕੀਤਾ** ॥ ਭਾਵ, ਧਰਮਰਾਜ ਬੇਹਯਾਈ ਕਰਨ ਵਿਚ ਆਪਣੇ ਪਿਤਾ ਸੂਰਜ ਨੂੰ ਕੋਹਾਂ ਦੂਰ ਪਿੱਛੇ ਛੱਡ ਤੁਰਿਆ। ਪਿਉ ਪੁੱਤਰਾਂ ਦੀ ਇਸ ਕਰਤੂਤ ਤੋਂ **ਯੁਧਿਸ਼ਟਰ** ਅਤੇ **ਕਰਣ ਮਾਂ ਵਲੋਂ ਸਕੇ ਵੀਰ ਪਰ ਪਿਤ ਵਲੋਂ...? (ਕਰਣ ਤਾਂ ਆਪਣੇ ਵੀਰ ਯੁਧਿਸ਼ਟਰ ਦੇ ਪਿਤਾ ਧਰਮ ਰਾਜ ਜੀ ਦਾ ਵੀ ਸਕਾ ਵੀਰ ? )**

ਕੀ ਧਰਮਰਾਜ ਨੇ ਆਪਣੀ ਇਸ ਕਰਤੂਤ ਨਾਲ ਸੰਸਾਰੀਆਂ ਨੂੰ ਇਹ ਉਪਦੇਸ਼ ਦਿੱਤਾ, ਕਿ ਪਿਉ ਅਤੇ ਪੁੱਤਰ ਦੋਵੇਂ ਹੀ ਇੱਕੋ ਇਸਤ੍ਰੀ ਦੇ ਪ੍ਰੇਮੀ (Boy Friend) ਬਣ ਸਕਦੇ ਹਨ ? ਜਿਹੜਾ ਧਰਮਰਾਜ ਗ੍ਰਹਸਤੀ ਜੀਵਨ ਦੀ ਨਿਰਮਲਤਾ ਨੂੰ ਦੂਸ਼ਤ ਕਰਨ ਦਾ ਰਾਹ ਖੋਹਲਣ ਵਾਲਾ ਹੈ, ਜਿਹੜਾ ਧਰਮਰਾਜ ਆਪ ਏਡਾ ਨੀਚ ਕਰਮੀ ਹੈ ਕਿ ਆਪਣੀ ਮਤਰੇਈ ਮਾਤਾ ਦੇ ਪੇਟ ਵਿਚੋਂ ਆਪਣਾ ਪੁੱਤ੍ਰ ਯੁਧਿਸ਼ਟਰ ਪੈਦਾ ਕਰਦਾ ਹੈ, ਉਸ ਧਰਮ-ਰਾਜ ਨੇ ਸੰਸਾਰੀ ਜੀਵਾਂ ਨਾਲ ਧਰਮ-ਨਿਆਂ ਖੇਹ ਤੇ ਸੁਆਹ ਕਰਨਾ ਸੀ ? ਜ਼ਰਾ ਬਿਬੇਕਤਾ ਨਾਲ ਵਿਚਾਰ ਕਰੀਏ ਕਿ

ਜਿਹੜਾ ਪ੍ਰਭੂ ਆਪ " ਸਚੁ " ਹੈ ਅਤੇ ਜਿਸਦਾ ਕੀਤਾ ਹੋਇਆ ਵੀ " ਸਭ ਸਚੁ " ਹੈ, ਕੀ ਉਹ ਵਿਧਾਤਾ, ਨਿਰੋਲ ਝੂਠ ਦੀ ਪੈਦਾਵਾਰਾ ਅਤੇ ਬੇਹਯਾਈ ਦੇ ਅਵਤਾਰ ਅਜੇਹੇ ਨੀਚ ਕਰਮੀ **ਯਮ-ਰਾਜ** ਨੂੰ **ਧਰਮ ਨਿਆਂ ਦੀ ਕੁਰਸੀ ਸੌਂਪ ਸਕਦਾ ਸੀ** ?

੧੯੯੫ ਦਾ ਜ਼ਿਕਰ ਹੈ ਕਿ, ਅਮਰੀਕਾ ਦੇਸ਼ ਦੀ ਸਰਬ-ਉੱਚ ਅਦਾਲਤ ਦੇ ੨੧ ਜੱਜਾਂ ਵਾਲੀ ਕਚਹਿਰੀ ਦਾ ੨੧ਵਾਂ ਜੱਜਾਂ ਚੁਣਨਾ ਸੀ, ਤਾਂ ਉਸ ਦੀ ਪਿਛਲੀ ਸਾਰੀ ਜਿੰਗਦੀ ਦੀ ਬੜੀ ਕਰੜੀ ਪੜਤਾਲ ਕੀਤੀ ਗਈ ਸੀ । ਉਸ ਜੱਜ ਨੇ ੧੦ ਸਾਲ ਪਹਿਲਾਂ ਕਿਸੇ ਕਲਰਕ ਬੀਬੀ ਨੂੰ ਮਾਮੂਲੀ ਜਿਹਾ ਮਖ਼ੌਲ ਕੀਤਾ ਸੀ। ਉਸ ਬਾਰੇ ਉਸ ਉਮੀਦਵਾਰ-ਜੱਜ ਦੀ ਸਫ਼ਾਈ ਲਈ ਗਈ ਅਤੇ ਇਹ ਸਾਰਾ ਕੁਝ T.V. ਤੇ ਸਾਰੇ ਸੰਸਾਰ ਨੂੰ ਵਿਖਾਇਆ ਗਿਆ ਸੀ। ਏਧਰ ਤਾਂ ਸਾਰੇ ਸੰਸਾਰ ਦੇ ਜੀਵਾਂ ਦੀ ਕਿਸਮਤ ਦੇ ਫ਼ੈਸਲੇ ਕਰਨ ਵਾਲਾ ਕੇਵਲ ਮਾਤ੍ਰ ਜੱਜ ਚੁਣਨਾ ਸੀ। ਕੀ ਰੱਬ ਜੀ ਅਮਰੀਕਾ ਦੇਸ਼ ਦੀ ਕਾਨੂੰਨ ਬਣਾਉਣ ਵਾਲੀ ਜਮਾਤ ਨਾਲੋਂ ਵੀ ਗਏ ਗੁਜ਼ਰੇ ਸਮਝੇ ਜਾ ਰਹੇ ਹਨ, ਜਿਨ੍ਹਾਂ ਨੇ, ਨਿਆਂਕਾਰ (ਧਰਮਰਾਜ) ਏਹੋ ਜਿਹਾ ਗਿਰਿਆ ਹੋਇਆ ਚੁਣਿਆਂ ਜਿਸ ਨੇ ਆਪਣੀ ਮਤ੍ਰੇਈ ਮਾਤਾ ਨੂੰ ਨਹੀਂ ਸੀ ਬਖ਼ਸ਼ਿਆ ? ਜਿਸ ਪ੍ਰਭੂ ਜੀ ਬਾਰੇ ਸਤਿਗੁਰਾਂ ਦਾ ਫ਼ੁਰਮਾਨ ਹੈ--**ਆਪਿ ਸਤਿ ਕੀਆ ਸਭੁ ਸਤਿ ॥** [੨੮੪] ਸਚੁ ਸਰੂਪ, ਸਚੁ-ਨਿਆਂ ਕਰਨ ਵਾਲੇ ਪ੍ਰਭੂ ਜੀ ਅਜੇਹੇ ਆਚਰਨ-ਹੀਣ ਧਰਮਰਾਜ ਨੂੰ ਏਡੀ ਵੱਡੀ ਅਦਾਲਤ ਦਾ ਜੱਜ ਕਿਸੇ ਹਾਲਤ ਵਿਚ ਵੀ ਨਹੀਂ ਸਨ ਬਣਾ ਸਕਦੇ। ਧਰਮ-ਰਾਜ ਜਿਸ ਪ੍ਰੋਹਿਤ-ਵਾਦ ਦੀ ਉਪਜ ਹੈ ਉਸੇ ਬਿੱਪ੍ਰ ਜੀ ਨੇ ਉਸ ਨੂੰ ਆਚਰਨ-ਹੀਣ ਦਰਸਾ ਕੇ ਸਿੱਧ ਕਰ ਦਿੱਤਾ ਹੈ ਕਿ ਧਰਮ-ਰਾਜ ਅਤੇ ਉਸ ਦਾ ਸਾਰਾ ਅਮਲਾ-ਫੈਲਾ ਪ੍ਰੋਹਤਵਾਦ ਦਾ ਖਿਲਾਰਿਆ ਮਾਇਆ ਜਾਲ ਹੀ ਹੈ।

**ਯਮੀ** ਭਾਵ ਧਰਮ ਰਾਜ ਦੀ ਭੈਣ ਜਮੁਨਾ ਬਾਰੇ ਭਾਗਵਤ ਪੁਰਾਣ ਵਿੱਚ ਲਿਖਿਆ ਹੈ ਕਿ ਅਰਜੁਨ ਦੀ ਵਿਚੋਲਗੀ ਨਾਲ ਜਮੁਨਾ ਨਦੀ ਨੇ ਸ੍ਰੀ ਕ੍ਰਿਸ਼ਨ ਜੀ ਨਾਲ ਸ਼ਾਦੀ ਕਰ ਲਈ ਸੀ ਅਤੇ ੧੦ ਲੜਕਿਆਂ ਨੂੰ ਅਤੇ ਇੱਕ ਕੰਨਿਆਂ ਨੂੰ ਜਨਮ ਦਿੱਤਾ ਸੀ । ਭਾਗਵਤ ਪੁਰਾਨ ਅਨੁਸਾਰ ਦੁਰਬਾਸ਼ਾ ਰਿਸ਼ੀ ਦੇ ਸਰਾਪ ਕਾਰਨ ਕ੍ਰਿਸ਼ਨ ਜੀ ਦਾ ਰਾਣੀਆਂ ਅਤੇ ਔਲਾਦ ਸਮੇਤ ਸਰਬ ਨਾਸ ਹੋ ਜਾਣ ਦੇ ਨਾਲ ਉਸ ਦੀਯਾਦੁਵ ਕੁਲ ਦਾ ਵੀ ਥੇਹ ਹੋ ਗਿਆ ਲਿਖਿਆ ਹੈ । ਪਰ ਹੈਰਾਨੀ ਹੈ ਕ੍ਰਿਸ਼ਨ ਭਗਵਾਨ ਜੀ ਦੀਆਂ ਰਾਣੀਆਂ ਵਿਚੋਂ ੧੬੧੦੭ ਰਾਣੀਆਂ ਤਾਂ ਭਸਮ ਹੋ ਗਈਆਂ ਪਰ ਜਮਨਾ ਉਸੇ ਤਰ੍ਹਾਂ ਦਿੱਲੀ ਦੇ ਗੁਆਂਡ ਵਗ ਰਹੀ ਹੈ । ਇਹ ਕ੍ਰਿਸ਼ਨ-ਰਾਣੀ ਉਸ ਸਮੂਹਕ ਤਬਾਹੀ ਵਿਚੋਂ ਕਿਵੇ ਖਿਸਕ ਆਈ ? ਕੀ ਕ੍ਰਿਸ਼ਨ ਦੀ ਇਸ ਨਦੀ-ਰਾਣੀ ਤੇ ਦੁਰਬਾਸ਼ਾ ਜੀ ਦਾ ਸਰਾਪ ਲਾਗੂ ਨਹੀਂ ਹੋ ਸਕਿਆ ? ਉਸ ਸਰਾਪ ਦੀ ਕਹਾਣੀ ਲਿਖਣ ਸਮੇ ਬ੍ਰਾਹਮਣ ਜੀ ਨੇ ਜਮੁਨਾਂ ਦੇ ਬਚ ਨਿਕਲਣ ਬਾਰੇ ਕੁਝ ਵੀ ਕਿਉਂ ਨਾ ਲਿਖਿਆ ? ਸੂਰਜ ਦੀ ਬੇਟੀ, ਯੁਧਿਸ਼ਟਰ ਦੀ **ਭੂਆ**, (ਪਰ ਯੁਧਿਸ਼ਟਰ ਦੇ ਹੀ ਭਰਾ) ਕਰਣ ਦੀ **ਭੈਣ, ਜਮੁਨਾ-ਨਦੀ ਇੱਕ ਤੀਰਥ ਹੈ** । ਉਸ ਦੇ ਜਲ ਵਿਚ ਕੀਤਾ ਇਸ਼ਨਾਨ ਅੱਜ ਵੀ ਪਾਪ ਨਾਸਕ ਸਮਝਿਆ ਜਾ ਰਿਹਾ ਹੈ ।

ਹਿੰਦੂਆਂ ਦੇ ਭਗਵਾਨਾ ਦਾ, ਦੇਵੀ ਦੇਵਤਿਆਂ ਦਾ, ਚਿਤ੍ਰ ਗੁਪਤ ਅਥਵਾ ਧਰਮ ਰਾਜ ਦਾ ਗੁਰੂ ਬਾਣੀ ਵਿਚ ਕਈ ਥਾਈਂ ਜ਼ਿਕਰ ਆਇਆ ਹੈ । ਪਰ ਉਹ ਜ਼ਿਕਰ, ਗੁਰਮਤਿ ਦਾ ਸਿਧਾਂਤ ਨਹੀਂ ਹੈ । ਇਸ ਕਥਿਤ ਅਣਡਿੱਠੀ ਦੁਨੀਆਂ ਨਾਲ, ਸਾਢੇ ਅਨੂਪਮ ਸਤਿਗਰਾਂ ਦਾ ਦੂਰ ਦਾ ਵਾਸਤਾ ਵੀ ਨਹੀਂ ਹੈ । ਗੁਰਬਾਣੀ ਵਿਚ ਉਨ੍ਹਾਂ ਦਾ ਜ਼ਿਕਰ- ਸਾਰੇ ਜਗਤ ਨੂੰ ਸਾਂਝਾ ਗਿਆਨ ਦੇਣ ਦੇ ਯਤਨਾਂ ਵਿਚ, ਮਹਾਂਪੁਰਖਾਂ ਦੀ ਬੋਲੀ ਹੋਈ **" ਪਰਥਾਇ ਸਾਖੀ "** ਹੈ । **ਪਰਥਾਇ ਸਾਖੀ ਮਹਾਂਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥** [੬੪੭]- ਇਨ੍ਹਾਂ ਦੋ ਤੱਥਾਂ ਨੂੰ ਵਿਚਰਾ ਦਾ ਕੇਂਦਰ ਬਣਾਈਏ-----**(੧)** ਸੂਰਜ ਦਾ ਪੁੱਤ ਦਰਸਾਉਣ ਵਾਲੀ ਗੱਲ ਨੂੰ ਹਮਾਲੀਆ ਪਹਾੜ ਜਿੱਡਾ **ਝੂਠ** ਕਹਿਣਾ ਵੀ, ਇਹ ਅਪਾਰ ਝੂਠ ਦਾ ਨਿਰਾਦਰੀ ਹੈ। **(੨) ਬ੍ਰਾਹਮਣ** ਦੇ ਆਪਣੇ ਹੱਥਾਂ ਨਾਲ ਲਿਖੀ, ਉਸੇ **ਧਰਮ-ਰਾਜ ਦੀ ਅਨੂਪਮ ਦੁਰਾਚਾਰੀ ।** ---ਆਓ ਹੁਣ, ਗੁਰਮੁਖਾਂ ਵਾਲੀ ਬਿਬੇਕਤਾ ਅਤੇ ਸੁਹਿਰਦਤਾ ਨਾਲ ਆਪਣੇ ਆਪੇ ਵਿਚ ਝਾਕੀਏ, ਅੰਦਰ ਦਰਬਾਰ ਲਾਈ ਬੈਠੇ ਸੱਚੇ ਦਰਬਾਰੀ ਦੀ ਕਚਿਹਰੀ ਹਾਜ਼ਰ ਹੋ ਕੇ ਉਤਰ ਲਭੀਏ ਕਿ,- **ਕੇਵਲ ਸੱਚ ਨਾਲ ਸੰਸਾਰ ਨੂੰ ਜੋੜਨ ਆਏ, ਸੱਚ ਦੇ ਅਵਤਾਰ, ਸ੍ਰੀ ਨਾਨਕ ਸਾਹਿਬ ਜੀ, ਕੀ ਅਜੇਹੇ ਧਰਮ ਰਾਜ ਦੀ ਹੋਂਦ ਤੇ ਵਿਸ਼ਵਾਸ਼ ਰੱਖੱਦੇ ਹੋਣਗੇ ?**

ਆਉ ਹੁਣ ਆਪਣੇ ਨਿਆਰੇ ਅਤੇ ਪੂਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਈਏ ।

## ੧੪

# ਧਰਮ-ਰਾਜ ਅਤੇ ਗੁਰਬਾਣੀ

" ਧਰਮਰਾਜ " ਪਦ ਦੇ ਜ਼ਿਕਰ ਵਾਲੇ ਗੁਰੂ ਬਾਣੀ ਸ਼ਬਦ ਵਿਚਾਰਨ ਤੋਂ ਪਹਿਲਾਂ--**ਸਚਾ ਆਪਿ ਸਚਾ ਦਰਬਾਰ**--ਪੁਜੀ ਸਾਹਿਬ ਗੁਰਮਤਿ ਦਾ ਧੁਰਾ ਮੰਨਿਆਂ ਜਾਂਦਾ ਹੈ । ਜਪੁਜੀ ਸਾਹਿਬ ਦੀ ਬਾਣੀ ਕਿਸੇ ਪਰਕਾਰ ਦੀ ਕਥਾ-ਕਾਹਾਣੀ ਜਾਂ ਪ੍ਰਥਾਇ ਸਾਖੀ ਤੋਂ ਨਿਰਲੇਪ ਨਿਰੋਲ ਗੁਰਮਤਿ ਦਾ ਸਿਧਾਂਤ ਸਮਝਾ ਰਹੀ ਹੈ। ਜਪੁਜੀ ਸਾਹਿਬ ਵਚੋਂ ਕੋਈ ਅਜੇਹਾ ਸੰਕੇਤ ਨਹੀਂ ਮਿਲਦਾ ਜਿਸ ਤੋਂ ਕਿਸੇ ਚਿਤ੍ਰ-ਗੁਪਤ, ਅਥਵਾ ਧਰਮਰਾਜ ਦੀ ਹੋਂਦ ਦੀ ਟੋਹ ਮਿਲਦੀ ਹੋਵੇ। ਪਹਿਲੀ ਪਉੜੀ ਵਿਚ ਹੀ ਸਤਿਗੁਰਾਂ ਨੇ ਮਨੁੱਖ ਦਾ ਧਿਆਨ ਇਸ ਪ੍ਰਸ਼ਨ ਵੱਲ ਦਿਵਾਇਆ ਹੈ--**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥** ਭਾਵ, ਹਿਰਦੇ ਵਿਚ ਅਕਾਲਪੁਰਖ ਦਾ ਪਰਕਾਸ਼ ਹੋ ਜਾਣ ਲਈ ਸਾਡੇ ਅੰਦਰੋਂ ਝੂਠ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ ? ਸਤਿਗੁਰਾਂ ਨੇ ਅੱਗੇ ਨਾਲ ਹੀ ਉੱਤਰ ਵੀ ਸਮਝਾ ਦਿੱਤਾ ਹੈ--**ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ ੧ ॥** ਭਾਵ, ਸਤਿਗੁਰਾਂ ਅਨੁਸਾਰ--ਰਜ਼ਾ ਦੇ ਮਾਲਕ ਅਕਾਲਪੁਰਖ ਦੇ ਹੁਕਮ ਵਿਚ ਤੁਰਨਾ--(ਹੀ ਇੱਕ ਅਜੇਹੀ ਵਿਧੀ ਹੈ ਜਿਸ ਤੋਂ ਕੂੜ ਦੀ ਪਾਲ ਢਹਿ ਢੇਰੀ ਹੋਣ ਨਾਲ ਮਨੁੱਖ ਸਚਿਆਰ ਹੋ ਜਾਂਦਾ ਹੈ । ਅਤੇ ਹੁਕਮ ਅਨੁਸਾਰ ਚੱਲ ਕੇ ਮਾਲਕ ਪ੍ਰਭੂ ਨੂੰ ਰੀਝਾ ਲੈਣ ਵਾਲੀ ਇਹ ਵਿਧੀ) ਧੁਰ ਤੋਂ ਹੀ, ਭਾਵ, ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ । ੧ । ਪ੍ਰਭੂ ਦੇ ਭਾਣੇ ਵਿਚ ਰਾਜ਼ੀ ਰਹਿ ਕੇ ਸਦਾ ਸ਼ੁਕਰਾਨੇ ਵਾਲੀ ਜਿੰਦਗੀ ਗੁਜ਼ਾਰਨ ਦਾ ਵੱਲ ਆ ਜਾਵੇ ਤਾਂ ਝੂਠ ਦਾ ਪਰਦਾ ਟੁੱਟ ਜਾਂਦਾ ਹੈ ਅਤੇ ਅੰਦਰ ਲੱਗੇ ਪ੍ਰਭੂ-ਦਰਬਾਰ ਦੇ ਦਰਸ਼ਨ ਕਰ ਸਕਣ ਵਾਲੀ ਅੱਖ ਮਿਲ ਜਾਂਦੀ ਹੈ। ਮਾਇਆ ਅਥਵਾ ਝੂਠੇ ਪਦਾਰਥਾਂ ਦਾ ਮੋਹ ਝੂਠ ਦਾ ਪਰਦਾ ਹੈ।

ਹੁਕਮ ਹੈ ਕਿ, ਸੰਸਾਰੀ ਪਦਾਰਥਾਂ ਦੇ ਇਸ ਮੋਹ ਦੇ ਬੰਧਨਾ ਤੋਂ ਖ਼ਲਾਸੀ ਹੋ ਜਾਣ ਤੋਂ ਝੂਠ ਦੀ ਪਾਲਿ ਟੁੱਟ ਕੇ ਪ੍ਰਭੂ ਨਾਲ ਸੁਰਤ ਜੁੜ ਸਕਦੀ ਹੈ । ਮਾਇਆ ਮੋਹ ਤੋਂ ਨਿਰਲੇਪ ਰਹਿਣ ਵਾਲੇ ਇਸ ਹੁਕਮ ਦੀ ਪਾਲਣਾ ਜਨਮ ਮਰਨ ਤੋਂ ਛੁਟਕਾਰੇ ਦਾ ਵੱਡਾ ਸਾਧਨ ਹੈ। ੨੫ਵੀ ਪਉੜੀ ਵਿਚ ਸਤਿਗੁਰਾਂ ਦਾ ਫ਼ੁਰਮਾਨ ਹੈ---**ਬੰਦਿ ਖਲਾਸੀ ਭਾਣੈ ਹੋਇ**- ਪ੍ਰਭੂ ਦੇ ਭਾਣੇ ਵਿਚ ਸੁਖੀ ਰਹਿਣ ਦੀ ਜਾਚ, ਝੂਠੀ ਮਾਇਆ ਦੇ ਬੰਧਨਾ ਤੋਂ ਖ਼ਲਾਸੀ ਦਾ ਸਬੱਬ ਬਣਦਾ ਹੈ । ਪਰ ਅਜੇ ਤੱਕ ਕਰਮਾ ਦੇ ਹਿਸਾਬ ਵਾਲੀ ਗੱਲ ਸਾਫ਼ ਨਹੀਂ ਸੀ ਹੋਈ । ਸਾਡੇ ਦੁਖਾ ਦਾ ਨਾਸ ਕਰਨ ਆਏ ਸਤਿਗੁਰੂ ਨਾਨਕ ਦੇਵ ਜੀ ਨੇ ਅੱਗੇ ਜਾ ਕੇ ਜਪੁਜੀ ਸਾਹਿਬ ਦੀ ੩੪ਵੀਂ ਪਉੜੀ ਵਿਚ ਫ਼ੁਰਮਾਨ ਕੀਤਾ ਹੈ--**ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥** ਆਪੋ-ਆਪਣੇ ਕੀਤੇ ਹੋਏ ਕਰਮਾਂ ਅਨੁਸਾਰ (ਅਕਾਲਪੁਰਖ ਦੇ ਦਰ ਤੇ) ਨਿਬੇੜਾ ਹੁੰਦਾ ਹੈ (ਜਿਸ ਵਿਚ ਕੋਈ ਉਕਾਈ ਨਹੀਂ ਹੁੰਦੀ, ਕਿਉਂਕਿ ਨਿਆਂ ਕਰਨ ਵਾਲਾ) ਅਕਾਲ-ਪੁਰਖ ਆਪ ਸੱਚਾ ਉਸ ਦਾ ਦਰਬਾਰ ਵੀ ਉਕਾਈ ਰਹਿਤ ਅਤੇ ਅਟੱਲ ਹੈ ।

ਗੁਰਮਖਾਂ ਵਾਸਤੇ ਤਾਂ ਸਤਿਗੁਰਾਂ ਦਾ ਏਨਾ ਫ਼ੁਰਮਾਨ ਹੀ ਕਾਫ਼ੀ ਹੈ । ਸਪੱਸ਼ਟ ਹੋ ਗਿਆ ਕਿ ਪ੍ਰਭੂ ਤੋਂ ਬਿਨਾਂ ਹੋਰ ਦੂਜਾ ਅਜੇਹਾ ਕੋਈ ਨਹੀਂ ਹੈ ਜਿਹੜਾ ਪ੍ਰਾਣੀਆਂ ਦੇ ਕਰਮਾਂ ਦਾ ਹਿਸਾਬ ਪੁੱਛ ਸਕਦਾ ਹੋਵੇ । ਬਾਕੀ ਸਭ ਧਾਰਿਮਕ ਆਗੂਆਂ ਦਾ ਖਿਲਾਰਿਆ ਮਾਇਆ ਜਾਲ ਹੀ ਹੈ ।

ਫਿਰ ਅਸੀਂ ਜਿਨ੍ਹਾਂ ਨੇ ਜਮਦੂਤਾਂ ਦੀ ਮਾਰ, ਚਿਤ੍ਰਗੁਪਤ ਦੇ ਰਜਿਸਟਰ, ਅਤੇ ਧਰਮਰਾਜ ਦੇ ਦਰਬਾਰ ਦੇ ਭੈ ਵਾਲੇ ਬੜੇ ਡੂੰਘੇ ਸੰਸਕਾਰ ਹਜ਼ਾਰਾਂ ਸਾਲਾਂ ਤੋਂ ਸਾਂਭੇ ਹੋਏ ਹਨ, ਸਾਨੂੰ ਅਲਪਬੁਧੀ ਸਿੱਧੜਾਂ ਨੂੰ, ਸਮਝਾਉਂਣ ਲਈ, ਹਰ ਪੱਖ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰਨ ਲਈ,ਸਤਿਗੁਰਾਂ ਨੇ ਬੇਅੰਤ ਗੁਰੂ ਸ਼ਬਦ ਰਚੇ ਹਨ । ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਕੇਵਲ ਅਕਾਲਪੁਰਖ ਦੀ ਸੱਤਾ ਹਰ ਥਾਂ ਕੰਮ ਕਰ ਰਹੀ ਹੈ:---

੧੩੭- **ਮਹਲਾ ੧ ॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ, ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥** [੪੬੪]-੩

**ਅਰਥ:**--(ਹੇ ਪ੍ਰਭੂ !) ਜੋ ਕੁਝ ਦਿਸ ਰਿਹਾ ਹੈ ਜਾਂ ਜੋ ਕੁਝ ਵੀ ਸੁਣਿਆਂ ਜਾ ਰਿਹਾ ਹੈ, ਇਹ ਸਭ ਤੇਰੀ ਹੀ ਕਲਾ ਹੈ, ਇ ਭਉ ਜੋ ਸੁਖਾਂ ਦਾ ਮੂਲ ਹੈ, ਇਹ ਵੀ ਤੇਰੀ ਹੀ ਕੁਦਰਤ ਹੈ, ਪਾਤਾਲਾਂ ਅਤੇ ਆਕਾਸ਼ਾਂ ਵਿਚ ਹਰ ਥਾਂ ਤੇਰੀ ਸ਼ਕਤੀ ਹੀ ਕੰਮ ਕਰ ਰਹੀ ਹੈ, ਏ ਦਿਸਦਾ ਸਾਰਾ ਜਗਤ ਸਭ ਤੇਰੀ ਹੀ ਅਚਰਜ ਖੇਡ ਹੈ । ਵੇਦ, ਪੁਰਾਣ ਤੇ ਕਤੇਬਾਂ (ਹੋਰ ਵੀ) ਸਾਰੀ ਵਿਚਾਰ-ਸੱਤਾ ਤੇਰੀ ਹੀ ਕਲਾ ਹੈ, (ਜੀਵਾਂ ਦਾ ਖਾਣ, ਪੀਣ, ਪਹਿਨਣ (ਦਾ ਵਿਹਾਰ) ਅਤੇ ਜਗਤ ਵਿਚ ਸਾਰਾ ਪਿਆ (ਦਾ ਜਜ਼ਬਾ) ਇਸ ਸਭ ਤੇਰੀ ਕੁਦਰਤ ਹੈ । ਜ਼ਾਤਾਂ, ਜਿਨਸਾਂ, ਰੰਗਾਂ, ਜਗਤ ਦੇ ਜੀਵਾਂ, ਸਭ ਥਾਈਂ ਤੇਰੀ ਸੱਤਾ ਹੀ ਵਰਤ ਰਹੀ ਹੈ, (ਜਗਤ ਵਿਚ ਕਿਤੇ ਭਲਾਈ ਦੇ ਕੰਮ ਹੋ ਰਹੇ ਹਨ, ਕਿਤੇ ਵਿਕਾਰ ਹਨ, ਕਿਤੇ ਕਿਸੇ ਦਾ ਆਦਰ ਹੋ ਰਿਹਾ ਹੈ, ਕਿਤੇ ਹੰਕਾਰ ਪਰਧਾਨ ਹੈ--ਇਹ ਤੇਰਾ ਅਚਰਜ ਕੌਤਕ ਹੈ । ਪਉਣ, ਪਾਣੀ, ਅੱਗ, ਧਰਤੀ ਦੀ ਖ਼ਾਕ (ਆਦਿਕ ਤੱਤ), ਇਹ ਸਾਰੇ ਤੇਰੀ ਹੀ ਖੇਡ ਹੈ । (ਹੇ ਪ੍ਰਭੂ !) ਸਭ ਤੇਰੀ ਕਲਾ ਵਰਤ ਰਹੀ ਹੈ, ਤੂੰ ਕੁਦਰਤ ਦਾ ਮਾਲ ਕਹੈਂ, ਤੂੰ ਹੀ ਇਸ ਖੇਲ ਦਾ ਰਚਨਹਾਰ ਹੈਂ, ਤੇਰੀ ਵਡਿਆਈ ਸੁੱਚੀ ਤੋਂ ਸੁਚੀ ਹੈ ਤੂੰ ਆਪ ਪਵਿੱਤਰ (ਹਸਤੀ ਵਾਲਾ) ਹੈਂ । ਹੇ ਨਾਨਕ ! ਪ੍ਰਭੂ (ਇਸ ਸਾਰੀ ਕੁਦਰਤ ਨੂੰ) ਆਪਣੇ ਹੁਕਮ ਵਿਚ ਰੱਖ ਕੇ ਸਭ ਦੀ ਸੰਭਾਲ ਕਰ ਰਿਹਾ ਹੈ, (ਤੇ ਸਭ ਥਾਈ ਇਕੱਲਾ) ਆਪ ਹੀ ਆਪ (-ਤਾਕੋ ਤਾਕ) ਵਿਆਪਕ ਹੋ ਕੇ ਵਰਤ ਰਿਹਾ ਹੈ।

ਸਪੱਸ਼ਟ ਹੈ ਕਿ ਸੰਸਾਰ ਦੀ ਇਸ ਖੇਡ ਵਿਚ ਕੇਵਲ ਇੱਕ ਪ੍ਰਭੂ ਦੀ ਹਸਤੀ ਹੀ ਵਰਤ ਰਹੀ ਹੈ । ਜਗਤ ਦੀ ਕਾਰ ਚਲਾਉਣ ਵਿਚ ਹੋਰ ਦੇਵਤਾ ਆਦਿ ਹੋਰ ਕੋਈ ਵੀ ਪਰਮਾਤਮਾ ਦਾ ਸਹਾਇਕ ਨਹੀਂ ਹੈ ।

੧੩੮-..... **ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ੨ ॥**[੪੭੩]-ਵਾਰ-੨੦

**ਅਰਥ:**--(ਪ੍ਰਭੂ ਭਗ਼ਤਾਂ ਨੂੰ) ਸੱਚੇ ਪ੍ਰਭੂ-ਖਸਮ (-ਨਾਹ) ਤੋਂ ਬਿਨਾ ਕਿਸੇ ਹੋਰ ਦੀ ਮੁਥਾਜੀ ਨਹੀਂ ਹੁੰਦੀ । ਜਿੰਦਗੀ-ਰੂਪ ਰਾਹੇ ਪਏ ਉਹ ਮਨੁੱਖ ਰੱਬ ਦੇ ਦਰ ਤੋਂ ਹੀ ਨਾਮ ਰੂਪੀ ਖ਼ੁਰਾਕ ਮੰਗਦੇ ਹਨ, ਜਦੋਂ ਰੱਬ ਦਿੰਦਾ ਹੈ ਤਦੋਂ ਖਾਂਦੇ ਹਨ । ਹੇ ਨਾਨਕ ! (ਉਨ੍ਹਾਂ ਗੁਰਮੁਖਾਂ ਨੂੰ ਇਹ ਨਿਸਚਾ ਹੈ) ਕਿ ਪ੍ਰਭੂ ਆਪ ਹੀ ਫ਼ੈਸਲਾ ਕਰਨ ਵਾਲਾ ਹੈ, ਤੇ ਉਹੀ ਲੇਖਾ ਲਿਖਣ ਵਾਲਾ ਹੈ (ਭਾਵ, ਧਰਮਰਾਜ ਜਾਂ ਚਿਤ੍ਰਗੁਪਤ ਕੋਈ ਨਹੀਂ ਹੈ)। ਸਾਰੇ ਚੰਗੇ ਮੰਦੇ ਜੀਵਾਂ ਦਾ ਮੇਲਾ ਉਸੇ ਦੇ ਦਰ ਤੇ ਹੁੰਦਾ ਹੈ, (ਸਾਰਿਆਂ ਦਾ ਲੇਖਾ ਜੋਖਾ ਪ੍ਰਭੂ ਦੇ ਦਰਬਾਰ ਤੇ ਹੀ ਹੁੰਦਾ ਹੈ) । ਪ੍ਰਭੂ ਸਭ ਤੋਂ ਕੀਤੇ ਕਰਮਾ ਦਾ ਲੇਖਾ ਲੈਂਦਾ ਹੈ । ਮੰਦੇ ਮਨੁੱਖਾਂ ਨੂੰ ਇਉਂ ਪੀੜ ਸੁੱਟਦਾ ਹੈ ਜਿਵੇਂ ਤੇਲ (ਭਾਵ, ਉਨ੍ਹਾਂ ਦੇ ਮੰਦੇ ਸੰਸਕਾਰ ਅੰਦਰੋਂ ਕੱਢਣ ਲਈ ਉਨ੍ਹਾਂ ਨੂੰ ਦੁੱਖਾਂ ਰੂਪ ਕੋਹਲੂ ਵਿਚ ਪਾ ਕੇ ਪੀੜਦਾ ਹੈ । ੨ ।

੧੩੯- **ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥ ਇਕਨ੍ਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰੁ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥ ੨੩ ॥**[੪੭੫]-ਵਾਰ

**ਅਰਥ:**--ਹੇ ਨਾਨਕ ! ਉਸ ਪ੍ਰਭੂ ਦੇ ਪਾਰਲੇ ਉਰਾਰਲੇ ਬੰਨਿਆਂ ਦੇ ਅੰਤ ਨਹੀਂ ਪੈ ਸਕਦੇ । ਉਹ ਆਪ ਹੀ ਜੀਵਾਂ ਦੀ ਪੈਦਾਇਸ਼ ਕਰਦਾ ਹੈ ਤੇ ਆਪ ਹੀ ਉਨ੍ਹਾਂ ਨੂੰ ਮਾਰਦਾ ਹੈ । ਕਈ ਜੀਵਾਂ ਦੇ ਗਲੇ ਵਿਚ ਜ਼ੰਜੀਰ ਪਏ ਹੋਏ ਹਨ ( ਭਾਵ, ਕਈ ਕੈਦ, ਗ਼ੁਲਾਮੀ ਆਦਿਕ ਦੇ ਕਸ਼ਟ ਸਹਿ ਰਹੇ ਹਨ), ਅਤੇ ਬੇਸ਼ੁਮਾਰ ਜੀਵ ਘੋੜਿਆਂ ਤੇ ਚੜ੍ਹ ਰਹੇ ਹਨ) । (ਇਹ ਸਾਰੇ ਖੇਡ ਤਮਾਸ਼ੇ ਉਹ ਪ੍ਰਭੂ ਆਪ ਹੀ ਕਰ ਰਿਹਾ ਹੈ, ( ਉਸ ਤੋਂ ਬਿਨਾ ਹੋਰ ਕੋਈ ਦੂਜਾ ਨਹੀਂ ਹੈ) ਮੈਂ ਕਿਸ ਦੇ ਅੱਗੇ (ਇਸ ਦੀ) ਫ਼ਰਿਆਦ ਕਰ ਸਕਦਾ ਹਾਂ ?)(ਭਾਵ, ਦੇਵੀ ਦੇਵਤਿਆਂ ਅੱਗੇ ਗ਼ੋਡੇ ਰਗੜਨੇ ਵਿਅਰਥ ਦੀ ਖੇਚਲ ਹੀ ਹੈ) ਹੇ ਨਾਨਕ ! ਜਿਸ ਕਰਤਾਰ ਨੇ ਸ੍ਰਿਸ਼ਟੀ ਰਚੀ ਹੈ, ਫਿਰ ਉਹੀ ਉਸ ਦੀ ਸੰਭਾਲਣਾ ਕਰ ਰਿਹਾ ਹੈ । ੨੩ ।

ਗੁਰੂ ਨਾਨਕ ਦੇਵ ਜੀ ਦੇ ਦੱਸੇ ਏਸੇ ਰੱਬੀ ਸਿਧਾਂਤ ਦੀ ਪੁਸ਼ਟੀ ਕਰਦਿਆਂ ਦੂਜੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ:--

੧੪੦- **ਮਹਲਾ ੨ ॥ ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ ੨ ॥** [੪੭੫]

ਗੁਰਸਿੱਖ ਲਈ ਜ਼ਰੂਰੀ ਹੈ ਕਿ ਉਹ ਗੁਰਬਾਣੀ ਦੇ ਅਰਥ ਕਰਨ ਸਮੇਂ " **ਸਭੁ ਕਿਛੁ ਆਪੇ ਆਪਿ** " ਵਾਲੇ ਗੁਰਮਤਿ ਸਿਧਾਂਤ ਨੂੰ ਕਦੇ ਨਾਂ ਭੁੱਲੇ । ਜੇ ਕਿਤੇ ਅੱਖਰੀ ਅਰਥਾਂ ਤੋਂ ਕੋਈ ਭੁਲੇਖਾ ਪੈਂਦਾ ਹੋਵੇ ਤਾਂ ਉਸੇ ਤਰ੍ਹਾਂ ਦੇ ਹੋਰ ਗੁਰੂ ਫ਼ੁਰਮਾਨਾਂ ਦੇ ਅਧਾਰ ਲਵੇ । ਗੁਰਮਤਿ ਸਿਧਾਂਤ ਦਾ ਆਦਰ ਸਦਾ ਬਣਾਈ ਰੱਖਣਾ ਗੁਰੂ ਦੀ ਸੱਚੀ ਸੇਵਾ ਹੈ ।

੧੪੧- **ਅੰਤਰਿ ਉਤਭੁਜੁ ਅਵਰੁ ਨ ਕੋਈ ॥ ਜੋ ਕਹੀਐ ਸੋ ਪ੍ਰਭ ਤੇ ਹੋਈ ॥**
**ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥ ਉਤਪਤਿ ਪਰਲਉ ਅਵਰੁ ਨ ਕੋਈ ॥ ੧ ॥**[੯੦੫]-੬

**ਅਰਥ:**--(ਉਹ ਪਰਮਾਤਮਾ ਐਸਾ ਹੈ ਕਿ) ਸ੍ਰਿਸ਼ਟੀ ਦੀ ਉਤਪੱਤੀ (ਦੀ ਤਾਕਤ) ਉਸ ਦੇ ਆਪਣੇ ਅੰਦਰ ਹੀ ਹੈ (ਉਤਪੱਤੀ ਕਰਨ ਵਾਲਾ) ਹੋਰ ਕੋਈ ਨਹੀਂ ਹੈ । ਜਿਸ ਵੀ ਚੀਜ਼ ਦਾ ਨਾਮ ਲਿਆ ਜਾਂਦਾ ਹੈ ਉਹ ਪਰਮਾਤਮਾ ਤੋਂ ਹੀ ਪੈਦਾ ਹੋਈ ਹੈ । ਉਹ ਮਾਲਕ ਜੁਗਾਂ ਜੁਗਾਂ ਵਿਚ ਸਦਾ-ਥਿਰ ਚਲਿਆ ਆ ਰਿਹਾ ਹੈ । ਜਗਤ ਦੀ ਉਤਪੱਤੀ ਤੇ ਜਗਤ ਦਾ ਨਾਸ ਕਰਨ ਵਾਲਾ (ਉਸ ਤੋਂ ਬਿਨਾ ਹੋਰ ਕੋਈ ਨਹੀ ਹੈ । ੧ ।

੧੪੨- **ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫ਼ਰੇਸ਼ਤਾ ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ੨ ॥**[੯੫੩]-ਵਾ-

**ਅਰਥ:**--ਨਾਨਕ ਆਖਦਾ ਹੈ--ਹੇ ਮਨ ! ਸੱਚੀ ਸਿਖਿਆ ਸੁਣ, (ਤੇਰੇ ਕੀਤੇ ਅਮਲਾਂ ਦੇ ਲੇਖੇ ਵਾਲੀ) ਕਿਤਾਬ ਕੱਢ ਕੇ ਬੈਠਾ ਹੋਇਆ ਰੱਬ (ਕੋਈ ਧਰਮ ਰਾਜ ਨਹੀਂ) (ਤੈਥੋਂ) ਹਿਸਾਬ ਪੁੱਛੇਗਾ । ਜਿਨ੍ਹਾਂ ਜਿਨ੍ਹਾਂ ਵਲ ਲੇਖੇ ਦੀ ਬਾਕੀ ਰਹਿ ਜਾਂਦੀ ਹੈ ਉਨ੍ਹਾਂ ਉਨ੍ਹਾਂ ਮਨੁੱਖਾਂ ਨੂੰ ਸੱਦੇ ਪੈਣਗੇ, ਮੌਤ ਦਾ ਫ਼ਰਿਸ਼ਤਾ (ਭਾਵ, ਮਰਨ ਕਾਲ, ਮੌਤ ਦਾ ਸਮਾਂ, ਕੀਤੇ ਕਰਮਾਂ ਅਨੁਸਾਰ ਦੁੱਖ ਦੇਣ ਲਈ ਸਿਰ ਤੇ) ਆ ਤਿਆਰ ਖੜਾ ਹੋਵੇਗਾ । ਉਸ ਔਕੜ ਵਿਚ ਫਸੀ ਹੋਈ ਜਿੰਦ ਨੂੰ (ਉਸ ਵੇਲੇ) ਕੁਝ ਅਹੁੜਦਾ ਨਹੀਂ) ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ--ਕੂੜ ਦੇ ਵਾਪਾਰੀ (ਮਾਇਕ ਪਦਾਰਥਾਂ ਦੇ ਲੋਭੀ) ਹਾਰ ਕੇ ਜਾਂਦੇ ਹਨ, ਸੱਚ ਦਾ ਸੌਦਾ ਕੀਤਿਆਂ (ਭਾਵ, ਪ੍ਰਭੂ ਦੀ ਯਾਦ ਵਿਚ ਜ਼ਿੰਦਗੀ ਗੁਜ਼ਾਰਿਆਂ) ਹੀ ਅੰਤ ਨੂੰ ਰਹ ਆਉਂਦੀ ਹੈ । ੨ ।

੧੪੩- **ਹਰਿ ਕੀ ਭਗਤਾ ਪਰਤੀਤਿ, ਹਰਿ ਸਭ ਕਿਛੁ ਜਾਣਦਾ ॥ ਹਰਿ ਜੇਵਡੁ ਨਾਹੀ ਕੋਈ ਜਾਣੁ, ਹਰਿ ਧਰਮੁ ਬੀਚਾਰਦਾ ॥ ਕਾੜਾ ਅੰਦੇਸਾ ਕਿਉ ਕੀਜੈ, ਜਾ ਨਾਹੀ ਅਧਰਮਿ ਮਾਰਦਾ ॥ ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥ ਸਾਲਾਹਿਹੁ ਭਗਤਹੁ ਕਰ ਜੋੜਿ, ਹਰਿ ਭਗਤ ਜਨ ਤਾਰਦਾ ॥ ੧੮ ॥**[੯੦]

**ਅਰਥ:**--ਭਗਤ ਜਨਾ ਨੂੰ ਪ੍ਰਭੂ ਉੱਤੇ ਇਹ ਭਰੋਸਾ ਹੈ ਕਿ ਪ੍ਰਭੂ ਅੰਤਰਜਾਮੀ ਹੈ, ਉਸ ਦੇ ਬਰਾਬਰ ਹੋਰ ਕੋਈ (ਹਿਰਦਿਆਂ ਦਾ) ਜਾਣੂ ਨਹੀਂ, (ਤੇ ਇਸ ਕਰਕੇ) ਪ੍ਰਭੂ ਨਿਆਂ ਦੀ ਵਿਚਾਰ ਕਰਦਾ ਹੈ । ਜੇ (ਇਹ ਭਰੋਸਾ ਹੋਵੇ ਕਿ) ਪ੍ਰਭੂ ਅਨਿਆਉਂ ਨਾਲ ਨਹੀਂ ਮਾਰਦਾ, ਤਾਂ ਕੋਈ ਫ਼ਿਕਰ ਡਰ ਨਹੀਂ ਰਹਿੰਦਾ । ਪ੍ਰਭੂ ਆਪ ਅਭੁੱਲ ਹੈ ਤੇ ਉਸ ਦਾ ਨਿਆਂ ਵੀ ਅਭੁੱਲ ਹੈ, ( ਇਨਸਾਫ਼ ਦੀ ਇਸ ' ਮਾਰ ' ਦਾ ਸਦਕਾ ਹੀ) ਪਾਪੀ ਮਨੁੱਖ (ਪਾਪਾਂ ਵਲੋਂ) ਹਾਰਦਾ ਹੈ । ਹੇ ਭਗਤ ਜਨੋ ! ਨਿਰਮਾਣ ਹੋ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਕਰੋ, ਪ੍ਰਭੂ ਆਪਣੇ ਭਗਤਾਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ । ੧੮ ।

੧੪੪- **ਆਪਿ ਕਰਾਏ ਕਰੇ ਆਪਿ, ਹਉ ਕੈ ਸਿਉ ਕਰੀ ਪੁਕਾਰ ॥ ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥**
**ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥ ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥**
**ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ ॥ ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ ॥**
**ਗੁਰਮੁਖਿ ਆਪੁ ਵੀਚਾਰੀਐ ਲਗੈ ਸਚਿ ਪਿਆਰੁ ॥ ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ ॥ ੧੦ ॥**[੧੨੮੨]

੧੪੫- **ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥**
**ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ ੨ ॥**[੧੦੧੯]-੨-੮-੧੨-੨੦

**ਅਰਥ:**-- ਪਾਪ ਕਰਨ ਵਾਲੇ ਜੀਵ (ਆਪਣੇ ਆਤਮਕ ਜੀਵਨ ਦਾ ਸਰਮਾਇਆ) ਜ਼ਰੂਰ ਲੁਟਾ ਜਾਂਦੇ ਹਨ, ਪਾਪ ਕਰਨ ਵਾਲਿਆਂ ਨੂੰ ਮੌਤ ਦਾ ਫ਼ਰਿਸ਼ਤਾ (ਮਰਨ-ਕਾਲ, ਮੌਤ ਦਾ ਸਮਾ) ਫੜ ਫੜ ਕੇ ਕੁਹੀ ਜਾਂਦਾ ਹੈ (ਇਹ ਯਕੀਨ ਜਾਣੋ ਕਿ ਅਜਿਹਾਂ ਨੂੰ) ਸਿਰਜਣਹਾਰ ਨੇ ਦੋਜ਼ਕ ਵਿਚ ਪਾ ਰਖਿਆ ਹੈ (ਅਤੀ ਦੁਖੀ ਹਨ, ਅਤੇ ਜ਼ਿੰਦਗੀ ਵਿਚ ਮਿਲ ਰਹੇ ਕਈ ਪਰਕਾਰ ਦੇ ਦੁਖ ਮਾਨੋਂ) ਧਰਮਰਾਜ (ਉਨ੍ਹਾਂ ਦੇ ਕੀਤੇ ਕਰਮਾਂ ਦਾ) ਹਿਸਾਬ ਮੰਗ ਰਿਹਾ ਹੁੰਦਾ ਹੈ । ੨ । ਧਰਮ ਰਾਜ ਦੀ ਅੱਡਰੀ ਹੋਂਦ ਜਾਂ ਉਸ ਦੀ ਅੱਡਰੀ ਕਚਹਿਰੀ ਵਾਲੇ ਭਰਮ ਦੀ ਖੰਡਨਾਂ, ਮਿੱਠੇ ਸ਼ਬਦਾਂ ਦੁਆਰਾ ਕੀਤੀ ਗਈ ਹੈ ।

ਜਦੋਂ ਵੀ ਕਿਤੇ ਗੁਰਬਾਣੀ ਵਿਚ ਮੌਤ ਦੇ ਫ਼ਰਿਸ਼ਤੇ, ਅਜਰਾਈਲ ਦਾ ਜਾਂ ਜਮਾਂ, ਜਮਦੂਤਾਂ ਅਥਵਾ ਜਮ ਕੰਕਰਾਂ ਦਾ ਜ਼ਿਕਰ ਆ ਜਾਵੇ ਤਾਂ ਇਸ ਦਾ ਭਾਵ ਇਹ ਨਹੀਂ ਕਿ ਸਤਿਗੁਰਾਂ ਨੇ ਇਨ੍ਹਾਂ ਦੀ ਕਿਸੇ ਅੱਡਰੀ ਹੋਂਦ ਨੂੰ ਮੰਨ ਲਿਆ ਹੈ । ਲੋਕਾਂ ਦੇ ਮਨਾਂ ਅੰਦਰ ਬਣੇ ਪੁਰਾਣੇ ਵਿਚਾਰਾਂ ਨੂੰ ਬੜੇ ਮਿੱਠੇ ਢੰਗ ਨਾਲ ਧੋਣ ਦਾ ਯਤਨ ਹੋ ਰਿਹਾ ਹੁੰਦਾ ਹੈ । ਜੀਵਾਂ ਦੀ ਜਿੰਦ ਕਬਜ ਕਰਨ ਵਾਲੇ ਕਥਿਤ ਜਮਦੂਤਾਂ ਬਾਰੇ ਬਣੇ ਹੋਏ ਸਾਢੇ ਅੰਦਰ ਦੇ ਭਰਮਾਂ ਨੂੰ ਦੂਰ ਕਰਨ ਲਈ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ:--

੧੪੬- **ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥ ੪ ॥**[੧੧੨੮]-੩

ਭਾਵ, ਕੇਵਲ ਅਤੇ ਕੇਵਲ ਪਰਮਾਤਮਾ ਹੀ ਜੀਵਾਂ ਨੂੰ ਮਾਰਦਾ ਅਤੇ ਜੀਵਾਲਦਾ ਹੈ । ਇਸ ਅਸਲੀਅਤ ਨੂੰ ਸਮਝੋ ਅਤੇ ਭਟਕਣਾ ਵਿਚ ਪੈ ਕੇ ਪ੍ਰਭੂ ਤੋਂ ਅੱਡਰੀ ਕਿਸੇ ਸ਼ਕਤੀ, ਭਾਵ, ਜਮਰਾਜ, ਜਾਂ ਅਜਰਾਈਲ ਫ਼ਰਿਸ਼ਤੇ ਆਦਿ ਦੀ ਹੋਂਦ ਤੇ ਯਕੀਨ ਨਾ ਲਿਆਉ । ਇਨ੍ਹਾਂ ੧੦ ਗੁਰਬਾਣੀ ਸ਼ਬਦਾਂ ਵਿਚ ਸਤਿਗੁਰਾਂ ਦੇ ਇਸ ਸਿਧਾਂਤ ਨੂੰ ਸਮਝਣ ਵਿਚ ਕੋਈ ਕਸਰ ਨਹੀਂ ਰਹੀ ਕਿ ਮਾਰ ਜੀਵਾਲਨ ਵਿਚ ਅਥਵਾ ਜੀਵਾਂ ਦੇ ਕਰਮਾ ਅਨੁਸਾਰ ਠੀਕ ਨਿਆਂ ਕਰਨ ਵਿਚ ਕਿਸੇ ਵੀ ਦੇਵੀ ਦੇਵਤੇ ਆਦਿ ਦਾ ਕੋਈ ਦਖ਼ਲ ਨਹੀਂ ਹੈ ਅਥਵਾ ਕਿਸੇ ਜਮਦੂਤ, ਚਿਤ੍ਰਗੁਪਤ ਜਾਂ ਕਿਸੇ ਧਰਮ ਰਾਜ ਦੀ ਕੋਈ ਪਹੁੰਚ ਨਹੀਂ ਹੈ । ਸੰਸਾਰ-ਖੇਡ ਨੂੰ ਪ੍ਰਭੂ ਕੇਵਲ ਆਪ " **ਤਾਕੋ ਤਾਕ** " ਹੀ ਚਲਾ ਰਿਹਾ ਹੈ ।

ਹੁਣ ਤੱਕ ਦੀ ਸਾਰੀ ਵਿਚਾਰ ਤੋਂ ਮਿਲੀ ਸਿਖਿਆ ਦਾ ਸੰਖੇਪ ਇਸ ਪ੍ਰਕਾਰ ਹੈ:--

(ੳ) ਭਾਰਤੀ ਮਨੁੱਖ ਦੇ ਮਨ ਵਿਚ ਧਰਮਰਾਜ ਦੀ ਹੋਂਦ ਦਾ ਭਰਮ ਪੁਰਾਣਕ ਬਿੱਪ੍ਰੀ ਗ੍ਰੰਥਾਂ ਤੋਂ ਬਣਿਆਂ ਹੈ ।

(ਅ) ਉਨ੍ਹਾਂ ਪੁਰਾਣਾ ਵਿਚ ਲਿਖੀ ਧਰਮਰਾਜ ਦੀ ਜਨਮ ਸਾਖੀ ਪ੍ਰਾਕ੍ਰਿਤਕ ਨਿਯਮਾਂ ਦੇ ਅਨਕੂਲ ਨਾ ਹੋਣ ਕਰਕੇ ਨਿਰੋਲ ਸੁਆਰਥੀ ਬੁੱਧੀ ਦੀ ਕਲਪਣਾ ਦੀ ਉਪਜ ਹੈ । ਚਿਤ੍ਰਗੁਪਤ ਅਤੇ ਹੋਰ ਦੇਵੀ ਦੇਵਤਿਆਂ ਵਾਂਗ ਧਰਮਰਾਜ ਵੀ ਮਾਇਆ ਗ੍ਰਸੇ ਝੂਠ ਦੀ ਹੀ ਉਪਜ ਹੈ । ਇਸ ਕਾਰਨ ਸੱਚ ਦੇ ਅਵਤਾਰ, ਸ੍ਰੀ ਗੁਰੂ ਨਾਨਕ ਜੀ ਦੇ ਸੱਚ-ਦਰਬਾਰ ਵਿਚ ਧਰਮਰਾਜ ਲਈ ਕੋਈ ਥਾਂ ਨਹੀਂ ਹੋ ਸਕਦੀ ।

(ੲ) ਉਪ੍ਰੋਕਤ ੧੦ ਗੁਰਬਾਣੀ ਸ਼ਬਦਾਂ ਤੋਂ ਸਿੱਧ ਹੈ ਸੰਸਾਰ ਦੀ ਕਾਰ ਵਿਚ ਧਰਮਰਾਜ ਆਦਿ ਦਾ ਕੋਈ ਦਖ਼ਲ ਨਹੀਂ ਹੈ ।

## ਗੁਰਬਾਣੀ ਵਿਚ ਧਰਮਰਾਜ--

**ਦੇਵੀ ਦੇਵਤਿਆਂ ਵਾਂਗ ਹੀ** ਗੁਰਬਾਣੀ ਵਿਚ **ਧਰਮਰਾਜ** ਦਾ ਜਿਕਰ ਵੀ ਬਹੁਤ ਥਾਈਂ ਆਇਆ ਹੈ । ਆਉ ਹੁਣ ਉਨ੍ਹਾਂ ਗੁਰੂ ਬਾਣੀ ਸ਼ਬਦਾਂ ਦੀ ਵਿਚਾਰ ਕਰੀਏ:----

੧੪੭- **ਜਿਨ ਕਉ ਕ੍ਰਿਪਾ ਕਰੀ ਜਗ ਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥**
**ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ੪ ॥**[੬੯੭]-੫

**ਅਰਥ:**--ਜਗਤ ਦੇ ਜੀਵਨ ਪ੍ਰਭੂ ਨੇ ਜਿੰਨ੍ਹਾਂ ਮਨੁੱਖਾਂ ਉੱਤੇ ਕਿਰਪਾ ਕੀਤੀ, ਉਨ੍ਹਾਂ ਨੇ ਆਪਣੇ ਮਨ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕਾ ਲਿਆ । ਚੌਥੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ ਕਿ, ਧਰਮਾਰਾਇ ਦੇ ਦਰ ਤੇ ਉਨ੍ਹਾਂ ਮਨੁੱਖਾਂ ਦੇ (ਕੀਤੇ ਕਰਮਾਂ ਦੇ ਲੇਖੇ ਸਾਰੇ) ਕਾਗ਼ਜ਼ ਪਾੜ ਦਿੱਤੇ ਗਏ, ਉਨ੍ਹਾਂ ਦਾਸਾਂ ਦਾ ਲੇਖਾ ਨਿਭੱੜ ਗਿਆ । ੪ ।

੧੪੮- **ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ ੩ ॥** [੬੧੪]-੮-੧੯

੧੪੯- **ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮ ਰਾਇ ਕੇ ਕਾਗਰ ਫਾਟੇ ॥**
**ਸਾਧ ਸੰਗਤਿ ਮਿਲਿ ਹਰਿ ਰਸੁ ਪਾਇਆ ॥ ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥ ੧ ॥**[੧੩੪੮]- ੩-੨-੭-੧੨

ਜਿਸ ਅਦਭੁਤ ਗ੍ਰੰਥ ਦੁਆਰਾ ਬ੍ਰਾਹਮਣ ਨੇ ਲੋਕਾਂ ਦੇ ਮਨਾਂ ਵਿਚ ਧਰਮਰਾਜ ਦੇ ਜਮਾਂ ਦੀ ਮਾਰ ਦਾ ਡਰ ਪਾ ਕੇ ਆਪਣੀਆਂ ਕਈ ਪੀੜ੍ਹੀਆਂ ਲਈ ਤਕੜੀ ਆਮਦਨ ਦਾ ਪੱਕਾ ਸਾਧਨ ਬਣਾਇਆ ਹੈ, ਉਸ " ਗਰੁੜ ਪੁਰਾਣ " ਵਿਚ ਅਸਾਂ ਪੜ੍ਹਿਆ ਹੈ ਕਿ ਧਰਮਰਾਜ ਦੇ ਦਫਤਰ ਦਾ ਰਜਿਸਟਰ ਭਗਤਾਂ ਅਤੇ ਪਾਪੀਆਂ ਲਈ ਸਾਂਝਾ ਹੈ, ਅਤੇ ਉਸ ਵਿਚ ਲਿਖਿਆ ਲੇਖਾ ਕਿਸੇ ਹਾਲਤ ਵਿਚ ਨਹੀਂ ਪਾੜਿਆ ਜਾ ਸਕਦਾ । ਬ੍ਰਾਹਮਣ ਦੇ ਮਿਥੇ ਕਿਰਿਆ-ਕਰਮ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਬਿਨਾਂ, ਵਡੇ ਵਡੇ ਭਗਤਾਂ ਸਮੇਤ ਸਭ ਨੂੰ ਕਰਮਾਂ ਦਾ ਫਲ ਭੁਗਤਨਾਂ ਹੀ ਪੈਂਦਾ ਹੈ । ਪਰ ਸਤਿਗੁਰਾਂ ਨੇ ਤਾਂ ਉਹ ਸਾਰੇ ਕਾਗ਼ਜ਼, ਲੀਰੋ ਲੀਰ ਕਰ ਦਿੱਤੇ ਹਨ । ਭਾਵ, ਪ੍ਰਭੂ ਦੇ ਭਗਤ ਲਈ ਅਥਵਾ ਸੁੱਚੇ ਆਚਰਨ ਵਾਲੇ ਗੁਰਮੁਖ ਲਈ, ਨਾ ਕਿਸੇ ਧਰਮਰਾਜ ਦਾ ਤੌਖਲਾ ਹੈ ਅਤੇ ਨਾ ਹੀ ਕਲਮ ਦੁਆਤ, ਕਾਗ਼ਜ਼ਾਂ ਆਦਿ ਵਾਲੇ ਅਜੇਹੇ ਕਿਸੇ ਦਫ਼ਤਰ ਦਾ ਹੀ ਕੋਈ ਭਰਮ ਹੋਣਾ ਚਾਹੀਦਾ ਹੈ ।

ਧਰਮ ਰਾਏ ਦੇ ਦਫਤਰ ਦੀ ਅਸਲੀਅਤ ਕਬੀਰ ਸਾਹਿਬ ਇਸ ਗੁਰੂਬਾਣੀ ਸ਼ਬਦ ਦੁਆਰਾ ਨੰਗੀ ਕਰਦੇ ਹਨ:--

੧੫੦- **ਬਹਤਰਿ ਘਰ, ਇੱਕੁ ਪੁਰਖੁ ਸਮਾਇਆ, ਉਨਿ ਦੀਆ ਨਾਮੁ ਲਿਖਾਈ ॥ ]**
**ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥ ੩ ॥**[੭੯੩]-੫

**ਅਰਥ:**--(ਮੈਂ ਆਪਣੇ ਗੁਰੂ ਅੱਗੇ ਪੁਕਾਰ ਕੀਤੀ ਤਾਂ) ਉਸ ਨੇ ਮੈਨੂੰ (ਪਤਮਾਤਮਾ ਦਾ ) ਨਾਮ ਰਾਹਦਾਰੀ ਵਜੋਂ ਲਿਖ ਦਿੱਤਾ, ਜੋ ਬਹਤਰ ਘਰੀ (-੭੨ ਕੋਠੜੀਆਂ ਵਾਲਾ ਮਨੁੱਖਾ ਸਰੀਰ) ਦੇ ਅੰਦਰ ਹੀ ਮੌਜੂਦ ਹੈ । (ਸਤਿਗੁਰੂ ਦੀ ਇਸ ਮਿਹਰ ਦਾ ਸਦਕਾ ਜਦੋਂ) ਧਰਮਰਾਜ ਦੇ ਦਫ਼ਤਰ ਦੀ ਪੜਤਾਲ ਕੀਤੀ ਤਾਂ ਮੇਰੇ ਜ਼ਿਮੇ ਰਤਾ ਵੀ ਦੇਣਾ ਨਾ ਨਿਕਲਿਆ (ਭਾਵ, ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰੋਂ ਕੁਕਰਮਾਂ ਦਾ ਲੇਖਾ ਉੱਕਾ ਹੀ ਮੁੱਕ ਗਿਆ) । ੩ ।

੧੫੧- **ਇਹ ਲੋਕੇ ਸੁਖੁ ਪਾਇਆ ॥ ਨਹੀਂ ਭੇਟਤ ਧਰਮਰਾਇਆ ॥ ਹਰਿ ਦਰਗਹ ਸੋਭਾਵੰਤ ॥**
**ਫੁਨਿ ਗਰਭ ਨਾਹੀ ਬਸੰਤ ॥ ੧ ॥ ਜਾਨੀ ਸੰਤ ਕੀ ਮਿਤ੍ਰਾਈ ॥**
**ਕਰਿ ਕਿਰਪਾ ਦੀਨੋ ਹਰਿ ਨਾਮਾ ਪੂਰਬਿ ਸੰਜੋਗਿ ਮਿਲਾਈ ॥ ੧ ॥ ਰਹਾਉ ॥**[੮੯੮]-੩੮-੪੯

**ਅਰਥ:**--ਹੇ ਭਾਈ ! ਪੂਰਬਲੇ ਸੰਜੋਗ ਦੇ ਕਾਰਨ (ਤੈਨੂੰ ਗੁਰੂ ਦੀ ਮਿਤ੍ਰਤਾ) ਪ੍ਰਾਪਤਿ ਹੋਈ ਹੈ । (ਗੁਰੂ ਨੇ) ਕਿਰਪਾ ਕਰ ਕੇ (ਮੈਨੂੰ) ਪਰਮਾਤਮਾ ਦਾ ਨਾਮ ਦੇ ਦਿੱਤਾ ਹੈ । (ਸੋ ਹੁਣ) ਮੈਂ ਗੁਰੂ ਦੀ ਕਦਰ ਸਮਝ ਲਈ ਹੈ **। ੧ ।ਰਹਾਉ_।** (ਜਿਸ ਮਨੁੱਖ ਨੂੰ ਗੁਰੂ ਦੀ ਮਿਤ੍ਰਤਾਈ ਪ੍ਰਾਪਤ ਹੁੰਦੀ ਹੈ ਉਸ ਨੇ) ਇਸ ਜਗਤ ਵਿਚ (ਆਤਮਕ)ਸੁਖ ਮਾਣਿਆ, (ਪਰਲੋਕ ਵਿਚ) ਉਸ ਨੂੰ ਧਰਮਰਾਜ ਨਾਲ ਵਾਹ ਨਹੀ ਪੈ ਸਕਦਾ । ਉਹ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਸੋਭਾ ਵਾਲਾ ਬਣਦਾ ਹੈ, ਮੁੜ ਮੁੜ ਜੰਮਣ ਮਰਨ ਦੇ ਗੇੜ ਵਿਚ ਨਹੀਂ ਪੈਂਦਾ ।

ਧਰਮ ਰਾਜ ਨਾਲ ਵਾਹ ਨਾ ਪੈਣ ਤੋਂ ਭਾਵ ਇਹ ਨਹੀਂ ਹੈ ਕਿ ਉਂਜ ਧਰਮ ਰਾਜ ਹੈ ਜ਼ਰੂਰ ਪਰ ਉਹ ਗੁਰਮੁਖਾਂ ਲਈ ਨਕੰਮਾ ਹੋ ਜਾਂਦਾ ਹੈ । ਜਿਨ੍ਹਾਂ ਗ੍ਰੰਥਾਂ ਨੇ ਧਰਮ ਰਾਜ ਦਾ ਭਰਮ ਬਣਾਇਆ ਹੈ ਉਨ੍ਹਾਂ ਵਿਚ ਕਿਸੇ ਵੀ ਪ੍ਰਾਣੀ ਨੂੰ ਧਰਮਰਾਜ ਦੀ ਪੇਸ਼ੀ ਤੋਂ ਬਖ਼ਸ਼ਿਆ ਨਹੀਂ ਗਿਆ । ਭਾਵੇਂ ਕੋਈ ਧਰਮ ਰਾਜ ਕੋਲੋਂ ਸ਼ਾਬਾਸ਼ੀ ਲਵੇ ਤੇ ਭਾਵੇਂ ਕੋਈ ਡੰਡ ਭੁਗਤੇ । ਉਸ ਕਚਿਹਰੀ ਵਿਚ ਜਾਣਾ ਹਰੇਕ ਨੂੰ ਪੈਂਦਾ ਹੈ । ਪਰ ਸਤਿਗੁਰਾਂ ਦਾ ਇਹ ਕਹਿਣਾ ਕਿ ਗੁਰੂ ਦੇ ਸਨਮੁਖ ਸਿੱਖ ਨੂੰ ਧਰਮ ਰਾਇ ਬੁਲਾ ਹੀ ਨਹੀਂ ਸਕਦਾ । ਮਿੱਠੇ ਸ਼ਬਦਾਂ ਵਿਚ ਧਰਮਰਾਜ ਦੀ ਅੱਡਰੀ ਕਚਹਿਰੀ ਦੇ ਭਰਮ ਦਾ ਖੰਡਨ ਕੀਤਾ ਹੈ । ਜਦ ਅਸਾਂ ਪਿੱਛੇ ਸਮਝ ਲਿਆ ਹੈ ਕਿ ਸਭ ਕੁਝ ਪਰਮਾਤਮਾ ਆਪ ਹੀ ਕਰਦਾ ਹੈ ਤਾਂ ਹੁਣ ਧਰਮ ਰਾਏ ਦੀ ਅੱਡਰੀ ਹੋਂਦ ਦਾ ਜਿਕਰ ਕਰਕੇ ਕੀ ਗੁਰਦੇਵ ਜੀ ਆਪਣੇ ਕਹੇ ਨੂੰ ਆਪ ਹੀ ਕੱਟ ਰਹੇ ਹਨ ? ਅਜੇਹਾ ਵਿਚਾਰ, ਸਤਿਗੁਰਾਂ ਦੀ ਨਿੰਦਾ ਤੁੱਲ ਹੈ । ਧਰਮ ਰਾਜ ਦਾ ਭਰਮ ਪੱਕਾ ਕਰਨ ਲਈ ਕਈ ਲੋਕ ਆਸਾ ਜੀ ਦੀ ਵਾਰ ਦੀ ਦੂਜੀ ਪਉੜੀ ਵਰਤਦੇ ਹਨ । ਪਉੜੀ ਇਸ ਪ੍ਰਕਾਰ ਹੈ:--

੧੫੨- **ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠੱਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥ ੨ ॥** [੪੬੨]-੨

ਗੁਰਮਤਿ ਵਿਚ ਧਰਮ ਦਾ ਅਰਥ ਹੁਕਮ ਹੈ । ਗੁਰਮਤਿ ਦਾ " ਧਰਮ ਰਾਜ " ਵੀ ਪ੍ਰਭੂ ਦਾ ਹੁਕਮ ਹੀ ਹੈ । ਜਪੁਜੀ ਸਾਹਿਬ ਦੇ ਅਰੰਭ ਵਿਚ--**ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥ ੧ ॥** ਜਿਸ ਹੁਕਮ ਦੀ ਰਜ਼ਾ ਵਿਚ ਚਲ ਕੇ ਕੂੜ ਦੀ ਕੰਧ ਢਾ ਢੇਰੀ ਕਰ ਸਕਣ ਦਾ ਉਪਦੇਸ਼, ਹੈ ਉਸ " ਹੁਕਮ " ਦੇ " ਹੁਕਮੀ " ਦਾ ਤਖ਼ਤ ਸਾਡਾ ਹਿਰਦਾ ਹੈ, ਉਸ ਦਾ ਦਰਬਾਰ ਸਾਡੇ ਅੰਦਰ ਹੀ ਲੱਗਾ ਹੋਇਆ ਹੈ:--

੧੫੩- **ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲ ਅਸਰਾਉ ॥**
**ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥** ਭਾਵ --**ਚੁਣਿ ਵਖਿ ਕਢੇ ਜਜਮਾਲਿਆ ॥**

ਗੁਰਬਾਣੀ ਦੇ ਕੇਵਲ ਉਨ੍ਹਾਂ ਸ਼ਬਦਾਂ ਵਿਚ ਹੀ ਧਰਮਰਾਏ ਦੇ ਵੱਸ ਪੈਣ ਦਾ ਜ਼ਿਕਰ ਹੈ ਜਿਥੇ ਵਿਕਾਰੀਆਂ ਅਥਵਾ ਰੱਬ ਤੋਂ ਟੁੱਟੇ ਮਨੁਖਾਂ ਦੀ ਗੱਲ ਹੈ । ਕਾਰਨ ਏਹੀ ਸਮਝਣਾ ਚਾਹੀਦਾ ਹੈ ਕਿ ਅਜੇਹੇ ਮਨੁੱਖ ਗੁਰੂ ਦੇ ਨਹੀਂ ਸਗੋਂ ਬ੍ਰਾਹਮਣ ਦੇ ਹੀ ਸਿੱਖ ਬਣੇ ਰਹਿ ਗਏ ਹਨ । ਗੁਰਮੁਖਾਂ ਲਈ ਨਾ ਕੋਈ ਜੰਮ ਹੈ ਅਤੇ ਨਾ ਹੀ ਧਰਮਰਾਜ ਹੈ । ਗੁਰਮਤਿ ਦਾ **ਧਰਮ ਰਾਜ " ਹੁਕਮ "** ਹੈ ਅਤੇ ਹੁਕਮ-ਰੂਪ ਧਰਮਰਾਜ ਲਈ ਆਗਿਆ ਇਹ ਹੈ ਕਿ:---**ਧਰਮ ਰਾਏ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥**[੩੮]

ਗੁਰੂ ਦੇ ਹੁਕਮ ਅਨੁਸਾਰ ਜੀਵਨ ਢਾਲ ਲੈਣ ਵਾਲੇ ਮਨੁੱਖ ਨੂੰ ਕਿਸੇ ਵੀ ਜਮ ਆਦਿਕ ਦਾ ਭਰਮ ਨਹੀਂ ਰਹਿੰਦਾ । ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਪ੍ਰਭੂ ਤੋਂ ਬਿਨਾਂ ਹੋਰ ਕੋਈ ਵੀ ਸ਼ਕਤੀ ਸੰਸਾਰ ਦੀ ਕਾਰ ਵਿਚ, ਦਖ਼ਲ ਦੇਣ ਜੋਗੀ ਪੈਦਾ ਹੀ ਨਹੀਂ ਹੋਈ । ਦੇਵੀ ਦੇਵਤੇ ਅਥਵਾ ਧਰਮਰਾਜ ਆਦਿਕ ਸਾਰਾ ਮਾਇਆ-ਜਾਲ ਹੈ, ਮਨੁੱਖ ਦਾ ਆਪਣਾ ਪੈਦਾ ਕੀਤਾ ਇੱਕ ਭਰਮ ਹੈ । ਅਸਲੀਅਤ ਕੇਵਲ ਵਾਹਿਗੁਰੂ ਦੀ ਹਸਤੀ ਹੀ ਹੈ । ਸਤਿਗੁਰਮੁਖ ਬਣੀਏ ਅਤੇ ਪ੍ਰਭੂ ਦੀ ਯਾਦ ਨਾਲ ਜੁੜੀਏ, **ਜਮ** ਅਤੇ **ਧਰਮ ਰਾਜ,** ਦੋਹਾਂ ਦੀ ਹੋਂਦ ਦਾ ਭਰਮ ਖ਼ਤਮ ਹੋ ਜਵੇਗਾ:--

੧੫੪- **ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ॥**
**ਧਰਮਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ ॥ ੧ ॥** ੮੦੦]-੬

**ਅਰਥ:**--ਜਿਸ ਮਨੁੱਖ ਨੇ ਆਨੰਦ ਦੇ ਸੋਮੇ ਉੱਤਮ ਪੁਰਖ ਪ੍ਰਭੂ ਦਾ ਨਾਮ ਸਿਮਰਿਆ, ਉਹ ਹਰ ਵੇਲੇ ਆਨੰਦ ਹੀ ਆਨੰਦ ਵਿਚ ਲੀਨ ਰਹਿੰਦਾ ਹੈ, ਉਸ ਨੂੰ ਧਰਮਰਾਜ ਦੀ ਮੁਥਾਜੀ ਨਹੀਂ ਰਹਿੰਦੀ, ਉਹ ਮਨੁੱਖ ਜਮਰਾਜ ਤੇ ਵੀ ਸਾਰੇ ਡਰ ਮੁਕਾ ਦਿੰਦੇ ਹਨ । ੨ ।

੧੫੫- **ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥**
**ਜਿਸ ਨਰ ਕੀ ਦੁਬਿਧਾ ਨਾ ਜਾਇ ਧਰਮਰਾਇ ਤਿਸੁ ਦੇਇ ਸਜਾਇ ॥ ੩ ॥** [੪੯੧]-੪-੬

**ਅਰਥ:**--ਜੇ ਕੋਈ ਮਨੁੱਖ ਅਨੇਕ ਤੀਰਥਾਂ ਦੇ ਇਸ਼ਨਾਨ ਦਾ ਜਤਨ ਕਰਦਾ ਰਹੇ, ਤਾਂ ਵੀ ਉਸ ਦੇ ਅੰਦਰ ਦੀ ਹਉਮੈ ਦੀ ਮੈਲ ਨਹੀਂ ਲਹਿੰਦੀ, ਤੇ, ਜਿਸ ਮਨੁੱਖ ਦੇ ਮਨ ਦਾ ਖਿੰਡਾਉ ਦੂਰ ਨਹੀਂ ਹੁੰਦਾ (ਉਹ ਮਾਇਆ ਦੇ ਮੋਹ ਵਿਚ ਭਟਕਦਾ ਰਹਿੰਦਾ ਹੈ, ਮਾਨੋ) ਉਸ ਨੂੰ ਧਰਮ ਰਾਜ ਸਜ਼ਾ ਦਿੰਦਾ ਹੈ । ੩ ।

੧੫੬- **....ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥**
**ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ ੧੭ ॥**[੫੫੫]-ਵਾਰ-

ਹੇ ਭਾਈ ! ਜੇ ਤੁਸੀਂ ਧਰਮ ਰਾਜ ਦੀ ਅੱਡਰੀ ਹੋਂਦ ਨੂੰ ਨਹੀਂ ਭੁੱਲਦੇ ਤਾਂ ਫਿਰ ਇਹ ਵੀ ਨਾ ਭੁੱਲੋ ਕਿ ਧਰਮ ਰਾਜ ਆਪਣੇ ਆਪ ਤਾਂ ਬਣਿਆਂ ਹੀ ਨਹੀਂ । ਉਹ ਵੀ ਸਾਡੇ ਵਾਂਗ ਪ੍ਰਭੂ ਦਾ ਕੀਤਾ, ਉਸ ਦੀ ਇੱਕ ਕਿਰਤ ਹੀ ਹੈ । ਉਸ ਦੀ ਕੀ ਮਜਾਲ ਜੋ ਪ੍ਰਭੂ ਦੇ ਸੇਵਕਾਂ ਦੇ ਕਦੇ ਨੇੜੇ ਵੀ ਢੁੱਕ ਸਕੇ । ਜਿਸ ਨੂੰ ਪ੍ਰਭੂ ਪਿਆਰ ਕਰਦਾ ਹੋਵੇ, ਉਸ ਨੂੰ ਸਾਰੇ ਹੀ ਪਿਆਰ ਕਿਵੇਂ ਨਾ ਕਰਨ ?

੧੫੭- **ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ ॥**
**ਖਿਨ ਮਹਿ ਬਿਨਸਿ ਜਾਇ, ਪਰਤਾਪੈ, ਡੰਡੁ ਧਰਮਰਾਇ ਕਾ ਲਾਗਾ ॥ ੨ ॥**[੯੮੫]-੪

**ਅਰਥ:**--ਜਿਹੜਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਹੈ, ਉਹ ਕੱਚੇ ਰੰਗ ਵਾਲਾ ਕਸੁੰਭ ਹੀ ਹੈ, ਕਸੁੰਭ ਦੇ ਫੁਲ ਦਾ ਰੰਗ ਚਾਰ ਦਿਨ ਹੀ ਚੰਗਾ ਰਹਿੰਦਾ ਹੈ । (ਉਵੇਂ ਹੀ ਮਨਮੁਖ) ਦੇ ਅੰਦਰੋਂ ਸੁਖ (ਖੇੜਾ) ਇੱਕ ਖਿਨ ਵਿਚ ਹੀ ਨਾਸ ਹੋ ਜਾਂਦਾ ਹੈ, ਉਹ (ਸਦਾ) ਦੁਖੀ ਹੀ ਰਹਿੰਦਾ ਹੈ, ਉਸ ਦੇ ਸਿਰ ਉੱਤੇ ਧਰਮਰਾਜ ਦਾ ਡੰਡ ਕਾਇਮ ਰਹਿੰਦਾ ਹੈ (ਭਾਵ, ਉਹ ਆਤਮਕ ਮੌਤੇ ਮਰਿਆ ਹੀ ਰਹਿੰਦਾ ਹੈ) ।

ਇਸ ਤਰ੍ਹਾਂ ਧਰਮਰਾਜ ਦਾ ਜ਼ਿਕਰ ਹੋਰ ਵੀ ਕਈ ਗੁਰੂ ਸ਼ਬਦਾਂ ਵਿਚ ਹੈ ਪਰ ਕਿਸੇ ਥਾਂ ਵੀ ਇਸ ਦਾ ਅਰਥ ਉਹ ਨਹੀਂ ਹੈ ਜਿਹੜਾ ਬ੍ਰਾਹਮਣੀ ਗ੍ਰੰਥਾਂ ਵਿਚ ਹੈ । ਭਾਵੇਂ ਧਰਮਰਾਜ ਦੇ ਨਾਲ ਹੀ ਜਮਦੂਤਾਂ ਆਦਿ ਦਾ ਭਰਮ ਵੀ ਦੂਰ ਹੋ ਜਾਣਾ ਚਾਹੀਦਾ ਹੈ । ਪਰ ਕਿਉਂਕਿ ਜਮਾਂ ਦੀ ਅੱਡਰੀ ਹੋਂਦ ਦਾ ਵੀ ਭਰਮ ਬਣਿਆਂ ਹੋਇਆ ਹੈ ਇਸ ਲਈ ਕੁਝ ਗੁਰੂ-ਬਾਣੀ ਸ਼ਬਦਾਂ ਦੀ ਵਿਚਾਰ ਉਸ ਪੱਖੋਂ ਵੀ ਕਰ ਲੈਂਦੇ ਹਾਂ ।

## ੧੫
# ਜਮਦੂਤ ਅਤੇ ਗੁਰਬਾਣੀ

ਹਿੰਦੂ ਧਰਮ ਦੇ ਪੁਰਾਣਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਆਮ ਲੋਕਾਂ ਦੀ ਅਥਵਾ ਪਾਪੀਆਂ ਦੀ ਜਾਨ ਕਬਜ ਕਰਨ ਲਈ ਧਰਮਰਾਜ ਆਪਣੇ ਜਮਦੂਤ ਅਥਵਾ ਜਮ ਭੇਜਦਾ ਹੈ ਪਰ ਧਰਮੀ ਮਹਾਪੁਰਖਾਂ ਦੀ ਆਤਮਾ ਨੂੰ ਦੇਵ ਲੋਕ ਵਿਚ ਲੈ ਜਾਣ ਲਈ ਸ਼ਿਵ-ਗਣ ਜਾਂ ਇੰਦਰ ਆਦਿ ਦੇ ' ਗਣ ' ਉਚੇਚਾ ਰਥ ਲੈ ਕੇ ਆਉਂਦੇ ਹਨ । ' ਗਣ ' ਦਾ ਅਰਥ ਨੌਕਰ ਹੈ । ਬ੍ਰਾਹਮਣ ਨੇ ਦੇਵਤਿਆਂ ਨੂੰ ਜਿਥੇ ਸਵਾਰੀਆਂ ਦਿੱਤੀਆਂ ਹਨ ਉਥੇ ਉਨ੍ਹਾਂ ਵਿਚੋਂ ਕਈਆਂ ਨੂੰ ਗਣ ਭਾਵ ਨੌਕਰ ਵੀ ਦਿੱਤੇ ਹੋਏ ਹਨ । ਮਹਾਨ ਕੋਸ਼ ਦੇ ੩੯੪ ਸਫ਼ੇ ਤੇ ਇਨ੍ਹ ਬ੍ਰਾਹਮਣੀ ਦੇਵ-ਨੌਕਰਾਂ ਦੇ ਅੱਡ ਅੱਡ ਟੋਲਿਆਂ ਦੇ ਨਾਮ ਅਤੇ ਉਨ੍ਹਾਂ ਵਿਚਲੇ ਗਣ ਸੇਵਾਦਾਰਾਂ ਦੀ ਗਿਣਤੀ ਦਾ ਵੇਰਵਾ ਇਸ ਪ੍ਰਕਾਰ ਹੈ:--

(੧) ਅਨਿਲ (ਪਵਨ) ਦੇ, ੪੯ (੨) ਆਦਿਤਯ (ਸੂਰਜ) ਦੇ, ੧੨ (੩) ਆਭਾਸ੍ਵਰ ਦੇ, ੬੪, (੪) ਸਾਧਯ ਦੇ, ੧੨ (੫) ਤੁਸ਼ਿਤ ਦੇ, ੩੬ (੬) ਮਹਾਰਾਜਿਕ ਦੇ, ੨੨੦ (੭) ਰੁਦ੍ਰ ਦੇ, ੧੧ (੮) ਵਸੁ ਦੇ, ੮ (੯) ਵਿਸ਼੍ਵੇਦਵਾ ਦੇ, ੧੦ । ਇਹ ਹੈ ਬ੍ਰਾਹਮਣੀ ਮਾਇਆ ਜਾਲ ਦਾ ਇੱਕ ਮਨਮੋਹਣਾ ਰੂਪ । ਚਪਲ-ਬੁਧੀ ਵਿਦਵਾਨ ਬਿੱਪ੍ਰ , ਫ਼ਰਜ਼ੀ ਨਾਵਾਂ ਦੀ ਚੋਣ ਕਰਨ ਵਿਚ ਅਤੇ ਉਨ੍ਹਾਂ ਦੀ ਫ਼ਰਜ਼ੀ ਗਿਣਤੀ ਦੇਣ ਵਿਚ ਅਜੇਹਾ ਨਿਪੁੰਨ ਹੈ ਕਿ ਵਡੇ ਵਡਿਆਂ ਦੀ ਚਕਰੀ ਭੁਆਂ ਦਿੰਦਾ ਹੈ ਜੋ ਇਸ ਝੂਠ ਨੂੰ ਸੱਚ ਸਿੱਧ ਕਰਨ ਲਈ ਸਾਰਾ ਜ਼ੋਰ ਲਾਉਣ ਲੱਗ ਪੈਂਦੇ ਹਨ।

ਸਿੱਖੀ ਦਾ ਨਿਆਰਾ ਰੂਪ ਵਿਗਾੜਨ ਲਈ ਬਿੱਪ੍ਰੀ ਏਜੰਟਾਂ ਨੇ ਸਿੱਖ ਧਰਮ ਦੇ ਇਤਿਹਾਸ ਵਿਚ ਵੀ ਅਜੇਹੇ ਜਮਾਂ, ਗਣਾ ਆਦਿ ਦੇ ਦਰਸ਼ਨਾਂ ਵਾਲੀਆਂ ਕਹਾਣੀਆਂ ਦਾ ਰਲਾ ਪਾ ਦਿੱਤਾ ਹੋਇਆ ਹੈ । ਸਿੱਖਾਂ ਵਿਚ ਕੋਈ ਵਿਰਲਾ ਗੁਰਮੁਖਿ ਹੀ ਅਜੇਹਾ ਹੋਵੇਗਾ, ਜਿਹੜਾ ਇਹ ਭਰੋਸਾ ਬਣਾ ਚੁੱਕਾ ਹੈ ਕਿ ਮਰਨ ਜੰਮਣ ਵਿਚ ਕੇਵਲ ਅਤੇ ਕੇਵਲ ਰੱਬੀ ਸੱਤਾ ਹੀ ਕੰਮ ਕਰ ਰਹੀ ਹੈ । ਕਿਸੇ ਵੀ ਦੂਜੀ ਕਥਿਤ ਸ਼ਕਤੀ ਦਾ ਕੋਈ ਦਖ਼ਲ ਹੋ ਹੀ ਨਹੀਂ ਸਕਦਾ । ਸਿੱਖੀ ਵਿਚ ਭਾਈ ਰਣਧੀਰ ਸਿੰਘ ਜੀ ਅਜੇਹੇ ਭਰਮੀ ਵਿਦਵਾਨ ਹੋਏ ਹਨ ਜਿਨ੍ਹਾਂ ਨੇ ਦੇਵੀ ਦੇਵਤੇ, ਧਰਮਰਾਜ, ਚਿਤ੍ਰਗੁਪਤ, ਜਮਾਂ, ਗਣਾਂ, ਭੂਤ, ਪ੍ਰੇਤ ਆਦਿ, ਸ਼ਿਵ ਪੁਰਾਣ ਅਥਵਾ ਗਰੁੜ ਪੁਰਾਣ ਵਿਚਲੀ ਖ਼ਿਆਲੀ ਪਰ ਕਰੂਠੀ ਫ਼ੌਜ ਦੀ, ਅੱਡਰੀ ਦੁਨੀਆਂ ਸਿੱਧ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ। ਆਉ ਜਮਾਂ ਦੇ ਜ਼ਿਕਰ ਵਾਲੇ ਕੁਝ ਗੁਰਬਾਣੀ ਸ਼ਬਦਾਂ ਦੀ ਵਿਚਾਰ ਕਰ ਲਈਏ:--

## ਤਿਨ ਜਮ ਨੇੜ ਨ ਆਵੈ--

੧੫੮- **ਹਰਿ ਜੀਉ ਤੇਰੀ ਸਦਾ ਸਰਣਾਈ ॥ ਆਪੇ ਬਖਸਿਹਿ ਦੇ ਵਡਿਆਈ ॥**
**ਜਮ ਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ ॥ ੬ ॥**[੧੧੧]-੩-੪ [ਜਮ ਕਾਲ--ਆਤਮਕ ਮੌਤ}

੧੫੯- **ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥ ਸਾਜਨਿ ਮਿਲਿਐ ਸੁਖੁ ਪਾਇਆ**
**ਜਮਦੂਤ ਮੁਏ ਬਿਖੁ ਖਾਇ ॥ ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥ ੫ ॥**[੫੫]-੪

**ਅਰਥ:**--(ਹੇ ਮੇਰੇ ਮਨ ! ਸੱਜਣ-ਪ੍ਰਭੂ ਨੂੰ ਮਿਲਣ ਵਾਸਤੇ ਸਦਾ ਆਪਣੇ) ਗੁਰੂ ਅੱਗੇ ਅਰਦਾਸ ਕਰਦਾ ਰਹੁ, (ਗੁਰੂ) ਸੱਜਣ-ਪ੍ਰਭੂ ਮਿਲਾ ਦਿੰਦਾ ਹੈ । ਜੇ ਸੱਜਣ-ਰੱਬ ਮਿਲ ਪਏ ਤਾਂ ਆਤਮਕ ਆਨੰਦ ਮਿਲ ਜਾਂਦਾ ਹੈ, (ਕਥਿਤ) ਜਮਦੂਤ ਤਾਂ (ਇਉਂ ਸਮਝੋ ਕਿ) ਜ਼ਹਰਿ ਖਾ ਕੇ ਮਰ ਜਾਂਦੇ ਹਨ (ਭਾਵ, ਆਤਮਕ ਮੌਤ ਕਦੇ ਨੇੜੇ ਨਹੀਂ ਢੁੱਕਦੀ) । (ਜੇ ਸੱਜਣ-ਵਾਹਿਗੁਰੂ ਮਿਲ ਪਏ ਤਾਂ) ਮੈਂ ਉਸ ਦੇ ਨਾਮ ਵਿਚ ਸਦਾ ਟਿਕਿਆ ਰਹਿ ਸਕਦਾ ਹਾਂ ਉਸ ਦਾ ਨਾਮ (ਸਦਾ ਲਈ) ਮੇਰੇ ਮਨ ਵਿਚ ਆ ਵੱਸਦਾ ਹੈ । ੫ ।

੧੬੦- **ਸੰਸਾਰ ਸਾਗਰੁ ਜਿਨਿ ਉਪਾਇਓ ਸਰਣਿ ਪ੍ਰਭ ਕੀ ਗਹੀ ॥**
**ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮ ਕੰਕਰੁ ਕਿਛੁ ਨ ਕਹੀ ॥ ੨ ॥**[੧੦੧੭]-੨

੧੬੧- **ਸਤਿਗੁਰੁ ਦਾਤਾ ਮੁਕਤਿ ਕਰਾਏ ॥ ਸਭਿ ਰੋਗ ਗਵਾਏ ਅੰਮ੍ਰਿਤੁ ਰਸੁ ਪਾਏ ॥**
**ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥ ੫ ॥**[ ੧੦੨੭]-੨-੮

**ਅਰਥ:**--ਸਤਿਗੁਰੂ ਆਤਮਕ ਜੀਵਨ ਦੇ ਗੁਣਾ ਦੀ ਦਾਤਿ ਕਰਦਾ ਹੈ, ਵਿਕਾਰਾਂ ਤੋਂ ਛੁਟਕਾਰਾ (ਮੁਕਤੀ) ਦਿਵਾਉਂਦਾ ਹੈ, ਸਾਡੇ ਹਿਰਦੇ ਵਿਚ ਨਾਮ-ਅੰਮ੍ਰਿਤ ਦਾ ਰਸ ਪਾ ਕੇ ਸਾਡੇ (ਅਤਮਕ) ਰੋਗ ਦੂਰ ਕਰਦਾ ਹੈ । (ਗੁਰੂ ਦੀ ਕਿਰਪਾ ਨਾਲ) ਜਿਸ ਮਨੁੱਖ ਦੀ ਤ੍ਰਿਸ਼ਨਾ-ਅੱਗ ਬੁੱਝ ਜਾਂਦੀ ਹੈ, ਜਿਸ ਦੀ ਛਾਤੀ (ਨਾਮ ਦੀ ਠੰਢ ਨਾਲ) ਠੰਢੀ-ਠਾਰ ਹੋ ਜਾਂਦੀ ਹੈ, (ਕਥਿਤ) ਜਮ ਮਸੂਲੀਆ ਉਸ ਦੇ ਨੇੜੇ ਨਹੀਂ ਢੁਕਦਾ, ਉਸ ਨੂੰ (ਆਤਮਕ ਮੌਤ ਦੇ ਦੁਖ ਵਾਲਾ) ਮਸੂਲ ਨਹੀਂ ਦੇਣਾ ਪੈਂਦਾ (ਕਿਉਂਕਿ ਉਸ ਨੇ ਗੁਰੂ ਦੀ ਕਿਰਪਾ ਨਾਲ ਸਿਮਰਨ ਤੋਂ ਬਿਨਾ ਕੋਈ ਹੋਰ ਮਾਇਕ ਵੱਖਰ ਆਪਣੇ ਜੀਵਨ-ਬੇੜੇ ਵਿਚ ਲੱਦਿਆ ਹੀ ਨਹੀਂ, ਭਾਵ, ਉਸ ਨੇ ਆਪਣੀ ਆਤਮਕ ਅਵਸਥਾ ਮਾਇਆ ਦੇ ਮੋਹ ਦੀ ਉਪਜ ਵਿਕਾਰਾਂ ਦੀ ਨਿਵਾਣ ਤੋਂ ਬੜੀ ਉੱਚੀ ਕਰ ਲਈ ਹੁੰਦੀ ਹੈ) ।

੧੬੨- **ਨਦਰਿ ਕਰੇ ਪੂਰਾ ਗੁਰ ਭੇਟੈ ॥ ਜਮ ਜੰਦਾਰੁ ਨ ਮਾਰੈ ਫੇਟੈ ॥**
**ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥ ੬ ॥**[੧੦੩੬]-੪-੧੬

ਜਮਾਂ ਦੀ ਮੁਥਾਜੀ ਤੋਂ ਨਿਰਲੇਪ ਹੋਏ ਗੁਰਮੁਖਾਂ ਦੇ ਦਰਸ਼ਨਾਂ ਵਾਲੇ ਹੋਰ ਕਈ ਗੁਰੂ ਸ਼ਬਦ ਹਨ ।

## ਜਮਪੁਰਿ ਬਧਾ ਦੁਖ ਸਹਾਹੀ ? -- [ਭਾਵ, ਆਤਮਕ ਪੂੰਜੀ ਲੁਟਾਈ ਬੈਠਾ ਮਨੁਖ ਮੌਤ ਦੇ ਸਹਮ ਵਿਚ ਪਿਆ ਸਦਾ ਦੁਖੀ ਰਹਿੰਦਾ ਹੈ]

੧੬੩- **ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ ਬਾਝਹੁ ਗੁਰੂ ਅਚੇਤੁ ਹੈ**
**ਸਭ ਬਧੀ ਜਮ ਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ ੪ ॥**[੩੦]-੧੦-੪੩ {ਜਮਕਾਲ--ਆਤਮਕ ਮੌਤ}

੧੬੪- **ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥ ਓਇ ਫਿਰਿ ਫਿਰਿ ਜੋਨਿ ਭਵਾਈਅਹਿ**
**ਮਰਿ ਜੰਮਹਿ ਆਵੈ ਜਾਇ ॥ ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥ ੩ ॥**[੯੯੬]-੧-੩

**ਅਰਥ:**--ਜਿਨ੍ਹਾਂ ਮਨੁੱਖਾਂ ਨੇ ਕਦੇ ਪਰਮਾਤਮਾ ਦਾ ਸਿਮਰਨ ਨਹੀਂ ਕੀਤਾ ਉਹ ਬਦ-ਕਿਸਮਤ ਹਨ । (ਨਾਮ-ਹੀਣ ਮਨੁੱਖ) ਆਤਮਕ ਮੌਤੇ ਮਰਿਆ ਰਹਿੰਦਾ ਹੈ । ਉਹ (ਨਾਮ ਤੋਂ ਸੱਖਣੇ) ਬੰਦੇ ਮੁੜ ਮੁੜ ਜੂਨਾਂ ਵਿਚ ਭਵਾਏ ਜਾਂਦੇ ਹਨ, ਉਹ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ । ਨਾਮ ਹੀਣ ਮਨੁੱਖ ਜੰਦਾ ਮਰਦਾ ਰਹਿੰਦਾ । (ਨਾਮ ਤੋਂ ਵਾਂਜੇ ਹੋਏ) ਬੰਦੇ ਜਮਰਾਜ ਦੇ ਦਰ ਤੇ ਬੱਝੇ ਮਾਰੀ-ਕੁਟੀਦੇ ਹਨ । ਪ੍ਰਭੂ ਦੀ ਦਰਗਾਹ ਵਿਚ ਉਨ੍ਹਾਂ ਨੂੰ (ਇਹ) ਸਜ਼ਾ ਮਿਲਦੀ ਹੈ । ੩ ।

੧੬੫- **ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ॥** [ਜਮ ਡੰਡ--ਆਤਮ ਮੌਤ]
**ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥ ੧ ॥**[੬੫]-੨-੧੯

੧੬੬- **ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥**
**ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ ॥ ਗੁਰਪਰਸਾਦੀ ਉਬਰੇ ਜਿਨ ਹਰਿ**
**ਰਸੁ ਚਖਾ ॥ ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥ ੩ ॥**[੧੦੮੭]

**ਅਰਥ:**--ਹੇ ਮੂਰਖ ! ਹੇ ਮਨ ਦੇ ਗੁਲਾਮ ! ਮਾਇਆ ਨੂੰ ਵੇਖ ਕੇ ਉਕਾਈ ਨਾ ਖਾਹ, ਇਹ ਏਥੋਂ ਤੁਰਨ ਵੇਲੇ ਕਿਸੇ ਦੇ ਨਾਲ ਨਹੀਂ ਤੁਰਦੀ, ਸੋ ਸਾਰੇ ਧਨ ਨੂੰ ਝੂਠਾ ਸਾਥੀ ਜਾਣ । (ਪਰ ਇਸ ਮਾਇਆ ਨੂੰ ਵੇਖ ਕੇ) ਮੂਰਖ ਅੰਨ੍ਹਾਂ ਮਨੁੱਖ ਨਹੀਂ ਸਮਝਦਾ ਕਿ ਸਿਰ ਉਤੇ ਜਮ ਜਿਹੀ ਮੌਤ ਦੀ ਤਲਵਾਰ ਵੀ ਹੈ (ਤੇ ਇਸ ਮਾਇਆ ਨਾਲੋਂ ਸਾਥ ਟੁੱਟ ਜਾਣਾ ਹੈ) ।

ਜਿਨ੍ਹਾਂ ਮਨੁੱਖਾਂ ਨੇ ਹਰਿ ਨਾਮ ਦਾ ਰਸ ਚੱਖਿਆ ਹੈ ਉਹ ਗੁਰੂ ਦੀ ਮਿਹਰ ਨਾਲ (ਮਾਇਆ ਮੋਹ ਵਿਚ ਫਸਣ ਦੀ ਉਕਾਈ ਤੋਂ) ਬਚ ਜਾਂਦੇ ਹਨ, ਇਹ ਉੱਦਮ ਪ੍ਰਭੂ ਆਪ ਹੀ (ਜੀਵਾਂ ਪਾਸੋਂ) ਕਰਾਉਂਦਾ ਹੈ (ਜੀਵ ਵਿਚ ਬੈਠ ਕੇ, ਮਾਨੋ) ਆਪ ਹੀ ਕਰਦਾ ਹੈ, ਆਪ ਹੀ ਜੀਵ ਦਾ ਰਾਖਾ ਹੈ । ੩ ।

੧੬੭- **ਹਉਮੈ ਜਲਿਆ ਮਨਹੁ ਵਿਸਾਰੇ ॥ ਜਮਪੁਰਿ ਵਜਹਿ ਖੜਗ ਕਰਾਰੇ ॥ ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥ ੪ ॥ ਮਾਇਆ ਮਮਤਾ ਪਵਹਿ ਖਿਆਲੀ ॥ ਜਮਪੁਰਿ ਫਾਸਹਿਗਾ ਜਮ ਜਾਲੀ ॥ ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮ ਕਰੇ ਖੁਆਰੀ ਜੀਉ ॥ ੫ ॥ ਨਾ ਹਉ ਕਰਤਾ ਨਾ ਮੈ ਕੀਆ ॥ ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥ ੬ ॥**[੯੯੩]-੧-੧੨

**ਅਰਥ:**-- ਜਿਹੜਾ ਜੀਵ ਹਉਮੈ ਵਿਚ ਸੜਿਆ ਰਹਿ ਕੇ (ਆਤਮਕ ਜੀਵਨ ਦੇ ਅੰਕੁਰ ਨੂੰ ਸਾੜ ਕੇ) ਪਰਮਾਤਮਾ ਨੂੰ ਆਪਣੇ ਮਨ ਤੋਂ ਭੁਲਾ ਦਿੰਦਾ ਹੈ ਉਸ ਨੂੰ ਜਮ ਦੇ ਸ਼ਹਿਰ ਵਿਚ ਕਰੜੇ ਖੰਡੇ ਵੱਜਦੇ ਹਨ ( ਭਾਵ, ਇਤਨੇ ਆਤਮਕ ਕਲੇਸ਼ ਹੁੰਦੇ ਹਨ, ਮਾਨੋਂ ਖੰਡਿਆਂ ਦੀਆਂ ਤਕੜੀਆਂ ਚੋਟਾਂ ਵੱਜ ਰਹੀਆਂ ਹਨ), ਉਸ ਵੇਲੇ (ਜਦੋਂ ਮਾਰ ਪੈ ਰਹੀ ਹੁੰਦੀ ਹੈ) ਤਰਲੇ ਲਿਆਂ ਨਾਮ (ਸਿਮਰਨ ਦਾ ਮੌਕਾ) ਨਹੀਂ ਮਿਲਦਾ । (ਹੇ ਜੀਵ ! ਜੇ ਤੂੰ ਸਾਰੀ ਉਮਰ ਇਤਨਾ ਹੀ ਗ਼ਾਫ਼ਿਲ ਰਿਹਾ ਹੈਂ, ਤਾਂ) ਉਹ ਭਾਰਾ ਦੁੱਖ ਪਿਆ ਸਹਾਰ (ਉਸ ਭਾਰੇ ਕਸ਼ਟ ਵਿਚੋਂ ਤੈਨੂੰ ਕੋਈ ਕੱਢ ਨਹੀਂ ਸਕਦਾ ।(-**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ**) **। ੪ ।** ਜੇ ਜੀਵ ! ਜੇ ਤੂੰ ਮਾਇਆ ਦੀ ਮਮਤਾ ਦੇ ਖ਼ਿਆਲਾਂ ਵਿਚ ਹੀ ਪਿਆ ਰਹੇਂਗਾ (ਜੇ ਤੂੰ ਮਾਇਆ ਜੋੜਨ ਦੇ ਆਹਰਾਂ ਵਿਚ ਹੀ ਰਹੇਂਗਾ, ਆਖ਼ਰ) ਜਮ ਦੀ ਨਗਰੀ ਵਿਚ ਜਮ ਜਾਲ ਵਿਚ ਫ਼ਸੇਂਗਾ, (ਮਾਇਆ ਦੇ ਨਸ਼ੇ ਦੇ ਕਾਰਨ ਕਾਮਾਦਿਕ ਵਿਕਾਰਾਂ ਵਿਚ ਫਸ ਕੇ ਕਈ ਰੋਗਾਂ ਦਾ ਸ਼ਿਕਾਰ ਹੋ ਕੇ, ਜਮ ਦੀ ਨਗਰੀ, ਦੁਖਾਂ ਦਾ ਘਰ ਬਣ ਜਾਵੇਂਗਾ), ਉਸ ਵੇਲੇ ਤੂੰ ਮੋਹ ਦੇ ਬੰਧਨ ਤੋੜ ਨਹੀਂ ਸਕੇਂਗਾ, (ਤਾਹੀਏਂ) ਤਦੋਂ ਜਮਰਾਜ ਤੇਰੀ ਬੇ-ਇਜ਼ਤੀ ਕਰੇਗਾ (ਭਾਵ, ਆਤਮਕ ਮੌਤ ਵਿਚ ਫਸ ਕੇ ਖੁਆਰ ਹੋਵੇਂਗਾ) **। ੫ ।** (ਪਰ, ਹੇ ਪ੍ਰਭੂ ! ਤੇਰੀ ਮਾਇਆ ਦੇ ਟਾਕਰੇ ਤੇ ਮੈਂ ਕੀ ਵਿਚਾਰਾ ਹਾਂ ? ਮਾਇਆ ਦੇ ਬੰਧਨਾਂ ਤੋਂ ਬਚਨ ਲਈ) ਨਾ ਹੀ ਮੈਂ ਹੁਣ ਕੁਝ ਕਰ ਰਿਹਾ ਹਾਂ, ਨਾਂ ਹੀ ਇਸ ਤੋਂ ਪਹਿਲਾਂ ਕੁਝ ਕਰ ਸਕਿਆ ਹਾਂ । ਮੈਨੂੰ ਤਾਂ ਸਤਿਗੁਰਾਂ ਨੇ (ਮਿਹਰ ਕਰ ਕੇ) ਤੇਰਾ ਆਤਮਕ ਜੀਵਨ ਦੇਣ ਵਾਲਾ ਨਾਮ ਬਖ਼ਸ਼ਿਆ ਹੈ । ਜਿਸ ਨੂੰ ਤੂੰ (ਗੁਰੂ ਦੀ ਰਾਹੀਂ ਆਪਣਾ ਅੰਮ੍ਰਿਤ-ਨਾਮ) ਦਿੰਦਾ ਹੈਂ ਉਸ ਨੂੰ ਕੋਈ ਹੋਰ ਤਦਬੀਰ ਕਰਨ ਦੀ ਲੋੜ ਹੀ ਨਹੀਂ ਰਹਿ ਜਾਂਦੀ । ਗੁਰਦੇਵ ਜੀ ਦਾ ਫ਼ੁਰਮਾਨ--(ਪ੍ਰਭੂ ਦਰ ਤੇ ਅਰਦਾਸ ਕਰੋ--ਹੇ ਪ੍ਰਭੂ !) ਮੈਂ ਤਰੀ ਸਰਨ ਆਇਆ ਹਾਂ (ਮੈਨੂੰ ਮਾਇਆ-ਮੋਹ ਤੋਂ ਬਚਾ ਕੇ ਆਪਣੇ ਚਰਨਾਂ ਨਾਲ ਜੋੜੀ ਰੱਖ) । ੬ ।

ਇਨ੍ਹਾਂ ਕਾਮਾਦਿਕਾਂ ਪੰਜਾਂ ਨਾਲੋਂ ਵੱਧ ਦੁਖਦਾਈ ਕੋਈ ਕਥਿਤ ਜਮ ਆਦਿ ਵੀ ਨਹੀਂ ਹੈ:--

੧੬੮- **ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥ ੧ ॥ ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥ ੧ ॥ ਰਹਾਉ ॥ ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ॥ ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥ ੨ ॥ ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥ ੩ ॥ ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥ ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥ ੪ ॥**[੧੫੫]-੨-੧੪

**ਅਰਥ:**--ਹੇ ਮੇਰੇ ਮਨ ! ਮੇਰੇ ਵੈਰੀ (ਕਾਮਾਦਿਕ) ਪੰਜ ਹਨ, ਮੈਂ ਇਕੱਲਾ ਹਾਂ, ਮੈਂ (ਇਨ੍ਹਾਂ ਤੋਂ) ਸਾਰਾ ਘਰ (ਭਾਵ, ਭਲੇ ਗੁਣ) ਕਿਵੇਂ ਬਚਾਵਾਂ ? ਹੇ ਭਾਈ ! ਇਹ ਪੰਜੇ ਮੈਨੂੰ ਨਿਤ ਮਾਰਦੇ ਤੇ ਲੁੱਟਦੇ ਰਹਿੰਦੇ ਹਨ, ਮੈਂ ਕਿਸ ਦੇ ਪਾਸ ਸ਼ਿਕਾਇਤ ਕਰਾਂ ? **। ੧ ।** {ਇਨ੍ਹਾਂ ਪੰਜਾਂ ਤੋਂ ਬਹੁਤਾ ਦੁਖਦਾਈ ਹੋਰ ਕਿਹੜਾ ਜਮ ਹੈ ?] ਹੇ ਮਨ ! ਪਰਮਾਤਮਾ ਦਾ ਨਾਮ ਸਿਮਰ, ਸਾਹਮਣੇ ਜਮਰਾਜ ਦੀ ਭਾਰੀ ਤਕੜੀ ਫ਼ੌਜ ਦਿੱਸ ਰਹੀ ਹੈ (ਭਾਵ, ਦੁਖਾ ਤੇ ਪੀੜਾ ਭਰਿਆ ਬੁਢਾਪਾ ਅਤੇ ਫਿਰ ਮੌਤ ਆ ਰਹੀ ਹੈ) **। ੧ । ਰਹਾਉ ।** ਪਰਮਾਤਮਾ ਨੇ ਇਹ ਸਰੀਰ ਬਣਾ ਕੇ (ਇਸ ਦੇ ਕੰਨ ਨੱਕ ਆਦਿਕ) ਦਸ ਦਰਵਾਜ਼ੇ ਬਣਾ ਦਿੱਤੇ । (ਉਸ ਦੇ ਹੁਕਮ ਅਨੁਸਾਰ) ਇਸ ਸਰੀਰ ਵਿਚ ਜਿੰਦ-ਇਸਤ੍ਰੀ ਆ ਟਿਕੀ । ਪਰ ਇਹ ਜੀਵ ਇਸਤ੍ਰੀ ਆਪਣੇ ਆਪ ਨੂੰ ਅਮਰ ਜਾਣਕੇ ਸਦਾ (ਦੁਨੀਆ ਵਾਲੇ) ਚੋਜ-ਤਮਾਸ਼ੇ ਕਰਦੀ ਰਹਿੰਦੀ ਹੈ, ਤੇ ਉਹ ਵੈਰੀ ਕਾਮਾਦਿਕ ਪੰਜੇ ਜਣੇ (ਅੰਦਰੋਂ ਭਲੇ ਗੁਣ) ਲੁੱਟਦੇ ਰਹਿੰਦੇ ਹਨ **। ੨ ।** (ਵਿਕਾਰਾਂ-ਰੂਪੀ ਜਮ ਦੀ ਇਸ ਫ਼ੋਜ ਨੇ ਆਖ਼ਰ) ਸਰੀਰ-ਮਠ ਢਾਹ ਕੇ ਮੰਦਰ ਲੁਟ ਲਿਆ, ਜੀਵ-ਇਸਤ੍ਰੀ ਇਕੱਲੀ ਹੀ ਫੜੀ ਗਈ । ਜਮ ਦਾ ਡੰਡਾ ਸਿਰ ਉਤੇ ਵੱਜਾ (ਭਾਵ, ਮੌਤ ਆ ਗਈ) ਜਮ ਦਾ ਸੰਗਲ ਗਲ ਵਿਚ ਪਿਆ (ਜਾਨ ਸਰੀਰ ਵਿਚੋਂ ਨਿਕਲ ਗਈ) ਉਹ ਲੁੱਟਣ ਵਾਲੇ ਪੰਜੇ ਜਣੇ ਭੱਜ ਗਏ (ਸਾਥ ਛੱਡ ਗਏ **। ੩ ।** (ਸਾਰੀ ਉਮਰ ਜਦ ਤੱਕ ਜੀਉਂਦਾ ਰਿਹਾ) ਵਹੁਟੀ ਸੋਨਾ ਚਾਂਦੀ ਦੇ ਗਹਿਣੇ ਮੰਗਦੀ ਰਹਿੰਦੀ ਹੈ, ਸਨਬੰਧੀ ਮਿਤ੍ਰ ਖਾਣ ਪੀਣ ਦੇ ਪਦਾਰਥ ਮੰਗਦੇ ਰਹਿੰਦੇ ਹਨ, ਇਨ੍ਹਾਂ ਦੀ ਹੀ ਖ਼ਾਤਰ ਜੀਵ ਪਾਪ ਕਰਦਾ ਰਹਿੰਦਾ ਹੈ, ਆਖ਼ਰ (ਪਾਪਾਂ ਦੇ ਕਾਰਨ) ਬੱਝਾ ਹੋਇਆ ਜਮ ਦੀ ਨਗਰੀ ਵਿਚ ਧਕਿਆ ਜਾਂਦਾ ਹੈ (ਭਾਵ, ਦੁਖਦਾਈ ਚੌਰਾਸੀ ਦੇ ਗੇੜ ਵਿਚ ਪੈ ਜਾਂਦਾ ਹੈ) ।

ਕਿਰਪਾਲੂ ਅਤੇ ਦਿਆਲੂ ਸਤਿਗੁਰੂ ਜੀ ਨੇ ਇਹ ਵੀ ਸਮਝਾ ਦਿੱਤਾ ਹੈ ਕਿ ਪਰਮੇਸ਼ਰ ਨਾਲ ਜਿਨ੍ਹਾਂ ਗੁਰਮੁਖਾਂ ਦੀ ਬਣ ਆਈ ਹੈ ਉਨ੍ਹਾਂ ਲਈ ਤਾਂ ਜਮਦੂਤ ਹੜਤਾਲ ਤੇ ਜਾ ਚੁੱਕੇ ਹਨ, ਭਾਵ, ਆਤਮਕ ਮੌਤ ਗੁਰਮੁਖਾਂ ਦੇ ਨੇੜੇ ਨਹੀਂ ਆਉਂਦੀ:--

੧੬੯- **ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੇ ਦਰਬਾਰਿ ॥ ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ ॥ ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥ ੧ ॥**[੬੨੦]-੧੯-੪੭

**ਅਰਥ:**--ਜਿਸ ਮਨੁੱਖ ਉੱਤੇ ਮੇਰੇ ਮਾਲਕ-ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਉਸ ਸਦਾ ਕਾਇਮ ਰਹਿਣ ਵਾਲੇ ਦਰਬਾਰ ਵਿਚ (ਉਸ ਦੀ ਪਹੁੰਚ ਹੋ ਜਾਂਦੀ ਹੈ । ਉਸ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਜੁੜਨ ਲੱਗ ਪੈਂਦੀ ਹੈ । ਪ੍ਰਭੂ ਦੀ ਕਿਰਪਾ ਨਾਲ ਜਦੋਂ) ਗੁਰੂ ਨੇ ( ਉਸ ਦਾ ਦੁੱਖਾਂ ਪਾਪਾਂ ਦਾ) ਤਾਪ ਦੂਰ ਕਰ ਦਿੱਤਾ (ਤਾਂ ਉਸ ਦੇ ਵਾਸਤੇ ਸਾਰੇ) ਸੰਸਾਰ ਵਿਚ ਹੀ ਸ਼ਾਂਤੀ ਵਰਤ ਜਾਂਦੀ ਹੈ (ਜਗਤ ਦਾ ਕੋਈ ਦੁੱਖ ਪਾਪ ਉਸ ਨੂੰ ਪੋਹ ਨਹੀਂ ਸਕਦਾ) ਪ੍ਰਭ ਆਪ ਹੀ ਆਪਣੇ ਸੇਵਕਾਂ ਦੀ (ਦੁਖਾਂ ਪਾਪਾਂ ਵਲੋਂ) ਰਾਖੀ ਕਰਦਾ ਹੈ, ਆਤਮਕ ਮੌਤ ਉਨ੍ਹਾਂ ਨੂੰ ਪੋਹ ਨਹੀਂ ਸਕਦੀ (ਜਮ ਉਨ੍ਹਾਂ ਉੱਤੇ ਆਪਣਾ ਪ੍ਰਭਾਵ ਪਾਉਣ ਦਾ ਜਤਨ ਛੱਡ ਦਿੰਦੇ ਹਨ) । ੧ ।

## ੧੬

# ਓਹੁ ਤੇਰੀ ਸਰਕਾਰ

ਇਹ ਸਮਝਣਾ ਹੈ ਕਿ ਗੁਰਮਤਿ ਨੇ ਉਸੇ **ਹੁਕਮ** ਨੂੰ **ਧਰਮਰਾਜ** ਮੰਨਿਆਂ ਹੈ ਜੋ ਅਰੰਭ ਤੋਂ ਨਾਲ ਹੀ ਲਿਖਿਆ ਆ ਰਿਹਾ ਹੈ--**ਨਾਨਕ ਲਿਖਿਆ ਨਾਲਿ**:---

੧੭੦- **ਧਰਮਰਾਇ** ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ ਦੂਜੈ ਭਾਇ ਦੁਸਟੁ ਆਤਮਾ **ਓਹੁ ਤੇਰੀ ਸਰਕਾਰ** ॥ ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥

**ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥ ੨ ॥**[੩੮]-੩੦-੬੩

**ਅਰਥ:**--(ਪਰਮਾਤਮਾ ਦਾ ਹੁਕਮ-ਰੁਪੀ ਧਰਮ ਰਾਜ ਦਾ ਇਹ ਨਿਯਮ ਬੱਧਾ ਹੋਇਆ ਹੈ ਕਿ ਉਹ) ਸਦਾ ਇਸ ਧਰਮ ਨਿਆਂ ਨੂੰ ਚੇਤੇ ਰੱਖੇ ਕਿ ਵਿਕਾਰੀ ਮਨੁੱਖ ਹੀ ਉਸ ਦੀ ਰਈਅਤ ਹਨ (ਭਾਵ, ਕਥਿਤ ਧਰਮ ਰਾਜ ਜਿਵੇਂ ਵਿਕਾਰੀਆਂ ਨੂੰ ਕਥਿਤ ਤੌਰ ਤੇ ਡੰਡ ਦਿੰਦਾ ਹੈ ਉਵੇਂ ਹੀ ਮਾਇਆ ਦੇ ਮੋਹ ਵਿਚ ਫ਼ਸੇ ਵਿਕਾਰੀ ਲੋਕ, ਰੱਬੀ ਨਿਯਮ ਅਨੁਸਾਰ ਆਤਮਕ ਮੌਤੇ ਮਰੇ ਰਹਿ ਕੇ ਸਦਾ ਦੁਖੀ ਰਹਿੰਦੇ ਹਨ) । ਆਤਮਕ ਜੀਵਨ ਵਾਲੇ ਬੰਦਿਆਂ ਦੇ ਮਨ ਵਿਚ ਗੁਣਾਂ ਦਾ ਖ਼ਜ਼ਾਨਾ ਪਰਮਾਤਮਾ ਆਪ ਵੱਸਦਾ ਹੈ, ਉਹ ਸਦਾ ਪਰਮਾਤਮਾ ਨੂੰ ਸਿਮਰਦੇ ਰਹਿੰਦੇ ਹਨ । ਧੰਨ ਹੈ ਉਹ ਪ੍ਰਭੂ ਜੋ (ਆਪਣੇ ਸੇਵਕਾਂ ਦਾ ਜੀਵਨ ਇਤਨਾ) ਸੋਹਣਾ ਬਣਾ ਦਿੰਦਾ ਹੈ ਕਿ, (ਬ੍ਰਾਹਮਣੀ) ਧਰਮ ਰਾਜ ਉਨ੍ਹਾਂ ਬੰਦਿਆਂ ਦੀ ਸੇਵਾ ਕਰਦਾ ਹੈ (ਭਾਵ, ਉਹ ਕਥਿਤ ਧਰਮ ਰਾਜ ਗੁਰਮੁਖਾਂ ਦਾ ਸੇਵਕ ਹੈ) । ੨ ।

ਧਿਆਨ ਨਾਲ ਵਿਚਾਰੀਏ ਤਾਂ ਸਤਿਗੁਰਾਂ ਦੀ ਅਸਲ ਰਮਜ਼ ਦੀ ਸਮਝ ਆ ਜਾਂਦੀ ਹੈ। ਪੁਰਾਣਾ ਨੇ ਧਰਮਰਾਜ ਦੀ ਕਚਹਿਰੀ ਵਿਚ ਵਾਚਿਆ ਜਾ ਕੇ ਧਰਮ ਰਾਜ ਦਾ ਫੈਸਲਾ ਸੁਣ ਕੇ ਕਰਮਾਂ ਦਾ ਫਲ ਭੁਗਤਣ ਤੋਂ ਵਡੇ ਤੋਂ ਵੱਡੇ ਭਗਤ ਬ੍ਰਹਮਗਿਆਨੀ ਨੂੰ ਵੀ ਨਹੀਂ ਬਚਾਇਆ ਹੋਇਆ। ਏਧਰ ਸਤਿਗੁਰਾਂ ਨੇ ਧਰਮਰਾਜ ਨੂੰ ਗੁਰਮੁਖਾਂ ਦੇ ਸਾਹਮਣੇ ਹੱਥ ਬੰਨ੍ਹੀ ਖੜਾ ਦਰਸਾ ਕੇ ਬੜੇ ਪਿਆਰੇ ਢੰਗ ਨਾਲ ਧਰਮਰਾਜ ਬਾਰੇ ਬਣੇ ਫੋਕੇ ਭਰਮ ਦੀ ਖੰਡਨਾਂ ਕੀਤੀ ਹੈ ।

ਧਰਮਰਾਇ ਦੀ **ਸਰਕਾਰ** ਦੇ ਨਾਲ ਹੁਣ " ਜਮ " ਦੀ **ਸਿਰਕਾਰ**:---

੧੭੧- **ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥ ਏਹ ਜਮ ਕੀ ਸਰਕਾਰ ਹੈ ਏਨਾ ਉਪਰਿ ਜਮ ਕਾ ਡੰਡੁ ਕਰਾਰਾ ॥ ਮਨਮੁਖ ਜਮ ਮਗਿ ਪਾਈਅਨਿ ਜਿਨ੍ ਦੂਜਾ ਭਾਉ ਪਿਆਰਾ ॥ ਜਮਪੁਰਿ ਬਧੇ ਮਾਰੀਅਨਿ੍ ਕੋ ਸੁਣੇ ਨਾ ਪੂਕਾਰਾ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ, ਗੁਰਮੁਖਿ ਨਿਸਤਾਰਾ ॥ ੧੨ ॥** [੫੧੩]-ਵਾਰ

**ਅਰਥ:**-- ਮਾਇਆ ਦਾ ਮੋਹ, ਕਾਮ, ਕ੍ਰੋਧ ਤੇ ਹੰਕਾਰ (ਇਹ ਮਾਨੋ) ਭੂਤ ਹਨ, ਇਹ ਸਾਰੇ ਜਮਰਾਜ ਦੀ ਰਈਅਤ ਹਨ, ਇਨ੍ਹਾਂ ਉੱਤੇ ਜਮਰਾਜ ਦਾ ਜ਼ੋਰ ਚੱਲਦਾ ਹੈ (ਭਾਵ, ਇਹ ਮਨੁੱਖ ਲਈ ਆਤਮਕ ਮੌਤ ਲਿਆਉਂਣ ਦਾ ਕਾਰਨ ਬਣਦੇ ਹਨ) । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਜਿਨ੍ਹਾਂ ਨੂੰ ਮਾਇਆ ਦਾ ਪਿਆਰ ਮਿੱਠਾ ਲੱਗਦਾ ਹੈ ਜਮ-ਰਾਜ ਦੇ ਰਾਹ ਤੇ ਪਾਏ ਜਾਂਦੇ ਹਨ (ਭਾਵ, ਉਹ ਜਮ ਦੀ ਰਈਅਤ ਕਾਮਾਦਿਕਾਂ ਦੇ ਵੱਸ ਪੈ ਕੇ ਆਤਮਕ ਮੌਤ ਸਹੇੜਦੇ ਹਨ) ਉਹ ਮਨੁੱਖ ਜਮ-ਪੁਰੀ ਵਿਚ ਬੱਝੇ ਹੋਏ (ਭਾਵ, ਜਮ ਦੀ ਰਈਅਤ ਕਾਮਾਦਿਕਾਂ ਦੇ ਵੱਸ ਵਿਚ ਪਏ ਹੋਏ) ਮਾਰੀਦੇ ਹਨ (ਦੁਖੀ ਹੁੰਦੇ ਹਨ), ਕੋਈ ਉਨ੍ਹਾਂ ਦੀ ਪੁਕਾਰ ਨਹੀਂ ਸੁਣਦਾ (ਭਾਵ, ਇਨ੍ਹਾਂ ਕਾਮਾਦਿਕਾਂ ਦੇ ਪੰਜੇ ਤੋਂ ਕੋਈ ਉਨ੍ਹਾਂ ਨੂੰ ਛੁਡਾ ਨਹੀਂ ਸਕਦਾ) । ਜਿਸ ਮਨੁੱਖ ਤੇ ਪ੍ਰਭੂ ਆਪ ਮਿਹਰ ਕਰੇ ਉਸ ਨੂੰ ਗੁਰੂ ਮਿਲਦਾ ਹੈ, ਗੁਰੂ ਦੀ ਰਾਹੀਂ (ਇਨ੍ਹਾਂ ਕਾਮਾਦਿਕ ਭੂਤਾਂ ਪ੍ਰੇਤਾ ਤੋਂ) ਛੁਟਕਾਰਾ ਹੁੰਦਾ ਹੈ । ੧੨ ।

ਧਰਮਰਾਇ ਦੀ " ਸਰਕਾਰ " ਅਤੇ ਜਮ ਦੀ " ਸਿਰਕਾਰ "ਤਾਂ ਅਸਾਂ ਵੇਖ ਲਈ ਹੈ, ਆਉ ਹੁਣ ਨਾਲ ਹੀ ਸਤਿਗੁਰਾਂ ਦੀ " ਸਿਰਕਾਰ " ਦੇ ਦਰਸ਼ਨ ਵੀ ਕਰ ਲਈਏ :--

੧੭੨- **ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥ ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥ ੧੩ ॥ ਹਰਿ ਕੇ ਲੋਗ ਨਹੀ ਜਮੁ ਮਾਰੈ ॥ ਨਾ ਦੁਖ ਦੇਖਹਿ ਪੰਥਿ ਕਰਾਰੈ ॥ ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥ ੧੪ ॥ ਓੜੁ ਨ ਕਥਨੈ ਸਿਫਤਿ ਸਜਾਈ ॥ ਜਿਉ ਤੁਧੁ ਭਾਵਹਿ ਰਹਹਿ ਰਜਾਈ ॥ ਕਰਗਾਹ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ ॥ ੧੫ ॥ ਕਿਆ ਕਹੀਐ ਗੁਣ ਕਥਹਿ ਘਨੇਰੇ ॥ ਅੰਤੁ ਨਾ ਪਾਵਹਿ ਵਡੇ ਵਡੇਰੇ ॥ ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ॥ ੧੬॥**[੧੦੩੨]-੬-੧੨

**ਅਰਥ:**--ਗੁਰੂ ਦੀ ਰਈਅਤ ਬਣਕੇ (ਗੁਰੂ ਦੀ ਅਗਵਾਈ ਵਿਚ) ਤੁਰਨਾ ਹੀ ਸਹੀ ਜੀਵਨ-ਰਸਤਾ ਹੈ, ਇਸ ਤਰ੍ਹਾਂ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ, ਆਤਮਕ ਮੌਤ ਦਾ ਰਸਤਾ (-ਜਮ ਧਾਰਾ) ਵੀ ਨਹੀਂ ਫੜੀਦਾ । ਜਿਹੜਾ ਮਨੁੱਖ (ਗੁਰੂ ਦੀ ਅਗਵਾਈ ਵਿਚ) ਟਾਹਣੀਆਂ ਛੱਡ ਕੇ ਮੂਲ ਨੂੰ ਪਛਾਣਦਾ ਹੈ (ਭਾਵ, ਪ੍ਰਭੂ ਦੀ ਰਚੀ ਮਾਇਆ ਦਾ ਮੋਹ ਛੱਡ ਕੇ ਸਿਰਜਣਹਾਰ ਪ੍ਰਭੂ ਨਾਲ ਜਾਣ-ਪਛਾਣ ਪਾਉਂਦਾ ਹੈ) ਉਸ ਦੇ ਮਨ ਵਿਚ ਸਦਾ ਥਿਰ ਰਹਿਣ ਵਾਲਾ ਉਤਸ਼ਾਹ ਪੈਦਾ ਹੁੰਦਾ ਹੈ **। ੧੩ ।** ਜਿਹੜੇ ਬੰਦੇ ਪਰਮਾਤਮਾ ਦੇ ਸੇਵਕ ਬਣਦੇ ਹਨ ਉਨ੍ਹਾਂ ਨੂੰ ਜਮ ਨਹੀਂ ਮਾਰ ਸਕਦਾ (ਭਾਵ, ਉਨ੍ਹਾਂ ਨੂੰ ਆਤਮਕ ਮੌਤ ਨਹੀਂ ਮਾਰ ਸਕਦੀ), ਉਹ (ਆਤਮਕ ਮੌਤ ਦੇ ) ਕਰੜੇ ਰਸਤੇ ਤੇ ( ਨਹੀਂ ਪੈਂਦੇ ਤੇ) ਦੁੱਖ ਨਹੀਂ ਵੇਖਦੇ । ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ (ਉਹ ਅੰਤਰ ਆਤਮੇ ਪਰਮਾਤਮਾ ਦੀ) ਭਗਤੀ ਕਰਦੇ ਹਨ । ਉਨ੍ਹਾਂ ਨੂੰ (ਮਾਇਆ ਦਾ) ਕੋਈ ਬਖੇੜਾ ਨਹੀਂ ਵਾਪਰਦਾ **। ੧੪ ।** ਹੇ ਪ੍ਰਭੂ ! ਤੇਰੇ ਭਗਤ ਜਿਵੇਂ ਤੈਨੂੰ ਚੰਗੇ ਲੱਗਦੇ ਹਨ ਤੇਰੀ ਰਜ਼ਾ ਵਿਚ ਰਹਿੰਦੇ ਹਨ, ਉਹ ਤੇਰੀਆਂ ਸੋਹਣੀਆਂ ਸਿਫ਼ਤਾਂ ਕਰਦੇ ਰਹਿੰਦੇ ਹਨ ਉਨ੍ਹਾਂ ਦੇ ਇਸ ਉੱਦਮ ਦਾ ਖ਼ਾਤਮਾ ਨਹੀਂ ਹੁੰਦਾ । ਹੇ ਸਦਾ ਥਿਰ ਰਹਿਣ ਵਾਲੇ ਪਾਤਿਸ਼ਾਹ ! ਤੇਰੇ ਹੁਕਮ ਅਨੁਸਾਰ ਉਹ ਤੇਰੀ ਹਜ਼ੂਰੀ ਵਿਚ ਇਜ਼ੱਤ ਨਾਲ ਸੌਖੇ ਪਹੁੰਚਦੇ ਹਨ **। ੧੬ ।** ਹੇ ਪ੍ਰਭੂ ! ਅਨੇਕਾਂ ਹੀ ਜੀਵ ਤੇਰੇ ਗੁਣ ਕਥਨ ਕਰਦੇ ਹਨ, ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ । (ਦੁਨੀਆ ਵਿਚ) ਵਡੇ ਵਡੇ (ਦੇਵਤੇ ਆਦਿਕ ਅਖਵਾਉਂਣ ਵਾਲੇ ਵੀ) ਤੇਰੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ । ਹੇ ਪ੍ਰਭੂ ! ਤੂੰ ਪਾਤਿਸ਼ਾਹਾਂ ਦੇ ਸਿਰ ਤੇ ਵੀ ਪਾਤਿਸ਼ਾਹ ਹੈਂ (ਮੇਰੀ ਅਰਦਾਸ ਹੈ) ਮੈਨੂੰ ਨਾਨਕ ਨੂੰ ਤੇਰਾ ਸਦਾ ਥਿਰ ਰਹਿਣ ਵਾਲਾ ਨਾਮ ਮਿਲ ਜਾਏ, ਮੇਰੀ ਲਾਜ ਰੱਖ । ੧੬ ।

## ਹੁਕਮ-ਰੂਪ ਸਿਰਕਾਰ:---

੧੭੩- **ਹਰਿ ਜੀਉ ਕੀ ਹੈ ਸਭ ਸਿਰਕਾਰਾ ॥ ਏਹੁ ਜਮੁ ਕਿਆ ਕਰੇ ਵਿਚਾਰਾ ॥**
**ਹੁਕਮੀ ਬੰਦਾ ਹੁਕਮ ਕਮਾਵੈ ਹੁਕਮੇ ਕਢਦਾ ਸਾਹਾ ਹੇ ॥ ੮ ॥**[੧੦੫੪]-੨-੧੧

**ਅਰਥ:**--ਹੇ ਭਾਈ ! ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਰਈਅਤ ਹੈ । (ਭਾਵ ਸਾਰੀ ਸ੍ਰਿਸ਼ਟੀ ਹੈ ਹੀ ਪਰਭੂ ਦਾ ਹੁਕਮ । ਕਥਿਤ, ਜਮਰਾਜ ਵੀ ਪ੍ਰਭੂ ਦਾ ਹੁਕਮ ਹੀ ਹੈ, ਉਸ) ਵਿਚਾਰੇ ਦੀ ਅੱਡਰੀ ਕੀ ਪਾਇਆਂ ਹੈ? (ਕਥਿਤ) ਜਮਰਾਜ (ਮਾਨੋ) ਹੁਕਮੀ ਬੰਦਾ ਹੈ ਪ੍ਰਭੂ ਦੇ ਹੁਕਮ ਵਿਚ ਬੱਝਾ ਕਾਰ ਕਰ ਰਿਹਾ ਹੈ, ਹੁਕਮ ਅਨੁਸਾਰ ਹੀ ਜਿੰਦ ਕੱਢਦਾ ਹੈ। (ਭਾਵ, ਅਕਾਲਪੁਰਖ ਦੇ ਹੁਕਮ-ਰੂਪੀ ਬੱਝੇ ਹੋਏ ਨਿਯਮ ਅਨੁਸਾਰ ਅੰਦਰ ਹੀ ਜਿੰਦ ਨਿਲਕਦੀ ਹੈ)

ਜਨਮ ਮਰਨ ਕੇਵਲ ਹੁਕਮ ਦੀ ਕਾਰ ਹੈ। **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ** । ਸ੍ਰਿਸ਼ਟੀ ਦੇ ਅਰੰਭ ਤੋਂ ਕੇਵਲ ਹੁਕਮ ਵਿਚ ਹੀ ਸਾਰੀ ਕਾਰ ਚੱਲ ਰਹੀ ਹੈ। ਦੇਵਤੇ, ਧਰਮਰਾਜ, ਜਮ-ਜੰਦਾਰ, ਜੰਨ-ਕੰਕਰ ਆਦਿ ਬਾਕੀ ਜੋ ਕੁਝ ਵੀ ਹੈ, ਸੁਆਰਥੀ ਮਨੁੱਖ ਦੇ ਦਿਮਾਗ਼ ਦਾ ਖਿਲਾਰਿਆ ਭਰਮ-ਜਾਲ ਹੈ। ਆਦਿ ਕਾਲ ਤੋਂ ਚਲਿਆ ਆ ਰਿਹਾ ਪ੍ਰਭੂ ਦਾ ਹੁਕਮ ਹੀ ਧਰਮਰਾਇ ਹੈ, ਪ੍ਰਭੂ ਦੇ **ਹੁਕਮ** ਦੇ ਵਿਚ ਹੀ ਯਮਰਾਜ, ਜੰਮਜੰਦਾਰ ਅਥਵਾ ਜਮਕੰਕਰ ਆਦਿ ਸਮਾਇਆ ਹੋਇਆ ਹੈ। ਪ੍ਰਭੂ ਦਾ **ਹੁਕਮ** ਹੀ ਜਮਦੂਤ ਹੈ ਤੇ ਇਹ " **ਹੁਕਮ-ਰੂਪ** " ਜਮਰਾਜ

ਹੀ ਜੀਵਾਂ ਦੀ ਜਿੰਦਾ ਕੱਢ ਲੈਣ ਦਾ ਜਾਂ ਵਿਰ ਮੁੜ ਜਿੰਦ ਪਾ ਦੇਣ ਦਾ ਕਾਰਨ ਬਣਦਾ ਹੈ--ਏਹ ਰੱਬੀ-ਹੁਕਮ-ਰੂਪ ਨਿਯਮ ਹੀ ਹੈ ਜਿਸ ਨੂੰ " **ਦੇ ਲੈਸਹਿ ਜਿੰਦ ਕਵਾਉ ॥** ਕਿਹਾ ਹੈ । ਗੁਰਸਿੱਖ ਨੇ ਕਿਸੇ ਵੀ ਹੋਰ ਭਰਮ ਭੁਲੇਖੇ ਵਿਚ ਨਹੀਂ ਪੈਣਾ । ਬਸ ਮਾਰਨ ਅਤੇ ਜੀਵਾਲਣ ਵਾਲਾ ਉਹ **ਹੁਕਮੀ** ਆਪ ਹੀ ਹੈ---**ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਈ ॥ ੪ ॥**[੧੧੨੮]-੩ ਜਮਾਂ ਆਦਿ ਦੀ ਅੱਡਰੀ ਦੁਨੀਆਂ ਜੇ ਕੋਈ ਹੈ, ਤਾਂ ਕੇਵਲ ਆਪ ਹੁਦਰੇ ਮਨਮੁਖਾਂ ਲਈ ਹੀ ਹੈ ।

ਹੁਣ ਤੱਕ ਦੀ ਗੁਰਬਾਣੀ ਵਿਚਾਰ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਹੈ ਕਿ ਗੁਰੂ ਦੇ ਸਨਮੁਖ ਮਨੁੱਖਾਂ ਲਈ ਨਾ ਕੋਈ ਜਮਦੂਤ ਹੈ, ਨਾ ਕੋਈ ਧਰਮਰਾਜ ਹੈ, ਅਤੇ ਨਾ ਕੋਈ ਧਰਮ ਰਾਜ ਦਾ ਲੇਖਾ ਹੀ ਹੈ। ਮਾਇਆ ਦੇ ਮੋਹ ਵਿਚ ਫਸੇ ਵਿਕਾਰੀ ਮਨੁਮੱਖਾਂ ਲਈ ਹੀ ਧਰਮਰਾਜ ਦਾ ਡਰ ਹੈ, ਅਥਵਾ ਦੁਰਾਚਾਰੀ ਲੋਕ ਹੀ ਜਮਦੂਤਾਂ ਕੋਲੋ ਭੈ ਭੀਤ ਨਜ਼ਰ ਆ ਰਹੇ ਹਨ। ਦੂਜੇ ਸ਼ਬਦਾਂ ਵਿਚ ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਮਿਲਦੀ ਆ ਰਹੀ ਬ੍ਰਾਹਮਣ ਗੁਰੂ ਦੀ ਸਿਖਿਆ ਦਾ ਅਸਰ ਨਹੀਂ ਤਿਆਗਿਆ ਅਤੇ ਐਵੇਂ ਵਿਖਾਵੇ ਲਈ ਹੀ ਸਿੱਖੀ ਬਾਣਾ ਪਾਈ ਫਿਰਦੇ ਹਨ, ਉਹ " **ਮਨਮੁਖ** ਬੇਸ਼ੱਕ ਜਮਾਂ ਦੀ ਮਾਰ ਤੋਂ, ਜਮ-ਮਾਰਗ ਦੇ ਕਥਿਤ ਲੰਮੇ ਹਨੇਰੇ ਪੈਂਡੇ ਦੇ ਕਸ਼ਟਾਂ ਤੋਂ, ਲਹੂ ਰਾਧ ਦੀ ਭਰੀ ਕਥਿਤ ਵੈਤ੍ਰਨੀ ਨਦੀ ਵਿਚ ਗੋਤੇ ਖਾਣ ਜਿਹੇ ਬੇਅੰਤ ਦੁਖਾਂ ਤੋਂ, ਡਰਦੇ ਹਰ ਹਰ ਕਰਦੇ ਫਿਰਨ । ਉਨ੍ਹਾਂ ਲਈ ਵੀ ਗੁਰਬਾਣੀ ਵਿਚ ਅਰਦਾਸ ਹੈ ਕਿ ਉਹ ਗੁਰਮੁਖ ਬਣ ਜਾਣ ਅਤੇ ਸਾਰੇ ਭਰਮ ਭੁਲੇਖੇ ਤਿਆਗ ਕੇ ਆਪਣੀ ਆਤਮਕ ਅਵਸਥਾ ਉੱਚੀ ਕਰਕੇ ਪਰਮ-ਠੰਡ ਨਾਲ ਜੁੜਨ ਦਾ ਸੁਖ ਮਾਨਣ । ਪਰ ਭਾਣਾ ਇਹ ਵਰਤ ਰਿਹਾ ਹੈ ਕਿ ਅਸੀਂ ਨਿਰਮਲ ਮਤਿ ਹੋ ਕੇ ਸਗਿਰਾਂ ਦੀ ਦੱਸੀ ਕਾਰ ਨਹੀਂ ਕਮਾਉਂਦੇ--

੧੭੪- **ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥ ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥ ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭੁਲੇਰੇ ਫਿਰਹਿ ਦਯਿ ਗਾਲੇ ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨਿ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੈ ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਨਵਾਲੇ ॥ ੧ ॥**[੩੦੫]-ਵਾਰ-੧੦

ਧਰਮਰਾਜ ਅਥਵਾ ਜਮ-ਕੰਕਰ, ਜਮਦੂਤ ਆਦਿ ਦੇ ਜ਼ਿਕਰ ਵਾਲੇ ਬੇਅੰਤ ਸ਼ਬਦ ਗੁਰੂ ਬਾਣੀ ਵਿਚ ਆਏ ਹਨ । ਕਿਸੇ ਗੁਰੂ ਫੁਰਮਾਨ ਤੋਂ ਧਰਮ ਰਾਜ ਜਾਂ ਜਮਾਂ ਦੀ ਹੋਂਦਾ ਦਾ ਭਰਮ ਬਣਾ ਲੈਣਾ ਬ੍ਰਾਹਮਣਵਾਦ ਹੈ । ਪਾਠਿਕਾਂ ਦੀ ਗਿਆਤ ਲਈ ਅਜੇਹੇ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ :--

| | | | | | |
|---|---|---|---|---|---|
| ੧= [੩੨੧]-ਵਾਰ-੧੨ | ੨= [੩੯੩]-੪੦-੯੧ | ੩= [੧੩]-੪(੨) | ੪= [੨੯]-੯-੪੨(੩) | ੫= [੧੪੩]-ਵਾਰ-੧੧ | ੬= [੩੨੪]-੫(ਰਹਾਉ) |
| ੭= [੨੩੦]-ਅਸਟ-੩(੪) | ੮= [੯੯੩]-੧-੧੨(੪) | ੯=[੭੫]-੨ | ੧੦=[੧੩੦]-੧-੩੫(੨) | ੧੧=[੪੫੦]-ਛੰਤ-੫(੩) | ੧੨=[੫੧੬]-ਵਾਰ-੧੮(੨) |
| ੧੩=[੫੪੦]-ਛੰਤ-੫(੨) | ੧੪=[੧੦੬੫]-੮-੨੨ | ੧੫=[੫੫੫]-ਵਾਰ-੧੭ | ੧੬=[੧੩੩੨]-੧ | ੧੭=[੬੬੮]-੬(੨) | ੧੮=[੬੯੭]-੫(੪) |
| ੧੯=[੪੨੧]-੧(ਰਹਾਉ) | ੨੦=[੫੭੭]-ਛੰਤ-੧(੩) | ੨੧=[੭੨੬]-੨(੧੩) | ੨੨=[੭੩੧]-੧(੧) | ੨੩=[੪੩੧]-੨(੨) | ੨੪=[੭੪੬]-੩-੪੬(੨) |
| ੨੫=[੭੪੮]-੪-੫੧(੨) | ੨੬=[੭੮੦]-ਛੰਤ-੩(੧) | ੨੭=[੧੧੧੦]-੨(੩ | ੨੮=[)੫੭੮]-ਛੰਤ-੪(੨) | ੨੯=[੭੯੩]-੫(੩) | ੩੦=[੮੦੦]-੬(੧) |
| ੩੧=[੮੦੭]-੬-੨੪(੧) | ੩੨=[੮੧੧]-੧੨-੪੨(੧) | ੩੩=[੮੩੩]-੧੯੪) | ੩੪=[੮੩੭]-੧(੫) | ੩੫=[੮੫੪]-ਵਾਰ-੧੨(੨) | ੩੬=[੮੫੬]-੬(੨) |
| ੩੭=[੯੪੭]-ਵਾਰ-੩(੨) | ੩੮=[੯੬੧]-ਵਾਰ-੮ | ੩੯=[੧੦੨੩]-੧(੧੪) | ੪੦=[੧੦੪੦]-੩-੨੦(੩) | ੪੧=[੧੦੪੯]-੧(੧) | ੪੨=[੧੦੭੯]-੧-੮(੧੬) |
| ੪੩=[੧੦੯੧]-ਵਾਰ-੧੪ | ੪੪=[੧੨੩੦]-੫(੨) | ੪੫=[੧੧੪੬]-੨੫-੦੩੮ | ੪੬=[੧੨੪੫]-ਵਾਰ-੧੭ | ੪੭=[੧੨੫੬]-੨-੭(੧) | ੪੮=[੧੨੫੮]-੩(੨) |
| ੪੯=[੧੩੨੬]-੬(੨) | ੫੦=[੨੬੩]-ਅਸਟ-੧(੪) | ੫੧=[੨੬੪]-ਅਸਟ-੨(੧) | ੫੨=੨੬੫]-ਅਸਟ-੩(੪) | ੫੩=[੨੭੨]-ਅਸਟ-੭(੫) | ੫੪=[੧੪੨੫]-੨੭ |
| ੫੫=[੨੨]-੨੧(੨) | ੫੬=[੬੯]-੧੭-੨-੨੫(੫) | ੫੭=[੮੫]-੯(੧) | ੫੮=[੧੦੯]-੧(੪) | ੫੯=[੧੨੫]-੨੫-੨੬(੭) | ੬੦=[੧੨੭]-੨੮-੨੯(੫) |
| ੬੧=[੧੪੦]-੫ ਵਾਰ | ੬੨=[੧੯੪]-੭੧-੧੪੦(੨) | ੬੩=[੧੯੭]-੮੬-੧੫੫(੨) | ੬੪=[੨੧੮]-੨-੧੭੦(੧) | ੬੫=[੨੩੦]-੨(੬) | ੬੬=[੨੩੧]-੪(੪) |
| ੬੭=[੨੩੧]-੫(੫) | ੬੮=[੨੪੮]-ਛੰਤ-੨(੩) | ੬੯=[੨੪੮]-ਛੰਤ-੩(੧) | ੭੦=[੨੯੮]-ਥਿਤੀ-੮ | ੭੧=[੩੦੪]-ਵਾਰ-੯(੧) | ੭੨=[੩੨੦]-ਵਾਰ-੧੧ |
| ੭੩=[੩੨੩]-੨(੨) | ੭੪=[੩੨੯]-ਵਾਰ-੯ | ੭੫=[੩੨੬]-੧੭(੧) | ੭੬=[੩੬੧]-੧-੪੦(੪) | ੭੭=[੩੮੯]-੨੬-੭੭(੧) | ੭੮=[੪੨੬]-੭-੨੯(੬) |
| ੭੯=[੪੩੯]-੧-੫(੨) | ੮੦=[੪੩੨]-੧(੫) | ੮੧=[੪੮੨]-੪-੨੬ | ੮੨=੪੮੨]-੧-੨੩(੩) | ੮੩=[੪੮੦]-੩-੧੬(੩) | ੮੪=[੫੦੦]-੧੩-੨੨(੧) |
| ੮੫=[੫੧੩]-ਵਾਰ-੧੨ | ੮੬=[੫੭੬]-੨(੭) | ੮੭=[੫੮੨]-੫(੨) | ੮੮=[੫੮੬]-ਵਾਰ-੩(੨) | ੮੯=[੫੮੧]-੪(੩) | ੯੦=[੫੯੫]-੩(੪) |
| ੯੧=[੫੮੪]-੪(੧) | ੯੨=[੫੮੩]-੨(੩) | ੯੩=[੫੮੮]-ਵਾਰ-੭(੧) | ੯੪=[੬੨੩]-੯-੫੯(੪) | ੯੫=[੬੨੬]-੪-੬੬(੧) | ੯੬=[੬੩੦]-੨੪-੮੮(੧) |
| ੯੭=[੬੪੮]-ਵਾਰ-੧੭(੧) | ੯੮=[੬੬੦]-੨(੪) | ੯੯=[੬੭੭]-੩-੨੪(੩) | ੧੦੦=[੬੭੯]-੨-੩੩(੨) | ੧੦੧=[੬੮੪]-੧-੫੫(੪) | ੧੦੨=[੭੦੩]-੨(ਰਹਾਉ) |
| ੧੦੩=[੭੫੩]-੧(੪) | ੧੦੪=[੭੫੫]-੧-੩(੨ਓ) | ੧੦੫=[੭੭੫]-੧-੪(੩) | ੧੦੬=[੮੧੮]-੫-੬੯(੨) | ੧੦੭=[੮੪੧]-੧(੨) | ੧੦੮=[੮੬੯]-੧-੨੯(੫) |
| ੧੦੯=[੮੭੦]-੩(੩) | ੧੧੦[੮੮੯]-੧੨-੨੩(੧) | ੧੧੧=[੮੯੫]-੩੦-੪੧(੪) | ੧੧੨=[੯੦੨]-੨(੨) | ੧੧੩=[੯੦੬]-੬(੫) | ੧੧੪=[੯੭੮]੬-੩(ਰਹਾਉ) |
| ੧੧੫=[੯੯੩]-੧-੧੨(੯) | ੧੧੬=੧੦੨੮]-੨-੮ | ੧੧੭=[੧੦੦੦]-੧੧-੨-੩(੧) | ੧੧੮=[੧੦੪੬]-੩(੮) | ੧੧੯=[੧੦੨੬]-੬(੧੧) | ੧੨੦=[੧੦੪੯]ਵਾਰ-੩੧(੧) |
| ੧੨੧=[੧੦੨੯]-੩-੯(੯) | ੧੨੨=[੧੦੩੦]-੪-੧੦(੧੦) | ੧੨੩=[੧੦੬੦]-੨-੧੬(੧੧) | ੧੨੪=[੧੦੬੩]-੫-੧੯(੧੦) | ੧੨੫=[੧੦੩੧]-੫-੧੧(੧੧) | ੧੨੬=[੧੧੨੮]-੨(੫) |
| ੧੨੭=[੧੧੩੧]-੨੧-੧੪(੨) | ੧੨੮=[੧੧੩੭]-੮(੧) | ੧੨੯=[੧੧੭੬]-੪-੧੬(੩) | ੧੩੦=[੧੨੪੯]-ਵਾਰ-੩੧(੧) | ੧੩੨=[੧੨੬੧]-੨-੭੧(੧) | ੧੩੨=[੧੨੭੭]-੨(੭) |
| ੧੩੩=[੧੨੮੪]-ਵਾਰ-੨੮,੩੦ | ੧੩੪=[ਵ੧੪੧੫]-੨੬ | | | | |

੧੭੫- **ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥**
**ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥**
**ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥ ੨ ॥**[੨੨]-੨੧

੧੭

# ਆਵਾਗਉਣ

ਅਸਾਂ ਪਿਛੇ ਵਿਚਾਰ ਲਿਆ ਹੈ ਕਿ ਆਤਮਾ ਦੀ ਹੋਂਦ ਹੀ ਕਿਸੇ ਸਰੀਰ ਦਾ ਜੀਵਨ ਹੈ। ਆਤਮਾ ਸਰੀਰ ਵਿਚੋਂ ਨਿਕਲ ਜਾਣ ਨਾਲ ਸਰੀਰ ਦੀ ਮੌਤ ਸਮਝੀ ਜਾਂਦੀ ਹੈ । ਸਰੀਰ ਨੂੰ ਸਾੜ ਕੇ ਜਾਂ ਹੋਰ ਵਿਧੀਆਂ ਨਾਲ ਮਿੱਟੀ ਵਿਚ ਰਲਾ ਦਿੱਤਾ ਜਾਂਦਾ ਹੈ, ਪਰ ਆਤਮਾ ਕਦੇ ਨਹੀਂ ਮਰਦਾਵੀ। ਆਤਮਾ ਇੱਕ ਸਰੀਰ ਵਿਚੋਂ ਕਿਸੇ ਦੂਜੇ ਸਰੀਰ ਵਿਚ ਜਾ ਕੇ ਉਸ ਨੂੰ ਜੀਵਨ ਬਖ਼ਸ਼ਦਾ ਹੈ। ਆਤਮਾ ਦੇ ਇੱਕ ਸਰੀਰ ਵਿਚੋਂ ਦੂਜੇ ਸਰੀਰ ਵਿਚ ਜਾਣ ਨੂੰ ਆਵਾਗਉਣ (Transmigration or Re-incaornation) ਕਿਹਾ ਜਾਂਦਾ ਹੈ। ਭਾਵ, ਜਨਮ ਮਰਨ ਦੇ ਚੱਕਰ ਦਾ ਨਾਮ ਆਵਾਗਉਣ ਜਾਂ ਆਵਾ ਗਵਨ ਹੈ।

ਭਾਰਤੀ ਜਨਤਾ, ਪੁਰਾਣਕ ਕਾਲ ਤੋਂ ਹੀ ਆਵਾਗਉਣ ਦੇ ਸਿਧਾਂਤ ਨੂੰ ਮੰਨਦੀ ਆ ਰਹੀ ਹੈ । ਹਿੰਦੂ ਧਰਮ ਦੇ ਗ੍ਰੰਥਾਂ (ਵੇਦਾਂ, ਸ਼ਾਸਤ੍ਰਾਂ ਉਪਨਿਸ਼ਦਾਂ, ਗੀਤਾ ਪੁਰਾਣਾ ਆਦਿ ਵਿਚ ਆਵਾ ਗਉਣ ਦਾ ਸਿਧਾਂਤ ਲਿਖਿਆ ਮਿਲਦਾ ਹੈ । ਜੈਨੀ ਵੀ ਇਸ ਸਿਧਾਂਤ ਨੂੰ ਮੰਨਦੇ ਹਨ । ਬੁੱਧ ਮਤ ਇਸ ਗੱਲ ਨੂੰ ਨਹੀਂ ਮੰਨਦਾ ਕਿ ਆਦਮੀ ਦੀ ਮੌਤ ਹੋ ਜਾਣ ਤੇ ਉਸ ਦੀ ਆਤਮਾ ਹੋਰ ਹੋਰ ਜੂਨਾ ਵਿਚ ਭੌਂਦੀ ਰਹਿੰਦੀ ਹੈ । ਬੁੱਧ ਧਰਮ ਵਾਲਿਆਂ ਦਾ ਵਿਸ਼ਵਾਸ਼ ਹੈ ਕਿ ਜਦ ਆਦਮੀ ਦੇ ਮਰ ਜਾਣ ਤੇ, ਅਥਵਾ ਸਰੀਰ ਦੇ ਨਾਸ ਹੋ ਜਾਣ ਦੇ ਨਾਲ ਹੀ ਉਸ ਦੀ ਮਾਨਸਕ ਸੂਝ-ਬੂਝ ਵਾਲੀ ਸ਼ਕਤੀ, ਭਾਵ, ਚੇਤਨਤਾ ਵੀ ਨਾਲ ਹੀ ਨਾਸ ਹੋ ਜਾਂਦੀ ਹੈ । ਮੁੜ ਜਨਮ ਲੈਣ ਵਾਲੀ ਉਸ ਦੀ ' ਆਤਮਾ ' ਜਾਂ ' ਜੀਵ " ਨਹੀਂ, ਸਗੋਂ ਉਸ ਆਦਮੀ ਦੇ ਕਰਮ ਅਥਵਾ ਉਸ ਦਾ ਆਚਰਣ ਆਪਣੇ ਗੁਣਾ ਅਨੁਸਾਰ ਨਵਾਂ ਵਿਅਕਤੀ ਰਚ ਕੇ ਆਪਣੀ ਹਾਲਤ ਮੁਤਾਬਿਕ ਕੋਈ ਜ਼ਿੰਦਗੀ ਲੱਭ ਲੈਂਦਾ ਹੈ । ਪਰ ਇਹ ਕਿਰਿਆ ਕਿਵੇਂ ਵਾਪਰਦੀ ਹੈ ? ਇਸ ਬਾਰੇ ਬੁੱਧ ਮਤ ਚੁਪ ਹੈ ।

ਈਸਾਈ ਧਰਮ ਆਵਾ ਗਉਣ ਨੂੰ ਨਹੀਂ ਮੰਨਦਾ । ਮੁਸਲਮਾਨ ਕਹਿੰਦੇ ਹਨ ਕਿ ਮਰਨ ਪਿਛੋਂ ਮਨੁੱਖਾਂ ਦੀਆਂ ਰੂਹਾਂ ਕਬਰਾਂ ਵਿਚ ਟਿਕੀਆਂ ਰਹਿੰਦੀਆਂ ਹਨ । ਆਖ਼ਰ ਇੱਕ ਦਿਨ ਕਿਆਮਤ ਆਵੇਗੀ । ਸਭ ਪਾਸੇ ਮੌਤ ਦਾ ਰਾਜ ਹੋਵੇਗਾ । ਉਸ ਚੁੱਪ ਦੇ ਸਮੇ ਇੱਕ ਫ਼ਰਿਸ਼ਤਾ ਆਪਣੀ ਤੂਤੀ ਜਿਸ ਨੂੰ " ਕਰਨਾ " ਕਹਿੰਦੇ ਹਨ, ਜ਼ੋਰ ਦੀ ਵਜਾਵੇਗਾ । ਉਸ ਦੀ ਆਵਾਜ਼ ਸੁਣ ਕੇ ਸਾਰੀਆਂ ਰੂਹਾਂ ਕਬਰਾਂ ਵਿਚੋਂ ਬਾਹਰ ਆ ਜਾਣਗੀਆਂ ਅਤੇ ਉਨ੍ਹਾਂ ਦੇ ਕਰਮਾਂ ਦਾ ਹਿਸਾਬ ਹੋਵੇਗਾ । ਪੈਗੰਬਰ (ਹਜ਼ਰਤ ਮੁਹੱਮਦ ਸਾਹਿਬ) ਅਤੇ ਖ਼ੁਦਾ ਤੇ ਨਿਸਚਾ ਰੱਖਣ ਵਾਲੀਆਂ ਰੂਹਾਂ ਬਹਿਸ਼ਤ ਵਿਚ ਭੇਜੀਆਂ ਜਾਣਗੀਆਂ । ਪਾਪੀ ਰੂਹਾਂ ਦੋਜ਼ਖ (-ਨਰਕ) ਵਿਚ ਸੁੱਟੀਆਂ ਜਾਣਗੀਆਂ । ਇਹ ਕਥਿਤ ਕਿਆਮਤ ਕਦੋਂ ਆਉਣੀ ਹੈ ਇਸ ਦਾ ਪੱਕਾ ਪਤਾ ਕਿਸੇ ਨੂੰ ਨਹੀਂ । ਕਿਆਮਤ ਆਉਂਣ ਵਿਚ, ਲੱਖਾਂ ਜਾਂ ਕਰੋੜਾਂ ਸਾਲ ਲੰਘ ਜਾਣ, ਕੁਝ ਨਹੀਂ ਕਿਹਾ ਜਾਂਦਾ । ਭਾਵ ਇਹ, ਕਿ ਮੁਸਲਮਾਨੀ ਈਮਾਨ ਦਾ " ਅੱਲਾਹ " (-ਪਰਮਾਤਮਾ) ਜੀਵਾਂ ਨੂੰ ਪੈਦਾ ਕਰਨ ਵਿਚ ਅਤੇ ਮਾਰਨ ਵਿਚ ਢਿੱਲ ਨਹੀਂ ਕਰਦਾ ਪਰ, ਨੇਕ ਅਤੇ ਬਦ ਗੁਨਾਹਾਂ ਦਾ ਹਿਸਾਬ ਕਰਕੇ ਚੰਗੇ ਨੂੰ ਚੰਗਾ ਅਤੇ ਮੰਦੇ ਨੂੰ ਮੰਦਾ ਘੋਸ਼ਤ ਕਰਨ ਵਿਚ (ਇਸਲਾਮੀ ਸ਼ਰ੍ਹਾ ਅਨੁਸਾਰ ਰੱਬ) ਵਡਾ ਆਲਸੀ ਹੈ ।

## ਆਵਾਗਉਣ ਦੇ ਸਿਧਾਂਤ ਬਾਰੇ ਇੱਕ ਇਹ ਪੱਖ :--

ਭਾਸ਼ਾ ਵਿਭਾਗ ਪੰਜਾਜ ਵਲੋਂ ਛਾਪੇ ਗਏ **ਮਹਾਨਕੋਸ਼ ਗ੍ਰੰਥ** ਗ੍ਰੰਥ ਦੇ ੧੦੭/੧੦੮ ਸਫ਼ੇ ਤੇ-- ਆਵਾਗਉਣ, ਆਵਾਗਉਨ, ਆਵਾਗਮਨ, ਆਵਾਗਵਣ, ਆਵਾਗਵਣ, ਆਵਾਗੌਣ, ਆਵਾਗੌਨ---ਲਫ਼ਜ਼ਾਂ ਦੇ ਅਰਥ ਇਸ ਪ੍ਰਕਾਰ ਲਿਖੇ ਹਨ--ਸੰਗਯਾ--ਆਉਣ ਜਾਣ ਦੀ ਕਿਰਯਾ, ਆਗਮਨ ਅਤੇ ਗਮਨ, ਆਵਾਜਾਈ। **੨**- ਜਨਮ ਮਰਣ, ਪੈਦਾ ਹੋਣਾ ਤੇ ਮਤਨਾ। **੩**-- ਜੀਵਾਤਮਾ ਦਾ ਸ਼ੁਭ ਅਸ਼ੁਭ ਕਰਮਾ ਦੇ ਫਲ ਭੋਗਣ ਲਈ ਮਨੁੱਖ, ਪਸ਼ੂ ਪੰਖੀ ਆਦਿ ੮੪ ਲੱਖ ਜੂਨਾਂ ਵਿੱਚ ਜੰਮਣਾ ਅਤੇ ਮਰਨਾ। ਇਸ ਸੰਸਾਰਚਕ੍ਰ ਤੋਂ ਆਤਮ ਗਿਯਾਨ ਪ੍ਰਾਪਤ ਹੋਣ ਪਰ ਜਦ ਕਰਮਜਾਲ ਤੋਂ ਛੁਟਕਾਰਾ ਹੁੰਦਾ ਹੈ ਤਦ ਜੀਵ ਮੁਕਤਿ ਪਾ ਕੇ ਸਦਾ ਲਈ ਆਵਾਗਮ ਤੋਂ ਰਹਿਤ ਹੋ ਜਾਂਦਾ ਹੈ --- ਆਪਣੀ ਉਪ੍ਰੋਕਤ ਦਲੀਲ ਨੂੰ (ਤੁਕਾਂ ਦੇ ਨੰਬਰ ਅਤੇ ਰਹਾਉ ਆਦਿ ਬਿਸਰਾਮ ਚੰਨ੍ਹਾਂ ਤੋਂ ਬਿਨਾ) ਹੇਠ ਲਿਖੇ ਗੁਰੂ ਫ਼ੁਰਮਾਨਾਂ ਦੁਆਰਾ ਗੁਰਮਤਿ ਸਿੱਧ ਕੀਤਾ ਗਿਆ ਹੋਇਆ ਹੈ)---

ਕਈ ਜਨਮ ਭਏ ਕੀਟ ਪਤੰਗਾ , ਕਈ ਜਨਮ ਗਜ ਮੀਨ ਕੁਰੰਗਾ , ਕਈ ਜਨਮ ਪੰਖੀ ਸਰਪ
ਹੋਇਓ ॥ ਕਈਜਨਮ ਹੈਵਰ ਬ੍ਰਿਖ ਜੋਇਓ, ਮਿਲੁ ਜਗਦੀਸ ਮਿਲਨ ਕੀ ਬਰੀਆ, ਚਿਰੰਕਾਲ

ਇਹ ਦੇਹ ਸੰਜਰੀਆ, ਕਈ ਜਨਮ ਸੈਲ ਗਿਰ ਕਰਿਆ , ਕਈ ਜਨਮ ਗਰਭ ਹਿਰਿ ਖਰਿਆ,
ਕਈ ਜਨਮ ਸਾਖ ਕਰਿ ਉਪਾਇਆ , ਲਖ ਚਉਰਾਸੀਹ ਜੋਨਿ ਭਰਮਾਇਆ , +++ (ਆਸਾ ਮ: ੫)

ਉਦਮ ਕਰਹਿ ਅਨੇਕ ਹਰਿਨਾਮੁ ਨ ਗਾਵਹੀ, ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ, ਪਸੂ ਪੰਖੀ
ਸੈਲ ਤਰਵਰ ਗਣਤ ਕਛੂ ਨ ਆਵਏ, ਬੀਜ ਬੋਵਸਿ ਭੋਗ ਭੋਗਹਿ ਕੀਆ ਆਪਣਾ ਪਾਵਏ ॥++++ (ਜੈਤ ਮ: ੫)

ਨਿਜਘਰਿ ਮਹਲ ਪਾਵਹੁ ਸੁਖ ਸਹ ਜੇ ਬਹੁਰਿ ਨ ਹਇਗੋ ਫੇਰਾ, (ਗਉ ਮ: ੫)

ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ, ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟਧ ਨਿਤਨੀਤ, (ਬਾਵਨ)

ਜਨਮ ਮਰਨ ਕੇ ਮਿਟੇ ਅੰਦੇਸੇ, ਸਾਧੂ ਕੇ ਪੂਰਨ ਉਪਦੇਸੇ, ++++
ਥਿਤ ਪਾਈ ਚੂਕੇ ਭ੍ਰਮ ਗਵਨ, ਸੁਨਿ ਨਾਨਕ ਹਰਿ ਹਰਿ ਜਸੁ ਸ੍ਵਨ, (ਸੁਖਮਨੀ)

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ, ਆਪ ਤਰਿਆ ਕੁਟੰਬ ਸਿਉ ਗੁਣ ਗੋਬਿੰਦ ਪ੍ਰਭ ਰਵਨੁ, (ਗਉ ਥਿਤੀ ਮ:੫)

ਭਾਰਤ ਦੇ ਲੋਕ ਪਰੰਪਰਾ ਤੋਂ ਆਵਾਗਵਨ (**ਤਨਾਸੁਖ, L. metempsychosis a|. transmigration of soul** ) ਮੰਨਦੇ ਚਲੇ ਆਏ ਹਨ । ਯੂਨਾਨੀ ਇਤਿਹਾਸਕਾਰ ਹੀਰਡੋਟਸ (**Herodotus. 11. 53. 81. 123**) ਦੇ ਲੇਖ ਅਨੁਸਾਰ ਪ੍ਰਾਚੀਨ ਮਿਸਰੀ ਭੀ ਆਵਾਗਮਨ ਦੇ ਵਿਸ਼ਵਾਸ਼ੀ ਸਨ। ਯੂਨਾਨੀ ਤਤ੍ਵੇਤਾ ਆਪ ਭੀ ਇਸ ਮਤ ਦਾ ਪਰਚਾਰ ਕਰਦੇ ਰਹੇ ਹਨ। ਨਵੀਨ ਬ੍ਰਹਮਵੇਤਿਆਂ (Modern Theosophists) ਦਾ ਖ਼ਿਆਲ ਹੈ ਕਿ ਪ੍ਰਾਚੀਨ ਯਹੂਦੀ ਈਸਾਈ ਮੁਸਲਮਾਨ ਅਤੇ ਹੋਰ ਮਤਾਵਲੰਬੀ ਭੀ ਕਿਸੇ ਨਾ ਕਿਸੇ ਸ਼ਕਲ ਵਿਚ ਆਵਾਗਮਨ ਨੂੰ ਜ਼ਰੂਰ ਮੰਨਦੇ ਸਨ। ਅੱਜ ਕੱਲ ਕੇਵਲ ਉਹ ਲੋਕ ਆਵਾਗਮਨ ਦੇ ਮੰਨਣ ਵਾਲੇ ਹਨ ਜਿਨ੍ਹਾਂ ਦੇ ਧਾਰਮਿਕ ਬਜ਼ੁਰਗ ਕਦੇ ਭਾਰਤ ਨਿਵਾਸੀਆਂ ਨਾਲ ਸੰਬੰਧ ਰਖਦੇ ਸਨ, ਜਾਂ ਉਹ, ਜੋ ਹੁਣ ਆਪ ਉਨ੍ਹਾਂ ਬਿਰਧਾਂ ਦਾ ਸਤਕਾਰ ਕਰਦੇ ਹਨ। ਬੋਧ, ਜੈਨੀ, ਹਿੰਦੂ, ਸਿੱਖ ਅਤੇ ਨਵੀਨ ਬ੍ਰਹਮਵੇਤਾ (Modern Theosophists) ਸਾਰੇ ਇਸ ਸਿਧਾਂਤ ਨੂੰ ਅੰਗੀਕਾਰ ਕਰਦੇ ਹਨ।

ਵਰਤਮਾਨ ਸਿਆਣਿਆਂ ਨੇ ਆਵਾਗਮਨ ਦੇ ਤਿੰਨ ਭੇਦ ਕਰ ਦਿੱਤੇ ਹਨ:--

(ੳ) ਜਦ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਲਈ ਰੱਬ ਉਸੇ ਵੇਲੇ ਨਵਾਂ ਆਤਮਾ ਨਹੀਂ ਸਿਰਜਦਾ। ਆਤਮਾ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ, ਪਰ ਵਿਦੇਹ ਦਿਸ਼ਾ ਵਿਚ ਜਦੋਂ ਇਹ ਮਨੱਖਦੇਹ ਵਿੱਚ ਪ੍ਰਵੇਸ਼ ਕਰਦਾ ਹੈ, ਤਾਂ ਇਸ ਲਈ ਦੇਹ ਧਾਰਣ ਦਾ ਏਹੋ ਪਹਿਲਾ ਮੌਕਾ ਹੁੰਦਾ ਹੈ। ਅਰ ਮਰਨ ਪਿਛੋਂ ਅਗੋਂ ਵੀ ਕੋਈ ਦੇਹ ਨਹੀਂ ਧਾਰੇਗਾ। ਇਸ ਸਿਧਾਂਤ ਦਾ ਨਾਮ ਪੂਰਵਅਸ੍ਤਿ ( The doctrine of Preexistence) ਪ੍ਰਸਿੱਧ ਹੈ।

(ਅ) ਆਤਮਾ ਇਸ ਸਰੀਰ ਤੋਂ ਪਹਿਲਾਂ ਕੋਟਾਨ ਕੋਟਿ ਮਨੁੱਖ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿੱਚ ਭ੍ਰਮਣ ਕਰਦਾ ਰਿਹਾ ਹੈ, ਅਰ ਮੌਜੂਦਾ ਸਰੀਰ ਤਿਆਗਣ ਮਗਰੋਂ ਭੀ ਮਨੁੱਖ ਜੂਨੀ ਵਿਚ ਆਉਂਣ ਤੋਂ ਪਹਿਲਾਂ ਕਈ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿੱਚ ਜਨਮ ਲਏਗਾ। ਇਸ ਸਿਧਾਂਤ ਨੂੰ ਤਨਾਸੁਖ ਅਥਵਾ ਯਤਾਰਥ ਆਵਾਗਮਨ (transmigration or Metempsychosis ) ਹੈ। ।

(ੲ) ਮਨੁੱਖ ਦਾ ਆਤਮਾ ਇਸ ਸਰੀਰ ਤੋਂ ਪਹਿਲੇ ਪੁਰਖ ਜਾਂ ਇਸਤ੍ਰੀ ਰੂਪ ਵਿਚ ਤਾਂ ਜਨਮ ਲੈਂਦਾ ਰਿਹਾ ਹੈ, ਪਰ ਪਸ਼ੂ ਪੰਖੀ ਹੋ ਕੇ ਕਦੇ ਨਹੀਂ ਜੰਮਿਆਂ, ਅਰੁ ਮੌਜੂਦਾ ਸਰੀਰ ਤਿਆਗਣ ਮਗਰੋਂ ਭੀ ਇਹ ਮੁਕਤਿ ਪੁਰਖ ਜਾਂ ਇਸਤ੍ਰੀ ਰੂਪ ਵਿਚ ਹੀ ਪੁਨਰ ਜਨਮ ਧਾਰਦਾ ਰਹੇਗਾ। ਇਸ ਸਿਧਾਂਤ ਦਾ ਨਾਉਂ ਪੁਨਰਭਵ (Reincarnation) ਹੈ ।

ਇਹ ਤਾਂ ਹੈ ਮਹਾਨ ਕੋਸ਼ ਅਨੁਸਾਰ ਜਾਣਕਾਰੀ। ਪਰ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗਿਆਨ ਲੈਣਾ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ ਕਿ ਜਨਮ ਮਰਨ ਦੀ ਮਰਯਾਦਾ ਦੇ ਅਧਾਰ ਤੇ ਹੀ ਸ੍ਰਿਸ਼ਟੀ ਪੈਦਾ ਕੀਤੀ ਹੈ--**ਆਵਾਗਉਣ ਰਚਾਇ ਉਪਾਇ ਮੇਦਨੀ ॥** [੧੨੮੩]
ਅਗੇ ਲਿਖੀ ਵਾਰ ਵਿਚ, ਸਤਿਗੁਰਾਂ ਨੇ ਦਿਸਦੇ ਸੰਸਾਰ ਵਿਚ ਨਿਤ ਹੋ ਰਹੀ ਤਬਦੀਲੀ ਵਲ ਧਿਆਨ ਦਿਵਾ ਕੇ, ਅਦ੍ਰਿਸ਼ਟ ਕਿਰਿਆ ਵਿਚਲੀ ਨਿਰੰਤਰ ਅਦਲਾ-ਬਦਲੀ ਦਾ ਨਿਯਮ, ਬੜੇ ਸੁੰਦਰ ਢੰਗ ਨਾਲ ਸਮਝਇਆ ਹੈ:--

੧੧੬- **ਪੰਦ੍ਰਹ ਥਿਤੀ ਤੈ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥**
**ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾਗਉਣੁ ਕੀਆ ਕਰਤਾਰਿ ॥**
**ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥ ੧੦ ॥**[੮੪੨]-੧

**ਅਰਥ:**--(ਜਿਵੇਂ) ਪੰਦ੍ਹਾਂ ਥਿੱਤੀ ਅਤੇ ਸੱਤ ਵਾਰ, ਮਹੀਨੇ, ਰੁੱਤਾਂ, ਰਾਤ, ਦਿਨ ਮੁੜ ਮੁੜ ਆਉਂਦੇ ਹਨ, ਤਿਵੇਂ ਇਹ ਜਗਤ ਹੈ (ਭਾਵ, ਜਗਤ ਦੇ ਜੀਵ ਜੰਮਦੇ ਮਰਦੇ ਰਹਿੰਦੇ ਹਨ) ਕਰਤਾਰ ਨੇ (ਆਪ ਹੀ ਜੀਵਾਂ ਵਾਸਤੇ) ਜਨਮ ਮਰਨ ਦਾ ਗੇੜ ਬਣਾ ਦਿੱਤਾ ਹੈ । ਅਟੱਲ ਰਹਿਣ ਵਾਲਾ ਸਦਾ-ਥਿਰ ਪ੍ਰਭੂ ਹੀ ਹੈ ਜੋ (ਸਾਰੀ ਸ੍ਰਿਸ਼ਟੀ ਵਿਚ ਆਪਣੀ) ਸੱਤਾ ਟਿਕਾ ਰਿਹਾ ਹੈ । ਹੇ ਨਾਨਕ ! ਗੁਰੂ ਦੇ ਸਨਮੁਖ ਰਹਿਣ ਵਾਲਾ ਕੋਈ (ਭਾਗਾਂ ਵਾਲਾ) ਮਨੁੱਖ (ਗੁਰੂ ਦੇ) ਸਬਦ ਨੂੰ (ਆਪਣੇ) ਮਨ ਵਿਚ ਵਸਾ ਕੇ ( ਇਸ ਗੱਲ ਨੂੰ) ਸਮਝ ਲੈਂਦਾ ਹੈ ।

੧੧੭- **ਆਵਾਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥**
**ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥ ੩ ॥**[੧੦੫੧]-੮

**ਅਰਥ:**--ਜਿਸ ਮਨੁੱਖ ਨੇ ਗੁਰੂ ਦੇ ਸ਼ਬਦ (-ਗਿਆਨ) ਨਾਲ ਸਾਂਝ ਪਾ ਲਈ (ਉਹ ਜਾਣਦਾ ਹੈ ਕਿ) ਇਹ ਜਗਤ ਜਨਮ ਮਰਨ ਦਾ ਚੱਕਰ ਹੀ ਹੈ, ਇਥੇ ਮਾਇਆ ਦਾ ਮੋਹ ਪ੍ਰਬਲ ਹੈ (ਜਿਸ ਦੇ ਕਾਰਨ ਜੀਵ) ਵਿਕਾਰ ਚਿਤਵਦਾ ਹੈ । (ਇਥੇ) ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਹੀ ਸਦਾ ਸਾਲਾਹੁਣ-ਜੋਗ ਹੈ । ੩ ।

੧੧੮- **ਸਾਚੌ ਉਪਜੈ, ਸਾਚਿ ਸਮਾਵੈ, ਸਾਚੇ ਸੂਚੇ ਏਕ ਮਇਆ ॥ ਝੂਠੇ ਆਵਹਿ, ਠਵਰ ਨ ਪਾਵਹਿ,**
**ਦੂਜੈ ਆਵਾ ਗਉਣ ਭਇਆ ॥ ਆਵਾਗਉਣੁ ਮਿਟੈ ਗੁਰ ਸਬਦੀ, ਆਪੇ ਪਰਖੈ ਬਖਸਿ**
**ਲਇਆ ॥ ਏਕਾ ਬੇਦਨ ਦੂਜੈ ਬਿਆਪੀ, ਨਾਮੁ ਰਸਾਇਣੁ ਵੀਸਰਿਆ ॥ ਸੋ ਬੂਝੈ ਜਿਸੁ ਆਪਿ**

**ਬੁਝਾਏ, ਗੁਰ ਕੈ ਸਬਦਿ ਸੁ ਮੁਕਤਿ ਭਇਆ ॥ ਨਾਨਕ ਤਾਰੇ ਤਾਰਣਹਾਰਾ, ਹਉਮੈ ਦੂਜਾ ਪਰਹਰਿਆ ॥ ੨੫ ॥**[੯੪੦]-ਸਿ:ਗੋ:

**ਅਰਥ:**--(ਗੁਰਮੁਖਿ) ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ ਤੇ ਸੱਚੇ ਵਿਚ ਲੀਨਰਹਿੰਦਾ ਹੈ, ਪ੍ਰਭੂ ਤੇ ਗੁਰਮੁਖਿ ਇਕ-ਰੂਪ ਹੋ ਜਾਂਦੇ ਹਨ । ਪਰ ਝੂਠੇ (ਭਾਵ, ਨਾਸਵੰਤ ਮਾਇਆ ਵਿਚ ਲੱਗੇ ਹੋਏ ਬੰਦੇ) ਜਗਤ ਵਿਚ ਆਉਂਦੇ ਹਨ, ਉਨ੍ਹਾਂ ਨੂੰ ਮਨ ਦਾ ਟਿਕਾਉ ਪ੍ਰਾਪਤ ਨਹੀਂ ਹੁੰਦਾ (ਸੋ ਇਸ) ਦੂਜੇ-ਭਾਵ ਦੇ ਕਾਰਣ ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਬਣਿਆਂ ਰਹਿੰਦਾ ਹੈ ।

ਇਸ ਜਨਮ ਮਰਨ ਦਾ ਚੱਕਰ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਮਿਟਦਾ ਹੈ (ਗੁਰਸ਼ਬਦ-ਗਿਆਨ ਅਨੁਸਾਰ ਜੀਵਨ ਬਣਾ ਰਹੇ ਮਨੁੱਖ ਨੂੰ) ਪ੍ਰਭੂ ਆਪ ਪਛਾਣ ਕੇ (ਉਸ ਉਤੇ) ਮਿਹਰ ਕਰਦਾ ਹੈ । (ਪਰ ਜਿਨ੍ਹਾਂ ਨੂੰ ਸਾਰੇ-ਰਸਾਂ-ਦਾ-ਘਰ-ਪ੍ਰਭੂ ਦਾ ਨਾਮ ਵਿੱਸਰ ਜਾਂਦਾ ਹੈ ਉਨ੍ਹਾਂ ਨੂੰ ਦੂਜੇ ਭਾਵ ਵਿਚ ਫ਼ਸਣ ਦੇ ਕਾਰਨ ਹਉਮੈ ਦੀ ਪੀੜਾ ਸਤਾਉਂਦੀ ਹੈ । (ਇਹ ਭੇਤ) ਉਹ ਮਨੁੱਖ ਸਮਝਦਾ ਹੈ ਜਿਸ ਨੂੰ ਪ੍ਰਭੂ ਆਪ ਸਮਝ ਬਖ਼ਸ਼ਦਾ ਹੈ, ਗੁਰੂ ਦੇ ਸ਼ਬਦ (-ਗਿਆਨ) ਵਿਚ ਜੁੜਨ ਦੇ ਕਾਰਨ ਉਹ ਮਨੁੱਖ (ਹਉਮੈ ਤੋਂ) ਆਜ਼ਾਦ ਹੋ ਜਾਂਦਾ ਹੈ । ਹੇ ਨਾਨਕ ! ਜਿਸ ਨੇ ਹਉਮੈ ਤੇ ਦੂਜਾ-ਭਾਵ ਤਿਆਗ ਦਿੱਤਾ ਹੈ ਉਸ ਨੂੰ ਤਾਰਣਹਾਰ ਪ੍ਰਭੂ ਤਾਰ ਲੈਂਦਾ ਹੈ ।

੧੭੯- **ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ ॥ ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥ ਗੁਰ ਦਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ ॥ ਇਕੁ ਥਿਰੁ ਸਚਾ ਸਾਲਾਹਾਣਾ ਜਿਨ ਮਨਿ ਸਚਾ ਭਾਇਆ ॥ ੨੫ ॥**[੧੨੯੦] **?**

**ਅਰਥ:**--(ਹੇ ਪ੍ਰਭੂ) ਮੇਰੀ ਇਕ ਜੀਭ ਹੈ, ਮੈਂ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ ? ਤੇਰਾ ਅੰਤ ਕਿਸੇ ਨਹੀਂ ਪਾਇਆ, ਜੋ ਮਨੁੱਖ ਤੇਰੀ ਸਿਫ਼ਤਿ-ਸਾਲਾਹ ਦਾ ਸਬਦ ਵਿਚਾਰਦੇ ਹਨ ਉਹ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ । ਕਈ ਮਨੁੱਖ ਭਗਵਾ ਭੇਖ ਬਣਾ ਕੇ ਭਟਕਦੇ ਫਿਰਦੇ ਹਨ, ਪਰ ਗੁਰੂ ਦੀ ਸਰਨ ਆਉਣ ਤੋਂ ਬਿਨਾ (ਹੇ ਪ੍ਰਭੂ !) ਤੈਨੂੰ ਕਿਸੇ ਨਹੀਂ ਲੱਭਾ, ਇਹ ਲੋਕ (ਬਾਹਰ) ਦੇਸਾਂ ਦੇਸਾਂਤ੍ਰਾਂ ਵਿਚ ਭਉਂਦੇ ਖਪ ਗਏ, ਪਰ ਤੂੰ ਆਪਣੇ ਆਪ ਨੂੰ (ਜੀਵ ਦੇ) **ਅੰਦਰ ਲੁਕਾ ਰੱਖਿਆ** ਹੈ । ਸਤਿਗੁਰ ਦਾ ਸਬਦੁ (ਮਾਨੋਂ, ) ਇੱਕ ਚਮਕਦਾ ਮੋਤੀ ਹੈ (ਜਿਸ ਨੂੰ ਪ੍ਰਭੂ ਨੇ ਇਹ ਮੋਤੀ ਬਖ਼ਸ਼ਿਆ ਹੈ, ਉਸ ਦੇ ਹਿਰਦੇ ਵਿਚ (ਪ੍ਰਭੂ ਨੇ) ਆਪ ਚਾਨਣ ਕਰ ਕੇ (ਉਸ ਨੂੰ ਆਪਣਾ ਆਪ) ਵਿਖਾਇਆ ਹੈ, (ਉਹ ਵਡਭਾਗੀ ਮਨੁੱਖ) ਆਪਣਾ ਅਸਲਾ ਪਛਾਣ ਲੈਂਦਾ ਹੈ ਤੇ ਗੁਰੂ ਦੀ ਸਿਖਿਆ ਦੇ ਰਾਹੀਂ ਸੱਚੇ ਪ੍ਰਭੂ ਦੇ ਵਿਚ ਲੀਨ ਹੋ ਜਾਂਦਾ ਹੈ । ਪਰ (ਜਿੰਨ੍ਹਾਂ ਭੇਖੀਆਂ-ਬਜਾਰੀਆਂ) ਨੇ ਵਿਖਾਵੇ ਦਾ ਢੌਂਗ ਰਚਾਇਆ ਹੋਇਆ ਹੈ ਉਨ੍ਹਾਂ ਪਖੰਡੀਆਂ ਨੂੰ ਜਨਮ ਮਰਨ (ਦਾ ਗੇੜ) ਮਿਲਦਾ ਹੈ, ਤੇ ਜਿੰਨ੍ਹਾਂ ਨੂੰ ਮਨ ਵਿਚ ਸੱਚਾ ਪ੍ਰਭੂ ਪਿਆਰਾ ਲੱਗਦਾ ਹੈ ਉਹ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਗੁਣ ਗਾਉਂਦੇ ਹਨ । ੨੫ ।ਆਵਾਗਉਣ ਵਾਲੇ ਜਿਸ ਸਿਧਾਂਤ ਨੂੰ ਸਤਿਗੁਰੂ ਜੀ ਨੇ ਮੰਨਿਆਂ ਹੈ ਉਸ ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਕੇ ਪ੍ਰਭੂ ਦੀ ਅਪਾਰ ਹਸਤੀ ਵਿਚ ਹੀ ਲੀਨ ਹੋ ਜਾਣ ਦਾ ਸਾਧਨ ਵੀ ਫ਼ੁਰਮਾਨ ਕੀਤਾ ਹੈ ।

**ਆਵਾਗਉਣ** ਸ਼ਬਦ ਦੀ ਵਰਤੋਂ ਵਾਲੇ ਕੁਝ ਹੋਰ ਸ਼ਬਦਾਂ ਦੀ ਸੂਚੀ:--

੧=[੧੩੪੨]-੨(੨) ੨=[੯੬੮]-੧(੬) ੩=[੭੨੯]-੨-੪(੪) ੪=[੧੦੦੯]-੨(੩) ੫=[੧੨੮੩]-ਵਾਰ-੧੧ ੬=[੧੨੩੪]-੨-(੫)

ਏਸੇ ਸਿਧਾਂਤ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਾ ਦੇਣ ਲਈ ਸਤਿਗੁਰਾਂ ਨੇ ਅਵਾਗਉਣ ਦੇ ਥਾਂ ਹੋਰ ਪਦ ਵੀ ਵਰਤੇ ਹਨ --

**ਆਵਾ ਗਵਨ** ਸ਼ਬਦ ਦੀ ਵਰਤੋਂ ਵਾਲੇ ਹੇਠਾਂ ਲਿਖੇ ਕੇਵਲ ਤਿੰਨ ਗੁਰੂ ਫਾਰਮਾਨ ਹੀ ਮਿਲ ਸਕੇ ਹਨ--

੧੮੦- **ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥ ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥**
**ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥ ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥ ੩ ॥**[੫੮੦]-੩

੧੮੧- ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥
**ਆਵਾ ਗਵਨੁ** ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥ ੨ ॥[੯੭੧]-੮

੧੮੨- ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥
**ਆਵਾ ਗਵਨੁ** ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥**.... ੪॥** [੨੮੮]-ਅਸਟ-੧੯

**ਆਵੈ ਜਾਇ**---

੧੮੩- **ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥**
**ਆਵੈ ਜਾਇ** ਭਵਾਈਐ ਮਨਮੁਖੁ ਅਗਿਆਨੁ ॥ ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥
ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥ ੪ ॥[੭੮੬]-ਵਾਰ-੪

੧੮੪- **ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥ ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥**
**ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ ਲੋਚਾਹੀ ॥ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥**
**ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ ॥ ੧੬ ॥**[੧੦੯੨]-ਵਾਰ-੧੬

**੧**=[੧੦੯੯]-੧੫, **੨**=[੧੦੦੭]-੧-੩੧(੩), **੩**=[੨੮੮]-੧੯(੪), **੪**=[੨੩੫]-੧(੪), **੫**=[੬੬੪]-੪(੧), **੬**=[੫੯]-੧੦(੭), **੭**=[੨੨੩]-੫(੨), **੮**=[੨੩੦]-੨(੫)

**ਆਵਣ ਜਾਣਾ**--

੧੮੫- **ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥**
ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥ ੯ ॥[੧੦੭੭]-੧-੬

੧੮੬- ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧ ਸੰਗਤਿ ਮਹਿ ਲਖੇ ਗੋੁਪਾਲ ॥
**ਆਵਣ ਜਾਣ ਰਹੇ ਸੁਖੁ ਪਾਇਆ** ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥ ੮ ॥[੧੧੫੬]-੧-੪

ਅਜੇਹੇ ਕੁਝ ਹੋਰ ਸ਼ਬਦਾਂ ਦੀ ਸੂਚੀ:---

| | | | | | |
|---|---|---|---|---|---|
| ੧=[੧੦੬੮]-੨-੨੪(੫), | ੨=[੧੦੫੯]੧-੧੫(੧੩), | ੩=[੧੧੫੪]-੧-੨(੧੦), | ੪=[੧੩੪੪]-੫(੬) | ੫=[੯੬੧]-ਵਾਰ-੭(੨) | ੬=[੯੪੭]-ਵਾਰ-੧(੨)] |
| ੭=[੯੫੩]-੧੩(੨) | ੮=[੧੦੩੩]-੬-੧੨(੧੩) | ੯=[੧੨੫੪]-੨(੪) | ੧੦=[੭੬੬]-੨-੫(੩) | ੧੧=[੯੯੩]-੨(੧) | ੧੨=[੧੦੬੮]੨-੨੪(੬) |
| ੧੩=[੧੨੫੯]-੪(੪) | ੧੪=[੯੦੮]-੧-੧੦(੧) | ੧੫=[੧੧੭੯]-੫-੭(੧) | ੧੬=[੮੨੪]-੧੭-੧੦੩(੧) | ੧੭=[੧੩੧੮[-ਵਾਰ-੧੫ | ੧੮=੯੦੫]-੮(੮) |
| ੧੯=[੧੦੦੨]-੫-੧੪(ਰਹਾਉ) | ੨੦[੭੭੨]-੬-੭-੫(੧) | ੨੧=[੧੧੮੪]-੩੧-੪੪(੨) | ੨੨=[੭੬੧]-੧-੩(੬) | ੨੩=੧੧੧੧]-੪(੩) | ੨੪=[੮੨੫]-੨੨-੧੦੮(੧) |
| ੨੫=[੧੦੫੭-੫-੧੪(੪) | ੨੬=[੭੮੭]-ਵਾਰ-੫(੨) | ੨੭=[੯੩੪]-੩੪-ੳ | ੨੮=[੭੧੦]-ਵਾਰ-੨੦ | ੨੯=੪੨੨]-੨੨(੧) | ੩੦=[੪੨੨]-੨੨(੧,੨) |
| ੩੧=[੫੭੦]-੪(੨) | ੩੨=[੩੧]-੧੨-੪੫(੨) | ੩੩=[੧੦੯]-੧(੭) | ੩੪=[੫੬੩]-੭(੩) | ੩੫=[੧੯]-੧੩(੩) | ੩੬=[੬੦੮]-੨(੨) |
| ੩੭=[੪੪੫]-੩-੧੦(੩) | ੩੮=[੫੬-੧੨੫(੧) | ੩੯=[੪੬]-੧੧-੮੧(੩) | ੪੦=[੬੮੫]-(੨) | ੪੧=[੫੨੪]-ਵਾਰ-੨੧ | ੪੨=[੩੬੪]-੧੦-੪੯(੨) |
| ੪੩=[੬੮੭]-੧-੩ | ੪੪=[੧੦੫]-੩੧-੩੮(੪) | ੪੫=[੧੮੩]-੨੩-੯੨(੨) | | | |

## ਆਵਣੁ ਜਾਵਣੁ--

੧੮੭- **ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥ ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥ ੨ ॥**[੪੨੨]-੨੨

੧੮੮- **ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ ॥ ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੂਕੈ ਚਿੰਦ ॥**
**ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ ॥ ਨਾਨਕ ਸਚੇ ਨਾਮ ਬਿਨੁ ਸਿਰਹੁ ਨ ਚੁਕੈ ਜੰਜਾਲੁ ॥ ੧ ॥**[੧੦੮੮]-ਵਾਰ-੪

੧=[੪੩੭]-੩(੩) ੨=[੨੩੭]-੪(੭) ੩=[੯੨੯]-੧-੬-੮(੮) ੪=[੭੬੭]-੨-੫(੭)

੧੮੯- **ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥**
**ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥ ੪ ॥** [੫੬]-੫

## ਆਵਤ ਜਾਤ---

੧੯੦- **ਮਿਰਤਕ ਦੇਹ ਸਾਧਸੰਗ ਬਿਹੂਨਾ ॥ ਆਵਤ ਜਾਤ ਜੋਨੀ ਦੁਖ ਖੀਨਾ ॥ ੧ ॥ ਰਹਾਉ ॥** [੧੯੦]-੫੫-੧੨੪

**ਅਰਥ:**--ਜਿਹੜਾ ਮਨੁੱਖ ਸਾਧ (-ਗੁਰੂ ਗ੍ਰੰਥ ਸਾਹਿਬ ਦੀ) ਸੰਗਤਿ ਤੋਂ ਵਾਂਜਿਆ ਰਹਿੰਦਾ ਹੈ, ਉੁਸ ਦਾ ਸਰੀਰ ਮੁਰਦਾ ਹੈ, (ਕਿਉਂਕਿ ਉਸ ਦੇ ਅੰਦਰ ਆਤਮਕ ਮੌਤੇ ਮਰੀ ਹੋਈ ਜਿੰਦ ਹੈ), ਉਹ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । ਜੂਨਾਂ ਦੇ ਦੁੱਖਾਂ ਦੇ ਕਾਰਨ ਉਸ ਦਾ ਆਤਮਕ ਜੀਵਨ ਹੋਰ ਹੋਰ ਕਮਜ਼ੋਰ ਹੁੰਦਾ ਜਾਂਦਾ ਹੈ ।੧। ਰਹਾਉ ।

੧੯੧- **ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥**
**ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥ ੧ ॥**[੧੨੨੦]-੬੨-੮੫

**ਅਰਥ:**--ਹੇ ਭਗਵਾਨ ! (ਮੇਰੇ ਉੱਤੇ) ਮਿਹਰ (-ਮਇਆ) ਕਰ, (ਤਾ ਕਿ) ਤੇਰੀ ਉੱਤਮ ਸਿਫ਼ਤਿ ਸਾਲਾਹ ਕੰਨਾ ਨਾਲ ਸੁਣੀ ਜਾ ਸਕੇ । ਹੇ ਭਾਈ ! (ਸਿਫ਼ਤਿ ਸਾਲਾਹ ਦੀ ਬਰਕਤ ਨਾਲ) ਜੰਮਣਾ ਅਤੇ ਮਰਨਾ--ਇਹ ਦੋਵੇਂ ਪੱਖ ਮੁੱਕ ਜਾਂਦੇ ਹਨ । ਸੁਖਾਂ ਦੇ ਮੂਲ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ । ੧ ।

੧੯੨- **ਆਵਤ ਹਰਖ ਨ ਜਾਵਤ ਦੂਖਾ** ਨਹ ਬਿਆਪੈ ਮਨ ਰੋਗਨੀ ॥
**ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥ ੧ ॥**[੮੮੩]-੩

੧੯੩- **ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ ॥**
**ਜਿਸ ਤੇ ਹੋਆ ਸੋਈ ਪਰੁ ਜਾਣੈ ਜਾਂ ਉਸ ਹੀ ਮਾਹਿ ਸਮਾਇ ॥ ੧ ॥**[੧੩੨੯]-੮

**ਅਰਥ:**--ਪ੍ਰਭੂ ਦੀ ਰਜ਼ਾ ਅਨੁਸਾਰ ਜਿਹੜਾ ਜੀਵ ਜਗਤ ਵਿਚ ਜੰਮਦਾ ਹੈ ਉਸ ਨੂੰ ਜੰਮਣੋਂ ਕੋਈ ਰੋਕ ਨਹੀਂ ਸਕਦਾ, ਜਿਹੜਾ (ਮਰ ਕੇ ਏਥੋਂ) ਜਾਣ ਲੱਗਦਾ ਹੈ ਉਸ ਨੂੰ ਕੋਈ ਰੋਕ ਕੇ ਨਹੀਂ ਰੱਖ ਸਕਦਾ । ਜਿਸ ਪਰਮਾਤਮਾ ਤੋਂ ਜਗਤ ਪੈਦਾ ਹੁੰਦਾ ਹੈ, ਉਸੇ ਵਿਚ ਹੀ ਲੀਨ ਹੋ ਜਾਂਦਾ ਹੈ (ਇਸ ਜਗਤ-ਰਚਨਾ ਦੇ ਭੇਤ ਨੂੰ) ਉਹ ਪਰਮਾਤਮਾ ਹੀ ਠੀਕ ਤਰ੍ਹਾਂ ਜਾਣਦਾ ਹੈ । ੧ ।

੧੯੪- **ਨਾਮੁ ਵਿਸਾਰਿ ਚਲੈ ਕੂੜਿਆਰੋ ॥ ਆਵਤ ਜਾਤ ਪੜੈ ਸਿਰਿ ਛਾਰੋ ॥**
**ਸਾਹੁਰੜੈ ਘਰਿ ਵਾਸੁ ਨ ਪਾਏ ਪੇਈਅੜੈ ਸਿਰਿ ਮਾਰਾ ਹੇ ॥ ੧੨ ॥**[੧੦੨੭]-੧

**ਅਰਥ:**--(ਸਾਰੀ ਉਮਰ) ਕੂੜ ਦਾ ਵਣਜ ਕਰਨ ਵਾਲਾ ਬੰਦਾ ਪਰਮਾਤਮਾ ਦਾ ਨਾਮ ਭੁਲਾ ਕੇ (ਇਥੋਂ ਆਤਮਕ ਗੁਣਾਂ ਵਲੋਂ ਖ਼ਾਲੀ-ਹੱਥ ) ਤੁਰ ਪੈਂਦਾ ਹੈ, ਜਨਮ ਮਰਨ ਦੇ ਗੇੜ ਵਿਚ ਪਏ ਦੇ ਸਿਰ ਉਤੇ ਸੁਆਹ ਪੈਂਦੀ ਹੈ (ਫਿਟਕਾਰਾਂ ਪੈਂਦੀਆਂ ਹਨ) । (ਇਥੋਂ ਗਏ ਨੂੰ) ਪਰਮਾਤਮਾ ਦੇ ਦਰ ਤੇ ਢੋਈ ਨਹੀਂ ਮਿਲਦੀ, (ਜਿੰਨਾ ਚਿਰ ਜਗਤ ਵਿਚ ਰਿਹਾ ਇਥੇ) ਵੀ ਸਿਰ ਉਤੇ ਸੱਟਾਂ ਹੀ ਖਾਂਦਾ ਰਿਹਾ । ੧੨ ।

**ਜਨਮ ਮਰਨ** ਦੇ ਗੇੜ ਵਿਚੋਂ ਨਿਕਲ ਕੇ ਪਰਮਾਤਮਾ ਨਾਲ ਅਭੇਤ ਹੋਣ ਵਾਲੀ ਨਿਆਰੀ ਜੀਵਨ ਜੁਗਤ ਬਨਾਉਂਣ ਦਾ ਸਿਧਾਂਤ ਸਮਝਾਉਂਣ ਲਈ ਗੁਰੂ ਨਾਨਕ ਸਾਹਿਬ ਜੀ ਦਾ ਅਨਮੋਲ ਉਪਦੇਸ਼:--

੧੯੫- **ਜਾਤੋ ਜਾਇ ਕਹਾ ਤੇ ਆਵੈ ॥ ਕਹ ਉਪਜੈ ਕਹ ਜਾਇ ਸਮਾਵੈ ॥ ਕਿਉ ਬਾਧਿਓ ਕਿਉ ਮੁਕਤੀ ਪਾਵੈ ॥**
**ਕਿਉ ਅਬਿਨਾਸੀ ਸਹਜਿ ਸਮਾਵੈ ॥ ੧ ॥ ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ**
**ਨਿਹਕਾਮ ॥ ੧ ॥ ਰਹਾਉ ॥ ਸਹਜੇ ਆਵੈ ਸਹਜੇ ਜਾਇ ॥ ਮਨ ਤੇ ਉਪਜੈ ਮਨ ਮਾਹਿ ਸਮਾਇ ॥**
**ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥ ੨ ॥ ਤਰਵਰ ਪੰਖੀ ਬਹੁ ਨਿਸਿ**
**ਬਾਸੁ ॥ ਸੁਖ ਦੁਖੀਆ ਮਨਿ ਮੋਹ ਵਿਣਾਸੁ ॥ ਸਾਝ ਬਿਹਾਗ ਤਕਹਿ ਆਗਾਸੁ ॥ ਦਹਿ ਦਿਸਿ ਧਾਵਹਿ ਕਰਮਿ**
**ਲਿਖਿਆਸੁ ॥ ੩ ॥ ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ ੩ ॥ ਬਿਨੁ ਵਖਰ ਸੂਨੋ**
**ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥ ੪ ॥ ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ**
**ਲੋਗ ॥ ਮਨੁ ਤਨੁ ਦੇ, ਲੈ ਸਹਜਿ ਸੁਭਾਇ ॥ ਨਾਨਕ ਤਿਨੁ ਕੈ ਲਾਗਉ ਪਾਇ ॥ ੫ ॥** [੧੫੩]-੬

**ਅਰਥ:**--ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ-ਅੰਮ੍ਰਿਤ ਵੱਸਦਾ ਹੈ, ਜੋ ਮਨੁੱਖ ਮੂੰਹੋ ਪ੍ਰਭੂ ਦਾ ਨਾਮ ਉਚਾਰਦਾ ਹੈ, ਉਹ ਪ੍ਰਭੂ ਦਾ ਨਾਮ ਲੈ ਕੇ ਪ੍ਰਭੂ ਵਾਂਗ ਨਿਹਕਾਮ (=ਕਾਮਨਾ-ਰਹਿਤ, ਵਾਸਨਾ-ਰਹਿਤ) ਹੋ ਜਾਂਦਾ ਹੈ । ੧ । ਰਹਾਉ ।

ਪਰ ਇਹ ਕਿਵੇਂ ਸਮਝ ਆਵੇ ਕਿ ਕਿ (ਇਹ ਵਾਸਨਾ) ਕਿਥੋਂ ਆਉਂਦੀ ਹੈ, (ਵਾਸਨਾ) ਕਿੱਥੋਂ ਪੈਦਾ ਹੁੰਦੀ ਹੈ, ਕਿਥੇ ਜਾ ਕੇ ਮੁੱਕ ਜਾਂਦੀ ਹੈ ? ਮਨੁੱਖ ਕਿਵੇਂ ਇਸ ਵਾਸ਼ਨਾ ਵਿਚ ਬੱਝ ਜਾਂਦਾ ਹੈ ? ਕਿਵੇਂ ਇਸ ਤੋਂ ਖ਼ਲਾਸੀ ਪਾਉਂਦਾ ਹੈ ? (ਖ਼ਲਾਸੀ ਪਾ ਕੇ) ਕਿਵੇਂ ਅਟੱਲ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ ? **। ੧ ।** (ਗੁਰੂ ਦੇ ਸਨਮੁਖ ਹੋਇਆਂ ਇਹ ਸਮਝ ਆਉਂਦੀ ਹੈ ਕਿ) ਵਾਸਨਾ ਕੁਦਰਤੀ ਨਿਯਮ ਅਨੁਸਾਰ ਪੈਦਾ ਹੋ ਜਾਂਦੀ ਹੈ । ਕੁਦਰਤੀ ਨਿਯਮ ਅਨੁਸਾਰ ਹੀ ਮੁੱਕ ਜਾਂਦੀ ਹੈ (ਮਨਮੁੱਖਤਾ ਦੀ ਹਾਲਤ ਵਿਚ ਵਾਸਨਾ) ਮਨ ਤੋਂ ਪੈਦਾ ਹੁੰਦੀ ਹੈ (ਗੁਰੂ ਦੇ ਸਨਮੁਖ ਹੋਇਆਂ) ਮਨ ਵਿਚ ਹੀ ਖ਼ਤਮ ਹੋ ਜਾਂਦੀ ਹੈ । ਜੋ ਮਨੁੱਖ ਗੁਰੂ ਦੇ ਸਨਮੁੱਖ ਰਹਿੰਦਾ ਹੈ, ਉਹ ਵਾਸ਼ਨਾ ਤੋਂ ਬਚਿਆ ਰਹਿੰਦਾ ਹੈ, ਵਸਨਾ (ਉਸ ਦੇ ਰਾਹ ਵਿਚ) ਬੰਨ੍ਹ ਨਹੀਂ ਮਾਰ ਸਕਦੀ । ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਉਹ ਮਨੁੱਖ ਪ੍ਰਭੂ ਦੇ ਨਾਮ ਦੀ ਰਾਹੀਂ ਵਾਸਨਾ (ਦੇ ਜਾਲ) ਵਿਚੋਂ ਬਚ ਜਾਂਦਾ ਹੈ **। ੨ ।** ਜਿਵੇਂ ਰਾਤ ਵੇਲੇ ਅਨੇਕਾਂ ਪੰਛੀ ਰੁੱਖਾਂ ਉੱਤੇ ਵਸੇਬਾ ਕਰ ਲੈਂਦੇ ਹਨ, (ਤਿਵੇਂ ਜੀਵ ਜਗਤ ਵਿਚ ਰੈਣ-ਬਸੇਰੇ ਲਈ ਆਉਂਦੇ ਹਨ), ਕੋਈ ਸੁਖੀ ਹਨ ਕੋਈ ਦੁਖੀ ਹਨ, ਕਈਆਂ ਦੇ ਮਨ ਵਿਚ ਮਾਇਆ ਦਾ ਮੋਹ ਬਣ ਜਾਂਦਾ ਹੈ, ਤੇ ਉਹ ਆਤਮਕ ਮੌਤ ਸਹੇੜ ਲੈਂਦੇ ਹਨ । ਪੰਛੀ ਸ਼ਾਮ ਵੇਲੇ ਰੁੱਖਾਂ ਤੇ ਆ ਟਿਕਦੇ ਹਨ, ਸਵੇਰੇ ਆਕਾਸ਼ ਨੂੰ ਤੱਕਦੇ ਹਨ (ਚਾਨਣ ਵੇਖ ਕੇ) ਦਸੀਂ ਪਾਸੀਂ ਉੱਡ ਜਾਂਦੇ ਹਨ, ਤਿਵੇਂ ਜੀਵ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਦਸੀਂ ਪਾਸੀਂ ਭਟਕਦੇ ਹਨ **। ੩ ।** ਜਿਵੇਂ ਔੜ ਲੱਗਣ ਤੇ ਲੋਕ ਦਰਿਆਵਾਂ ਦੇ ਕੰਢੇ ਹਰਿਆਵਲੇ ਥਾਂ ਵਿਚ ਚਾਰ ਦਿਨਾਂ ਦਾ ਟਿਕਾਣਾ ਬਣਾ ਲੈਂਦੇ ਹਨ, ਤਿਵੇਂ ਪ੍ਰਭੂ ਦੇ ਨਾਮ ਨਾਲ ਸਾਂਝ ਪਾਉਣ ਵਾਲੇ ਬੰਦੇ ਜਗਤ ਵਿਚ ਥੋਹੜੇ ਦਿਨਾਂ ਦਾ ਟਿਕਾਣਾ ਹੀ ਸਮਝਦੇ ਹਨ । ਉਨ੍ਹਾਂ ਦੇ ਅੰਦਰੋਂ ਕਾਮ ਕ੍ਰੋਧ ਆਦਿਕ ਦਾ ਵਿਹੁਲਾ ਮਟਕਾ ਭੱਜ ਜਾਂਦਾ ਹੈ (ਭਾਵ, ਉਨ੍ਹਾਂ ਦੇ ਅੰਦਰ ਕਾਮਾਦਿਕ ਵਿਕਾਰ ਜ਼ੋਰ ਨਹੀਂ ਪਾਉਂਦੇ) । ਜੋ ਮਨੁੱਖ ਨਾਮ-ਵੱਖਰ ਤੋਂ ਵਾਂਜੇ ਰਹਿੰਦੇ ਹਨ, ਉਨ੍ਹਾਂ ਦਾ ਹਿਰਦਾ-ਹੱਟ ਸੱਖਣਾ ਹੁੰਦਾ ਹੈ (ਉਨ੍ਹਾਂ ਦੇ ਸੁੰਞੇ ਹਿਰਦੇ-ਘਰ ਨੂੰ, ਮਾਨੋ ਜੰਦਰੇ ਵੱਜੇ ਰਹਿੰਦੇ ਹਨ) । ਗੁਰੂ ਨੂੰ ਮਿਲ ਕੇ ਕਰੜੇ ਕਿਵਾੜ ਖੁਲ੍ਹ ਜਾਂਦੇ ਹਨ **। ੪ ।** ਜਿਨ੍ਹਾਂ ਮਨੁੱਖਾਂ ਨੂੰ ਪੂਰਬਲੇ ਕੀਤੇ ਕਰਮਾਂ ਦੇ ਸੰਸਕਾਰ ਉੱਘੜਨ ਤੇ ਗੁਰੂ ਮਿਲ ਪੈਂਦਾ ਹੈ, ਉਹ ਪੂਰੇ ਪੁਰਸ਼ ਸਦਾ-ਥਿਰ ਪ੍ਰਭੂ ਵਿਚ ਜੁੜ ਕੇ ਖਿੜੇ ਰਹਿੰਦੇ ਹਨ । ਹੇ ਨਾਨਕ ! (ਆਖ-) ਜੋ ਮਨੁੱਖ ਮਨ ਗੁਰੂ ਦੇ ਹਵਾਲੇ ਕਰਕੇ ਸਰੀਰ ਗੁਰੂ ਦੇ ਹਵਾਲੇ ਕਰ ਕੇ ਅਡੋਲਤਾ ਵਿਚ ਟਿਕ ਕੇ ਪ੍ਰੇਮ ਵਿਚ ਜੁੜ ਕੇ (ਨਾਮ ਦੀ ਦਾਤਿ ਗੁਰੂ ਤੋਂ) ਲੈਂਦੇ ਹਨ, ਮੈਂ ਉਨ੍ਹਾਂ ਦੀ ਚਰਨੀ ਲੱਗਦਾ ਹਾਂ । ੫ । ।

## ਆਵਾਗਉਂਣ ਦੀ ਗੱਲ ਦਾ ਇੱਕ ਰੂਪ ਇਹ--

੧੯੬- **ਜੇਤੈ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀਂ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ ਅਹੰਬਧਿ ਮਨ ਜਾਰਿਓ ਰੇ ॥ ੧ ॥ ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥ ਹੀਰਾ ਲਾਲੁ ਅਮੋਲੁ ਜਨਮ ਹੈ, ਕਉਡੀ ਬਦਲੇ ਹਾਰਿਓ ਰੇ ॥ ੧ ॥ ਰਹਾਉ ॥ ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ, ਹਿਰਦੈ ਨਾਹਿ ਬੀਚਾਰਿਓ ਰੇ ॥ ਉਨਮਤ ਮਾਨ ਹਿਰਿਓ, ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥ ੨ ॥ ਸੁਆਦੁ ਲੁਭਤ, ਇੰਦ੍ਰੀ ਰਸ ਪ੍ਰੇਰਿਓ, ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ, ਸੰਤਨ ਸੰਗਾਨੇ, ਕਾਸਟ ਲੋਹ ਉਧਾਰਿਓ ਰੇ ॥ ੩ ॥ ਧਾਵਤ ਜੋਨਿ ਜਨਮ ਭ੍ਰਮਿ ਥਾਕੇ, ਅਬ ਦੁਖ ਕਰਿ ਹਮ ਹਾਰਿਓ ਰੇ ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ, ਪ੍ਰੇਮ ਭਗਤਿ ਨਿਸਤਾਰਿਓ ਰੇ ॥ ੪ ॥**[੩੩੫]-੧-੫-੫੬

੧੯੭- **ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥**
**ਐਸੇ ਘਰ ਹਮ ਬਹੁਤ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥**[੩੨੬]-੧੩

੧੯੮- **ਭਗਤਿ ਬਿਨੁ ਬਿਰਥੇ ਜਨਮੁ ਗਇਓ ॥ ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥ ੧ ॥ ਰਹਾਉ ॥ ਜਿਉ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥ ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥ ੨ ॥** [੩੩੬]-੧-੮-੫੯

੧੮

# ਕੀ ਦੋਬਾਰਾ ਮਨੁੱਖਾ ਜੂਨ ਵਿਚ ਹੀ ਪਈਦਾ ਹੈ ?

ਆਵਾ ਗਉਣ ਦਾ ਅਰਥ ਕੇਵਲ ਜੰਮਣਾ ਅਤੇ ਮਰਨਾ ਹੀ ਨਹੀਂ ਹੈ । ਮਰ ਕੇ ਦੂਜੀ ਜੂੰਨ ਵਿਚ ਪੈਣਾ ਆਵਾ ਗਉਣ ਹੈ । ਪਰ ਕੀ ਮਨੁੱਖ ਮੁੜ ਮੁੜ ਕੇ ਮਨੁੱਖ ਹੀ ਬਣਦਾ ਹੈ ? ਇਸ ਬਾਰੇ ਗੁਰਬਾਣੀ ਦੇ ਫ਼ੁਰਮਾਨ ਇਸ ਪਰਕਾਰ ਹਨ :--

੧੯੯- **ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥**
**ਤੈਸੇ ਭ੍ਰਮਤ ਅਨੇਕ ਜੋਨਿ ਮਹਿ, ਫਿਰਿ ਫਿਰਿ ਕਾਲ ਹਇਓ ॥ ੨ ॥**[੩੩੬]-੧-੮-੫੯

**ਅਰਥ:**--ਜਿਵੇਂ ਜੰਗਲ ਵਿਚ ਖਿੜੇ ਹੋਏ ਫੁੱਲਾਂ ਦੀ ਸੁਗੰਧੀ ਕੋਈ ਵੀ ਨਹੀਂ ਲੈ ਸਕਦਾ (ਉਹ ਫੁੱਲ ਉਜਾੜ ਵਿਚ ਕਿਸੇ ਪ੍ਰਾਣੀ ਨੂੰ ਸੁਗੰਧੀ ਨਾ ਦੇਣ ਕਾਰਨ ਆਪਣਾ ਖੇੜਾ ਵਿਆਰਥ ਹੀ ਖੇੜ ਜਾਂਦੇ ਹਨ), ਤਿਵੇਂ, (ਪ੍ਰਭੂ ਦੀ ਬੰਦਗੀ ਤੋਂ ਬਿਨਾ) ਜੀਵ ਅਨੇਕਾਂ ਜੂਨ ਵਿਚ ਭਟਕਦੇ ਰਹਿੰਦੇ ਹਨ, ਤੇ ਮੁੜ ਮੁੜ ਕਾਲ-ਵੱਸ ਪੈਂਦੇ ਰਹਿੰਦੇ ਹਨ । ੨ ।

੨੦੦ **ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥ ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥ ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥ ਚਿਤਿ ਨਾ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥ ੬ ॥** [੭੦]-੧-੨੬

**ਅਰਥ:**--ਜੇ ਕਿਸੇ ਮਨੁੱਖ ਨੂੰ (ਮੁਲਕਾਂ ਦੇ) ਰਾਜ ਮਿਲੇ ਹੋਏ ਹੋਣ, ਬੇਅੰਤ ਜ਼ਮੀਨਾਂ ਦੀ ਮਾਲਕੀ ਮਿਲੀ ਹੋਵੇ, ਜੇ (ਉਸ ਦੀਆਂ ਹਰ ਥਾਂ) ਸਰਦਾਰੀਆਂ ਬਣੀਆਂ ਹੋਈਆਂ ਹੋਣ, ਦੁਨੀਆਂ ਦੇ ਅਨੇਕਾਂ ਪਦਾਰਥਾਂ ਦੇ ਭੋਗ ਭੋਗਦਾ ਹੋਵੇ, ਜੇ ਉਸ ਦੇ ਪਾਸ ਸੋਹਣੇ ਸੁੰਦਰ ਬਾਗ਼ ਹੋਣ, ਜੇ (ਇਨ੍ਹਾਂ ਸਾਰੇ ਪਦਾਰਥਾਂ ਦੀ ਮਲਕੀਅਤ ਦੇ ਕਾਰਨ ਉਸ) ਹੰਕਾਰੀ ਹੋਏ ਦਾ ਹੁਕਮ ਹਰ ਕੋਈ ਮੰਨਦਾ ਹੋਵੇ, ਜੇ ਉਹ ਦੁਨੀਆਂ ਦੇ ਕਈ ਕਿਸਮਾਂ ਦੇ ਰੰਗ-ਤਮਾਸ਼ਿਆਂ ਵਿੱਚ ਚਾ-ਮਲਾਰ ਵਿਚ ਰੁੱਝਾ ਹੋਵੇ, ਪਰ ਜੇ ਪਰਮਾਤਮਾ ਉਸ ਦੇ ਚਿਤ ਵਿਚ ਕਦੇ ਨਾ ਆਇਆ ਹੋਵੇ ਤਾਂ ਉਹ ਸੱਪ ਦੀ ਜੂੰਨ ਵਿਚ ਗਿਆ ਸਮਝੋ । ੬ ।

੨੦੧- **ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ੨ ॥**[੧੫੬]-੫-੧੭

**ਅਰਥ:**--(ਅਣਗਿਣਤ ਔਗੁਣਾਂ ਦੇ ਕਾਰਨ) ਅਸਾਂ ਅਨੇਕ ਰੁੱਖਾਂ ਬਿਰਖਾਂ ਦੀਆਂ ਜੂਨਾਂ ਵੇਖੀਆਂ, ਅਨੇਕਾਂ ਵਾਰੀ ਪਸ਼ੂ-ਜੂਨਾਂ ਵਿਚ ਅਸੀਂ ਜੰਮੇ, ਅਨੇਕ ਵਾਰੀ ਸੱਪਾਂ ਦੀਆਂ ਕੁਲਾਂ ਵਿਚ ਪੈਦਾ ਹੋਏ, ਤੇ ਅਨੇਕਾਂ ਵਾਰੀ ਪੰਛੀ ਬਣ ਬਣ ਕੇ ਉਡਦੇ ਰਹੇ । ੨ ।

੨੦੨- **ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥**
**ਗੁਰ ਤੇ ਮੁਹੁ ਫੇਰੇ ਤਿਨ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥ ੫ ॥**[੮੩੨]-੨

**ਅਰਥ::**--ਜਿਨ੍ਹਾਂ ਬੰਦਿਆਂ ਨੇ ਆਪਣਾ ਮੂੰਹ ਗੁਰੂ ਵਲੋਂ ਮੋੜਿਆ ਹੋਇਆ ਹੈ ਉਨ੍ਹਾਂ ਨੂੰ ਸੂਰ ਕੁੱਤੇ ਖੋਤੇ ਬਿੱਲੇ ਪਸ਼ੂ ਮਲੇਛ ਨੀਚ ਚੰਡਾਲ ਆਦਿਕਾਂ ਦੀਆਂ ਜੂਨਾਂ ਵਿਚ ਭਵਾਇਆ ਜਾਂਦਾ ਹੈ । ਮਾਇਆ ਦੇ ਮੋਹ ਦੇ ਬੰਧਨ ਵਿਚ ਬੱਝਾ ਹੋਇਆ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । ੫ ।

੨੦੩- **ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥ ੨ ॥**[੯੯੩]-੨

**ਅਰਥ:**--ਇਸ ਜਨਮ ਵਿਚ ਪ੍ਰਭੂ ਦੇ ਨਾਮ ਤੋਂ ਖੁੰਝੇ ਰਿਹਾਂ (ਇਹ ਮਨੁੱਖਾ ਜਨਮ ਲੱਭਣ ਵਾਸਤੇ) ਮੁੜ ਕਿਤੇ ਵੀ ਹੱਥ ਨਹੀਂ ਪੈ ਸਕਦਾ, (ਨਾਮ ਤੋਂ ਖੁੰਝਿਆ ਬੰਦਾ) ਸਾਰੀਆਂ ਹੀ ਜੂਨਾਂ ਵਿਚ ਪਾਇਆ ਜਾਂਦਾ ਹੈ, ਉਹ ਸਦਾ ਵਿਕਾਰਾਂ ਦੇ ਗੰਦ ਵਿਚ ਪਿਆ ਰਹਿੰਦਾ ਹੈ । ੨ ।

ਇਨ੍ਹਾਂ ਪੰਜ ਗੁਰੂ ਫ਼ੁਰਮਾਨਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਜੇ ਮਨੁੱਖ ਪ੍ਰਭੂ ਨਾਮ ਤੋਂ ਖੁੰਝਿਆ ਰਹੇ, ਉਚੀ-ਆਤਮਕ ਅਵਸਥਾ ਨਾ ਬਣਾ ਸਕੇ, ਆਪਣੀ ਜੀਵਨ-ਜੁਗਤ ਸਤਿਗੁਰਾਂ ਦੇ ਹੁਕਮ ਅਨੁਸਾਰ ਨਾ ਬਣਾ ਸਕੇ, ਤਾਂ ਦੋਬਾਰਾ ਮਨੁੱਖਾ ਜਨਮ ਲੱਭਣਾ ਅਸੰਭਵ ਹੈ। ਉਹ ਫਿਰ ਅਨੇਕ ਜੂਨਾਂ ਵਿਚ ਪੈ ਕੇ, ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ । ਗੁਰੂ ਸ਼ਬਦਾਂ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਕੁਲ ਜੂਨਾਂ ਕਿੰਨੀਆਂ ਹਨ । ਜੂਨਾਂ ਦੀ ਠੀਕ ੮੪ ਲੱਖ ਗਿਣਤੀ ਦੇਣ ਵਾਂਗ ਹੀ, ਸ੍ਰਿਸ਼ਟੀ ਸਿਰਜਣਾਂ ਦੇ ਅਰੰਭ ਤੋਂ ਲੈ ਕੇ ਪਰਲੈ ਹੋਣ ਤੱਕ, ਪੁਰਾਣਕ ਬਿੱਪ੍ਰ ਨੇ, ਕਾਦਰ ਦੀ ਕੁਦਰਤ ਦੇ ਕਈ ਪੱਖਾਂ ਦੇ ਕਈ ਪ੍ਰਕਾਰ ਦੇ ਹਿਸਾਬ ਕਿਤਾਬ ਲਿਖੇ ਹੋਏ ਹਨ । ਉਨ੍ਹਾਂ ਵਿਚੋਂ ਕਈਆਂ ਗਿਣਤੀਆਂ ਮਿਣਤੀਆਂ ਦਾ ਵੇਰਵਾ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਆ ਚੁੱਕਾ ਹੈ । ਗੁਰਮਤਿ ਨੇ, ਅਪਾਰ ਪ੍ਰਭੂ ਦੇ ਸ੍ਰਿਸ਼ਟੀ ਰਚਨਾਂ ਵਾਲੇ ਅਪਾਰ ਖਿਲਾਰੇ ਦੇ ਹਰ ਪੱਖ ਨੂੰ ਹਿਸਾਬ ਅਤੇ ਮਿਣਤੀ ਗਿਣੀ ਤੋਂ ਪਰੇ, ਫ਼ੁਰਮਾਨ ਕੀਤਾ ਹੈ । ਅਪਾਰ ਪ੍ਰਭੂ ਦੀ ਅਪਾਰ ਸ੍ਰਿਸ਼ਟੀ ਸਿਰਜਣਾ ਦੇ ਕਿਸੇ ਵੀ ਪੱਖ ਦਾ ਠੀਕ ਠੀਕ ਅੰਤ ਨਹੀਂ ਪਾਇਆ ਜਾ ਸਕਦਾ। ਏਹੀ ਵਿਸ਼ਾ ਪੁਸਤਕ ਦੇ ਸਤਵੇਂ ਭਾਗ ਵਿਚ ਵੀ ਵਿਚਾਰ ਅਧੀਨ ਆਇਆ ਹੈ। ਦੋਬਾਰਾ ਮਨੁੱਖਾ ਜਨਮ ਹੋਣ ਦੀ ਟੋਹ ਲਾਉਣ ਨਾਲੋਂ ਮੁਕਤੀ ਪ੍ਰਾਪਤਿ ਕਰਨ ਦੇ ਆਹਰੇ ਲੱਗਣਾ ਚਾਈਏ:--

੨੦੪- **ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥ ਜਨਮਿ ਮਰਣਿ ਨਹੀ ਧੰਧਾ ਧੈਰ ॥ ਜੋ ਦੀਸੈ ਸੋ ਆਪੇ ਆਪਿ ॥**
**ਆਪਿ ਉਪਾਇ ਆਪੇ ਘਟ ਥਾਪਿ ॥ ਆਪਿ ਅਗੋਚਰ ਧੰਧੈ ਲੋਈ ॥ ਜੋਗ ਜੁਗਤਿ ਜਗਜੀਵਨੁ ਸੋਈ ॥**
**ਕਰਿ ਆਚਾਰੁ ਸਚੁ ਸੁਖੁ ਹੋਈ ॥ ਨਾਮ ਵਿਹੂਣਾ ਮੁਕਤਿ ਕਿਵ ਹੋਈ ॥ ੧ ੫ ॥** [੯੩੧]-ੳ

## ੧੯

# ਕੁਦਰਤ ਦੀ ਬੇਅੰਤਤਾਈ ਅਤੇ ਗੁਰਮਤਿ

ਜੂਨਾਂ ਦੀ ਗਿਣਤੀ ਚਉਰਾਸੀ ਲੱਖ ਦੇ ਬਾਰੇ ਗੁਰਮਤਿ ਸਿਧਾਂਤ ਸਮਝਣ ਲਈ ਪਹਿਲਾਂ ਬੇਅੰਤਤਾਈ ਬਾਰੇ ਗੁਰੂ ਫ਼ੁਰਮਾਨ ਵਿਚਾਰ ਲਈਏ । ਜਪੁਜੀ ਸਾਹਿਬ ਦੀ ੧੬ਵੀ ਪਉੜੀ ਵਿਚ ਸਤਿਗੁਰਾਂ ਦਾ ਫ਼ੁਰਮਾਨ ਹੈ--

੨੦੫- **ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਇਹੁ ਲੇਖਾ ਲਿਖਿ ਜਾਣੈ ਕੋਇ ॥**
**ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ, ਸੁਆਲਿਹੁ ਰੂਪੁ ॥ ਕੇਤੀ ਦਾਤਿ, ਜਾਣੈ ਕੌਣੁ ਕੂਤੁ ॥..੧੬ ॥[੩]**

**ਭਾਵ**, ਸ੍ਰਿਸ਼ਟੀ ਵਿਚ ਕਈ ਕਿਸਮਾਂ ਦੇ ਅਤੇ ਕਈ ਨਾਵਾਂ ਦੇ ਜੀਵ ਹਨ । ਇਨ੍ਹਾਂ ਸਭਨਾਂ ਨੂੰ ਇਕ ਸਦਾ ਚਲ ਰਹੀ ਕਲਮ ਨੇ ਹੀ ਲਿਖਿਆ ਹੈ (ਭਾਵ ਇਨ੍ਹਾਂ ਦਾ ਲੇਖਾ ਕਰਤਾਰ ਆਪ ਹੀ ਜਾਣਦਾ ਹੈ, ਹੋਰ) ਕੌਣ ਇਹ ਲੇਖਾ ਲਿਖਣਾ ਜਾਣ ਸਕਦਾ ਹੈ । ਪ੍ਰਭੂ ਦਾ ਕਿਤਨਾ ਬਲ ਹੈ, ਕਿਤਨਾ ਸੋਹਣਾ ਰੂਪ ਹੈ, ਕਿੰਨੀ ਦਾਤ ਹੈ, ਕੌਣ ਇਸ ਬੇਅੰਤਤਾਈ ਦੀ) ਗਿਣਤੀ ਮਿਣਤੀ ਕਰ ਸਕਦਾ ਹੈ ? ਫਿਰ ਸ੍ਰਿਸ਼ਟੀ ਸਿਰਜਣਾਂ ਦੇ ਕਈ ਪੱਖਾਂ ਦੀ ਬੇ-ਅੰਤਤਾਈ ਦਾ ਜ਼ਿਕਰ ਕਰਦਿਆਂ ਸਤਿਗੁਰਾਂ ਨੇ ੧੯ਵੀ ਪਉੜੀ ਤੱਕ " ਅਸੰਖ " ਪਦ ਵਰਤਿਆ ਹੈ । ਅਸੰਖ ਦਾ ਅਰਥ ਸੰਖਿਆ ਤੋਂ ਪਰੇ, ਅਣਗਿਣਤ, ਅਨੰਤ, ਬੇਸ਼ੁਮਾਰ । ਪਰ ' ਅਸੰਖ " ਪਦ ਗਣਤ ਦਾ ਨਾਪ ਵੀ ਸਮਝਿਆ ਜਾਂਦਾ ਹੈ । ਭਾਰਤੀ ਗਣਤ ਵਿਦਿਆ ਵਿਚ ੧੦੦ ਖਰਬ ਦਾ ਇੱਕ ਪਦਮ ਅਤੇ ੧੦੦ ਪਦਮ ਦਾ ਇੱਕ " ਅਸੰਖ " ਮੰਨਦੇ ਹਨ । ਇਸ ਅਰਥ ਦਾ ਭੁਲੇਖਾ, ਦੂਰ ਕਰਨ ਲਈ, ੧੯ਵੀ ਪਉੜੀ ਵਿਚ ਸਤਿਗੁਰਾਂ ਨੇ ਇਸ ਪ੍ਰਕਾਰ ਫੁਰਮਾਨ ਕੀਤਾ ਹੈ---**ਅਸੰਖ ਨਾਵ, ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ, ਸਿਰਿ ਭਾਰੁ ਹੋਇ ॥** ਭਾਵ, (ਕੁਦਰਤ ਦੇ ਅਨੇਕ ਜੀਵਾਂ ਤੇ ਹੋਰ ਬੇਅੰਤ ਪਦਾਰਥਾਂ ਦੇ) ਅਸੰਖਾਂ ਹੀ ਨਾਮ ਹਨ ਤੇ ਅਸੰਖਾਂ ਹੀ ਉਨ੍ਹਾਂ ਦੇ ਥਾਂ-ਟਿਕਾਣੇ ਹਨ । ਕੁਦਰਤ ਵਿਚ ਅਸੰਖਾਂ ਹੀ ਭਵਨ ਹਨ, ਜਿਨ੍ਹਾਂ ਤਕ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ । ਪਰ ਜਿਹੜੇ ਮਨੁੱਖ ਕੁਦਰਤ ਦਾ ਲੇਖਾ ਕਰਨ ਵਾਸਤੇ ਸ਼ਬਦ " ਅਸੰਖ " ਵਰਤਦੇ ਹਨ, ਉਹ ਵੀ ਭੁੱਲ ਕਰ ਰਹੇ ਹੁੰਦੇ ਹਨ । " ਅਸੰਖ " ਸ਼ਬਦ ਵੀ ਕਾਫ਼ੀ ਨਹੀਂ ਹੈ । ਫਿਰ ੨੨ਵੀ ਪਉੜੀ ਵਿਚ ਸਤਿਗੁਰਾਂ ਨੇ ਫ਼ੁਰਮਾਨ ਕੀਤਾ ਕਿ--**ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ ॥ ੨ ॥** ਭਾਵ, ਕੁਦਰਤ ਦੇ ਕਿਸੇ ਵੀ ਪੱਖ ਦਾ ਜੇ ਕੋਈ ਲੇਖਾ ਹੋਵੇ ਤਦ ਹੀ ਲਿਖਿਆ ਜਾ ਸਕਦਾ ਹੈ । ਗਣਤ ਵਿਦਿਆ ਦੇ ਆਸਰੇ ਜੇ ਕੋਈ ਲੇਖਾ ਕਰਨ ਲੱਗ ਹੀ ਪਈਏ ਤਾਂ ਕੁਦਰਤ ਦਾ ਇਹ ਲੇਖਾ ਇਤਨਾ ਵਡਾ ਹੈ ਕਿ ਲੇਖੇ ਦਾ ਹੀ ਖ਼ਾਤਮਾ ਹੋ ਜਾਂਦਾ ਹੈ । ਭਾਵ, ਗਿਣਤੀ ਦੇ ਹਿੰਦਸੇ ਹੀ ਮੁੱਕ ਜਾਂਦੇ ਹਨ । ਕੁਦਰਤ ਦੀ ਬੇਅੰਤਤਾਈ ਬਿਆਨ ਕਰਦੇ ਹੋਏ ਫਿਰ ਸਤਿਗੁਰੂ ਜੀ ਇਸ ਤਰ੍ਹਾਂ ਫ਼ੁਰਮਾਨ ਕਰਨਾ ਅਰੰਭ ਕਰ ਦਿੰਦੇ ਹਨ:--

੨੦੬- **ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ ਅੰਤੁ ਨ ਕਰਣੈ, ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**
**ਅੰਤੁ ਨ ਜਾਪੈ, ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥**

**ਅੰਤ ਕਾਰਣਿ ਕੇਤੇ, ਬਿਲਲਾਹਿ ॥ ਤਾ ਕੇ ਅੰਤ, ਨ ਪਾਏ ਜਾਹਿ ॥ ਏਹੁ ਅੰਤੁ ਨ ਜਾਂਣੈ ਕੋਇ ॥**
**ਬਹੁਤਾ ਕਹੀਐ, ਬਹੁਤਾ ਹੋਇ ॥ ਵਡਾ ਸਾਹਿਬੁ, ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥**
**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ, ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥**
**ਨਾਨਕ, ਨਦਰੀ ਕਰਮੀ ਦਾਤਿ ॥ ੨੪ ॥** [੫]

ਭਾਵ, ਪ੍ਰਭੂ ਬੇਅੰਤ ਗੁਣਾਂ ਦਾ ਮਾਲਕ ਹੈ, ਉਸ ਦੀ ਪੈਦਾ ਕੀਤੀ ਰਚਨਾ ਵੀ ਬੇਅੰਤ ਹੈ । ਕਿਉਂ ਜਿਉਂ ਉਸ ਦੇ ਗੁਣਾ ਵਲ ਧਿਆਨ ਮਾਰੀਏ, ਉਹ ਹੋਰ ਵੀ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ । ਜਗਤ ਵਿਚ ਪ੍ਰਭੂ ਜਿਡਾ ਵੱਡਾ ਹੋਰ ਦੂਜਾ ਕੋਈ ਨਹੀਂ ਹੈ । ਏਹੀ ਕਾਰਨ ਹੈ ਕਿ ਇਹ ਕੋਈ ਨਹੀਂ ਦੱਸ ਸਕਦਾ ਕਿ ਪ੍ਰਭੂ ਕਿੰਨਾ ਵਡਾ ਹੈ । ਅਤੇ ਫਿਰ---**ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ, ਸਿਰਿ ਗਾਵਾਰਾ ਗਾਵਾਰੁ ॥ ੨੬ ॥** ਪ੍ਰਭੂ ਦੀ ਸਿਰਜਣਾ ਦੇ ਕਿਸੇ ਵੀ ਪੱਖ ਦਾ ਹਿਸਾਬ ਦੱਸਣ ਦੀ ਗੱਪ ਮਾਰਨ ਵਾਲਾ ਮੂਰਖਾਂ ਸਿਰ ਮੂਰਖ ਸਮਝਿਆ ਜਾਂਦਾ ਹੈ । ਕੁਦਰਤ ਦੀ ਬੇਅੰਤਾਈ ਵਾਲੇ ਸਿਧਾਂਤ ਨੂੰ ਗੁਰਬਾਣੀ ਵਿਚ ਕਈ ਸ਼ਬਦਾਂ ਦੁਆਰਾ ਦ੍ਰਿੜ ਕਰਾਇਆ ਗਿਆ ਹੈ :--

੨੦੭- **ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥**
**ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਨ ਸਰਨ ॥ ੪ ॥**[੪੫੯]-੫-੮

**ਅਰਥ:**--ਜੇ ਸਾਰੀ ਧਰਤੀ ਕਾਗ਼ਜ਼ ਬਣ ਜਾਏ, ਜੇ ਸਾਰੀ ਬਨਾਸਪਤੀ ਕਲਮ ਬਣ ਜਾਏ, ਤੇ ਜੇ ਹਵਾ ਲਿਖਣ ਵਾਸਤੇ ਲਿਖਾਰੀ ਬਣ ਜਾਏ, ਤਾਂ ਵੀ ਬੇਅੰਤ ਪ੍ਰਭੂ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ । ਮੈ ਨਾਨਕ ਨੇ ਉਸ ਬੇਅੰਤ ਪਰਮਾਤਮਾ ਦੇ ਚਰਨਾਂ ਦਾ ਆਸਰਾ ਲਿਆ ਹੈ । ੪ ।

੨੦੮- **ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥ ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥**
**ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥ ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ**
**ਉਪਾਇਆ ॥ ਕਹੈ ਨਾਨਕੁ ਤੂ ਸਦਾ ਅਗਮੁ ਹੈ ਤੇਰਾ ਅੰਤੁ ਨ ਪਾਇਆ ॥ ੧੨ ॥**[੯੧੮]

**ਪਦ ਅਰਥ:**--ਅਗਮ--ਅਪਹੁਚ । ਅਗੋਚਰ--ਗਿਆਨ ਇੰਦ੍ਰਆਂ ਦੀ ਪਹੁੰਚ ਤੋਂ ਪਰੇ । ਆਪੁ--ਆਪਣੇ ਸਰੂਪ ਨੂੰ । ਵੇਖਹਿ--ਤੂੰ ਸੰਭਾਲ ਕਰਦਾ ਹੈਂ ।

੨੦੯- **ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ**
**ਬੇਅੰਤੁ ॥ ੧ ॥ ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥ ਸੰਕਰਾ ਨਹੀ**
**ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਬ੍ਰਹਮ ॥ ੨ ॥**[੮੯੪]-੨੫-੩੬

ਭਾਵ, ਕਥਿਤ ਤੌਰ ਤੇ ਪਰਮਾਤਮਾ ਦੇ ਮੂੰਹੋਂ ਵਿਚ ਪ੍ਰਗਟੇ ਵੇਦਾਂ ਨੇ, ਕਥਿਤ ਤੌਰ ਤੇ ਸ੍ਰਿਸ਼ਟੀ ਦੀ ਸਿਰਜਣਾ ਕਰਨ ਵਾਲੇ ਬ੍ਰਹਮਾਂ ਨੇ, ਅਥਵਾ ਕਥਿਤ ਰੱਬੀ ਅਵਤਾਰਾਂ ਵਿਚੋਂ ਕਿਸੇ ਨੇ ਵੀ ਪਰਮਾਤਨਮਾ ਦੇ ਅੰਤ ਦਾ ਭੇਤ ਨਹੀਂ ਪਾਇਆ । ਆਪਣੀ ਵਡਿਆਈ ਕੇਵਲ ਪਰਮਾਤਮਾ ਆਪ ਹੀ ਜਾਣਦਾ ਹੈ । ਹੋਰ ਕਥਿਤ ਤੌਰ ਤੇ ਬੜੀਆਂ ਸ਼ਕਤੀਆਂ ਵਾਲੀ ਦੁਰਗਾ, ਚੰਡੀ* ਭਗਵਤੀ ਆਦਿ ਦੇਵੀਆਂ, ਅਤੇ ਹੋਰ ਕਥਿਤ ਦੇਵਤੇ, ਭਾਵ ਭਗਵਾਨ ਕਰਕੇ ਜਾਣੇ ਜਾਣ ਵਾਲੇ ਵਡੇ-ਵਡੇ ਸੁਰਤੇ ਵੀ ਪਰਮਾਤਮਾ ਦੇ ਅੰਤ ਦਾ ਭੇਤ ਨਹੀਂ ਜਾਣ ਸਕੇ । [* Foot note:--ਬੜੀ ਵੱਡੀ ਬਦਕਿਸਮਤੀ ਵਾਲੀ ਸਥਿਤੀ ਬਣ ਰਹੀ ਹੈ ਕਿ, ਸਤਿਗੁਰਾਂ ਦੇ ਅਜੇਹੇ ਮਹਾਂਵਾਕਾਂ ਦੀ ਪਰਵਾਹ ਨਾ ਕਰਕੇ, ਅਜੇਹੇ ਵਿਦਵਾਨ ਲਿਖਾਰੀ-ਗੁਰਸਿਖ, ਜਿਹੜੇ ਆਪਣੇ ਆਪ ਨੂੰ ਪੰਥ-ਸੇਵਕ ਅਤੇ ਵਡੇ ਸੁਧਾਰਕ ਮੰਨਦੇ ਹਨ, ਅਨਜਾਣ ਗੁਰਸਿਖਾਂ ਨੂੰ ਗੁਰਮਤਿ ਵਿਰੋਧੀ, ਲਿਖਤੀ ਸਲਾਹ ਦੇ ਰਹੇ ਹਨ, ਕਿ, " ਚੰਡੀ ਦੀ ਵਾਰ ਦੇ ਪਾਠ ਕਰਨ ਤੋਂ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ ]

੨੧੦- **ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥ ੧ ॥ ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ**
**ਕਿਰਪਾ ਤੇ ਗੁਨ ਗਾਇ ਅਪਾਰ ॥ ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥ ੧ ॥ ਮਿਤਿ**
**ਨਾਹੀ ਜਾ ਕਾ ਬਿਸਥਾਰੁ ॥ ਸੋਭਾ ਤਾ ਕੀ ਅਪਰ ਅਪਾਰ ॥ ਅਨਿਕ ਰੰਗ ਜਾ ਕੇ ਗਨੇ ਨਾ ਜਾਹਿ ॥ ਸੋਗ ਹਰਖ ਦੁਹਹੂ**
**ਮਹਿ ਨਾਹਿ ॥ ੨ ॥ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥ ਅਨਿਕ ਪੁਰਖ**
**ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥ ੩ ॥ ਅਨਿਕ ਪਵਨ ਪਾਵਕ ਅਰੁ ਨੀਰ ॥ ਅਨਿਕ ਰਤਨ ਸਾਗਰ**
**ਦਧਿ ਖੀਰ ॥ ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥ ੪ ॥ ਅਨਿਕ ਬਸੁਧਾ ਅਨਿਕ**
**ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥ ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥**
**੫ ॥ ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥ ਅਨਿਕ ਸਰੋਤੇ ਸੁਨਹਿ ਨਿਧਾਨ ॥**
**ਸਰਬ ਜੀਅ ਪੂਰਨ ਭਗਵਾਨ ॥ ੬ ॥ ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥**
**ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਰਬ੍ਰਹਮ ਕਾ ਅੰਤੁ ਨ ਤੇਹਿ ॥ ੭ ॥ ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ**
**ਰੂਪ ਰੰਗ ਬ੍ਰਹਮੰਡ ॥ ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥ ੮ ॥ ਅਨਿਕ ਜੁਗਾਦਿ**
**ਦਿਨਸ ਅਰੁ ਰਾਤਿ ॥ ਅਨਿਕ ਪਰਲਉ ਅਨਿਕ ਉਪਾਤਿ ॥ ਅਨਿਕ ਜੀਅ ਜਾ ਕੇ ਗ੍ਰਿਹ ਮਹਿ ॥ ਰਮਤ ਰਾਮ, ਪੂਰਨ**
**ਸ੍ਰਬ ਠਾਂਇ ॥ ੯ ॥ ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿ ਰਾਇ ॥ ਅਨਿਕ ਧੁਨਿਤ**
**ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥ ੧੦ ॥ ਸਭ ਤੇ ਊਚ ਭਗਤ ਜਾ ਕੈ ਸੰਗਿ ॥ ਆਠ ਪਹਰ**
**ਗੁਨ ਗਾਵਹਿ ਰੰਗਿ ॥ ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥ ੧੧ ॥ ਸਤਿ ਪੁਰਖੁ**
**ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥ ਅਪਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ**
**ਬਿਆਪਿ ॥ ਕ੍ਰਿਪਾ ਨਿਧਾਨ ਨਾਨਕ ਦਇਆਲ ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥**[੧੨੩੫/੩੬]-੧-੨-੨-੩-੭

**ਪਦ ਅਰਥ:**--ਅਗਮ ਕਥਾ=ਅਪਹੁੰਚ ਪ੍ਰਭੂ ਦੀ ਸਿਫ਼ਤਿ ਸਾਲਾਹ । ਅਗਾਧਿ=ਅਥਾਹ । ਸਭ=-ਕਚਹਿਰੀ । ੧ । ਰਹਾਉ । ਪਰਗਾਸੁ=ਚਾਨਣ ।ਅੰਜਨੁ=ਆਤਮਕ ਜੀਵਨ ਦੀ ਸੂਝ ਦਾ ਸੁਰਮਾ। **੧ ।** ਮਿਤ-=ਹਦ-ਬੰਨਾ, ਅੰਦਾਜ਼ਾ, ਮਾਪ । ਬਿਸਥਾਰੁ=ਗਤ-ਪਸਾਰਾ । ਅਪਰ=ਰੇ ਤੋਂ ਪਰੇ [ਅ=]। ਰੰਗ=ੌਤਕ, ਚੋਜ=ਮਾਸ਼ੇ । ਹਰਖ--ਖ਼ੁਸ਼ੀ **। ੨ ।** ਬੈਸਿ=ੈਠ ਕੇ । ਅੰਸਾ ਅਵਤਾਰ=ੁਹ ਅਵਤਾਰ ਜਿੰਨ੍ਹਾਂ ਵਿਚ ਪਰਮਾਤਮਾ ਦੀ ਥੋੜ੍ਹੀ ਕੁ ਆਤਮਕ ਤਾਕਤ ਉਤਰੀ ਹੋਵੇ । ਊਭੇ--ਖਲੋਤੇ ਹੋਏ **। ੩ ।** ਪਾਵਕ=ੱਗ । ਦਧਿ=ੀਂ । ਖੀਰ=ੁੱਧ । ਸੂਰ=ੂਰਜ । ਸਸੀਅਰ=ੰਦ੍ਰਮਾ । ਨਖਿਆਤਿ=ਾਰੇ **। ੪ ।** ਬਹੁਧਾ--ਧਰਤੀ । ਕਾਮਧੇਨ=ਮਨਾਂ ਪੂਰੀਆਂ ਕਰਨ ਵਾਲੀਆਂ ਗਾਈਆਂ । ਪਾਰਜਾਤ=ਵਰਗ ਦਾ ਇੱਕ ਰੁੱਖ ਜੋ ਮਨ-ਮੰਗੀਆਂ ਮੁਰਾਦਾਂ ਦਿੰਦਾ ਮੰਨਿਆਂ ਜਾਂਦਾ ਹੈ । ਮੁਖਿ ਬੇਨ--ਮੂੰਹ ਵਿਚ ਬੰਸਰੀ ਰੱਖਣ ਵਾਲਾ, ਕ੍ਰਿਸ਼ਨ **। ੫ ।** ਜੁਗਤਿ=ਠੀਕ, ਢੰਗ । ਸਰੋਤ=ੁਨੈਣ ਵਾਲੇ । ਨਿਧਾਨ=ਖ਼ਜ਼ਾਨਾ, ਹਰੀ । ਪੂਰਨ=ਵਆਪਕ **। ੬ ।**

ਧਰਾਮ=ਧਰਮ ਰਾਜ । ਕੁਮੇਰ=ਕੁਬੇਰ, ਧਨ ਦਾ ਦੇਵਤਾ । ਬਰਨ=ਵਰਨ, ਸਮੁੰਦਰ ਦਾ ਦੇਵਤਾ । ਕਨਿਕ=ਸਦੋਨਾ । ਸੇਖ=ਸ਼ੈਸ਼ਨਾਗ । ਨਵਤਨ=ਨਵਾਂ **। ੭ ।** ਖੰਡ=ਧਰਤੀਆਂ ਦੇ ਟੋਟੇ । ਬਨਾ=ਜੰਗਲ । ਸੂਖਮ=ਅਦ੍ਰਿਸ਼ਟ । ਅਸਥੂਲ=ਦ੍ਰਿਸ਼ਟਮਾਨ **। ੮ ।** ਪਰਲਉ=ਜਗਤ ਦਾ ਨਾਸ । ਉਪਾਤਿ=ਉਤਪੱਤੀ, ਪੈਦਾਇਸ਼ । ਰਮਤ=ਵਿਆਪਕ **। ੯ ।** ਲਖੀ ਨ ਜਾਇ=ਸਮਝੀ ਨਹੀਂ ਜਾ ਸਕਦੀ । ਕਲਾ=ਤਾਕਤ । ਲਲਿਤ=ਸੁੰਦਰ । ਧੁਨਿਤ=ਧੁਨੀਆਂ ਹੋ ਰਹੀਆਂ ਹਨ । ਗੁਪਤ ਚੀਤ--ਚਿੱਤਰ ਗੁਪਤ । ਤਹ=ਉਥੇ, ਉਸ ਦਰਬਾਰ ਵਿਚ **। ੧੦ ।** ਰੰਗਿ=ਪ੍ਰੇਮ ਨਾਲ ।ਅਨਾਹਦ=ਬਿਨਾ ਵਜਾਏ ਵੱਜ ਰਹੇ । ਝੁਨਕਾਰ=ਮਿੱਠੀ ਆਵਾਜ਼ । ਉਆ ਕਾ=ਉਸ ਦਾ **। ੧੧ ।** ਸਤਿ=ਸਦਾ ਕਾਇਮ ਰਹਿਣ ਵਾਲਾ । ਨਿਰਬਾਨ=ਵਾਸਨਾ-ਰਹਿਤ । ਘਟਿ ਘਟਿ=ਹਰੇਕ ਹਿਰਦੇ ਵਿਚ । ਕ੍ਰਿਪਾ ਨਿਧਾਨ=ਹੇ ਕਿਰਪਾ ਦੇ ਖ਼ਜ਼ਾਨੇ ! ਨਿਹਾਲ=ਪ੍ਰਸੰਨ ਚਿਤ । ੧੨ ।

ਧਿਆਨ ਦੇਣ ਵਾਲੀ ਗੱਲ ਇਹ ਹੈ, ਕਿ ਬ੍ਰਾਹਮਣੀ ਲਿਖਤਾਂ ਅਨੁਸਾਰ ਬ੍ਰਾਹਮਾ ਕੇਵਲ ਇੱਕ ਹੈ, ਏਸੇ ਤਰ੍ਹਾਂ, ਮਹੇਸ਼, ਅੰਸਾ ਅਵਤਾਰ, ਇੰਦ੍ਰ, ਕਾਮਧੇਨ ਗਊ ਅਥਵਾ ਪਾਰਜਾਤ ਰੱਖ ਸਭ ਇੱਕ ਇੱਕ ਹੀ ਹਨ ਪਰ ਸਤਿਗੁਰਾਂ ਨੇ ਇਹ ਵੀ ਅਨੇਕਾਂ ਲਿਖੇ ਹਨ । ਏਸੇ ਤਰ੍ਹਾਂ ਵੇਦ ਪੁਰਾਣਕ ਲਿਖਤਾਂ ਵਿਚ ਸੂਰਕ ਚੰਦ ਧਰਤੀ ਅਕਾਸ਼ ਇੱਕ ਇੱਕ ਹਨ ਅਤੇ ਵੇਦ ਚਾਰ ਹਨ । ਪਰ ਗੁਰਦੇਵ ਜੀ ਅਨੁਸਾਰ ਅਗੰਮ ਪ੍ਰਭੂ ਦੀ ਅਥਾਹ ਰਚਨਾਂ ਵਿਚ ਇਨ੍ਹਾਂ ਦੀ ਗਿਣਤੀ ਦਾ ਪਤਾ ਵੀ ਕੋਈ ਨਹੀਂ ਲੱਗ ਸਕਦਾ ।

## ੨੦

# ਚਉਰਾਸੀ ਲੱਖ ਜੂਨ ?

ਬ੍ਰਾਹਮਣੀ ਗ੍ਰੰਥਾਂ ਵਿਚ ਕਈ ਥਾਈਂ ਲਿਖਿਆ ਮਿਲਦਾ ਹੈ ਕਿ ਕੁੱਲ ਚੌਰਾਸੀ ਲੱਖ ਜੂਨਾਂ ਹਨ । ਬ੍ਰਾਮਣੀ ਪਰਚਾਰ ਦੇ ਅਥਾਹ ਸਾਧਨਾਂ ਦਾ ਸਦਕਾ, ਹਿੰਦੂ ਧਰਮ ਨਾਲ ਸੰਬੰਧ ਰੱਖਣ ਵਾਲੇ ਸਾਧਾਰਨ ਮਨੁੱਖ ਨੂੰ ਵੀ ਵਿਸ਼ਵਾਸ਼ ਹੋ ਚੁੱਕਾ ਹੈ ਕਿ ਜੂਨਾਂ ਚੌਰਾਸੀ ਲੱਖ ਹੀ ਹਨ । ਕੀ ਗੁਰਮਤਿ ਵੀ ਜੂਨਾਂ ਦੀ ਇਸ ਗਿਣਤੀ ਨੂੰ ਮੰਨਦੀ ਹੈ ? ਵਿਦਵਾਨ ਸਿੱਖ ਪਰਚਾਰਕਾਂ ਅਥਵਾ ਰਾਗੀ ਸਿੰਘਾਂ ਨੂੰ ਚਉਰਾਸੀ ਲੱਖ ਜੂਨਾਂ ਦੀ ਗਿਣਤੀ ਦਾ ਠੀਕ ਭਰੋਸਾ ਕਰਾਉਣ ਲਈ ਗੁਰਬਾਣੀ ਦੀ ਅਧੂਰੀ ਤੁਕ--**ਬਇਆਲੀਸ ਲਖ ਜੀ ਜਲ ਮਹਿ ਹੋਤੇ**- ਸੁਣਾ ਕੇ ਕਿਹਾ ਜਾਂਦਾ ਹੈ ਕਿ ਗੁਰਬਾਣੀ ਅਨੁਸਾਰ ੪੨ ਲਾਖ ਜੂਨਾਂ ਪਾਣੀ ਵਿਚ ਹਨ ਅਤੇ ਬਤਾਲੀ ਲੱਖ ਹੀ ਧਰਤੀ ਤੇ ਹਨ । ਗੋਇੰਦਵਾਲ ਸਾਹਿਬ ਦੀ ਪਵਿੱਤਰ ਬੌਲੀ ਸਾਹਿਬ ਦੀਆਂ ੮੪ ਪਉੜੀਆਂ ਬਣਾਈਆਂ ਜਾਣ ਦਾ ਕਾਰਨ ਵੀ, ਗੁਰਬਾਣੀ ਵਿਚ--**ਲਖ ਚਉਰਾਸੀ ਆਪਿ ਉਪਾਏ**--ਜਿਹੇ ਬਚਨਾ ਦਾ ਆਉਣਾ ਹੀ, ਦਸਿਆ ਜਾ ਰਿਹਾ ਹੁੰਦਾ ਹੈ । ਇਹ ਵਿਸ਼ਵਾਸ਼ ਵੀ ਬੜਾ ਪ੍ਰਚਲਤ ਰਿਹਾ ਹੈ ਕਿ ਜੇ ਬਉਲੀ ਸਾਹਿਬ ਦੀ ਪਉੜੀ ਤੇ ਖੜੇ ਹੋ ਕੇ ਜਪਜੀ ਸਾਹਿਬ ਦਾ ਪਾਠ ਕਰਨ ਉਪ੍ਰੰਤ ਬਉਲੀ ਸਾਹਿਬ ਦੇ ਜਲ ਵਿਚ ਚੁੱਭਾ ਲਾ ਲਾ ਕੇ ਚਉਰਾਸੀ ਪਉੜੀਆਂ ਤੇ ੮੪ ਪਾਠ (ਜਪੁਜੀ ਸਾਹਿਬ ਦੇ ) ਕੀਤੇ ਜਾਣ, ਤਾਂ " ਚਉਰਾਸੀ " ਕੱਟੀ ਜਾਂਦੀ ਹੈ । ਚਉਰਾਸੀ ਦੇ ਗੇੜ ਵਿਚੋਂ ਛੁਟਕਾਰਾ ਪਾ ਲੈਣ ਲਈ, ਕਈ ਗੁਰਸਿੱਖਾਂ ਨੂੰ ਬਉਲੀ ਸਾਹਿਬ ਤੇ ਅਜੇਹਾ ਯਤਨ ਕਰਦਿਆਂ, ਦਾਸ ਨੇ ਆਪ ਵੀ ਵੇਖਿਆ ਹੈ।

ਪਿੱਛੇ ਅਸੀਂ ਪੜ੍ਹ ਆਏ ਹਾਂ ਕਿ ਜਪਜੀ ਸਾਹਿਬ ਵਿਚ ਕੁਦਰਤ ਦੇ ਹਰ ਪੱਖ ਨੂੰ ਬੇਅੰਤ ਮੰਨਿਆਂ ਹੈ ਅਤੇ ਹੋਰ ਗੁਰਬਾਣੀ ਸ਼ਬਦਾਂ ਵਿਚ ਵੀ ਅਪਾਰ ਪ੍ਰਭੂ ਦੀ ਅਪਾਰ ਰਿਚਣਾ ਵਿਚ ਜੀਵਾਂ ਦੀ ਜਾਂ ਪਦਾਰਥ ਦੀ ਗਿਣਤੀ ਜਾਂ ਮਿਣਤੀ ਹੋ ਸਕਣ ਦੀ ਸੰਭਾਵਣਾ ਰੱਦ ਕੀਤੀ ਹੋਈ ਹੈ । ਪੁਰਾਣਕ ਗ੍ਰੰਥਾਂ ਵਿਚ ਜਿਥੇ ਜੂਨਾਂ ਦੀ ਗਿਣਤੀ ਚੌਰਾਸੀ ਲੱਖ ਹੈ ਉਥੇ ਜੂਨਾਂ ਦੀਆਂ ਖਾਣੀਆਂ ਚਾਰ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਮੰਨੀਆਂ ਹਨ । ਪਰ ਜਪਜੀ ਸਾਹਿਬ ਵਿਚ ਖਾਣੀਆਂ ਚਾਰ ਨਹੀਂ ਸਗੋਂ " **ਕੇਤੀਆਂ** " ਭਾਵ, ਬੇ-ਹਿਸਾਬ ਫ਼ੁਰਮਾਨ ਕੀਤਾ ਹੋਇਆ ਹੈ--**ਕੇਤੀਆ ਖਾਣੀ ਕੇਤੀਆ ਬਾਣੀ ॥ . . . . ੩੫ ॥** ਸੋ ਜੇ ਅਸੀਂ ਕਿਸੇ ਵੀ ਟਪਲੇ ਨਾਲ ਜੂਨਾਂ ਦੀ ਕੋਈ ਖ਼ਾਸ ਗਿਣਤੀ ਮੰਨ ਲਈਏ ਤਾਂ ਕੁਦਰਤ ਬਾਰੇ ਗੁਰਬਾਣੀ ਦੇ ਬੇਅੰਤਤਾਈ ਵਾਲੇ ਸਪੱਸ਼ਟ ਗੁਰਮਤਿ ਸਿਧਾਂਤ ਦੀ ਖੰਡਨਾਂ ਹੁੰਦੀ ਹੈ । ਇਹ ਗੱਲ ਕਈ ਵਾਰ ਲਿਖੀ ਜਾ ਚੁੱਕੀ ਹੈ ਕਿ ਪ੍ਰੋਹਿਤ ਵਾਦੀ ਲਿਖਤਾਂ ਵਿਚ ਆਪਣੇ ਲਿਖੇ ਦੀ ਖੰਦਨਾਂ ਆਪ ਹੀ ਕਰ ਲੈਣ ਦਾ ਰਿਵਾਜ ਹੈ, ਪਰ ਗੁਰਮਤਿ ਦਾ ਸਿਧਾਂਤ ਅਟੱਲ ਹੈ । ਕੇਵਲ ਅਰਥ ਸਮਝਣ ਵਿਚ ਧੋਖਾ ਖਾਧਾ ਜਾ ਰਿਹਾ ਹੁੰਦਾ ਹੈ । ਜੇ ਭੁਲੇਖਾ ਲੱਗਦਾ ਹੋਵੇ ਤਾਂ ਪੂਰੇ ਸ਼ਬਦ ਦੀ ਵਿਚਾਰ ਕਰ ਲੈਣੀ ਚਾਹੀਦੀ ਹੈ ।

ਉੱਪਰ ਆਈ ਗੁਰਬਾਣੀ ਦੀ ਪਹਿਲੀ ਤੁਕ (**ਬਇਆਲੀਸ ਲਾਖ ......**) ਜਿਸ ਗੁਰੂਬਾਣੀ ਸ਼ਬਦ ਵਿਚੋਂ ਲਈ ਗਈ ਹੈ ਉਸ ਪਾਵਨ ਸ਼ਬਦ ਵਿਚ ਜੂਨਾਂ ਦਾ ਜ਼ਿਕਰ ਨਹੀਂ ਹੈ । ਸਗੋਂ ਬ੍ਰਾਹਮਣ ਪੁਜਾਰੀਆਂ ਵਲੋਂ ਪਾਏ ਉਨ੍ਹਾਂ ਭਰਮਾਂ ਦਾ ਖੰਡਨ ਕੀਤਾ ਹੈ ਜਿਹੜਾ ਠਾਕਰਾਂ ਆਦਿ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਿਚ ਹੈ । ਪੂਰਾ ਗੁਰਬਾਣੀ ਸ਼ਬਦ ਇਸ ਪ੍ਰਕਾਰ ਹੈ:---

੨੧੧- **ਆਨੀਲੇ ਕੁੰਭ, ਭਰਾਈਲੇ ਊਦਕ, ਠਾਕੁਰ ਕਉ ਇਸਨਾਨੁ ਕਰਉ ॥ ਬਇਆਲੀਸ ਲਖ ਜੀ ਜਲ ਮਹਿ ਹੋਤੇ, ਭੀਠਲੁ ਭੈਲਾ ਕਾਇ ਕਰਉ ॥ ੧ ॥ ਜਤ੍ਰ ਜਾਉ, ਤਤ ਬੀਠਲੁ ਭੇਲਾ ॥ ਮਹਾ ਅਨੰਦ ਕਰੇ ਸਦ ਕੇਲਾ ॥ ੧ ॥ ਰਹਾਉ ॥ ਆਨੀਲੇ ਫੂਲ, ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ ਪਹਿਲੇ ਬਾਸੁ ਲਈ ਹੈ ਭਵਰਹ, ਬੀਠਲੁ ਭੈਲਾ ਕਾਇ ਕਰਉ ॥ ੨ ॥ ਆਨੀਲੇ ਦੂਧੁ ਰੀਧਾਈਲੇ ਖੀਰੰ, ਠਾਕੁਰ ਕਉ ਨੈਵੇਦੁ ਕਰਉ ॥ ਪਹਿਲੇ ਦੂਧੁ ਬਿਟਾਰਿਓ ਬਛਰੈ, ਬੀਠਲੁ ਭੈਲਾ ਕਾਇ ਕਰਉ ॥ ੩ ॥ ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥ ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ ॥ ੪ ॥**[੪੮੫]-੨

ਇਸ ਗੁਰੂ-ਬਾਣੀ ਸ਼ਬਦ ਵਿਚ ਦੋ ਪ੍ਰਕਾਰ ਦੇ ਭਰਮ ਦੂਰ ਕੀਤੇ ਹੋਏ ਹਨ:-

(੧) ਪਰਮਾਤਮਾ ਸਰਬ ਵਿਆਪੀ ਹੈ ਉਸ ਨੂੰ ਕਿਸੇ ਮੂਰਤੀ ਦੇ ਰੂਪ ਵਿਚ ਮੰਨ ਕੇ ਉਸ ਦੀ ਪੂਜਾ ਵੰਦਦਨਾਂ ਕਰਨੀ ਨਿਸਫਲ ਹੈ ।

(੨) ਮੂਰਤੀ ਰੂਪ ਬੀਠਲੁ, ਭਾਵ ਪਰਮਾਤਮਾ ਦੀ ਪੂਜਾ ਕਰਨ ਲਈ **(ੳ)** ਸੁੱਚਾ ਪਾਣੀ ਲਿਆਉਣ ਦਾ ਭਰਮ ਇਹ ਕਹਿ ਕੇ ਦੂਰ ਕੀਤਾ ਹੈ ਕਿ ਪਾਣੀ ਵਿਚ

ਬੇਅੰਤ ਪ੍ਰਕਾਰ ਦੇ ਜੀਵ ਜੰਤ ਹੁੰਦੇ ਹਨ। ਪਾਣੀ ਤਾਂ ਉਨ੍ਹਾਂ ਨੇ ਹੀ ਜੂਠਾ ਕਰ ਦਿੱਤਾ ਹੁੰਦਾ ਹੈ। **(ਅ)** ਫਿਰ ਫੁੱਲਾਂ ਦੀ ਮਾਲਾ ਬਣਾ ਕੇ ਭੇਟਾ ਕਰਨ ਵਿਚ ਉਚੇਚੀ ਸੁੱਚ ਰੱਖਣ ਦਾ ਭਰਮ ਇਹ ਕਹਿ ਕੇ ਦੂਰ ਕੀਤਾ ਹੈ ਕਿ ਫੱਲ ਤਾਂ ਸੁੱਚੇ ਤਦ ਸਮਝੇ ਜਾਣ ਜੇ ਉਨ੍ਹਾਂ ਦੀ ਵਾਸਨਾ ਉਨ੍ਹਾਂ ਭੰਵਰਿਆਂ ਨੇ ਨਾ ਲਈ ਹੋਵੇ ਜੋ ਫੁੱਲਾਂ ਦੇ ਦੁਆਲੇ ਹੋਏ ਹੀ ਰਹਿੰਦੇ ਹਨ। **(ੲ)** ਨੈਬੇਦ ਲਈ ਸੁੱਚੀ ਖੀਰ ਕਿਵੇਂ ਬਣ ਸਕਦੀ ਹੈ ? ਦੁਧ ਤਾਂ ਵੱਛੇ ਨੇ ਗਊ ਦੇ ਥਣਾਂ ਵਿਚ ਹੀ ਜੂਠਾ ਕਰ ਦਿੱਤਾ ਹੁੰਦਾ ਹੈ।

(੩) ਇਸ ਪਾਵਨ ਸ਼ਬਦ ਵਿਚ ਉਸ ਅੱਖ ਦੀ ਵੇਖਣ ਸ਼ਕਤੀ ਮੋੜ ਲਿਆਉਣ ਦਾ ਯਤਨ ਹੈ ਜਿਹੜੀ ਮਾਇਆ-ਮੋਹ ਦੇ ਕਾਰਨ ਅਸਲੀਅਤ ਦੇ ਦਰਸ਼ਨ ਕਰਨ ਜੋਗੀ ਨਹੀਂ ਰਹੀ। ਬੇਜਾਨ ਮੂਰਤੀਆਂ ਦੇ ਥਾਂ, ਜਲ ਵਿਚਲੇ ਜੀਵਾਂ ਦੇ ਰੂਪ ਵਿਚ, ਭੰਵਰਿਆਂ ਵਿਚ, ਗਊ ਵਿਚ ਅਤੇ ਗਊ ਦਾ ਦੁੱਧ ਚੁੰਘ ਰਹੇ ਵੱਛੇ ਵਿਚ ਰੱਬ ਦੇ ਦਰਸ਼ਨ ਕਰ ਸਕਣ ਜੋਗੇ ਬਣਾਇਆ ਜਾ ਰਿਹਾ ਹੈ। ਭਾਵ, ਸਰਬ-ਵਿਆਪੀ ਪ੍ਰਭੂ ਦੇ ਦਰਸ਼ਨ ਕਰਨ ਵਾਲੀ ਅੱਖ ਪ੍ਰਦਾਨ ਕਰਨ ਦੀ ਮਿਹਰ ਹੈ--**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ ੧ ॥** [੫੭੭] ਘੱਟ-ਘੱਟ ਵਾਸੀ " **ਮਾ ਪਿਰੀ** " ਦੇ ਦਰਸ਼ਨ ਕਰ ਸਕਣ ਵਾਲੀਆਂ " ਬਿਅੰਨਿ " ਅੱਖੀਆਂ ਦੀ ਬਖ਼ਸ਼ਸ਼ ਹੋ ਰਹੀ ਹੈ। ਪਾਣੀ ਵਿਚਲੀਆਂ ਜੂਨਾਂ ਦੀ ਗਿਣਤੀ ਨਹੀਂ ਸਮਝਾਈ ਜਾ ਰਹੀ।

ਦੂਜੀ ਤੁਕ ਮਾਰੂ ਸੋਹਲੇ ਮਹਲਾ ਤੀਜੇ ਵਿਚੋਂ ਲਈ ਹੋਈ ਹੈ। ਉਸ ਪਾਵਨ ਸ਼ਬਦ ਵਿਚ ਵੀ ਮਾਇਆ-ਮੋਹ ਵਿਚੇ ਫਸੇ ਮਨੁੱਖ ਨੂੰ ਹਲੂਣੇ ਦੇ ਦੇ ਕੇ ਜਗਾ ਕੇ ਸਰਬ ਵਿਆਪੀ ਪ੍ਰਭੂ ਨਾਲ ਜੋੜਨ ਦਾ ਯਤਨ ਹੈ। ਤੁਕ ਅਗਲੀ ਤੁਕ ਨਾਲ ਰਲਾ ਲੇ ਪੜ੍ਹ ਲੈਣ ਨਾਲ ਸ਼ਬਦ ਦੇ ਅਸਲ ਭਾਵ ਦੀ ਸਮਝ ਆ ਸਕਦੀ ਹੈ:--

੨੧੨- **ਮਨੁ ਕਠੋਰੁ ਦੂਜੈ ਭਾਇ ਲਾਗਾ ॥ ਭਰਮੇ ਭੂਲਾ ਫਿਰੈ ਅਭਾਗਾ ॥ ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥ ੧੦ ॥ ਲਖ ਚਉਰਾਸੀਹ ਆਪਿ ਉਪਾਏ ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥ ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥ ੧੧ ॥**[੧੦੬੧]-੩-੧੭

ਮਾਇਆ ਦੇ ਮੋਹ ਵਿਚ ਫਸੇ ਹੋਏ ਕਠੋਰ ਮਨ ਵਾਲੇ ਮੰਦ ਭਾਗੇ ਮਨੁੱਖ ਤੇ ਬਖ਼ਸ਼ਸ਼ ਕੀਤੀ ਜਾ ਰਹੀ ਹੈ। ਸਤਿਗੁਰਾਂ ਦੀ ਸੰਗਤਿ ਵਿਚ ਰਹਿਣ ਦੀ ਪ੍ਰੇਰਨਾ ਹੈ। ਸਮਝਾਇਆ ਗਿਆ ਹੈ ਕਿ ਸਤਿਗੁਰੂ ਦੇ ਉਪਦੇਸ਼ ਦੁਆਰਾ ਜ਼ਿੰਦਗੀ ਢਾਲ ਲੈਣ ਤੋਂ ਆਤਮਕ ਅਡੋਲਤਾ ਪ੍ਰਾਪਤ ਹੁੰਦੀ ਹੈ। ਅਤੇ ਵਿਰ ਮਨ ਦੇ ਟਿਕਾਉ ਵਿਚ ਜੋ ਸੁਖ ਪ੍ਰਾਪਤ ਹੁੰਦਾ ਹੈ ਉਸ ਦੀ ਸੋਝੀ ਕਰਾਈ ਹੈ। ਨਾਲ ਹੀ ਇਸ ਪਾਸੇ ਧਿਆਨ ਦਿਵਾਇਆ ਹੈ ਕਿ ਪਰਮਾਤਾਮਾ ਨੇ ਬੇਅੰਤ ਜੂਨਾਂ ਵਿਚੋਂ ਕੇਵਲ ਮਨੁੱਖਾ ਦੇਹ ਹੀ ਅਜੇਹੀ ਬਣਾਈ ਹੈ ਜਿਸ ਦੁਆਰਾ ਪਰਮਾਤਮਾਂ ਦੀ ਸੋਝੀ ਹੋ ਕੇ ਉਸ ਦੀ ਭਗਤੀ ਦੁਆਰਾ ਨਿਜ ਘਰ ਵਿਚ ਵਾਸਾ ਪ੍ਰਾਪਤਿ ਕੀਤਾ ਜਾ ਸਕਦਾ ਹੈ। ਸਮਝਾਇਆ ਗਿਆ ਹੈ ਕਿ ਭਗਤੀ ਤੋਂ ਬਿਨਾਂ ਮਨੁੱਖਾ ਜਨਮ ਵਿਕਾਰਾਂ ਦੇ ਗੰਦ ਵਿਚ ਫ਼ਸ ਕੇ ਖ਼ੁਆਰ ਹੁੰਦਾ ਹੈ। ਇਸ ਸ਼ਬਦ ਵਿਚ ਵੀ ਜੂਨਾਂ ਦੀ ਗਿਣਤੀ ਦਾ ਉਪਦੇਸ਼ ਦੇਣ ਦਾ ਮੰਤਵ ਕਿਤੇ ਨਹੀਂ ਹੈ।

ਬੇਅੰਤਤਾਈ ਵਾਲਾ ਸਿਧਾਂਤ ਸਮਝ ਲੈਣ ਤੋਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ " ਚਉਰਾਸੀ ਲੱਖ ਜੂਨਾਂ ਦਾ ਜ਼ਿਕਰ ਵੀ, ਮਹਾਂਪੁਰਖਾਂ ਦੀ ਬੋਲੀ ਹੋਈ ਉਸੇ ਤਰ੍ਹਾਂ ਦੀ " ਪਰਥਾਇ ਸਾਖੀ " ਹੈ, ਜਿਵੇ ਬ੍ਰਾਹਮਣੀ ਭਰਮ-ਜਾਲ ਵਿਚੋਂ ਮਨੁੱਖ ਨੂੰ ਕੱਢਣ ਲਈ, ਗੁਰਬਾਣੀ ਵਿਚ ਅਵਤਾਰਾਂ ਦਾ, ਕਈ ਨਾਵਾਂ ਵਾਲੇ ਭਗਵਾਨਾਂ (ਬ੍ਰਹਮਾਂ, ਬਿਸ਼ਨ, ਮਹੇਸ਼ ਆਦਿ) ਦਾ ਅਤੇ ਦੇਵੀ ਦੇਵਤਿਆਂ ਦਾ ਜ਼ਿਕਰ ਕਰਨਾ ਪਿਆ ਹੈ। ਗੁਰਬਾਣੀ ਵਿਚ ਕਿਸੇ ਥਾਂ ਵੀ ਜੂਨਾਂ ਦੀ ਗਿਣਤੀ ਨਹੀਂ ਸਮਝਾਈ ਗਈ। ਜਿਥੇ ਵੀ ਚਉਰਾਸੀ ਲੱਖ ਜੂਨ ਦਾ ਜ਼ਿਕਰ ਆਵੇ ਉਥੇ ਝੱਟ ਪੱਟ ਜੂਨਾਂ ਦੀ ਗਿਣਤੀ ਸਮਝਣੀ ਗੁਰਮਤਿ-ਸਿਧਾਂਤ ਦੀ ਖੰਡਨਾਂ ਹੈ, ਅਥਵਾ ਬਿੱਪ੍ਰਨ ਕੀ ਰੀਤ ਵੱਲ ਨੂੰ ਭੱਜ ਪੈਣ ਦਾ ਯਤਨ ਹੈ। ਅਨਧਰਮੀਆਂ ਨੂੰ ਸਮਝਾਉਣ ਲਈ ਜੇ ਗੁਰਬਾਣੀ ਵਿਚ " ਚਉਰਾਸੀਹ ਲੱਖ ਜੂਨ " ਆਵੇ ਤਾਂ ਇਨ੍ਹਾਂ ਲਫ਼ਜ਼ਾਂ ਨੂੰ ਮੁਹਾਵਰੇ ਦੇ ਤੋਰ " ਬੇਅੰਤ ਜੂਨਾਂ " ਦੇ ਥਾਂ ਵਤਿਆ ਹੋਇਆ ਸਮਝਿਆ ਜਾਣਾ ਚਾਹੀਦਾ ਹੈ। ਜਿਵੇਂ ਅੱਗੇ ਲਿਖੀ ਪਉੜੀ ਵਿਚ ਅਸੰਖ ਅਤੇ ਗਿਣਤੀ ਤੋਂ ਬਾਹਰ ਸ਼ਬਦਾਂ ਦੇ ਨਾਲ ਹੀ ਸਤਿਗੁਰਾਂ ਨੇ ਚਉਰਾਸੀ ਪਦ ਵਰਤ ਕੇ ਇਸ ਦੇ ਅਰਥ ਵੀ ਬੇਅੰਤ ਹੋਣ ਦਾ ਸਪੱਸ਼ਟ ਸੰਕੇਤ ਦੇਣ ਦੀ ਕਿਰਪਾ ਕੀਤੀ ਹੋਈ ਹੈ:---

੨੧੩- **ਪਉੜੀ ॥ ਖੰਡ ਪਤਾਲ ਅਸੰਖ, ਮੈ ਗਣਤ ਨ ਹੋਈ ॥ ਤੂ ਕਰਤਾ ਗੋਵਿੰਦੁ, ਤੁਧੁ ਸਿਰਜੀ, ਤੁਧੈ ਗੋਈ ॥ ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ ॥ ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥ ਇਕਿ ਦਾਤੇ ਇਕਿ ਮੰਗਤੇ ਸਭਨਾ ਸਿਰਿ ਸੋਈ ॥ ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ ਕੂੜ ਨਿਖੁਟੇ ਨਾਨਕਾ ਸਚ ਕਰੇ ਸੁ ਹੋਈ ॥ ੧੨ ॥**[੧੨੮੩

**ਅਰਥ:**--(ਇਸ ਸ੍ਰਿਸ਼ਟੀ ਦੇ) ਬੇਅੰਤ ਧਰਤੀਆਂ ਤੇ ਪਾਤਾਲ ਹਨ, ਮੈਥੋਂ ਗਿਣੇ ਨਹੀਂ ਜਾ ਸਕਦੇ। (ਹੇ ਪ੍ਰਭੂ !) ਤੂੰ (ਇਸ ਸ੍ਰਿਸ਼ਟੀ ਨੂੰ) ਪੈਦਾ ਕਰਨ ਵਾਲਾ ਹੈਂ ਤੂੰ ਹੀ ਇਸ ਦੀ ਸਾਰ ਲੈਣ ਵਾਲਾ ਤੇ ਤੂੰ ਹੀ ਇਸ ਨੂੰ ਨਾਸ ਕਰਨ ਵਾਲਾ ਹੈ। (ਨੋਟ:--ਇਹ ਪੱਖ ਵੀ ਸਪੱਸ਼ਟ ਹੋ ਗਿਆ ਕਿ ਨਾ ਪੈਦਾ ਕਰਨ ਵਾਲਾ ਕੋਈ ਬ੍ਰਹਮਾ ਹੈ ਅਤੇ ਨਾ ਨਾਸ ਕਰਨ ਵਾਲਾ ਕੋਈ ਸ਼ਿਵ ਹੀ ਹੈ, ਸਭ ਕੁਝ ਆਪੇ ਆਪ ਹੈ)। ਬੇਅੰਤ (ਜੀਆਂ ਵਾਲੀ) ਧਰਤੀ ਵੀ ਤੂੰ ਹੀ ਸਿਰਜੀ ਹੈ। ਇਥੇ ਕਈ ਆਪਣੇ ਆਪ ਨੂੰ ਰਾਜੇ, ਖਾਨ ਤੇ ਮਲਕ ਆਖਦੇ ਹਨ ਤੇ ਅਖਵਾਉਂਦੇ ਹਨ, ਕਈ ਧਨ ਇਕੱਠਾ ਕਰ ਕੇ (ਆਪਣੇ ਆਪ ਨੂੰ) ਸ਼ਾਹ ਸਦਵਾਉਂਦੇ ਹਨ, ਪਰ ਇਸ ਦੂਜੇ ਮੋਹ (ਭਾਵ, ਮਾਇਆ ਦੇ ਮੋਹ) ਵਿਚ ਪੈ ਕੇ ਇੱਜ਼ਤ ਗਵਾ ਲੈਂਦੇ ਹਨ। ਇਥੇ ਕਈ ਦਾਤੇ ਹਨ ਕਈ ਮੰਗਤੇ ਹਨ (ਪਰ ਕੀ ਦਾਤੇ ਤੇ ਕੀ ਮੰਗਤੇ) ਸਭਨਾ ਦੇ ਸਿਰ ਉਤੇ ਉਹ ਪ੍ਰਭੂ ਹੀ ਖਸਮ ਹੈ। (ਭਾਵੇਂ ਰਾਜੇ ਭਾਵੇਂ ਸ਼ਾਹ ਅਖਵਾਉਣ) ਪ੍ਰਭੂ ਦੇ ਨਾਮ ਤੋਂ ਬਿਨਾ ਜੀਵ ਮਾਨੋਂ ਬਹੁ-ਰੂਪੀਏ (-ਬਾਜਾਰੀਏ ) ਹਨ (ਧਰਤੀ ਇਨ੍ਹਾਂ ਦੇ ਕਾਰਨ) ਭੈ-ਭੀਤ (ਕਰਨ ਵਾਲੀ ਬਣੀ) ਹੋਈ ਹੈ। ਹੇ ਨਾਨਕ ! (ਇਹ ਰਾਜੇ ਆਦਿਕ) ਕੂੜ ਦੇ ਸੌਦੇ ਮੁੱਕ ਜਾਂਦੇ ਹਨ ( ਭਾਵ, ਤ੍ਰਿਸ਼ਨਾਂ-ਅਧੀਨ ਹੋ ਕੇ ਰਾਜ ਧਨ ਆਦਿਕ ਦਾ ਮਾਣ ਝੂਠਾ ਹੈ) ਜੋ ਕੁਝ ਸਦਾ ਥਿਰ ਰਹਿਣਾ ਵਾਲਾ ਪ੍ਰਭੂ ਕਰਦਾ ਹੈ ਉਹੀ ਹੁੰਦਾ ਹੈ। ੧੨।

੨੧੪- **ਲਖ ਚਉਰਾਸੀਹ ਭਰਮਦੇ ਮਨ ਹਠਿ ਆਵੈ ਜਾਇ ॥
ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥ ੨ ॥**[੧੬੨]-੨-੧੬-੩੬

ਭਾਵ, ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ, ਗੁਰੂ ਦੇ ਸ਼ਬਦ-ਉਪਦੇਸ਼ ਦੀ ਕਦਰ ਨਹੀਂ ਕਰਦਾ। ਉਹ ਸਦਾ ਮਾਇਆ ਦੇ ਮੋਹ ਵਿਚ ਰਹਿਣ ਕਾਰਨ ਬੇਅੰਤ ਜੂਨਾਂ ਵਿਚ ਮੁੜ ਮੁੜ ਪੈਂਦਾ ਰਹਿੰਦਾ ਹੈ।

੨੧੫- **ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥ ੩ ॥**[੧੧੯੦]-੬

ਇਸ ਗੁਰੂ-ਸ਼ਬਦ ਵਿਚ ਜੂਨ ਸ਼ਬਦ ਨਹੀਂ ਵਰਤਿਆ । ਭਾਵ, ਸਿਰਜਣਹਾਰ ਪ੍ਰਭੂ ਮਾਲਕ ਆਪਣੇ ਮਰਜ਼ੀ ਅਨੁਸਾਰ ਬੇਅੰਤ ਜੀਵ ਪੈਦਾ ਕਰਦਾ ਹੈ, ਜਾਂ ਇਹ ਵੀ ਕਹਿ ਸਕਦੇ ਹਾ ਕਿ ਪ੍ਰਭੂ ਮਾਲਕ ਚਉਰਾਸੀ ਲੱਖ ਜੂਨਾਂ ਵਿਚ ਬੇਅੰਤ ਜੀਵ ਪੈਦਾ ਕਰਦਾ ਹੈ ਅਤੇ ਨਾਸ ਵੀ ਕਰ ਦਿੰਦਾ ਹੈ । ਇੱਕ ਥਾਂ ਸਤਿਗੁਰਾਂ ਨੇ ਨਰਕ ਵੀ ਚਉਰਾਸੀ ਲਿਖੇ ਹਨ--**ਚਉਰਾਸੀਹ ਨਰਕ ਸਾਕਤੁ ਭੋਗਾਈਐ ॥** [੧੦੨੭] ਭਾਵ, ਰੱਬ ਤੋਂ ਟੁਟੇ ਮਨੁੱਖ ਨੂੰ ਬੇਅੰਤ ਨਰਕੀ ਦੁਖਾਂ ਵਿਚ ਪਾਇਆ ।

ਇਸ ਤਰ੍ਹਾਂ ਚਉਰਾਸੀ ਲਖ ਸ਼ਬਦਾਂ ਦੀ ਵਰਤੋਂ ਵਾਲੇ ਹੋਰ ਵੀ ਸ਼ਬਦ ਹਨ । ਪਰ ਇਹ ਸਮਝਣਾ ਭੁੱਲ ਹੋਵੇਗੀ ਕਿ ਗੁਰਮਤਿ ਨੇ ਕੁੱਲ ਚਉਰਾਸੀ ਲੱਖ ਜੂਨਾਂ ਮੰਨੀਆਂ ਹਨ । ਇਨ੍ਹਾਂ ਪਦਾਂ ਦੀ ਵਰਤੋਂ ਵਾਲੇ ਕੁਝ ਹੋਰ ਗੁਰੂ-ਸ਼ਬਦਾਂ ਦੀ ਸੂਚੀ ਇਹ ਹੈ:--

| | | | | | |
|---|---|---|---|---|---|
| ੧= [੨੭]-੩-੩੬ | ੨= [੬੯]-੭-੨੪ | ੩= [੫੨੫]-੧ | ੪= [੬੭]-੫-੨੨ | ੫= ੧੦੪੪]-੨ | ੬=[੧੧੯੦]-੬(੩) |
| ੭= [੧੩੪੦]-੧੦(੩) | ੮=[੧੩੪੪]-੫ | ੯= [੧੪੨੨] | ੧੦=[੩੧]-੧੪-੧੭ | ੧੧=[੮੮]-ਵਾਰ-੧੪ | ੧੨=[੧੦੧੭]-੧ |

੨੧੬- **ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥**
**ਗੁਰ ਪ੍ਰਸਾਦਿ ਕੋ ਵਿਰਲਾ ਪਾਵੈ ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥ ੧ ॥**
**ਜਪਿ ਮਨ ਰਾਮੈ ਨਾਮੁ ਹਰਿ ਜਸੁ ਊਤਮ ਕਾਮ ॥ ਜੋ ਗਾਵਹਿ ਸੁਣਹਿ**
**ਤੇਰਾ ਜਸੁ ਸੁਆਮੀ ਹਉ ਤਿਨ ਕੈ ਸਦ ਬਲਿਹਾਰੈ ਜਾਉ ॥ ਰਹਾਉ ॥**
**ਸਰਣਾਗਤਿ ਪ੍ਰਤਿਪਾਲਕ ਹਰਿ ਸੁਆਮੀ ਜੋ ਤੁਮ ਦੇਹੁ ਸੋਈ ਹਉ ਪਾਉ ॥**
**ਦੀਨ ਦਇਆਲ ਕ੍ਰਿਪਾ ਕਰਿ ਦੀਜੈ ਨਾਨਕ ਹਰਿ ਸਿਮਰਣ ਕਾ ਹੈ ਚਾਉ ॥ ੨ ॥** [੬੬੯]-੪-੧੦

# ਛੇਵਾਂ ਕਾਂਡ

## ੧

## ਸਰਬ ਵਿਆਪੀ ਪ੍ਰਭੂ ਦੀ ਦਰਗਾਹ

ਪਿਛੇ ਅਸਾਂ ਗਰੁੜ ਪੁਰਾਣ ਵਿਚ ਧਰਮ-ਰਾਜ ਦੀ ਕਚਹਿਰੀ ਦਾ, ਉਸ ਦੇ ਮੁਨਸ਼ੀ ਚਿਤ੍ਰਗੁਪਤ ਦੀ ਬਹੀ ਅਤੇ ਉਸ ਦੇ ਦਫ਼ਤਰ ਦਾ, ਉਨ੍ਹਾਂ ਦੇ ਮਹਲਾਂ ਦਾ ਅਤੇ ਉਨ੍ਹਾਂ ਦੀ ਅੱਡ ਅੱਡ ਪੁਰੀ ਦਾ, ਅਥਵਾ ਪਿਤ੍ਰਲੋਕ, ਬ੍ਰਹਮ ਲੋਕ, ਸੁਰਗ-ਲੋਕ ਆਦਿ ਦਾ ਬੜੇ ਵਿਸਥਾਰ ਨਾਲ ਲਿਖਿਆ ਜ਼ਿਕਰ ਪੜ੍ਹਿਆ ਹੈ । ਬਿੱਪ੍ਰੀ ਗ੍ਰੰਥਾਂ ਵਿਚ ਬ੍ਰਹਮਲੋਕ, ਗੋ ਲੋਕ, ਸ਼ਿਵ ਪੁਰੀ, ਇੰਦ੍ਰ ਪੁਰੀ ਆਦਿ ਦੇਵ-ਲਕਾਂ ਅਤੇ ਦੇਵ-ਪੁਰੀਆਂ ਦੇ ਅਤੇ-ਪਤੇ, ਉਨ੍ਹਾਂ ਦੇ ਅਦਭੁਤ ਵਿਸਥਾਰ ਵਾਲੀ ਵਿਸ਼ਾਲਤਾ ਦਾ ਅਤੇ ਉਥੋਂ ਦੀਆਂ ਮਨਮੋਹਣੀਆਂ ਰੌਣਕਾਂ ਦਾ ਬੜੇ ਵਿਸਥਾਰ ਨਾਲ ਜਿਕਰ ਕੀਤਾ ਹੋਇਆ ਹੈ । ਏਧਰ ਆਪਣੀ ਪੁਸਤਕ " ਅਣਡਿੱਠੀ ਦੁਨੀਆ " ਵਿਚ ਭਾਈ ਰਣਧੀਰ ਸਿੰਘ ਜੀ ਨੇ ਵੀ ਭੂਤ ਪ੍ਰੇਤਾਂ, ਦੇਵੀ ਦੇਵਤਿਆਂ ਆਦਿ ਦੀ ਅੱਡਰੀ ਹੋਂਦ ਨੂੰ ਸਿੱਧ ਕਰਦਿਆਂ, ਉਸ ਦਰਗਾਹ ਦਾ ਅਥਵਾ ਪ੍ਰਭੂ-ਦਰਬਾਰ ਦਾ ਵੀ ਬੜਾ ਜ਼ਿਕਰ ਕੀਤਾ ਹੈ ਜਿਥੇ ਜੀਵਾਂ ਦੇ ਕਰਮਾਂ ਦੀ ਪੜਤਾਲ ਕੀਤੀ ਜਾਂਦੀ ਹੈ । ਪ੍ਰਭੂ ਦੀ ਦਰਗਾਹ, ਪ੍ਰਭੂ ਦੇ ਦਰਬਾਰ, ਅਥਵਾ ਵਾਹਿਗੁਰੂ ਦੇ ਨਿਵਾਸ ਅਸਥਾਨ ਆਦਿ ਦੇ ਅੱਡਰੇ ਅਸਮਾਨ ਤੇ ਵਜੂਦ ਦੀ ਸਾਕਾਰ ਮੌਜੂਦਗੀ ਵਾਲੀ ਆਪਣੀ ਇਸ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ, ਭਾਈ ਸਾਹਿਬ ਜੀ ਨੇ ਬੇਅੰਤ ਗੁਰੂ-ਸ਼ਬਦਾਂ ਦੀ ਵਰਤੋਂ ਵੀ ਕੀਤੀ ਹੋਈ ਹੈ । ਜਿਸ ਤੋਂ ਹਰ ਇਕ ਗੁਰ ਸਿੱਖ ਦੇ ਮਨ ਵਿਚ ਕਿਸੇ ਖ਼ਾਸ ਥਾਂ ਤੇ ਬਣੇ, ਬੜੇ ਵਿਸ਼ਾਲ ਅਤੇ ਬੜੀ ਸ਼ਾਨ ਵਾਲੇ ਰੱਬੀ ਨਿਆਂ-ਘਰ ਦੇ ਸਾਕਾਰ-ਵਜੂਦ ਦਾ ਸੰਕਲਪ ਪੈਦਾ ਹੋ ਜਾਣਾ ਕੁਦਰਤੀ ਗੱਲ ਹੈ । ਗੁਰਬਾਣੀ ਸ਼ਬਦਾਂ ਨਾਲ ਗੁੰਦੀਆਂ ਹੋਈਆਂ ਇਨ੍ਹਾਂ ਠੋਸ ਦਲੀਲਾਂ ਨੂੰ ਪੜ੍ਹ ਕੇ, ਪ੍ਰਭੂ ਦੇ ਵਿਸ਼ਾਲ ਨਿਆਂ-ਘਰ ਦੇ ਵਜੂਦ ਦੇ ਖ਼ਿਆਲੀ ਨਕਸ਼ਿਆਂ ਨਾਲ ਭਰਿਆ, **ਮਨ,** ਮਨੁੱਖ ਨੂੰ ਉਪਰਲੇ ਅਸਮਾਨਾਂ ਵਿਚ ਲੈ ਵੜਦਾ ਹੈ । ਯਕੀਨ ਬਣ ਜਾਂਦਾ ਹੈ ਕਿ " ਅਗਲੀ ਦਰਗਾਹ " ਵਿਚ ਸਾਰੇ ਜੀਵਾਂ ਦੀ ਪੇਸ਼ੀ ਜ਼ਰੂਰ ਹੁੰਦੀ ਹੈ ।

ਪਰ ਪਿੱਛੇ ਗੁਰਬਾਣੀ ਵਿਚਾਰ ਤੋਂ ਅਸਾਂ ਹੁਣੇ ਹੀ ਸਮਝਿਆ ਹੈ ਕਿ ਸਤਿਗੁਰਾਂ ਨੇ ਧਰਮਰਾਜ ਅਤੇ ਚਿਤ੍ਰਗੁਪਤ ਦੀ ਹੋਂਦ ਵਾਲੇ ਖ਼ਿਆਲ ਨੂੰ ਰੱਦ ਕੀਤਾ ਹੈ । ਇਹ ਤੱਥ ਵੀ ਸਪੱਸ਼ਟ ਹੋਇਆ ਹੈ ਕਿ ਜੀਵਾਂ ਦੇ ਕਰਮਾਂ ਦਾ ਅਤੇ ਚੰਗੇ ਮਾੜੇ ਵਿਚਾਰਾਂ ਦਾ ਨਿਆਂ ਕਰਨ ਵਾਲੇ ਪ੍ਰਭੂ ਦਾ ਦਰਬਾਰ ਜੀਵ ਦੇ ਅੰਦਰ ਹੀ ਲੱਗਾ ਹੋਇਆ ਹੈ --**ਅੰਦਰਿ ਰਾਜਾ ਤਖ਼ਤੁ ਹੈ ਆਪੇ ਕਰੇ ਨਿਆਉ ॥** [੧੦੯੨] ਅਜੇਹੀਆਂ ਇੱਕ ਦੂਜੇ ਨੂੰ ਕੱਟਦੀਆਂ ਦਲੀਲਾਂ ਤੋਂ ਚੰਗਾ-ਭਲਾ ਸਿਆਣਾ ਗੁਰਸਿੱਖ ਵੀ ਭੰਬਲ-ਭੂਸੇ ਪੈ ਜਾਂਦਾ ਹੈ । ਇਸ ਲਈ ਇਸ ਮਸਲੇ ਤੇ ਹੋਰ ਵੀ ਖੁਲ੍ਹੀ ਵਿਚਾਰ ਕੀਤੀ ਜਾਣੀ ਜ਼ਰੂਰੀ ਬਣਦੀ ਹੈ ।

### ਵਹਿਗੁਰੂ ਜੀ ਦਾ ਦਰਬਾਰ ਅਥਵਾ ਉਸ ਦਾ ਟਿਕਾਣਾ ---

ਕੀਮਤੀ ਪੱਥਰਾਂ ਦੀਆਂ ਬਣੀਆਂ, ਹੀਰਿਆਂ ਮੋਤੀਆਂ ਨਾਲ ਜੜਤ, ਕੰਧਾਂ ਕੋਠਿਆਂ ਵਾਲੇ ਅਧਭੁਤ ਸ਼ਾਹੀ ਮਹਲ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਜੇ ਉਨ੍ਹਾਂ ਵਿਚ ਵੱਸਣ ਵਾਲਾ ਬਾਦਸ਼ਹ ਨਾ ਹੋਵੇ । ਏਸੇ ਤਰ੍ਹਾਂ ਹੀ, ਪਰਮੇਸ਼ਰ ਦੀ ਦਰਗਾਹ, ਹਰੀ ਦਾ ਦਰ, ਜਾਂ ਪ੍ਰਭੂ ਦਾ ਦਰਬਾਰ, ਕੇਵਲ ਉਸ ਥਾਂ ਨੂੰ ਹੀ ਮੰਨਿਆਂ ਜਾ ਸਕਦਾ ਹੈ, ਜਿੱਥੇ ਪਰਮਾਤਮਾਂ ਆਪ ਬਿਰਾਜਮਾਨ ਹੋਵੇ । ਜਿਸ ਥਾਂ ਪਰਮਾਤਮਾਂ ਦਾ ਵਾਸਾ ਨਾ ਹੋਵੇ ਉਹ ਥਾਂ ਨਾ ਉਸ ਦੀ ਦਰਗਾਹ ਹੈ, ਨਾ ਦੁਆਰਾ ਹੈ ਅਤੇ ਨਾ ਹੀ ਉਸ ਦਾ ਦਰਬਾਰ ਹੈ । ਅਜੇਹੇ ਸੱਜਣ ਪਿਆਰੇ ਤੋਂ ਸਦਕੇ ਜਾਣਾ ਚਾਹੀਦਾ ਹੈ ਜਿਹੜਾ ਕਿਸੇ ਅਜੇਹੇ ਥਾਂ ਟਿਕਾਣੇ ਦਾ ਪਤਾ ਦੇਵੇ ਜਿਥੇ ਜਾ ਕੇ ਪ੍ਰਭੂ ਦੇ ਦਰਸ਼ਨ ਕਰ ਸਕੀਏ ।

ਸੰਸਾਰੀ ਜੀਵਾਂ ਦੇ ਸ਼ੰਕੇ ਸਦਾ ਗੁਰੂ ਹੀ ਦੂਰ ਕਰਦਾ ਹੈ । ਬ੍ਰਾਹਮਣ ਗੁਰੂ ਨੇ ਦੱਸਿਆ ਹੈ ਕਿ ਈਸ਼ਵਰ ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜ਼ ਤੇ ਬਿਸਰਾਮ ਕਰਦਾ ਹੈ । ਮੌਲਵੀ ਦਾ ਕਹਿਣਾ ਹੈ ਕਿ ਖ਼ੁਦਾ ਸਤਵੇਂ ਅਸਮਾਨ ਤੇ ਹੈ । ਏਸੇ ਤਰ੍ਹਾਂ ਈਸਾਈ ਮਤ ਨੇ ਵੀ ਰੱਬ ਦੇ ਟਿਕਾਣੇ ਦਾ, ਸ਼ੈਤਾਨ ਦੇ ਵਾਸੇ ਦਾ, ਬਾਬੇ ਆਦਮ ਅਤੇ ਮਾਈ ਹਵਾ ਦੇ ਪਹਿਲੇ ਟਿਕਾਣਾ ਅਸਮਾਨੀ ਬਣੇ ਕਥਿਤ ਬਾਗ਼ ਦੇ ਕਿਸੇ ਖ਼ਾਸ ਥਾਂ ਤੇ ਬਣਿਆਂ ਮੰਨਿਆਂ ਹੈ । ਗੁਰਸਿੱਖ ਦਾ ਧਰਮ ਹੈ ਕਿ ਉਹ ਸਾਰੀ ਭਟਕਣਾ ਤਿਆਗ ਕੇ ਆਪਣੇ ਸਾਰੇ ਸ਼ੰਕੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਮਤਿ ਤੋਂ ਨਿਵਿਰਤ ਕਰੇ । ਸਤਿਗੁਰਾਂ ਦੇ ਇਸ ਫ਼ੁਰਮਾਨ ਤੋਂ--**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥** ਤਸੱਲੀ ਅਨੁਭਵ ਹੋਣ ਲੱਗ ਪੈਂਦੀ ਹੈ ਕਿ ਪਰਮਾਤਮਾ ਦਾ ਕੋਈ ਖ਼ਾਸ ਘਰ ਟਿਕਾਣਾ ਜ਼ਰੂਰ ਹੈ । ਯਕੀਨ ਬੱਝਦਾ ਹੈ ਕਿ ਗੁਰਬਾਣੀ ਵਿਚੋਂ ਅਕਾਲਪੁਰਖ ਦੇ ਪੱਕੇ ਟਿਕਾਣੇ ਦਾ ਠੀਕ ਪਤਾ ਮਿਲ ਸਕਦਾ ਹੈ । ਸੋ ਆਉ, ਸਾਵਧਾਨ ਅਤੇ ਇਕਾਗਰ ਚਿੱਤ ਹੋ ਕੇ ਗੁਰਬਾਣੀ-ਵਿਚਾਰ ਨਾਲ ਜੁੜਈਏ--

੧- **ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ ਆਕਾਸ ਪਇਆਲ ॥**
**ਸਰਬ ਲੋਕ ਪੂਰਨ ਪ੍ਰਤਿਪਾਲ ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥**
**ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ ਠਾਉ ॥**
**ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥**[੨੯੪]-ਅਸਟ: ੨੩

ਸਤਿਗੁਰਾਂ ਦਾ ਫ਼ੁਰਮਾਨ ਤਾਂ ਇਹ ਹੈ ਕਿ ਉਹ ਅਨੰਤ ਪਰਮਾਤਮਾ, ਸਾਰੇ ਸਰੀਰਾਂ ਦੇ ਅੰਦਰ, ਬਾਹਰ ਸਭ ਥਾਂ ਵਿਆਪ ਰਿਹਾ ਹੈ । ਧਰਤੀ, ਆਕਾਸ, ਸਾਰਿਆਂ ਲੋਕਾਂ ਦੀ ਵਿਚ ਮੌਜੂਦ ਸਾਰਿਆਂ ਦੀ ਪਾਲਣਾ ਕਰ ਰਿਹਾ ਹੈ । ਜੰਗਲਾਂ ਪਹਾੜਾਂ ਆਦਿ ਸਭ ਥਾਈਂ ਉਸੇ ਦਾ ਹੁਕਮ ਚੱਲ ਰਿਹਾ ਹੈ । ਹਵਾ, ਪਾਣੀ, ਅੱਗ, ਦਸੀਂ ਪਾਸੀਂ ਹਰ ਥਾਂ ਉਹੀ ਸਮਾਇਆ ਹੋਇਆ ਹੈ । ਜ਼ਰਾ ਜਿੰਨਾਂ ਥਾਂ ਵੀ ਉਸ ਤੋਂ ਖ਼ਾਲੀ ਜਾਂ ਉਸ ਤੋਂ ਵੱਖਰਾ ਨਹੀਂ ਹੈ । ਪਰ ਉਸ ਬਾਰੇ ਅਜੇਹੇ ਇਸ ਨਿਸਚੇ ਦਾ ਆਨੰਦ ਸਤਿਗੁਰਾਂ ਦੀ ਕਿਰਪਾ ਨਾਲ ਮਿਲਦਾ ਹੈ ।

੨- **ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ ॥**
**ਕਿਆ ਹਮ ਜੰਤ ਕਰਹ ਚਤੁਰਾਈ ਜਾਂ ਸਭੁ ਕਿਛੁ ਤੁਝੈ ਮਝਾਰਿ ॥ ੧ ॥** [੩੭੯]-੩੭

**ਅਰਥ:**--(ਹੇ ਠਾਕੁ !) ਤੂੰ ਬੇਅੰਤ ਹੈਂ ਤੂੰ ਅਦ੍ਰਿਸ਼ਟ ਹੈ, ਤੂੰ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈਂ, ਇਹ ਦਿਸਦਾ ਜਗਤ ਸਾਰਾ ਤੇਰਾ ਹੀ ਰਚਿਆ ਹੋਇਆ ਹੈ । ਅਸੀਂ ਤੇਰੇ ਪੈਦਾ ਕੀਤੇ ਜੰਤ ਕੀ ਸਿਆਣਪ ਕਰ ਸਕਦੇ ਹਾਂ, ਸਭ ਕੁਝ ਤੇਰੇ ਹੁਕਮ-ਵਜੂਦ ਦੇ ਅੰਦਰ ਹੀ ਵਾਪਰ ਰਿਹਾ ਹੈ । (ਸਭ ਥਾਂ ਤੂੰ ਹੀ ਤੂੰ ਹੈ, ਤੇਥੋਂ ਬਿਨਾ ਹੋਰ ਹੈ ਹੀ ਕੁਝ ਨਹੀਂ)

੩- **ਏਕ ਅਨੇਕ ਬਿਆਪਕ ਪੂਰਕ, ਜਤ ਦੇਖਉ ਤਤ ਸੋਈ ॥ ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ**
**ਬੂਝੈ ਕੋਈ ॥ ੧ ॥ ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦੁ ਬਿਨੁ ਨਹੀ ਕੋਈ ॥ ਸੂਤੁ ਏਕੁ ਮਣਿ**
**ਸਤ ਸਹੰਸ ਜੈਸੇ, ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥ ਜਲ ਤਰੰਗ ਅਰੁ ਫੇਨ ਬੁਦਬੁਦਾ, ਜਲ**
**ਤੇ ਭਿੰਨ ਨ ਹੋਈ ॥ ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ, ਬਿਚਰਤ ਆਨ ਨ ਹੋਈ ॥ ੨ ॥**[੪੮੫]-੧

**ਅਰਥ:**-- ਇਕ ਪਰਮਾਤਮਾ ਅਨੇਕ ਰੂਪ ਧਾਰ ਕੇ ਹਰ ਥਾਂ ਮੌਜੂਦ ਹੈ ਤੇ ਭਰਪੂਰ ਹੈ, ਮੈਂ ਜਿੱਧਰ ਤੱਕਦਾ ਹਾਂ, ਪਰਮਾਤਮਾ ਹੀ ਹੈ । ਪਰ (ਇਸ ਭੇਤ) ਨੂੰ ਕੋਈ ਵਿਰਲਾ ਬੰਦਾ ਹੀ ਜਾਣਦਾ ਹੈ, ਕਿਉਂਕਿ ਜੀਵ ਆਪ ਤੌਰ ਤੇ ਮਾਇਆ ਦੇ ਰੰਗਾ-ਰੰਗ ਦੇ ਰੂਪਾਂ ਵਿਚ ਚੰਗੀ ਤਰ੍ਹਾਂ ਮੋਹੇ ਪਏ ਹਨ **। ੧ ।** ਹਰ ਥਾਂ ਪਰਮਾਤਮਾ ਹੈ, ਪਰਮਾਤਮਾ ਤੋਂ ਸੱਖਣੀ ਕੋਈ ਥਾਂ ਨਹੀਂ, ਜਿਵੇਂ ਇੱਕ ਧਾਗਾ ਹੋਵੇ ਤੇ, (ਉਸ ਵਿਚ) ਸੈਂਕੜੇ ਹਜ਼ਾਰਾਂ ਮਣਕੇ (ਪ੍ਰੋਤੇ ਹੋਏ ਹੋਣ, ਏਸੇ ਤਰ੍ਹਾਂ ਸਭ ਜੀਵਾਂ ਵਿਚ ਪਰਮਾਤਮਾ ਦੀ ਹੀ ਜੀਵਨ ਸੱਤਾ ਮਿਲੀ ਹੋਈ ਹੈ, ਜਿਵੇਂ) ਤਾਣੇ-ਪੇਟੇ ਵਿਚ (ਧਾਗੇ ਮਿਲੇ ਹੋਏ ਹਨ, ਤਿਵੇਂ) ਉਹੀ ਪਰਮਾਤਮਾ (ਸਭ ਵਿਚ ਮਿਲਿਆ ਹੋਇਆ) ਹੈ **। ੧ । ਰਹਾਉ ।** ਪਾਣੀ ਦੀਆਂ ਠਿੱਲ੍ਹਾਂ, ਝੱਗ ਅਤੇ ਬੁਲਬੁਲੇ--ਇਹ ਸਾਰੇ ਪਾਣੀ ਤੋਂ ਵੱਖਰੇ ਨਹੀਂ ਹੁੰਦੇ, ਤਿਵੇਂ ਇਹ ਦਿੱਸਦਾ ਤਮਾਸ਼ਾ-ਰੂਪ ਜਗਤ ਪਰਮਾਤਮਾ ਦੀ ਰਚੀ ਹੋਈ ਖੇਡ ਹੈ, ਗਹੁ ਨਾਲ ਸੋਚਿਆਂ (ਇਹ ਸਮਝ ਆ ਜਾਂਦੀ ਹੈ ਕਿ ਇਹ ਜਗਤ-ਤਮਾਸ਼ਾ ਉਸ ਤੋਂ) ਵੱਖਰਾ ਨਹੀਂ ਹੈ । ੨ ।

੪- **ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ ੧ ॥**[੨੨੯]-੨-੧੮

**ਅਰਥ:**--(ਹੇ ਭਾਈ !) ਜੇ ਤੂੰ ਗੁਰੂ ਦੀ ਕਿਰਪਾ ਨਾਲ ਇਹ ਗੱਲ ਸਮਝ ਲਏਂ ਕਿ ਮਾਇਆ ਦੀ ਕਾਲਖ-ਰਹਿਤ ਪ੍ਰਭੂ ਦਾ ਨਾਮ ਹਰੇਕ ਹਿਰਦੇ-ਘਰ ਵਿਚ ਵੱਸਦਾ ਹੈ ਤੇ ਉਹੀ ਨਿਰੰਜਨ ਮੇਰਾ ਵੀ ਪਾਲਣ-ਹਾਰ ਮਾਲਕ ਹੈ, ਤਾਂ ਮਾਇਆ ਦੇ ਪ੍ਰਭਾਵ ਤੋਂ ਪੈਦਾ ਹੋਇਆ ਹਨੇਰੇ ਵਿਚੋਂ ਤੇਰੀ ਖ਼ਲਾਸੀ ਹੋ ਜਾਵੇਗੀ (ਭਾਵ ਕੂੜ ਦੀ ਪਾਲਿ ਟੁੱਟ ਜਾਵੇਗੀ ਅਤੇ ਮਨੁੱਖ ਸਚਿਆਰਾ ਹੋ ਜਾਵੇਗਾ ਜਿਸ ਤੋਂ ਉਹ ਅੱਖੀਆਂ ਮਿਲ ਜਾਣਗੀਆਂ ਜਿਨ੍ਹਾਂ ਨਾਲ ਪ੍ਰਭੂ ਦੇ ਦਰਸ਼ਨ ਹੋ ਜਾਣਗੇ)। ੧ ।

**ਪ੍ਰਭੂ ਦੇ ਦਰਸ਼ਨਾਂ** ਵਾਲੀ ਸਿੱਖ ਦੀ ਤਾਂਘ, ਸਤਿਗੁਰਾਂ ਨੇ ਪੂਰੀ ਕਰ ਦਿੱਤੀ–

੫- **ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਦਰਸਨ ਤੋਹਿ ॥ ਕੋਈ ਐਸਾ ਸਜਣੁ**
**ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ ॥ ਗੁਰਿ ਪੂਰੈ ਮੇਲਿਆਇਆ ਜਤ ਦੇਖਾ ਤਤ ਸੋਇ ॥**
**ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ ॥ ੨ ॥**[੯੫੭]-ਵਾਰ-੨

੬- **ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥**
**ਜਲਿ ਥਲਿ ਮਹੀਅਲਿ ਸਰਬ ਨਿਵਾਸੀ, ਨਾਨਕ ਰਮਈਆ ਡੀਠਾ ॥ ੪ ॥**[੬੭੧]-੩

**ਅਰਥ:**--(ਸਾਧ-ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਨਾਲ ਮੇਰੇ ਮਨ ਦਾ) ਢੀਠ-ਪੁਣਾ ਮੁੱਕ ਗਿਆ ਹੈ, ਮੇਰੇ ਅੰਦਰ ਆਤਮਕ ਜੀਵਣ ਦੇਣ ਵਾਲਾ ਜਲ ਆ ਵੱਸਿਆ ਹੈ, ਗੁਰੂ ਦਾ ਸ਼ਬਦ (-ਗਿਆਨ) ਮੈਨੂੰ ਪਿਆਰਾ ਲੱਗ ਰਿਹਾ ਹੈ । ਗੁਰਦੇਵ ਜੀ ਦਾ ਫ਼ੁਰਮਾਨ--ਹੁਣ ਮੈਂ ਜਲ ਵਿਚ, ਧਰਤੀ ਵਿਚ, ਆਕਾਸ਼ ਵਿਚ, ਸਭ ਥਾਂ ਵੱਸਣ ਵਾਲੇ ਸੋਹਣੇ ਰਾਮ ਨੂੰ ਵੇਖ ਲਿਆ ਹੈ । ੪ ।

੭- **ਊਚਾ ਊਚਉ ਆਖੀਐ, ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ**
**ਸਤਿਗੁਰਿ ਦੀਆ ਦਿਖਾਇ ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥ ੮ ॥**[੫੪]-੩

**ਅਰਥ:**--ਪਰਮਾਤਮਾ ਉੱਚੇ ਤੋਂ ਉੱਚਾ ਹੈ--(ਹਰ ਪਾਸੇ ਤੋਂ ਇਹੀ) ਆਖਿਆ ਜਾਂਦਾ ਹੈ, ਮੈਂ ਵੀ ਆਖਦਾ ਹਾਂ (ਕਿ ਪਰਮਾਤਮਾ ਸਭ ਤੋਂ ਉੱਚਾ ਹੈ, ਪਰ ਨਿਰਾ ਕਹਣ ਨਾਲ) ਉਸ ਦਾ ਦਰਸ਼ਨ ਨਹੀਂ ਕੀਤਾ ਜਾ ਸਕਦਾ । ਜਦੋਂ ਸਤਿਗੁਰੂ ਨੇ ਮੈਨੂੰ, (ਹੇ ਪ੍ਰਭੂ ! ਤੇਰਾ) ਦਰਸ਼ਨ ਕਰਾ ਦਿੱਤਾ, ਤਾਂ ਮੈਂ ਜਿੱਧਰ ਵੇਖਦਾ ਹਾਂ, ਤੂੰ ਹੀ ਤੂੰ ਦਿੱਸਦਾ ਹੈਂ । ਗੁਰਦੇਵ ਜੀ ਫ਼ੁਰਮਾਨ ਕਰਦੇ ਹਨ, (ਗੁਰੂ ਦੀ ਸਰਨ ਪੈ ਕੇ) ਆਤਮਕ ਅਡੋਲਤਾ ਵਾਲੀ ਅਵਸਥਾ ਵਿਚ ਟਿਕ ਕੇ ਪ੍ਰੇਮ ਵਿਚ ਜੁੜ ਕੇ ਸਮਝ ਆ ਜਾਂਦੀ ਹੈ ਕਿ / ਪਰਮਾਤਮਾ ਦੀ ਜੋਤਿ ਇਕ ਰਸ ਹਰ ਥਾਂ ਵਿਆਪਕ ਹੈ । ੮ ।

ਗੁਰਬਾਣੀ ਵਿਚ ਅਜੇਹੇ ਹੋਰ ਕਈ ਸ਼ਬਦ ਹਨ ਜਿਨ੍ਹਾਂ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਇਹ ਦਿਸਦਾ ਸਾਰਾ ਜਗਤ ਪ੍ਰਭੂ ਆਪ ਹੀ ਹੈ । ਸਿਰਜਨਾਂ ਦਾ ਕੋਈ ਇਕ ਕਿਣਕਾ ਵੀ ਉਸ ਦੀ ਹੋਂਦ ਤੋਂ ਸੱਖਣਾ ਨਹੀਂ ਹੈ । ਕੁਝ ਹੋਰ ਅਜੇਹੇ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:---

| | | | | | |
|---|---|---|---|---|---|
| ੧= [੫੧]-੨੫-੯੫(੪) | ੨= [੧੩]-੩(੩) | ੩= [੧੦੨]-੨੧-੨੮(੪) | ੪= [੧੫੯]-੭-੨੧(੧) | ੫= [੩੦੦]-੧੪ | ੬= [੨੩੬]-੧(੫) |
| ੭= [੨੬੧]-੫੧ | ੮= [੩੪੪]-੧੫ | ੯= [੩੮੪]-੧-੨(੨) | ੧੦=[੩੯੭]-੩-੧੦੫(੪) | ੧੧=[੪੪੮]-੭-੧੪(੧) | ੧੨=[੪੬੩]-ਵਾਰ-੩(੧) |
| ੧੩=[੨੭੬]ਅਸਟ-੧੦(੭) | ੧੪=[੨੯੧]-ਅਸਟ-੨੧(੪) | ੧੫=[੩੭੯]-੩੭੯ਰਹਾਉ) | ੧੬=[੪੩੮]-ਛੰਤ੧-੪(੧) | ੧੭=[੩੮੭]-੧੭-੬੮(੪) | ੧੮=[੯੬੬]-ਵਾਰ-(੨) |
| ੧੯=[੧੦੫੧]-ਸੋਲਹੇ-੮(੧੨) | ੨੦=[੩੧੧੫]-ਵਾਰ-੬(੧) | ੨੧=[੧੩੧੮]-ਵਾਰ-੧੩ | ੨੨=[੧੩੨੫]-ਅਸਟ-੨੫(੪) | ੨੩=[੧੩੫੧]-੩(੪) | ੨੪=[੧੧੫੦]-੩੭-੫੦(੪) |
| ੨੫=[੮੦੩]-੧-੬(੪) | ੨੬=[੯੩੪]ਓ-੩੪ | ੨੭=[੧੧੭੭]-੧(੨) | ੨੮=[੫੩੫]-੧-੩੪(੨) | ੨੯=[੪੩੧]-੩-੨੨-੧੫ | ੩੦=[੬੫੫]-੪ |
| ੩੧=[੭੭੮]੧-੩ | ੩੨=[੭੮੩]-੫-੮ | ੩੩=[੧੨੩੭]-ਛੰਤ-੧ | ੩੪=[੭੩੭]-੧ | ੩੫=[੬੦੪]-੧ | ੩੬=[੬੦੫]-੩ |
| ੩੭=[੬੦੬]-੪ | ੩੮=[੬੦੬]-੫ | ੩੯=[੧੨੮੩]-ਵਾਰ-੧੨ | ੪੦=[੧੩੧੯]-੧ | ੪੧=[੫੪]-੩ | ੪੨=[੨੨੯]-ਅਸਟ-੨-੧੮ |
| ੪੩=[੪੮੫]-੧ | ੪੪=[੧੪੧੩]-੮ | ੪੫=[੫੯੭]-੮ | ੪੬=[੬੫੫]-੪ | ੪੭=[੬੧੮]-੧੧-੩੯ | ੪੮=[੯੮੭]-੪(ਰਹਾਉ) |

੮- **ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥**[੬੬੩]-੧-੭-੯

ਸਤਿਗੁਰਾਂ ਨੇ ਇਹ ਭੁਲੇਖਾ ਵੀ ਦੂਰ ਕਰ ਦਿੱਤਾ ਕਿ ਅਪਾਰ ਸ਼ਕਤੀ ਅਤੇ ਅਪਾਰ ਪਸਾਰੇ ਵਾਲਾ ਵਾਹਿਗੁਰੂ ਕਦੇ ਕਿਸੇ ਇੱਕ ਵਿਯਕਤੀ ਦੇ ਰੂਪ ਵਿਚ ਸਿੰਮਟ ਕੇ, ਦਰਸ਼ਨ ਨਹੀਂ ਦੇ ਸਕਦਾ ਹੈ । ਸਾਰਾ ਪਸਾਰਾ, ਉਸੇ ਇੱਕ ਦਾ ਦਰਸ਼ਨ ਹੈ ।

## ੨

# ਪ੍ਰਭੂ ਪ੍ਰੀਤਮ ਨੂੰ ਕਿਥੋਂ ਪਾਈਏ ?

ਨਿਰਅਕਾਰ ਪ੍ਰਭੂ ਕਿਸੇ ਅਕਾਰ ਵਿਚ ਬੈਠਾ ਸਮਝਿਆ ਜਾਣਾ ਕੇਵਲ ਭਰਮ ਹੈ । ਸ਼ਬਦ ਹਜ਼ਾਰੇ ਬਿਲਾਵਲ ਰਾਗ ਵਿਚ ਦਸ਼ਮੇਸ਼ ਜੀ ਦਾ ਫ਼ੁਰਮਾਨ--**ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧ ਸਾਧ ਕਰ ਹਾਰੇ ਕਯੋ ਹੂੰ ਨ ਦੇਖਨ ਪਾਏ ॥ ੧ ॥ ਰਹਾਉ ॥**ਭਾਵ, ਇੱਕ ਸਾਰ ਸਮਾਧੀਆਂ ਲਾਈ ਬੈਠੇ ਵਡੇ ਵਡੇ ਸਿੱਧਾਂ ਨੇ ਵੀ, ਅਪਾਰ ਅਕਾਲ ਪੁਰਖ ਦੇ ਸਾਖਸ਼ਾਤ ਦਰਸ਼ਨ, (ਯਿਕਤੀ-ਰੂਪ ਵਿਚ ) ਅੱਜ ਤਾਂਈ ਨਹੀਂ ਕੀਤੇ । ਜਿਸ ਸਰੂਪ ਦਾ ਕੋਈ ਆਦਿ ਹੈ ਉਸ ਦਾ ਅੰਤ ਜ਼ਰੂਰ ਹੁੰਦਾ ਹੈ । ਅਦਿ ਅੰਤ ਦੇ ਬੰਧਨਾ ਵਿਚ ਅਕਾਲਪੁਰਖ ਕਿਵੇਂ ਹੋਵੇ ? ਇਸ ਲਈ ਅੱਖੀਆਂ ਨਾਲ ਇੱਕੋ ਸਮੇ, ਸਾਰਾ ਵੇਖਿਆ ਜਾ ਸਕਣ ਵਾਲਾ, (ਆਪਣੀ ਕਿਰਤ ਤੋਂ ਅੱਡਰਾ), ਅਕਾਲਪੁਰਖ ਦਾ ਨਿੱਜੀ " ਅਕਾਰ ", ਜਾਂ ਕੋਈ ਵਿਸ਼ੇਸ਼ " ਸਰੂਪ " ਕੋਈ ਨਹੀਂ ਹੈ । "**ਕਰਤੇ** ਦੇ ਸਰਬ-ਦਰਸ਼ਨਾਂ ਦੀ ਗੱਲ ਤਾਂ ਛੱਡੋ, ਉਸ ਦੀ ਕਿਰਤ (=ਸ੍ਰਿਸ਼ਟੀ) ਦੇ ਆਦਿ ਅੰਤ ਦਾ ਪਤਾ ਕਿਸੇ (ਵੱਡੇ ਤੋਂ ਵੱਡੇ ਵਗਿਆਨਕ) ਨੂੰ ਵੀ, ਅੱਜ ਤਾਈਂ ਨਾ ਲੱਭਾ ਹੈ ਅਤੇ ਨਾ ਹੀ ਕਦੇ ਲੱਭ ਸਕੇਗਾ । ਫਿਰ ਪ੍ਰਭੂ ਦੀ ਦਰਗਾਹ, ਉਸ ਦੇ ਦਰਬਾਰ ਅਥਵਾ ਉਸ ਦੇ ਸ਼ਾਹੀ ਮਹਲਾਂ ਦਾ ਪਤਾ ਕਿਵੇਂ ਅਤੇ ਕਿੱਥੋਂ ਲੱਗੇ ?

ਗ੍ਰਿਸਹਤ ਦਾ ਤਿਆਗ ਕਰਕੇ ਬੈਰਾਗੀ ਬਣੇ ਫਿਰਦੇ, ਤੀਰਥਾਂ ਦੇ ਇਸ਼ਨਾਨਾਂ ਰਾਹੀਂ, ਅਥਵਾ ਹੋਰ ਧਰਮ ਕਰਮਾਂ ਦੁਆਰਾ ਰੱਬ ਨੂੰ ਪਾਉਣ ਦੇ ਯਤਨਾਂ ਵਿਚ ਭਟਕਦੇ " ਬੈਰਾਗੀ ਸਾਧੂਆਂ ਨੂੰ ਸੰਬੋਧਨ ਕਰਕੇ, ਗੁਰੂ ਗ੍ਰੰਥ ਸਾਹਿਬ ਜੀ ਉਸ ਨਿਰ-ਅਕਾਰ ਪ੍ਰਭੂ ਦੇ ਮਿਲਾਪ ਵਾਲੇ ਥਾਂ ਟਿਕਾਣੇ ਦੀ ਸੂਝ ਬਖ਼ਸ਼ਦੇ ਹਨ । ਸ੍ਰੀ ਗੁਰੂ ਗ੍ਰੰਥ ਜੀ, ਮਨੁੱਖ ਨੂੰ ਪ੍ਰਭੂ ਦੇ ਦਰਸ਼ਨਾਂ ਦੇ ਆਤਮਕ-ਝਲਕਾਰੇ ਦਾ ਆਨੰਦ ਪ੍ਰਦਾਨ ਕਰਦੇ ਹਨ:---

੯- **ਅਨਭਉ ਕਿਨੈ ਨ ਦੇਖਿਆ, ਬੈਰਾਗੀਅੜੇ ॥ ਬਿਨ ਭੈ ਅਨਭਉ ਹੋਇ ਵਣਾ ਹੰਬੈ ॥ ੧ ॥ ਸਹੁ ਹਦੂਰਿ ਦੇਖੈ**
**ਤਾ ਭਉ ਪਵੈ ਬੈਰਾਗੀਅੜੇ ॥ ਹੁਕਮੈ ਬੂਝੈ ਤ ਨਿਰਭਉ ਹੋਇ ਵਣਾ ਹੰਬੈ ॥ ੨ ॥ ਹਰਿ ਪਾਖੰਡੁ ਨ ਕੀਜਈ**
**ਬੈਰਾਗੀਅੜੇ ॥ ਪਾਖੰਡਿ ਰਤਾ ਸਭੁ ਲੋਕੁ ਵਣਾ ਹੰਬੈ ॥ ੩ ॥ ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥ ਮਮਤਾ**
**ਜਾਲਿਆ ਪਿੰਡੁ ਵਣਾ ਹੰਬੈ ॥ ੪ ॥ ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥ ਜੇ ਮਨੁ ਮਿਰਤਕੁ ਹੋਇ ਵਣਾ**
**ਹੰਬੈ ॥ ੫ ॥ ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥ ਜੇ ਲੋਚੈ ਸਭੁ ਕੋਇ ਵਣਾ ਹੰਬੈ ॥ ੬ ॥..** [੧੧੦੪]-੧-੮

**ਅਰਥ:**--ਹੇ ਅੰਞਾਣ ਵੈਰਾਗੀ ! (ਪਰਮਾਤਮਾ ਨੂੰ ਇਨ੍ਹਾਂ ਅੱਖਾਂ ਨਾਲ ਕਦੇ) ਕਿਸੇ ਨੇ ਨਹੀਂ ਵੇਖਿਆ, ਉਸ ਦਾ ਤਾਂ ਆਤਮਕ ਝਲਕਾਰਾ ਹੀ ਵੱਜਦਾ ਹੈ । ਤੇ, ਇਹ ਆਤਮਕ ਝਲਕਾਰਾ ਤਦੋਂ ਵੱਜਦਾ ਹੈ, ਜਦੋਂ ਮਨੁੱਖ ਦੁਨੀਆ ਦੇ ਡਰਾਂ ਤੋਂ ਰਹਿਤ ਹੋ ਜਾਂਦਾ ਹੈ **। ੧ ।** ਹੇ ਅੰਞਾਣ ਬੈਰਾਗੀ ! ਜੋ ਮਨੁੱਖ ਪਰਮਾਤਮਾ-ਖਸਮ ਨੂੰ ਹਰ ਵੇਲੇ ਅੰਗ-ਸੰਗ ਸਮਝਦਾ ਹੈ, ਉਸ ਦੇ ਅੰਦਰ ਉਸ ਦਾ ਡਰ ਪੈਦਾ ਹੁੰਦਾ ਹੈ (ਕਿ ਪ੍ਰਭੂ ਸਾਂਦੇ ਸਾਰੇ ਕੀਤੇ ਕਰਮਾਂ ਨੂੰ ਵੇਖ ਰਿਹਾ ਹੈ) । (ਇਸ ਡਰ ਦੀ ਬਰਕਤਿ ਨਾਲ ਮਨੁੱਖ ਉਸ ਪ੍ਰਭੂ ਦਾ) ਹੁਕਮ ਸਮਝਦਾ ਹੈ (ਭਾਵ, ਇਹ ਸਮਝਣ ਦੀ ਕੋਸ਼ਸ਼ ਕਰਦਾ ਹੈ ਕਿ ਸਾਨੂੰ ਜੀਵਾਂ ਨੂੰ ਕਿਵੇਂ ਜੀਉਣਾ ਚਾਹੀਦਾ ਹੈ) ਤਾਂ ਸੰਸਾਰਕ ਡਰਾਂ ਤੋਂ ਰਹਿਤ ਹੋ ਜਾਂਦਾ ਹੈ (ਕਿਉਂਕਿ ਰਜ਼ਾ ਨੂੰ ਸਮਝ ਕੇ ਸੰਸਾਰਕ ਡਰਾਂ ਵਾਲੇ ਕੰਮ ਕਰਨੇ ਛੱਡ ਦਿੰਦਾ ਹੈ) **। ੨ ।** ਹੇ ਅੰਞਾਣ ਬੈਰਾਗੀ ! (ਇਹ ਤੀਰਥ-ਇਸ਼ਨਾਨ ਜਾਂ ਹੋਰ ਧਰਮ ਕਰਮ ਆਦਿਕ ਕਰਕੇ) ਪਰਮਾਤਮਾ ਨਾਲ ਠੱਗੀ ਨਾ ਕਰੀਏ, ਸਾਰਾ ਜਗਤ (ਅਡੰਬਰਾਂ ਵਾਲੇ ਧਰਮ-ਕਰਮ ਕਰਨ ਦੇ ਵਹਿਣ ਵਿਚ ਪੈ ਕੇ) ਪਖੰਡ ਵਿਚ ਰੁੱਝਾ ਹੈ । (ਪਰ, ਪਖੰਡ-ਕਰਮ ਕੀਤਿਆਂ) ਤ੍ਰਿਸ਼ਨਾਂ ਖ਼ਲਾਸੀ ਨਹੀਂ ਕਰਦੀ, ਸਗੋਂ ਮਾਇਆ ਦੀ ਮਮਤਾ ਸਰੀਰ ਨੂੰ ਸਾੜ ਦਿੰਦੀ ਹੈ **। ੩, ੪ ।** ਹੇ ਅੰਞਾਣ ਬੈਰਾਗੀ ! ਜੇ ਮਨੁੱਖ ਦਾ ਮਨ (ਤ੍ਰਿਸ਼ਨਾ ਮਮਤਾ ਵਲੋਂ) ਮਰ ਜਾਏ (ਤਾਂ ਉਹ ਸੱਚਾ ਬੈਰਾਗੀ ਬਣ ਜਾਂਦਾ ਹੈ, ਉਸ ਅਜਿਹੇ

ਬੈਰਾਗੀ ਨੇ) ਚਿੰਤਾ ਸਾੜ ਕੇ ਸਰੀਰ ਦਾ ਮੋਹ ਸਾੜ ਲਿਆ ਹੈ । (ਪਰ, ਯਾਦ ਰੱਖੋ ਕਿ) ਭਾਵੇਂ ਕੋਈ ਕਿੰਨੀ ਵੀ ਤਾਂਘ ਕਰੇ, ਸਤਿਗੁਰੂ ਦੀ ਸਰਨ ਆਉਣ ਤੋਂ ਬਿਨਾ (ਗੁਰੂ ਦੀ ਸਿਖਿਆ ਅਨੁਸਾਰ ਜੀਵ-ਜੁਗਤ ਬਣਾਉਂਣ ਤੋ ਬਿਨਾ) ਹਿਰਦੇ ਵਿਚ ਵੈਰਾਗ ਪੈਦਾ ਨਹੀਂ ਹੋ ਸਕਦਾ । ੫,੬।

ਸ਼ਬਦ ਦਾ ਭਾਵ ਸਪੱਸ਼ਟ ਹੈ ਕਿ ਪਰਮਾਤਾਮਾ ਬਾਹਰ ਭਾਲਿਆਂ ਕਿਤੋਂ ਨਹੀਂ ਮਿਲਦਾ । ਆਪਣੇ ਅੰਦਰੋਂ ਹੀ ਉਸ ਦਾ ਆਤਮਕ ਝਲਕਾਰਾ ਵੱਜਦਾ ਹੈ । ਅਜੇਹੇ ਹੋਰ ਵੀ ਬੇਅੰਤ ਗੁਰੂ ਫ਼ੁਰਮਾਨ ਹਨ ਜਿਨ੍ਹਾਂ ਤੋਂ ਇਹੀ ਗਿਆਨ ਦ੍ਰਿੜ ਕਰਾਇ ਗਿਆ ਹੈ ਕਿ ਪਰਮਾਤਮਾਂ ਬਾਹਰੋਂ ਨਹੀਂ ਸਗੋਂ ਆਪਣੇ ਅੰਦਰੋਂ ਹੀ ਮਿਲਦਾ ਹੈ:--

## ਭੀਤਰਿ ਹੋਦੀ ਵਸਤੁ ਨ ਜਾਣੈ--

੧੦- **ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥**[੧੩੭੮]

ਕਹਾਣੀ ਕਾਰਾਂ ਨੇ ਕਾਹਾਣੀ ਘੜ ਲਈ ਹੋਈ ਹੈ ਕਿ ਫ਼ਰੀਦ ਜੀ ਤਪ ਕਰਨ ਲਈ ਜੰਗਲ ਨੂੰ ਜਾ ਰਹੇ ਸਨ ਕਿ ਉਨ੍ਹਾਂ ਦੇ ਜਾਮੇ ਦਾ ਪੱਲਾ ਬੇਰੀ ਦੇ ਕੰਡੇ ਵਿਚ ਫਸ ਗਿਆ ਤਾਂ ਉਥੇ ਫ਼ਰੀਦ ਸਹਿਬ ਨੇ ਇਹ ਸਲੋਕ ਉਚਾਰਿਆ । ਕੁੜਤੇ ਦਾ ਅਥਵਾ ਚਾਦਰ ਆਦਿ ਦਾ ਪੱਲਾ ਝਾੜੀ ਦੇ ਕੰਡਿਆਂ ਵਿਚ ਫਸ ਜਾਣ ਵਾਲੀ ਛੋਟੀ ਜਿਹੀ ਘਟਨਾਂ ਪੇਂਡੂ ਜ਼ਿੰਦਗੀ ਵਿਚ ਨਿਤ ਵਾਪਰਦੀ ਹੈ । ਤਪ ਕਰਨ ਲਈ ਤੁਰੇ ਹੋਏ ਫ਼ਰੀਦ ਸਾਹਿਬ ਜੀ ਵਰਗੇ ਪੱਕੇ ਸੁਭਾਅ ਵਾਲੇ ਮਹਾਂਪੁਰਖ, ਅਜੇਹੀ ਛੋਟੀ ਜਿਹੀ ਗੱਲ ਤੋਂ ਆਪਣਾ ਇਰਾਦਾ ਕਦੇ ਨਹੀਂ ਬਦਲ ਸਕਦੇ ਸਨ । ਇਹ ਬਚਨ ਉਨ੍ਹਾਂ ਦੀ ਜਿੰਦਗੀ ਦੇ ਤਜਰਬਿਆਂ ਦਾ ਨਿਚੋੜ ਹਨ । ਕਿ ਜੰਗਲਾਂ ਦੀਆਂ ਝਾੜੀਆਂ ਲਿਤਾੜਦੇ ਫਿਰਨ ਨਾਲ ਅਥਵਾ ਜੰਗਲਾਂ ਦੀ ਮਿੱਟੀ ਫੱਕਦੇ ਫਿਰਨ ਨਾਲ ਖ਼ੁਦਾ ਦਾ ਦੀਦਾਰ ਨਹੀਂ ਹੋ ਸਕਣਾ । ਕਿਉਂਕਿ ਰੱਬ ਤਾਂ ਵੱਸਦਾ ਹੀ ਹਿਰਦੇ ਦੇ ਅੰਦਰ ਹੈ, ਬਾਹਰ ਕਿੱਥੋਂ ਲੱਭਣਾ ਹੈ ? ਪਰਮਾਤਮਾਂ ਦੀ ਪ੍ਰਾਪਤੀ ਦੀ ਜਿੜਹੀ ਥਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਰੂਪਾਂ ਸਮੇਂ ਸਮਝਈ ਹੈ, ਉਸ ਦਾ ਸੰਖੇਪ ਵੇਰਵਾ, ਕਰਮਵਾਰ, ਇਸ ਪ੍ਰਕਾਰ ਹਨ:--

## (ੳ) ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ (ਪਹਿਲਾ ਸਰੂਪ)

੧੧- **ਬਨੁ ਬਨੁ ਫਿਰਤੀ ਢੂਢਤੀ, ਬਸਤੁ ਰਹੀ ਘਰਿ ਬਾਰਿ ॥**
**ਸਤਿਗੁਰਿ ਮੇਲੀ ਮਿਲਿ ਰਹੀ, ਜਨਮ ਮਰਣ ਦੁਖੁ ਨਿਵਾਰਿ ॥ ੩੬ ॥**[੯੩੪]-ਓਅੰਕਾਰ

**ਅਰਥ:**--(ਜੋ ਜੀਵ-ਇਸਤ੍ਰੀ ਉਸ ਪ੍ਰਭੂ ਦੀ ਖਾਤਰ) ਜੰਗਲ ਜੰਗਲ ਢੂੰਢਦੀ ਫਿਰਦੀ ਸੀ (ਉਸ ਨੂੰ ਪ੍ਰਭੂ ਨਾ ਮਿਲਿਆ, ਕਿਉਂਕਿ) ਉਹ ਵਸਤ ਤਾਂ (ਹਿਰਦੇ-)ਘਰ ਦੇ ਅੰਦਰ ਹੀ ਸੀ । ਜਦੋਂ ਸਤਿਗੁਰੂ ਨੇ ਪਰਮਾਤਮਾ ਦਾ ਮੇਲ ਕਰਾਇਆ ਤਾਂ (ਉਹ ਉਸ ਦੇ ਨਾਮ ਵਿਚ) ਜੁੜ ਬੈਠੀ, ਤੇ ਉਸ ਦਾ ਜਨਮ ਮਰਨ ਦਾ ਦੁੱਖ ਮੁੱਕ ਗਿਆ । ੩੬ । ਏਵੇਂ ਹੀ--**ਦਹ ਦਿਸ ਢੂਢਿ ਘਰੈ ਮਹਿ ਪਾਇਆ । ਮੇਲੁ ਭਇਆ ਸਤਿਗੁਰੂ ਮਿਲਾਇਆ ॥ ੨੧ ॥**{ਓਅੰਕਾਰ}

੧੨- **ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥**
**ਪੜਿ ਪੜਿ ਪੰਡਿਤੁ ਬਾਦੁ ਵਖਣੈ ॥ ਭੀਤਰਿ ਹੋਦੀ ਵਸਤੁ ਨਾ ਜਾਣੈ ॥ ੩ ॥**[੧੫੨-੪

**ਅਰਥ:**-ਜਿਸ ਦੀ ਖ਼ਾਤਰ ਲੋਕ ਤੀਰਥਾਂ ਦੇ ਕੰਢੇ ਤੇ ਜਾਂਦੇ ਹਨ, ਉਹ ਕੀਮਤੀ ਰਤਨ (ਮਨੁੱਖ ਦੇ) ਹਿਰਦੇ ਵਿਚ ਹੀ ਵੱਸਦਾ । ਪੰਡਿਤ (ਵੇਦ ਆਦਿਕ ਧਰਮ-ਪੁਸਤਕਾਂ ਨੂੰ) ਪੜ੍ਹ ਪੜ੍ਹ ਕੇ ਚਰਚਾ (ਹੀ) ਕਰਦਾ ਰਹਿੰਦਾ ਹੈ । ਉਹ (ਦੂਜਿਆਂ ਨੂੰ ਮੱਤਾਂ ਦੇਣ ਵਾਲਾ ਬ੍ਰਾਹਮਣ ਆਪਣੇ) ਅੰਦਰ ਵੱਸਦੇ ਨਾਮ-ਪਦਾਰਥ ਨਾਲ ਸੰਝ ਨਹੀਂ ਪਾਉਂਦਾ । ੩ ।

ਮਲਾਰ ਕੀ ਵਾਰ ਵਿਚ ਸਤਿਗੁਰਾਂ ਦਾ ਫ਼ੁਰਮਾਨ--

੧੩- **ਪਉੜੀ ॥ ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥ ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ ਇਕਿ ਭਗਵਾ ਵੇਸੁ ਕਰਿ ਭਰਮਦੇ, ਵਿਣੁ ਸਤਿਗੁਰ ਕਿਨੈ ਨ ਪਾਇਆ ॥ਦੇਸ ਦਿਸੰਤਰਿ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ ॥ ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ ॥ ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ ॥ ਆਵਾਗਉਣੁ ਬਜਾਰੀਆਂ ਬਾਜਾਰੁ ਜਿਨੀ ਰਚਾਇਆ ॥ ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ ॥ ੨੫ ॥**[੧੨੯੦]-ਵਾਰ

੧੪- **ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥**
**ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥** [੫੯੮]-੯

੧੫- **ਚਾਰੇ ਕੂੰਡਾਂ ਦੇਖਿ ਅੰਦਰੁ ਭਾਲਿਆ ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥ ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥ ੨੪ ॥**[੧੪੯]

**ਅਰਥ:**---ਜੋ ਮਨੁੱਖ ਚਾਰੇ ਤਰਫ਼ਾਂ ਵੇਖ ਕੇ (ਭਾਵ, ਬਾਹਰ ਚਵੀਂ ਪਾਸੀਂ ਭਟਕਣਾ ਛੱਡ ਕੇ ) ਆਪਣਾ ਅੰਦਰ ਭਾਲਦਾ ਹੈ (ਉਸ ਨੂੰ ਦਿੱਸ ਪੈਂਦਾ ਹੈ ਕਿ) ਸੱਚੇ ਅਲੱਖ ਅਕਾਲ ਪੁਰਖ ਨੇ ਜਗਤ ਪੈਦਾ ਕਰਕੇ ਆਪ ਹੀ ਉਸ ਦੀ ਸੰਭਾਲ ਕੀਤੀ ਹੈ (ਭਾਵ, ਸੰਭਾਲ ਕਰ ਰਿਹਾ ਹੈ) । ਕੁਰਾਹੇ ਭਟਕ ਰਹੇ ਮਨੁੱਖ ਨੂੰ ਗੁਰੂ ਰਸਤਾ ਦਿਖਾਇਆ ਹੈ ਵਿਖਾਉਂਦਾ ਹੈ, ਸੱਚੇ ਸਤਿਗੁਰੂ ਨੂੰ ਵਾਹ(-ਵਾਹ) ਹੈ, ਭਾਵ, ਸ਼ਾਬਾਸ਼ੇ ਹੈ (ਜਿਸ ਗੁਰੂ ਦੀ ਬਰਕਤਿ ਨਾਲ) ਸੱਚੇ ਪ੍ਰਭੂ ਨੂੰ ਸਿਮਰੀਦਾ ਹੈ । (ਜਿਸ ਮਨੁੱਖ ਦੇ ਅੰਦਰ ਸਤਿਗੁਰੂ ਨੇ ਗਿਆਨ ਦਾ) ਦੀਵਾ ਜਗਾ ਦਿੱਤਾ ਹੈ, ਉਸ ਨੂੰ ਆਪਣੇ ਅੰਦਰੋਂ ਹੀ ਪ੍ਰਭੂ- (ਨਾਮ-) ਰਤਨ ਲੱਭ ਪਿਆ ਹੈ । ਗੁਰੂ ਦੀ ਸ਼ਰਨ ਆ ਕੇ) ਸੱਚੇ ਸ਼ਬਦ (-ਗਿਆਨ) ਦੀ ਰਾਹੀਂ ਪ੍ਰਭੂ ਦੀ ਸਿਫ਼ਤਿ ਸਾਲਾਹ ਕਰ ਕੇ ਮਨੁੱਖ ਸੁਖੀ ਹੋ ਜਾਂਦੇ ਹਨ, ਖ਼ਸਮ ਵਾਲੇ ਹੋ ਜਾਂਦੇ ਹਨ । (ਪਰ) ਜਿੰਨ੍ਹਾਂ ਪ੍ਰਭੂ ਦਾ ਡਰ ਨਹੀਂ ਰੱਖਿਆ ਉਨ੍ਹਾਂ ਨੂੰ (ਹੋਰ) ਡਰ ਮਾਰਦਾ ਹੈ, ਉਹ ਹੰਕਾਰ ਵਿਚ ਪਏ ਗਲਦੇ ਹਨ । ਪ੍ਰਭੂ ਦੇ ਨਾਮ ਤੋਂ ਭੁੱਲਾ ਹੋਇਆ ਜਗਤ ਬੇ-ਤਾਲ (ਬੇ ਥਵ੍ਹਾ) ਫਿਰਦਾ ਹੈ । ੨੪ ।

੧੬- ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ ॥
ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥ ੬ ॥[੧੨੭੩]-੧

(ਅ) **ਤੀਸਰੇ ਗੁਰੂ ਨਾਨਕ** (ਸ੍ਰੀ ਗੁਰੂ ਅਮਰਦਾਸ ਜੀ) ਦੇ ਫ਼ੁਰਮਾਨ:--

੧੭- **ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥**
**ਨਾਮੁ ਨਵਨਿਧਿ ਪਾਈ ਘਰ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹੇ ॥ ੩ ॥**[੧੧੭੫]-੧੧

੧੮- **ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥**
**ਮਨਮੁੱਖ ਅੰਧੇ ਸੂਝੈ ਨਾਹੀ, ਫਿਰਿ ਘਿਰਿ ਆਇ, ਗੁਰਮੁਖਿ ਵਥੁ ਪਾਵਣਿਆ ॥ ੪ ॥**[੧੨੪]-੨੪-੨੫

**ਅਰਥ:**--(ਜੇ ਕੋਈ ਮਨੁੱਖ ਆਪਣੇ) ਸਰੀਰ ਤੋਂ ਬਾਹਰ (ਜੰਗਲਾਂ ਵਿਚ ਪਹਾੜਾਂ ਦੀਆਂ ਗੁਫ਼ਾਂ ਵਿਚ ਇਸ ਆਤਮਕ ਚਾਨਣ ਪ੍ਰਭੂ ਨੂੰ) ਲੱਭਣ ਜਾਂਦਾ ਹੈ, ਉਸ ਨੂੰ (ਇਹ ਆਤਮਕ ਦੇਣ ਵਾਲਾ) ਹਰਿ ਨਾਮ ਤਾਂ ਨਹੀਂ ਲੱਭਦਾ, ਉਹ (ਵਿਗਾਰ ਵਿਚ ਫ਼ਸੇ ਕਿਸੇ) ਵਿਗਾਰੀ ਵਾਂਗ ਦੁੱਖ ਹੀ ਪਾਉਂਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਨੂੰ ਸਮਝ ਨਹੀਂ ਪੈਂਦੀ । (ਜੰਗਲਾਂ ਪਹਾੜਾਂ, ਵਿਚ ਖ਼ੁਆਰ ਹੋ ਹੋ ਕੇ) ਆਖ਼ਰ ਉਹ ਆ ਕੇ ਗੁਰੂ ਦੀ ਸ਼ਰਨ ਪੈ ਕੇ ਹੀ ਪ੍ਰਭੂ-ਨਾਮ ਅੰਮ੍ਰਿਤ ਪ੍ਰਾਪਤ ਕਰਦਾ ਹੈ । ੪ ।

੧੯- **ਘਰ ਹੀ ਅੰਦਰਿ ਸਾਚਾ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥ ੧੦ ॥ ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥ ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥ ੧੧ ॥**[੧੦੬੦]-੨-੧੬

੨੦- **ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥ ੧ ॥ ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰਿ ਦੀਆ ਦਿਖਾਈ ॥ ੧ ॥ ਰਹਾਉ ॥ ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥ ੨ ॥ ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥ ੩ ॥ ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥ ੪ ॥ ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ ੫ ॥ ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥ ੬ ॥ ਜਿਨ੍ੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥ ੭ ॥ ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥ ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥ ੮ ॥**[੪੨੫]-੬-੨੮

**ਅਰਥ:**--ਹੇ ਭਾਈ ! ਗੁਰ (-ਨਾਨਕ ਜੀ) ਪਾਸੋਂ ਹੀ ਪਰਮਾਤਮਾ ਲੱਭਦਾ ਹੈ (ਉਂਞ ਤਾਂ ਹਰੇਕ ਮਨੁੱਖ ਦੇ ) ਅੰਦਰ (ਪ੍ਰਭੂ-)ਨਾਮ-ਖ਼ਜ਼ਾਨਾ ਮੌਜੂਦ ਹੈ, ਪਰ ਗੁਰੂ ਨੇ ਹੀ (ਇਹ ਖ਼ਜ਼ਾਨਾ) ਵਿਖਾਇਆ ਹੈ **। ੧ । ਰਹਾਉ ।** (ਪਰਮਾਤਮਾ ਦਾ ਨਾਮ-) ਖ਼ਜ਼ਾਨਾ ਸਾਰਾ (ਮਨੁੱਖ ਦੇ ਹਿਰਦੇ ਦੇ ਅੰਦਰ ਹੀ ਹੈ, ਬਾਹਰ ਜੰਗਲ ਆਦਿਕ ਵਿਚ (ਢੂੰਢਿਆਂ) ਕੁਝ ਨਹੀਂ ਮਿਲਦਾ । (ਪਰ, ਹਾਂ) ਇਹ ਮਿਲਦਾ ਹੈ ਗੁਰੂ ਦੀ ਕਿਰਪਾ ਨਾਲ । (ਜਿਸ ਨੂੰ ਸ਼ਬਦ-ਗਿਆਨ-ਗੁਰ ਮਿਲ ਪਏ ਉਸ ਦੇ) ਅੰਦਰਲੇ ਕਿਵਾੜ (ਜੋ ਪਹਿਲਾਂ ਮਾਇਆ ਦੇ ਮੋਹ ਦੇ ਕਾਰਨ ਬੰਦ ਸਨ) ਖੁਲ੍ਹ ਜਾਂਦੇ ਹਨ **। ੧ ।** ਜਿਹੜਾ ਮਨੁੱਖ ਪਰਮਾਤਮਾ ਦੇ ਨਾਮ-ਧਨ ਦਾ ਗਾਹਕ ਬਣਦਾ ਹੈ ਉਹ (ਸ਼ਬਦ-ਗੁਰੂ-ਗਿਆਨ ਦੀ ਰਾਹੀ ਇਹ ) ਆਤਮਕ ਜੀਵਨ ਦਾ ਕੀਮਤੀ ਵਿਚਾਰ-ਰੂਪ ਧਨ, ਪ੍ਰਾਪਤ ਕਰ ਲੈਂਦਾ ਹੈ । (ਮਾਇਆ ਦੇ ਮੋਹ ਦੇ ਜੰਦਰੇ ਨਾਲ ਬੰਦ ਹੋ ਚੁੱਕਾ ਆਪਣਾ) ਹਿਰਦਾ ਉਹ (ਸ਼ਬਦ-ਗੁਰੂ-ਗਿਆਨ ਦੀ ਕਿਰਪਾ ਨਾਲ) ਖੋਲ੍ਹ ਲੈਂਦਾ ਹੈ, ਆਤਮ ਦ੍ਰਿਸ਼ਟੀ ਨਾਲ ਵੇਖਦਾ ਹੈ ਕਿ ਮਾਇਆ ਦੇ ਮੋਹ ਤੋਂ ਖਲਾਸੀ ਦਿਵਾਉਣ ਵਾਲੇ ਨਾਮ-ਧਨ ਦੇ ਖ਼ਜ਼ਾਨੇ ਭਰੇ ਪਏ ਹਨ । ਜੀਵਾਤਮਾ ਵੀ ਅੰਦਰ ਹੀ ਵੱਸਦਾ ਹੈ (ਪਰ ਜਦੋਂ ਗੁਰੂ ਦੀ ਮਿਹਰ ਨਾਲ ਸਮਝ ਪੈਂਦੀ ਹੈ, ਤਦੋਂ) ਮਨ-ਇੱਛੇ ਫਲ ਹਾਸਲ ਕਰਦਾ, ਤੇ ਮੁੜ ਇਸ ਨੂੰ ਜਨਮ-ਮਰਨ ਦਾ ਗੇੜ ਨਹੀਂ ਪੈਂਦਾ **। ੨, ੩ ।** ਜਿੰਨ੍ਹਾਂ ਨੂੰ ਗੁਰੂ ਦੀ ਦਿੱਤੀ ਹੋਈ ਸੂਝ ਮਿਲ ਗਈ ਉਨ੍ਹਾਂ ਆਤਮਕ ਜੀਵਨ ਦੀ ਪਰਖ ਕਰਨ ਵਾਲਿਆਂ ਨੇ ਨਾਮ-ਖ਼ਜ਼ਾਨਾ ਆਪਣੇ ਹਿਰਦੇ ਵਿਚ ਸਾਂਭ ਲਿਆ । ਪ੍ਰਭੂ ਦਾ ਨਾਮ ਖ਼ਜ਼ਾਨਾ ਕਿਸੇ ਮਾਇਕ ਕੀਮਤਿ ਤੋਂ ਨਹੀਂ ਮਿਲ ਸਕਦਾ । ਗੁਰੂ ਦੀ ਸਰਨ ਪੈ ਕੇ ਹੀ ਮਨੁੱਖ ਲੱਭ ਸਕਦਾ ਹੈ **। ੪ ।** ਜਿਹੜਾ ਪ੍ਰਭੂ-ਨਾਮ-ਖ਼ਜ਼ਾਨਾਂ ਹੈ ਹੀ ਹਿਰਦੇ ਦੇ ਅੰਦਰ ਉਹ ਜੰਗਲ ਆਦਿਕ ਵਿਚ ਲਭਿਆਂ ਕਿਵੇਂ ਲੱਭੇ ? ਆਪਣੀ ਮਤ ਦੇ ਪਿਛੇ ਤੁਰਨ ਵਾਲਾ ਮਨੁੱਖ (ਆਪਣੀ ਸਮਝ ਨੂੰ ਹੀ ਠੀਕ ਮੰਨਣ ਦੇ) ਭੁਲੇਖੇ ਵਿਚ ਕੁਰਾਹੇ ਪਿਆ ਹੋਇਆ ਸਾਰੇ ਜਗਤ ਵਿਚ ਭਾਲਦਾ ਫਿਰਦਾ ਆਪਣੀ ਇੱਜ਼ਤ ਗਵਾ ਲੈਂਦਾ ਹੈ **। ੫ ।** (ਜਿਵੇਂ ਕੋਈ) ਝੂਠਾ (ਠੱਗ) ਮਨੁੱਖ ਆਪਣਾ ਘਰ-ਘਾਟ ਛੱਡ ਦਿੰਦਾ ਹੈ (ਤੇ ਧਨ ਆਦਿਕ ਦੀ ਖ਼ਾਤਰ) ਪਰਾਏ ਘਰ ਵਿਚ ਜਾਂਦਾ ਹੈ ਉਹ ਚੋਰ ਵਾਂਗ ਫੜਿਆ ਜਾਂਦਾ ਹੈ (ਇਸੇ ਤਰ੍ਹਾਂ) ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਮਨੁੱਖ (ਲੋਕ ਪਰਲੋਕ ਵਿਚ) ਸੱਟਾਂ ਖਾਂਦਾ ਹੈ **। ੬ ।** ਸਤਿਗੁਰਾਂ ਦੀ ਮਿਹਰ ਨਾਲ ਜਿੰਨ੍ਹਾਂ ਮਨੁੱਖਾਂ ਨੇ ਆਪਣਾ (ਹਿਰਦਾ-) ਘਰ ਚੰਗੀ ਤਰ੍ਹਾਂ ਸਮਝ ਲਿਆ ਹੈ (ਭਾਵ, ਜਿੰਨ੍ਹਾਂ ਨੇ) ਇਹ ਪਛਾਣ ਲਿਆ ਹੈ ਕਿ ਪਰਮਾਤਮਾ ਸਾਡੇ) ਅੰਦਰ ਹੀ ਵੱਸਦਾ ਹੈ, ਉਹ ਸੁਖੀ ਜੀਵਨ ਬਿਤਾਉਂਦੇ ਹਨ **। ੭ ।** ਇਹ ਸਾਰੀਆਂ ਦਾਤਾਂ ਪਰਮਾਤਮਾ ਦੀਆਂ ਹੀ ਹਨ । ਹੋਰ ਕਿਸੇ ਨੂੰ ਕਿਹਾ ਨਹੀਂ ਜਾ ਸਕਦਾ, ਨਾਮ ਦੀ ਸਮਝ ਆ ਜਾਣੀ ਵੀ ਉਸੇ ਦੀ ਬਖ਼ਸ਼ਸ਼ ਹੈ । ਹੇ ਨਾਨਕ ! ਤੂੰ ਹਰਿ-ਨਾਮ ਸਿਮਰਦਾ ਰਹੁ । (ਜਿਹੜਾ ਮਨੁੱਖ ਉਸ ਦੀ ਯਾਦ ਨਾਲ ਜੁੜ ਜਾਂਦਾ ਹੈ ਉਹ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ **। ੮ ।**

ਇਸ ਪੂਰੇ ਗੁਰੂ-ਸ਼ਬਦ ਵਿਚ ਗੁਰਦੇਵ ਜੀ ਨੇ ਏਹੀ ਸਮਝਾਇਆ ਹੈ, ਕਿ ਰੱਬ ਨੂੰ ਪਾਉਣ ਲਈ, ਬਾਹਰ ਜੰਗਲਾਂ ਵਿਚ ਅਥਵਾ ਪਹਾੜਾਂ ਆਦਿ ਉੱਤੇ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨ ਮਤੀਏ ਸਾਕਤ, ਅਤੇ ਸਿਰ ਫਿਰੇ ਮੂਰਖ ਹੀ ਜਾਂਦੇ ਹਨ । ਗੁਰੂ ਦੀ ਸਿਖਿਆ ਅਨੁਸਾਰ ਜੀਵਨ ਢਾਲ ਕੇ, ਆਪਣੇ ਅੰਦਰ ਦੀ ਪੜਤਾਲ ਕਰਨ ਨਾਲ ਅੰਦਰੋਂ ਹੀ ਆਤਮਕ ਸੂਝ ਦੇ ਚਾਨਣੇ ਨਾਲ, ਪ੍ਰਭੂ ਦੇ ਉਸ " ਦਰਬਾਰ " ਦੇ ਦਰਸ਼ਨ ਹੋ ਜਾਂਦੇ ਹਨ, ਜਿਹੜਾ ਮਨੁੱਖ ਦੇ ਹਿਰਦੇ ਵਿਚ ਹੀ ਲੱਗਾ ਹੋਇਆ ਹੈ ।

(ੲ) **ਚੌਥੇ ਗੁਰੂ ਨਾਨਕ ਜੀ** (ਸ੍ਰੀ ਗੁਰੂ ਰਾਮਦਾਸ ਜੀ) :--

੨੧- **ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ ॥**

**ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ ॥ ੬ ॥**[੯੮੩]-੫

**ਅਰਥ:**--ਪਿੰਡ ਪਿੰਡ ਸ਼ਹਰ ਸ਼ਹਰ ਸਭਨੀ ਥਾਈਂ ਫਿਰ ਕੇ ਵੇਖ ਲਿਆ ਹੈ (ਪਰਮਾਤਮਾ ਇਉਂ ਬਾਹਰ ਭਾਲਿਆਂ ਨਹੀਂ ਲੱਭਦਾ), ਸੰਤ ਜਨਾਂ ਨੇ ਪਰਮਾਤਮਾ ਨੂੰ ਆਪਣੇ ਹਿਰਦੇ ਵਿਚੋਂ ਹੀ ਲਭਿਆ ਹੈ । ਹੇਪ੍ਰਭੂ ! ਮੇਰੇ ਅੰਦਰ ਵੀ ਸ਼ਰਧਾ ਪੈਦਾ ਕਰ ਕੇ ਮੈਨੂੰ ਵੀ (ਗੁਰੂ ਦੀ ਰਾਹੀਂ) ਆਪਣੇ ਚਰਨਾਂ ਵਿਚ ਜੋੜ ਲੈ, ਅਤੇ ਸੰਸਾਰ ਸਮੁੰਦਰ ਤੋਂ ਪਾਰ ਲੱਘਾ ।

੨੨- **ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥ ਹਉਮੈ ਗਰਬੈ ਗਰਬੁ ਆਪਿ ਖੁਆਈਐ ॥ ੩ ॥** [੩੬੯]-੧੩-੬੫

੨੩- **ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥**
**ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥... ੨੨ ॥** [੩੧੩]

## (ਸ) ਪੰਚਮ ਗੁਰੂ ਨਾਨਕ ਜੀ (ਸ੍ਰੀ ਗੁਰੂ ਅਰਜਨ ਸਾਹਿਬ ਜੀ)---

੨੪- **ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ, ਸਭਿ ਗਇਆ ॥ ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਿਆ ॥ ੧ ॥ ਦੇਖਹੁ ਅਚਰਜੁ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥ " ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ॥ ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥ ੨ ॥ ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥ ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥ ੩ ॥ ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥ ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥ ੪ ॥**[੬੧੨]-੩-੧੪

ਸੋਰਠਿ ਰਾਗ ਦੇ ਇਸ ਸ਼ਬਦ ਦੀ ਰਾਹਾਉ ਦੀ ਤੁਕ ਦੇ **ਅਰਥ**--(ਹੈਰਾਨੀ ਭਰੀਆਂ ਖ਼ੁਸ਼ੀਆਂ ਦੀ ਹੱਦ ਹੋ ਗਈ ਹੈ) । ਹੇ ਸੰਸਾਰੀ ਲੋਕੋ ! ਵੇਖੋ ਕੀ ਅਨੋਖਾ ਕੌਤਕ ਵਰਤਿਆ ਹੈ । ਜਿਸ ਪ੍ਰਭੂ ਬਾਰੇ ਇਹ ਸੁਣਦੇ ਆ ਰਹੇ ਸਾਂ ਕਿ ਉਹ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ, ਮੇਰੇ ਗੁਰੂ ਨੇ ਉਸ (ਅਗਾਧ ਬੋਧ) ਪ੍ਰਭੂ ਨੂੰ ਮੇਰੇ ਹਿਰਦੇ ਦੇ ਅੰਦਰ ਹੀ, ਮੈਨੂੰ ਵਿਖਾ ਦਿੱਤਾ ਹੈ ।

(ਹਿਰਦੇ ਦੇ ਅੰਦਰ ਹੀ ਪਰਮਾਤਮਾ ਦੇ ਦਰਸ਼ਨ ਕਰ ਲੈਣ ਵਾਲੇ ਅਨੋਖੇ ਕੌਤਕ ਉਪ੍ਰੰਤ)--ਕਈ ਗੱਲਾਂ ਕਾਰਨ ਮੈਨੂੰ ਜਿਹੜੇ ਬਹੁਤ ਚਿੰਤਾ-ਫ਼ਿਕਰ ਲੱਗੇ ਰਹਿੰਦੇ ਸਨ ਉਹ ਸਭ ਮਿਟ ਗਏ । ਮੇਰਾ ਪੁੱਠਾ ਪਿਆ ਹੋਇਆ ਹਿਰਦਾ-ਕੌਲ ਫੁੱਲ ਖਿੜ ਪਿਆ ਹੈ, ਆਤਮਕ ਅਡੋਲਤਾ ਵਿਚ ਮੇਰੀ ਲੀਨਤਾ ਹੋਈ ਰਹਿੰਦੀ ਹੈ, ਅਤੇ, ਮੇਰੀਆਂ ਸਾਰੀਆਂ ਇੰਦ੍ਰੀਆਂ ਹੁਣ ਮੇਰੇ ਮਨ ਨੂੰ ਆਤਮਕ ਸੁਖ ਦੇਣ ਵਾਂਲੀਆਂ ਹੋ ਗਈਆਂ ਹਨ । ੧ । ਜਿਹੜੇ (ਕਾਮਾਦਿਕ) ਵੈਰੀ ਮੈਨੂੰ ਬਹੁਤ ਸਤਾਇਆ ਕਰਦੇ ਸਨ, ਉਹ ਹੁਣ (ਮੇਰੇ ਨੇੜੇ ਢੁਕਣੋਂ) ਡਰਦੇ ਹਨ, ਉਹ ਸਗੋਂ ਤਰਲੇ ਕਰਦੇ ਹਨ ਕਿ ਅਸੀਂ ਹੁਣ ਤੇਰੇ ਅਧੀਨ ਹੋ ਕੇ ਰਹਾਂਗੇ, ਸਾਨੂੰ ਮਾਲਕ-ਪ੍ਰਭੂ (ਦੀ ਕ੍ਰੋਪੀ) ਤੋਂ ਬਚਾ ਲੈ । ੨ । (ਮੇਰੇ ਅੰਦਰ ਕੌਤਕ ਅਜੇਹਾ ਵਰਤਿਆ ਹੈ) ਕਿ ਉਸ ਅਵਸਥਾ ਵਿਚ ਪਰਮਾਤਮਾ (ਦੀ ਭਗਤੀ) ਦਾ ਖ਼ਜ਼ਾਨਾ (ਮੇਰੇ ਅੰਦਰ) ਖੁਲ੍ਹ ਪਿਆ ਹੈ । (ਪਰ ਇਹ ਖ਼ਜ਼ਾਨਾ) ਉਸ ਮਨੁੱਖ ਨੂੰ ਹੀ ਮਿਲਦਾ ਹੈ ਜਿਸ ਦੇ ਭਾਗਾਂ ਵਿਚ ਇਸ ਦੀ ਪ੍ਰਾਪਤੀ ਲਿਖੀ ਹੋਈ ਹੈ । [ਨੋਟ:--ਭਾਗ ਰੇਖਾ ਲਿਖਵਾ ਸਕਣ ਦੀ ਖੁਲ੍ਹ ਜਿਵੇ ਮਨੁੱਖ ਨੂੰ ਮਿਲੀ ਹੋਈ ਹੈ ਉਸ ਬਾਰੇ ਅਸੀਂ " ਹੁਕਮ " ਲੇਖ ਵਿਚ ਪੜ੍ਹ ਆਏ ਹਾਂ) ।ਗੁਰੂ ਨੇ ਮੈਨੂੰ ਇਕ ਐਸਾ ਰਤਨ ਬਖ਼ਸ਼ ਦਿੱਤਾ ਹੈ ਕਿ (ਉਸ ਦੀ ਬਰਕਤ ਨਾਲ) ਮੇਰਾ ਮਨ ਠੰਢਾ-ਠਾਰ ਹੋ ਗਿਆ ਹੇ, ਮੇਰਾ ਸਰੀਰ ਸ਼ਾਂਤ ਹੋ ਗਿਆ ਹੈ । ੩ । ਗੁਰੂ ਨੇ ਮੈਨੂੰ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੀ ਇਕ ਬੂੰਦ ਦਿੱਤੀ ਹੈ, ਹੁਣ ਮੇਰਾ ਆਤਮਕ (ਵਿਕਾਰਾਂ ਵਲੋਂ) ਅਡੋਲ ਹੋ ਗਿਆ ਹੈ, ਆਤਮਕ ਮੌਤ ਮੇਰੇ ਨੇੜੇ ਨਹੀਂ ਢੁੱਕ ਸਕਦੀ । ਜਦੋਂ ਗਰੂ ਨੇ ਪਰਮਾਤਮਾ ਦੀ ਭਗਤੀ ਦੇ ਖ਼ਜ਼ਾਨੇ ਬਖ਼ਸ਼ ਦਿੱਤੇ, ਫਿਰ ਕਰਮਾਂ ਦਾ ਹਿਸਾਬ ਕਿਸ ਨੇ ਮੰਗਣਾ ਸੀ ? ।

੨੫- **ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥**
**ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥ ੧ ॥**[੧੦੨]-੧੯-੨੬

**ਅਰਥ:**--ਗੁਰੂ ਦੀ ਕਿਰਪਾ ਨਾਲ ਜਿੰਨ੍ਹਾਂ ਮਨੁੱਖਾਂ ਨੇ ਆਪਣੇ ਹਿਰਦੇ ਵਿਚ ਹੀ ਟਿਕ ਕੇ ਪਰਮਾਤਮਾ ਨੂੰ ਲੱਭ ਲਿਆ ਹੈ, ਉਹ ਅੰਤਰ ਆਤਮੇ ਸਿਮਰਨ ਕਰਦੇ ਹੋਏ ਵੀ ਅਤੇ ਜਗਤ ਨਾਲ ਵਰਤੋਂ ਕਰਦੇ ਹੋਏ ਵੀ ਸਦਾ ਸੁਖੀ ਰਹਿੰਦੇ ਹਨ । ਸਾਰਾ ਆਤਮਕ ਸੁਖ ਹਿਰਦੇ ਵਿਚ ਟਿਕੇ ਰਹਿਣ ਵਿਚ ਹੈ। ਬਾਹਰ ਭਾਲ ਕਰਨ ਵਾਲੇ ਮਨੁੱਖ ਭਟਕਣਾ ਵਿਚ ਪੈ ਕੇ ਕੁਰਾਹੇ ਪੈਂਦੇ ਹਨ ।

੨੬- **ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥ ੧ ॥** [੩੭੬]-੨੨

੨੭- **ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆਥਾ ॥**
**ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆਥਾ ॥ ੧ ॥**[੧੦੦੨]-੩-੧੨

**ਅਰਥ:**--(ਮੇਰੇ) ਗੁਰਦੇਵ ਜੀ ਨੇ ਮੇਰੇ ਹਿਰਦੇ-ਘਰ ਵਿਚ ਹੀ ਮੈਨੂੰ ਪਰਮਾਤਮਾ ਦੇ ਦਰਸ਼ਨ ਕਰਾ ਦਿੱਤੇ ਹਨ ਸੋ ਹੁਣ ਬਾਹਰ ਭਾਲ ਕਰਨ ਦੀ ਲੋੜ ਨਹੀਂ ਰਹੀ । ਉਹ ਅਚਰਜ ਰੂਪ ਪਰਮਾਤਮਾ ਦਾ ਅਜੇਹਾ (ਆਤਮਕ) ਝਲਕਾਰਾ ਵੱਜਾ ਹੈ ਕਿ ਹੁਣ ਮੇਰਾ ਮਨ ਉਸ ਨੂੰ ਛੱਡ ਕੇ ਬਾਹਰ ਕਿਤੇ ਨਹੀਂ ਜਾਂਦਾ । ੧ ।

੨੮- **ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥ ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥ ੧ ॥ ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥ ੨ ॥ ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥ ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥ ੩ ॥ ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥ ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥ ੪ ॥**[੯੮]-੫-੧੨

**ਅਰਥ:**--ਅਨੇਕਾਂ ਲੋਕ (ਜੰਗਲਾਂ ਪਹਾੜਾਂ ਵਿਚ) ਭਾਲ ਕਰਦੇ ੨ (ਪਰਮਾਤਮਾ ਦੇ) ਦਰਸ਼ਨ ਦੀਆਂ ਤਾਂਘਾਂ ਕਰਦੇ ਹਨ, ਕਈ ਕਿਸਮਾਂ ਦੇਜੰਗਲ ਗਾਹ ਮਾਰਦੇ ਹਨ (ਪਰ ਇਸ ਤਰ੍ਹਾਂ ਪ੍ਰਭੂ ਦਾ ਦਰਸ਼ਨ ਨਹੀਂ ਹੁੰਦਾ) ।ਉਹ ਪਰਮਾਤਮਾ ਮਾਇਆ ਦੇ ਤਿੰਨ ਗੁਣਾਂ ਤੋਂ ਵੱਖਰਾ ਵੀ ਹੈ ਤੇ ਤਿੰਨ-ਗੁਣੀ ਸੰਸਾਰ ਵਿਚ ਵਿਆਪਕ ਵੀ ਹੈ । ਕੋਈ ਵਿਰਲਾ ਐਸਾ ਹੈ, ਜੋ ਉਸ ਨਾਲ ਮਿਲਾ ਸਕਦਾ ਹੈ । ੧ । ਕਈ ਐਸੇ ਹਨ ਜੋ ਛੇ ਸ਼ਾਸਤ੍ਰਾਂ ਨੂੰ ਵਿਚਾਰਦੇ ਹਨ ਤੇ ਉਨ੍ਹਾਂ ਦਾ ਉਪਦੇਸ਼ ਸੁਣਾਉਂਦੇ ਹਨ, ਦੇਵ ਪੂਜਾ ਕਰਦੇ ਹਨ, ਮੱਥੇ ਤੇ ਤਿਲਕ ਲਾਉਂਦੇ ਹਨ, ਤੀਰਥਾਂ ਤੇ ਇਸ਼ਨਾਨ ਕਰਦੇ ਹਨ । ਕਈ ਐਸੇ ਹਨ ਜੋ ਨਿਵਲੀ ਕਰਮ ਆਦਿਕ ਜੋਗੀਆਂ ਵਾਲੇ ਚਉਰਾਸੀ ਆਸਣ ਕਰਦੇ ਹਨ । ਪਰ ਇਨ੍ਹਾਂ ਉੱਦਮਾਂ ਨਾਲ ਮਨ ਵਿਚ ਸ਼ਾਂਤੀ ਨਹੀਂ

ਆ ਸਕਦੀ (ਹਿਰਦੇ ਵਿਚ ਵੱਸਦੇ ਸ਼ਾਂਤੀ ਦੇ ਸੋਮੇਂ, ਅਕਾਲਪੁਰਖ ਦਾ ਦਰਸ਼ਨ ਨਾ ਹੋ ਸਕਿਆ) **। ੨ ।** ਜੋਗੀ ਲੋਕ ਅਨੇਕਾਂ ਸਾਲ ਤਪ ਕਰਦੇ ਹਨ, ਸਾਰੀ ਧਰਤੀ ਉਤੇ ਭ੍ਰਮਣ ਕਰਦੇ ਹਨ । (ਇਸ ਤਰ੍ਹਾਂ ਵੀ) ਹਿਰਦੇ ਵਿਚ ਇਕ ਖਿਨ ਵਾਸਤੇ ਵੀ ਸ਼ਾਂਤੀ ਨਹੀਂ ਆਉਂਦੀ । ਫਿਰ ਵੀ ਜੋਗੀ ਇਨ੍ਹਾਂ ਜਪਾਂ ਤਪਾਂ ਦੇ ਪਿੱਛੇ ਹੀ ਮੁੜ ਮੁੜ ਦੌੜਦਾ ਹੈ **। ੩ ।** ਪਰਮਾਤਮਾ ਨੇ ਕਿਰਪਾ ਕਰਕੇ ਮੈਨੂੰ ਗੁਰੂ ਮਿਲਾ ਦਿੱਤਾ ਹੈ । ਗੁਰੂ ਪਾਸੋਂ ਮੈਨੂੰ ਧੀਰਜ ਮਿਲੀ ਹੈ, ਮੇਰਾ ਮਨ ਅਤੇ ਤਨ ਠੰਡਾ-ਠਾਰ ਹੋ ਗਿਆ ਹੈ (ਮੇਰੇ ਮਨ ਅਤੇ ਗਿਆਨ ਇੰਦ੍ਰਿਆਂ ਵਿਚੋਂ ਵਿਕਾਰਾਂ ਦੀ ਤਪਸ਼ ਮੁੱਕ ਗਈ ਹੈ) । (ਗੁਰੂ ਦੀ ਮਿਹਰ ਨਾਲ) ਅਬਿਨਾਸ਼ੀ ਪ੍ਰਭੂ ਮੇਰੇ ਹਿਰਦੇ ਵਿਚੋਂ ਮਿਲ ਪਿਆ ਹੈ । ਹੁਣ ਇਹ ਦਾਸ ਨਾਨਕ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਉਂਦਾ ਹੈ (ਜਿਸ ਦਾ ਸਦਕਾ ਚਿੱਤ ਪ੍ਰਭੂ ਚਰਨਾਂ ਵਿਚ ਜੁੜਿਆ ਰਹਿੰਦਾ ਹੈ) । ੪ ।

ਅਗਲੇ ਸ਼ਬਦ ਵਿਚ ਪੰਚ ਪਾਤਿਸ਼ਾਹ ਜੀ ਦਾ ਫ਼ੁਰਮਾਨ ਹੈ ਕਿ, " ਪਰਮਾਤਮਾ ਨੂੰ ਮਿਲਣ ਲਈ ਹਿਰਦੇ ਵਿਚ ਉਮਾਹ ਦਾ ਹੜ ਆਇਆ । ਮੈਂ ਪ੍ਰਭੂ ਦੀ ਖੋਜ ਵਿਚ ਚੜ੍ਹ ਪਿਆ " । ਫਿਰ ਪਿਆਰੇ ਨਾਲ ਮਿਲਾਪ ਕਿਵੇ ਅਤੇ ਕਿਥੋਂ ਹੋਇਆ ? ਪੰਚਮ ਗੁਰੂ ਨਾਨਕ ਜੀ ਤੋ ਹੀ ਸਮਝੀਏ:----

੨੯- **ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥ ੧ ॥ ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥ ੧ ॥ ਰਹਾਉ ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥ ੨ ॥ ਭਈ ਨਿਰਾਸੀ ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥ ੩ ॥ ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ ੪ ॥ ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥ ੧ ॥ ਰਹਾਉ ਦੂਜਾ ॥** [੭੩੭]- ੫

**ਅਰਥ:**--ਹੇ ਸੱਜਣ ਪ੍ਰਭੂ ! ਮੈਨੂੰ ਮਿਲ, ਮੈਂ ਤੈਥੋਂ ਸਦਕੇ ਜਾਂਦੀ ਹਾਂ । (ਤੇਰੇ ਦਰਸਨ ਤੋਂ ਬਿਨਾ) ਮੇਰਾ ਇਹ ਨਿਮਾਣਾ ਦਿਲ ਕਿਵੇਂ ਧੀਰਜ ਫੜੇ ? ੧ । ਰਹਾਉ ।

ਹੇ ਸਖੀ ! ਪਿਆਰੇ ਦਾ ਸਨੇਹਾ ਸੁਣਦਿਆਂ ਮੈਂ ਹਿਰਦੇ-ਘਰ ਵਿਚ ਸੇਜ ਵਿਛਾ ਦਿੱਤੀ । ਮੇਰਾ ਹਿਰਦਾ ਪ੍ਰਭੂ ਨੂੰ ਮਿਲਣ ਵਾਸਤੇ ਖ਼ੁਸ਼ੀ ਨਾਲ ਨੱਚ ਪਿਆ, (ਪ੍ਰਭੂ ਨੂੰ) ਲੱਭਣ ਚੜ੍ਹ ਪਿਆ ਕਿ ਮੈਂ ਪਿਆਰੇ ਦੇ ਰਹਿਣ ਦੀ ਥਾਂ ਕਿਤੇ ਵੇਖਾਂ । ਪਰ ਭਟਕ ਭਟਕ ਕੇ ਮੁੜ ਆਇਆ, ਤਦੋਂ (ਪ੍ਰਭੂ ਦੀ ਮਿਹਰ ਦੀ) ਨਿਗਾਹ ਪ੍ਰਾਪਤ ਨਾ ਹੋ ਸਕੀ **। ੧ ।** ਜੀਵ-ਇਸਤ੍ਰੀ ਅਤੇ ਪ੍ਰਭੂ-ਪਤੀ ਦੀ ਇਕੋ ਸੇਜ (ਜੀਵ-ਇਸਤ੍ਰੀ ਦੇ ਹਿਰਦੇ ਵਿਚ) ਵਿਛੀ ਹੋਈ ਹੈ, ਪਰ ਜੀਵ-ਇਸਤ੍ਰੀ (ਸਦਾ ਮਾਇਆ ਦੇ ਮੋਹ ਦੀ ਨੀਂਦ ਵਿਚ) ਸੁੱਤੀ ਰਹਿੰਦੀ ਹੈ, ਪ੍ਰਭੂ-ਪਤੀ ਸਦਾ ਜਾਗਦਾ ਰਹਿੰਦਾ ਹੈ (ਮਾਇਆ ਦੇ ਪ੍ਰਭਾਵ ਤੋਂ ਉਤਾਂਹ ਰਹਿੰਦਾ ਹੈ) ਜੀਵ-ਇਸਤ੍ਰੀ ਇਉਂ ਮਸਤ ਰਹਿੰਦੀ ਹੈ ਜਿਵੇਂ ਇਸ ਨੇ ਸ਼ਰਾਬ ਪੀਤੀ ਹੋਈ ਹੈ । ਜੇ ਪ੍ਰਭੂ-ਪਤੀ ਆਪ ਜਗਾਏ ਤਾਂ ਜੀਵ-ਇਸਤ੍ਰੀ ਜਾਗ ਵੀ ਸਕਦੀ ਹੈ **। ੨ ।** ਉਮਰ ਦੇ ਬਹੁਤ ਸਾਰੇ ਦਿਨ ਬੀਤ ਗਏ ਹਨ ਮੈਂ ਬਾਹਰ ਹੋਰ ਹੋਰ ਦੇਸਾਂ ਵਿਚ ਭਾਲ ਵੇਖਿਆ ਹੈ (ਪਰ ਬਾਹਰ ਪ੍ਰਭੂ-ਪਤੀ ਕਿਤੇ ਲੱਭਾ ਨਹੀਂ । ਬਾਹਰ ਭਾਲ ਭਾਲ ਕੇ ਮੈਂ ਨਿਰਾਸ ਹੋ ਗਈ ਹਾਂ । ਉਸ ਪ੍ਰਭੂ-ਪਤੀ ਦੇ ਚਰਨਾ ਉਤੇ ਪੈਣ ਤੋਂ ਬਿਨਾ ਮੈਨੂੰ ਇਕ ਛਿਨ ਵਾਸਤੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ । ਚੰਗੇ ਭਾਗ ਹੋਣ, ਤਾਂ ਪ੍ਰਭੂ ਆਪ ਹੀ ਮਿਹਰ ਕਰਦਾ ਹੈ ਤੇ ਉਸ ਦਾ ਮਿਲਾਪ ਹੋ (ਸਕਣ ਦਾ ਰਾਹ ਲੱਭ) ਜਾਂਦਾ ਹੈ) **। ੩ ।** ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ-ਪ੍ਰਭੂ ਮੇਰੇ ਉਤੇ ਦਇਆਵਾਨ ਹੋ ਗਿਆ ਹੈ । ਮੈਨੂੰ ਉਸ ਨੇ (ਸਤਿ-ਗੁਰੂ-ਬਾਣੀ ਦੀ ਵਿਚਾਰ) ਸੰਗਤ ਵਿਚ ਮਿਲਾ ਦਿੱਤਾ ਹੈ । ਮੇਰੀ (ਵਿਕਾਰਾਂ ਦੀ) ਤਪਸ਼ ਮਿਟ ਗਈ ਹੈ, ਮੈਂ ਉਸ ਪ੍ਰਭੂ-ਪਤੀ ਨੂੰ ਹਿਰਦੇ-ਘਰ ਵਿਚ ਹੀ ਲੱਭ ਲਿਆ ਹੈ । ਹੁਣ ਮੈਨੂੰ (ਆਪਣੇ) ਸਾਰੇ ਸਿੰਗਾਰ (ਉੱਦਮ ਅਥਵਾ ਧਾਰਮਿਕ ਪਹਿਰਾਵੇ) ਸੋਹਣੇ ਲੱਗ ਰਹੇ ਹਨ । ਗੁਰੂ ਨੇ ਮੇਰੀ ਭਟਕਣਾ ਦੂਰ ਕਰ ਦਿੱਤੀ ਹੈ **। ੪ ।** ਗੁਰੂ ਨੇ ਮੇਰੇ ਅੰਦਰੋਂ ਭਰਮ ਦਾ ਪਰਦਾ ਲਾਹ ਕੇ ਮੇਰਾ ਮਨ ਟਿਕਾ ਦਿੱਤਾ ਹੈ । ਹੁਣ ਮੈਂ ਜਿਧਰ ਵੇਖਦਾ ਹਾਂ, ਮੈਨੂੰ ਪ੍ਰਭੂ ਹੀ ਦਿੱਸਦਾ ਹੈ ।

੩੦- ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥
ਗੋਬਿੰਦ ਗੁਪਤਿ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥ ੨ ॥[੧੨੨੯]-੧-੧੨੯

**ਅਰਥ:**-ਆਤਮਕ ਮੌਤ ਲਿਆਉਂਣ ਵਾਲੀ ਮਾਇਆ-ਠਗ-ਬੂਟੀ ਖਾ ਕੇ ਮਨੁੱਖ (ਆਤਮਕ ਸਰਮਾਏ ਵਲੋਂ) ਲੁੱਟਿਆ ਜਾਂਦਾ ਹੈ, ਇਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਹੁੰਦੀ, ਹਉਮੈ ਦੀ ਮਤਿ ਦੇ ਕਾਰਨ ਹਾਥੀ ਵਾਂਗ (ਫੁੱਲਿਆ ਰਹਿੰਦਾ ਹੈ, ਇਸ ਦੇ ਅੰਦਰ ਹੀ) ਪਰਮਾਤਮਾ ਛੁਪਿਆ ਬੈਠਾ ਹੈ, ਪਰ ਉਸ ਤੋਂ ਵੱਖਾ ਹੀ ਰਹਿੰਦਾ ਹੈ । ੩ ।

## (ਹ) **ਨੌਵੇਂ ਗੁਰੂ ਨਾਨਕ** (ਸ੍ਰੀ ਗੁਰੂ ਤੇਗ਼ ਬਹਾਦਰ ਜੀ)----

੩੧- **ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥**
**ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥ ੨ ॥** [੬੩੨]-੭

**ਅਰਥ:**--ਜੀਵ ਮਾਇਆ ਦੇ ਨਸ਼ੇ ਵਿਚ ਝੱਲਾ ਹੋ ਰਿਹਾ ਹੈ, ਆਤਮਕ ਜੀਵਨ ਬਾਰੇ ਇਸ ਨੂੰ ਕੋਈ ਸੂਝ ਨਹੀਂ ਪੈਂਦੀ । ਮਾਇਆ ਤੋਂ ਨਿਰਲੇਪ ਪ੍ਰਭੂ ਇਸ ਦੇ ਹਿਰਦੇ ਵਿਚ ਹੀ ਵੱਸਦਾ ਹੈ, ਪਰ ਉਸ ਦਾ ਭੇਦ ਇਹ ਜੀਵ ਨਹੀਂ ਸਮਝਦਾ । ੨ ।

੩੨- **ਨਾ ਹਰਿ ਭਜਿਓ ਨਾ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥**
**ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥ ੨ ॥** [੬੩੨]-੩

**ਅਰਥ:**--(ਅਜੇ ਤਕ) ਨਾ ਤੂੰ ਪਰਮਾਤਮਾ ਦੀ ਭਗਤੀ ਕੀਤੀ, ਨਾ ਗੁਰੂ ਦੀ ਸ਼ਰਨ ਪਿਆ ਹੈ, ਨਾ ਹੀ ਤੇਰੇ ਅੰਦਰ ਆਤਮਕ ਜੀਵਨ ਦੀ ਸੋਝੀ ਪਈ ਹੈ । ਮਾਇਆ ਤੋਂ ਨਿਰਲੇਪ ਪ੍ਰਭੂ ਤੇਰੇ ਹਿਰਦੇ ਵਿਚ ਵੱਸ ਰਿਹਾ ਹੈ, ਪਰ ਤੂੰ (ਬਾਹਰ) ਜੰਗਲਾਂ ਵਿਚ ਉਸ ਨੂੰ ਭਾਲ ਰਿਹਾ ਹੈਂ । ੨ ।

੩੩- **ਕੀਏ ਉਪਾਵ ਮੁਕਤਿ ਕੇ ਕਾਰਨਿ, ਦਹਦਿਸਿ ਕਉ ਉਠਿ ਧਾਇਆ ॥**
**ਘਟ ਹੀ ਭੀਤਰਿ ਬਸੈ ਨਿਰੰਜਨੁ, ਤਾ ਕੋ ਮਰਮੁ ਨ ਪਾਇਆ ॥ ੨ ॥** [੭੦੩]-੨

**ਅਰਥ:**--(ਵਿਕਾਰਾਂ ਤੋਂ) ਖ਼ਲਾਸੀ ਹਾਸਲ ਕਰਨ ਲਈ ਮੈਂ ਅਨੇਕਾਂ ਹੀਲੇ ਕੀਤੇ ਹਨ, ਦਸੀ ਪਾਸੀਂ ਉਠ ਉਠ ਕੇ ਦੌੜਿਆ ਹਾਂ । )ਮਾਇਆ ਦੇ ਮੋਹ ਤੋਂ) ਨਿਰਲੇਪ ਪਰਮਾਤਮਾ ਹਿਰਦੇ ਵਿਚ ਹੀ ਵੱਸਦਾ ਹੈ, ਉਸ ਦਾ ਭੇਤ ਮੈਂ ਨਹੀਂ ਸਮਝਿਆ । ੨ ।

੩੪- **ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ੧ ॥ ਬਾਹਰਿ ਭੀਤਰਿ ਏਕੋ**

**ਜਾਨਹੁ ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥**[੬੮੪]-੧

**ਅਰਥ:**--ਹੇ ਭਾਈ ! (ਪ੍ਰਮਾਤਮਾਂ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ ? ਸਾਰਿਆਂ ਵਿਚ ਵੱਸਣ ਵਾਲਾ ਅਤੇ, ਮਾਇਆ ਤੋਂ ਨਿਰਲੇਪ ਰਹਿਣ ਵਾਲਾ ਪਰਮਾਤਮਾ, ਤੇਰੇ ਨਾਲ ਹੀ ਵੱਸਦਾ ਹੈ **। ੧ । ਰਹਾਉ ।** ਜਿਵੇਂ ਫੁੱਲਾਂ (-ਪੁਹਪ) ਵਿੱਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ (ਭਾਵ, ਪਰਛਾਵਾਂ, ਚਿਹਰਾ) ਵੱਸਦਾ ਹੈ, ਤਿਵੇਂ ਪਰਮਾਤਮਾ ਇਕ-ਰਸ ਸਭਨਾਂ ਦੇ ਅੰਦਰ ਵੱਸਦਾ ਹੈ **। ੧ ।** ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ (ਕਿਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ ) ਇਕ ਪਰਮਾਤਮਾ ਨੂੰ ਹੀ ਵੱਸਦਾ ਸਮਝੋ । ਹੇ ਨਾਨਕ ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ ਉਤਨਾ ਚਿਰ ਸਰਬ-ਵਿਆਪਕ ਪ੍ਰਭੂ ਦੀ ਸੂਝ ਨਹੀਂ ਆ ਸਕਦੀ । ੨ ।

## (ਕ) ਮਨਮੁਖ, ਅੰਧੇ, ਮੂਰਖ, ਸਾਕਤ, ਬੇਤਾਲੇ ਮਨੁੱਖ--ਉਸ ਬੇਅੰਤ ਅਤੇ ਸਰਬ-ਨਿਵਾਸੀ ਪਰਮਾਤਮਾ ਸੋਝੀ

ਆਪਣੇ, ਹਿਰਦੇ-ਸਰੀਰ ਵਿਚੋਂ ਕਰਨ ਦੇ ਥਾਂ, ਉਸ ਨੂੰ ਪਾਉਣ ਲਈ ਉਜਾੜ ਜੰਗਲਾਂ ਵਿਚੋਂ, ਅਥਵਾ ਪਹਾੜਾਂ ਦੀਆਂ ਬਰਫ਼ਾਂ ਵਿਚ, ਸਰੀਰਕ ਤਪ ਸਾਧਦੇ ਹਨ । ਦੁਰਲਭ ਮਨੁੱਖਾ ਸਰੀਰ ਦੀ ਪਾਲਣਾ ਕਰਨ ਵਾਲਾ ਧਰਮ ਤਿਆਗ ਕੇ, ਇਸ ਨੂੰ ਜਪਾਂ-ਤਪਾਂ ਦੁਆਰਾ ਖੀਣ ਕਰਨ ਦਾ ਪਾਪ ਕਰਦੇ ਹੋਏ, ਸਤਿਗੁਰਾਂ ਦੇ ਇਸ ਫ਼ੁਰਮਾਨ ਦੀ ਨਿਰਾਦਰੀ ਕਰਦੇ ਹਨ-**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ**:--

੩੫- **ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥**
**ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥ ੭ ॥**[੧੧੭]-੧੩-੧੪

੩੬- **ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥**
**ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥ ੧੫ ॥**[੩੦੯]-ਵਾਰ

**ਅਰਥ:**--ਜੋ ਮਨੁੱਖ ਪ੍ਰਭੂ-ਨਾਮ ਨੂੰ ਸਰੀਰ ਤੋਂ ਬਿਨਾ ਕਿਸੇ ਹੋਰ ਥਾਂ ਲੱਭਦੇ ਹਨ, ਉਹ ਮੂਰਖ ਹਨ, (ਮਨੁੱਖਾ ਸਰੀਰ ਵਿਚ ਆਏ ਭੂਤ ਹਨ । ਜਿਵੇਂ ਕਸਤੂਰੀ ਨੂੰ ਆਪਣੀ ਹੀ ਨਾਭੀ ਵਿਚ ਨਾ ਜਾਣਦਾ ਹੋਇਆ) ਹਰਨ ਝਾੜੀਆਂ ਵਿਚ ਲੱਭਦਾ ਫਿਰਦਾ ਹੈ ਤਿਵੇ ਇਹੋ ਜਿਹੇ ਮਨੁੱਖ ਭਰਮ ਵਿਚ ਪੈ ਕੇ ਬਨਾਂ ਵਿਚ ਭਉਂਦੇ ਫਿਰਦੇ ਹਨ । ੧੫ ।

੩੭- **ਘਟ ਘਟ ਅੰਤਰਿ ਏਕੋ ਹਰਿ ਸੋਇ ॥ ਗੁਰ ਮਿਲਿਐ ਇਕੁ ਪ੍ਰਗਟੁ ਹੋਇ ॥ ੨ ॥**
**ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥** [੧੧੭੭]-੧

**ਅਰਥ:**--ਇਕ ਪਰਮਾਤਮਾ ਹੀ ਹਰੇਕ ਸਰੀਰ ਅੰਦਰ ਵਿਆਪਕ ਹੈ । ਜੇ (ਜੀਵ ਨੂੰ) ਗੁਰੂ ਮਿਲ ਪਏ, ਤਾਂ ਉਹ ਪਰਮਾਤਮਾ ਪ੍ਰਤੱਖ ਦਿੱਸ ਪੈਂਦਾ ਹੈ । ੨ । ਇੱਕ ਪਰਮਾਤਮਾ ਹੀ ਜ਼ੱਰੇ ਜ਼ੱਰੇ ਵਿਚ ਵੱਸ ਰਿਹਾ ਹੈ । ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਾਇਆ ਦੇ ਲਾਲਚੀ ਮਨੁੱਖ ਸਮਝਦੇ ਹਨ ਕਿ ਉਹ ਕਿਤੇ ਦੂਰ ਵੱਸਦਾ ਹੈ । ੩ ।

੩੮- **ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤ ਦਿਖਾਇਆ ॥** [ਗੁਰਮੁਖਿ--ਗੁਰੂ ਨੇ]
**ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥ ੩ ॥**[੧੧੯੧]-੧-੯

**ਅਰਥ:**--ਹੇ ਭਾਈ ! ਪਰਮਾਤਮਾ ਤੋਂ ਟੁੱਟੇ ਹੋਏ ਸਾਰੇ ਮਨੁੱਖ ਦੁਨੀਆ ਢੂੰਢ ਢੂੰਢ ਕੇ ਆਤਮਕ ਮੌਤ ਸਹੇੜ ਲੈਂਦੇ ਹਨ । ਪਰ ਗੁਰੂ ਨੇ ਮੈਨੂੰ ਇਕ ਅਜਬ ਤਮਾਸ਼ਾ ਵਿਖਾਇਆ ਹੈ, ਮੈਂ (ਆਪਣੀ ਮਤ ਅਨੁਸਾਰ) ਬੜੇ ਗਹੁ ਨਾਲ ਆਪਣਾ ਸਾਰਾ ਸਰੀਰ ਖੋਜਿਆ ਹੈ, (ਪਰ ਪ੍ਰਭੂ ਦੀ ਹੋਂਦ ਦਾ ਗਿਆਨ ਨਾ ਹੋ ਸਕਿਆ) ਗੁਰੂ ਦੀ ਮਤ ਉੱਤੇ ਤੁਰ ਕੇ ਮੈਂ ਆਪਣੇ ਹਿਰਦੇ-ਘਰ ਵਿਚ ਹੀ ਪਰਮਾਤਮਾ ਨੂੰ ਲੱਭ ਲਿਆ ਹੈ । ੩ ।

੩੯- **ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥ ਸਰੀਰਿ ਸਰੋਵਰਿ ਨਾਮੁ**
**ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥ ੨ ॥ ਜੋ ਨਰ ਭਰਮਿ ਭਰਮਿ ਉਦਿਆਨੇ**
**ਤੇ ਸਾਕਤ ਮੂੜ ਮੁਹੇ ॥ ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥ ੩ ॥**[੧੩੩੬]-੪

**ਅਰਥ:**--(ਉਂਞ ਤਾਂ) ਹਰੇਕ ਸਰੀਰ-ਸ਼ਹਰ ਵਿਚ ਪਰਮਾਤਮਾ ਵੱਸਦਾ ਹੈ, ਪਰ ਗੁਰੂ ਦੀ ਮਤਿ ਦੀ ਬਰਕਤਿ ਨਾਲ ਇਹ (ਇਕ, ਯਕੀਨ ਜਾਂ) ਨਿਸ਼ਚਾ ਬਣ ਜਾਂਦਾ ਹੈ । ਜਿਸ ਸਰੀਰ-ਸਰੋਵਰ ਵਿਚ ਪਰਮਾਤਮਾ ਦਾ ਨਾਮ ਪਰਗਟ ਹੁੰਦਾ ਹੈ, ਉਸ ਹਿਰਦੇ-ਘਰ ਵਿਚ ਉਸ ਹਿਰਦੇ-ਮੰਦਰ ਵਿਚ ਪਰਮਾਤਮਾ ਦਾ ਨਾਮ ਪਰਗਟ ਹੁੰਦਾ ਹੈ, (ਓਥੋਂ ਹੀ) ਪਰਮਾਤਮਾ ਲੱਭ ਪੈਂਦਾ ਹੈ । ੨ । ਪਰ ਹੇ ਭਾਈ ! ਜਿਹੜੇ ਮਨੁੱਖ (ਆਪਣੇ ਅੰਦਰੋਂ ਲੱਭਣ ਦੇ ਥਾਂ ਪ੍ਰਭੂ ਦੀ ਪ੍ਰਾਪਤੀ ਲਈ) ਜੰਗਲਾਂ ਵਿਚ ਭਟਕਦੇ ਫਿਰਦੇ ਉਹ ਮੂਰਖ ਲੋਕ ਰੱਬ ਨਾਲੋਂ ਓਵੇਂ ਹੀ ਟੁੱਟੇ ਰਹਿੰਦੇ ਹਨ, ਜਿਵੇਂ ਕਸਤੂਰੀ ਦੀ ਸੁਗੰਧੀ ਤਾਂ ਹਿਰਨ ਦੀ ਧੁੰਨੀ ਵਿਚ ਹੁੰਦੀ ਹੈ, ਪਰ ਉਹ (ਬਾਹਰ ਭਟਕ ਭਟਕ ਕੇ ਝਾੜੀਆਂ (ਵਿਚੋ) ਫੜਦਾ (-ਗਹੇ) ਫਿਰਦਾ ਹੈ (ਭਾਵ, ਝਾੜੀਆਂ ਵਿਚੋਂ ਲੱਭਦਾ ਹੈ ਲੱਭਦਾ ਕੁਝ ਨਹੀਂ ) । ੩ ।

੪੦- **ਕਹਿ ਕਬੀਰ ਅਬ ਜਾਨਿਆ, ਗੁਰਿ ਗਿਆਨੁ ਦੀਆ ਸਮਝਾਇ ॥**
**ਅੰਤਰਗਤਿ ਹਰਿ ਭੇਟਿਆ, ਅਬ ਮੇਰਾ ਮਨੁ ਕਤਹੂ ਨ ਜਾਇ ॥ ੪ ॥**[੧੧੦੩]-੨

ਪਰਮਾਤਮਾਂ ਦੀ ਮੌਜੂਦਗੀ ਆਪਣੀ ਸਿਰਜਣਾ ਦੇ ਕਣ ਕਣ ਵਿਚ ਹੈ । ਪਰ ਉਸ ਦੇ ਆਤਮਕ ਦਰਸ਼ਨ ਕੇਵਲ ਮਨੁਖਾ ਦੇਹ ਦੇ ਅੰਦਰੋਂ ਹੀ ਹੁੰਦੇ ਹਨ । ਸਾਰੀ ਗੁਰਬਾਣੀ ਸਿਧਾਂਤ ਅਨੁਸਾਰ--**ਘਰਿ ਬੈਠਿਆ ਹਰਿ ਪਾਏ ॥** [੨੪੬] ਦੀ ਗੱਲ ਹੀ ਹੈ । ਏਸੇ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਲਈ ਬੇਅੰਤ ਗੁਰੂ ਸ਼ਬਦਾਂ ਵਿਚੋਂ ਕੁਝ ਦੀ ਸੂਚੀ ਇਸ ਪ੍ਰਕਾਰ ਹੈ :---

| | | | | | |
|---|---|---|---|---|---|
| ੧= [੧੪੬]-ਵਾਰ-੧੮(੧) | ੨= [੧੪੯]-ਵਾਰ-੨੪ | ੩= [੧੬੯]-੧-੧੫-੫੩(੩) | ੪= [੧੩੦]-੧-੩੫(੧) | ੫=[੩੬੯]-੧੩-੬੫(੩) | ੬=[੫੬੨]-੧(੩)] |
| ੭= [੫੬੯]-ਛੰਤ-੩(੨) | ੮= [੧੧੩੯]-੨-੧੫(੪) | ੯= [੧੪੧੧]-੧੮ | ੧੦=[੭੯]-੧-੩(੧) | ੧੧=[੯੭]-੩-੧੦(੨) | ੧੨=[੬੮੪]-੧ |
| ੧੩=[੧੦੩]-੨੫-੩੨(੩) | ੧੪=[੧੭੮]-੮-੭੭(੨) | ੧੫=[੨੩੫]-ਅਸਟ-੧ | ੧੬=[੨੪੬]-੫(੧) | ੧੭=[੩੧੩]-੨੨੧੮=[੫੮੨]-ਛੰਤ-੧(੪) | |
| ੧੯=[੪੨੮]-੧੩-੩੫ | ੨੦=[੫੧੭]-ਵਾਰ-੨੧ | ੨੧=[੬੮੩]-੨-੫੪(੨) | ੨੨=[੭੦੦]-੩-੪(੨) | ੨੩=[੭੪੦]-੯-੧੫(੧) | ੨੪=[੭੪੧]-੫-੨੧(੨) |
| ੨੫=[੭੭੨]-੬-੭-੫ | ੨੬=[੭੮੪]-੧-੧੧(੧) | ੨੭=[੫੫੯]-੫(੫) | ੨੮=[੬੪੪]-ਵ-ਰ-੪(੨) | ੨੯=[੭੨੨]-੨-੪(੧) | ੩੦=[੭੨੯]-੧-੨(੧) |
| ੩੧=[੨੫੬]-੩੦੩ | ੩੨=[੫੨੭]-੩(੨) | ੩੩=[੫੭੩]-ਛੰਤ-੨(੧) | ੩੪=[੫੯੭]-੮(੨) | ੩੫=[੫੯੮]-੯(ਰਹਾਉ) | ੩੬=[੫੯੮]-੧੦(੪) |
| ੩੭=[੫੮੩]-੪ | ੩੮=[੭੩੨]-੧-੫(੧) | ੩੯=[੮੦੧]-੧(੪) | ੪੦=[੮੯੨]-੧੯-੩੦(੧) | ੪੧=[੩੭੬]-੨੨(੧) | ੪੨=[੪੨੫]-੬-੨੮(੫) |

| | | | | | |
|---|---|---|---|---|---|
| ੪੩=[੬੯੫]-੩(੨) | ੪੪=[੧੦੫੬]-੪-੧੩(੬) | ੪੫=[੧੦੬੪]-੭-੨੧(੪) | ੪੬=[੬੫੬]-੧(੪) | ੪੭=[੭੫੬]-੨-੪-੯(੪) | ੪੮=[੭੫੭]-੨-੪-(੫) |
| ੪੯=[੮੩੧]-੧(੧) | ੫੦=[੭੫੨]-੩-੫(੮) | ੫੧=[੭੯੧]-ਵਾਰ-੧੯(੨) | ੫੨=[੧੦੯੯]-ਵਾਰ-੧੪(੨) | ੫੩=[੧੧੪੦]-੫-੧੮ | ੫੪=[੮੩੮]-ਥਿੱਤੀ-੧(੧) |
| ੫੫=੮੯੦]੧੪-੨੫(੪) | ੫੬=[੮੯੧]-੧੯-੩੦(੧) | ੫੭=[੯੩੨]-ਓ-੨੧ | ੫੮=[੯੩੪]ਓ-੩੬ | ੫੯=[੯੪੮]-ਵਾਰ-੩(੧) | ੬੦=[੯੫੩]-ਵਾਰ-੧੨ |
| ੬੧=[੯੫੪]ਵਾਰ-੨੪ | ੬੨=[੯੬੪]-ਵਾਰ੧੨ | ੬੩=[੧੦੩੫]-੩-੧੬(*੪) | ੬੪=[੧੦੯੦]-੨-੧੬(੧੧) | ੬੫=[੧੦੯੮]-ਵਾਰ-੧੨(੧) | ੬੬=[੧੧੦੦]-ਵਾਰ-੧੭(੩) |
| ੬੭=[੧੧੭੫]-੧੨(੪) | ੬੮=[੧੧੭੭]-੧(੪) | ੬੯=[੧੨੧੩]-੨੧-੪੪(੧) | ੭੦=[੧੨੩੬]-੧(੧) | ੭੧=[੧੨੪੩]-ਵਾਰ-੨੯ | ੭੨=[੧੨੭੩]-੧(੮) |
| ੭੩=[੧੨੯੦]-ਵਾਰ-੨੫ | ੭੪=[੧੩੧੮]-ਵਾਰ-੧੫(੧) | ੭੫=[੧੪੧੨]-੧੯ | ੭੬=[੧੩੦੫]੧-੩੭(੨) | ੭੭=[੫੩]-੧(੫) | ੭੮=[੧੩੭੮]-੧੮੪ |
| ੭੯=[੧੩੮੪]-੧੨੦ | ੮੦=[੧੪੧੮]-੪ | ੮੧=[੧੧੭੫]-੧੧(੩) | ੮੨=[੧੨੦੪]-੫(੪) | ੮੩=[੧੨੪੩]-ਵਾਰ-੨੯ | ੮੪=[੧੩੭੭]-੨੩੪ |
| ੮੫=[੧੩੭੭]-੨੩੫ | ੮੬=[੧੩੭੭]-੨੩੬ | ੮੭=[੧੩੮੩]-੧੦੩ | ੮੮=[੧੩੮੩]-੧੦੪ | ੮੯=[੨੯੪]-ਅਸਟ-੨੩ | ੯੦=[੧੩੪੯]-੨(੬) |
| ੯੧=[੫੭੬]-ਛੰਤ੧(੧) | ੯੨=[੧੩੪੯=੩(੪) | ੯੩=[੧੨੦੧]-੩-੧੦ | ੯੪=[੧੨੧੭]-ਵਾਰ-੧੩ | ੯੫=[੧੩੧੮]-੧ | ੯੬=[॥॥॥ |

੪੧- **ਚਿਤੁ ਚਲੈ, ਵਿਤੁ ਜਾਵਣੋ, ਸਾਕਤ ਡੋਲਿ ਡੋਲਾਇ ॥**
**ਬਲਹਰਿ ਢੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥**
**ਮਨਮੁਖਿ ਹਉਮੈ ਕਰਿ ਮੁਸੀ, ਗੁਰਮੁਖਿ ਪਲੈ ਪਾਇ ॥ ੪ ॥**[੬੨]-੮-੧੫

## ੩

## ਸਰਬ ਵਿਆਪਕ ਅਕਾਲ-ਪੁਰਖ ਦਾ ਖ਼ਾਸ ਟਿਕਾਣਾ ?

ਇਸ ਪੁਸਤਕ ਦੇ ਪਿਹਲੇ ਹਿੱਸੇ ਤੋਂ ਅਰੰਭ ਹੋ ਕੇ ਹੁਣ ਤੱਕ ਬੇਅੰਤ ਗੁਰੂ-ਬਾਣੀ ਸ਼ਬਦਾਂ ਦੀ ਵਿਚਾਰ ਕੀਤੀ ਹੈ । ਆਪਣੀ ਸਿਰਜਣਾ ਦੇ ਕਣ ਕਣ ਵਿਚ ਮੌਜੂਦ ਜੋਤਿ ਰੂਪ, ਸਰਬ ਵਿਆਪੀ ਅਕਾਲਪੁਰਖ ਦੇ ਕਿਸੇ ਅਜੇਹੇ ਖ਼ਾਸ ਨਿਵਾਸ ਅਸਥਾਨ ਦੀ, ਜਿਥੇ ਉਸ ਦੇ ਪ੍ਰਤੱਖ ਦਰਸ਼ਨ ਹੋ ਸਕਣ, ਕਿਤੋਂ ਕੋਈ ਟੋਹ ਨਹੀਂ ਮਿਲੀ। ਬਸ ਏਹੀ ਦੱਸ ਪੈਂਦੀ ਹੈ ਕਿ ਉਸ ਦਾ ਨਿਵਾਸ ਮਨੁੱਖ ਦੇ ਹਿਰਦੇ ਘਰ ਵਿਚ ਹੀ ਹੈ। ਗੁਰੂ-ਬਾਣੀ ਵਿਚ **(੧)** " ਹਰੀ ਦੇ ਮੰਦਰ " ਦਾ, **(੨)** " ਮਹਲ " ਦਾ, **(੩)** ਪ੍ਰਭੂ ਦੇ ਤਖ਼ਤ ਦਾ **(੪)** ਅਤੇ ਹਰੀ ਦੇ ਦਰਬਾਰ ਅਥਵਾ ਦੀਬਾਨ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਸਵਾਲ ਇਹ ਹੈ ਕਿ ਕੀ ਮਨੁੱਖ ਨੇ ਪ੍ਰਭੂ ਜੀ ਦੇ ਮਹਲ, ਦਰਗਾਹ ਆਦਿ ਨੂੰ ਅੱਜ ਤੱਕ ਕਿਤੇ ਵੇਖਿਆ ਵੀ ਹੈ ? ਭਾਵੇਂ ਉਪ੍ਰੋਕਤ ਸ਼ਬਦ ਵਿਚਾਰ ਹੀ ਅਜੇਹੇ ਸ਼ੰਕਿਆਂ ਨੂੰ ਖ਼ਤਮ ਕਰ ਚੁੱਕੀ ਹੈ ਪਰ ਕਿਉਂਕਿ ਗੁਰਸਿੱਖ ਦੇ ਮਨ ਵਿਚ ਭੁਲੇਖੇ ਪਾਉਣ ਵਾਲਿਆਂ ਦੀ ਭਰਮਾਰ ਦਿਨੋਂ ਦਿਨ ਵਧਦੀ ਜਾ ਰਹੀ ਹੈ, ਇਸ ਲਈ ਗੁਰਬਾਣੀ ਦੇ ਹਰ ਪੱਖ ਨਾਲ ਸੰਬੰਧਤ, ਵੱਧ ਤੋਂ ਵੱਧ ਗੁਰੂ ਸ਼ਬਦਾਂ ਦੀ ਵਿਚਾਰ ਕਰਨੀ ਲਾਹੇਵੰਦ ਰਹੇਗੀ। ਆਉ ਇਸ ਸ਼ੁੱਭ ਕਾਰਜ ਲਈ ਸਤਿਗੁਰਾਂ ਦੀ ਹਜ਼ੂਰੀ ਵਿਚ ਇਕਾਗਰ ਚਿਤ ਹੋ ਬੈਠੀਏ:---

### ਹਰਿ ਮੰਦਰੁ

ਉਪਰ ੧੩੪ ਨੰਬਰ ਸ਼ਬਦ ਵਿਚ ਹਰੀ ਦੇ ਮੰਦਰ ਦਾ ਜ਼ਿਕਰ ਇਸ ਪ੍ਰਕਾਰ ਆ ਚੁੱਕਾ ਹੈ:--

੪੨- **ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥ ਸਰੀਰ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰ ਹਰਿ ਪ੍ਰਭੁ ਲਹੇ ॥੨॥** ਜੋ ਨਰ ਭਰਮਿ ਭਰਮਿ ਉਦਿਆਨੇ, ਤੇ ਸਾਕਤ ਮੂੜ ਮੁਹੇ ॥ ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥ ੩ ॥ [੧੩੩੬]-੪

**ਅਰਥ:**--ਹੇ ਭਾਈ ! (ਉਂਞ ਤਾਂ) ਹਰੇਕ ਸਰੀਰ-ਸ਼ਹਰ ਵਿਚ ਪਰਮਾਤਮਾ ਵੱਸਦਾ ਹੈ, ਪਰ ਗੁਰੂ ਦੀ ਮਤਿ ਦੀ ਬਰਕਤਿ ਨਾਲ ਹੀ ਇਹ ਨਿਸਚਾ ਬਣਦਾ। ਜਿਸ ਸਰੀਰ ਸਰੋਵਰ ਵਿਚ ਪਰਮਾਤਮਾ ਦਾ ਨਾਮ ਪਰਗਟ ਹੁੰਦਾ ਹੈ, ਉਸ ਹਿਰਦੇ-ਘਰ ਵਿਚ ਉਦ ਹਿਰਦੇ-ਮੰਦਰ ਵਿਚ ਪਰਮਾਤਮਾ ਲੱਭ ਪੈਂਦਾ ਹੈ **। ੨ ।** ਪਰ ਜਿਹੜੇ ਮਨੁੱਖ (ਮਾਇਆ ਦੀ ਖ਼ਾਤਰ ਇਸ ਸੰਸਾਰ) ਜੰਗਲ ਵਿਚ ਭਟਕ ਕੇ (ਉਮਰ ਗੁਜ਼ਾਰਦੇ ਹਨ) ਉਹ ਮਨੁੱਖ ਪਰਮਾਤਮਾ ਨਾਲੋਂ ਟੁੱਟੇ ਰਹਿੰਦੇ ਹਨ, ( ਉਹ ਆਪਣਾ ਆਤਮਕ ਜੀਵਨ ਲੁਟਾ ਬੈਠਦੇ ਹਨ, ਜਿਵੇਂ ਕਸਤੂਰੀ ਦੀ ਸੁਗੰਧੀ ਹਿਰਨ ਦੀ ਧੁੰਨੀ ਵਿਚ ਵੱਸਦੀ ਹੈ, ਪਰ ਉਹ (ਬਾਹਰ ਭਟਕ ਭਟਕ ਕੇ ਝਾੜੀਆਂ ਸੁੰਘਦਾ ਫਿਰਦਾ ਹੈ (ਪ੍ਰਭੂ ਹੈ ਤਾਂ ਮਨੁੱਖ ਦੇ ਅੰਦਰ ਹੀ ਪਰ ਇਹ ਉਸ ਨੂੰ ਜੰਗਲਾਂ ਵਿਚ ਲੱਭਣ ਤੁਰ ਪੈਂਦਾ ਹੈ । ੩ ।

ਪ੍ਰਭੂ ਦੇ ਮੰਦਰ ਦੀ ਸੋਝੀ ਦੇਣ ਵਾਲੇ ਹੋਰ ਗੁਰਬਾਣੀ ਸ਼ਬਦ ਇਸ ਪ੍ਰਕਾਰ ਹਨ:--

੪੩- **ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਓ ਹਰਿ ਪਾਇਅੜਾ ਘਰਿ ਆਏ ਰਾਮ ॥ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ, ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ .... ੧ ॥**[੫੪੨]-ਛੰਤ-੧

**ਅਰਥ:**--ਹੇ ਮੇਰੇ ਪਿਆਰੇ ! (ਪਰਮਾਤਮਾ ਨੂੰ ਲੱਭਣ ਵਾਸਤੇ) ਅਸੀ ਦਸੀਂ ਪਾਸੀ ਭਾਲ ਕਰਦੇ ਫਿਰੇ, ਪਰ ਉਸ ਪਰਮਾਤਮਾ ਨੂੰ ਹੁਣ ਹਿਰਦੇ-ਘਰ ਵਿਚ ਹੀ ਆ ਕੇ ਲੱਭ ਲਿਆ ਹੈ । ਹੇ ਮੇਰੇ ਪਿਆਰੇ ! (ਇਸ ਮਨੁੱਖਾ ਸਰੀਰ ਨੂੰ) ਪਰਮਾਤਮਾ ਨੇ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ । ਪ੍ਰਭੂ ਇਸ (ਸਰੀਰ-ਘਰ) ਵਿਚ ਟਿਕਿਆ ਰਹਿੰਦਾ ਹੈ ।

੪੪- **ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥ ੧੧ ॥**[੯੫੨]-ਵਾਰ

**ਅਰਥ:**--ਇਸ ਸਰੀਰ ਨੂੰ ਪਰਮਾਤਮਾ ਦੇ ਰਹਿਣ ਦਾ ਸੋਹਣਾ ਘਰ, ਕਿਲ੍ਹਾ ਅਥਵਾ ਗੜ੍ਹ ਆਖਣਾ ਚਾਹੀਦਾ ਹੈ । ਜੇ ਗੁਰੂ ਦੇ ਹੁਕਮ ਵਿਚ ਤੁਰ ਕੇ ਪਰਮਾਤਮਾ ਦਾ ਨਾਮ ਜਪੋਗੇ ਤਾਂ ਇਸ ਸਰੀਰ ਦੇ ਅੰਦਰੋਂ ਹੀ ਚੰਗੇ ਗੁਣ-ਰੂਪ ਲਾਲ ਜਵਾਹਰ ਮਿਲ ਜਾਣਗੇ । (ਹੇ ਜੀਵ !) ਪਰਮਾਤਮਾ ਦਾ ਨਾਮ (ਹਿਰਦੇ ਵਿਚ) ਪੱਕਾ ਕਰ ਕੇ ਰੱਖ, ਤਾਂ ਹੀ ਇਸ ਸਰੀਰ

ਹਰੀ-ਦਾ-ਮੰਦਰ ਬਹੁਤ ਸੋਹਣਾ ਹੋ ਸਕਦਾ ਹੈ । (ਪਰ) ਜੋ ਮਨੁੱਖ ਆਪਣੇ ਮਨ ਦੇ ਮਗਰ ਤੁਰਦੇ ਹਨ, (ਸਮਝੋ ਕਿ) ਉਨ੍ਹਾਂ ਨੂੰ ਪ੍ਰਭੂ ਨੇ ਆਪ ਕੁਰਾਹੇ ਪਾ ਦਿੱਤਾ ਹੈ, ਉਨ੍ਹਾਂ ਨੂੰ ਮਾਇਆ ਮੋਹ ਦਾ ਝੋਰਾ ਨਿੱਤ (ਦੁਖੀ ਕਰਦਾ ਹੈ) । ਸਾਰੇ ਜੀਵਾਂ ਦਾ ਮਾਲਕ ਉਹੀ ਇਕ ਪਰਮਾਤਮਾ ਹੈ, ਪਰ ਉਹ ਮਿਲਦਾ ਪੂਰੀ ਕਿਸਮਤ ਨਾਲ ਹੈ । ੧੧ ।

੪੫- **ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥ ੧੨ ॥**[੯੫੩]-ਵਾਰ

**ਅਰਥ:**--(ਉਂਞ ਤਾਂ ਸਾਰੇ ਸਰੀਰ " ਹਰਿ ਮੰਦਰੁ " ਭਾਵ, ਰੱਬ ਦੇ ਰਹਿਣ ਦੇ ਥਾਂ, ਪਰ ਅਸਲ ਵਿਚ) ਉਹੀ ਸਰੀਰ " ਹਰਿ ਮੰਦਰੁ " ਕਿਹਾ ਜਾਣਾ ਚਾਹੀਦਾ ਹੈ ਜਿਸ ਵਿਚ (ਆਏ ਜੀਵ ਨੂੰ) ਰੱਬ ਦੀ ਪਛਾਣ ਆ ਜਾਵੇ, (ਸੋ ਮਨੁੱਖਾ ਸਰੀਰ ' ਹਰਿ ਮੰਦਰ " ਹੈ, ਕਿਉਂਕਿ) ਮਨੁੱਖਾ ਸਰੀਰ ਵਿਚ ਗੁਰੂ ਦੇ ਹੁਕਮ ਤੇ ਤੁਰ ਕੇ ਰੱਬ ਲੱਭਦਾ ਹੈ, ਹਰ ਥਾਂ ਵਿਆਪਕ ਪ੍ਰਭੂ ਦੀ ਜੋਤਿ ਦਿਸਦੀ ਹੈ । ਸਰੀਰ ਤੋਂ ਬਾਹਰ ਭਾਲਣ ਦੀ ਉੱਕਾ ਲੋੜ ਨਹੀਂ, (ਇਸ ਸਰੀਰ-) ਘਰ ਵਿਚ ਹੀ ਸਿਰਜਣ ਹਾਰ ਵੱਸ ਰਿਹਾ ਹੈ । ਪਰ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ (ਇਸ ਮਨੁੱਖਾ ਸਰੀਰ) " ਹਰਿ ਮੰਦਰੁ " ਦੀ ਕਦਰ ਨਹੀਂ ਜਾਣਦੇ, ਉਹ ਆਪਣਾ ਮਨੁੱਖਾ ਜਨਮ (ਮਨ ਦੇ ਪਿੱਛੇ ਤੁਰ ਕੇ ਹੀ) ਗੁਆ ਲੈਂਦੇ ਹਨ । ੧੨ ।

੪੬- **ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥ ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥ ੪ ॥**[੮੦੧]-੧

**ਅਰਥ:**--(ਹੇ ਭਾਈ !) ਮੈਂ ਵੀ ਨਾਮ-ਰਤਨ ਨੂੰ ਲੱਭਦੀ ਲੱਭਦੀ ਬਾਹਰ ਉਦਾਸ ਫਿਰ ਰਹੀ ਸਾਂ, ਪਰ ਨਾਮ ਹੀਰਾ ਅਮੋਲਕ ਹੈ ਉਹ (ਬਾਹਰਲੇ ਭੇਖ ਆਦਿਕ) ਉਪਾਵਾਂ ਨਾਲ ਨਹੀਂ ਮਿਲਦਾ । (ਇਹ ਸਰੀਰ ਹੀ) ਪਰਮਾਤਮਾ ਦੇ ਰਹਿਣ ਦਾ ਘਰ-ਮੰਦਰੁ ਹੈ, ਇਸ ਸਰੀਰ ਵਿਚ ਉਹ ਲਾਲ ਵੱਸ ਰਿਹਾ ਹੈ । ਜਦੋਂ ਗੁਰੂ ਨੇ (ਮੇਰੇ ਅੰਦਰੋਂ ਭਰਮ-ਭੁਲੇਖੇ ਦਾ ਪਰਦਾ ਖੋਲ੍ਹ ਦਿੱਤਾ, ਮੈਂ (ਉਸ ਲਾਲ ਨੂੰ ਆਪਣੇ ਅੰਦਰ ਹੀ) ਵੇਖ ਕੇ ਲੂੰ ਲੂੰ ਖਿੜ ਗਈ । ੪ । ।੨।

੪੭- **ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥ ੪ ॥**[੧੦੫੯]-੨-੧੬

**ਅਰਥ:**--ਇਹ ਮਨੁੱਖਾ ਸਰੀਰ ਪਰਮਾਤਮਾ ਦਾ (ਪਵਿੱਤਰ-)ਘਰ-ਮੰਦਰੁ ਹੈ, ਇਸ ਘਰ ਨੂੰ ਪਰਮਾਤਮਾ ਨੇ ਹੀ (ਬਾਕੀ ਸਰੀਰਾਂ ਨਾਲੋਂ) ਸੋਹਣਾ ਬਣਾਇਆ ਹੈ, ਇਹ ਪ੍ਰਭੂ ਆਪ ਵੱਸਦਾ ਹੈ (ਭਾਵ, ਏਸੇ ਸਰੀਰ ਦੁਆਰਾ ਪ੍ਰਭੂ ਦੀ ਹੋਂਦ ਦਾ ਗਿਆਨ ਪ੍ਰਾਪਤ ਹੁੰਦਾ ਹੈ) ਜਿਹੜੇ ਜੀਵ-ਵਣਜਾਰੇ (ਇਸ ਸਰੀਰ ਵਿਚ) ਗੁਰੂ ਦੇ ਸ਼ਬਦ(-ਗਿਆਨ) ਦੀ ਰਾਹੀਂ ਹਰਿ-ਨਾਮ ਦਾ ਵਣਜ ਕਰਦੇ ਹਨ, ਪ੍ਰਭੂ ਮਿਹਰ ਦੀ ਨਿਗਾਹ ਨਾਲ ਉਨ੍ਹਾਂ ਨੂੰ (ਆਪਣੇ ਨਾਲ) ਮਿਲਾ ਲੈਂਦਾ ਹੈ । ੪ ।

੪੮- **ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿਨਾਮੋ ਲੇਹੁ ਸਮ੍ਹਾਲਿ ॥ ੧ ॥ ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥ ੧ ॥ ਰਹਾਉ ॥ ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ ਮਨਮੁਖ ਮੂਲੁ ਨ ਜਾਣਨੀ, ਮਾਣਸਿ ਹਰਿ ਮੰਦਰੁ ਨ ਹੋਇ ॥ ੨ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥ ੩ ॥ ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥ ੪ ॥ ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥ ੫ ॥** [੧੩੪੬]-੧

**ਅਰਥ**:--ਅਰਥ:--ਹੇ ਮੇਰੇ ਮਨ ! (ਜਿਹੜਾ ਮਨੁੱਖ ਗੁਰੂ ਦੇ) ਸਬਦ (-ਗਿਆਨ) ਵਿਚ ਰੰਗਿਆ ਜਾਂਦਾ ਹੈ ਉਸ ਨੂੰ ਸਦਾ ਥਿਰ ਪਰਮਾਤਮਾ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਸੋਭਾ ਸਦਾ ਲਈ (ਲੋਕ ਪਰਲੋਕ ਵਿਚ) ਖਿੱਲਰ ਜਾਂਦੀ ਹੈ । (ਉਸ ਮਨੁੱਖ ਦਾ ਸਰੀਰ) ਪਰਮਾਤਮਾ ਦਾ ਕਦੇ ਨਾ ਡੋਲਣ ਵਾਲਾ ਘਰ ਬਣ ਜਾਂਦਾ ਹੈ (ਭਾਵ, ਉਸ ਦਾ ਸਰੀਰ ਅਜਿਹਾ ' ਹਰਿ ਮੰਦਰੁ " ਬਣ ਜਾਂਦਾ ਹੈ ਜਿਸ ਤੇ ਵਿਕਾਰਾਂ ਦਾ ਝੱਖੜ ਹਿੱਲਾ ਨਹੀਂ ਸਕਦਾ **। ੧ । ਰਹਾਉ ।** ਗੁਰੂ ਦੀ ਕਿਰਪਾ ਨਾਲ ਵੇਖ, ਪਰਮਾਤਮਾ ਦਾ ਘਰ ਤੇਰੇ ਅੰਦਰ ਹੀ ਹੈ । ਇਹ ਹਰਿ ਮੰਦਰੁ ਗੁਰੂ ਦੇ ਸਬਦ(-ਗਿਆਨ) ਰਾਹੀਂ ਹੀ ਲੱਭਿਆ ਜਾ ਸਕਦਾ ਹੈ । ( ਹੇ ਭਾਈ ! ਗੁਰੂ ਦੇ ਸ਼ਬਦ (-ਗਿਆਨ) ਵਿਚ ਜੁੜ, ਅਤੇ) ਪਰਮਾਤਮਾ ਦਾ ਨਾਮ ਆਪਣੇ ਅੰਦਰ ਸਾਂਭ ਕੇ ਰੱਖ **। ੧ ।** (ਮਨੁੱਖ ਦਾ) ਇਹ ਸਰੀਰ " ਹਰਿ-ਮੰਦਰ " ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁਲ੍ਹਦੀ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਉਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ ' ਹਰਿ-ਮੰਦਰ ' ਨਹੀਂ ਹੋ ਸਕਦਾ **। ੨ ।** (ਇਹ ਮਨੁੱਖਾ ਸਰੀਰ) ' ਹਰਿ ਮੰਦਰ ' ਪ੍ਰਭੂ ਨੇ ਆਪ ਬਣਾਇਆ ਹੈ (ਅਤੇ ਆਪਣੇ) ਹੁਕਮ ਨਾਲ ਸਜਾ ਰੱਖਿਆ ਹੈ । ਧੁਰ ਦਰਗਾਹ ਤੋਂ (ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਜਿਹੜਾ) ਲੇਖ (ਹਰੇਕ ਸਰੀਰ-ਹਰਿ-ਮੰਦਰ ਵਿਚ) ਲਿਖਿਆ ਜਾਂਦਾ ਹੈ ਉਸ ਲੇਖ ਅਨੁਸਾਰ ਹਰੇਕ ਪ੍ਰਾਣੀ ਨੂੰ ਤੁਰਨਾ ਪੈਂਦਾ ਹੈ । ਕੋਈ ਮਨੁੱਖ (ਆਪਣੇ ਕਿਸੇ ਉੱਦਮ ਨਾਲ ਉਸ ਲੇਖ ਨੂੰ ) ਮਿਟਾਉਣ ਜੋਗਾ ਨਹੀਂ ਹੈ **। ੩ ।** (ਗੁਰੂ ਦੇ ਸਬਦ-ਗਿਆਨ ਦੀ ਰਾਹੀਂ) ਸਦਾ-ਥਿਰ ਹਰਿ-ਨਾਮ ਵਿਚ (ਜਿਸ ਮਨੁੱਖ ਨੇ) ਪਿਆਰ ਪਾਇਆ, ਉਸ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਆਤਮਕ ਆਨੰਦ ਪ੍ਰਾਪਤਿ ਕੀਤਾ । (ਉਸ ਮਨੁੱਖ ਦਾ ਸਰੀਰ-) ਹਰਿ-ਮੰਦਰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸੋਹਣਾ ਬਣ ਗਿਆ, (ਉਹ ਹਰਿ-ਮੰਦਰ) ਬੇਅੰਤ ਪ੍ਰਭੂ (ਦੇ ਨਿਵਾਸ) ਵਾਸਤੇ ਮਾਨੋਂ ਸੋਨੇ ਦਾ ਕਿਲ੍ਹਾ ਬਣ ਗਿਆ **। ੪ ।** ਹੇ ਭਾਈ ! ਇਹ ਸੰਸਾਰ ਵੀ ' ਹਰਿ-ਮੰਦਰ ' ਹੀ ਹੈ (ਪਰਮਾਤਮਾ ਦੇ ਰਹਿਣ ਦਾ ਘਰ ਹੈ) । ਪਰ ਗੁਰੂ (ਦੀ ਸਰਨ) ਤੋਂ ਬਿਨਾ (ਆਤਮਕ ਜੀਵਨ ਵਲੋਂ) ਘੁੱਪ ਹਨੇਰਾ ਬਣਿਆ ਰਹਿੰਦਾ ਹੈ (ਤੇ, ਜੀਵਾਂ ਨੂੰ ਇਸ ਭੇਤ ਦੀ ਸਮਝ ਨਹੀਂ ਆਉਂਦੀ) । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ, ਆਤਮਕ ਜੀਵਨ ਵਲੋਂ ਅੰਨ੍ਹੇ ਹੋਏ ਹੋਏ ਮੂਰਖ ਮਨੁੱਖ (ਪਰਮਾਤਮਾ ਤੋਂ ਬਿਨਾ) ਹੋਰ ਨਾਲ ਪਿਆਰ ਪਾ ਕੇ ਉਸ ਨੂੰ ਪੂਜਦੇ-ਸਤਕਾਰਦੇ ਰਹਿੰਦੇ ਹਨ । ੫ ।

## ੪
# ਪਰਮਾਤਮਾ ਦਾ ਮਹਲ

ਆਮ ਬੋਲੀ ਵਿਚ ਰਾਜੇ ਦੇ ਰਹਿਣ ਦੀ ਜਗਾਹ ਨੂੰ ਮਹਲ ਕਿਹਾ ਜਾਂਦਾ ਹੈ । ਰਾਜਿਆਂ ਦਾ ਮਹਾਰਾਜਾ, ਤ੍ਰੈਲੋਕੀ ਦਾ ਨਾਥ ਜਿਥੇ ਟਿਕਾਣਾ ਬਣਾ ਲਵੇ ਉਸ ਵਰਗਾ ਹੋਰ ਮਹਲ ਕਿਹੜਾ ਹੈ ? ਆਉ ਗੁਰਬਾਣੀ ਵਿਚਲੇ ਮਹਲਾਂ ਦੇ ਦਰਸ਼ਨ ਕਰੀਏ:-

੪੯- **ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥ ੧ ॥ ਮਹਲ ਮਹਿ ਬੈਠੇ ਅਗਮ ਅਪਾਰ ॥ ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥ ੧ ॥ ਰਹਾਉ ॥ ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥ ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥ ੨ ॥ ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥ ਗੁਰਮੁਖਿ ਸਿਖ ਸੋਈ ਜਨੁ**

**ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥ ੩ ॥ ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥ ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥ ੪ ॥**[੧੨੫੫]-੫

**ਅਰਥ**:--ਅਪ੍ਹੰਚ ਤੇ ਬੇਅੰਤ ਪ੍ਰਭੂ ਜੀ ਹਰੇਕ ਸਰੀਰ ਵਿਚ ਹਨ, ਪਰ ਉਹੀ ਮਨੁੱਖ ਪ੍ਰਭੂ ਦਾ ਨਾਮ-ਅੰਮ੍ਰਿਤ ਪ੍ਰਾਪਤ ਕਰਦਾ ਹੈ ਜਿਸ ਦੀ ਨਿੱਤ ਦੀ ਕ੍ਰਿਆ (-ਆਚਰਨ, ਜੀਵਨ ਜੁਗਤ) ਗੁਰੂ ਦੇ ਸ੍ਰੇਸ਼ਟ ਸ਼ਬਦ(-ਗਿਆਨ ਦੇ ਅਨਕੂਲ) ਹੋ ਜਾਏ । ੧ । ਰਹਾਉ । (ਜਿਹੜਾ ਮਨੁੱਖ ਗੁਰੂ ਦਾ ਸ਼ਬਦ(-ਗਿਆਨ) ਹਿਰਦੇ ਵਿਚ ਵਸਾਉਂਦਾ ਹੈ ਤੇ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਹਾਸਲ ਕਰਦਾ ਹੈ, ਉਹ) ਪਰਾਈ ਇਸਤ੍ਰੀ (ਦਾ ਸੰਗ), ਪਰਾਇਆ ਧਨ, ਬਹੁਤਾ ਲਾਲਚ, ਹਉਮੈ, ਵਿਸ਼ਿਆਂ (ਵਾਲੀ ਰੁਚੀ), ਮੰਦੇ ਕਰਮ, ਭੈੜੀ ਨੀਅਤ, ਪਰਾਈ ਨਿੰਦਿਆ, ਕਾਮ ਅਤੇ ਚੰਡਾਲ ਕ੍ਰੋਧ--ਇਹ ਸਭ ਕੁਝ ਤਿਆਗ ਦਿੰਦਾ ਹੈ **। ੧ ।** ਉਹ ਮਨੁੱਖ ਦੁਖਾਂ ਸੁਖਾਂ ਨੂੰ ਇਕੋ ਜਿਹਾ ਜਾਣਦਾ ਹੈ, ਜਗਤ ਵਿਚੋਂ ਮਿਲਦੇ ਚੰਗੇ ਮੰਦੇ ਸਲੂਕ ਨੂੰ ਵੀ ਬਰਾਬਰ ਜਾਣ ਕੇ ਹੀ ਸਹਾਰਦਾ ਹੈ (ਇਹ ਸਭ ਕੁਝ ਹਰਿ-ਨਾਮ ਦੀ ਹੀ ਬਰਕਤਿ ਹੈ) । ਪਰ ਇਹ ਸੂਝ ਬੂਝ ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜਿਆਂ ਹੀ ਪ੍ਰਾਪਤ ਹੁੰਦੀ ਹੈ, ਸਾਧ (ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਰਹਿ ਕੇ ਗੁਰੂ-ਚਰਨਾਂ ਨਾਲ ਪਿਆਰ ਕੀਤਿਆਂ ਹੀ (ਅਜੇਹੀ ਸੂਝ ਬੂਝ) ਮਿਲਦੀ ਹੈ । ੨ । ਗੁਰੂ ਦੇ ਸਨਮੁਖ ਹੋ ਕੇ ਸਿਖਿਆ ਵੀ ਮਨੁੱਖ ਉਹੀ ਲੈ ਸਕਦਾ ਹੈ ਜਿਸ ਉਤੇ ਕਰਤਾਰ ਮਿਹਰ ਦੀ ਨਜ਼ਰ ਕਰਦਾ ਹੈ । ਗੁਰੂ ਨਾਮ ਦੀ ਦਾਤ ਦੇਣ ਦੇ ਸਮਰਥ ਹੈ (ਜਿਸ ਮਨੁੱਖ ਉਤੇ ਕਰਤਾਰ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਉਸ ਮਨੁੱਖ ਨੂੰ ਗੁਰੂ ਪਾਸੋਂ) ਦਿਨ ਰਾਤ ਪ੍ਰਭੂ-ਨਾਮ ਦਾ ਲਾਭ ਮਿਲਿਆ ਰਹਿੰਦਾ ਹੈ । ੩ । ਇਹ ਮਨੁੱਖਾ ਸਰੀਰ ਪਰਮਾਤਮਾ ਦਾ ਮਹਲ ਹੈ, ਪਰਮਾਤਮਾ ਦਾ ਘਰ-ਮੰਦਰ ਹੈ, ਬੇਅੰਤ ਪਰਮਾਤਮਾ ਨੇ ਇਸ ਵਿਚ ਆਪਣੀ ਜੋਤਿ ਟਿਕਾ ਰੱਖੀ ਹੈ । (ਜੀਵ ਆਪਣੇ ਹਿਰਦੇ-ਮਹਲ ਵਿਚ ਵੱਸਦੇ ਪ੍ਰਭੂ ਨੂੰ ਛੱਡ ਕੇ ਬਾਹਰ ਭਟਕਦਾ ਫਿਰਦਾ ਹੈ) । ਹੇ ਨਾਨਕ ! ( ਬਾਹਰ ਭਟਕਦਾ ਜੀਵ) ਗੁਰੂ ਦੀ ਰਾਹੀਂ ਹੀ ਹਿਰਦੇ-ਮਹਲ ਵਿਚ ਮੋੜ ਕੇ ਲਿਆਂਦਾ ਜਾ ਸਕਦਾ ਹੈ, ਤੇ ਤਦੋਂ ਮੇਲਣ ਦੇ ਸਮਰਥ ਪ੍ਰਭੂ, ਉਸ ਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ । ੪ ।

ਰਾਜਿਆਂ ਦੇ ਮਹਲਾਂ ਵਿਚ ਹੀਰੇ ਮੋਤੀ ਲੱਗੇ ਹੁੰਦੇ ਹਨ । ਪਰਮਾਤਮਾ ਦਾ ਮਹਲ ਅਜੇਹਾ ਹੈ ਜਿਥੇ ਵਡਮੁੱਲੇ ਰਤਨਾਂ ਨੇ ਕਈ ਭੰਡਾਰ ਭਰੇ ਹੁੰਦੇ ਹਨ । ਪਰ ਅਜੇਹਾ ਮਹਲ ਹੈ ਕਿਹੜੀ ਥਾਂ ਤੇ ? ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਰੱਬੀ ਮਹਲ ਸਤਵੇਂ ਅਸਮਾਨ ਤੇ ਦੱਸਿਆ ਹੈ, ਕੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਰੱਬ ਦਾ ਮਹਲ ਵੀ ਕਿਸੇ ਅਸਮਾਨ ਤੇ ਹੀ ਹੈ ? :---

੫੦- **ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ, ਛੋਡੈ ਹਉਮੈ ਮੇਰਾ ॥ ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥ ੫ ॥ ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥ ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੬ ॥ ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ ਨਾਮੁ ਅਪਾਰਾ ॥ ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥ ੭ ॥**[੧੨੬]-੨੭-੨੮

**ਅਰਥ**:--ਪਰਮਾਤਮਾ ਮਨੁੱਖ ਦੇ ਹਿਰਦੇ-ਘਰ ਵਿਚ ਹੀ ਵੱਸਦਾ ਹੈ, ਪਰ ਮਾਇਆ ਦੇ ਕਾਰਨ ਮਨੁੱਖ ਦੇ ਅੰਦਰ ਅਗਿਆਨਤਾ ਦਾ ਹਨੇਰਾ ਰਹਿੰਦਾ ਹੈ । ਜਦੋਂ ਮਨੁੱਖ ਗੁਰੂ ਦੀ ਸਰਨ ਲੈ ਕੇ (ਆਪਣੇ ਅੰਦਰੋਂ) ਹਉਮੈ ਤੇ ਮਮਤਾ ਦੂਰ ਕਰਦਾ ਹੈ, ਤਦੋਂ (ਇਸ ਦੇ ਅੰਦਰ ਪਰਮਾਤਮਾ ਦੀ ਜੋਤਿ ਦਾ ਆਤਮਕ) ਚਾਨਣ ਹੋ ਜਾਂਦਾ ਹੈ, ਆਤਮਕ ਆਨੰਦ ਦੇਣ ਵਾਲੀ ਪਰਮਾਤਮਾ ਦੀ ਸਿਫ਼ਤਿ-ਸਾਲਾਹ (ਇਸ ਦੇ ਅੰਦਰ) ਉੱਘੜ ਪੈਂਦੀ ਹੈ, ਤੇ ਇਹ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਦਾ ਹੈ **। ੫ ।** ਜਿਸ ਪ੍ਰਭੂ ਜੋਤਿ ਨੇ ਸਾਰਾ ਜਗਤ-ਪਸਾਰਾ ਪਸਾਰਿਆ ਹੈ, ਗੁਰੂ ਦੀ ਸਿਖਿਆ ਦੀ ਰਾਹੀਂ ਉਹ ਜਿਸ ਦੇ **ਅੰਦਰ ਪਰਗਟ ਹੋ** ਜਾਂਦੀ ਹੈ, ਉਸ (ਭਾਗਾਂ ਵਾਲੇ ਮਨੁੱਖ) ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ । ਉਸ ਦਾ ਹਿਰਦਾ-ਕਮਲ-ਫੁੱਲ ਖਿੜ ਪੈਂਦਾ ਹੈ, ਉਹ ਸਦਾ ਆਤਮਕ ਆਨੰਦ ਮਾਣਦਾ ਹੈ, ਉਸ ਦੀ ਸੁਰਤਿ ਪ੍ਰਭੂ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ **। ੬ ।** ਮਨੁੱਖ ਦੇ ਸਰੀਰ (-ਮਹਲ) ਵਿਚ (ਪਰਮਾਤਮਾ ਦੇ ਗੁਣ-ਰੂਪ) ਰਤਨਾਂ ਦੇ ਖ਼ਜ਼ਾਨੇ ਭਰੇ ਪਏ ਹਨ, (ਪਰ ਇਹ ਉਸ ਮਨੁੱਖ ਨੂੰ ਲੱਭਦੇ ਹਨ) ਜੇਹੜਾ ਗੁਰੂ ਦੀ ਸਰਨ ਪੈ ਕੇ ਬੇਅੰਤ ਪ੍ਰਭੂ ਦਾ ਨਾਮ ਪ੍ਰਾਪਤ ਕਰਦਾ ਹੈ। ਗੁਰੂ ਦੀ ਸਰਨ ਪੈਣ ਵਾਲਾ ਮਨੁੱਖ (ਪ੍ਰਭੂ-ਨਾਮ ਦਾ) ਵਪਾਰੀ (ਬਣ ਕੇ ਆਤਮਕ ਗੁਣ-ਰਤਨਾਂ ਦਾ) ਵਪਾਰ ਕਰਦਾ ਹੈ, ਤੇ ਸਦਾ ਪ੍ਰਭੂ-ਨਾਮ ਦੀ ਖੱਟੀ ਖੱਟਦਾ ਹੈ ।੭।

ਅਜੇਹੇ ਹੋਰ ਬੇਅੰਤ ਗੁਰੂ ਸ਼ਬਦ ਹਨ ਜਿਥੇ ਹਿਰਦੇ ਘਰ ਨੂੰ ਹੀ ਪ੍ਰਭੂ ਦਾ ਮਹਲ-ਟਕਾਣਾ ਕਿਹਾ ਗਿਆ ਹੈ । ਅਸਾਂ ਇਹ ਨਹੀਂ ਭੁਲਣਾ ਕਿ ਜਿਥੇ ਵੀ (ਪ੍ਰਭੂ-ਮਿਲਾਪ ਦੇ ਸੰਬੰਧ ਵਿਚ) **" ਪ੍ਰਭੂ ਦੇ ਮਹਲ "** ਦੀ ਗੱਲ ਆਵੇ, ਉਸ ਤੋਂ ਭਾਵ ਮਨੁੱਖ ਦਾ ਹਿਰਦਾ-ਘਰ ਹੀ ਹੈ । ਗੁਰਬਾਣੀ ਵਿਚ ਅਜੇਹੇ ਕਈ ਸ਼ਬਦ ਹਨ ਜਿਨ੍ਹਾਂ ਤੋਂ ਅਸੀਂ ਭੁਲੇਖਾ ਖਾ ਕੇ ਕਿਸੇ ਦੂਜੀ ਦੁਨੀਆਂ ਦੇ ਸੰਲਕਪ ਵਿਚ ਜਾ ਫਸਦੇ ਹਾਂ । ਅਗੇ ਲਿਖੇ ਗੁਰੂ ਸ਼ਬਦ ਨੂੰ ਪੜ੍ਹਦਿਆਂ ਮਨ ਦੀਆਂ ਅੱਖਾਂ ਅੱਗੇ ਕਿਸੇ ਅਜੇਹੀ ਥਾਂ ਦਾ ਨਕਸ਼ਾ ਆਉਂਦਾ ਹੈ, ਜਿਥੇ ਸੁਹਣੇ ਰਾਗਾਂ ਵਿਚ ਗਾਏ ਜਾ ਰਹੇ ਗੀਤਾਂ ਦੇ ਅਖਾੜੇ ਲੱਗੇ ਹੋਏ ਹਨ । ਸੰਤ ਜਨ ਮੌਜਾਂ ਕਰਦੇ ਹਨ । ਉਸ ਥਾਂ ਪੁੱਜ ਕੇ ਨਾਂ ਜੰਮਣ ਦਾ ਡਰ ਅਤੇ ਨਾ ਮਰਨ ਦਾ ਭੈ ਹੈ, ਅਤੇ ਨਾ ਕੋਈ ਸੋਗ ਹੈ ਨਾ ਫੋਕੀਆਂ ਖ਼ੁਸ਼ੀਆਂ ਹਨ । ਉਸ ਥਾਂ ਤੇ ਸਦਾ ਨਾਮ ਦੀ ਵਰਖਾ ਹੁੰਦੀ ਰਹਿੰਦੀ ਹੈ । ਸਦੀਵੀ ਅਨੰਦ ਦੀ ਨਿਰੰਤਰ ਠੰਢ ਦੇ ਵਾਤਾਵਰਨ ਵਾਲੀ ਕਿਸੇ ਉਚੇਚੀ ਅਤੇ ਅਦਭੁਤ ਥਾਂ ਦੇ ਭਰਮ ਵਿਚ ਜਾ ਫ਼ਸਦੇ ਹਾਂ । ਭਾਵ, ਆਪਣੇ ਅੰਦਰ ਲੱਗੇ ਪ੍ਰਭੂ ਦਰਬਾਰ ਵਿਚ ਹਾਜ਼ਰੀ ਭਰਨ ਦੇ ਸੱਚੇ ਆਤਮ-ਆਨੰਦ ਦੀ ਪ੍ਰਾਪਤੀ ਦੀ ਲਗਨ ਨੂੰ ਭੁੱਲ ਭਲਾ ਕੇ, ਸਾਡਾ ਮਨ, ਸਾਨੂੰ ਕਿਸੇ ਹੋਰ ਦੁਨੀਆਂ ਵਿਚ ਲੈ ਵੜਦਾ ਹੈ । ਸ਼ਬਦ ਇਸ ਪ੍ਰਕਾਰ ਹੈ :--

੫੧- **ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥ ਤਹ ਗੀਤ ਨਾਦ ਅਖਾਰੇ ਸੰਗਾ ॥ ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥ ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥ ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥ ੪ ॥**[੭੩੯]-੬-੧੨

**ਅਰਥ**:--ਆਤਮਕ ਅਡੋਲਤਾ ਪੈਦਾ ਕਰਨ ਵਾਲੀ ਪ੍ਰਭੂ ਦੀ ਸਿਫ਼ਤਿ ਸਾਲਾਹ ਬੜੀ ਹੀ ਸੁਆਦਲੀ ਹੈ, ਪਰ ਕਿਸੇ ਵਿਰਲੇ ਹੀ ਮਨੁੱਖ ਨੇ ਉਸ ਨੂੰ ਅਖੀਂ ਵੇਖਿਆ ਹੈ (ਭਾਵ, ਮਾਣਿਆਂ ਹੈ) । ੧ । ਰਹਾਉ ।

ਨੋਟ:--ਕਥਾ ਵੇਖੀ ਨਹੀਂ ਜਾ ਸਕਦੀ, ਕਥਾ ਨੂੰ ਸੁਣ ਕੇ ਮਾਣੀਦਾ ਹੈ । ਕਵਿਤਾ ਦੇ ਵਜ਼ਨ ਨੂੰ ਕਾਇਮ ਰੱਖਣ ਲਈ ਵਰਤੇ ਅਖਰਾਂ ਦੇ ਸਥਾਈ ਅਰਥਾਂ ਦੇ ਥਾਂ ਬਾਣੀ ਦੇ ਅੰਤ੍ਰੀਵ ਭਾਵ ਨੂੰ ਸਮਝਣਾ ਹੁੰਦਾ ਹੈ )

(ਆਤਮਕ ਅਡੋਲਤਾ ਪੈਦਾ ਕਰਨ ਵਾਲੀ ਉਸ ਸਿਫ਼ਤਿ-ਸਾਲਾਹ) ਵਿਚ ਪਰਮਾਤਮਾ ਦੇ ਪਿਆਰੇ ਭਗਤ ਹੀ ਵੱਸਦੇ ਹਨ । ਜਿਸ ਪਰਮਾਤਮਾ ਦੇ ਮਹਲ ਆਨੰਦ-ਭਰਪੂਰ ਹਨ ਤੇ ਜਿਸ ਦੇ ਦਰਵਾਜ਼ੇ ਉੱਚੇ ਹਨ, (ਭਾਵ, ਪ੍ਰਭੂ ਮਿਲਾਪ ਵਾਲੀ ਉਸ ਅਵਸਥਾ ਵਿਚ ਆਤਮਕ ਆਨੰਦ ਤੋਂ ਬਿਨਾ ਹੋਰ ਕਿਸੇ ਵਿਕਾਰ ਆਦਿਕ ਦੀ ਪਹੁੰਚ ਹੋ ਹੀ ਨਹੀਂ ਸਕਦੀ । ਮਾਨੋ ਪ੍ਰਭੂ ਦੇ ਉਸ ਮਹਲ ਦੇ ਦਰਵਾਜ਼ੇ ਏਨੇ ਉੱਚੇ ਹਨ ਕਿ ਕੋਈ ਵਿਕਾਰ ਉਨ੍ਹਾਂ ਤੋਂ ਪਾਰ ਜਾ ਹੀ ਨਹੀਂ ਸਕਦਾ **। ੧ ।** ਆਤਮਕ ਅਡੋਲਤਾ ਪੈਦਾ ਕਰਨ ਵਾਲੀ ਉਸ ਸਿਫ਼ਤਿ ਸਾਲਾਹ ਵਿਚ (ਮਾਨੋ) ਗੀਤ ਤੇ ਰਾਗ ਹੋ ਰਹੇ ਹੁੰਦੇ ਹਨ (ਉਸ ਵਿਚ ਮਾਨੋ) ਪਿੜ ਬੱਝੇ ਹੁੰਦੇ ਹਨ (ਜਿੱਥੇ ਕਾਮਾਦਿਕ ਪਹਿਲਵਾਨਾਂ ਨਾਲ ਟਾਕਰਾ ਕਰਨ ਦੀ

ਜਾਚ ਸਿਖੀਦੀ ਹੈ) । ਉਸ ਸਿਫ਼ਤ ਸਾਲਾਹ ਵਿਚ ਜੁੜ ਕੇ ਸੰਤ ਜਨ ਪਰਮਾਤਮਾ ਦਾ ਆਨੰਦ ਮਾਣਦੇ ਹਨ । **੨** । ਸਿਫ਼ਤਿ-ਸਾਲਾਹ ਵਿਚ ਜੁੜਿਆਂ ਜਨਮ ਮਰਨ ਦਾ ਗੇੜ ਨਹੀਂ ਰਹਿੰਦਾ, ਖ਼ੁਸ਼ੀ ਗ਼ਮੀ ਨਹੀਂ ਪੋਹ ਸਕਦੀ । ਉਸ ਅਵਸਥਾ ਵਿਚ ਸਦਾ-ਥਿਰ ਪ੍ਰਭੂ ਦੇ ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੀ ਵਰਖਾ ਹੁੰਦੀ ਹੈ । **੩** । ਇਹ ਭੇਤ ਦੀ ਗੱਲ, ਗੁਰੂ ਕੋਲੋਂ ਸਮਝੀ ਹੈ ਤਦੇ ਹੀ 'ਨਾਨਕ ' ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਾਣੀ ਉਚਾਰਦਾ ਰਹਿੰਦਾ ਹੈ । ੪ ।

੫੨- **ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥**
**ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥ ੫ ॥**[੮੩੬]-੬-੯

**ਅਰਥ:**--(ਜੀਵ-ਇਸਤ੍ਰੀ ਦੀ) ਇਕੋ ਹਿਰਦਾ-ਸੇਜ ਹੈ ਜਿਸ ਉਤੇ ਠਾਕੁਰ-ਪ੍ਰਭੂ ਆਪ ਵੀ ਵੱਸਦਾ ਹੈ, ਪਰ ਆਪਣੇ ਮਨ ਦੇ ਪਿਛੇ ਤੁਰਨ ਵਾਲੀ ਜੀਵ-ਇਸਤ੍ਰੀ (ਪ੍ਰਭੂ-ਪਤੀ ਦਾ) ਮਹਲ-ਟਿਕਾਣਾ ਨਹੀਂ ਲੱਭ ਸਕਦੀ, ਉਹ ਭਟਕਦੀ ਹੀ ਫਿਰਦੀ ਹੈ ।ਜੇ ਉਹ ਗੁਰੂ ਗੁਰੂ ਕਰਦੀ ਹੋਈ ਗੁਰੂ ਦੀ ਸਰਨ ਵਿਚ ਆ ਪਏ, ਤਾਂ ਪ੍ਰਭੂ ਆ ਕੇ ਉਸ ਨੂੰ ਮਿਲ ਪੈਂਦਾ ਹੈ ਰਤਾ ਵੀ ਚਿਰ ਨਹੀਂ ਲੱਗਦਾ । ੫ ।

ਝੱਟ ਹੀ ਪ੍ਰਭੂ ਮਿਲ ਪੈਣ ਵਾਲੀ ਗੱਲ ਤੋਂ ਟਪਲਾ ਖਾ ਕੇ ਇਹ ਸਮਝ ਲੈਣਾ ਵੱਡੀ ਭੁੱਲ ਹੈ, ਕਿ ਪ੍ਰਭੂ, ਕਿਤੇ ਬਾਹਰੋਂ ਆ ਮਿਲਦਾ ਹੈ । ਸਤਿਗੁਰਾਂ ਦਾ ਭਾਵ ਇਹ ਹੈ ਕਿ ਜਦ ਮਨੁੱਖ ਆਪਾ ਭਾਵ ਗਵਾ ਕੇ ਕੇਵਲ ਸਤਿਗੁਰਾਂ ਦੇ ਹੁਕਮ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਹਉਮੈ ਦੀ ਮੈਲ ਤੋਂ ਬਣਿਆਂ ਕੂੜ ਦਾ ਪਰਦਾ ਦੂਰ ਹੋ ਜਾਂਦਾ ਹੈ, ਅਤੇ ਮਨੁੱਖ ਸਚਿਆਰ ਹੋ ਜਾਂਦਾ ਹੈ ਅਤੇ ਅੰਦਰ ਵੱਸਦੇ ਪ੍ਰਭੂ ਦੇ ਆਤਮਕ ਦੀਦਾਰੇ ਹੋ ਜਾਂਦੇ ਹਨ । ਭਾਵ, " **ਹਉਮੈ ਜਾਈ ਤਾ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥ ੬ ॥**[੭੫੦]-੧ " **ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ** " ॥ ਜਪੁ ॥ " ਦੀ ਹੀ ਵਿਆਖਿਆ ਹੋ ਰਹੀ ਹੈ । " **ਜਿਤੁ ਦਿਸੈ ਦਰਬਾਰੁ** "–ਦੀ ਗੱਲ ਸਮਝਾਈ ਜਾ ਰਹੀ ਹੈ । ਹੇਠ ਲਿਖਿਆ ਗੁਰੂਬਾਣੀ ਸ਼ਬਦ ਵੀ ਏਸੇ ਸੰਬੰਧ ਵਿਚ ਹੀ ਹੈ । ਹਉਮੈ ਮਾਰਨ ਦੀ ਵਿਧੀ ਅਤੇ ਹਿਰਦੇ ਘਰ ਵਿਚਲੇ ਪ੍ਰਭੂ-ਮਹਲ ਦੇ ਦਰਸ਼ਨ ਦੀਦਾਰੇ:--

੫੩- **ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨੁ**
**ਪੁਰ ਪਾਏ ॥ ੧ ॥ ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ, ਰਹਣੁ ਹਰਿ ਸਰਣਾ**
**॥ ੧ ॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥**
**ਜੀਵਤੁ ਮਰੈ ਮਹਾ ਰਸੁ ਆਗੈ ॥ ੨ ॥ ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ**
**ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥ ੩ ॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥**
**ਕਰ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥ ੪ ॥**[੧੫੩]-੯

**ਅਰਥ:**--(ਹੇ ਭਾਈ ! ਸਾਰੇ ਜੀਵ ਸਰੀਰਕ) ਮੌਤ-ਰੂਪ ਹੁਕਮ ਲਿਖਾ ਕੇ ਜੰਮਦੇ ਹਨ (ਭਾਵ, ਇਹੀ ਰੱਬੀ ਨਿਯਮ ਹੈ ਕਿ ਜੋ ਜੰਮਦਾ ਹੈ ਉਸ ਨੇ ਮਰਨਾ ਭੀ ਜ਼ਰੂਰ ਹੈ) । ਸੋ, ਇਥੇ ਸਰੀਰਕ ਤੌਰ ਤੇ ਕਿਸੇ ਨੇ ਸਦਾ ਨਹੀਂ ਟਿਕੇ ਰਹਿਣਾ (ਹਾਂ) ਪ੍ਰਭੂ ਦਾ ਨਾਮ ਸਿਮਰ ਕੇ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ, ਪ੍ਰਭੂ ਦੀ ਸ਼ਰਨ ਵਿਚ ਰਹਿ ਕੇ ਸਦੀਵੀ ਆਤਮਕ ਜੀਵਨ ਮਿਲ ਜਾਂਦਾ ਹੈ । ੧ । ਰਹਾਉ ।

ਗੁਰੂ ਮਿਲ ਪਏ ਤਾਂ ਮਨੁੱਖ ਨੂੰ ਮੌਤ ਵਿਖਾ ਦਿੰਦਾ ਹੈ (ਵਿਕਾਰਾਂ ਵਲੋਂ ਮੌਤ ਹੋ ਜਾਣ ਦੇ ਗੁਣਾਂ ਦੀ ਸੋਝੀ ਕਰਾ ਕੇ ਮਨੁੱਖ ਦੇ ਜੀਵਨ ਤਜਰਬੇ ਵਿਚ ਲਿਆ ਦਿੰਦਾ ਹੈ । ਵਿਕਾਰਾਂ ਲਈ ਹੋ ਚੁੱਕੀ) ਮੌਤ ਦਾ ਅਨੰਦ (ਤੇ ਉਸ ਤੋਂ ਪੈਦਾ ਹੋਏ) ਸਦੀਵੀ ਆਤਮਕ ਜੀਵਨ ਦਾ ਆਨੰਦ ਉਸ ਮਨੁੱਖ ਨੂੰ ਆਪਣੇ ਹਿਰਦੇ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ । ਉਹ ਮਨੁੱਖ (ਸਰੀਰ ਆਦਿਕ ਦਾ) ਹੰਕਾਰ ਦੂਰ ਕਰਕੇ ਅਜੇਹੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਜਿੱਥੇ ਸੁਰਤਿ ਉੱਚਿਆਂ ਉਡਾਰੀਆਂ ਲਾਉਂਦੀ ਹੈ । ੧ । ਜੇ ਸਤਿਗੁਰੂ ਮਿਲ ਪਏ, ਤਾਂ ਮਨੁੱਖ ਦੀ ਦੁਬਿਧਾ ਦੂਰ ਹੋ ਜਾਂਦੀ ਹੈ, ਹਿਰਦੇ ਦਾ ਕੌਲ-ਫੁੱਲ ਖਿੜ ਕੇ ਉਸ ਦਾ ਮਨ ਪ੍ਰਭੂ ਦੇ ਚਰਨਾਂ ਵਿਚ ਜੁੜ ਜਾਂਦਾ ਹੈ, ਮਨੁੱਖ ਦੁਨੀਆ ਦੀ ਕਿਰਤ ਕਰਦਾ ਹੋਇਆ ਵੀ ਮਾਇਆ ਦੇ ਮੋਹ ਤੋਂ ਉੱਚਾ ਰਹਿੰਦਾ ਹੈ, ਉਸ ਨੂੰ ਪਰਤੱਖ ਤੌਰ ਤੇ ਪਰਭੂ ਦੇ ਸਿਮਰਨ ਦਾ ਮਹਾਂ ਆਨੰਦ ਅਨੁਭਵ ਹੁੰਦਾ ਹੈ । ੨ । ਜੇ ਗੁਰੂ ਮਿਲ ਪਏ ਤਾਂ ਮਨੁੱਖ ਸਿਮਰਣ ਦੀ ਜੁਗਤ ਵਿਚ ਰਹਿ ਕੇ ਪਵਿਤ੍ਰ-ਆਤਮਾ ਹੋ ਜਾਂਦਾ ਹੈ । ਗੁਰੂ ਦੀ ਦੱਸੀ ਹੋਈ ਸਿਮਰਨ ਦੀ ਪੌੜੀ ਦਾ ਆਸਰਾ ਲੈ ਕੇ (ਆਤਮਕ ਜੀਵਨ ਵਿਚ) ਉੱਚਾ ਹੀ ਉੱਚਾ ਹੁੰਦਾ ਜਾਂਦਾ ਹੈ । (ਪ੍ਰਭੂ ਦੀ ਮਿਹਰ ਦੁਆਰਾ) ਮਿਲੇ ਇਸ ਸਿਮਰਨ ਨਾਲ ਮੌਤ ਦਾ ਡਰ ਲਹਿ ਜਾਂਦਾ ਹੈ । ੩ ।

ਜੇ ਗੁਰੂ ਮਿਲ ਪਏ ਤਾਂ ਮਨੁੱਖ ਪ੍ਰਭੂ ਦੀ ਯਾਦ ਵਿਚ ਜੁੜ ਕੇ ਪ੍ਰਭੂ ਨਾਲ ਓਤ-ਪੋਤ ਹੋ ਜਾਂਦਾ ਹੈ । ਗੁਰੂ ਦੀ ਮਿਹਰ ਕਰ ਕੇ ਉਸ ਨੂੰ ਪ੍ਰਭੂ ਦਾ ਮਹਲ ਵਿਖਾ ਦਿੰਦਾ ਹੈ (ਭਾਵ, ਸਤਿਗੁਰੂ ਸਿੱਖ ਨੂੰ ਉਸ ਆਤਮਕ ਅਵਸਥਾ ਤੇ ਪੁਚਾ ਦਿੰਦਾ ਹੈ ਜਿਥੇ ਪ੍ਰਭੂ ਦਾ ਆਤਮਕ ਮਿਲਾਪ ਹੋ ਜਾਂਦਾ ਹੈ) ਉਸ ਮਨੁੱਖ ਦੀ ਹਉਮੈ ਦੂਰ ਕਰਕੇ ਉਸ ਨੂੰ ਪ੍ਰਭੂ ਨਾਲ ਇਕ-ਮਿਕ ਕਰ ਦਿੰਦਾ ਹੈ । ੪ ।

ਪਹੁੰਚ, ਰਸਾਈ, ਹਜ਼ੂਰੀ ਆਦਿ ਦੇ ਅਰਥਾਂ ਵਿਚ " ਮਹਲ " ਪਦ ਦੀ ਵਰਤੋਂ ਵਾਲੇ ਵੀ ਕੁਝ ਸ਼ਬਦ ਵਿਚਾਰ ਲਈਏ ਤਾਂ ਜੋ ਠੀਕ ਗੁਰਮਤਿ-ਗਿਆਨ ਦੇ ਸੁਹਿਰਦ ਅਭਿਲਾਖੀਆਂ ਨੂੰ ਗ਼ਲਤੀ ਲੱਗਣ ਦੀ ਸੰਭਾਵਨਾਂ ਘਟ ਜਾਏ :-----

੫੪- **ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥ ਜਾ ਤਉ**
**ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥ ੧ ॥ ਰਹਾਉ ॥**[੯੯੨]-੧੧

**ਅਰਥ:**--ਹੇ ਧਰਤੀ ਦੇ ਖ਼ਸਮ-ਪ੍ਰਭੂ ! ਜਦੋਂ ਤੂੰ ਅੰਤਰ ਆਤਮੇ ਆਪਣੇ ਨਾਮ ਨਾਲ ਜੋੜਦਾ ਹੈ, ਤਦੋਂ ਮੈਂ ਤੈਥੋਂ ਇਸ ਭੇਤ ਦੀ ਗੱਲ ਪੁੱਛਦਾ ਹਾਂ ਤੇਰਾ ਕੋਈ ਖ਼ਾਸ ਨਾਮ ਜਾਂ ਕੋਈ ਕੋਈ ਖ਼ਾਸ ਜਾਤਿ ਕਿਥੇ ਹੈ ? (ਭਾਵ, ਜਦੋਂ ਤੂੰ ਮੈਨੂੰ ਆਪਣੀ ਮਿਹਰ ਨਾਲ ਆਪਣੇ ਚਰਨਾਂ ਵਿਚ ਜੋੜਦਾ ਹੈਂ, ਤਦੋਂ ਮੈਨੂੰ ਇਹ ਸਮਝ ਆਉਂਦੀ ਹੈ ਕਿ ਨਾ ਤੇਰਾ ਕੋਈ ਖ਼ਾਸ ਨਾਮ ਹੈ ਅਤੇ ਨਾ ਹੀ ਤੇਰੀ ਕੋਈ ਖ਼ਾਸ ਜ਼ਾਤਿ ਹੈ, ਹਰਿ ਇੱਕ ਜੀਵ ਵਿਚ ਤੂੰ ਹੀ ਤੂੰ ਹੈਂ । ੧ । ਰਹਾਉ ॥

੫੫- **ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਾਨਿ**
**ਭਾਇਆ ਜੀਉ ॥ ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥ ਅਨਦਿਨੁ**
**ਜਪਤੁ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥ ਨਮੋ ਨਾਮੁ ਮਿਲੀ ਵਡਿਆਈ ਨਾਨਕ**
**ਨਾਮੁ ਮਨਿ ਭਾਵਏ ॥ ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥ ੫ ॥** [੬੯੦]-ਛੰਤ-੧

**ਪਦ ਅਰਥ:**--ਮਹਲੁ ਹਰਿ ਪਾਇਆ--ਹਰੀ ਚਰਨਾਂ ਵਿਚ ਲੀਨਤਾ ਨਸੀਬ ਹੋ ਗਈ, ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋ ਗਈ । ਕਰ--[ਬਹੁ ਵਚਨ] ਹਥ । ਭਾਇਆ-ਪਿਆਰਾ ਲੱਗਦਾ ਹੈ । ਅਨਦਿਨ--ਹਰ ਰੋਜ਼ । ਸਹਜੇ--ਆਤਮਕ ਅਡੋਲਤਾ ਵਿਚ । ਨਮੋ ਨਾਮ--ਨਾਮ ਹੀ ਨਾਮ, ਪ੍ਰਭੂ ਵਿਚ ਲੀਨਤਾ ।

੫੬- **ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥**
**ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥ ੧ ॥** [੭੮੭]-ਵਾਰ-੫

**ਅਰਥ:**--ਜਿਸ ਜੀਵ-ਇਸਤ੍ਰੀ ਨੇ ਪ੍ਰਭੂ ਦੇ ਡਰ ਤੇ ਪਿਆਰ ਦੀ ਰਾਹੀਂ (ਆਪਣੇ ਮਨ ਦਾ) ਸੋਹਜ ਬਣਾਇਆ ਹੈ, ਜਿਸ ਦੇ ਮਨ ਵਿਚ ਗੁਰੂ-ਸ਼ਬਦ-ਗਿਆਨ ਵੱਸਦਾ ਹੈ (ਭਾਵ, ਜਿਸ ਨੇ ਗੁਰੂ ਦੇ ਗਿਆਨ ਅਨੁਸਾਰ ਆਪਣੀ ਜਿੰਦਗੀ ਢਾਲ ਲਈ ਹੈ) ਉਹ ਸਦਾ ਲਈ ਸੁਹਾਗ ਭਾਗ ਵਾਲੀ ਹੋ ਜਾਂਦੀ ਹੈ । ਹੇ ਨਾਨਕ ! ਪ੍ਰਭੂ ਦੀ ਮਿਹਰ ਨਾਲ ਪ੍ਰਭੂ ਨੂੰ ਹਿਰਦੇ ਵਿਚ ਟਿਕਾਇਆਂ ਉਸ ਦਾ ਮਹਲ ਪਾ ਲਈਦਾ ਹੈ, ਭਾਵ ਉਸ ਦੀ ਹਜ਼ੂਰੀ ਪ੍ਰਾਪਤ ਹੋ ਜਾਂਦੀ ਹੈ ।

੫੭- **ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥**
**ਕਰਮਹੀਣਿ ਮਨਮੁਖਿ ਦੁਖੁ ਪਾਵੈ ॥ ੩ ॥** [੭੩੭]-੩-੩

ਭਾਵ, **ਹਉਮੈ ਨਾਵੈ ਨਾਲਿ ਵਿਰੋਧੁ ਹੈ**--ਹੰਕਾਰ ਵਿਚ ਫਸੀ ਜੀਵ ਇਸਤ੍ਰੀ ਨੂੰ ਪ੍ਰਭੂ ਦੀ ਨੇੜਤਾ ਨਹੀਂ ਮਿਲਦੀ । ਜ਼ਿਦਗੀ ਬੀਤ ਜਾਣ ਤੇ ਪਛਤਾਵਾ ਕੀਤਿਆਂ ਕੁਝ ਨਹੀਂ ਬਣਦਾ । (ਗੁਰੂ ਦੀ ਮਤਿ ਤਿਆਗ ਕੇ) ਆਪ ਹੁਦਰੀ ਬਣੀ, ਨਿਕਰਮਣ ਜੀਵ-ਇਸਤ੍ਰੀ ਸਦਾ ਦੁਖੀ ਰਹਿੰਦੀ ਹੈ ।

੫੮- **ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥**
**ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ ਤੂ ਮੈ ਮਨਿ ਵੂਠਾ ॥ ੪ ॥**[੮੮੬]-੩-੧੪

**ਅਰਥ:**--ਪੰਚਮ ਗੁਰੂ ਨਾਨਕ ਜੀ ਫ਼ੁਰਮਾਨ ਕਰ ਰਹੇ ਹਨ-(ਹੇ ਪ੍ਰਭੂ ! ਮੇਰੇ ਮਨ ਦੇ) ਕਿਵਾੜ ਖੋਲ੍ਹ ਕੇ ਤੂੰ ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ ਹੈ (ਆਪਣੇ ਨਾਮ ਨਾਲ ਪ੍ਰੀਤ ਦੀ ਬਖ਼ਸ਼ਸ਼ ਕੀਤੀ ਹੈ) । ਤੂੰ ਮੈਨੂੰ (ਮਾਨੋ) ਸਾਖਸ਼ਾਤ ਦੀਦਾਰੇ ਬਖ਼ਸ਼ ਦਿੱਤੇ ਹਨ । (ਤੇਰੇ ਨਾਲੋਂ ਵਿੱਥ ਪਾਈ ਰੱਖਣ ਵਾਲਾ ਮੇਰੇ ਅੰਦਰੋਂ) ਸਾਰਾ ਪਰਦਾ ਹੁਣ ਟੁੱਟ ਗਿਆ ਹੈ, ਹੁਣ ਤੂੰ ਮੇਰੇ ਮਨ ਵਿਚ ਆ ਵਸਿਆ ਹੈਂ, ਮੈਂ ਤੇਰਾ ਹੋ ਚੁੱਕਾ ਹਾਂ । ੪ ।

ਗੁਰਮਤਿ ਦੇ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਘੱਟੋ ਘੱਟ ਪੰਜ ਗੁਰੂ-ਫ਼ੁਰਮਾਨ ਲਿਖਣ ਦਾ ਜਿਹੜਾ ਟੀਚਾ ਮਿਥਿਆ ਹੋਇਆ ਹੈ ਉਹ ਪੂਰਾ ਹੋ ਚੁੱਕਾ ਹੈ । ਗੁਰਮਤਿ ਸਿਧਾਂਤ ਦਾ ਇਹ ਪੱਖ ਸਾਫ਼ ਹੋ ਚੁੱਕਾ ਹੈ ਕਿ ਪਰਮਾਤਮਾ ਦੀ **ਰਿਹਾਇਸ਼ ਦਾ " ਮਹਲ " ਮਨੁੱਖਾ ਹਿਰਦਾ** ਅਥਵਾ **ਅੰਤਹਕਰਣ** ਹੈ । ਇਸ ਮਹਲ ਦੇ ਦਰਵਾਜ਼ੇ ਤੱਕ ਪੁੱਜਣ ਲਈ ਸਾਧੂ-ਸਤਿਗੁਰਾਂ ਦੇ ਸ਼ਬਦ-ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਉਣ ਦੀ ਲੋੜ ਹੈ, ਭਾਵ,--**ਸਾਧੂ ਕੈ ਸੰਗਿ ਮਹਲਿ ਪਹੂਚੈ** ॥ (ਸੁਖਮਨੀ) ਪ੍ਰਭੂ ਦਾ ਮਹਲ ਪਾ ਲੈਣ ਦਾ ਅਰਥ ਹੈ ਪ੍ਰਭੂ ਦੀ ਯਾਦ ਵਿਚ ਲੀਨਤਾ । ਜੇ ਜਨਮ ਮਰਨ ਦੇ ਗੇੜ ਵਿਚੋਂ ਨਿਕਲਣਾ ਚਾਹੁੰਦੇ ਹੋ ਤਾਂ ਫਿਰ--" **ਜਾ ਕਉ ਆਏ ਸੋਈ ਬਿਹਾਝਹੁ, ਹਰਿ ਗੁਰ ਤੇ ਮਨਹਿ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਿਜੇ ਬਹੁਰਿ ਨ ਵਇਗੋ ਫੇਰਾ ॥ ੩ ॥**[੧੩]-੫

ਗੁਰੂ ਗ੍ਰੰਥ ਸਾਹਿਬ ਜੀ ਦੀ ਸਰਨ ਪਵੀਏ । ਗੁਰੂ-ਉਪਦੇਸ਼ ਨੂੰ ਹਿਰਦੇ ਵਿਚ ਵਸਾਈਏ, ਅਤੇ ਉਸ ਉਪਦੇਸ਼ ਅਨੁਸਾਰ ਆਪਣਾ ਜੀਵਨ ਬਣਾਈਏ, ਤਾਂ ਆਤਮਕ ਅਡੋਲਤਾ ਵਿਚ ਟਿਕ ਜਾਵਾਂਗੇ । ਆਪਣੇ ਅੰਦਰੋਂ ਹੀ ਪ੍ਰਭੂ ਦਾ ਮਹਲ ਪਾ ਲਵਾਂਗੇ । ਫਿਰ ਜਨਮ ਮਰਨ ਦਾ ਭੈ ਮੁੱਕ ਜਾਵੇਗਾ । ਇਸ ਗੁਰਮਤਿ-ਸਿਧਾਂਤ ਨੂੰ ਵਿਸਾਰ ਕੇ ਕਿਸੇ ਹੋਰ ਭਰਮ ਵਿਚ ਪੈਣਾ ਬਿੱਪ੍ਰ-ਵਾਦ ਹੈ ।

ਗੁਰਬਾਣੀ ਦੀ ਬਹੁਪੱਖੀ ਜਾਣਕਾਰੀ ਕਰ ਲੈਣ ਦੇ ਯਤਨ ਵਾਲੇ ਸੰਕਲਪ ਦੀ ਪੂਰਤੀ ਨਹੀਂ ਹੋਈ । " ਮਹਲ " ਸ਼ਬਦ ਗੁਰਬਾਣੀ ਵਿਚ ਹੋਰ ਅਰਥਾਂ ਵਿਚ ਵੀ ਆਇਆ ਹੈ । ਸੋ ਆਉ ਉਨ੍ਹਾਂ ਅਰਥਾਂ ਬਾਰੇ ਵੀ ਸੰਖੇਪ ਵਿਚਾਰ ਕਰ ਲਈਏ ।

## "ਮਹਲ " ਲਫ਼ਜ਼ ਦੇ ਹੋਰ ਅਰਥ ?

(ੳ) ਵੱਖ ਵੱਖ ਰੰਗ ਵਿਚ ਪ੍ਰਭੂ ਦੇ ਦਰਸ਼ਨ--

੫੯- **ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥ ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥ ੧ ॥**
**ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥ ਏਕੁ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥ ੨ ॥** [੨੦੬]-੫-੧੨੬ [ਮਹਲਿ--ਸਰੀਰ ਵਿਚ । ਅਫਾਰੋ--ਹੰਕਾਰੀ । ਗ੍ਰਹਜੁ--ਲੈ ਲੈਣ ਵਾਲਾ]

(ਅ) ਮਨੁਖਾ ਰਿਹਾਇਸ਼ ਵਾਲੇ ਮਹਲ--

੬੦- **ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ ਗੀਤ ਨਾਦ ਸੁਣਿ ਸੰਗਾ ॥ ਬਿਆਪਤ ਸੇਜ ਮਹਲ ਸੀਗਾਰ ॥**
**ਪੰਚ ਦੂਤ ਬਿਆਪਤ ਅੰਧਿਆਰ ॥ ੩ ॥**[੧੮੨]-੧੯-੮੮।

(ੲ) ਮੌਕਾ-ਮਹੱਲ, ਠੀਕ ਸਮਾ, ਥਾਂ ਕੁਥਾਂ --

੬੧- **ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ ॥ ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ ॥**
**ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ ॥ ਸਤਿਗੁਰੁ ਅਪਣੈ ਘਰਿ ਵਰਤਦਾ ਆਪੇ ਲਏ ਮਿਲਾਇ ॥**
**ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ ॥ ੨ ॥**[੬੪੯]-ਵਾਰ-੧੮
[ਮਹਲ ਕੁਮਹਲ--ਥਾਂ ਕੁਥਾਂ । ਮਹਲੁ--ਹਜ਼ੂਰੀ ਨੇੜਤਾ ]

(ਸ) ਅਵਸਰ ਸਬੱਬ--

੬੨- **ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ**
**ਜੋ ਚਾਹਹੁ ਸੋ ਹੋਇ ॥ ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥**
**ਸਾਧੁ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥. .੨੭ ॥**[੨੫੫]-ਵਾਰ [ਟਹਲ ਮਹਲ--(ਪ੍ਰਭੂ) ਦੀ ਸੇਵਾ-ਭਗਤੀ ਦਾ ਅਵਸਰ ]

(ਹ) ਸਰੀਰ ਦੇਹ--

੬੩-	**ਮਹਲੈ ਅੰਦਰਿ ਮਹਲੁ ਕੋ ਪਾਏ ॥ ਗੁਰ ਕੈ ਸਬਦਿ ਸਚਿ ਚਿਤੁ ਲਾਏ ॥**
**ਜਿਸ ਨੋ ਸਚੁ ਦੇਇ ਸੋਈ ਸਚੁ ਪਾਏ, ਸਚੇ ਸਚਿ ਮਿਲਾਇਦਾ ॥ ੮ ॥**[੧੦੬੪]-੬-੨੦[ਮਹਲੈ ਅੰਦਰਿ ਮਹਲੁ--ਸਰੀਰ ਦੇ ਅੰਦਰ ਪ੍ਰਭੂ ਦਾ ਟਿਕਾਣਾ ]

(ਕ)	ਇਸਤ੍ਰੀ--

੬੪-	**ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥॥... ੧ ॥** [੧੦੮੮]-ਵਾਰ-੫

(ਖ)	ਉਤਾਰਨਾ, ਲੀਨ ਕਰਨਾ--ਦਬਿਸਤਾਨੇ ਮਜ਼ਾਹਬ ਵਿਚ ਲਿਖਿਆ ਹੈ ਕਿ ਹਲੂਲ ਦਾ ਥਾਂ ਮਹਲ (ਦੇਹ) ਹੈ । ਏਸੇ ਲਈ ਸ੍ਰੀ ਗੁਰੂ ਨਾਨਕ ਜੀ ਦੇ ਜਾਨਸ਼ੀਨ ' ਮਹਲ ' ਕਹੇ ਜਾਂਦੇ ਹਨ ਕਿ ਇਕ ਗੁਰੂ ਆਪਣੇ ਤਾਈਂ ਦੂਜੇ ਵਿਚ ਹਲੂਲ (ਉਤਾਰਦ) ਹੈ, ਭਾਵ--ਲੀਨ ਕਰਦਾ ਹੈ । [ਮ:ਕੋ:੯੩੪]

ਮਹਲ ਪਦ ਦੇ ਵਰਤੋਂ ਵਾਲੇ ਗੁਰੂ ਸ਼ਬਦਾਂ ਦੀ ਸੂਚੀ:--

| | | | | | |
|---|---|---|---|---|---|
| ੧= [੨੦]-੧੬(੨) | ੨= [੩੪]-੨੦-੫੩(੨) | ੩= [੩੫]੨੨-੫੫ | ੪= [੩੬]੨੬-੫੯(ਰਹਾਉ) | ੫= [੬੩]-੧੬(੩) | ੬= [੫੭]-੮(੪) |
| ੭= [੬੯]-੧੭-੮(੮) | ੮= [੧੦੧]-੧੬-੨੩(੩) | ੯= [੧੦੯]-੧(੬) | ੧੦=[੧੧੧]-੪-੫(੪) | ੧੧=[੧੧੪]-੯-੧੦(੭) | ੧੨=[[੧੧੭]-੧੩-੨੪(੮) |
| ੧੩=[੧੨੬]-੨੭-੨੮(੭) | ੧੪=[੨੯]-੯-੪੨(੨) | ੧੫=[੧੨੯]-੩੨-੩੩ | ੧੬=[੧੪੨]-ਵਾਰ-੧੦ | ੧੭=[੧੪੫]-ਵਾ-੧੫ | ੧੮=[੧੪੪]-ਵਾ-੧੭ |
| ੧੯=[੧੪੪]-ਵਾ-੧੮ | ੨੦=[੧੪੮]-ਵਾ-੨੨ | ੨੧=[੧੫੩]-ਵਾਰ-੯ | ੨੨=[੧੬੨]-੧੧-੩੧(੧) | ੨੩=[੧੮੧]-੧੬-੮੫(੩) | ੨੪=[੨੧੬]-੬-੧੬੮ |
| ੨੫=[੨੨੫]-੧੦(੪) | ੨੬=[੨੨੮]-੧੫(੮) | ੨੭=[੨੨੯]-੧-੧੭(੫) | ੨੮=[੨੩੧]--੪(੬) | ੨੯=[੨੪੩]-੨ | ੩੦=[੨੪੪]-੨ |
| ੩੧=[੨੪੪]-੧ | ੩੨=[੨੪੮]-੧ | ੩੩=[੨੫੨]-੧੦ | ੩੪=[੨੫੭]-੩੨ | ੩੫=[੩੧੪]-੨੫ | ੩੬=[੩੪੫]-੨ |
| ੩੭=[੩੫੫]-੨੧ | ੩੮=[੩੫੮]-੧-੩੩ | ੩੯=[੩੬੨]-੫-੪੪ | ੪੦=[੩੬੩]-੧੦-੪੯ | ੪੧=[੩੬੯]-੧੩-੬੫(ਰਹਾ) | ੪੨=[੩੭੯]-੩੭ |
| ੪੩=[੩੯੧]-੩੫-੮੬(੩) | ੪੪=[੩੯੯]-੧੪-੧੧੬ | ੪੫=[੪੦੧]-੧-੧੨੧ | ੪੬=[੪੧੩]-੫ | ੪੭=[੪੧੪]-੬ | ੪੮=[੪੧੪]-੧੦-੭ |
| ੪੯=[੪੧੭]-੧੧ | ੫੦=[੪੧੭]-੧੨ | ੫੧=[੪੨੦]-੧੭ | ੫੨=[੪੨੩]-੨-੨੪ | ੫੩=[੪੨੫]-੬-੨੮ | ੫੪=[੪੨੬]-੮-੩੦ |
| ੫੫=[੪੨੭]-੧੧-੩੩ | ੫੬=[੪੪੩]-੩ | ੫੭=[੪੨੮]-੧੩-੩੫ | ੫੮=[੪੩੦]੨੨-੧੫-੩੭ | ੫੯=[੪੭੨]-ੑ-੧੭ | ੬੦=[੫੧੦]-੫ |
| ੬੧=[੫੧੬]-੧੮ | ੬੨=[੫੧੭]-ੑ-੧ | ੬੩=[੫੪੧]-੫ | ੬੪=[੬੪੧]-੧ | ੬੫=[੫੪੩]-੩ | ੬੬=[੫੯੫]-੪ |
| ੬੭=[੫੬੨]-੧ | ੬੮=[੫੭੬]-੨-੬ | ੬੯=[੫੮੨]-੧ | ੭੦=[੬੪੮] ਵਾਰ--੧੫ | ੭੧=[੬੪੮]-ਵਾਰ-੧੬ | ੭੨=[੬੮੯]-ਛੰਤ-੩ |
| ੭੩=[੬੯੦]-ਛੰਤ-੧ | ੭੪=[੧੫]-੫ | ੭੫=[੨੭੧]-ਅਸਟ-੭(੪) | ੭੬=[੪੨੬]-੭-੨੯ | ੭੭=[੭੭੧]-੫-੬ | ੭੮=[੮੩੬]-੬-੯ |
| ੭੯=[੮੩੯]-੧ | ੮੦=[੮੬੫]-੯-੧੧ | ੮੧=[੫੩੩]-੨੯ | ੮੨=[੭੨੨]-੨-੪ | ੮੩=[੭੨੯]-੩-੫ | ੮੪=[੭੩੮]-੧-੪ |
| ੮੫=[੭੩੯]-੬-੧੨ | ੮੬=[੭੪੦]-੧੪-੨੧ | ੮੭=[੭੫੨]-੨-੪ | ੮੮=[੭੫੯]-੧ | ੮੯=[੭੬੩]-੧ | ੯੦=[੭੬੬]-੨-੪ |
| ੯੧=[੭੭੦]-੩-੪ | ੯੨=[੭੭੧]੪-੫ | ੯੩=[੭੮੭]ਵਾਰ-੬ | ੯੪=[੮੩੯]-੮ | ੯੫=[੮੪੨]-੨ | ੯੬=[੮੪੪]-੨ |
| ੯੭=[੮੬੧]-੪ | ੯੮=[੮੮੨]-੧ | ੯੯=[੮੮੮]-੯-੨੦ | ੧੦੦=[੯੦੨]-੧ | ੧੦੧=[੯੦੪]-੪ | ੧੦੨=[੯੦੭]-੮ |
| ੧੦੩=[੯੩੫]-੪੨ | ੧੦੪=[੯੫੯]-ਵਾਰ-੫ | ੧੦੫=[੯੯੨]-੧੧ | ੧੦੬=[੧੦੨੬]-੧-੭ | ੧੦੭=[੧੦੨੭]-੨-੮ | ੧੦੮=[੧੦੩੮]-੧-੧੮ |
| ੧੦੯=[੧੦੪੨]-੫-੨੨ | ੧੧੦=[੯੩੭]ਓ-੪੯ | ੧੧੧=[੯੪੭]-ਵਾਰ-੧ | ੧੧੨=[੯੮੪]-੧ | ੧੧੩=[੧੦੦੬]-੭-੨੩ | ੧੧੪=[੧੦੫੮]-੫-੧੪ |
| ੧੧੫=[੧੦੬੩]-੫-੧੯ | ੧੧੬=[੧੦੬੬]-੮-੨੨ | ੧੧੭=[੧੦੯੩]-ਵਾਰ-੧੮ | ੧੧੮=[੧੧੬੧]-੭-੧੫ | ੧੧੯=[੧੧੮੫]-੨-੨੦ | ੧੨੦=[੧੨੨੯]-੧-੧੩੦ |
| ੧੨੧=[੧੦੫੩]-੧-੧੦ | ੧੨੨=[੧੦੯੭]-ਵਾਰ-੯ | ੧੨੩=[੧੦੯੮]-ਵਾਰ-੧੨ | ੧੨੪=[੧੧੦੮]-੧(੭) | ੧੨੫=[੧੧੦੯]-ਛੰਤ-੧੬ | ੧੨੬=[੧੧੧੧]ਛੰਤ-੪ |
| ੧੨੭=[੧੧੧੨]-ਛੰਤ-੫ | ੧੨੮=[੧੧੧੩]-ਛੰਤ-੬ | ੧੨੯=[੧੧੧੭]-੧-੧੧ | ੧੩੦=[੧੧੩੧]-੬-੧੬ | ੧੩੧=[੧੧੭੦]-੭ | ੧੩੨=[੧੧੮੯]-੪ |
| ੧੩੩=[੧੨੮੪]-ਵਾਲ-੧੩ | ੧੩੪=[੧੨੫੫]-੫ | ੧੩੫=[੧੨੬੭੧]-੨-੧੧ | ੧੩੬=[੧੨੭੫]-੧-੪ | ੧੩੭=[੧੨੮੦]-ਵਾਰ-੫ | ੧੩੮=[੧੨੮੩]-ਵਾਰ-੧੨ |
| ੧੩੯=[੧੩੧੦]-ਅਸ-੪ | ੧੪੦=[੨੯]-੯-੪੨ | ੧੪੧=[੩੦]-੧੦-੪੩ | ੧੪੨=[੩੦]-੧੧-੪੪ | ੧੪੩=[੩੪੫]-੧ | ੧੪੪=[੩੬੩]-੮-੪੭ |
| ੧੪੫=[੧੨੩੩]-੧ | ੧੪੬=[੪੧੫]-ਅਸਟ-੮ | ੧੪੭=[੪੮੯]-੨- | | | |

੬੫-	**ਸਤਿਗੁਰੁ ਮਿਲੈ ਤ ਮਹਲ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥**
**ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਦਾ ॥ ੭ ॥**[੧੦੪੩]-੫-੨੨

## ੫

# ਰੱਬੀ ਤਖ਼ਤੁ

੬੬-	**ਘਰ ਦਰ ਮੰਦਰੁ ਜਾਣੈ ਸੋਈ ॥ ਜਿਸੁ ਪੂਰੈ ਗੁਰ ਤੇ ਸੋਝੀ ਹੋਈ ॥**
**ਕਾਇਆ ਗੜ ਮਹਲ ਮਹਲੀ ਪ੍ਰਭ ਸਾਚਾ, ਸਚੁ ਸਾਚਾ ਤਖਤ ਰਚਾਇਆ** ॥੧੨ ॥[੧੦੩੯]-੧-੧੮

ਉਪਰੋਕਤ ਗੁਰਬਾਣੀ ਸ਼ਬਦਾਂ ਦੇ ਵਿਚਾਰ ਲੈਣ ਉਪ੍ਰੰਤ, ਸਪੱਸ਼ਟ ਹੋ ਗਿਆ ਹੈ ਕਿ ਦਰਗਾਹ ਦੇ ਮਾਲਕ ਪ੍ਰਭੂ ਨੇ ਆਪਣੇ ਰਹਿਣ ਦੀ ਥਾਂ ਮਨੱਖਾ ਸਰੀਰ ਬਣਾਇਆ ਹੈ । ਮਨੁੱਖਾ ਦੇਹ ਹੀ ਉਸ ਦਾ **ਮੰਦਰ** ਹੈ ਅਤੇ ਮਨੁੱਖੀ-ਹਿਰਦਾ ਹੀ ਉਸ ਅਪਾਰ ਅਤੇ ਸਰਬ ਨਿਵਾਸੀ ਪ੍ਰਭੂ ਦੇ ਰਹਿਣ ਦਾ ਇਲਾਹੀ **ਰਾਜ-ਮਹਲ** ਹੈ । ਹੁਣ ਅਸਾਂ ਇਹ ਸਮਝਣਾ ਹੈ ਕਿ, ਕੀ ਜੀਵਾਂ ਦੇ ਕਰਮਾਂ ਦਾ ਫ਼ੈਸਲਾ ਕਰਨ ਵਾਲੇ ਸੱਚੇ ਪਾਤਿਸ਼ਾਹ, ਉਸ ਊਚੇ ਅਪਾਰ ਬੇਅੰਤ ਸੁਆਮੀ ਦਾ " **ਤਖ਼ਤ** " ਵੀ ਮਨੁੱਖੀ ਹਿਰਦਾ ਹੀ ਹੈ ? :--

੬੭-	**ਅੰਦਰਿ ਰਾਜਾ ਤਖ਼ਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥**
**ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥**
**ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥ ੧੮ ॥**[੧੦੯੨]-ਵਾਰ

**ਅਰਥ:**-- (ਜੀਵ ਦੇ) ਅੰਦਰ ਹੀ (ਜੀਆਂ ਦਾ) ਮਾਲਕ ਬੈਠਾ ਹੈ, (ਜੀਵ ਦੇ) ਅੰਦਰ ਹੀ ਉਸ ਦਾ ਤਖ਼ਤ ਹੈ, ਉਹ ਆਪ ਹੀ (ਅੰਦਰ ਬੈਠਾ ਹੋਇਆ, ਜੀਵ ਦੇ ਕੀਤੇ ਕਰਮਾ ਦਾ) ਨਿਆ ਕਰੀ ਜਾਂਦਾ ਹੈ, (ਜੀਵ ਦੇ) ਅੰਦਰ ਹੀ ਉਸ ਦਾ ਮਹਲ ਹੈ, ਜੀਵ ਦੇ ਅੰਦਰ ਬੈਠਾ ਜੀਵ ਨੂੰ ਆਸਰਾ (ਦੇਈ ਜਾ ਰਿਹਾ) ਹੈ, ਪਰ ਉਸ ਦੇ ਮਹਲ ਦਾ ਬੂਹਾ ਗੁਰੂ ਦੇ ਸ਼ਬਦ (-ਗਿਆਨ) ਦੀ ਰਹੀਂ ਲਭਦਾ ਹੈ । (ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜ਼ੂਰੀ ਵਿਚ) ਖਰੇ ਜੀਵ ਪਰਖ ਕੇ ਖ਼ਜ਼ਾਨੇ ਵਿਚ ਰੱਖੇ ਜਾਂਦੇ ਹਨ (ਭਾਵ, ਅੰਦਰ ਬੈਠਾ ਹੋਇਆ ਹੀ ਖਰੇ

ਜੀਵਾਂ ਦੀ ਆਪ ਸੰਭਾਲ ਕਰੀ ਜਾਂਦਾ ਹੈ), ਖੋਟਿਆਂ ਨੂੰ ਥਾਂ ਨਹੀਂ ਮਿਲਦੀ । ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸ ਦਾ ਨਿਆਂ ਸਦਾ ਅਟੱਲ ਹੈ, ਉਨ੍ਹਾਂ ਨੂੰ ਉਸ ਦੇ ਨਾਮ-ਅੰਮ੍ਰਿਤ ਦਾ ਸੁਆਦ ਆਉਂਦਾ ਹੈ ਜਿਨ੍ਹਾਂ ਦੇ ਮਨ ਵਿਚ (ਗੁਰੂ ਦੀ ਕਰਪਾ ਨਾਲ) ਨਾਮ ਆ ਵੱਸਦਾ ਹੈ । ੧੮ ।

ਇਸ ਇਕੋ ਹੀ ਗੁਰਬਾਣੀ-ਸ਼ਬਦ ਵਿਚ ਸਪੱਸ਼ਟ ਕਰ ਦਿੱਤਾ ਗਿਆ ਹੈ ਜੀਵ ਦੇ ਕਰਮਾਂ ਅਨੁਸਾਰ ਪਰਖ ਕਰ ਰਹੇ ਅਕਾਲ ਪੁਰਖ ਦਾ ਤਖ਼ਤ ਵੀ ਮਨੁਖਾ ਸਰੀਰ ਹੀ ਹੈ । ਗੁਰਮੁਖਾਂ ਲਈ ਸਤਿਗੁਰਾਂ ਦਾ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ ਪਰ, ਕੀ, ਇਨ੍ਹਾਂ ਗੁਰਬਾਣੀ ਸ਼ਬਦਾਂ ਦਾ ਉਨ੍ਹਾਂ ਵਿਦਵਾਨਾਂ ਨੂੰ ਪਤਾ ਨਹੀਂ ਸੀ ਜਿਨ੍ਹਾਂ ਨੇ ਧਰਮਰਾਜ ਦੀ ਕਚਹਿਰੀ, ਜਮਾਂ ਦੀ ਮਾਰ, ਦੇਵੀ ਦੇਵਤਿਆਂ ਦੇ ਅੱਡਰੇ ਲੋਕ ਸਿੱਧ ਕਰਨ ਲਈ ਬ੍ਰਾਹਮਣ ਵਾਂਗ ਹੀ ਜ਼ੋਰ ਲਾਇਆ ਹੋਇਆ ਹੈ ? ਪਾਠਕਾਂ ਦੇ ਮਨਾਂ ਵਚੋਂ ਫੋਕੇ ਭਰਮ ਦੂਰ ਕਰ ਸਕਣ ਦੇ ਯਤਨ ਵਿਚ ਹੀ ਅਸਾਂ ਪਿਛੇ, ਵੱਧ ਤੋਂ ਵੱਧ ਗੁਰੂ ਸ਼ਬਦ, ਵਿਚਾਰਨ ਦਾ ਉਪਰਾਲਾ ਕੀਤਾ ਹੈ । ਵਿਚਾਰ ਅਧੀਨ ਗੁਰਮਤਿ ਸਿਧਾਂਤ ਦੇ ਹਰ ਪੱਖ ਨੂੰ ਦ੍ਰਿੜ ਕਰਾਉਣ ਦੇ ਯਤਨ ਵਿਚ, ਹੋਰ ਗੁਰੂ ਸ਼ਬਦਾਂ ਦੀ ਵਿਚਾਰ ਕਰ ਲੈਣੀ ਜ਼ਰੂਰੀ ਜਾਤੀ ਹੈ । ਪ੍ਰਭੂ ਦੇ ਦੀਬਾਨ ਦੀ ਸੋਝੀ ਕਰਾਉਣ ਵਾਲਾ ਗੁਰੂ ਸ਼ਬਦ:-----

੬੮- **ਜਿਸ ਕੈ ਘਰਿ ਦੀਬਾਨੁ ਹਰਿ ਹੋਵੈ ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥ ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥ ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ, ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥ ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ ॥ ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ ॥ ੧੪ ॥**[੫੯੧]

**ਅਰਥ:**-- ਜਿਸ ਮਨੁੱਖ ਦੇ ਹਿਰਦੇ ਵਿਚ (ਸਭ ਦਾ) ਹਾਕਮ-ਪ੍ਰਭੂ [--**ਦੀਬਾਨੁ ਹਮਾਰੋ ਤੁਹੀ ਏਕ ॥**--੨੧੦] ਵੱਸਦਾ ਹੋਵੇ, ਸਾਰਾ ਸੰਸਾਰ ਉਸ ਦੇ ਵੱਸ ਵਿਚ ਆ ਜਾਂਦਾ ਹੈ, ਉਸ ਨੂੰ ਕਿਸੇ ਦੀ ਕਾਣ (-ਤਲਕੀ) ਨਹੀਂ ਹੁੰਦੀ, ਸਗੋਂ ਪਰਮਾਤਮਾ ਹਾਕਮ ਨੇ ਸਾਰਿਆਂ ਨੂੰ ਲਿਆ ਕੇ ਉਸ ਦੀ ਚਰਨੀਂ ਪਾਇਆ ਹੁੰਦਾ ਹੈ । ਮਨੁੱਖ ਦੀ ਕਚਹਿਰੀ ਵਿਚੋਂ ਤਾਂ ਮਨੁੱਖ ਨੱਸ ਭੱਜ ਕੇ ਵੀ ਕਿਤੇ ਖਿਸਕ ਸਕਦਾ ਹੈ, ਪਰ ਰੱਬ ਦੀ ਕਚਿਹਰੀ (ਜੋ ਮਨੁੱਖ ਦੇ ਅੰਦਰ ਹੀ ਲੱਗੀ ਹੁੰਦੀ ਹੈ ਉਸ) ਤੋਂ ਭੱਜ ਕੇ ਕੋਈ ਕਿੱਥੇ ਜਾ ਸਕਦਾ ਹੈ ? ਇਹੋ ਜਿਹਾ ਹਾਕਮ ਹਰੀ ਭਗਤਾਂ ਦੇ ਹਿਰਦੇ ਵਿਚ ਵੱਸਿਆ ਹੋਇਆ ਹੈ, (ਭਾਵ, ਸਿਮਰਨ ਦੇ ਕਾਰਨ ਉੱਚੀ ਆਤਮਕ ਅਵਸਥਾ ਬਣ ਜਾਣ ਨਾਲ ਭਗਤਾਂ ਦੇ ਅੰਦਰੋਂ " ਕੂੜ ਦੀ ਪਾਲ " ਟੁੱਟ ਚੁਕੀ ਹੁੰਦੀ ਹੈ ਅਤੇ ਉਹ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਦੇ " ਦਰਬਾਰੀ " ਬਣ ਚੁੱਕੇ ਹੁੰਦੇ ਹਨ, ਅਥਵਾ ਭਗਤ ਲੋਕ ਪ੍ਰਭੂ ਦੀ ਇਸ ਦਰਗਾਹ ਵਿਚ ਸਨਮਾਨੇ ਜਾਂਦੇ ਹਨ-- **ਪੰਚੇ ਪਾਵਹਿ ਦਰਗਹ ਮਾਨੁ ॥** (ਜਪੁ)ਭਾਵ, ਪ੍ਰਭੂ ਦੇ ਆਤਮਕ ਦਰਸ਼ਨਾਂ ਦਾ ਅਨੰਦ ਮਾਣਦੇ ਹਨ) ਉਸ ਨੇ ਰਹਿੰਦੇ ਖੂਹੰਦੇ ਸਾਰੇ ਜੀਵਾਂ ਨੂੰ ਲਿਆ ਕੇ ਭਗਤ ਜਨਾਂ ਅੱਗੇ ਖੜੇ ਕਰ ਦਿੱਤਾ ਹੈ । (ਭਾਵ, ਸਾਰੇ ਲੋਕ ਭਗਤਾਂ ਦੇ ਚਰਨ ਪਰਸਦੇ ਹਨ) । ਪ੍ਰਭੂ ਦੀ ਖ਼ਾਸ ਮਿਹਰ ਨਾਲ ਹੀ ਪ੍ਰਭੂ ਦੇ ਨਾਮ ਦੀ ਵਡਿਆਈ (ਕਰਨ ਦਾ ਗੁਣ) ਪ੍ਰਾਪਤ ਹੁੰਦਾ ਹੈ, ਸਤਿਗੁਰੂ ਦੇ ਸਨਮੁਖ ਹੋ ਕੇ ਕੋਈ ਵਿਰਲਾ ਹੀ ਨਾਮ ਸਿਮਰਦਾ ਹੈ । ੧੪ ।

੬੯- **ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥ ੧੦ ॥ ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥ ੧੧ ॥**[੧੦੨੩]-੩

**ਅਰਥ:**--ਜਿਹੜਾ ਪਰਮਾਤਮਾ ਸਾਰੇ ਖੰਡਾਂ ਬ੍ਰਹਮੰਡਾਂ ਪਾਤਾਲਾਂ ਵਿਚ ਤਿੰਨਾ ਹੀ ਭਵਨਾਂ ਵਿਚ (ਭਾਵ, ਸਾਰੀ ਸ੍ਰਿਸ਼ਟੀ ਵਿਚ, ਆਪਣੀ ਸਾਰੀ ਅਥਾਹ ਰਚਨਾਂ ਵਿਚ--ਇਹ ਗਿਣਤੀ ਮਿਣਤੀ ਬ੍ਰਾਹਮਣੀ ਵਿਸ਼ਵਾਸ਼ ਵਾਲੀ ਹੈ । ਇਸ ਨਾਲ ਗੁਰਮਿਤ ਦਾ ਕੋਈ ਸੰਬੰਧ ਨਹੀਂ ਹੈ । ਇਹ ਮਹਾਂ ਪੁਰਖਾਂ ਦੀ ਬੋਲੀ ਪਰਥਾਏ ਸਾਖੀ ਹੈ, ਅਨ-ਧਰਮੀਆਂ ਨੂੰ ਗਿਆਨ ਸਮਝਾਉਣ ਦਾ ਮਿੱਠਾ ਗੁਰੂ-ਯਤਨ ਹੈ) ਗੁਪਤ ਰੂਪ ਵਿਚ ਵਿਆਪਕ ਹੈ ਉਹ ਨਿਰਭਉ ਪ੍ਰਭੂ ਜਿੰਨ੍ਹਾਂ ਮਨੁੱਖਾਂ ਦੇ ਮਨ ਵਿਚ ਵੱਸ ਪੈਂਦਾ ਹੈ, ਜਿਹੜੇ ਮਨੁੱਖ ਉਸ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ (ਉਹ, ਮਾਨੋ, ਆਤਮਕ ਮੰਡਲ ਵਿਚ ਬਾਦਸ਼ਾਹ ਬਣ ਜਾਂਦੇ ਹਨ) ਉਨ੍ਹਾਂ ਨੂੰ ਤਖ਼ਤ ਉਤੇ ਬੈਠਣ ਦੀ ਵਡਿਆਈ ਮਿਲਦੀ ਹੈ (ਭਾਵ, ਉਹ ਸਦਾ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋ ਜਾਂਦੀ ਹੈ, ਮਾਨੋ, ਪ੍ਰਭੂ ਦੇ ਕੋਲ ਹੀ) ਆਪਣੇ ਹਿਰਦੇ-ਤਖ਼ਤ ਉਤੇ ਬੈਠਦੇ ਹਨ । ੧੦ । ਗੁਰੂ ਦੇ ਸਨਮੁੱਖ ਰਹਿਣ ਨਾਲ ਜਿਸ ਮਨੁੱਖ ਨੂੰ ਸਦਾ-ਥਿਰ ਪ੍ਰਭੂ ਮਿਲ ਪੈਂਦਾ ਹੈ ਉਸ ਨੂੰ ਆਤਮਕ ਆਨੰਦ ਪ੍ਰਾਪਤ ਹੋ ਜਾਂਦਾ ਹੈ, ਉਸ ਦਾ ਇਹ ਸਰੀਰ ਉਸ ਦਾ ਇਹ ਹਿਰਦਾ-ਤਖ਼ਤ ਸਦਾ-ਥਿਰ ਪ੍ਰਭੂ ਦਾ ਨਿਵਾਸ-ਥਾਂ ਬਣ ਜਾਂਦਾ ਹੈ । ਉਸ ਮਨੁੱਖ ਨੂੰ ਸਦਾ ਥਿਰ ਪ੍ਰਭੂ ਦੇ ਸਦਾ-ਥਿਰ ਤਖ਼ਤ ਉਤੇ (ਮਾਇਆ ਵਲੋਂ ਅਡੋਲ ਰਹਿਣ ਵਾਲੇ ਹਿਰਦੇ-ਤਖ਼ਤ ਉਤੇ ਬੈਠਣ ਦੀ) ਵਡਿਆਈ ਮਿਲਦੀ ਹੈ । ਉਹ ਮਨੁੱਖ ਹਉਮੈ ਤੇ ਮਾਇਆ ਦੀਆਂ ਸੋਚਾਂ ਦੂਰ ਕਰ ਲੈਂਦਾ ਹੈ । ੧੧ ।

੭੦- **ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥ ੧੧ ॥ ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥ ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥ ੧੨ ॥ ਚਤਰੁ ਦਸ ਹਾਟ ਦੀਵੇ ਦੁਇ ਸਾਖੀ ॥ ਸੇਵਕ ਪੰਚ ਨਾਹੀ ਬਿਖੁ ਚਾਖੀ ॥ ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥ ੧੩ ॥ ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥ ਆਦਿ ਜੁਗਾਦੀ ਹੈ ਭੀ ਹੋਸੀ, ਸਹਸਾ ਭਰਮੁ ਚੁਕਾਇਆ ॥ ੧੪ ॥ ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥ ੧੫ ॥**[੧੦੩੯]-੧-੧੮

**ਅਰਥ:**--ਜਗਤ ਵਿਚ ਅਜੇਹੇ ਬੰਦੇ ਬਹੁਤ ਥੋੜੇ ਹਨ ਜੋ ਗੁਰੂ ਦੇ ਸ਼ਬਦ-ਗਿਆਨ ਨੂੰ ਆਪਣੀ ਸੁਰਤਿ ਵਿਚ ਟਿਕਾਉਂਦੇ ਹਨ ਤੇ (ਦੁਨੀਆਂ ਵਿਚ ਵਿਚਰਦੇ ਹੋਏ ਵੀ ਮਾਇਆ ਦੇ ਮੋਹ ਤੋਂ) ਨਿਰਲੇਪ ਰਹਿੰਦੇ ਹਨ । ਉਹ ਸੰਸਾਰ ਸਮੁੰਦਰ ਤੋਂ ਆਪ ਪਾਰ ਲੰਘ ਜਾਂਦੇ ਹਨ,ਆਪਣੀਆਂ ਕੁਲਾਂ ਨੂੰ ਤੇ ਉਨ੍ਹਾਂ ਨੂੰ ਪਾਰ ਲੰਘਾ ਲੈਂਦੇ ਹਨ ਜੋ ਉਨ੍ਹਾਂ ਦੀ ਸੰਗਤਿ ਕਰਦੇ ਹਨ । ਜਗਤ ਵਿਚ ਅਜੇਹੇ ਬੰਦਿਆਂ ਦਾ ਆਉਣਾ ਲਾਹੇਵੰਦ ਹੈ **। ੧੧ ।** ਉਹ ਬੰਦਾ ਪਰਮਾਤਮਾ ਦਾ ਘਰ, ਦਰ ਅਤੇ ਮਹਲ ਪਛਾਣ ਲੈਂਦਾ ਹੈ ਜਿਸ ਨੂੰ ਪੂਰੇ ਗੁਰੂ ਤੋਂ (ਉੱਚੀ) ਸਮਝ ਮਿਲਦੀ ਹੈ । ਉਸ ਨੂੰ ਸਮਝ ਆ ਜਾਂਦੀ ਹੈ ਕਿ **ਇਹ ਸਰੀਰ ਪਰਮਾਤਮਾ ਦੇ ਕਿਲ੍ਹੇ ਅਤੇ ਮਹਲ ਹਨ** । ਮਹਲਾਂ ਦਾ ਮਾਲਕ ਪ੍ਰਭੂ ਸਦਾ ਹੀ ਰਹਿਣ ਵਾਲਾ ਹੈ **(ਮਨੁੱਖਾ ਸਰੀਰ) ਉਸ ਨੇ ਆਪਣੇ ਬੈਠਣ ਲਈ ਤਖ਼ਤ ਬਣਾਇਆ ਹੈ । ੧੨ ।** ਇਹ ਬੇ-ਮਿਸਾਲ ਤੇ ਅਮੋਲਕ ਨਾਮ-ਧਨ ਹਰੇਕ ਸਰੀਰ-ਮਹਲ ਦੇ ਅੰਦਰ ਮੌਜੂਦ ਹੈ । ਜੇ ਗੁਰੂ ਮਿਲ ਪਏ ਤਾਂ ਅੰਦਰੋਂ ਹੀ ਇਹ ਧਨ ਲੱਭ ਪੈਂਦਾ ਹੈ । (ਜਿਨ੍ਹਾਂ ਨੂੰ ਇਹ ਨਾਮ-ਧਨ ਲਭ ਪੈਂਦਾ ਹੈ ਉਹ ਪ੍ਰਭੂ ਦੇ ਮੰਨੇ-ਪ੍ਰਮੰਨੇ ਸੇਵਕ ਅਖਵਾਉਂਦੇ ਹਨ) ਉਹ ਮੰਨੇ-ਪ੍ਰਮੰਨੇ ਸੇਵਕ ਫਿਰ ਉਸ ਮਾਇਆ-ਜ਼ਹਰ ਨੂੰ ਨਹੀਂ ਚੱਖਦੇ ਜੋ ਆਤਮਕ ਮੌਤ ਲਿਆਉਂਦੀ ਹੈ (ਉਹ ਅਟੱਲ ਆਤਮਕ ਜੀਵਨ ਦੇ ਮਾਲਕ ਬਣ ਜਾਂਦੇ ਹਨ) " ਚੌਦਾਂ ਤਬਕ ਤੇ ਸੂਰਜ ਚੰਦ ਇਸ ਗੱਲ ਦੇ ਗਵਾਹ ਹਨ " । [ਨੋਟ:--ਇਹ ਗਿਣਤੀ ਮੁਸਲਮਾਨ ਧਰਮ ਦੇ ਵਿਸ਼ਵਾਸ਼ ਵਾਲਿਆਂ ਦੀ ਹੈ । ਅਜੇਹੀ ਗਿਣਤੀ ਮਿਣਤੀ ਨਾਲ ਗੁਰਮਤਿ ਦਾ ਸੰਬੰਧ ਕੋਈ ਨਹੀਂ ਹੈ । ਅਨਧਰਮੀਆਂ ਨੂੰ ਵੀ ਉਪਦੇਸ਼ ਦੇਣ ਲਈ, ਇਹ ਬੋਲ ਵੀ-ਉਪ੍ਰੋਕਤ ਸ਼ਬਦ ਨੰ: ੧੫੩ ਵਾਂਗ--ਮਹਾਂਪੁਰਖ ਨੇ ਪਰਥਾਇ ਹੀ ਬੋਲਿਆ ਹੈ] **। ੧੩ ।** ਜਿਹੜਾ ਮਨੁੱਖ ਗੁਰੂ ਦੀ ਮਤਿ ਤੇ ਤੁਰਦਾ ਹੈ ਉਸ ਦੇ ਪੰਜੇ ਗਿਆਨ-ਇੰਦ੍ਰੇ ਉਸ ਦੇ ਸੇਵਕ ਬਣ ਕੇ ਉਸ ਦੇ ਵੱਸ ਵਿਚ ਰਹਿੰਦੇ ਹਨ, ਉਹ ਹਿਰਦੇ-ਤਖ਼ਤ ਉਤੇ ਬੈਠਣ-ਜੋਗਾ ਹੋ ਜਾਂਦਾ ਹੈ ਤੇ ਹਿਰਦੇ-ਤਖ਼ਤ ਉਤੇ ਬੈਠਾ ਹੈ (ਭਾਵ, ਨਾ ਉਸ ਦੇ ਗਿਆਨ-ਇੰਦ੍ਰੇ ਮਾਇਆ ਵਲ ਡੋਲਦੇ ਹਨ ਅਤੇ ਨਾ ਹੀ ਉਸ ਦਾ ਮਨ ਵਿਕਾਰਾਂ ਵਲ ਜਾਂਦਾ ਹੈ) । ਜਿਹੜਾ ਪਰਮਾਤਮਾ ਸ੍ਰਿਸ਼ਟੀ ਦੇ ਮੁੱਢ ਤੋਂ ਪਹਿਲਾਂ ਦਾ ਹੈ

ਜੁਗਾਂ (ਭਾਵ, ਸਮੇਂ ਦੇ ਅਰੰਭ ਤੋਂ) ਦੇ ਆਦਿ ਤੋਂ ਹੈ, ਹੁਣ ਵੀ ਮੌਜੂਦ ਹੈ ਤੇ ਸਦਾ ਲਈ ਕਾਇਮ ਰਹੇਗਾ (**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ-** ॥-ਜਪੁ) ਉਹ ਗੁਰੂ ਦੀ ਮਤਿ ਤੇ ਤੁਰਨ ਵਾਲੇ ਮਨੁੱਖ ਦੇ ਅੰਦਰ ਪਰਗਟ ਹੋ ਕੇ ਉਸ ਦੇ ਸਹਮ ਤੇ ਉਸ ਦੀ ਭਟਕਣਾ ਦੂਰ ਕਰ ਦਿੰਦਾ ਹੈ **। ੧੪ ।** ਹਿਰਦੇ-ਤਖ਼ਤ ਉਤੇ ਬੈਠੇ ਮਨੁੱਖ ਨੂੰ ਦਿਨ ਰਾਤ ਆਦਰ ਮਿਲਦਾ ਹੈ [ਭਾਵ, --**ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ...**੧੦ ॥ [੨੫੨] ਜਿਸ ਮਨੁੱਖ ਨੇ ਗੁਰੂ ਦੀ ਮਤਿ ਤੇ ਤੁਰ ਕੇ ਪਰਮਾਤਮਾ ਨਾਲ ਸਾਂਝ ਪਾ ਲਈ ਉਸ ਨੂੰ ਇਹ ਆਦਰ ਸਦਾ ਲਈ ਮਿਲਿਆ ਰਹਿੰਦਾ ਹੈ, ਇਹ ਇਜ਼ੱਤ ਸਦਾ ਮਿਲੀ ਰਹਿੰਦੀ ਹੈ । ਪ੍ਰਥਮ ਗੁਰੂ ਨਾਨਕ ਜੀ ਦਾ ਫ਼ੁਰਮਾਨ--ਹੇ ਭਾਈ ! ਪਰਮਾਤਮਾ ਦਾ ਨਾਮ ਜਪੋ ।(ਸੰਸਾਰ-ਸਾਗਰ ਤੋਂ ਪਾਰ ਲੰਘਣ ਲਈ ਸਿਮਰਨ ਦੀ) ਤਾਰੀ ਤਰੋ । ਜਿਹੜਾ ਮਨੁੱਖ ਸਿਮਰਨ ਕਰਦਾ ਹੈ ਉਹ ਉਸ ਹਰੀ ਨੂੰ ਮਿਲ ਪੈਂਦਾ ਹੈ ਜੋ ਅਖ਼ੀਰ ਤਕ ਸਾਥੀ ਬਣਿਆਂ ਰਹਿੰਦਾ ਹੈ । ੧੫ ॥

੭੧- **ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ ਅਨਹਦਿ ਰਾਤਾ ਏਕ ਲਿਵ ਤਾਰ ॥**
**ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥ ੪ ॥ ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥**
**ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥ ੫ ॥ ਏਕਾ ਮੂਰਤਿ ਸਾਚਾ ਨਾਉ ॥**
**ਤਿਥੈ ਨਿਬੜੈ ਸਾਚੁ ਨਿਆਉ ॥ ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥ ੬ ॥**[੧੧੮੮]-੩

**ਅਰਥ:**--ਜਿਹੜਾ ਜਿਹੜਾ ਮਨੁੱਖ ਆਪਣੇ ਹਿਰਦੇ ਵਿਚ ਇਹ ਨਿਸਚਾ ਬਿਠਾਉਂਦਾ ਹੈ ਕਿ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨਾ ਹੀ ਇਕੋ ਇਕ ਠੀਕ ਧਰਮ ਹੈ, ਉਹੀ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਸਦਾ ਲਈ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਹੋ ਜਾਂਦਾ ਹੈ, ਉਹ ਮਨੁੱਖ ਇਕ-ਤਾਰ ਸੁਰਤਿ ਜੋੜ ਕੇ ਅਬਿਨਾਸ਼ੀ ਪ੍ਰਭੂ ਵਿਚ ਮਸਤ ਰਹਿੰਦਾ ਹੈ, ਗੁਰੂ ਦੀ ਸਰਨ ਪੈ ਕੇ ਉਹ ਮਨੁੱਖ (ਹਿਰਦੇ ਵਿਚ ਬੈਠੇ) ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦਾ ਦਰਸ਼ਨ ਕਰ ਲੈਂਦਾ ਹੈ । **੪ ।** (ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਨੂੰ ਯਕੀਨ ਬਣ ਜਾਂਦਾ ਹੈ ਕਿ ਸਾਰੇ ਜਗਤ ਦਾ ਮਾਲਕ ਪਰਮਾਤਮਾ ਹੀ ਸਦਾ-ਥਿਰ) ਇਕੋ ਇੱਕ ਪਾਤਿਸ਼ਾਹ ਹੈ (ਤੇ ਉਸ ਦਾ ਹੀ ਸਦਾ ਥਿਰ ਰਹਿੰਣ ਵਾਲਾ) ਇਕੋ ਇਕ ਤਖ਼ਤ ਹੈ, ਉਹ ਪਾਤਿਸ਼ਾਹ ਸਭ ਥਾਵਾਂ ਵਿਚ ਵਿਆਪਕ ਹੈ (ਸਾਰੇ ਜਗਤ ਦੀ ਕਾਰ ਚਲਾਉਂਦਾ ਹੋਇਆ ਵੀ ਉਹ ਸਦਾ ਬੇ-ਫ਼ਿਕਰ ਰਹਿੰਦਾ ਹੈ [ **ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ, ਵਿਗਸੈ ਵੇਪਰਵਾਹੁ ॥ ੩ ॥** ਜਪੁ । ] ਸਾਰਾ ਜਗਤ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ, ਉਹੀ ਤਿੰਨਾ ਭਵਨਾਂ ਦਾ ਮੂਲ ਹੈ, ਪਰ ਉਹ ਅਪਾਰ ਹੈ, ਮਨੁੱਖ ਦੇ ਗਿਆਨ-ਇੰਦ੍ਰਿਆਂ ਦੀ ਉਸ ਤਕ ਪਹੁੰਚ ਨਹੀਂ ਹੋ ਸਕਦੀ, (ਹਰ ਥਾਂ) ਉਹ ਆਪ ਹੀ ਆਪ ਹੈ **। ੫ ।** (ਇਹ ਸਾਰਾ ਸੰਸਾਰ ਉਸੇ) ਇੱਕ ਪ੍ਰਭੂ ਦਾ ਸਰੂਪ ਹੈ, ਉਸ ਦਾ ਨਾਮ ਸਦਾ ਥਿਰ ਰਹਿਣ ਵਾਲਾ ਹੈ, (ਹਿਰਦੇ ਘਰ ਵਿਚ ਬਣੀ) ਉਸ ਦੀ ਦਰਗਾਹ ਵਿਚ ਸਦਾ ਸਚਾ ਨਿਆਂ ਹੀ ਚੱਲਦਾ ਹੈ । ਜਿਸ ਮਨੁੱਖ ਨੇ ਸੱਚੇ ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਆਪਣਾ ਕਰਤੱਵ ਬਣਾਇਆ ਹੈ ਉਸ ਨੂੰ ਸੱਚੀ ਦਰਗਾਹ ਵਿਚ ਇਜ਼ੱਤ ਮਿਲਦੀ ਹੈ, ਮਾਣ ਮਿਲਦਾ ਹੈ, ਦਰਗਾਹ ਵਿਚ ਉਹ ਕਬੂਲ ਹੁੰਦਾ ਹੈ । ੬ ।

ਅਜੇਹੇ ਸਪੱਸ਼ਟ ਗਿਆਨ ਦੇ ਹੁੰਦਿਆਂ ਜਿਹੜਾ ਮਨੁੱਖ ਬਿੱਪ੍ਰੀ ਵਿਸ਼ਵਾਸ਼ ਵਾਲੇ ਧਰਮਰਾਜ ਚਿਤਰ ਗੁਪਤ, ਜਮਾਂ ਅਥਵਾ ਜਮ ਮਾਰਗ ਆਦਿ ਦੀ ਹੋਂਦ ਬਾਰੇ ਵਿਸ਼ਵਾਸ਼ ਬਣਾਈ ਰੱਖੇ, ਉਹ ਗੁਰੂ ਨਾਨਕ ਜੀ ਦਾ ਸਿੱਖ ਕਿਵੇਂ ਅਖਵਾ ਸਕਦਾ ਹੈ ? ਇਸ ਗੱਲ ਨੂੰ ਕਦੇ ਨਹੀਂ ਭੁੱਲਣਾ, ਕਿ, ਅਕਾਲਪੁਰਖ ਇੱਕ ਅਪਾਰ ਸ਼ਕਤੀ ਹੈ । ਸ਼ਕਤੀ ਨੂੰ ਕਿਸੇ ਸਹਾਇਕ ਦੀ ਕੋਈ ਜ਼ਰੂਰਤ ਨਹੀਂ ਹੁੰਦੀ । ਕਿਸੇ ਵੀ ਦੂਜੀ ਸ਼ਕਤੀ ਤੇ ਭਰੋਸਾ ਲਿਆਉਂਣ ਵਾਲੇ ਲੋਕ ਸਾਕਤ ਹਨ । ਹਰ ਥਾਂ ਉਸੇ ਦੀ ਸ਼ਕਤੀ ਕੰਮ ਕਰ ਰਹੀ ਹੈ । ਹਰ ਥਾਂ ਉਹ ਆਪ ਹੀ ਆਪ ਹੈ **:--**

੭੨- **ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥**
**ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥ ੧੪ ॥**[੧੦੨੬]

## ਕਿਸੇ ਭਰਮ-ਭੁਲੇਖੇ ਵਿਚ ਨਹੀਂ ਪੈਣਾ---

੭੩- **ਕੇਤੜਿਆਂ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥**
**ਸਚੁ ਨਾਮੁ ਸਚੀ ਵਡਿਆਈ ਸਚੈ ਤਖਤਿ ਵਡਾਈ ਹੇ ॥ ੨ ॥** [੧੦੨੩]-੪

**ਅਰਥ:**--(ਜਗਤ ਰਚਨਾ ਤੋਂ ਪਹਿਲਾਂ) ਸਿਰਜਣਹਾਰ ਨੇ ਅਨੇਕਾਂ ਹੀ ਜੁਗ ਉਸ ਅਵਸਥਾ ਵਿਚ ਸਮਾਧੀ ਲਾਈ ਰੱਖੀ ਜਿਸ ਦੀ ਬਾਬਤ ਕੁਝ ਪਤਾ ਨਹੀਂ ਲੱਗ ਸਕਦਾ । ਉਸ ਕਰਤੇ ਦਾ ਨਾਮ ਸਦਾ ਥਿਰ ਰਹਿਣ ਵਾਲਾ ਹੈ, ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ, ਉਹ ਵਡਿਆਈਆਂ ਦਾ ਮਾਲਕ ਪ੍ਰਭੂ ਸਦਾ ਟਿਕੇ ਰਹਿਣ ਵਾਲੇ ਤਖ਼ਤ ਉਤੇ ਸਦਾ ਬੈਠਾ ਹੋਇਆ ਹੈ । ੨ ।

ਇਸ ਮਹਾਂਵਾਕ ਵਿਚ ਸਤਿਗੁਰਾਂ ਨੇ ਸ੍ਰਿਸ਼ਟੀ ਸਿਰਜਣਾ ਤੋਂ ਪਹਿਲਾਂ ਦੇ ਹਾਲਤ ਦੀ ਗੱਲ ਕੀਤੀ ਹੈ । ਪ੍ਰਭੂ ਦੀ ਅਫੁਰ ਅਵਸਤਾ ਸਮੇ ਆਪਣੇ ਨਿਜ-ਘਰ ਵਿਚ ਬਿਰਾਜੇ ਹੋਣ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ ਉਹ ਅਵਸਥਾ ਵੀ, ਤਖ਼ਤ ਤੇ ਬਿਰਾਜਣ ਵਾਲੀ ਹੀ ਸੀ। ਸਿਰਜਣਾ ਉਪ੍ਰੰਤ ਪ੍ਰਭੂ ਦਾ ਉਹ ਥਾਂ, ਉਹ ਤਖ਼ਤ ਸੁੰਞਾਂ ਨਹੀਂ ਸੀ ਹੋ ਸਕਦਾ । ਪਰ ਭੁਲੇਖੇ ਵਿਚ ਪੈ ਕੇ ਉਸ ਅਫੁਰ ਅਵਸਥਾ ਵਾਲੇ ਰੱਬੀ ਤਖ਼ਤ ਦੀ ਥਾਂ ਦੀ ਕਲਪਣਾ ਕਰਨ ਬੈਠ ਜਾਣਾ ਮੂਰਖਾਂ ਸਿਰ ਮੂਰਖਾਂ ਵਾਲੀ ਕਾਰ ਹੈ । ਉਹ ਅਪਾਰ ਸ਼ਕਤੀ ਜਿਵੇਂ ਆਦਿ ਵਿਚ ਸੀ ਉਵੇਂ ਹੀ ਅੱਜ ਹੈ। ਜਗਤ ਪਸਾਰਾ ਉਸ ਦੀ ਖੇਡ ਹੈ । ਸੰਸਾਰੀ ਜੀਵਾਂ ਦੀ ਦੇਖ ਭਾਲ ਦਾ ਕੰਮ, ਅਤੇ ਜੀਵਾਂ ਦੇ ਕੀਤੇ ਚੰਗੇ ਮੰਦੇ ਕਰਮਾਂ ਦੀ ਜਾਣਕਾਰੀ ਰੱਖ ਕੇ ਉਨ੍ਹਾਂ ਅਨੁਸਾਰ ਫੈਸਲੇ ਕਰਨ ਦਾ ਕੰਮ, ਜੀਵਾਂ ਦੇ ਅੰਦਰ ਬੈਠਾ ਆਪ ਹੀ ਕਰ ਰਿਹਾ ਹੈ **। ਆਉ** ਉਸ " **ਸਚੇ** " ਦੇ **ਸਚੇ ਤਾਖ਼ਤ** ਦੇ ਦਰਸ਼ਨ ਕਰੀਏ:--

੭੪- **ਸਚੈ ਸਚਾ ਤਖਤੁ ਰਚਾਇਆ ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥**
**ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥ ੧ ॥** [੧੦੫੦]-੭

ਜਿਨ੍ਹਾਂ ਲੋਕਾਂ ਨੇ ਕਿਸੇ ਹੋਰ ਅਸਮਾਨ ਤੇ ਬਣੀ " ਦਰਗਾਹ " ਦਾ ਭਰਮ ਪੱਕਾ ਕਰਨਾਂ ਹੈ, ਉਹ ਕੇਵਲ--**ਸਚੈ ਸਚਾ ਤਖ਼ਤ ਰਚਾਇਆ** " ਏਨੀ ਤੁਕ ਦੀ ਵਰਤੋਂ ਕਰਕੇ, ਝੱਟ ਹੀ ਇਹ ਕਹਿਣਗੇ ਕਿ ਸਤਿਗੁਰਾਂ ਨੇ ਆਪ ਕਿਹਾ ਹੈ ਕਿ ਵਾਹਿਗੁਰੂ ਨੇ ਜੀਵਾਂ ਦੇ ਫ਼ੈਸਲੇ ਕਰਨ ਲਈ, ਅਥਵਾ

ਆਪਣੇ ਭਗਤਾਂ ਨੂੰ ਦਰਸ਼ਨ ਦੇਣ ਲਈ, ਸੱਚ ਖੰਡ ਵਿਚ ਤਖ਼ਤ ਸਿਰਜਿਆ ਹੋਇਆ ਹੈ । ਪਰ ਸਾਰੀ ਤੁਕ ਧਿਆਨ ਨਾਲ ਵਿਚਾਰੀਏ ਤਾਂ ਉਹੀ ਗੁਰੂ-ਬਾਣੀ ਸਿਧਾਂਤ ਦ੍ਰਿੜ ਕਰਾਇਆ ਜਾ ਰਿਹਾ ਸਪੱਸ਼ਟ ਹੁੰਦਾ ਹੈ, ਜਿਸ ਬਾਰੇ ਅਸੀਂ ਉਪਰ ਕਈ ਗੁਰੂ-ਫ਼ੁਰਮਾਨ ਵਿਚਾਰ ਚੁੱਕੇ ਹਾਂ ।

**ਅਰਥ:**--ਸਦਾ ਥਿਰ ਪਰਮਾਤਮਾ ਨੇ (ਆਪਣੇ ' ਨਿਜ ਘਰ ' ਵਿਚ ਬੈਠਣ ਵਾਸਤੇ) ਸਦਾ ਕਾਇਮ ਰਹਿਣ ਵਾਲਾ ਤਖ਼ਤ ਬਣਾ ਰਖਿਆ ਹੈ, ਉਸ ਸ੍ਵੈ-ਸਰੂਪ ਵਿਚ ਉਹ ਅਡੋਲ ਬੈਠਾ ਹੈ, ਉਥੇ ਮਾਇਆ ਦਾ ਮੋਹ ਅਸਰ ਨਹੀਂ ਕਰ ਸਕਦਾ ਹੈ । ਗੁਰੂ ਦੀ ਸਰਨ ਪੈ ਕੇ ਜਿਹੜਾ ਮਨੁੱਖ (ਹਰਿ-ਨਾਮ ਜਪਣ ਦਾ) ਸ੍ਰੇਸ਼ਟ ਕਰਨ-ਜੋਗ ਕੰਮ ਕਰਦਾ ਹੈ, ਉਸ ਦੇ ਹਿਰਦੇ ਵਿਚ ਉਹ ਸਦਾ ਥਿਰ ਪ੍ਰਭੂ ਸਦਾ ਵੱਸਦਾ ਹੈ । ੧ ।

ਭਾਵ, ਪ੍ਰਭੂ ਦੀ ਯਾਦ ਵਿਚ ਜੁੜੇ ਮਨੁੱਖ ਦੇ ਅੰਦਰੋਂ ਕੂੜ ਦੀ ਪਾਲ ਟੁਟ ਜਾਂਦੀ ਹੈ, ਉਸ ਦੇ ਅੰਦਰ ਲੱਗੇ ਅਪਾਰ ਅਮਿਤੋਜ ਪ੍ਰਭੂ ਦੇ ਦਰਬਾਰ ਦੇ ਝਲਕਾਰੇ ਵੱਜਣੇ ਅਰੰਭ ਹੋ ਜਾਂਦੇ ਹਨ, ਪ੍ਰਭੂ ਮਿਹਰਬਾਨ ਹੁੰਦਾ ਹੈ ਅਤੇ ਆਪਣੇ ਪ੍ਰਗਟ-ਰੂਪ ਅਨੁਭਵ ਪ੍ਰਕਾਸ਼ ਦੀ ਝਾਲ ਨੂੰ ਝਲ ਸਕਣ ਜੋਗ ਸ਼ਕਤੀ ਦੀ ਬਖ਼ਸ਼ਸ਼ ਕਰਦਾ । ਅਜੇਹਾ ਗੁਰਮੁਖ ਓਸੇ ਹਿਰਦੇ ਤਖ਼ਤ ਉਤੇ ਜਾ ਬਿਰਾਜਦਾ ਜਿਹੜਾ ਪ੍ਰਭੂ ਦਾ ਮੰਦਰ ਹੈ, ਪ੍ਰਭੂ ਦਾ ਮਹਲ ਹੈ ਅਥਵਾ ਪਰਮਾਤਮਾ ਦਾ ਆਪਣਾ ਤਖ਼ਤ ਹੈ--**ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥** (੧੧੫੬) । ਪ੍ਰਭੂ ਦੇ ਉਸ ਸੱਚੀ ਦਰਗਾਹ ਵਿਚ ਉਸ ਨੂੰ ਆਦਰ ਮਿਲਦਾ ਹੈ । " **ਸਾਚੀ ਦਰਗਹ ਪਾਈਐ ਮਾਨੁ,** " ਅਥਵਾ" **ਪੰਚੇ ਪਾਵਹਿ ਦਰਗਹ ਮਾਨੁ** " ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ:--

੭੫- **ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥**

**ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥ ੪ ॥**[੧੧੭੨]-੪-੧੨

**ਅਰਥ:**--ਗੁਰੂ ਦੀ ਸਰਨ ਪੈ ਕੇ ਜਿੰਨ੍ਹਾਂ ਬੰਦਿਆਂ ਨੂੰ ਹਿਰਦੇ-ਤਖ਼ਤ ਉਤੇ ਬੈਠੇ ਰਹਿਣ ਦੀ ਇਜ਼ੱਤ ਮਿਲਦੀ ਹੈ, ਉਨ੍ਹਾਂ ਨੂੰ ਪਰਮਾਤਮਾ ਜਗਤ ਵਿਚ ਉੱਘਾ ਕਰ ਦਿੰਦਾ ਹੈ (ਹਿਰਦੇ ਤਖ਼ਤ ਤੇ ਬੈਠੇ ਰਹਿਣ ਦੀ ਇਜ਼ਤ, ਵਡਿਆਈ, ਮਾਣ ਪ੍ਰਾਪਤਿ ਹੋਣ ਦਾ ਭਾਵ ਹੈ, ਮਾਇਆ ਦੇ ਪਿੱਛੇ ਭਟਕਣ ਤੋਂ ਮਨ ਦਾ ਰਹਿ ਜਾਣਾ, ਮਨ ਦਾ ਸਥਿਰ ਹੋ ਜਾਣਾ,, ਮਤ ਤੇ ਫਤਹਿ ਹਾਸਲ ਹੋ ਜਾਣੀ--" **ਮਨਿ ਜੀਤੈ ਜਗੁ ਜੀਤੁ** " --ਜਪ " ਵਾਲੀ ਪਦਵੀ ਮਿਲ ਜਾਣੀ) । ਤੀਸਰੇ ਗੁਰੂ ਨਾਨਕ ਜੀ ਫ਼ੁਰਮਾਨ ਕਰਦੇ ਹਨ--ਗੁਰੂ ਪਾਰਸ ਨੂੰ ਮਿਲ ਕੇ ਉਹ ਆਪ ਵੀ ਪਾਰਸ ਹੋ ਜਾਂਦੇ ਹਨ (ਉਨ੍ਹਾਂ ਦੇ ਅੰਦਰ ਵੀ ਇਹ ਸਮਰਥਾ ਆ ਜਾਂਦੀ ਹੈ ਕਿ ਮਾਇਆ-ਗ੍ਰਸੇ ਮਨਾਂ ਨੂੰ ਪ੍ਰਭੂ-ਚਰਨਾਂ ਵਿਚ ਜੋੜ ਸਕਣ), ਉਹ ਬੰਦੇ ਸਦਾ ਲਈ ਪਰਮਾਤਮਾ ਅਤੇ ਗੁਰੂ ਦੇ ਸਾਥੀ ਬਣ ਜਾਂਦੇ ਹਨ, ਉਨ੍ਹਾਂ ਦੀ ਸੁਰਤਿ ਸਦਾ ਗੁਰੂ-ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ) । ੪ ।

ਏਹੀ ਹੈ ਪ੍ਰਭੂ ਦੀ ਦਰਗਾਹ ਵਿਚ ਅਪੜ ਜਾਣ ਦੀ ਨਿਸ਼ਾਨੀ ਕਿ ਮਨੁੱਖ ਆਪ ਵੀ ਦੂਜਿਆਂ ਦਾ ਪਾਰ ਉਤਾਰਾ ਕਰ ਸਕਣ ਦੀ ਸਮਰਥਾ ਦਾ ਮਾਲਕ ਹੋ ਜਾਂਦਾ ਹੈ ।

੭੬- **ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥**

**ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥ ੬ ॥**[੪੧੧]-੧

**ਅਰਥ:**--ਜਿਸ ਮਨੁੱਖ ਦਾ ਮਨ ਨਾਮ-ਰਸ ਵਿਚ ਭਿੱਜ ਜਾਂਦਾ ਹੈ, ਜਿਸ ਦੀ ਮਤਿ ਇੱਕ ਪ੍ਰਭੂ ਦੇ ਪ੍ਰੇਮ ਵਿਚ ਭਿੱਜ ਜਾਂਦੀ ਹੈ, ਉਹ ਕਾਮਾਦਿਕ ਪੰਜਾਂ ਨੂੰ ਮੁਕਾ ਕੇ ਤਖ਼ਤ ਨਿਵਾਸੀ ਹੋ ਜਾਂਦਾ ਹੈ (ਭਾਵ, ਅੰਤਰ ਆਤਮੇ ਅਡੋਲ ਹੋ ਜਾਂਦਾ ਹੈ, ਮਨ ਭਟਕਣੋਂ ਰਹਿ ਜਾਂਦਾ ਹੈ, ਆਪਣੇ ਮਨ ਉਤੇ ਫ਼ਤਹਿ ਪਾ ਲੈਂਦਾ ਹੈ ਅਤੇ) ਖਸਮ-ਪ੍ਰਭੂ ਦੀ ਰਜ਼ਾ ਵਿਚ ਤੁਰਨਾ ਉਸ ਦੀ ਨਿੱਤ ਦੀ ਕਾਰ ਹੋ ਜਾਂਦੀ ਹੈ, ਉਹ ਮਨੁੱਖ ਉਸ " ਨਾਥ " ਦਾ ਰੂਪ ਹੋ ਜਾਂਦਾ ਹੈ ਜੋ ਅਦ੍ਰਿਸ਼ਟ ਹੈ ਜਿਸ ਦਾ ਸਰੂਪ ਦਸਿਆ ਨਹੀਂ ਜਾ ਸਕਦਾ । ੬ ।

੭੭- **ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥**

**ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥ ੧ ॥**

**ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗ ਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥**[੯੯੨]-੧੦

**ਅਰਥ:**-- ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਨੂੰ (ਆਪਣੇ ਆਪ ਤੋਂ) ਦੂਰ ਵੱਸਦਾ ਨਾ ਸਮਝੋ (ਸੱਚਾ ਮਾਲਕ ਤੇਰੇ ਆਪਣੇ ਅੰਦਰ ਵੱਸ ਰਿਹਾ ਹੈ) । ਜਗਤ-ਦੇ-ਆਸਰੇ ਉਸ ਪ੍ਰਭੂ ਦੀ ਜੋਤਿ ਸਭ ਜੀਵਾਂ ਦੇ ਅੰਦਰ ਮੌਜੂਦ ਹੈ । ਪ੍ਰਭੂ ਦਾ ਹੁਕਮ ਹਰੇਕ ਜੀਵ ਦੇ ਸਿਰ ਉਤੇ ਸਦਾ ਅਟੱਲ ਹੈ । ੧ । ਰਹਾਉ ।

(ਜਿਹੜਾ ਮਨੁੱਖ ਮਾਲਕ-ਪ੍ਰਭੂ ਨੂੰ ਆਪਣੇ ਅੰਦਰ ਵੱਸਦਾ ਨਹੀਂ ਵੇਖਦਾ, (ਪ੍ਰਭੂ ਨੂੰ ਆਪਣੀ ਯਾਦ ਵਿਚ ਨਹੀਂ ਵਸਾਉਂਦਾ) ਉਸ ਦੀ ਮਾਇਆ ਦੀ ਤ੍ਰਿਸ਼ਨਾਂ ਨਹੀਂ ਮੁੱਕਦੀ, ਉਸ ਦਾ ਮਨ ਵਿਕਾਰਾਂ ਵਲੋਂ ਨਹੀਂ ਹਟਦਾ, ਉਸ ਦਾ ਹਿਰਦਾ-ਸਰੋਵਰ " ਮੈਂ-ਮੈਂ " ਦੀਆਂ ਲਹਿਰਾਂ ਨਾਲ ਭਰਪੂਰ ਰਹਿੰਦਾ ਹੈ । ਉਹੀ ਜੀਵਨ-ਬੇੜਾ (ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਦੇ) ਪਾਣੀਆਂ ਉਤੇ ਤਰ ਕੇ (ਪ੍ਰਭੂ-ਚਰਨਾਂ ਵਿਚ) ਟਿਕਿਆ ਰਹਿੰਦਾ ਹੈ ਜਿਸ ਵਿਚ ਸਦਾ ਥਿਰ ਰਹਿਣ ਵਾਲਾ ਨਾਮ-ਸੌਦਾ ਹੈ । ਜਿਸ ਮਨ ਵਿਚ ਨਾਮ-ਮੋਤੀ ਵੱਸਦਾ ਹੈ, ਉਸ ਮਨ ਨੂੰ ਉਹ ਮੋਤੀ ਵਿਕਾਰਾਂ ਵਲੋਂ ਬਚਾ ਲੈਂਦਾ ਹੈ, ਸੱਚੇ ਨਾਮ ਵਿਚ ਜੁੜੇ ਰਹਿਣ ਦੇ ਕਾਰਨ ਉਸ ਮਨ ਵਿਚ ਤੇੜ ਨਹੀਂ ਆਉਂਦੀ (ਉਹ ਮਨ ਮਾਇਆ ਵਿਚ ਡੋਲਦਾ ਨਹੀ), [ **ਭੈ**-ਡਰ-ਅਦਬ । **ਪੰਚਾਇਣ**--ਪੰਚ-ਆਯਨ-ਪੰਜਾਂ ਤੱਤਾਂ ਦਾ ਘਰ, ਪੰਜਾਂ ਤੱਤਾਂ ਦਾ ਸੋਮਾ, ਪਰਮਾਤਮਾ । **ਰਤੁ**-ਰੰਗਿਆ ਹੋਇਆ] ਪ੍ਰਭੂ ਦੇ ਡਰ-ਅਦਬ ਵਿਚ ਰੰਗਿਆ ਹੋਇਆ ਰਾਜਾ (ਭਾਵ, ਜੀਵਾਤਮਾ) ਪ੍ਰਭੂ ਦੇ ਗੁਣਾਂ ਵਿਚ ਪਰਵਿਰਤ ਰਹਿਣ ਕਰਕੇ ਅੰਦਰ ਹੀ ਹਿਰਦੇ-ਤਖ਼ਤ ਉਤੇ ਟਿਕਿਆ ਰਹਿੰਦਾ ਹੈ । (ਬਾਹਰ ਨਹੀਂ ਭਟਕਦਾ) ।

## ਸਚਾ ਸਖ਼ਤ ਸੱਚੀ ਪਾਤਿਸ਼ਾਹੀ

ਕੀ ਵਾਹਿਗੁਰੂ ਕੇਵਲ ਹਿਰਦਾ ਤਖ਼ਤ ਤੇ ਬਿਰਾਜਿਆ ਹੀ ਸਿਰਜਣਾ ਦੀ ਕਾਰ ਚਲਾ ਰਿਹਾ ਹੈ ? ਅਥਵਾ " **ਹੁਕਮੁ ਚਲਾਏ ਰਾਹੁ** " ਵਾਲੇ " **ਹੁਕਮੀ** " ਦਾ **ਸ਼ਾਹੀ-ਤਖ਼ਤ** ਅਥਵਾ ਉਸ ਦਾ ਉਚੇ ਤੋਂ ਉੱਚਾ **ਦਰਬਾਰ**, ਕੀ ਕੇਵਲ ਮਨੁੱਖ ਦਾ ਹਿਰਦਾ ਹੀ ਹੈ ? ਇਸ ਸ਼ੰਕੇ ਦਾ ਸਮਾਧਾਨ ਵੀ ਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਦੁਆਰਾ ਹੀ ਹੋਣਾ ਹੈ: --

੭੮- **ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥ ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ ॥**

**ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥ ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥**

**ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ ॥ ੧ ॥**[੯੪੭]-ਵਾਰ

**ਅਰਥ:**--ਸਦਾ ਕਾਇਮ ਰਹਣ ਵਾਲੇ ਪਰਮਾਤਮਾ ਨੇ ਇਹ (ਜਗਤ-ਰੂਪ) ਤਖ਼ਤ ਆਪਣੇ ਬੈਠਣ ਲਈ ਥਾਂ ਬਣਾਇਆ ਹੈ । (ਇਸ ਜਗਤ ਵਿਚ) ਹਰੇਕ ਚੀਜ਼ ਪ੍ਰਭੂ ਦਾ ਆਪਣਾ ਹੀ ਰੂਪ ਹੈ--ਇਹ ਗੱਲ ਸਤਿਗੁਰੂ ਨੇ ਦੱਸੀ ਹੈ । ਇਹ ਸਾਰੀ ਕੁਦਰਤਿ ਉਸ ਨੇ ਆਪ ਹੀ ਪੈਦਾ ਕੀਤੀ ਹੈ, (ਕੁਦਰਤਿ ਦੇ ਸਾਰੇ ਰੁੱਖ ਬਿਰਖ ਆਦਿਕ, ਜੀਵ ਜੰਤ, ਆਦਿ, ਮਾਨੋਂ ਉਸ ਨੇ ) ਮਹਲ ਮਾੜੀਆਂ ਬਣਾਏ ਹਨ । ਚੰਦ ਸੂਰਜ ਦੋਵੇਂ (ਮਾਨੋਂ ਉਸ ਦੇ ਜਗਾਏ ਹੋਏ) ਦੀਵੇ ਜਗਾਏ ਹਨ । (ਪ੍ਰਭੂ ਨੇ ਕੁਦਰਤਿ ਦੀ ਸਾਰੀ) ਬਣਤਰ (ਹਰ ਪਾਸਿਉਂ) ਮੁਕੰਮਲ

ਬਣਾਈ ਹੋਈ ਹੈ । (ਇਸ ਸਾਰੀ ਸ੍ਰਿਸ਼ਟੀ ਵਿਚ ਬੈਠ ਕੇ) ਆਪ ਹੀ ਇਹ ਨੂੰ ਵੇਖ ਰਿਹਾ ਹੈ (ਭਾਵ, ਇਸ ਦੀ ਸੰਬਾਲ ਕਰ ਰਿਹਾ ਹੈ) ਆਪ ਹੀ ਸੁਣ ਰਿਹਾ ਹੈ (ਭਾਵ, ਸਾਰਿਆਂ ਦੀ ਸੁਣਵਾਈ ਕਰ ਰਿਹਾ ਹੈ । (ਭਾਵ ਪੁਕਾਰਾਂ ਦੀ ਸੁਣਵਾਈ ਅਤੇ ਮੁਕਦਮਿਆਂ ਦੀ ਸੁਣਵਾਈ ਅਤੇ ਫ਼ੈਸਲੇ ਕਰਨ ਵਾਲੇ ਮੁਨਸਿਫ ਵਾਂਗ, ਜੀਵਾਂ ਦੇ ਕੀਤੇ ਕਰਮਾਂ ਦੀ ਜਾਂਚ ਪੜਤਾਲ ਅਤੇ ਫੈਸਲੇ ਵੀ ਆਪ ਹੀ ਕਰ ਰਿਹਾ ਹੈ) । ਗੁਰੂ ਦੇ ਸ਼ਬਦ-ਗਿਆਨ ਤੋਂ ਉਸ ਦੇ ਸਿਮਰਨ ਦੀ ਸੂਝ ਆਉਂਦੀ ਹੈ । ੧ ।

ਸਪੱਸ਼ਟ ਹੈ ਸਾਰਾ ਜਗਤ, ਸਾਰੀ ਸ੍ਰਿਸ਼ਟੀ, ਸਾਰੀ ਸਿਰਣਾਂ ਦਾ ਕਣ ਕਣ ਕਰਤਾਰ-ਪ੍ਰਭੂ ਦੇ ਪੈਠਣ ਤਾ ਤਖ਼ਤ ਹੈ:--

੭੯- **ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥ ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥ ੧ ॥ ਹਰਖਵੰਤ ਆਨੰਤ ਦਇਆਲਾ ॥ ਪ੍ਰਗਟਿ ਰਹਿਓ, ਪ੍ਰਭੁ ਸਰਬ ਉਜਾਲਾ ॥ ਰੂਪ ਕਰੇ ਕਰਿ ਵੇਖੈ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥ ੨ ॥ ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥ ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥ ੩ ॥ ਸਾਚਾ ਤਖਤੁ ਸਚੀ ਪਾਤਿਸ਼ਾਹੀ ॥ ਸਚੁ ਖਜੀਨਾ ਸਾਚਾ ਸਾਹੀ ॥ ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥ ੪ ॥ ਸਚੁ ਤਪਾਵਸੁ ਸਚੇ ਕੇਰਾ ॥ ਸਾਚਾ ਥਾਨੁ ਸਦਾ ਪ੍ਰਭ ਤੇਰਾ ॥ ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥ ੫ ॥ ਏਕੋ ਆਪਿ ਤੂ ਹੈ ਵਡ ਰਾਜਾ ॥ ਹੁਕਮਿ ਸਚੇ ਕੈ ਪੂਰੇ ਕਾਜਾ ॥ ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥ ੬ ॥....** [੧੦੭੪]-੧-੩

**ਅਰਥ**:-ਖੁਸ਼ੀਆਂ ਦਾ ਮਾਲਕ, ਮੇਰਾ ਪ੍ਰਭੂ (ਆਪ ਹੀ ਹਰ ਥਾਂ) ਖ਼ੁਸ਼ੀ ਮਾਣ ਰਿਹਾ ਹੈ । ਹਰੇਕ ਸਰੀਰ ਵਿਚ ਉਹ ਵਿਆਪਕ ਹੈ । ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ ਫੈਸਲਾ (ਉਹੀ) ਕਰਦਾ ਹੈ । (ਦੁਨੀਆਂ ਦੇ) ਬਾਦਸ਼ਾਹਾਂ ਦੇ ਵੀ ਸਿਰ ਉੱਤੇ ਉਹ ਸਦਾ ਥਿਰ ਪਰਮਾਤਮਾ ਹੀ ਹੈ । ਕੋਈ ਹੋਰ (ਉਸ ਦੇ ਬਰਾਬਰ ਦਾ ਨਹੀਂ ਹੈ **। ੧ ।** ਬੇਅੰਤ ਪਰਮਾਤਮਾ ਹਰਖ-ਵੰਤ (ਭਾਵ, ਖੁਸ਼ੀਆਂ ਦਾ ਮਾਲਕ) ਹੋਣ ਦੇ ਨਾਲ, ਦਇਆ ਦਾ ਘਰ ਵੀ ਹੈ । ਹਰ ਥਾਂ ਪਰਗਟ ਹੈ, ਅਤੇ ਸਭਨਾਂ ਵਿਚ ਉਹ ਹੀ (ਆਪਣੀ ਜੋਤਿ ਦਾ) ਚਾਨਣ ਕਰ ਰਿਹਾ ਹੈ । ਅਨੇਕਾਂ ਹੀ ਰੂਪ ਬਣਾ ਬਣਾ ਕੇ (ਸਭਨਾਂ ਦੀ) ਸੰਭਾਲ ਕਰ ਰਿਹਾ ਹੈ, ਤੇ ਖ਼ੁਸ਼ ਹੋ ਰਿਹਾ ਹੈ (ਸਭਨਾ ਵਿਚ ਵਿਆਪਕ ਹੋਣ ਦੇ ਕਾਰਨ ਉਹ) ਆਪਣੀ ਪੂਜਾ ਵੀ ਆਪ ਹੀ ਕਰ ਰਿਹਾ ਹੈ **। ੨ ।** ਪਰਮਾਤਮਾ ਆਪ ਹੀ ਇਹ ਕੁਦਰਤ ਰਚਦਾ ਹੈ ਆਪ ਹੀ ਇਸ ਦੀ ਸੰਭਾਲ ਕਰਦਾ ਹੈ । ਉਹ ਸਦਾ ਥਿਰ ਪ੍ਰਭੂ ਆਪ ਹੀ ਜਗਤ-ਖਿਲਾਰਾ ਬਣਾ ਰਿਹਾ ਹੈ । ਦਿਨ ਰਾਤ ਹਰ ਵੇਲੇ ਉਹ ਆਪ ਹੀ (ਜੀਵਾਂ ਨੂੰ) ਖੇਡਾਂ ਖਿਡਾ ਰਿਹਾ ਹੈ ਅਤੇ (ਬੇਅੰਤ ਰੌਣਕਾਂ ਦਾ ਸ਼ੋਰ ਸ਼ਰਾਬਾ) ਸੁਣ ਸੁਣ ਕੇ ਖ਼ੁਸ਼ ਹੋ ਰਿਹਾ ਹੈ **। ੩ ।** ਉਹ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਸ਼ਾਹਨਸ਼ਾਹ ਦਾ ਖ਼ਜ਼ਾਨਾ, ਉਸਦੀ ਪਾਤਿਸ਼ਾਹੀ ਅਤੇ (ਇਹ ਸਾਰੀ ਰਚਨਾਂ) **ਉਸ ਦਾ ਤਖ਼ਤ**, ਸਦਾ ਕਾਇਮ ਰਹਿਣ ਵਾਲਾ ਹੈ--**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹੁ** ॥[੪੬੩] । ਸਾਰੇ ਜਗਤ ਦਾ ਸਹਾਰਾ ਪ੍ਰਭੂ, ਆਪ ਹੀ ਆਪਣੇ ਅਟੱਲ (ਨਿਯਮਾਂ ਦੀ) ਰਾਹੀਂ ਜਗਤ ਵਿਚ ਵਰਤਾਰਾ ਵਰਤ ਰਿਹਾ ਹੈ ।

ਅਗੇ ਲਿਖੀ ਪਉੜੀ ਵਿਚ ਵੀ ਓਸੇ ਸ਼ਾਹਨਸ਼ਾਹ ਪਰਮਾਤਮਾ ਦੀ ਮਹਿਮਾ ਹੈ ਜਿਹੜਾ ਸ੍ਰਿਸ਼ਟੀ-ਰੂਪ ਅਪਾਰ ਤਖ਼ਤ ਦਾ ਮਾਲਕ ਹੈ:--

੮੦- **ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥ ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥**
**ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ ॥ ਜੇ ਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ ॥**
**ਜੋ ਕੀਨੀ ਕਰਤਾਰਿ ਸਾਈ ਭਲੀ ਗਲ ॥ ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ ॥**
**ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ ॥ ਕਰਣ ਕਾਰਣ ਕਰੀਮ ਕੁਦਰਤਿ ਤੇਰੀਐ ॥ ੧੬ ॥**[੯੬੪]

**ਅਰਥ**:--ਹੇ ਪ੍ਰਭੂ ! (ਇਹ ਸੰਸਰ ਰੂਪ) ਤੇਰਾ ਵਡਾ ਦਰਬਾਰ ਅਤੇ ਤੇਰਾ ਤਖ਼ਤ ਸਦਾ ਕਾਇਮ ਰਹਿਣ ਵਾਲੇ ਹਨ । (ਕਾਇਨਾਤ ਵਿਚ ਚਲਦੀਆਂ ਹਵਾਵਾਂ ਰੂਪ ਤੇਰਾ) ਚਵਰ (ਅਤੇ ਆਕਾਸ਼-ਰੂਪ ਤੇਰਾ) ਛਤਰ ਅਟੱਲ ਹੈ, ਤੂੰ (ਸੰਸਾਰ ਦੇ ਸਾਰੇ) ਸ਼ਾਹਾਂ ਦੇ ਸਿਰ ਤੇ ਪਾਤਿਸ਼ਾਹ ਹੈਂ ।

(ਹੇ ਭਾਈ !) ਉਹੀ ਇਨਸਾਫ਼ ਅਟੱਲ ਹੈ ਜੋ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਜੇ ਉਸ ਨੂੰ ਚੰਗਾ ਲੱਗੇ ਤਾਂ ਨਿਆਸਰਿਆਂ ਨੂੰ ਆਸਰਾ ਮਿਲ ਜਾਂਦਾ ਹੈ । (ਜੀਵਾਂ ਵਾਸਤੇ) ਉਹੀ ਗਲ ਚੰਗੀ ਹੈ ਜੋ ਕਰਤਾਰ ਨੇ ਕੀਤੀ ਹੈ । ਜਿਨ੍ਹਾਂ ਬੰਦਿਆਂ ਨੇ ਖ਼ਸਮ-ਪ੍ਰਭੂ ਨਾਲ ਸਾਂਝ ਪਾ ਲਈ ਕਰਤਾਰ ਦੀ ਹਜ਼ੂਰੀ ਮਲ ਬੈਠੇ (ਉਨ੍ਹਾਂ ਦਾ ਮਨ ਹਿਰਦੇ-ਤਖ਼ਤ ਉਤੇ ਟਿਕ ਗਿਆ, ਉਹ ਆਤਮਕ ਅਡੋਲਤਾ ਵਿਚ ਟਿਕ ਗਏ, ਉਹ ਸਹਿਜ ਅਵਸਥਾ ਮਲ ਬੈਠੇ)

ਹੇ ਪ੍ਰਭੂ ! ਤੇਰਾ ਹੁਕਮ ਸਦਾ ਠੀਕ ਹੁੰਦਾ ਹੈ, ਕੋਈ ਜੀਵ (ਉਸ ਹੁਕਮ ਨੂੰ ਕਦੇ) ਮੋੜਦਾ ਨਹੀਂ । ਹੇ ਸ੍ਰਿਸ਼ਟੀ ਦੇ ਰਚਨਹਾਰ ! ਹੇ ਜੀਵਾਂ ਉਤੇ ਬਖ਼ਸ਼ਸ਼ ਕਰਨ ਵਾਲੇ ! (ਇਹ ਸਾਰੀ) ਤੇਰੀ ਹੀ (ਰਚੀ ਹੋਈ) ਕੁਦਰਤ ਹੈ । ੧੬ ।

ਅਗੇ ਲਿਖੀ ਪਉੜੀ ਵਿਚ ਪ੍ਰਭੂ ਦੇ ਇਸ ਰਾਜ ਦਰਬਾਰ ਅਤੇ ਤਖ਼ਤ ਦੀ ਵਿਆਖਿਆ, ਹੋਰ ਵੀ ਸਪੱਸ਼ਟ ਸ਼ਬਦਾਂ ਵਿਚ ਹੈ:--

੮੧- **ਆਪੀਨੈ੍ ਆਪੁ ਸਾਜਿ, ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ**
**ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ**
**ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ**
**ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ ੧ ॥** [੧੨੭੯]

**ਅਰਥ**:--(ਪ੍ਰਭੂ ਨੇ) ਆਪ ਹੀ ਆਪਣੇ ਆਪ ਨੂੰ ਪਰਗਟ ਕਰ ਕੇ ਆਪਣਾ ਅਸਲਾ ਸਮਝਾਇਆ ਹੈ, ਆਕਾਸ਼ ਤੇ ਧਰਤੀ ਨੂੰ ਵਖੋ-ਵੱਖ ਕਰ ਕੇ (ਇਹ ਆਕਾਸ਼ ਉਸ ਨੇ, ਆਪਣੇ ਤਖ਼ਤ ਉਤੇ) ਚੰਦੋਆ (-ਛਤਰ) ਤਾਣਿਆ ਹੋਇਆ ਹੈ, (ਸਾਰੇ ਜਗਤ-ਰੂਪ ਦਰਬਾਰ ਉਤੇ) ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾ ਟਿਕਾ ਕੇ ਆਪਣੇ ਹੁਕਮ ਨੂੰ ਨਗਾਰਾ ਬਣਾਇਆ ਹੈ, ਸੂਰਜ ਆਤੇ ਚੰਦ ਬਣਾ ਕੇ (ਉਨ੍ਹਾਂ ਵਿਚ ਆਪਣੀ) ਜੋਤਿ ਟਿਕਾਈ ਹੈ, (ਜੀਵਾਂ ਦੇ ਕਾਰ-ਵਿਹਾਰ ਲਈ) ਰਾਤ ਦਿਨ (-ਰੂਪ) ਅਚਰਜ ਤਮਾਸ਼ੇ ਬਣਾ ਦਿੱਤੇ ਹਨ । ਪੁਰਬਾਂ (-ਧਾਰਮਿਕ-ਮੇਲਿਆਂ) ਸਮੇ ਤੀਰਥਾਂ ਉਤੇ ਨ੍ਹਾਉਣ ਆਦਿਕ ਧਰਮਾਂ ਦੇ ਖ਼ਿਆਲ ਬਣਾ ਦਿੱਤੇ । ਹੇ ਪ੍ਰਭੂ ਤੇਰੀ ਇਸ ਅਚਰਜ ਖੇਡ ਦਾ) ਕੀ ਕਥਨ ਕਰੀਏ ? ਤੇਰੇ ਵਰਗਾ ਹੋਰ ਕੋਈ ਨਹੀਂ ਹੈ, ਤੂੰ ਤਾਂ ਸਦਾ ਕਾਇਮ ਰਹਣ ਵਾਲੇ ਤਖ਼ਤ ਉਤੇ ਬੈਠਾ ਹੈਂ ਤੇ ਹੋਰ (ਸ੍ਰਿਸ਼ਟੀ) ਪੈਦਾ ਹੁੰਦੀ ਹੈ ਤੇ ਨਾਸ ਹੁੰਦੀ ਹੈ । ੧ ।

ਕੁਝ ਸ਼ਬਦਾਂ ਦੀ ਸੂਚੀ:--

| | | | | | |
|---|---|---|---|---|---|
| ੧= [੫੧੫]-ਵਾਰ-੧੬ | ੨=[੧੦੨੧]-੨(੧੦) | ੩=[੯੦੭]-ਅਸਤ-੮(੮) | ੪=[੮੪੦]-ਥਿਤੀ-੧ | ੫=[੯੬੬]-ਵਾਰ-੨ | ੬=[੯੬੭]-ਵਾਰ-੩ |
| ੭=[੧੦੮੭]-ਵਾਰ-੨ | ੮=[੧੧੫੬]--੧-੪ | ੯=[੧੨੭੯]-ਵਾਰ-੧ | ੧੦=[੧੨੭੯]-ਵਾਰ-੩ | ੧੧=[੧੩੯੯]-੪ | ੧੨=[੭੬੨]-੧ |
| ੧੩=[੧੦੭੩] | ੧੪=[੧੪੦੬]-੧ | ੧੫=[੯੬੮]-੮ | | | |

**ਸਿਆਸੀ ਤਖ਼ਤ=** ੧=[੧੦੮੮]-ਵਾਰ-੬ ੨=[੧੨੧੧]-੧੩-੩੬ ੩=[੧੭੯]-੧੨-੮੧ ੪=[੧੭੬]-੧੨-੮੧ ।

## ੮੨- ਮੂ ਥੀਆਊ ਤਖਤੁ, ਪਿਰੀ ਮਹਿੰਜੇ ਪਾਤਿਸਾਹ ॥

**ਪਾਵ ਮਿਲਾਵੇ ਕੋਲਿ, ਕਵਲ ਜਿਵੈ ਬਿਗਸਾਵਦੋ ॥ ੧ ॥** [੧੦੯੮]-ਵਾਰ-੧੩

## ੬

# ਪ੍ਰਭੂ ਦਾ ਦਰਬਾਰ ਅਥਵਾ ਦੀਬਾਨ

ਮਨੁੱਖ ਦਾ ਮਨ ਭਟਕਣੋਂ ਹਟ ਜਾਣਾ ਹੀ, ਹਿਰਦੇ-ਤਖ਼ਤ ਉਤੇ ਬੈਠਣ ਦੀ ਵਡਿਆਈ ਹੈ । ਸੋ ਗੁਰਮਤਿ ਅਨੁਸਾਰ ਪ੍ਰਭੂ ਦਾ ਮੰਦਰ ਮਹਲ, ਤਖ਼ਤ ਮਨੁੱਖੀ ਹਿਰਦਾ ਹੀ ਹੈ । ਜ਼ਾਹਰ ਹੈ ਕਿ ਪ੍ਰਭੂ ਦਾ ਦਰਬਾਰ ਉਸ ਦੇ ਤਖ਼ਤ ਅਥਵਾ ਉਸ ਦੇ ਮਹਲ ਤੋਂ ਕਿਤੇ ਬਾਹਰ ਅੱਡਰੇ ਥਾਂ ਨਹੀਂ ਹੋ ਸਕਦਾ । ਫਿਰ ਵੀ " ਦਰਬਾਰ " ਪਦ ਦੀ ਵਰਤੋਂ ਵਾਲੇ ਸ਼ਬਦਾਂ ਤੋਂ ਕਿਤੇ ਸਾਡਾ ਮਨ ਸਾਨੂੰ ਬਿੱਪ੍ਰੀ ਭਰਮ ਵਲ ਨੂੰ ਨਾ ਲੈ ਦੌੜੇ, ਸੋ ਕੁਝ ਗੁਰੂ ਸ਼ਬਦ ਇਸ ਪੱਖ ਵਾਲੇ ਵੀ ਵਿਚਾਰ ਲਈਏ :--

੮੩- **ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥ ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥ ੩ ॥ ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ ॥ ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ ॥ ੪ ॥**[੧੦੦੩]-੭-੧੬

**ਅਰਥ**:-- ਜਿਵੇਂ ਬੱਦਲਾਂ ਦੀ ਛਾਂ (ਛਿਨ-ਭੰਗਰ ਹੈ, ਤਿਵੇਂ) ਮਾਇਆ ਦੇ ਰੰਗ-ਤਮਾਸ਼ੇ ਛੇਤੀ ਹੀ ਫਿੱਕੇ ਪੈ ਜਾਂਦੇ ਹਨ, ਪਰ, ਜਿਨ੍ਹਾਂ ਨੇ ਗੁਰੂ ਨੂੰ ਮਿਲ ਕੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਕੀਤੀ, ਉਹ ਲਾਲ ਹੋ ਗਏ, ਉਹ ਗੂੜ੍ਹੇ ਪ੍ਰੇਮ-ਰੰਗ ਵਿਚ ਰੰਗੇ ਗਏ (ਉਨ੍ਹਾਂ ਦਾ ਆਤਮਕ ਆਨੰਦ ਫਿੱਕਾ ਨਹੀਂ ਪੈਂਦਾ । ੩ । ਹੇ ਨਾਨਕ ! ਜਿੰਨਾਂ ਨੂੰ ਖਸਮ-ਪ੍ਰਭੂ ਪਿਆਰਾ ਲੱਗਦਾ ਹੈ, ਉਨ੍ਹਾਂ ਵਾਸਤੇ ਹਰਿ ਨਾਮ ਹੀ (ਦੁਨੀਆ ਦੀ) ਵਡਿਆਈ ਹੈ, ਨਾਮ ਹੀ (ਲੋਕ ਪਰਲੋਕ ਦੀ) ਸੋਭਾ ਹੈ, ਉਹ ਉਸ ਮਾਲਕ ਦੇ ਦਰਬਾਰ (ਜੋ ਅੰਦਰ ਹੀ ਲੱਗਾ ਹੋਇਆ ਹੈ) ਵਿਚ ਪਹੁੰਚੇ ਰਹਿੰਦੇ ਹਨ ਜੋ ਪ੍ਰਭੂ ਸਭ ਤੋਂ ਉੱਚਾ ਹੈ ਜੋ ਸਭ ਤੋਂ ਵਡਾ ਹੈ ਜੋ ਬੇਅੰਤ ਹੈ ਤੇ ਅਪਹੁੰਚ ਹੈ । ੪ ।

੮੪- **ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥ ੯ ॥ ਗੁਰ ਦਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥ ੧੦ ॥ ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧ ਸੰਗੁ ਪਾਇਆ ॥ ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥ ੧੧ ॥ ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥ ੧੨ ॥ ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥ ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥ ੧੩ ॥**[੧੦੭੯]-੧-੮

**ਵਿਚਾਰ**--ਪ੍ਰਭੂ ਦਾ ਮਹਲ, ਪ੍ਰਭੂ ਦਾ ਦਰਬਾਰ ਕਿਸੇ ਦੂਜੇ ਅਸਮਾਨ ਤੇ ਸਮਝਣ ਵਾਲੇ ਸੰਸਕਾਰ ਹਜ਼ਾਰਾਂ ਸਾਲਾਂ ਤੋਂ ਸਾਡੇ ਅੰਦਰ ਬਣੇ ਆ ਰਹੇ ਹਨ । ਸਾਡਾ ਮਨ ਉਸ ਪਾਸੇ ਝਟ ਪਟ ਲੱਗਦਾ ਹੈ । ਕੇਵਲ " **ਉਚੇ ਤੇ ਊਚਾ ਦਰਬਾਰਾ** " ਤੁਕ ਨੂੰ, ਅੱਖ਼ਰੀ ਅਰਥਾਂ ਨਾਲ ਵਰਤ ਕੇ ਅਜੇਹਾ ਭਰਮ ਪੱਕਾ ਕਰ ਦੇਣਾ ਬੜੀ ਸੌਖੀ ਗੱਲ ਹੈ, ਕਿ ਪ੍ਰਭੂ ਦਾ ਉੱਚੇ ਤੋਂ ਉੱਚਾ, ਅਤੇ ਨਿਰਾਲੀ ਸ਼ਾਨ ਵਾਲਾ ਅਦੁਭੁਤ ਦਰਬਾਰ ਕਿਸੇ ਹੋਰ ਅਸਮਾਨ ਬਣਿਆਂ ਹੋਇਆ ਹੈ । ਪਰ ਮਨ ਵਿਚ ਅਜੇਹੀ ਵਿਚਾਰ ਆਉਣ ਦੇਣੀ, ਪਿਛੇ ਕੀਤੀ ਸਾਰੀ ਗੁਰਮਤਿ ਵਿਚਾਰ ਨੂੰ ਰੱਦ ਕਰ ਦੇਣ ਦੀ ਭੁੱਲ ਹੋਵੇਗੀ । ਉਪ੍ਰੋਕਤ ਪੂਰੇ ਗੁਰੂ ਫ਼ੁਰਮਾਨ ਦੇ ਅਰਥ ਇਸ ਪ੍ਰਕਾਰ ਹਨ:--

ਜਿਸ ਮਨੁੱਖ ਦੇ ਮਨ ਵਿਚ ਪਿਆਰਾ ਪ੍ਰਭੂ ਆ ਵੱਸਦਾ ਹੈ, ਪ੍ਰਭੂ ਦੀ ਪੂਰੀ ਮਿਹਰ ਨਾਲ ਗੁਰੂ ਦਾ (ਦਸਿਆ ਨਾਮ-ਜਾਪ) ਜਪਦਾ ਹੈ । ਉਹ ਮਨੁੱਖ ਉਸ ਪ੍ਰਭੂ ਨੂੰ ਸਭਨਾ ਦੇ ਅੰਦਰ ਵੱਸਦਾ ਪਛਾਣ ਲੈਂਦਾ ਹੈ, ਅਤੇ ਮੁੜ ਮੁੜ ਜੂਨਾਂ ਦੀ ਭਟਕਣਾ ਵਿਚ ਪੈ ਕੇ ਦੁਖੀ ਨਹੀਂ ਹੁੰਦਾ । **੯** । ਜਿਸ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ-ਗਿਆਨ ਟਿਕ ਜਾਂਦਾ ਹੈ, ਉਸ ਦਾ ਦੁਖ ਅਤੇ ਦਰਦ ਦੂਰ ਹੋ ਜਾਂਦਾ ਹੈ, ਉਸ ਦੀ ਭਟਕਣਾ ਮੁੱਕ ਜਾਂਦੀ ਹੈ । ਉਸ ਦੇ ਅੰਦਰ ਆਤਮਕ ਅਡੋਲਤਾ ਦੇ ਸੁਖ ਆਨੰਦ ਬਣ ਜਾਂਦੇ ਹਨ ਅਤੇ ਪ੍ਰਭੂ ਦੇ ਨਾਮ ਦਾ ਸੁਆਦ ਆਉਣਾ ਅਰੰਭ ਹੋ ਜਾਂਦਾ ਹੈ । **੧੦** । ਜਿਸ ਮਨੁੱਖ ਨੇ ਪ੍ਰਭੂ ਦਾ ਧਿਆਨ ਧਰਿਆ ਉਹ ਨਾਮ-ਖ਼ਜ਼ਾਨੇ ਦਾ ਮਾਲਕ ਬਣ ਗਿਆ, ਜਿਸ ਮਨੁੱਖ ਨੇ ਗੁਰੂ ਦਾ ਸਾਥ ਪਾ ਲਿਆ ਉਹ ਹਰ ਥਾਂ ਇੱਜ਼ਤ ਵਾਲਾ ਬਣ ਗਿਆ, ਉਹ ਵੱਡੀ ਕਿਸਮਤ ਵਾਲਾ ਸਾਰੇ ਜਗਤ ਵਿਚ ਉੱਘਾ ਹੋ ਗਿਆ । **੧੧** । ਪ੍ਰਭੂ-ਮਾਲਕ ਜਲ, ਧਰਤੀ ਅਤੇ ਆਕਾਸ਼ ਵਿਚ ਵੱਸਦਾ ਹੈ, ਉਸ ਤੋਂ ਬਿਨਾਂ ਕੋਈ ਦੂਜਾ ਦੱਸਿਆ ਹੀ ਨਹੀਂ ਜਾ ਸਕਦਾ । ਗੁਰੂ ਦੇ ਗਿਆਨ ਦੇ ਸੁਰਮੇ ਨੇ (ਜਿਸ ਮਨੁੱਖ ਦੀਆਂ ਅੱਖਾਂ ਦਾ) ਸਾਰਾ ਭਰਮ (-ਜਾਲ) ਕੱਟ ਦਿੱਤਾ, ਉਸ ਨੂੰ ਇਕ ਪਰਮਾਤਮਾ ਤੋਂ ਬਿਨਾ (ਕਿਤੇ ਕੋਈ) ਹੋਰ ਦਿੱਸਦਾ ਹੀ ਨਹੀਂ । **੧੨** । ਹੇ ਪ੍ਰਭੂ ਤੇਰਾ (ਸ੍ਰਿਸ਼ਟੀ-ਰੂਪ) ਦਰਬਾਰ ਸਭ (ਦਰਬਾਰਾਂ) ਨਾਲੋਂ ਉੱਚਾ ਹੈ, ਉਸ ਦਾ ਅਖ਼ੀਰ ਉਸ ਦਾ ਪਾਰਲਾ ਬੰਨਾ ਦੱਸਿਆ ਨਹੀਂ ਜਾ ਸਕਦਾ । ਹੇ ਡੂੰਘੇ ਤੇ ਅਥਾਹ (ਸਮੁੰਦਰ) ! ਹੇ ਵਡੇ ਜਿਗਰੇ ਵਾਲੇ ! ਹੇ ਮੰਲਕ ! ਤੂੰ ਅਤੁੱਲ ਹੈਂ, ਤੈਨੂੰ ਨਹੀਂ ਜਾ ਸਕਦਾ, ਤੈਨੂੰ ਮਿਣਿਆਂ ਨਹੀਂ ਜਾ ਸਕਦਾ । ੧੩ ।

ਜਿਹੜਾ ਮਨੁੱਖ ਹਿਰਦੇ ਤਖ਼ਤ ਤੇ ਬੈਠੇ ਪ੍ਰਭੂ ਦੀ ਹਾਜ਼ਰੀ ਨਹੀਂ ਭਰ ਸਕਿਆ, ਜਿਹੜਾ ਮਨੁੱਖ ਪ੍ਰਭੂ ਦੇ ਇਸ ਦਰਬਾਰ ਦਾ ਦਰਬਾਰੀ ਨਹੀਂ ਬਣ ਸਕਿਆ, ਭਾਵ, ਜਿਕਹੜਾ ਗੁਰਸਿੱਖ ਆਪਣੇ ਸਤਿਗੁਰਾਂ ਦੇ ਸ਼ਬਦ ਗਿਆਨ ਅਨੁਸਾਰ ਚਲ ਕੇ ਆਪਣੇ ਮਨ ਨੂੰ ਪੂਰਨ ਟਿਕਾਉ ਵਿਚ ਨਹੀਂ ਲਿਆ ਸਕਿਆ, ਉਹ ਬਾਹਰੋਂ ਕਿਸੇ ਥਾਉਂ ਵੀ ਪਰਮਾਤਮਾਂ ਦੇ ਦਰਸ਼ਨ ਨਹੀਂ ਕਰ ਸਕਦਾ । ਮਨੁੱਖਾ ਸਰੀਰ ਦੇ ਅੰਦਰ ਉਸੇ ਪ੍ਰਭੂ ਦਾ ਵਾਸਾ ਹੈ, ਜਿਹੜਾ ਸਾਰੀ ਕਾਇਨਾਤ ਵਿਚ ਇਕ ਰਸ ਵੱਸ ਰਿਹਾ ਹੈ ।

੮੫- **ਸਭ ਤੇ ਊਚ ਜਾ ਕਾ ਦਰਬਾਰੁ ॥ ਸਦਾ ਸਦਾ ਤਾ ਕਉ ਜੋਹਾਰੁ ॥ ਊਚੇ ਤੇ ਊਚਾ ਜਾ ਕਾ ਥਾਨ ॥ ਕੋਟ ਅਘਾ ਮਿਟਹਿ ਹਰਿਨਾਮ ॥ ੧ ॥ ਤਿਸ ਸਰਣਾਈ ਸਦਾ ਸੁਖੁ ਹੋਇ ॥ ਕਰਿ ਕਿਰਪਾ ਜਾ ਕਉ ਮੇਲੈ ਸੋਇ ॥ ੧ ॥ ਰਹਾਉ ॥ ਜਾ ਕੇ ਕਰਤਬ ਲਖੇ ਨ ਜਾਹਿ ॥ ਜਾ ਕਾ ਭਰਵਾਸਾ ਸਭ ਘਟ ਮਾਹਿ ॥ ਪ੍ਰਗਟ ਭਇਆ ਸਾਧੂ ਕੈ ਸੰਗਿ ਭਗਤ ਅਰਾਧਹਿ ਅਨਦਿਨੁ ਰੰਗਿ ॥ ੨ ॥**[੧੧੪੪]-੧੯-੩੨

**ਅਰਥ**:--(ਕਿਸੇ ਵੀ ਗਿਣਤੀ ਵਿਚ ਨਾ ਆ ਸਕਣ ਵਾਲੇ ਸੂਰਜਾਂ, ਚੰਦ੍ਰਮਿਆਂ, ਧਰਤੀਆਂ, ਸਤਾਰਿਆਂ, ਦੇ ਸਮੂਹ ਵਾਲੇ ਬੇਅੰਤ ਖੰਡਾਂ ਆਦਿ ਦੇ ਅਪਾਰ ਖਿਲਾਰੇ ਵਾਲੀ ਸਾਰੀ ਸ੍ਰਿਸ਼ਟੀ ਹੀ) ਜਿਸ ਪ੍ਰਭੂ ਦਾ ਸਭ ਤੋਂ ਉਚਾ ਦਰਬਾਰ ਹੈ, ਉਸ ਪ੍ਰਭੂ ਪਾਤਿਸ਼ਾਹ ਨੂੰ ਸਦਾ ਨਮਸਕਾਰ ਕਰਨੀ ਚਾਹੀਦੀ ਹੈ । ਐਸੇ ਉਚੇ ਅਸਥਾਨ ਦੇ ਵਾਸੀ ਪ੍ਰਭੂ ਦਾ ਸਿਮਰਨ ਕਰਨ ਨਾਲ

ਕ੍ਰੋੜਾਂ ਪਾਪਾਂ ਦਾ ਨਾਸ ਹਾ ਜਾਂਦਾ ਹੈ ।੧। ਪ੍ਰਭੂ ਦੀ ਮਿਹਰ ਹੋ ਜਾਏ ਤਾਂ ਮਨੁੱਖ ਉਸ ਦੇ ਚਰਨਾਂ ਵਿਚ ਲੀਨ ਹੋ ਕੇ ਸਦੀਵੀ ਆਨੰਦ ਦਾ ਮਾਲਕ ਬਣਦਾ ਹੈ। **੧। ਰਹਾਉ ।** ਜਿਸ ਪ੍ਰਭੂ-ਪਾਤਿਸ਼ਾਹ ਦੇ ਚੋਜ-ਤਮਾਸ਼ੇ ਸਮਝੇ ਨਹੀਂ ਜਾ ਸਕਦੇ, ਜਿਸ ਪ੍ਰਭੂ ਦਾ ਸਹਾਰਾ (ਵਾਸਾ) ਹਰੇਕ ਹਿਰਦੇ ਵਿਚ ਹੈ ਉਹ ਪ੍ਰਭੂ ਸਾਧ (-ਗੁਰੂ ਗ੍ਰੰਥ ਸਾਹਿਬ ਜੀ ਦੀ) ਸੰਗਤਿ ਵਿਚ ਰਿਹਾਂ (ਭਾਵ, ਗੁਰੂਬਾਣੀ ਦੀ ਵਿਚਾਰ-ਸੰਗਤਿ ਰਿਹਾਂ ਕੂੜ ਦੀ ਪਾਲ ਟੁੱਟ ਜਾਂਦੀ ਹੈ ਅਤੇ ਹਿਰਦੇ ਵਿਚ ਪ੍ਰਭੂ) ਪਰਗਟ ਹੋ ਜਾਂਦਾ ਹੈ। ਭਗਤ ਜਨ ਹਰ ਵੇਲੇ ਉਸ ਪ੍ਰਭੂ ਦਾ ਨਾਮ ਸਿਮਰਦੇ ਹਨ।੨।

੮੬- **ਕੋਟਿ ਦਾਸ ਜਾ ਕੈ ਦਰਬਾਰੇ ॥ ਨਿਮਖ ਨਿਮਖ ਵਸੈ ਤਿਨ ਨਾਲੇ ॥੩॥**
**ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥**[੭੩੯]-੫-੧੧

**ਅਰਥ:**-ਹੇ ਭਾਈ ! ਪ੍ਰਭੂ ਐਸਾ ਹੈ ਕਿ ਕ੍ਰੋੜਾਂ ਸੇਵਕ ਉਸ ਦੇ ਦਰਬਾਰ ਦੇ ਸੇਵਕ ਹਨ ( ਦਰ ਤੇ ਡਿੱਗੇ ਰਹਿੰਦੇ ਹਨ)। ਉਹ ਹਰ ਵੇਲੇ ਉਨ੍ਹਾਂ ਦੇ ਨਾਲ ਵੱਸਦਾ ਹੈ **।੩।** ਗੁਰਦੇਵ ਜੀ ਫ਼ੁਰਮਾਉਂਦੇ ਹਨ--ਹੇ ਪ੍ਰਭੂ ! ਮੇਰੀ ਆਪਣੀ ਪਾਂਇਆ ਕੁਝ ਵੀ ਨਹੀਂ, (ਮੇਰੇ ਕੋਲ ਜੋ ਕੁਝ ਵੀ ਹੈ) ਸਭ ਕੁਝ ਤੇਰਾ ਹੈ। ਤਾਣੇ ਪੇਟੇ ਵਾਂਗ ਤੂੰ ਹੀ ਮੇਰੇ ਨਾਲ ਵੱਸਦਾ ਹੈਂ ।੪।

੮੭- **ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥੩॥**
**ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥** [੭੪੦]-੧੦-੧੬

**ਅਰਥ**:---(ਸ੍ਰਿਸ਼ਟੀ-ਰੂਪ) ਉਚੇ ਤੋਂ ਉਚੇ ਦਰਬਾਰ ਦਾ ਮਾਲਕ ਪ੍ਰਭੂ, ਬੇਅੰਤ ਜੀਵਾਂ ਦਾ ਨਾਸ ਕਰਦਾ ਹੈ ਅਤੇ ਪੈਦਾ ਕਰਦਾ ਹੈ ਅਤੇ **।੩।** ਹੇ ਨਾਨਕ ! ਉਸ ਇੱਕ ਪਰਮਾਤਮਾ ਦਾ ਨਾਮ ਜਪਿਆ ਕਰ, ਜਿਸ ਵਰਗਾ ਹੋਰ ਦੂਜਾ ਨਾ ਅਜੇ ਤਕ ਹੋਇਆ ਹੈ, ਨਾ ਹੀ ਅਗਾਂ:ਹ ਨੂੰ ਹੋਵੇਗਾ।੪।

ਸਾਰੀ ਸ੍ਰਿਸ਼ਟੀ ਹੀ ਬੇਅੰਤ ਪ੍ਰਭੂ ਦਾ ਅਪਾਰ ਤਖ਼ਤ ਹੈ। ਸਾਰੀ ਰਚਨਾ ਹੀ ਉਸ ਅਗੰਮ ਪ੍ਰਭੂ ਦਾ ਉਚੇ ਤੋਂ ਉਚਾ ਦਰਬਾਰ ਹੈ। ਪਰ ਇਸ ਗੱਲ ਨੂੰ ਭੁਲਣਾ ਨਹੀਂ ਕਿ ਮਨੁੱਖ ਨੇ ਆਪਣੇ ਹਿਰਦੇ ਤਖ਼ਤ ਤੇ ਬੈਠਾ ਪ੍ਰਭੂ ਸਾਡੇ ਕਰਮਾਂ ਦਾ ਲੇਖ ਲਿਖ ਰਿਹਾ ਹੈ। ਮਨੁੱਖ ਨੇ ਏਸੇ " ਪ੍ਰਭੂ ਸ਼ਕਤੀ " ਦੀ ਹਜ਼ੂਰੀ ਵਿਚ ਹਾਜ਼ਰ ਹੋ ਸਕਣ ਜੋਗੇ ਬਣਨਾ ਹੈ। ਏਸੇ ਪ੍ਰਭੂ ਸ਼ਕਤੀ ਦੇ ਦਰਬਾਰ ਵਿਚ ਅਸਾਂ ਸੁਰਖ਼ਰੂ ਹੋਣਾ ਹੈ। ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਬਣਾ ਲੈਣ ਤੇ, ਏਸੇ ਸੱਚੇ ਦਰਬਾਰ ਵਿਚ ਸਾਡੇ ਮੁੱਖ ਉਜਲੇ ਹੋਣੇ ਹਨ--**ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥** [੪੭੩] ਮਾਇਆ-ਮੋਹ ਵਿਚ ਫਸ ਕੇ ਵਿਕਾਰੀ ਹੋਣ ਕਾਰਨ ਬਿਗਾਨਾ ਬਣੇ ਹੋਏ ਮੈਂ ਨਿਮਾਣੇ (ਸਾਡੇ ਸਾਰਿਆਂ) ਦੇ ਅੰਦਰ ਦੀ ਹਾਲਤ। ਅਤੇ ਮਹਲੀ ਬੈਠੇ ਪ੍ਰਭੂ ਦੇ ਦਰਬਾਰ ਤੋਂ ਵਿਛੜੇ ਫਿਰਦੇ ਇਸ ਅੰਞਾਣੇ ਅਗਿਆਨੀ ਦੀ, **ਸੰਤ-ਗੁਰੂ-ਗ੍ਰੰਥ ਸਾਹਿਬ ਜੀ** ਦੇ ਚਰਨਾਂ ਵਿਚ ਜੋਦੜੀ---

੮੮- **ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤਿ ਅਨਿਕ ਤਰੰਗਾ ॥੧॥ ਮੇਰੇ ਮਨ, ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥ ਮੋਹ ਮਗਨ ਮਹਿ ਰਹਿਆ ਬਿਆਪੇ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥ ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ, ਨ ਸੂਝੈ, ਮਹਾ ਗੁਬਾਰਾ ॥੩॥ ਭ੍ਰਮਤ ਬਿਆਪਤ ਜਰੇ ਕਿਵਾਰਾ ॥ ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥ ਆਸਾ ਅੰਦੇਸਾ ਬੰਧਿ ਪਰਾਨਾ ॥ ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥ ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥ ਕਛੂ ਸਿਆਨਪ ਉਕਤਿ ਨ ਮੇਰੀ ॥ ਏਕ ਆਸ ਠਾਕੁਰ ਪ੍ਰਭ ਤੋਰੀ ॥੭॥ ਕਰਉ ਬੇਨਤੀ ਸੰਤਨ ਪਾਸੇ ॥ ਮੇਲਿ ਲੈਹੁ ਨਾਨਕ ਅਰਦਾਸੇ ॥੮॥ ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥** [੭੫੯]-

## ਦੀਬਾਨ--

ਦੀਬਾਨ ਦਾ ਅਰਥ **੧)** ਕਚਹਿਰੀ, **੨)** ਇਨਸਾਫ਼ ਕਰਨ ਵਾਲਾ ਹਾਕਮ **੩)** ਅਥਵਾ ਆਸਰਾ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਇੱਕ ਸਲੋਕ ਹੈ ਜਿਸ ਵਿਚ " ਦੀਬਾਨੁ " ਸ਼ਬਦ ਆਉਂਦਾ ਹੈ। ਅਤੇ ਨਾਲ ਹੀ ਗੁਨਾਹੀ ਮਨੁੱਖਾਂ ਨੂੰ ਤਿਲਾਂ ਵਾਂਗ ਪੀੜੇ ਜਾਣ ਦੀ ਗੱਲ ਵੀ ਹੈ। ਉਸ ਪਾਵਨ ਸਲੋਕ ਤੋਂ ਬ੍ਰਾਹਮਣੀ ਵਿਸ਼ਵਾਸ਼ ਵਾਲੇ ਯਮ-ਰਾਜ ਦੇ ਦਰਬਾਰ ਵਿਚ ਮਿਲਦੀਆਂ ਸਖ਼ਤ ਸਜ਼ਾਵਾਂ ਦਾ ਭਰਮ ਸੰਗਤਾਂ ਦੇ ਮਨਾਂ ਵਿਚ ਪਾਇਆ ਜਾ ਰਿਹਾ ਹੁੰਦਾ ਹੈ। ਸਲੋਕ ਇਸ ਪ੍ਰਕਾਰ ਹੈ:--

੮੯- **ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥**[੪੭੩]-ਵਾਰ-੨੦

**ਅਰਥ:**--ਜੋ ਮਨੁੱਖ ਮਨੋਂ ਤਾਂ ਝੂਠੇ ਹਨ, ਪਰ ਬਾਹਰ ਕੂੜੀ ਇੱਜ਼ਤ ਬਣਾਈ ਬੈਠੇ ਹਨ, ਅਤੇ ਜਗਤ ਵਿਚ ਵਿਖਾਵਾ ਬਣਾਈ ਰੱਖਦੇ ਹਨ, ਉਹ ਭਾਵੇਂ ਅਠਾਹਠ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ, ਉਨ੍ਹਾਂ ਦੇ ਮਨ ਦੇ ਕਪਟ ਦੀ ਮੈਲ ਕਦੇ ਨਹੀਂ ਉਤਰਦੀ। ਜਿਨ੍ਹਾਂ ਮਨੁੱਖਾਂ ਦੇ ਅੰਦਰ (ਕੋਮਲਤਾ ਤੇ ਪ੍ਰੇਮ ਰੂਪ) ਪੱਟ ਹੈ, ਪਰ ਬਾਹਰ (ਰੁੱਖਾ-ਪਨ ਰੂਪ) ਗੁੱਦੜ ਹੈ, ਜਗਤ ਵਿਚ ਉਹ ਬੰਦੇ ਨੇਕ ਹਨ, ਉਨ੍ਹਾਂ ਦਾ ਰੱਬ ਨਾਲ ਨੇਹੁ ਲੱਗਾ ਹੋਇਆ ਹੈ ਤੇ ਉਹ ਰੱਬ ਦਾ ਦੀਦਾਰ ਕਰਨ ਦੇ ਵਿਚਾਰ ਵਿਚ ਹੀ (ਸਦਾ ਜੁੜੇ ਰਹਿੰਦੇ ਹਨ) ਉਹ ਮਨੁੱਖ ਪ੍ਰਭੂ ਦੇ ਪਿਆਰ ਵਿਚ (ਰੰਗੇ ਹੋਏ ਕਦੇ) ਹੱਸਦੇ ਹਨ, ਪ੍ਰੇਮ ਵਿਚ ਹੀ ਕਦੇ ਰੋਂਦੇ ਹਨ ( ਭਾਵ, ਉੱਚੀ ਆਤਮਾਂ ਵਾਲੇ ਅਜੇਹੇ ਮਨੁੱਖ ਨਾ ਕਿਸੇ ਜਬਰ ਅਤੇ ਜ਼ਾਲਮ ਮਨੁੱਖ ਦੇ ਰੁਆਏ ਰੋਂਦੇ ਹਨ ਅਤੇ ਨਾ ਕਿਸੇ ਦੇ ਹਸਾਏ ਹੱਸਦੇ ਹਨ। ਉਹ ਸਦਾ ਪ੍ਰਭੂ ਦੇ ਪਿਆਰ ਦੀ ਮਸਤੀ ਦੇ ਅਨੰਦ ਦਾ ਅਸਰ ਹੀ ਕਬੂਲਦੇ ਹਨ), ਅਤੇ ਪ੍ਰਭੂ-ਪ੍ਰੇਮ ਵਿਚ ਹੀ (ਮਸਤ ਹੋਏ) ਕਦੇ ਚੁੱਪ ਰਹਿੰਦੇ ਹਨ। ਉਨ੍ਹਾਂ ਨੂੰ ਸੱਚੇ ਖਸਮ (ਪ੍ਰਭੂ) ਤੋਂ ਬਿਨਾ ਕਿਸੇ ਹੋਰ ਦੀ ਮੁਥਾਜੀ ਨਹੀਂ ਹੁੰਦੀ। ਜ਼ਿੰਦਗੀ-ਰੂਪ ਰਾਹੇ ਪਏ ਹੋਏ ਉਹ ਮਨੁੱਖ, ਰੱਬ ਦੇ ਦਰ ਤੋਂ ਹੀ ਨਾਮ-ਰੂਪ ਖ਼ੁਰਾਕ ਮੰਗਦੇ ਹਨ, ਜਦੋਂ ਰੱਬ ਦਿੰਦਾ ਹੈ ਤਦੋਂ ਖਾਂਦੇ ਹਨ। ਹੇ ਨਾਨਕ ! (ਉਨ੍ਹਾਂ ਨੂੰ ਇਹ ਨਿਸਚਾ ਹੈ) ਕਿ ਪ੍ਰਭੂ ਆਪ ਹੀ ਦੀਬਾਨ ਹੈ, ਭਾਵ, ਆਪ ਹੀ ਫ਼ੈਸਲਾ ਕਰਨ ਵਾਲਾ ਹੈ ਤੇ ਆਪ ਹੀ ਲੇਖਾ ਲਿਖਣ ਵਾਲਾ ਹੈ (ਧਰਮਰਾਜ ਆਦਿ ਦੂਜਾ ਨਾ ਕੋਈ ਫੈਸਲੇ ਕਰਨ ਵਾਲਾ ਹੈ ਅਤੇ ਨਾ ਕੋਈ ਚਿਤਰ ਗੁਪਤ ਆਦਿ ਕਰਮਾਂ ਦੇ ਲੇਖੇ ਲਿਖਣ ਵਾਲਾ ਹੀ ਹੈ) ਸਾਰੇ ਚੰਗੇ ਮੰਦੇ ਜੀਵਾਂ ਦਾ ਮੇਲ (ਭਾਵ, ਪੇਸ਼ੀ) ਉਸੇ " ਇੱਕ " (-ਜੋ ਅੰਦਰ ਹੀ ਦਰਬਾਰ ਲਾਈ ਬੈਠਾ ਹੈ) ਦੇ ਦਰ ਤੇ ਹੀ ਹੁੰਦੀ ਹੈ। ਪ੍ਰਭੂ ਸਭ ਤੋਂ ਕੀਤੇ ਕਰਮਾਂ ਦਾ ਲੇਖਾ ਮੰਗਦਾ ਹੈ ਤੇ ਮੰਦੇ ਮਨੁੱਖਾਂ ਨੂੰ ਇਉਂ ਪੀੜ ਸੁੱਟਦਾ ਹੈ ਜਿਵੇਂ ਤੇਲ, (ਭਾਵ, ਉਨ੍ਹਾਂ ਮੰਦੇ ਸੰਸਕਾਰ ਅੰਦਰੋਂ ਕੱਢਣ ਲਈ ਉਨ੍ਹਾਂ ਨੂੰ ਜਨਮ ਮਰਨ ਦੇ ਗੇੜ ਵਾਲੇ ਦੁਖਾਂ ਰੂਪ ਕੋਹਲੂ ਵਿਚ ਪਾ ਦਿੰਦਾ ਹੈ )।

੯੦- **ਪਉੜੀ ॥ ਜੋ ਮਿਲਿਆ ਹਰਿ ਦੀਬਾਣ ਸਿਉ, ਸੋ ਸਭਨੀ ਦੀਬਾਣੀ ਮਿਲਿਆ ॥**

**ਜਿਥੈ ਓਹ ਜਾਇ ਤਿਥੈ ਓਹ ਸੁਰਖਰੂ, ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥ ਓਸੁ ਅੰਤਰਿ ਨਾਮੁ ਨਿਧਾਨੁ ਹੈ, ਨਾਮੋ ਪਰਵਰਿਆ ॥ ਨਾਉ ਪੂਜੀਐ ਨਾਉ ਮੰਨੀਐ, ਨਾਇ ਕਿਲਵਿਖ ਸਭ ਹਿਰਿਆ ॥ ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ, ਸੇ ਅਸਥਿਰੁ ਜਗਿ ਰਹਿਆ ॥ ੧੧ ॥**[੮੭]

**ਅਰਥ:**--ਜੋ ਮਨੁੱਖ ਹਰੀ ਦੇ ਦਰਬਾਰ ਵਿਚ ਮਿਲਿਆ ਹੈ (ਜੋ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਵਿਚ ਬੈਠਣ ਯੋਗ ਬਣ ਗਿਆ, ਜਿਸ ਦਾ ਮਨ ਵਿਕਾਰਾਂ ਵਾਲੋਂ ਹਟ ਕੇ ਸਹਿਜ ਅਵਸਥਾ ਵਿਚ ਟਿਕ ਗਿਆ) ਹੈ, ਉਸ ਨੂੰ ਸੰਸਾਰ ਦੇ ਸਭ ਦਰਬਾਰਾਂ ਵਿਚ ਆਦਰ ਮਿਲਦਾ ਹੈ । ਜਿਥੇ ਉਹ ਜਾਂਦਾ ਹੈ ਉਥੇ ਹੀ ਉਸ ਦਾ ਮੱਥਾ ਖਿੜਿਆ ਰਹਿੰਦਾ ਹੈ, ਉਸ ਦਾ ਮੂੰਹ ਵੇਖ ਕੇ (ਭਾਵ, ਉਸ ਦੇ ਦਰਸ਼ਨ ਕਰਕੇ) ਸਾਰੇ ਪਾਪੀ ਤਰ ਜਾਂਦੇ ਹਨ । ( ਅਜੇਹਾ ਮਨੁੱਖ, ਹਰਿ ਦੀਬਾਨ ਵਿਚ ਮਿਲ ਸਕਣ ਜੋਗਾ ਹੋਇਆ ਹੀ ਤਦ ਹੈ ਕਿਉਂਕਿ) ਉਸ ਦੇ ਹਿਰਦੇ ਵਿਚ ਨਾਮ ਦਾ ਖ਼ਜ਼ਾਨਾ ਹੈ ਤੇ ਨਾਮ ਹੀ ਉਸ ਦਾ ਪਰਵਾਰ ਹੈ (ਭਾਵ, ਨਾਮ ਹੀ ਉਸ ਦੇ ਸਿਰ ਦੇ ਦੁਆਲੇ ਰੌਸ਼ਨੀ ਦਾ ਚੱਕ੍ਰ ਹੈ) । ਸੋ ਨਾਮ ਸਿਮਰਨਾ ਚਾਹੀਦਾ ਹੈ, ਤੇ ਨਾਮ ਦਾ ਹੀ ਧਿਆਨ ਧਰਨਾ ਚਾਹੀਦਾ ਹੈ, ਨਾਮ ਜਪਣ ਕਰਕੇ ਸਭ ਪਾਪ ਦੂਰ ਹੋ ਜਾਂਦੇ ਹਨ । ਜਿਨ੍ਹਾਂ ਨੇ ਇਕਾਗਰ ਚਿਤ ਹੋ ਕੇ ਨਾਮ ਜਪਿਆ ਹੈ, ਉਹ ਸੰਸਾਰ ਵਿਚ ਅਟੱਲ ਹੋ ਗਏ (ਭਾਵ, ਸੰਸਾਰ ਵਿਚ ਸਦਾ ਲਈ ਉਥ੍ਹਾਂ ਦੀ ਸੋਭਾ ਤੇ ਪ੍ਰਤਿਸ਼ਟਾ ਕਾਇਮ ਹੋ ਗਈ ਹੈ) । ੧੧ । **(ਪੰਚੇ ਪਾਵਹਿ ਦਰਗਹਿ ਮਾਨੁ ॥)** ਵਾਲਾ ਸਿਧਾਂਤ ਸਪੱਸ਼ਟ ਹੋ ਰਿਹਾ ਹੈ

ਇਸ ਗੁਰੂ ਫ਼ੁਰਮਾਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਮਹਲ, ਮੰਦਰ, ਤਖ਼ਤ ਵਾਂਗ ਹਰੀ ਦਾ ਦੀਬਾਨ ਵੀ ਕਿਸੇ ਅਜੇਹੀ ਥਾਂ ਤੇ ਨਹੀਂ ਹੈ ਜਿਥੇ ਸਰੀਰ ਦੀ ਮੌਤ ਹੋ ਜਾਣ ਉਪ੍ਰੰਤ ਅੱਪੜੀਦਾ ਹੈ । ਸਾਫ਼ ਸਿੱਧ ਹੋ ਰਿਹਾ ਹੈ ਕਿ ਮਨੁੱਖ ਨੇ ਜੀਊਂਦਿਆਂ ਹੀ ਪ੍ਰਭੂ ਦੇ ਦੀਬਾਨ ਵਿਚ ਬੈਠਣ ਜੋਗੇ ਬਣਨਾ ਹੈ । ਪਰ ਅਗੇ ਲਿਖੇ ਗੁਰਬਾਣੀ ਸ਼ਬਦ ਦੀ ਵਰਤੋਂ ਕਰਕੇ ਬਿੱਪ੍ਰੀ ਪਰਲੋਕ ਵਿਚਲੀ ਅਣਡਿੱਠੀ ਦੁਨੀਆ ਦਾ ਭਰਮ ਪੱਕਾ ਕੀਤਾ ਜਾ ਰਿਹਾ ਹੁੰਦਾ ਹੈ:--

੯੧- **ਅਮਲੁ ਸਿਰਾਨੋ, ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥ ਕਿਆ ਤੈ ਖਟਿਆ, ਕਹਾ ਗਵਾਇਆ ॥ ਚਲਹੁ ਸਿਤਾਬ, ਦੀਬਾਨਿ ਬੁਲਾਇਆ ॥ ੧ ॥ ਚਲੁ ਦਰਹਾਲੁ, ਦੀਵਾਨਿ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ॥੧॥ ਰਹਾਉ ॥ ਕਰਉ ਅਰਦਾਸਿ, ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥ ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥ ੨ ॥ ਸਾਧ ਸੰਗਿ ਜਾ ਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥ ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥ ੩ ॥ ਜਾਗਤੁ ਸੋਇਆ, ਜਨਮੁ ਗਵਾਇਆ ॥ ਮਾਲੁ ਧਨੁ ਜੋਰਿਆ, ਭਇਆ ਪਰਾਇਆ ॥ ਕਹੁ ਕਬੀਰ ਤੇਈ ਨਰ ਭੂਲੇ ॥ ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥ ੪ ॥**[੭੯੨]-੩

**ਅਰਥ:**-- (ਹੇ ਜੀਵ ! ਜਗਤ ਵਿਚ) ਤੇਰੀ ਉਮਰ ਦਾ ਨਿਯਤ ਸਮਾ ਲੰਘ ਗਿਆ ਹੈ, (ਏਥੇ ਜੋ ਕੁਝ ਕਰਦਾ ਰਿਹਾ ਹੈਂ) ਉਸ ਦਾ ਹਿਸਾਬ ਦੇਣਾ ਪਏਗਾ, ਕਰੜੇ ਜਮਦੂਤ ਲੈਣ ਆ ਗਏ ਹਨ । (ਉਹ ਆਖਣਗੇ--) ਛੇਤੀ ਚੱਲ, ਦੀਵਾਨ (ਭਾਵ, ਕਥਿਤ ਧਰਮਰਾਜ) ਨੇ ਸਦਿਆ ਹੈ । ਏਥੇ ਰਹਿ ਕੇ ਤੂੰ ਕੀ ਖੱਟੀ ਖੱਟੀ ਹੈ, ਤੇ ਕਿਥੇ ਗਵਾਇਆ ਹੈ ? **। ੧ ।** ਛੇਤੀ ਚੱਲ, ਦੀਵਾਨ (ਹਾਕਮ) ਨੇ ਸਦਿਆ ਹੈ, ਪ੍ਰਭੂ ਦੀ ਦਰਗਾਹ ਦਾ ਹੁਕਮ ਆਇਆ ਹੈ **। ੧ । ਰਹਾਉ ।** (ਤਾਂ ਫਿਰ ਕੀ ਤੂੰ ਇਹ ਕਹਿ ਸਕੇਂਗਾ ? ਕਿ) ਮੈਂ ਬੇਨਤੀ ਕਰਦਾ ਹਾਂ ਕਿ ਕੁਝ ਪਿੰਡ ਦਾ ਹਿਸਾਬ-ਕਿਤਾਬ ਰਹਿ ਗਿਆ ਹੈ, (ਜੇ ਆਗਿਆ ਦੇਵੋ) ਤਾਂ ਮੈਂ ਅੱਜ ਹੀ ਉਹ ਹਿਸਾਬ ਮੁਕਾ ਲਵਾਂਗਾ, **ਕੁਝ ਤੁਹਾਡੇ ਲਈ ਵੀ ਖ਼ਰਚ ਦਾ ਪ੍ਰਬੰਧ ਕਰ ਲਵਾਂਗਾ**, ਤੇ ਸਵੇਰ ਦੀ ਨਿਮਾਜ਼ ਰਾਹ ਵਿਚ ਪੜ੍ਹ ਲਵਾਂਗਾ (ਭਾਵ, ਬਹੁਤ ਸਵਖ਼ਤੇ ਹੀ ਤੁਹਾਡੇ ਨਾਲ ਤੁਰ ਪਵਾਂਗਾ ) **। ੨ ।**

ਜਿਸ ਮਨੁੱਖ ਨੂੰ ਸਤਸੰਗ ਵਿਚ ਰਹਿ ਕੇ ਪ੍ਰਭੂ ਦਾ ਪਿਆਰ ਪ੍ਰਾਪਤ ਹੁੰਦਾ ਹੈ, ਉਹ ਮਨੁੱਖ ਧੰਨ ਹੈ, ਭਾਗਾਂ ਵਾਲਾ ਹੈ । ਪ੍ਰਭੂ ਦੇ ਸੇਵਕ ਲੋਕ, ਪਰਲੋਕ ਵਿਚ ਸੌਖੇ ਰਹਿੰਦੇ ਹਨ ਕਿਉਂਕਿ ਉਹ ਇਸ ਅਮੋਲਕ ਜਨਮ-ਰੂਪ ਕੀਮਤੀ ਸ਼ੈ ਨੂੰ ਜਿੱਤ ਲੈਂਦੇ ਹਨ **। ੩ ।** ਜੋ ਮਨੁੱਖ ਜਾਗਦਾ ਹੀ (ਮਾਇਆ ਦੀ ਨੀਂਦ ਵਿਚ) ਸੁੱਤਾ ਰਹਿੰਦਾ ਹੈ, ਉਹ ਮਨੁੱਖ ਜੀਵਨ ਅਜਾਈਂ ਗਵਾ ਲੈਂਦਾ ਹੈ, (ਕਿਉਂਕਿ) ਉਸ ਦਾ ਸਾਰਾ ਮਾਲ ਧਨ ਇਕੱਠਾ ਕੀਤਾ ਹੋਇਆ (ਤਾਂ ਆਖ਼ਰ) ਬਿਗਾਨਾ ਹੋ ਜਾਂਦਾ ਹੈ । ਕਬੀਰ ਜੀ ਫ਼ੁਰਮਾਉਂਦੇ ਹਨ, ਕਿ ਉਹ ਮਨੁੱਖ ਖੁੰਝ ਗਏ ਹਨ, ਉਹ ਮਿੱਟੀ ਵਿਚ ਹੀ ਰੁਲ ਗਏ ਹਨ ਜਿਨ੍ਹਾਂ ਨੇ ਪਰਮਾਤਮਾ-ਪਤੀ ਨੂੰ ਵਿਸ਼ਾਰਿਆ । ੪ ।

ਸ਼ਬਦ ਦਾ ਭਾਵ-- ਮਾਇਆ ਦੇ ਮੋਹ ਵਿਚ ਫ਼ਸੇ ਹੋਏ, ਰੱਬ ਨੂੰ ਵਿਸਾਰੀ ਬੈਠੇ ਵਿਕਾਰੀ ਬਣੇ, ਗ਼ਾਫਲ ਮਨੁੱਖ ਨੂੰ, ਮੌਤ ਯਾਦ ਕਰਾਈ ਹੈ । ਕਿ, ਪਤਾ ਨਹੀਂ ਕਿਹੜੇ ਵੇਲੇ ਤੇਰਾ ਆਖ਼ਰੀ ਸਮਾ ਆ ਜਾਣਾ ਹੈ ਅਤੇ ਫਿਰ ਤੇਰੇ ਕੋਲੋਂ ਕੋਈ ਵੀ ਰਹਿੰਦਾ ਕੰਮ ਨਹੀਂ ਸਾਂਭਿਆ ਜਾਣਾ । ਸਾਧ ਸੰਗਤਿ ਵਿਚ ਮਿਲ ਕੇ ਆਪਣੀ ਜੀਵਨ-ਜੁਗਤ ਸੁਆਰਨ ਦੇ ਆਹਰ ਵਿਚ ਲੱਗ ਕੇ, ਮਨੁੱਖਾ ਜਨਮ ਸਫ਼ਲਾ ਕਰਨ ਦਾ ਉਪਦੇਸ਼ ਹੈ--

(੧) ਭਿਆਨਕ ਜਮਦੂਤਾਂ ਨੇ ਆ ਕੇ ਹਡਾਂ ਨੂੰ ਭੰਨ ਭੰਨ ਕੇ ਜਾਨ ਕੱਢਣ ਦਾ ਡਰ, ਬ੍ਰਾਹਮਣ ਨੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੇ ਮਨ ਵਿਚ ਪੱਕਾ ਕਰ ਦਿੱਤਾ ਹੋਇਆ ਹੈ । ਇਹ ਗੱਲ ਹਜ਼ਾਰਾਂ ਸਾਲਾਂ ਤੋਂ ਲੋਕਾਂ ਵਿਚ ਪ੍ਰਚਲਤ ਹੈ ਕਿ ਬੇ-ਰਹਿਮ ਜਮਦੂਤਾਂ ਨੇ ਕਦੇ ਕਿਸੇ ਪ੍ਰਾਣੀ ਦੀ ਕੋਈ ਗੱਲ ਨਹੀਂ ਮੰਨੀ । ਕਬੀਰ ਸਾਹਿਬ ਨੇ ਪਹਿਲਾਂ ਉਨ੍ਹਾਂ ਹੀ ਭਿਆਨਕ ਜਮਾਂ ਦੇ ਆਉਣ ਦੀ ਗੱਲ ਕੀਤੀ ਹੈ । ਫਿਰ ਰਹਿੰਦਾ ਕੰਮ-ਧੰਦਾ ਮੁਕਾਉਣ ਲਈ ਸਮਾਂ ਨਾ ਮਿਲ ਸਕਣ ਦੀ ਗੱਲ ਯਾਦ ਕਰਾਈ ਹੈ । (੨) ਅਤੇ ਫਿਰ ਇਹ ਇਸ਼ਾਰਾ ਵੀ ਹੈ ਕਿ ਜਿਵੇਂ ਸੰਸਾਰੀ ਹਾਕਮਾਂ ਦੇ ਪਿਆਦਿਆਂ ਨੂੰ ਰਿਸ਼ਵਤ ਦੇ ਕੇ ਵੇਲਾ ਟਾਲ ਲੈਂਦੇ ਹੋ, ਮੌਤ ਦਾ ਸਮਾਂ ਕਿਸੇ ਰਿਸ਼ਵਤ ਨਾਲ ਨਹੀਂ ਟਲਣਾ । [**ਕਿਛੁ ਭੀ ਖਰਚੁ ਤੁਮਾਰਾ ਸਾਰਉ** ॥ ਸਿੱਧ ਹੁੰਦਾ ਹੈ ਕਿ ਅੱਜ ਵਾਂਗ ਕਬੀਰ ਸਾਹਿਬ ਦੇ ਸਮੇ ਵੀ ਰਾਜਸੀ ਹਾਕਮ ਰਿਸ਼ਵਤ-ਖੋਰ ਹੀ ਸਨ ] ਹਾਲਾਂ ਕਿ ਅੱਜ ਤੱਕ ਕੋਈ ਅਜੇਹਾ ਮਨੁੱਖ ਨਹੀਂ ਵੇਖਿਆ ਸੁਣਿਆਂ ਜਿਸ ਨੇ ਅਜੇਹੇ ਜਮਦੂਤ ਆਏ ਵੇਖ ਕੇ ਕਦੇ ਉਨ੍ਹਾਂ ਨਾਲ ਗੱਲਾਂ ਬਾਤਾਂ ਕੀਤੀਆਂ ਹੋਣ । ਅਤੇ ਜਾਂ ਜਮਦੂਤਾਂ ਨੇ ਸਵੇਰ ਤਕ ਅਟਕੇ ਰਹਿਣ ਦੀ ਬੇਨਤੀ ਮੰਨ ਲਈ ਹੋਵੇ । ਪ੍ਰਭੂ ਦੀ ਯਾਦ ਨਾਲ ਜੋੜਨ ਵਾਲੇ ਇਸ ਪਾਵਨ ਯਤਨ ਤੋਂ, ਜਮਾਂ ਬਾਰੇ ਜਾਂ ਧਰਮ ਰਾਜ ਦੀ ਕਚਹਿਰੀ ਬਾਰੇ ਯਕੀਨ ਬਣਾ ਲੈਣਾ, ਗੁਰਮਤਿ ਸਿਧਾਂਤ ਦੀ ਖੰਡਨਾਂ ਹੈ ਅਤੇ ਗੁਰੂ ਸ਼ਬਦ ਦੇ ਅਸਲ ਭਾਵ ਤੋਂ ਲਾਂਭੇ ਚਲੇ ਜਾਣ ਦੀ ਭੁੱਲ ਹੈ । ਸਦਾ ਅੰਦਰ ਲੱਗੇ ਪ੍ਰਭੂ ਦੇ ਦਰਵਾਰ ਦੇ ਨਿਰਮਲ ਭੈ ਵਿਚ ਜੀਊਣ ਦੀ ਜਾਚ ਸਿੱਖਣੀ ਹੈ--

੯੨- **ਕਬੀਰ, ਲੇਖਾ ਦੇਨਾ ਸੁਹੇਲਾ, ਜਉ ਦਿਲ ਸੂਚੀ ਹੋਇ ॥**
**ਉਸੁ ਸਾਚੇ ਦੀਬਾਨ ਮਹਿ, ਪਲਾ ਨ ਪਕਰੈ ਕੋਇ ॥ ੨੦੧ ॥** [੧੩੭੫]

ਜੇ ਪਾਪ-ਕਰਮ ਦੀ ਕਿਸੇ ਵਿਚਾਰ ਤੋਂ ਵੀ ਹਿਰਦਾ ਸਾਫ਼ ਹੋ ਜਾਵੇ, ਜੇ ਵਿਕਾਰਾਂ ਪਿਛੇ ਭੱਜਣੋ ਮਨ ਹਟ ਕੇ, ਹਿਰਦੇ ਤਖ਼ਤ ਦੇ ਮਾਲਕ ਕੋਲ ਹੀ ਜਾ ਟਿਕੇ, ਤਾਂ ਫਿਰ ਲੇਖਾ ਦੇਣ ਦੀ ਗੱਲ ਰਹਿ ਹੀ ਨਹੀਂ ਜਾਂਦੀ । ਫਿਰ ਤਾਂ-- **ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥**

**੧ ॥** [੫੯੪] ਵਾਲੀ ਸ਼ੁੱਭ ਘੜੀ ਆ ਜਾਣੀ ਹੋਈ । ਤਖ਼ਤ ਦੇ ਮਾਲਕ ਦੇ ਕੋਲ ਹੀ ਜਾ ਬੈਠੇ ਮਨ ਵਾਲੇ ਮਨੁੱਖ ਤੇ ਉਂਗਲ ਕਿਸ ਚੁੱਕਣੀ ਹੈ ? ਉਸ ਸੱਚੇ ਦੀਬਾਨ ਵਿਚ ਲੇਖਾ ਕਿਸ ਪੁੱਛਣਾ ਹੈ ?

**ਦੀਬਾਨ,** ਭਾਵ, ਆਸਰਾ---

੯੩- **ਦੀਬਾਨੁ ਹਮਾਰੋ ਤੁਹੀ ਏਕ ॥ ਸੇਵਾ ਥਾਰੀ ਗੁਰਹਿ ਟੇਕ ॥ ੧ ॥ ਰਹਾਉ ॥ ਅਨਿਕ ਜੁਗਤਿ ਨਹੀਂ ਪਾਇਆ ॥ ਗੁਰਿ ਚਾਕਰ ਲੈ ਲਾਇਆ ॥ ੧ ॥ ਮਾਰੇ ਪੰਚ ਬਿਖਾਦੀਆ ॥ ਗੁਰ ਕਿਰਪਾ ਤੇ ਦਲੁ ਸਾਧਿਆ ॥ ੨ ॥ ਬਖਸੀਸ ਵਜਹੁ ਮਿਲਿ ਏਕੁ ਨਾਮ ॥ ਸੂਖ ਸਹਜ ਆਨੰਦ ਬਿਸ੍ਰਾਮ ॥ ੩ ॥ ਪ੍ਰਭ ਕੇ ਚਾਕਰ ਸੇ ਭਲੇ ॥ ਨਾਨਕ ਤਿਨ ਮੁਖ ਊਜਲੇ ॥ ੪ ॥**[੨੧੦]-੩-੧੪੧

**ਪਦ ਅਰਥ:**--ਦੀਬਾਨ--ਇਨਸਾਫ਼ ਕਰਨ ਵਾਲਾ ਹਾਕਮ । ਦਰਬਾਰ, ਕਚਿਹਰੀ । ਥਾਰੀ ਸੇਵਾ--(ਹੇ ਪ੍ਰਭੂ !) ਤੇਰੀ ਸੇਵਾ । [ਰੱਬ ਦੀ ਸੇਵਾ ਕੀ ਕਰਨੀ ਹੋਈ ?-**ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥** [੩੦੦] ਪ੍ਰਭੂ ਦੀ ਸੇਵਾ ਹੈ--ਉਸ ਦੀ ਸਦੀਵੀ ਯਾਦ ਨਾਲ ਜੁੜਨਾ । ਗੁਰਹਿ ਟੇਕ--ਗੁਰੂ ਦੀ ਓਟ । ਬਿਖਾਧੀ--ਝਗੜਾਲੂ । ਸਧਿਆ--ਕਾਬੂ ਕਰ ਲਿਆ । ਵਜਹੁ--ਦੇ ਤੌਰ ਤੇ ।

**ਅਰਥ:**--ਹੇ ਪ੍ਰਭੂ ! ਸਿਰਫ਼ ਤੂੰ ਹੀ ਮੇਰਾ ਆਸਰਾ (ਦੀਬਾਨ) ਹੈਂ । ਗੁਰੂ ਦੀ ਓਟ ਲੈ ਕੇ ਮੈਂ ਤੇਰੀ ਸੇਵਾ ਕਰਦਾ ਹਾਂ **। ੧ । ਰਹਾਉ ।** ਹੇ ਪ੍ਰਭੂ ! (ਹੋਰ ਹੋਰ) ਅਨੇਕਾਂ ਢੰਗਾਂ ਨਾਲ ਮੈਂ ਤੈਨੂੰ ਨਹੀਂ ਲੱਭਿ ਸਕਿਆ । (ਹੁਣ) ਗੁਰੂ ਨੇ (ਮਿਹਰ ਕਰ ਕੇ ਮੈਨੂੰ ਤੇਰਾ-ਚਾਕਰ ਬਣਾ ਕੇ (ਤੇਰੀ ਚਰਨੀਂ) ਲਾ ਦਿੱਤਾ ਹੈ **। ੧ ।** (ਹੇ ਭਾਈ ! ਹੁਣ ਮੈਂ ਕਾਮਾਦਿਕ) ਪੰਜੇ ਝਗੜਾਲੂ ਵੈਰੀ ਮਾਰ ਮੁਕਾਏ ਹਨ, ਗੁਰੂ ਦੀ ਮਿਹਰ ਨਾਲ ਮੈ (ਇਨ੍ਹਾਂ ਪੰਜਾਂ ਦੀ) ਫੌਜ ਕਾਬੂ ਕਰ ਲਈ **। ੨ ।** (ਹੇ ਪ੍ਰਭੂ ਜਿਸ ਮਨੁੱਖ ਨੂੰ) ਸਿਰਫ਼ ਤੇਰਾ ਨਾਮ ਬਖ਼ਸ਼ੀਸ਼ ਦੇ ਤੌਰ ਤੇ ਮਿਲ ਜਾਂਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਦੇ ਸੁਖ ਆਨੰਦ ਵੱਸ ਪੈਂਦੇ ਹਨ **। ੩ ।** ਗੁਰਦੇਵ ਜੀ ਦਾ ਫ਼ੁਰਮਾਨ ਹੈ-ਜਿਹੜੇ ਮਨੁੱਖ ਪਰਮਾਤਮਾ ਦੇ ਸੇਵਕ ਬਣਦੇ ਹਨ, ਉਹ ਭਾਗਾਂ ਵਾਲੇ ਹੋ ਜਾਂਦੇ ਹਨ । ਪਰਮਾਤਮਾ ਦੀ ਹਜ਼ੂਰੀ ਵਿਚ) ਉਨ੍ਹਾਂ ਦੇ ਮੂੰਹ ਰੌਸ਼ਨ ਹੁੰਦੇ ਹਨ । (ਭਾਵ, ਉਹ ਪ੍ਰਭੂ ਵਲੋਂ ਸਤਿਕਾਰੇ ਜਾਂਦੇ ਹਨ ) ੪ ।

ਜਿਸ ਮਨੁੱਖ ਦਾ ਮਨ ਮੰਨ ਜਾਵੇ ਕਿ ਪ੍ਰਭੂ ਦਾ ਦਰਬਾਰ ਉਸ ਦੇ ਅੰਦਰ ਹੀ ਲੱਗਾ ਹੋਇਆ ਹੈ, ਜਿਸ ਮਨੁੱਖ ਦੀ ਨੇੜਤਾ ਉਸ ਨਾਥ ਨਾਲ ਬਣ ਜਾਵੇ ਜਿਸ ਨੇ ਸਾਰੀ ਸ੍ਰਿਸ਼ਟੀ ਆਪਣੇ ਵਜੂਦ ਵਿਚ ਨੱਥੀ ਹੋਈ ਹੈ, ਜਿਸ ਦਾ ਹਿਰਦਾ ਪਤੀਜ ਜਾਵੇ ਕਿ ਮੇਰਾ ਮਾਲਕ ਸਭ ਤੋਂ ਉਚਾ ਹੈ ਅਤੇ ਉਹ ਇੱਕ ਪਰਮ ਸ਼ਕਤੀ ਹੈ, ਉਹ ਕਿਸੇ ਦੜੇ ਦੇਵਤੇ, ਧਰਮਰਾਜ ਅਥਵਾ ਜਮਦੂਤ ਦੀ ਕਿਸੇ ਹੋਂਦ ਬਾਰੇ ਸੋਚਾਂ ਸੋਚਣ ਦੇ ਚੱਕਰਾਂ ਵਿਚ ਕਿਉਂ ਪਵੇ?

੯੪- **ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥ ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥ ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨਿ ਇਛੇ ਫਲ ਪਾਵੈ ॥...੧** ॥ [੩੦੩]-ਵਾ-੮

(ਨੋਟ:--ਤੀਜੇ ਭਾਗ ਦੇ ਦੂਜੇ ਕਾਂਡ ਵਿਚ ੨੬ ਨੰਬਰ ਤੇ ਅਰਥ ਲਿਖੇ ਜਾ ਚੁੱਕੇ ਹਨ)

੯੫- **ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥ ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥ ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ, ਪਾਰਬ੍ਰਹਮ ਛਡਾਈ ॥ ਗੁਰ ਸਤਿਗੁਰ ਤਾਣ ਦੀਬਾਣ ਹਰਿ, ਤਿਨਿ ਸਭਿ ਆਣਿ ਨਿਵਾਈ ॥ ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ, ਤਿਨ ਕੇ ਸਭਿ ਪਾਪ ਗਵਾਈ ॥ ਹਰਿ ਦਰਗਹ ਤੇ ਮੁਖ ਉਜਲੇ, ਬਹੁ ਸੋਭਾ ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ, ਜੋ ਗੁਰ ਕਰ ਸਿਖ ਮੇਰੇ ਭਾਈ ॥੨॥**[੩੧੦]-ਵਾਰ-੧੯

੯੬- **ਜਾ ਕੋ ਠਾਕੁਰੁ ਊਚਾ ਹੋਈ ॥**
**ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥**[੩੩੦]-੩੮

੭

# ਪਰਮਾਤਮਾ ਦੀ ਦਰਗਾਹ ਅਤੇ ਡੇਰਾਵਾਦ

ਪਿੱਛੇ ਕੀਤੀ ਬੜੀ ਖੁਲ੍ਹੀ ਸ਼ਬਦ ਵਿਚਾਰ ਤੋਂ ਕਿਸੇ ਅਸਮਾਨ ਤੇ ਪ੍ਰਭੂ ਦਾ ਕੋਈ ਅਜੇਹਾ ਖ਼ਾਸ ਉਚੇਚਾ, ਮੰਦਰ, ਮਹਲ, ਤਖ਼ਤ, ਦਰਬਾਰ, ਦੀਬਾਨ ਆਦਿ ਬਣਿਆਂ ਹੋਇਆ ਸਿੱਧ ਨਹੀਂ ਹੋਇਆ, ਜਿੱਥੇ ਕਥਿਤ ਤੌਰ ਤੇ ਮੰਦ-ਕਰਮੀਆਂ ਨੂੰ ਡੰਨ ਦਿੱਤਾ ਜਾਂਦਾ ਹੈ ਅਤੇ ਭਗਤਾਂ ਨੂੰ ਸਨਮਾਨਿਆਂ ਜਾਂਦਾ ਹੈ । ਸਿੱਖ ਮਿਸ਼ਨਰੀ ਕਾਲਜ ਦੇ ਸੰਚਾਲਕ ਅਤੇ ਹੋਰ ਕਈ ਸੂਝਵਾਨ ਸਿੱਖ ਵਿਦਵਾਨ, ਗੁਰੂਬਾਣੀ ਦੇ ਉਪਰੋਕਤ ਸਿਧਾਂਤ ਨਾਲ ਸਹਿਮਤ ਹਨ । ਸਿੱਖ ਮਿਸ਼ਨਰੀ ਕਾਲਜ ਲੁਧਿਆਨਾ ਵਾਲਿਆਂ ਨੇ ਆਪਣੀ ਲਿਖੀਆਂ ਪੁਸਤਕਾਂ ਵਿਚ, ਚਿਤ੍ਰਗੁਪਤ, ਧਰਮਰਾਜ, ਨਰਕ ਸੁਰਗ ਆਦਿ ਦੀ ਹੋਂਦ ਵਾਲੇ ਬ੍ਰਾਹਮਣੀ ਭਰਮ ਦੀ ਭਰਪੂਰ ਖੰਡਨਾਂ ਕੀਤੀ ਹੈ । ਪਰ--

ਭਾਈ ਰਣਧੀਰ ਸਿੰਘ ਜੀ ਦੀ ਪੁਸਤਕ " ਅਣਡਿਠੀ ਦੁਨੀਆਂ " ਵਿਚ ਭੂਤ ਪ੍ਰੇਤਾਂ ਦੀ, ਮਨੁੱਖਾਂ ਦੀ ਜਾਨ ਕੱਢਣ ਆਏ ਭਿਆਨਕ ਜਮਦੂਤਾਂ ਦੀ, ਧਰਮਰਾਜ ਦੇ ਦਫ਼ਤਰ ਦੀ, ਸੁਰਗ ਨਰਕ ਦੀ, ਪਿਤ੍ਰਲੋਕ ਆਦਿ ਦੀ ਅੱਡਰੀ ਹੋਂਦ ਬਾਰੇ ਬੜੇ ਜ਼ੋਰਦਾਰ ਵਕਾਲਤ ਕੀਤੀ ਹੋਈ ਹੈ । ਇੱਕ ਪਾਸੇ ਤਾਂ ਅਸਾਂ ਉਪਰੋਕ ਵਿਚਾਰ ਵੀ ਬੇਅੰਤ ਗੁਰੂ ਸ਼ਬਦਾਂ ਦੇ ਅਧਾਰ ਤੇ ਹੀ ਕੀਤੀ ਹੈ ਏਧਰ ਹੈਰਾਨੀ ਭਰੀ ਦੁਖਦਾਈ ਗੱਲ ਇਹ ਹੈ ਕਿ, ਬ੍ਰਾਹਮਣੀ ਗ੍ਰੰਥਾਂ ਵਾਲੇ ਇਸ ਕੂੜ-ਕੁਬਾੜੇ ਨੂੰ ਸੱਚ ਸਿਧ ਕਰਨ ਲਈ, ਭਾਈ ਸਾਹਿਬ ਨੇ ਵੀ ਗੁਰਬਾਣੀ ਵਿਚੋਂ ਕਰੀਬ ੨੦੦ ਸ਼ਬਦਾਂ ਦੇ ਹਵਾਲੇ ਦਿੱਤੇ ਹੋਏ ਹਨ । ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਸੰਸਾਰ ਭਰ ਦੇ ਧਰਮ ਗ੍ਰੰਥ ਨਾਲੋਂ ਨਿਆਰੇ ਅਤੇ ਸਦੀਵੀ ਸੱਚ ਵਾਲੇ ਬ੍ਰਹਮ ਗਿਆਨ ਦਾ ਅਥਾਹ ਭੰਡਾਰ ਮੰਨਦੇ ਹਾਂ, ਉਸ ਗੁਰੂ ਸਾਹਿਬ ਦੀ ਬਾਣੀ ਇਕੋ ਸਮੇ ਦੋ ਵਿਰੋਧੀ ਸਿਧਾਂਤ ਸਿੱਧ ਕਰਨ ਲਈ ਵਰਤੀ ਜਾ ਰਹੀ ਹੈ । ਆਪਸ ਵਿਚ ਇੱਕ ਦੂਜੇ ਨੂੰ ਕੱਟ ਰਹੇ ਗਿਆਨ ਵਾਲੇ ਬਿੱਪ੍ਰੀ ਗ੍ਰੰਥਾਂ ਦੇ ਹਵਾਲੇ ਪਾਠਕਾਂ ਨੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਪੜ੍ਹੇ ਹਨ । ਕਿਡੇ ਦੁੱਖ ਵਾਲੀ ਸਥਿਤੀ ਬਣ ਰਹੀ ਹੈ ਕਿ ਅਸੀਂ ਆਪ ਹੀ ਇਹ ਸਿੱਧ ਕਰ ਰਹੇ ਹਾਂ, ਬ੍ਰਾਹਮਣੀ ਗ੍ਰੰਥਾਂ ਵਾਂਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵੀ, ਆਪਣੇ ਸਿਧਾਂਤ ਦੀ ਖੰਡਨਾਂ ਆਪ ਹੀ ਕਰਦੇ ਹਨ ।

ਕੇਵਲ ਭਾਈ ਰਣਧੀਰ ਸਿੰਘ ਹੀ ਨਹੀਂ, ਭਿੰਡਰਾਂ ਵਾਲਿਆਂ ਸੰਤਾਂ ਤੋਂ ਲੈ ਕੇ, ਕਥਿਤ ਮਹਾਂਪੁਰਖ, ਸਾਧ, ਸੰਤ, ਮਹੰਤ ਮਹਾਰਾਜ, ਅਥਵਾ ਬਾਬੇ ਆਦਿ, ਜਿਸ ਨੇ ਵੀ ਆਪਣਾ ਡੇਰਾ ਸਿਰਜ ਕੇ ਆਪਣੀ ਸਿੱਖੀ ਸੇਵਕੀ ਚਲਾਈ ਹੋਈ ਹੈ, ਉਹ (ਸਾਰੇ ਹੀ) ਗੁਰੂਬਾਣੀ-ਸ਼ਬਦਾਂ ਦੀ ਵਰਤੋਂ ਕਰਕੇ, (੧) ਆਪਣੀ ਨਿਆਰੀ ਮਰਯਾਦਾ ਚਾਲੂ ਕਰਨ ਦਾ, (੨) ਚਿੱਤ੍ਰ ਗੁਪਤ, ਧਰਮ ਰਾਜ, ਜਮਦੂਤ, ਜਮ ਮਾਰਗ ਪਿਤ੍ਰਲੋਕ, ਸੁਰਗ ਨਰਕ ਆਦਿ ਦੀ ਹੋਂਦ ਦਾ (੩) ਅਤੇ ਮਿਰਤਕ ਸੰਸਕਾਰ, ਮਰੇ ਪ੍ਰਾਣੀ ਨਿਮਿਤ ਧਰਮ-ਕਰਮ ਕਰਨ ਆਦਿ ਦਾ ਪਰਚਾਰ (ਕਿਸੇ ਨ ਕਿਸੇ ਪੱਖੋਂ) ਲਗ-ਪਗ ਗਰੁੜ ਪੁਰਾਣ ਵਾਲਾ ਹੀ ਕਰਦੇ ਹਨ । ਜਿਸ ਤੋਂ ਆਮ ਸਿੱਖ ਲਈ ਇਹ ਨਿਰਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਕਿਸ ਗੱਲ ਨੂੰ ਸੱਚ ਮੰਨੇ ? ਗੁਰਬਾਣੀ ਦੇ ਅਰਥਾਂ ਦੇ ਅਧਾਰ ਤੇ ਹੀ ਦੋ ਵਿਰੋਧੀ ਵਿਚਾਰਾਂ ਦਾ ਪਰਚਾਰ ਨਿਰੰਤਰ ਹੋਈ ਜਾ ਰਿਹਾ ਹੈ । ਵੇਦ ਬਾਣੀ ਦੇ ਪਰਚਾਰ ਦੇ ਢੋਲ ਬਾਰੇ ਗੁਰੂ ਨਾਨਕ ਜੀ ਦਾ ਫ਼ੁਰਮਾਨ ਅੱਜ ਵੀ ਸੱਚ ਹੈ--**ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥** [੧੦੯੧] ਸਿੱਖਾਂ ਵਿਚ ਅੱਜ ਵੀ ਬ੍ਰਾਹਮਨੀ ਵਿਸ਼ਵਾਸ਼ ਵਾਲਾ ਮਾਂਦਲ (-ਢੋਲ) ਬੜੇ ਜ਼ੋਰ ਦਾ ਖੜਕ ਰਿਹਾ ਹੈ । ਬਿੱਪ੍ਰਨ ਕੀ ਰੀਤ ਵਾਲਾ ਪਰਚਾਰ ਗੁਰਮਤਿ ਦੇ ਪਰਚਾਰ ਨੂੰ ਬਹੁਤ ਪਿੱਛੇ ਛੱਡ ਤੁਰਿਆ ਹੈ । ਦਸਮ ਗ੍ਰੰਥ ਬਾਰੇ ਵੀ ਏਹੀ ਰੌਲਾ ਹੈ । ਕੋਈ ਲਿਖ ਰਿਹਾ ਹੈ ਕਿ ਦਸਮ ਗ੍ਰੰਥ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਤੇ ਪਰਖਣ ਦੀ ਲੋੜ ਨਹੀਂ ਹੈ । ਜੈਸੀ ਹੈ ਉਸ ਨੂੰ ਗੁਰੂਬਾਣੀ ਦਾ ਦਰਜਾ ਦੇ ਕੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਸਾਵਾਂ ਸਤਿਕਾਰ ਮਿਲਣਾ ਚਾਹੀਦਾ ਹੈ । ਕੋਈ ਲਿਖ ਰਿਹਾ ਹੈ ਕਿ, ਦਸਮ ਗ੍ਰੰਥ ਵਿਚਲੀ ਬਹੁਤੀ ਬਾਣੀ ਆਚਰਨ ਹੀਣ ਵਾਮ ਮਾਰਗੀਆਂ ਦੀ ਲਿਖਤ ਹੈ । ਅਨ-ਧਰਮੀ ਲੋਕ, ਅਥਵਾ ਬਿੱਪ੍ਰ ਜੀ ਕੀ ਸੋਚ ਰਹੇ ਹੋਣਗੇ ? ਕੀ ਸਿੱਖਾਂ ਨੂੰ ਅਜੇ ਤੱਕ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦਾ ਅਸਲੀ ਗੁਰੂ ਕਿਹੜਾ ਹੈ ? ਸਾਡੇ ਰਾਮ-ਰੌਲੇ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਿਧਾਂਤ ਬਾਰੇ ਸ਼ੰਕੇ ਉਭਰ ਕੇ ਸਾਹਮਣੇ ਆ ਰਹੇ ਹਨ । ਕੈਨੇਡਾ ਦੀ ਜਿਸ ਯੂਨੀਵਰਸਟੀ ਵਿਚ ਡਾ: ਪਸ਼ੌਰਾ ਸਿੰਘ ਨੇ P.H.D ਕੀਤੀ ਹੈ ਉਸ ਥਾਉਂ ਸਿਖੀ ਸਿਧਾਂਤ ਦੀ ਹੇਠੀ ਵਾਲੀਆਂ ਪੁਸਤਕਾਂ ਛਪ ਕੇ ਵਿਕ ਰਹੀਆਂ ਹਨ । ਦਾਸ ਨਾਲ ਹੁੰਦੀ ਵਿਚਾਰ ਸਮੇਂ ਕਈ ਗੋਰੇ ਵਿਦਵਾਨਾਂ ਨੇ ਪੁਛਿਆ ਹੈ ਕਿ, ਕੀ, ਸਿੱਖਾਂ ਦਾ ਗੁਰੂ, ਆਪਣੇ ਸਿਖਾਂ ਲਈ ਕੋਈ ਇੱਕ ਪੱਕਾ ਸਿਧਾਂਤ ਛੱਡ ਕੇ ਨਹੀਂ ਗਿਆ ? ਇਹ ਕਿਹੋ ਜਿਹਾ ਧਰਮ ਹੈ ਜਿਸ ਦਾ ਧਰਮ-ਗ੍ਰੰਥ ਦੋ ਵਿਰੋਧੀ ਅਰਥਾਂ ਵਾਲਾ ਉਪਦੇਸ਼ ਦੇ ਰਿਹਾ ਹੈ ?

ਦੋ ਵਿਰੋਧੀ ਵਿਚਾਰਾਂ ਦੇ ਸਿਧਾਂਤ ਪਰਚਲਤ ਹੋ ਜਾਣ ਕਾਰਨ ਗੁਰੂ ਦੇ ਸਿੱਖਾਂ ਵਿਚ ਪਰਸਪਰ ਪਿਆਰ, ਇੱਕ ਮੁੱਠਤਾ, ਇਕ ਸੋਚਣੀ, ਇੱਕ ਵਿਚਾਰ, ਇੱਕੋ ਮੰਗ, ਕਠਣ ਹੋਣ ਦੀ ਸਥਿਤੀ ਤੋਂ ਅਗਾਂਹ ਟੱਪ ਕੇ ਅਸੰਭਵ ਬਣਦੀ ਜਾ ਰਹੀ ਹੈ। ਆਪਣੇ ਸਤਿਗੁਰ ਨੂੰ ਆਪ ਹੀ ਦੋ ਤਰ੍ਹਾਂ ਦੀਆਂ ਵਿਰੋਧੀ ਭਾਵਣਾ ਦੇ ਸਿਧਾਂਤ ਵਾਲਾ ਬਣਾਈ ਰੱਖਣ ਵਾਲਾ ਪੰਥ, ਇੱਕ ਠੋਸ ਨਿਰਣੇ ਤੇ ਕਦੇ ਵੀ ਸਹਿਮਤ ਨਹੀਂ ਹੋ ਸਕਦਾ। ਤਦੇ ਹੀ ਅੱਜ ਅਜੇਹੇ ਉਖੜੇ ਹੋਏ ਇਹ ਪੰਥ ਦਾ ਕੋਈ ਗੁਰਮਤਾ ਸਿਰੇ ਨਹੀਂ ਚੜ੍ਹ ਰਿਹਾ। ਇਸ ਵੱਡੀ ਬਦਕਿਸਮਤੀ ਵਾਲੀ ਦੁਖਦਾਈ ਸਥਿਤੀ ਵੱਲ, ਪੰਥ ਦੇ ਸਰਬ ਉੱਚ ਜਥੇਦਾਰ ਨੇ ਹੀ ਧਿਆਨ ਦੇਣਾ ਸੀ। ਪਰ ਉਹ ਤਾਂ ਆਪ ਹੀ ਅਸਾਧ ਸਿਆਸੀ ਬੁਖ਼ਾਰ ਨਾਲ ਮਘ ਰਿਹਾ ਹੈ । ਗੁਰਮਤਿ ਗਿਆਨ ਤੋਂ ਸੱਖਣਾ ਅਜੋਕਾ ਜਥੇਦਾਰ, ਜੇ ਕਿਤੇ ਨਰੈਣੂੰ ਮਹੰਤ ਨਾਲੋਂ ਵੀ ਵੱਧ ਹਾਨੀਕਾਰਕ ਨਾ ਬਣ ਚੁੱਕਾ ਹੁੰਦਾ ਤਾਂ ਪੰਥ ਵਿਚ ਅਜੇਹੇ ਵਿਰੋਧੀ ਵਿਚਾਰਾਂ ਦਾ ਪਰਚਾਰ, ਬਿਨਾ ਰੋਕ-ਟੋਕ ਦੇ ਨਿਰੰਤਰ ਕਿਵੇ ਹੋਈ ਜਾਂਦਾ ? ਪੰਥ ਦੇ ਜਥੇਦਾਰ ਦੀ ਹੀ ਅਣਗਹਿਲੀ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੰਦਿਆ ਲਿਖਣ ਵਾਲੇ P.H.D. ਬਣ ਬਣ ਕੇ ਨੌਕਰੀਆਂ ਲੈ ਰਹੇ ਹਨ। ਸੂਝਵਾਨ ਵਿਧਵਾਨਾਂ ਦੀ ਕਮੇਟੀ ਬਣਾ ਕੇ ਗਰਮਤਿ ਦਾ ਪੱਕਾ ਸਿਧਾਂਤ ਉਜਾਗਰ ਕਰਨ ਦਾ ਪੱਕਾ ਪ੍ਰਬੰਧ ਕਰਨਾ, ਕੇਂਦਰੀ ਸੰਸਥਾ ਦਾ ਕੰਮ ਸੀ। ਗੁਰਮਤਿ ਸਿਧਾਂਤ ਦੀ ਖੰਡਨਾਂ ਵਾਲੀ ਪੁਸਤਕ ਲਿਖਣ ਵਾਲੇ ਨੂੰ " ਗੁਰੂ ਨਿੰਦਕ " ਘੋਸ਼ਤ ਕਰਕੇ ਪੰਥ ਵਿਚੋਂ ਸਦਾ ਲਈ ਕੱਢ ਦੇਣ ਦੀ ਪੱਕੀ ਸਜ਼ਾ ਮਿਥੀ ਜਾਣੀ ਚਾਹੀਦੀ ਸੀ। ਗੁਰਮਤਿ ਦੀ ਖੰਡਨਾਂ ਗੁਰੂ ਦੀ ਨਿੰਦਿਆ ਕਰਨਾ ਦਾ ਘਿਣਾਵਣਾ ਉਪਰਾਧ ਹੈ। ਗੁਰੂ ਦੇ ਨਿੰਦਕ ਨੂੰ ਬਖ਼ਸ਼ਿਆ ਜਾਣ ਦੀ ਕੋਈ ਥਾਂ ਨਹੀਂ ਹੈ। ਉਸ ਦਾ ਤਾਂ ਦਰਸ਼ਨ ਕਰਨਾ ਵੀ ਮਨੁੱਖ ਨੂੰ ਪਾਪੀ ਬਣਾਉਂਦਾ ਹੈ--

੯੭-(ੳ) **ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥ ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥ ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥ ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥ ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥ ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥ ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥ ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਈ ॥ ੨॥**[੩੦੮-੯]-ਵਾਰ-੧੫

੯੮-(ਅ) **ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥ ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥ ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥ ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥ ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ ॥ ੨੩ ॥**[੬੫੧]

ਪਤਾ ਨਹੀਂ ਕਿਸ ਜਨਮ ਵਿਚਲੇ ਕਰਮਾਂ ਦਾ ਅੰਕੁਰ ਫੁਟਿਆ ਹੈ ਜੋ ਵਿਦਿਆਹੀਨ, ਇਸ ਨਿਮਾਣੇ ਅਤੇ ਭੁੱਲੜ ਦਾਸ ਨੂੰ ਸਤਿਗੁਰਾਂ ਨੇ ਚਰਨੀ ਲਾ ਲਿਆ। ਜੇ ਕਿਸੇ ਥਾਂ, ਦਾਸ ਕੋਲੋਂ ਵੀ ਗੁਰਮਤਿ ਦੇ ਕਿਸੇ ਪਾਵਨ ਸਿਧਾਂਤ ਦੀ ਖੰਡਨਾਂ ਹੋਈ ਹੋਵੇ ਤਾਂ ਦਾਸ ਨੂੰ ਸਮਝਾ ਦਿੱਤਾ ਜਾਵੇ। ਅਜੇਹੇ ਉਪਕਾਰੀ ਗੁਰਮੁਖ ਦਾ, ਦਾਸ ਮਰਦੇ ਦਮ ਤੱਕ ਰਿਣੀ ਰਹੇਗਾ, ਅਤੇ ਉਸ ਵਿਦਵਾਨ ਪਿਆਰੇ ਦਾ ਜ਼ਿਕਰ ਲਿਖਤੀ ਰੂਪ ਵਿਚ ਕਰਕੇ ਸੰਗਤਾਂ ਕੋਲੋਂ

ਵੀ ਖਿਮਾਂ ਦਾ ਜਾਚਕ ਹੋਵੇਗਾ । ਜੇ ਇਹ ਸਿੱਧ ਹੋ ਜਾਵੇ ਕਿ ਅਜੇਹਾ ਕੁਕਰਮ ਦਾਸ ਨੇ ਜਾਣ ਬੁੱਝ ਕੇ ਕੀਤਾ ਹੈ, ਤਾਂ ਦਾਸ ਪੰਥ ਵਲੋਂ ਲਾਏ ਹਰ ਡੰਨ ਨੂੰ ਸਿਰੋਪਾਉ ਮੰਨ ਕੇ ਸਵੀਕਾਰ ਕਰੇਗਾ। **ਪਰ ਕੌਮ ਦੇ ਜਥੇਦਾਰਾਂ ਵਲੋਂ ਗੁਰਮਤਿ ਦੇ ਸਿਧਾਂਤ ਦੀ ਪਾਵਨਤਾ ਦੀ ਰਾਖੀ ਨਾ ਕਰਨ ਵਰਗਾ ਪਾਪ, ਦੂਜਾ ਹੋਰ ਕੋਈ ਨਹੀਂ ਹੈ।** ਇਹ ਕਦੇ ਵੀ ਨਾ ਬਖ਼ਸ਼ਿਆ ਜਾਣ ਵਾਲਾ ਪੰਥਕ ਗੁਨਾਹ ਹੈ। ਅਜੇਹੀ ਅਨਗਹਿਲੀ ਆਖ਼ਰ ਪੰਥ ਨੂੰ ਲੈ ਡੁੱਬੇਗੀ ।

ਭਾਈ ਰਣਧੀਰ ਸਿੰਘ ਜੀ ਨੇ ਪੁਸਤਕ ਦੇ ੫੫ ਸਫ਼ੇ ਤੇ ਕੁਝ ਰਲਵੇਂ ਵਿਚਾਰਾਂ ਲਿਖਣ ਉਪ੍ਰੰਤ ਸਹੀ ਗੁਰਮਤਿ ਸਿਧਾਂਤ ਇਨ੍ਹਾਂ ਸ਼ਬਦਾਂ ਵਿਚ ਲਿਖਣ ਦੀ ਕਿਰਪਾਲਤਾ ਕੀਤੀ ਹੈ :--

> ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇਰੀ ਤੁਕ ਇਹ ਨਿਸਚਾ ਵੀ ਕਰਾਉਂਦੀ ਹੈ ਕਿ--ਨਿਜ ਘਰਿ ਮਹਲੁ ਪਾਵਹੁ ਸੁਖ ਸਹਿਜੇ ਬਹੁਰਿ ਨ ਹੋਏਗੋ ਫੇਰਾ ॥ ੩ ॥ ਇਹ ਵਾਕ ਦਸਦਾ ਹੈ ਕਿ ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ ਕਾਇਆਂ ਅੰਦਰਿ ਹੀ ਮਹਲੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਸੇਤੀ ਹੀ ਪ੍ਰਾਪਤ ਹੋ ਜਾਂਦਾ ਹੈ । ਐਸੇ ਸੁਖ ਸਹਜਿ ਸੇਤੀ ਨਿਜ ਘਰ ਵਿਚ ਵਾਗਿਰੂ ਮਹਲੀਸ਼ਰ ਦਾ ਮਹਲ ਪਾਵਣਹਾਰਿਆਂ ਦਾ ਜਨਮ ਮਰਨ ਸਗਲਾ ਮਿੱਟ ਜਾਂਦਾ ਹੈ । ਉਹਨਾਂ ਦਾ ਫੇਰ ਏਸ ਸੰਸਾਰ ਵਿਚ ਆਉਣਾ ਜਾਣਾ ਅਰਥਾਤ ਫੇਰਾ ਨਹੀਂ ਹੁੰਦਾ । ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ (ਆਵਾਗਵਨ) ਮਿਟਦਾ ਹੈ । ਗੁਰੂ ਕਰਤਾਰ ਦੇ ਪ੍ਰਤਾਪ ਕਰਿ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਲ ਦਾ ਮਨ ਵਿਖੇ ਵਸੇਰਾ ਹੁੰਦਾ ਹੈ ਜਿਸ ਦੀ ਖ਼ਾਤਰ ਇਹ ਮਨੁੱਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ- --- "

ਏਨੇ ਬਚਨ ਪੜ੍ਹਨ ਉਪਰੰਤ ਉਸ ਸਮੇ ਬੜੀ ਸਖ਼ਤ ਹੈਰਾਨੀ ਹੁੰਦੀ ਹੈ ਜਦ, ਵਾਹਿਗੁਰੂ ਦੇ ਮਹਲ ਅਤੇ ਨਿਜ ਘਰ, ਮਨੁਖਾ ਦੇਹ ਦੇ ਅੰਦਰ ਹੀ ਵੇਖਣ ਵਾਲੇ ਭਾਈ ਸਾਹਿਬ, ਦੇਹ ਤੋਂ ਬਾਹਰ ਬਣੇ ਕਿਸੇ " ਅੱਗੇ " ਦਾ ਅਥਵਾ ਪ੍ਰਭੂ ਦੀ ਦਰਗਾਹ ਦੀ ਅੱਡਰੀ ਹੋਂਦ ਦਾ ਜ਼ਿਕਰ ਲੈ ਤੁਰਦੇ ਹਨ, ਅਤੇ ਗੁਰਬਾਣੀ ਸ਼ਬਦਾਂ ਦੀ ਅਯੋਗ ਵਰਤੋਂ ਕਰਨ ਤੋਂ ਨਹੀਂ ਝਿਜਕਦੇ । ਪੁਸਤਕ ਦੇ ੫੯ ਸਫ਼ੇ ਤੇ ਸਿਰੀ ਸਾਗ ਵਿਚੋ ਸ੍ਰੀ ਗੁਰੂ ਨਾਨਕ ਜੀ ਦੇ ਸ਼ਬਦ ਦੀ ਪਹਿਲੀ ਤੁਕ ਲੈ ਕੇ ਫਿਰ ਉਸ ਸ਼ਬਦ ਦੀ ਆਖ਼ਰੀ ਕੇਵਲ ਅੱਧੀ ਤੁਕ ਲਿਖੀ ਹੈ:--

(**A**) ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨਾ ਵਸੈ ਮਨ ਮਾਹਿ ॥ ੧ ॥

ਨਾਨਕ ਸਤਿਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥ ੪ ॥ ੨੦॥[ਸਿਰੀ ਰਾਗੁ ਮ: ੧। ਪੰਨਾ ੨੧-੨੨

ਇਸ ਤੋਂ ਅੱਗੇ ਭਾਈ ਸਾਹਿਬ ਇਉਂ ਲਿਖਦੇ ਹਨ--

> ਸਿਧ ਹੋਇਆ ਕਿ ਸਚੀ ਦਰਗਾਹ ਹੈ । ਇਸ ਸਚੀ ਦਰਗਾਹ ਦੀ ਹੋਂਦ ਹਸਤੀ ਤੋਂ ਕੋਈ ਸਿਖ ਮਾਤਰ ਇਨਕਾਰ ਨਹੀਂ ਕਰ ਸਕਦਾ । ਇਹ ਸੱਚੀ ਦਰਗਾਹ ਪਰਲੋਕ ਵਿਚ ਹੈ ਤੇ ਏਸ ਲੋਕ ਤੋਂ ਪਰੇਡੇ ਅਗਲੇ ਲੋਕ ਵਿਚ ਹੈ । ਸੋ ਗੁਰਮਤਿ ਸਿਧਾਂਤ ਅਨੁਸਾਰ ਅੱਗਾ ਸਿਧ ਹੋਇਆ ਤੇ ਜ਼ਰੂਰ ਸਿਧ ਹੋਇਆ. ਪਰ ਏਸ ਸਚੀ ਦਰਗਾਹ ਦਾ ਜ਼ਹੂਰ ਸਚੇ ਸਤਿਗੁਰੂ ਨੂੰ ਮੀਤ ਸਖਾ ਬਣਾਇਆ ਹੀ ਹੁੰਦਾ ਹੈ । ਸਚਾ ਸਤਿਗੁਰੂ ਤਿਨ੍ਹਾਂ ਦਾ ਹੀ ਮੀਤ ਸਖਾ ਬਣਦਾ ਹੈ ਜੋ ਉਸ ਦੇ ਆਗਿਆਕਾਰੀ ਹੁਕਮ ਰਜ਼ਾਈ ਚਲਣਹਾਰੇ ਗੁਰਸਿਖ ਪਿਆਰੇ ਹਨ ।

ਸਤਿਗੁਰਾਂ ਦੇ ਹੁਕਮ ਵਿਚ ਰਹਿ ਕੇ ਉਸ ਨੂੰ ਮੀਤ ਸਖਾ ਬਣਾਉਣ ਦਾ ਉਪਦੇਸ਼ ਵਡ ਮੁੱਲਾ ਹੈ। ਫਿਰ ਜਿਥੋਂ ਤੱਕ ਪ੍ਰਭੂ ਦੀ ਦਰਗਾਹ ਦਾ ਸੰਬੰਧ ਹੈ, ਇਸ ਦੀ ਹੋਂਦ ਤੋਂ ਕੋਈ ਸੂਝਵਾਨ ਗੁਰਸਿੱਖ ਇਨਕਾਰ ਕਰਨਾ, ਓਡੀ ਹੀ ਗੁਸਤਾਖ਼ੀ ਵਾਲੀ ਮਨਮਤ ਹੈ, ਜਿਡਾ ਇਹ ਕਹਿਣਾ ਕਿ ਇਹ, ਦਰਗਾਹ ਕਿਸੇ ਹੋਰ ਲੋਕ ਵਿਚ ਹੈ । (ਬ੍ਰਾਹਮਣ ਦੇ ਬਣਾਏ) ਕਿਸੇ ਦੂਜੇ ਅਸਮਾਨ ਵਾਲੇ ਪਰਲੋਕ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਕਾਲ ਪੁਰਖ ਦੀ ਦਰਗਾਹ ਬਣੀ ਹੋਈ--ਕਿਉਂ ਮਿਥੀ ਜਾਵੇ ? ਅਪਾਰ ਪ੍ਰਭੂ ਦਾ ਉਚੇ ਤੋਂ ਉਚਾ ਦਰਬਾਰ, ਉਸ ਦਾ ਤਖ਼ਤ, ਉਸ ਦੀ ਦਰਗਾਹ " ਸਾਰੀ ਸ੍ਰਿਸ਼ਟੀ ਹੈ " ਅਤੇ ਫਿਰ ਪ੍ਰਭੂ ਦਾ ਤਖ਼ਤ ਅਥਵਾ ਉਸ ਦੀ ਦਰਗਾਹ ਮਨੁੱਖਾ ਸਰੀਰ ਹੈ--***ਅੰਦਰਿ ਰਾਜਾ ਤਖਤ ਹੈ ਆਪੇ ਕਰੇ ਨਿਆਉ* ॥**ਮਾਇਆ ਦੀ ਨੀਂਦ ਤੋਂ ਜਾਗ ਜੁੱਕੇ ਮਨੁੱਖ ਦਾ ਹਿਰਦਾ ਹੀ ਪ੍ਰਭੂ ਦਾ ਤਖ਼ਤ---**ਹੈ ਹਜੂਰ ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ ਸੁੰਦਰ ਪਾਵਹੁ ॥ ੧ ॥ ਰਹਾਉ ॥** [੧੧੬੦] ਹਾਜ਼ਰ ਨਾਜ਼ਰ ਵੀ ਮੰਨਦੇ ਹੋ, ਫਿਰ ਉਸ ਦੀ ਦਰਗਾਹ ਨੂੰ ਕਿਸੇ ਦੂਰ ਦੁਰਾਡੇ ਦੇਸ਼ ਵਿਚ ਵੀ ਨਾਲ ਹੀ ਕਹਿ ਰਹੇ ਹੋਂ । ਗੱਲ ਇੱਕ ਹੀ ਸਚੀ ਹੈ । ਦੋਵੇਂ ਸਚੀਆਂ ਨਹੀਂ ਹੋ ਸਕਦੀਆਂ । ਉਸ ਦੀ **ਕਲਾ,** ਉਸ ਦਾ **ਹੁਕਮ** ਹਰ ਥਾਂ ਨਿਰੰਤਰ ਵਰਤ ਰਿਹਾ ਹੈ । ਉਸ ਦਾ **ਹੁਕਮ,** ਉਹ **ਆਪ** ਹੈ, ਉਸ ਦੀ **ਕਲਾ** ਉਹ **ਆਪ** ਹੈ **ਉਸ ਦੀ ਕੁਦਰਤ ਉਹ ਆਪ ਤਾਂ ਹੈ ?** ਇਹ ਦਿਸਦਾ ਸੰਸਾਰ, ਉਹ ਵਾਹਿਗੁਰੂ ਆਪ ਹੀ ਆਪ ਹੈ । ਜੇ ਉਸ ਦੇ ਆਤਮਕ ਦਰਸ਼ਨਾਂ ਦਾ ਅਨੰਦ ਮਾਨਣਾ ਹੈ, ਜੇ " **ਅਨਭਉ ਪਰਕਾਸ਼** " ਨੂੰ ਮਾਨਣ ਦੀ ਸੱਧਰ ਹੈ, ਤਾਂ ਹਿਰਦੇ ਤਖ਼ਤ ਤੇ ਬਿਰਾਜਣ ਦੀ ਜਾਚ, ਸਤਿਗੁਰੂ ਗ੍ਰੰਥ ਸਾਹਿਬ ਜੀ ਕੋਲੋਂ ਸਿੱਖਣੀ ਹੈ। ਜਦ ਸਤਿਗੁਰਾਂ ਨੇ ਅੰਦਰੋਂ ਹੀ ਪ੍ਰਭੂ ਦੇ ਦਰਸ਼ਨ ਕਰਨ ਜੋਗਾ ਬਣਾ ਦਿੱਤਾ ਤਾਂ ਫਿਰ ਆਸਮਾਨੀ ਬਣੇ ਕਿਸੇ ਦਰਬਾਰ ਦੀ ਲੋੜ ਮੁੱਕੀ। ਅਗਲੀ ਦਰਗਾਹ ਦਾ ਭੈ ਬ੍ਰਾਹਮਣ ਵਾਦ ਹੈ। ਬਿੱਪ੍ਰਨ ਕੀ ਰੀਤ ਨਾਲ ਜੋੜਨ ਵਾਲਾ ਯੰਤ੍ਰ ਮੰਤ੍ਰ ਹੈ ।

ਭਾਈ ਰੰਧੀਰ ਸਿੰਘ ਜੀ ਦੀ ਪੁਸਤਕ ਵਿਚਲੀਆ ਉਪ੍ਰੋਕਤ ਤੁਕਾਂ ਵਾਲਾ ਪੂਰਾ ਗੁਰੂ-ਸ਼ਬਦ ਅਤੇ ਉਸ ਦੀ ਵਿਚਾਰ ਇਸ ਪਰਕਾਰ ਹੈ :---

੯੯- **ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥ ੧ ॥ ਮਨ ਰੇ ਅਹਿ ਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ, ਤੇ ਜਨ ਵਿਰਲੈ ਸੰਸਾਰਿ ॥ ੧ ॥ ਰਹਾਉ ॥ ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥ ੨ ॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥ ੩ ॥ ਚਾਰੇ ਅਗਨਿ ਨਿਵਾਰਿ ਮਰੁ, ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥**[੨੧]-੨੦

**ਅਰਥ**:--ਹੇ ਮੇਰੇ ਮਨ ! ਦਿਨ ਰਾਤ (ਹਰ ਵੇਲੇ) ਪਰਮਾਤਮਾ ਦੇ " ਗੁਣ ਚੇਤੇ ਵਿਚ ਰੱਖ " । ਜਗਤ ਵਿਚ ਉਹ (ਭਾਗਾਂ ਵਾਲੇ) ਮਨੁੱਖ ਵਿਰਲੇ ਹੁੰਦੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਖਿਨ ਪਲ ਵਾਸਤੇ ਭੀ ਨਹੀਂ ਭੁੱਲਦਾ । ੧ । ਰਹਾਉ ।

(ਅਜੇਹੇ ਸੁਭਾਗ ਬੰਦੇ) ਰਤਾ ਭਰ ਸਮੇਂ ਵਾਸਤੇ ਵੀ ਪ੍ਰੀਤਮ ਪ੍ਰਭੂ ਵਿੱਸਰ ਜਾਏ, ਤਾਂ ਉਹ ਆਪਣੇ ਮਨ ਵਿਚ ਵਡਾ ਰੋਗ (ਪੈਦਾ ਹੋ ਗਿਆ ਸਮਝਦੇ ਹਨ) । (ਉਂਞ ਵੀ) ਜੇ ਪਰਮਾਤਮਾ ਦਾ ਨਾਮ ਮਨ ਵਿਚ ਨਾ ਵੱਸੇ, ਤਾਂ (ਅੰਦਰੇ ਵੱਸਦੇ) ਪਰਮਾਤਮਾ ਦੀ ਦਰਗਾਹ ਵਿਚ ਇਜ਼ੱਤ ਨਹੀਂ ਮਿਲ ਸਕਦੀ । ਜੇ ਗੁਰੂ ਮਿਲ ਪਏ, (ਤਾਂ ਉਹ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਦਾਤਿ ਦਿੰਦਾ ਹੈ, ਇਸ ਦੀ ਬਰਕਤਿ ਨਾਲ) ਆਤਮਕ ਅਨੰਦ ਪ੍ਰਾਪਤ ਹੁੰਦਾ ਹੈ (ਕਿਉਂਕਿ) ਸਿਫ਼ਤਿ ਸਾਲਾਹ ਵਿਚ ਜੁੜਿਆਂ ਤ੍ਰਿਸ਼ਨਾ-ਅੱਗ ਬੁੱਝ ਜਾਂਦੀ ਹੈ, (ਤੇ ਮਨ ਟਿਕਾਉ ਵਿਚ ਆ ਕੇ ਅੰਦਰ, ਪ੍ਰਭੂ ਕੋਲ, ਹਿਰਦੇ ਤਖ਼ਤ ਵਾਲੀ ਦਰਗਾਹ ਵਿਚ ਜਾ ਟਿਕਦਾ ਹੈ )**। ੧ ।** ਜੇ ਪ੍ਰਭੂ ਦੀ ਜੋਤਿ ਵਿਚ ਆਪਣੀ ਜਿੰਦ ਰਲਾ ਦੇਈਏ, ਉਸ ਵਿਚ ਆਪਣੀ ਸੁਰਤਿ ਦਾ ਮੇਲਿ ਕਰ ਦੇਈਏ ਤਾਂ ਕਠੋਰਤਾ ਤੇ ਹਉਮੈ ਦੂਰ ਹੋ ਜਾਂਦੀਆਂ ਹਨ, ਕੋਈ ਸਹਮ ਤੇ ਚਿੰਤਾ ਵੀ ਨਹੀਂ ਰਹਿ ਜਾਂਦੇ । ਗੁਰੂ ਦੀ ਸਰਨ ਪੈ ਕੇ ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਯਾਦ ਟਿਕਦੀ ਹੈ, ਗੁਰੂ ਉਸ ਨੂੰ ਪਰਮਾਤਮਾ ਨਾਲ ਮਿਲਣ ਦਾ ਪੂਰਾ ਅਵਸਰ ਬਖ਼ਸ਼ਦਾ ਹੈ (ਨੋਟ:--ਜਦ ਸਤਿਗੁਰੂ ਜੀ ਨੇ ਏਥੇ ਹੀ ਰੱਬ ਨਾਲ ਮਿਲਾ ਦਿੱਤਾ ਤਾਂ ਫਿਰ ਹੋਰ ਕਿਹੜੀ ' ਦਰਗਾਹ ' ਵਿਚ ਜਾਣ ਦੀ ਕਸਰ ਬਚੀ ਰਹੰਦੀ ਹੈ ?) **। ੨ ।** ਜਿਵੇਂ ਇਸਤ੍ਰੀ ਆਪਣੇ ਆਪ ਨੂੰ ਆਪਣੇ ਪਤੀ ਦੇ ਹਵਾਲੇ ਕਰਦੀ ਹੈ, ਤਿਵੇਂ ਜੇ ਮੈਂ ਕਾਇਆਂ ਨੂੰ ਇਸਤ੍ਰੀ ਬਣਾਵਾਂ, ਕਾਇਆਂ-ਇਸਤ੍ਰੀ (ਭਾਵ, ਗਿਆਨ-ਇੰਦ੍ਰਿਆਂ) ਨੂੰ ਪ੍ਰਭੂ ਵਾਲੇ ਪਾਸੇ ਪਰਤਾਵਾਂ, ਤਾਂ ਪ੍ਰਭੂ-ਪਤੀ ਦਾ ਮਿਲਾਪ ਹੋ ਜਾਏ । ਇਸ ਸਰੀਰ ਨਾਲ (ਇਤਨਾ) ਮੋਹ ਨਹੀਂ ਕਰਨਾ ਚਾਹੀਦਾ (ਕਿ ਇਸ ਨੂੰ ਵਿਕਾਰਾਂ ਵਲ ਖੁਲ੍ਹ ਮਿਲੀ ਰਹੇ) ਇਹ ਤਾਂ ਪ੍ਰਤੱਖ ਤੌਰ ਤੇ ਨਾਸਵੰਤ ਹੈ । ਗੁਰੂ ਦੇ (ਦੱਸੇ) ਰਾਹੇ ਤੁਰਨ ਵਾਲੀਆਂ ਜੀਵ-ਇਸਤ੍ਰੀਆਂ ਪ੍ਰਭੂ ਨੂੰ ਸਿਮਰਦੀਆਂ ਹਨ, (ਜਿਸ ਤੋਂ ਕੂੜ ਦੀ ਪਾਲ ਟੁਟ ਜਾਂਦੀ ਹੈ ਤੇ) ਪ੍ਰਭੂ ਉਨ੍ਹਾਂ ਦੇ ਹਿਰਦੇ (ਤਖ਼ਤ) ਉਤੇ (ਪ੍ਰਤੱਖ ਰੂਪ ਵਿਚ) ਹੋ ਦਿਸਦਾ ਹੈ **। ੩ ।** ਹੇ ਨਾਨਕ ! ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ ਪਾ ਕੇ (ਹਿਰਦੇ ਵਿਚ ਧੁਖਦੀਆਂ) ਚੌਹਾਂ ਅੱਗਾਂ (ਹਿੰਸਾ, ਹੇਤ, ਲੋਭ, ਕੋਪ) ਨੂੰ ਬੁੱਝਾ ਦੇ, (ਤੇ ਤ੍ਰਿਸ਼ਨਾ ਵਾਲੇ ਪਾਸੇ ਤੋਂ) ਮਰ ਜਾ । (ਇਸ ਤਰ੍ਹਾਂ) ਤੇਰੇ ਅੰਦਰ (ਹਿਰਦਾ-) ਕੋਲ ਖਿੜ ਪਏਗਾ, (ਤੇਰੇ ਹਿਰਦੇ ਵਿਚ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਭਰ ਜਾਏਗਾ । ਗੁਰੂ ਨੂੰ ਮਿੱਤਰ ਬਣਾ, ਯਕੀਨੀ ਤੌਰ ਤੇ (ਅੰਦਰੇ ਵੱਸਦੇ) ਪਰਮਾਤਮਾਂ ਦੀ ਹਜ਼ੂਰੀ ਪ੍ਰਾਪਤ ਹੋ ਜਾਵੇਗੀ । ੪ ।

ਗੁਰੂ ਸ਼ਬਦ ਦਾ ਅਸਲ ਆਸ਼ਾ ਕਾਇਮ ਰੱਖਦਿਆਂ, ਗੁਰਮਤਿ ਦੇ ਕਿਸੇ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਗੁਰੂ ਸ਼ਬਦ ਦੀ ਇਕ ਅੱਧੀ ਤੁਕ ਵਰਤੀ ਜਾਣੀ ਵੀ ਗੁਰਮਤਿ ਹੀ ਹੈ, ਪਰ ਆਪਣੀ ਮਤ ਅਨੁਸਾਰ ਬਣੇ ਕਿਸੇ ਵਿਸ਼ਵਾਸ਼ ਨੂੰ ਗੁਰਮਤਿ ਸਿੱਧ ਕਰਨ ਲਈ ਤੁਕਾਂ ਦੀ ਚੋਣ ਕਰਕੇ ਪੂਰੇ ਸ਼ਬਦ ਦੇ ਆਸ਼ੇ ਨੂੰ ਵਿਗਾੜਨਾ, ਹੰਕਾਰ ਗ੍ਰਸੀ ਮਨਮਤਿ ਹੈ, ਸਤਿਗੁਰਾਂ ਦੀ ਨਿੰਦਿਆ ਹੈ । ਉਪ੍ਰੋਕਤ ਸ਼ਬਦ ਵਿਚ ਅੰਦਰੇ ਵੱਸਦੇ ਪ੍ਰਭੂ ਦੇ ਦਰਸ਼ਨ ਕਰ ਸਕਣ ਵਾਲੀਆਂ ਅੱਖੀਆਂ ਹਾਸਲ ਕਰ ਸਕਣ ਦਾ ਵਡਮੁੱਲਾ ਗਿਆਨ ਹੈ । ਕਿਸੇ ਬਾਹਰ ਦੀ ਦੁਨੀਆਂ ਵਾਲੇ ਪਰਲੋਕ ਵਿਚ ਲੱਗੀ ਦਰਗਾਹ ਦਾ ਕੋਈ ਜ਼ਿਕਰ ਨਹੀਂ ਹੈ ।

**(B)** ਪੁਸਤਕ ਦੇ ੭੫ ਸਫ਼ੇ ਤੇ ਪੂਰੇ ਸਲੋਕ ਦੇ ਭਾਵ ਦੀ ਪਰਵਾਹ ਨਾ ਕਰਕੇ, ਭਾਈ ਰਣਧੀਰ ਸਿੰਘ ਜੀ ਨੇ ਆਪਣੀ ਮਰਜ਼ੀ ਦੀਆਂ ਦੋ ਸਤਰਾਂ ਇਸ ਪ੍ਰਕਾਰ ਲਿਖੀਆਂ ਹਨ:-

(ੳ) ਭੈ ਵਿਚਿ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥੧॥(੧)[ਵਾਰ ਗੂਜਰੀ, ਸਲੋਕ ਮ:੩, ਪੰਨਾ ੬੧੬
ਅਗੇ ਇਸ ਪਰਕਾਰ ਲਿਖਿਆ ਹੈ--

ਗੁਰਮਤਿ ਨਾਮ ਦੀ ਰੰਗਣ ਵਿਚ ਐਸਾ ਰੰਗਿਆ ਜਾਵੇ ਕਿ ਸਤਿਗੁਰੂ ਦੇ ਸਰੂਪ ਵਿਚ ਹੀ ਸਮਾ ਜਾਵੇ । ਐਸੇ ਸਤਿਗੁਰੂ ਸੇਤੀ ਰਤਿਆਂ ਗੁਰਮੁਖਾਂ ਦੀ ਸੱਚੀ ਦਰਗਾਹੇ ਸੱਚੀ ਸਮਾਈ ਹੁੰਦੀ ਹੈ ਅਤੇ ਸੱਚੀ ਦਰਗਾਹ ਅੰਦਰਿ ਖ਼ਾਸ ਥਾਉਂ ਤਿਨ੍ਹਾਂ ਨੂੰ ਮਿਲਦਾ ਹੈ ,ਯਥਾ ਗੁਰਵਾਕ--

ਸਤਿਗੁਰੂ ਸੇਤੀ ਰਤਿਆ ਦਰਗਹ ਪਾਈਐ ਠਾਉ ॥ ੧ ॥(੧) [ਵਾਰ ਗੂਜਰੀ ਸਲੋਕ ਮ: ੫, ਪੰਨਾ ੫੧੭

ਥਾਉਂ ਤਦੇ ਹੀ ਮਿਲਦਾ ਹੈ ਕਿ ਅਗਲੀ ਦਰਗਾਹ ਹੈ । ਤਾਂਤੇ ਉਪਰਲੇ ਗੁਰਵਾਕ ਦੁਆਰਾ ਅਗਲੀ ਦਰਗਾਹ ਦੀ ਹਸਤੀ

(ਅ) ਸਿਧ ਹੋ ਗਈ ਅਤੇ ਸਿਰੋਪਾਉ ਭੀ ਸਾਬਤ ਹੋ ਗਿਆ , ਭਗਤਾਂ ਦਾ ਬੋਲਿਆ ਭੀ ਪਰਵਾਨ ਹੈ ਦਰਗਹ ਥਾਇਂ ਪੈਂਦਾ ਹੈ ।

(ੳ) ਪੂਰਾ ਪਾਵਨ ਸਲੋਕ ਇਸ ਪਰਕਾਰ ਹੈ---

੧੦੦- **ਗੂਜਰੀ ਜਾਤਿ ਗਵਾਰਿ, ਜਾ ਸਹੁ ਪਾਏ ਆਪਣਾ ॥ ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ, ਸਾ ਕੁਲਵੰਤੀ ਨਾਰਿ ॥ ਸਾ ਹੁਕਮੁ ਪਛਾਣੈ ਕੰਤ ਕਾ, ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ ਓਹੁ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥ ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥ ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥ ੧ ॥**[੫੧੬]ਵਾਰ-੧੯

**ਅਰਥ**:--ਮੋਟੀ ਜਾਤਿ ਦੀ ਇਸਤ੍ਰੀ ਕੁਲਵੰਤੀ ਇਸਤ੍ਰੀ ਬਣ ਗਈ (ਉੱਚੀ ਜ਼ਾਤਿ ਵਾਲੀ ਹੋ ਗਈ) ਜਦੋਂ ਉਸ ਨੇ ਆਪਣਾ ਖਸਮ ਲੱਭ ਲਿਆ, (ਤਿਵੇਂ ਹੀ) ਉਹ (ਜੀਵ-) ਇਸਤ੍ਰੀ ਕੁਲਵੰਤੀ ਹੋ ਜਾਂਦੀ ਹੈ, ਜੋ ਸਤਿਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰ ਕੇ ਹਰ ਰੋਜ਼ ਪ੍ਰਭੂ ਦਾ ਸਿਮਰਨ ਕਰਦੀ ਹੈ (ਕਿਉਂਕਿ) ਜਿਸ ਨੂੰ ਗੁਰੂ ਮਿਲ ਪੈਂਦਾ ਹੈ ਉਸ ਦੇ ਅੰਦਰ ਪਰਮਾਤਮਾ ਦਾ ਡਰ ਪੈਦਾ ਹੁੰਦਾ ਹੈ, ਉਹ ਖ਼ਸਮ-ਪ੍ਰਭੂ ਦਾ ਹੁਕਮ ਸਮਝ ਲੈਂਦੀ ਹੈ (ਪਰ ਇਹ ਉਹੀ ਜੀਵ-ਇਸਤ੍ਰੀ ਕਰਦੀ ਹੈ) ਜਿਸ ਤੇ ਕਰਤਾਰ ਨੇ ਆਪ ਮਿਹਰ ਕੀਤੀ ਹੈ ।

(ਦੂਜੇ ਪਾਸੇ) ਜਿਸ ਨੂੰ ਖਸਮ ਨੇ ਤਿਆਗ ਦਿੱਤਾ ਹੋਵੇ (ਉਹ ਛੁੱਟੜ ਇਸਤ੍ਰੀ) ਕੁਚੱਜੀ ਤੇ ਖੋਟੇ ਲੱਛਣ ਵਾਲੀ ਹੁੰਦੀ ਹੈ । (ਪਰ ਉਸ ਦੇ ਹਿਰਦੇ ਵਿਚ) ਜੇ ਪ੍ਰਭੂ ਦਾ ਡਰ ਆ ਵੱਸੇ, ਤਾਂ ਮਨ ਦੀ ਮੈਲ ਕੱਟੀ ਜਾਂਦੀ ਹੈ, ਸਰੀਰ ਵੀ ਪਵਿੱਤ੍ਰ ਹੋ ਜਾਂਦੀ ਹੈ, ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਸਿਮਰਨ ਕਰ ਕੇ ਅੰਦਰ ਚਾਨਣ ਹੋ ਜਾਂਦਾ ਹੈ, ਮਤਿ ਉੱਜਲੀ ਹੋ ਜਾਂਦੀ ਹੈ । (ਅਜੇਹੀ ਜੀਵ-ਇਸਤ੍ਰੀ) ਪਰਮਾਤਮਾ ਦੇ ਡਰ ਅਦਬ ਵਿਚ ਬੈਠਦੀ ਹੈ, ਡਰ ਵਿਚ ਰਹਿੰਦੀ ਹੈ, ਡਰ ਵਿਚ ਕਿਰਤ ਕਾਰ ਕਰਦੀ ਹੈ, ਫਿਰ ਉਸ ਨੂੰ ਇਸ ਜੀਵਨ ਵਿਚ ਆਦਰ ਤੇ ਸੁਖ ਮਿਲਦਾ ਹੈ ਤੇ ਪ੍ਰਭੂ ਦੀ ਹਜ਼ੂਰੀ ਦਾ ਦਰਵਾਜ਼ਾ ਉਸ ਲਈ ਖੁਲ੍ਹ ਜਾਂਦਾ ਹੈ । ਬੇਅੰਤ ਪ੍ਰਭੂ ਦੀ ਜੋਤਿ ਵਿਚ ਆਤਮਾ ਜੋੜਨ ਨਾਲ ਉਸ ਦੇ ਡਰ ਵਿਚ ਰਹਿਣ ਨਾਲ ਉਹ ਨਿਰਭਉ ਪ੍ਰਭੂ ਮਿਲ ਪੈਂਦਾ ਹੈ, ਪਰ ਹੇ ਨਾਨਕ ! ਜਿਸ ਨੂੰ ਕਰਤਾਰ ਆਪ ਬਖਸ਼ਸ਼ ਕਰੇ ਉਹੀ ਜੀਵ-ਇਸਤ੍ਰੀ ਖਸਮ-ਪ੍ਰਭੂ ਨੂੰ ਪਿਆਰੀ ਲੱਗਦੀ ਹੈ, ਉਹੀ ਚੰਗੀ ਲੱਗਦੀ ਹੈ । ੧ ।

(ਅ) ਜਿਸ ਵਿਚੋਂ ਇਹ ਤੁਕ ਲਈ ਹੈ ਉਹ ਪੂਰਾ ਪਾਵਨ ਗੁਰੂ ਬਾਣੀ-ਸਲੋਕ ਇਸ ਪ੍ਰਕਾਰ ਹੈ:---

੧੦੧- **ਅੰਤਰਿ ਗੁਰੂ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ**

**ਗੁਰ ਨਾਉ ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ ਕਹੁ ਨਾਨਕ ਕਿਰਪਾ ਕਰੇ**
**ਜਿਸ ਨੋ ਏਹ ਵਥੁ ਦੇਇ ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ ੧ ॥**[੫੧੭]

**ਅਰਥ:**--ਜੇ ਆਪਣੇ ਗੁਰੂ (ਦੇ ਪਿਆਰ) ਵਿਚ ਰੰਗੇ ਜਾਈਏ ਤਾਂ (ਪ੍ਰਭੂ ਦੀ) **ਹਜ਼ੂਰੀ** ਵਿਚ ਥਾਂ ਮਿਲਦਾ ਹੈ। ਮਨ ਵਿਚ ਗੁਰੂ ਨੂੰ ਯਾਦ ਕਰਨਾ, ਜੀਭ ਨਾਲ ਗੁਰੂ ਦਾ ਨਾਮ ਜਪਣਾ, ਅੱਖਾਂ ਨਾਲ ਗੁਰੂ ਨੂੰ ਵੇਖਣਾ, ਕੰਨਾ ਨਾਲ ਗੁਰੂ ਦਾ ਨਾਮ ਸੁਣਨਾ--ਇਹ ਦਾਤਿ ਉਸ ਮਨੁੱਖ ਨੂੰ ਪ੍ਰਭੂ ਦਿੰਦਾ ਹੈ ਜਿਸ ਉਤੇ ਮਿਹਰ ਕਰਦਾ ਹੈ, ਅਜੇਹੇ ਬੰਦੇ ਜਗਤ ਵਿਚ ਸ੍ਰੇਸ਼ਟ ਅਖਵਾਉਂਦੇ ਹਨ, (ਪਰ ਅਜੇਹੇ ਹੁੰਦੇ) ਕੋਈ ਵਿਰਲੇ ਹੀ ਹਨ।

**(C)** ਏਸੇ ਤਰ੍ਹਾਂ ਪੁਸਤਕ ਦੇ ੯੩ ਸਫ਼ੇ ਤੇ ਇਸ ਪ੍ਰਕਾਰ ਲਿਖਿਆ ਹੈ--

ਜਿਵੇਂ ਇਸ ਦੁਨੀਆ ਦਾ ਦਰਬਾਰ ਹੈ, ਤਿਵੇਂ ਦੀਨ ਧਰਮ ਦਾ ਦਰਬਾਰ ਅਗਲੀ ਦੁਨੀਆ ਵਿਖੇ ਵੀ ਹੈ। ਜਿਹੜੇ ਨਿੰਦਕ ਨਰ ਅਗਲੀ ਦੁਨੀਆਂ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ, ਤਿਨ੍ਹਾਂ ਨਿੰਦਕਾਂ ਦਾ ਦੋਹੀ ਸਰਾਈਂ ਮੂੰਹ ਕਾਲਾ ਹੁੰਦਾ ਹੈ। ਯਥਾ ਗੁਰਵਾਕ---

ਇਸ ਤੋਂ ਅੱਗੇ ਆਪਣੀ ਗੱਲ ਦਾ ਭਰਮ ਪੱਕਾ ਕਰਨ ਲਈ ਗੁਰੂ-ਬਾਣੀ ਸ਼ਬਦ ਦੀ ਕੇਵਲ ਅੱਧੀ ਤੁਕ ਇਸ ਪ੍ਰਕਾਰ ਲਿਖੀ ਹੈ---

ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥ ੨ ॥ ੧੫ ॥ [ਧਨਾਸਰੀ ਮ: ੫, ਪੰਨਾ ੬੭੪

(੧) ਆਪਣੀ ਨਿੱਜ ਮਤਿ ਨੂੰ ਗੁਰਮਤਿ ਸਿੱਧ ਕਰਨ ਲਈ ਭਾਈ ਸਾਹਿਬ ਨੇ ਗੁਰੂ ਸ਼ਬਦ ਦੇ ਅਸਲ ਭਾਵ ਦੀ ਖੰਡਨਾ ਹੋ ਜਾਣ ਦੀ ਪਰਵਾਹ ਨਾ ਕਰਕੇ ਸ਼ਬਦ ਦੀ ਕੇਵਲ ਅੱਧੀ ਤੁਕ ਲਿਖੀ ਹੈ। (੨) ਦੂਜਾ ਭਾਈ ਸਾਹਿਬ ਨੇ ਗੁਰੂ ਵਾਕ ਦਾ ਭਾਵ ਲਿਖਦਿਆਂ ਇਹ ਬਿਲਕੁਲ **ਝੂਠ** ਲਿਖਿਆ ਹੈ ਕਿ " ਜਿਹੜੇ ਨਿੰਦਕ ਨਰ ਅਗਲੀ ਦੁਨੀਆ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ ਤਿਨ੍ਹਾਂ ਨਿੰਦਕਾਂ ਦਾ ਦੋਹੀਂ ਸਰਾਈ ਮੂੰ ਕਾਲਾ ਹੁੰਦਾ ਹੈ "। ਪੂਰੇ ਗੁਰੂ ਸ਼ਬਦ ਨੂੰ ਕੋਈ ਵੀ ਸੂਝਵਾਨ (ਜਿਸ ਨੂੰ ਬਾਣੀ ਪੜ੍ਹਨ ਦਾ ਅਭਿਆਸ ਨਾ ਵੀ ਹੋਵੇ) ਪੜ੍ਹੇ ਤਾਂ ਸਹਿਜ ਹੀ ਸਮਝ ਜਾਂਦਾ ਹੈ ਕਿ ਸਤਿਗੁਰਾਂ ਨੇ ਉਸ ਮਨੁੱਖ ਨੂੰ ਮਾੜਾ ਕਿਹਾ ਹੈ ਜਿਹੜਾ ਸੰਤ ਜਨਾ ਦੀ, ਪ੍ਰਭੂ ਦੇ ਦਾਸਾਂ ਦੀ, ਭਾਵ ਨੇਕ ਅਤੇ ਭਗਤ ਲੋਕਾਂ ਦੀ ਫ਼ਜ਼ੂਲ ਨਿੰਦਿਆ ਕਰਦਾ ਹੈ। [ਨਿੰਦਿਆ ਤੋਂ ਭਾਵ, ਨੇਕ ਪੁਰਸ਼ਾਂ ਦੀ ਝੂਠੀ ਬਦਨਾਮੀ ਕਰਨ, ਤੋਂ ਹੈ ] ਪੂਰਾ ਗੁਰੂ ਸ਼ਬਦ ਇਸ ਪ੍ਰਕਾਰ ਹੈ--

੧੦੨- **ਜਨ ਕਾ ਆਪਿ ਸਹਾਈ ਹੋਆ ਨਿੰਦਕ ਭਾਗੇ ਹਾਰਿ ॥ ਭ੍ਰਮਤ ਭ੍ਰਮਤ ਊਹਾਂ ਹੀ ਮੂਏ**
**ਬਾਹੁੜਿ ਗ੍ਰਿਹਨ ਮੰਝਾਰਿ ॥ ੧ ॥ ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ**
**ਸਦਾ ਅਪਾਰਿ ॥ ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥ ੨ ॥** [੬੭੪]-੪

**ਅਰਥ:**--ਹੇ ਭਾਈ ! ਪਰਮਾਤਮਾ ਨੇਕ ਮਨੁੱਖਾਂ ਨੂੰ (ਸੰਤ ਜਨਾਂ) ਦੀ ਸਦਾ ਰਖਿਆ ਕਰਦਾ ਆ ਰਿਹਾ ਹੈ। (ਭਾਵ, ਨੇਕ ਮਨੁੱਖਾਂ ਨੂੰ ਸਦਾ ਆਤਮਕ ਸ਼ਾਂਤੀ ਰਹਿੰਦੀ ਹੈ, ਉਹ ਦੁਖ ਸੁਖ ਦੇ ਅਸਰ ਤੋਂ ਉਤਾਂਹ ਹੋ ਜਾਂਦੇ ਹਨ)। ਜੇ ਕੋਈ ਮਨੁੱਖ ਪਰਮਾਤਮਾਂ ਦੇ ਸੇਵਕਾਂ ਦੀ (ਪ੍ਰਭੂ ਦੀ ਖ਼ਲਕਤ ਦੇ ਨੇਕ ਦਿਲ ਸੇਵਕਾਂ ਦੀ) ਕੋਈ ਹਾਨੀ ਕਰਨ ਦੀਆਂ ਸੋਚਾਂ ਸੋਚਦਾ ਹੈ, ਤਾਂ ਉਹ ਆਪ ਹੀ ਆਤਮਕ ਮੌਤੇ ਮਰਦਾ ਹੈ **। ੧ । ਰਹਾਉ ।** ਪਰਮਾਤਮਾ ਆਪਣੇ ਸੇਵਕਾਂ ਦਾ ਆਪ ਮਦਦਗਾਰ ਬਣਦਾ ਹੈ, ਉਸ ਦੇ ਨਿੰਦਕ (ਪਾਜ ਉਘੜ ਜਾਣ ਤੇ, ਨਿੰਦਾ ਦੇ ਕੰਮ ਵਿਚ) ਹਾਰ ਖਾ ਕੇ ਭੱਜ ਜਾਂਦੇ ਹਨ। ਨਿੰਦਕ ਮਨੁੱਖ ਨਿੰਦਿਆ ਕਰਨ ਦੇ (ਮਾੜੇ) ਕੰਮ ਵਿਚ ਭਟਕ ਕੇ ਏਸੇ ਗੇੜ ਵਿਚ ਹੀ ਆਤਮਕ ਮੌਤ ਸਹੇੜ ਲੈਂਦੇ ਹਨ, ਤੇ ਫਿਰ ਅਨੇਕਾਂ ਜੂਨਾਂ ਵਿਚ (-ਗ੍ਰਹਨਿ ਮੰਝਾਰਿ) ਪੈਂਦੇ ਹਨ **। ੧ ।** (ਪੰਚਮ ਗੁਰੂ ਨਾਨਕ ਜੀ ਫੁਰਮਾਨ ਕਰਦੇ ਹਨ ਕਿ ਜਿਹੜਾ ਮਨੁੱਖ) ਦੁੱਖਾਂ ਦੇ ਨਾਸ ਕਰਨ ਵਾਲੇ ਪਰਮਾਤਮਾ ਦੀ ਸਰਨ ਆ ਪੈਂਦਾ ਹੈ, (ਉਸ ਦੀ ਯਾਦ ਵਿਚ ਜੁੜਦਾ ਹੈ) ਉਹ ਉਸ ਬੇਅੰਤ ਪ੍ਰਭੂ ਵਿਚ ਲੀਨ ਹੋ ਕੇ ਸਦਾ ਉਸ ਦੇ ਗੁਣ ਗਾਉਂਦਾ ਰਹਿੰਦਾ ਹੈ (ਆਤਮਕ ਸੁਖ ਮਾਣਦਾ ਹੈ)। ਪਰ ਉਸ ਦੀ ਬਦਖੋਈ ਕਰਨ ਵਾਲੇ ਮਨੁੱਖ ਦਾ ਦੁਨੀਆਂ ਦੇ ਦਰਬਾਰ ਵਿਚ ਅਤੇ ਦੀਨ ਦੇ ਦਰਬਾਰ ਵਿਚ ਮੂੰਹ ਕਾਲਾ ਹੁੰਦਾ ਹੈ [ਜ਼ਿੰਦਗਦੀ ਵਿਚ ਵੀ ਨਿੰਦਕ ਨੂੰ ਚੰਗਾ ਕੋਈ ਨਹੀਂ ਸਮਝਦਾ ਅਤੇ ਮਰਨ ਪਿਛੋਂ ਵੀ ਉਸ ਦੀ ਸਿਫਤ ਕੋਈ ਨਹੀਂ ਕਰਦਾ। ਇਸ ਤਰ੍ਹਾਂ ਨਿੰਦਕ ਮਨੁੱਖ ਦੀ ਦੋਹੀ ਥਾਈਂ, ' ਲੋਕ ਪਰਲੋਕ ' ਵਿਚ ਬਦਨਾਮੀ ਹੁੰਦੀ ਹੈ]

**(D)** ਏਸੇ ਤਰ੍ਹਾਂ ਦੂਸਰੀ ਦੁਨੀਆ ਵਿਚ ਬਣੀ ਦਰਗਾਹ ਦੀ ਹੋਂਦ ਨੂੰ ਸਿੱਧ ਕਰਨ ਲਈ, ੯੩ ਸਫ਼ੇ ਤੇ ਹੀ ਹੇਠ ਲਿਖੇ ਸ਼ਬਦ ਦੀ ਤੀਸਰੀ ਤੁਕ ਵਰਤੀ ਹੋਈ ਹੈ:--

੧੦੩- **ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥ ੧ ॥ ਰਹਾਉ ॥**
**ਸਿਰ ਊਪਰਿ ਮਾਤ ਪਿਤਾ ਗੁਰਦੇਵ ॥ ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥**
**ਏਕੁ ਨਿਰੰਜਨੁ ਜਾ ਕੀ ਰਾਸਿ ॥ ਮਿਲਿ ਸਾਧਸੰਗਤਿ ਹੋਵਤ ਪਰਗਾਸ ॥ ੧ ॥**
**ਜੀਅਨ ਕਾ ਦਾਤਾ ਪੂਰਨ ਸਭ ਠਾਇ ॥ ਕੋਟਿ ਕਲੇਸ ਮਿਟਹਿ ਹਰਿ ਨਾਇ ॥**
**ਜਨਮ ਮਰਨ ਸਗਲਾ ਦੁਖੁ ਨਾਸੈ ॥ ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥ ੨ ॥**
**ਜਿਸ ਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥**
**ਸੇਈ ਭਗਤ ਜਿ ਸਾਚੇ ਭਾਣੇ ॥ ਜਮਕਾਲ ਤੇ ਭਏ ਨਿਕਾਣੇ ॥ ੩ ॥**
**ਸਾਚਾ ਸਾਹਿਬੁ ਸਚੁ ਦਰਬਾਰੁ ॥ ਕੀਮਤਿ ਕਉਣੁ ਕਹੈ ਬੀਚਾਰੁ ॥**
**ਘਟਿ ਘਟਿ ਅੰਤਰਿ ਸਗਲ ਅਧਾਰੁ ॥ ਨਾਨਕੁ ਜਾਚੈ ਸੰਤ ਰੇਣਾਰੁ ॥ ੪ ॥**[੬੭੭]-੩-੨੪

**ਅਰਥ:**--ਆਪਣੇ ਮਨ ਦੇ ਪਿਛੇ ਤੁਰਨ ਵਾਲੇ ਨਿਮਾਣੇ ਬੰਦੇ (ਮੌਤ ਆਦਿਕ ਤੋਂ) ਡਰ ਡਰ ਕੇ ਖ਼ੁਆਰ ਹੁੰਦੇ ਰਹਿੰਦੇ ਹਨ, ਪਰ ਜਿਹੜਾ ਮਨੁੱਖ ਖਸਮ-ਪ੍ਰਭੂ ਨੂੰ ਆਪਣੀ ਯਾਦ ਵਿਚ ਵਸਾਈ ਰੱਖਦਾ ਹੈ, ਉਹ ਕਿਤੇ ਵੀ ਨਹੀਂ ਡਰਦਾ **। ੧ । ਰਹਾਉ ।** ਜਿਸ ਪਰਮਾਤਮਾ ਦਾ ਦਰਸ਼ਨ ਕੀਤਿਆਂ ਸਾਰੇ ਫਲ ਪ੍ਰਾਪਤ ਹੁੰਦੇ ਹਨ, ਜਿਸ ਦੀ ਸੇਵਾ ਭਗਤੀ ਪਵਿੱਤ੍ਰ ਜੀਵਨ ਵਾਲਾ ਬਣਾ ਦਿੰਦੀ ਹੈ, ਉਸ ਪ੍ਰਕਾਸ਼-ਰੂਪ (-ਗੁਰਦੇਵ) ਪ੍ਰਭੂ ਨੂੰ ਪਿਤਾ ਮਾਤਾ ਵਾਂਗ ਜਿਹੜਾ ਮਨੁੱਖ ਆਪਣੇ ਸਿਰ ਤੇ (ਰਾਖਾ ਸਮਝਦਾ ਹੈ), ਮਾਇਆ ਤੋਂ ਨਿਰਲੇਪ ਪ੍ਰਭੂ ਦਾ ਨਾਮ ਹੀ ਜਿਸ ਮਨੁੱਖ (ਦੇ ਆਤਮਕ ਜੀਵਨ) ਦਾ ਸਰਮਾਇਆ ਬਣ ਜਾਂਦਾ ਹੈ, ਸਾਧ ਸੰਗਤਿ ਵਿਚ ਮਿਲ ਕੇ ਉਸ ਮਨੁੱਖ ਦੇ ਅੰਦਰ ਜੀਵਨ-ਚਾਨਣ ਹੋ ਜਾਂਦਾ ਹੈ **। ੧ ।** ਜਿਹੜਾ ਪਰਮਾਤਮਾ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਜੋ ਹਰ ਥਾਂ ਮੌਜੂਦ ਹੈ, ਜਿਸ ਪ੍ਰਭੂ ਦੇ ਨਾਮ ਵਿਚ ਜੁੜਿਆਂ ਕ੍ਰੋੜਾਂ ਦੁਖ-ਕਲੇਸ਼ ਮਿਟ ਜਾਂਦੇ ਹਨ, ਗੁਰੂ ਦੀ ਰਾਹੀਂ ਉਹ ਪ੍ਰਭੂ ਜਿਸ ਮਨੁੱਖ ਦੇ ਮਨ ਹਿਰਦੇ ਵਿਚ (ਪ੍ਰਗਟ ਰੂਪ ਵਿਚ) ਵੱਸਦਾ ਹੈ, ਉਸ ਦਾ ਜਨਮ-ਮਰਨ ਦਾ ਸਾਰਾ ਦੁੱਖ ਨਾਸ ਹੋ ਜਾਂਦਾ ਹੈ **। ੨ ।** ਪਰਮਾਤਮਾ ਜਿਸ ਮਨੁੱਖ ਨੂੰ ਆਪਣੇ ਲੜ ਲਾ ਲੈਂਦਾ ਹੈ, ਉਸ ਉਸ ਨੂੰ ਹੀ ਪਰਮਾਤਮਾ ਦੀ ਹਜ਼ੂਰੀ (ਦਰਗਾਹ) ਵਿਚ ਥਾਂ ਮਿਲਦੀ ਹੈ। ਹੇ ਭਾਈ ! ਉਹ ਮਨੁੱਖ ਪਰਮਾਤਮਾ ਦਾ ਭਗਤ ਅਖਵਾ ਸਕਦੇ ਹਨ, ਜਿਹੜੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। ਉਹ ਮਨੁੱਖ ਮੌਤ ਤੋਂ ਨਿਡਰ ਹੋ ਜਾਂਦੇ ਹਨ **। ੩ ।** ਹੇ ਭਾਈ ਮਾਲਕ-ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦਾ

ਦਰਬਾਰ ਵੀ ਸਦਾ ਕਾਇਮ ਰਹਿਣ ਵਾਲਾ ਹੈ । ਕੋਈ ਮਨੁੱਖ ਉਸ ਦੀ ਕੀਮਤਿ ਦੀ ਵੀਚਾਰ ਨਹੀਂ ਕਰ ਸਕਦਾ । ਉਹ ਪ੍ਰਭੂ ਹਰੇਕ ਸਰੀਰ ਵਿਚ, (ਸਭ ਜੀਵਾਂ ਦੇ) ਅੰਦਰ ਵੱਸਦਾ, ਸਭ ਜੀਵਾਂ ਦਾ ਆਸਰਾ ਹੈ । ਨਾਨਕ ਉਸ ਪ੍ਰਭੂ ਦੇ ਸੰਤ ਜਨਾਂ ਦੀ ਚਰਨ-ਧੂੜ ਮੰਗਦਾ ਹੈ । ੪ ।

ਸ਼ਬਦ ਦੀ ਅੰਤਲੀ (ਚੌਥੀ) ਤੁਕ ਵਿਚ ਸਾਫ਼ ਲਿਖਿਆ ਹੈ ਕਿ ਪ੍ਰਭੂ ਸਾਰੇ ਜੀਆਂ ਦੇ ਅੰਦਰੇ ਹੀ ਵੱਸਦਾ ਹੈ । ਫਿਰ ਪਤਾ ਨਹੀਂ, ਭਾਈ ਰਣਧੀਰ ਸਿੰਘ ਜੀ ਨੇ ਪ੍ਰਭੂ ਦੀ ਦਰਗਾਹ, ਕਿਸੇ ਹੋਰ ਦੁਨੀਆਂ ਵਿਚ ਕਿਸ ਦਲੀਲ ਨਾਲ ਬਣਾਈ ਹੈ ? ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਦਾ ਟੀਕਾ ਕਰਨ ਵਾਲੇ, ਉਚ ਕੋਟੀ ਦੇ ਵਿਦਵਾਨ, ਪ੍ਰੋ: ਸਾਹਿਬ ਸਿੰਘ ਜੀ, ਡੀ ਲਿਟ ਨੇ **ਦਰਗਾਹ** ਦੇ ਅਰਥ **ਹਜ਼ੂਰੀ** ਕੀਤੇ ਹਨ। ਪਰ ਭਾਈ ਰਣਧੀਰ ਸਿੰਘ ਜੀ ਬ੍ਰਹਮਣ ਦੀਆਂ ਬਣਾਈਆਂ (ਇੰਦ੍ਰ ਪੁਰੀ, ਬ੍ਰਹਮ ਪੁਰੀ ਸ਼ਿਵ ਪੁਰੀ ਆਦਿ) ਪੁਰੀਆਂ ਵਾਂਗ ਮਹਲ ਮਾੜੀਆਂ ਵਾਲੀ ਕਿਸੇ ਸ਼ਾਹੀ ਹਵੇਲੀ-ਰੂਪੀ ਦਰਗਾਹ ਦੀ ਹੋਂਦ ਨੂੰ ਪੱਕਾ ਕਰ ਰਹੇ ਹਨ । ਖ਼ੈਰ ਉਨ੍ਹਾਂ ਦੀਆਂ ਉਹ ਜਾਨਣ ਅਤੇ ਜਾਂ ਜਾਣੇ ਪੰਥ ਦਾ ਸਰਬ ਉੱਚ ਜਥੇਦਾਰ ।

ਭਾਈ ਸਾਹਿਬ ਦੀ ਪੁਸਤਕ ਵਿਚ " ਦਰਗਾਹ " ਲਫ਼ਜ਼ ਦੀ ਵਰਤੋਂ ਵਾਲੇ ਹੋਰ ਗੁਰੂ-ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ :---

| | | | | | |
|---|---|---|---|---|---|
| ੧=[੧੦੮੯]-੯(੧) | ੨=[੮੮]-੧੩(੨) | ੩=[੮੯]-ਵਾਰ-੧੪ | ੪=[੪੯੩]-੪(ਰਹਾਉ) | ੫=[੫੦੦]-੧੨-੨੨(ਰਹਾਉ) | ੬=[੫੧੬]-੧੯(੧) |
| ੭=[੫੪੧]-੪-੬(੨) | ੮=[੫੨੧]-ਵਾਰ-੧੪ | ੯=[੫੨੮]-੨-੬(੧) | ੧੦=[੫੪੦]-੪-੫(੧) | ੧੧=[੫੪੨]-੪-੧(੨) | ੧੨=[੫੫੨]-੯(੨) |
| ੧੩=[੫੫੨]-ਵਾਰ-੧੧(੧) | ੧੪=[੫੫੩]-ਵਾਰ-੧੧ | ੧੫=[੫੫੪-ਵਾਰ-੧੪ | ੧੬=[੫੭੦]-੪(੪) | ੧੭=[੫੭੯]-੪-੨(੨) | ੧੮=[੫੭੯]-੪-੧ |
| ੧੯=[੫੯੫]-੪-੨(੩) | ੨੦=[੬੦੪]-੧੧(੪) | ੨੧=[੬੧੫]-੪-੧੩-੨੪(੨) | ੨੨=[੬੦੦]-੪-੨(ਰਹਾਉ) | ੨੩=[੬੦੩]-੧੦(੪) | ੨੪=[੬੨੯]-੪-੧੯-੮੩(ਰਹਾਉ) |
| ੨੫=[੬੩੯]-੮-੩(੬) | ੨੬=[੫੫੪]-ਵਾਰ-੧੫ | ੨੭=[੬੬੨]-੩-੫(੪) | ੨੮=[੬੬੨]-੫-੭(੪) | ੨੯=[੬੪੫]-ਵਾਰ-੭ | ੩੦=[੬੭੭]-੩-੨੧(੪) |
| ੩੧=[੬੭੯]-੨-੧-੩੨(੧) | ੩੨=[੭੫੯]-੧-੨-੧੧(੧੪) | ੩੩=[੮੬੩]-੨-੪(੩) | ੩੪=[੭੫੯]-੮-੧-੩(੪) | ੩੫=[੮੮੩]-੪-੨(੧) | ੩੬=[੮੯੩]-੪-੨੨-੩੩(੧) |
| ੩੭=[੮੯੩]-੨੩-੩੪(੨) | ੩੮=[੮੯੫]-੨੮-੩੯(੩&੪) | ੩੯=[੮੯੫]-੩੦-੪੧(੧) | ੪੦=[੯੩੭]-੫੦ਓਅਮ | ੪੧=[੯੪੨]-੪੧ | ੪੨=[੯੪੪]-੫੬ |
| ੪੩=[੫੭੬]-੩(੧) | ੪੪=[੫੮੭]-ੂ-੪ | ੪੫=[੫੯੦]-ਵਾਰ-੧੧ | ੪੬=[੬੦੦]-੪-੨(ਰਹਾਉ) | ੪੭=[੬੨੯]੧੯-੨੩(੪) | ੪੮=[੯੦੫]-੮-੬(੩) |
| ੪੯=[੯੪੨]-੪੧ | ੫੦=[੯੪੬]-੭੧ | ੫੧=[੯੫੦]-ਵਾਰ-੯ | ੫੨=[੯੬੩]-੧੨(੧) | ੫੩=[੯੫੨]ਵਾਰ-੧ | ੫੪=[੯੬੪]-ਵਾਰ-੧੬ |
| ੫੫=[੭੮੩]-ਵਾਰ-੨(੨) | ੫੬=[੧੧੫੧]-੪-੪੦(੨) | ੫੭=[੧੦੭੫]-੭੬(੬) | ੫੮=[੧੧੫੫]-੧੩-੧-੨(੧੨) | ੫੯=[੧੨੪੮]-ਵਾਰ-੧ | ੬੦=[੧੩੧੩]-ਵਾਰ(੨) |
| ੬੧=[੧੩੨੦]-੪-੪ | ੬੨=[੧੩੩੧]-੫-੧੩(੩) | ੬੩=[੧੪੧੫]-੨੨ | ੬੪=[੧੪੨੨]-੧੭ | ੬੫=[੧੦੮੦]-ਵਾਰ-੧੧ | ੬੬=[੧੦੯੦]-ਵਾਰ-੧੨ |
| ੬੭=[੧੧੪੩]-੪-੧੬-੨੯(੪) | ੬੮=[੭੫੯]-੨-੧(੧੪) | ੬੯=[੭੫੯]-੮-੧-੩(੪) | ੭੦=[੮੨੭]-੨-੨੯-੧੧੫ | ੭੧=[੮੮੩੨]-੮-੨(੬) | ੭੨=[੨੮੩]-੧੫(੫) |
| ੭੩=[੨੮੬]-੧੮-੧੯(੨&੭) | ੭੪=[੩੧੦]-੧੮(੨) | ੭੫=[੩੨੦]-ਵਾਰ-੮ | ੭੬=[੩੨੩]-ਵਾਰ-੨੦(੨) | ੭੭=[੩੫੦]-੪(੪) | ੭੮=[੧੦੭੫]-੧੬-੧(੬) |
| ੭੯=[੧੦੯੦]-੧੨(੧) | ੮੦=[੧੧੪੩]-੪-੧੬-੨੯(੨) | ੮੧=[੨੧੫੯]-੬(੨) | ੮੨=[੧੩੧੩]-ਵਾਰ-੧(੨) | ੮੩=[੧੬੫]-੪-੫-੪੩ | ੮੪=[੧੯੪]-੪-੭੧-੧੪੦(੨) |
| ੮੫=[੨੪੧]-੮-੧-੧੨(੭) | ੮੬=[੨੫੨]-੧੦ | ੮੭=[੨੬੭]-੩(੪) | ੮੮=[੨੭੦]-੬(੨) | ੮੯=[੩੫੪]-੧੮(੨&੪) | ੯੦=[੩੬੨]-੪-੪੩(ਰਹਾਉ) |
| ੯੧=[੩੭੯]-੪-੧-੩੮(ਰਹਾ) | ੯੨=[੩੮੦]-੪-੨-੪੧ | ੯੩=[੪੨੦]-੮-੧੭(੪&੫ | ੯੪=[੪੨੧]-੧੮(੮) | ੯੫=[੪੨੨]-੮-੨੧(੪) | ੯੬=[੪੬੯]-ਵਾਰ-੧੨ |
| ੯੭=[੧੯}-੫-੧੩(ਰਹਾਉ) | ੯੮=[੨੬]-੩੭(੪) | ੯੯=[੨੯੧]-੪-੮-੪੧(੩) | ੧੦੦=[੩੩]-੪-੧੯-੫੨(੩) | ੧੦੧=[੫੨]-੪-੨੮-੯੮(੩) | |

੧੦੨=[੫੨]-੩੦-੧੦੦(੨)੧੦੩=[੧੬੨]-੪-੨-੧੬(੨)

ਗੁਰਮਤਿ ਸਿਧਾਂਤ ਤੋਂ ਅਣਜਾਣ ਮਨੁੱਖ ਏਨੇ ਗੁਰੂ ਫ਼ੁਰਮਾਨਾ ਦੀ ਲਿਸਟ ਵੇਖਦਿਆਂ ਹੀ ਚਕਰਾ ਜਾਂਦਾ ਹੈ । ਸੋ ਬ੍ਰਾਹਮਣੀ ਰੀਤ ਨੂੰ ਪੰਥ ਦੀ ਮਰਯਾਦਾ ਦਾ ਅੰਗ ਬਣਾਉਣ ਲਈ, ਦਰਗਾਹ ਲਫ਼ਜ਼ ਵਾਲੇ ਜਿੰਨੇ ਵੀ ਵੱਧ ਤੋਂ ਵੱਧ ਗੁਰੂ ਫ਼ੁਰਮਾਨ ਲੱਭ ਸਕਦੇ ਸੀ ਭਾਈ ਸਾਹਿਬ ਨੇ ਲੱਭ ਕੇ ਲਿਖੇ ਹਨ । ਪਰ ਕਿਸੇ ਇੱਕ ਤੁਕ ਦੇ ਵੀ ਠੀਕ ਅਰਥ ਨਹੀਂ ਲਿਖੇ । ਸੂਝਵਾਨ ਅਤੇ ਵਿਦਵਾਨ ਗੁਰਸਿੱਖ ਸਤਿਗੁਰਾਂ ਦਾ ਨਿੰਦਕ ਕਿਉਂ ਬਣੇ ?

੧੦੪- **ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥ ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀਂ ਥਾਉ ॥ ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ ॥ ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਏ ॥ ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ॥ ਨਾਨਕ ਦਰਸਨੁ ਜਿਨਾ ਵੇਖਾਲਿਓਨੁ <u>ਤਿਨਾ ਦਰਗਹ ਲਏ ਛਡਾਇ</u> ॥੧॥**[੩੧੪]-ਵਾਰ-੨੬

' ਦਰਗਹ ਲਏ ਛਡਾਇ ' ਤੋ ਭਾਵ ਹੈ, ਕਿ ' ਅੰਦਰ ਲੱਗੇ ਪ੍ਰਭੂ-ਦਰਬਾਰ ਵਿਚ ਬੈਠ ਸਦੀਵੀ ਸੁਖ ਮਾਨਣ ਜੋਗਾ ਬਣਾ ਦੇਣਾ '।

## ੮

# ਹਲਤ ਪਲਤ, ਪਰਲੋਕ, ਅਗਲਾ ਘਰਿ, ਪ੍ਰਭੂ ਦਾ ਦਰ

ਅੱਜ ਤੋਂ ਸੈਂਕੜੇ ਸਾਲ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾ ਦਿੱਤਾ ਸੀ--**ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ॥। ੧੯ ॥** ਇਸ ਜਗਤ ਪਸਾਰੇ ਵਿਚ ਬੇਅੰਤ " ਲੋਕ " ਹਨ, ਜਿਨ੍ਹਾਂ ਤੱਕ ਅਜੋਕੇ ਅਗਾਂਹ-ਵਧੂ ਵਗਿਆਨਕ ਜੁੱਗ ਵਿਚ ਵੀ, ਮਨੁੱਖ ਦੀ ਪਹੁੰਚ ਨਹੀਂ ਹੋ ਸਕੀ । ਪਰ ਬਗ਼ਦਾਦ ਵਿਖੇ ਸਤਿਗੁਰਾਂ ਨੇ ਜੋ ਸਾਕਾ ਵਰਤਾਇਆ ਸੀ ਉਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ:---

ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰ ਜਾਇ ਕੀਆ ਅਸਥਾਨਾ । ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨਿ ਹੋਆ ਜਹਾਨਾ । ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ ।
ਵੇਖੈ ਧਿਆਨੁ ਲਗਾਇ ਕਰਿ ਇਕੁ ਫ਼ਕੀਰੁ ਵਡਾ ਮਸਤਾਨਾ । ਪੁਛਿਆ ਫਿਰਕੈ ਦਸਤਗੀਰ ਕਉਣ ਫਕੀਰ ਕਿਸਕਾ ਘਰਿਹਾਨਾ ?
ਨਾਨਕ ਕਲਿ ਵਿਚ ਆਇਆ ਰਬੁ ਫਕੀਰ ਇਕੋ ਪਹਿਚਾਨਾ । ਧਰਤਿ ਆਕਾਸ ਚਹੁਦਿਸ ਜਾਨਾ ॥ ੩੫ ॥
[ਅਸਥਾਨਾ--ਡੇਰਾ । ਘਰਿਹਾਨਾ--(ਫ਼ਕੀਰੀ ਦਾ) ਘਰਾਣਾ, ਭੇਖ ]
ਪੁਛੇ ਪੀਰ ਤਕਰਾਰ ਕਰਿ ਏਹ ਫ਼ਕੀਰ ਵਡਾ ਅਤਾਈ । ਏਥੇ ਵਿਚਿ ਬਗ਼ਦਾਦ ਦੇ ਵਡੀ ਕਰਮਾਤਿ ਦਿਖਲਾਈ ।

ਪਾਤਾਲਾ ਆਕਾਸ ਲਖ ਓੜਕਿ ਭਾਲੀ ਖ਼ਬਰੁ ਸੁਣਾਈ। ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ। ਲਖ ਆਕਾਸ ਪਾਤਾਲ ਲਖ ਅਖਿ ਫੁਰੰਕ ਵਿਚ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ। ਜਾਹਰ ਕਲਾ ਨ ਛਪੈ ਛਪਾਈ ॥ ੩੬ ॥ [ਵਾਰ ੧]

[ਅਤਾਈ--ਸ਼ਕਤੀਵਾਨ। ਦੁਰਾਇਣ--ਦੁਹਰਾ ਕੇ ਬੋਲਿਆ। ਹਵਾਈ--ਅਸਮਾਨੀ ਚੜ੍ਹ ਗਿਆ। ਓੜਕ ਭਾਲੀ--ਬੜੀ ਅਸਚਰਜ। ਕਚਕੌਲ--ਚਿੱਪੀ। ]

ਭਾਈ ਰਣਧੀਰ ਸਿੰਘ ਦਾ ਆਪਣੀ ਪੁਸਤਕ ਇਹ ਲਿਖਣਾ ਸੱਚ ਨਹੀਂ ਹੈ ਕਿ ਪਛਮੀ ਪੜ੍ਹਾਈ ਦੇ ਅਸਰ ਅਧੀਨ ਲੋਕ ਕਿਸੇ ਅਦ੍ਰਿਸ਼ਟ ਦੁਨੀਆਂ ਦੀ ਹੋਂਦ ਨੂੰ ਨਹੀਂ ਮੰਨਦੇ। ਦ੍ਰਿਸ਼ਟਮਾਨ ਸੂਰਜ ਕੇਵਲ ਇੱਕ ਹੈ। ਪਰ ਪੱਛਮੀ ਵਿਗਿਆਨਕ ਮੰਨ ਚੁੱਕਾ ਹੈ ਕਿ ਇਸ ਅਥਾਹ ਕਾਇਨਾਤ ਵਿਚ ਅਣਗਿਣਤ ਸੂਰਜ-ਪਰਵਾਰ ਹਨ। ਜਿਵੇਂ ਦਿਸਦੇ ਸੂਰਜ ਦੇ ਦੁਆਲੇ ਅਸੀਂ ਚੰਦ੍ਰਮੇ ਸਮੇਤ ਬੇਗਿਣਤ ਤਾਰੇ ਵੇਖਦੇ ਹਾਂ ਅਜੇਹੇ ਹੀ ਤਾਰਾ ਮੰਡਲ ਵਾਲੇ ਸੂਰਜਾਂ ਦੀ ਗਿਣਤੀ ਨਹੀਂ ਹੋ ਸਕਦੀ। ਸ਼ਕਤੀ-ਸ਼ਾਲੀ ਦੂਰਬੀਨਾਂ ਅਤੇ ਕੰਪਊਟਰਾਂ ਦੀ ਸਹਾਇਤਾ ਨਾਲ ਦੋ ਕ੍ਰੋੜ ਤੋਂ ਵੱਧ ਸੂਰਜ ਗਿਣੇ ਜਾ ਚੁੱਕੇ ਹਨ ਪਰ ਅਜੇ ਜ਼ਰਾ ਜਿੰਨੀ ਵੀ ਟੋਹ ਨਹੀਂ ਲੱਗ ਸਕੀ ਕਿ ਕਿੰਨੇ ਕੁ ਸੂਰਜ-ਮੰਡਲ ਹੋਰ ਹਨ। ਵਿਗਿਆਨਕਾਂ ਦਾ ਕਥਨ ਹੈ ਕਿ ਇਸ ਸਾਰੇ ਸੰਸਾਰ-ਪਸਾਰੇ ਵਿਚ ਸਾਡੀ ਇਸ ਧਰਤੀ ਦਾ ਵਜੂਦ ਏਡਾ ਕੁ ਹੈ, ਜਿੰਨਾ ਸਾਰੇ ਸਮੁੰਦਰ ਦੀ ਰੇਤ ਵਿਚ ਰੇਤ ਦੇ ਇੱਕ ਕਿਣਕੇ ਦਾ ਹੈ। ਪਰ ਮਣਤੀ ਦੀ ਇਹ ਆਖ਼ਰੀ ਹੱਦ ਮੰਨ ਲੈਣੀ ਵੀ ਕੁਫ਼ਰ ਹੀ ਸਮਝਿਆ ਗਿਆ ਹੈ। **ਸੱਚੇ ਅਤੇ ਸੰਪੂਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਸਾਰੇ ਸੰਸਾਰ ਦੇ ਵਗਿਆਨੀਆਂ ਦੇ ਸਿਰ ਚੜ੍ਹ ਕੇ ਪੁਕਾਰਨ ਲੱਗ ਪਿਆ ਹੈ ਕਿ ਸੰਸਾਰ-ਪਸਾਰਾਅਪਾਰ, ਅਥਾਹ, ਅਗੰਮ ਹੈ।** ਇਸ ਸਾਰੇ ਬੇਅੰਤ ਪਸਾਰੇ ਵਿਚ ਸਾਡੀ ਧਰਤੀ ਦੀ ਵੱਸੋਂ ਵਰਗੀਆਂ ਹੋਰ ਕਿੰਨੀਆਂ ਧਰਤੀਆਂ ਹਨ? ਉਨ੍ਹਾਂ ਉਤੇ ਮਨੁੱਖਾਂ ਤੋਂ ਛੁੱਟ ਹੋਰ ਕਿੰਨੇ ਪ੍ਰਕਾਰ ਦੀਆਂ ਜੂੰਨਾਂ ਦੇ ਪਸ਼ੂ ਪੰਖੀ ਹਨ ? ਇਸ ਬਾਰੇ ਕੋਈ ਟੋਹ ਲਾ ਲੈਣ ਦੀ ਗੱਲ ਕਰਨੀ ਮੂਰਖਾਂ ਵਾਲੀ ਫੜ੍ਹ ਹੋਵੇਗੀ। ਇਹ ਸੰਸਾਰ ਜਿਡਾ ਵਡਾ ਸਮਝਿਆ ਜਾਂਦਾ ਹੈ, ਜਾਂ ਅਗੇ ਲਈ ਵੀ ਇਸ ਨੂੰ ਜਿਡਾ ਵਡਾ ਸਮਝਿਆ ਜਾਵੇਗਾ, ਉਸ ਤੋਂ ਵੀ ਕਿਤੇ ਵੱਡਾ ਬਣਿਆਂ ਰਹੇਗਾ, ਇਸ ਜਗਤ ਖੇਡ ਦਾ ਇਹ ਅਦਭੁਤ ਤਮਾਸ਼ਾ।

ਸੋ ਇਹ ਕਹਿਣਾ ਗੁਰਮਤਿ ਨਹੀਂ ਹੈ ਕਿ, ਇਸ ਧਰਤੀ ਵਰਗੀ ਦੁਨੀਆਂ ਹੋਰ ਕਿਤੇ ਨਹੀਂ ਵੱਸਦੀ। ਅਸੀਂ ਗੱਲ ਕੇਵਲ ਉਸ ਪਰਲੋਕ ਦੀ ਕਰ ਰਹੇ ਹਾਂ ਜਿਸ ਦਾ ਭਰਮ ਬਿਪ੍ਰ ਜੀ ਨੇ ਬਣਾਇਆ ਹੋਇਆ ਹੈ। ਜੇ ਅਜੇਹੇ ਲੋਕ ਪਰਲੋਕ ਸੁਹਿਰਦਤਾ ਵਾਲੀ ਸਿਆਣਪ ਦੀ ਉਪਜ ਹੁੰਦੇ ਤਦ ਇਨ੍ਹਾਂ ਤੋਂ ਇਨਕਾਰ ਕਰਨਾ ਮੁਸ਼ਕਲ ਬਣ ਸਕਦਾ ਸੀ। ਪਰ ਬ੍ਰਾਹਮਣੀ ਗ੍ਰੰਥਾਂ ਵਿਚ ਜਿੰਨੇ ਵੀ ਲੋਕਾਂ ਦਾ ਜ਼ਿਕਰ ਆਇਆ ਹੈ ਉਨ੍ਹਾਂ ਦੇ ਅਧਾਰ ਤੇਂ ਕਿਸੇ ਨ ਕਿਸੇ ਢੰਗ ਨਾਲ ਲੋਕਾਂ ਨੂੰ ਲੁੱਟ ਦਾ ਸ਼ਿਕਾਰ ਬਣਾਇਆ ਗਿਆ ਹੈ। ਆਸਾ ਜੀ ਦੀ ਵਾਰ ਵਿਚ ਅਜੇਹੀ ਭਿਆਨਕ ਲੁਟ ਨੂੰ ਹੀ ਬੰਦ ਕਰਨ ਦਾ ਉਪਰਾਲਾ ਹੈ--

੧੦੫- **ਜੇ ਮੋਹਾਕਾ ਘਰੁ ਮੋਹਿ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**
**ਵਢੀਅਹਿ ਹਥ ਦਲਾਲ ਕੇ ਮੁਸਫ਼ੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ੧ ॥**[੪੭੨]-ਵਾਰ-੧੬

[**ਨੋਟ**:--ਪਿੱਛੇ ਚੌਥੇ ਕਾਂਡ ਦੇ ਸ਼ਰਾਧ ਲੇਖ ਵਿਚ ਅਠਵੇਂ ਨੰਬਰ ਤੇ ਇਸ ਪਾਵਨ ਸਲੋਕ ਦੇ ਅਰਥ ਖਿ ਜਾ ਚੁੱਕੇ ਹਨ]

ਪੁਸਤਕ ਦੇ ਪਹਿਲੇ ਭਾਗ ਵਿਚ ਬਿੱਪ੍ਰੀ ਲੁੱਟ-ਚੋਂਘ ਦਾ ਜ਼ਿਕਰ ਪੂਰੇ ਵਿਸਥਾਰ ਨਾਲ ਲਿਖਿਆ ਜਾ ਚੁੱਕਾ ਹੈ। ਜਿਨ੍ਹਾਂ ਪਾਠਕਾਂ ਨੇ ਪੁਸਤਕ ਦਾ ਪਹਿਲਾ ਭਾਗ ਧਿਆਨ ਨਾਲ ਨਹੀਂ ਵਿਚਾਰਿਆ ਉਨ੍ਹਾਂ ਲਈ ਇਹ ਲੇਖ ਸਮਝਣਾ ਔਖਾ ਹੋ ਸਕਦਾ ਹੈ। ਦੇਵੀ ਦੇਵਤਿਆਂ ਦੀ ਉਪਜ, ਅਵਾਤਾਰਾਂ ਦੀ ਉਪਜ, ਅਤੇ ਉਨ੍ਹਾਂ ਦੀਆਂ ਪੁਰੀਆਂ ਅਤੇ ਲੋਕਾਂ ਦੀ ਉਪਜ ਇਹ ਸਾਰ ਬਿੱਪ੍ਰੀ ਮਾਇਆ-ਜਾਲ ਹੀ ਹੈ। ਮੰਦਰਾਂ ਵਿਚ ਸੋਨਾਂ, ਚਾਂਦੀ, ਹੀਰੇ, ਜਵਾਹਿਰਾਤਾਂ ਦੀ ਜਗਮਗਾਹਟ, ਸੁੰਦਰੀਆਂ ਦੇ ਝੁਰਮਟ, ਕਾਂਮ ਦੇਵਤੇ ਦੀ ਪੂਜਾ, ਇਹ ਸਾਰਾ ਕੁਝ ਬ੍ਰਾਹਮਣੀ ਲੁੱਟ ਨੀਤੀ ਦੀ ਉਪਜ ਭਿਆਨਕ ਮਾਇਆ-ਜਾਲ ਸਿੱਧ ਕੀਤਾ ਜਾ ਚੁੱਕਾ ਹੈ।

ਏਸੇ ਪੁਸਤਕ ਦੇ ਪਹਿਲੇ ਭਾਗ ਵਿਚ ਪਾਠਕਾਂ ਨੇ ਪੜ੍ਹਿਆ ਹੈ ਕਿ ' ਗੋ ਲੋਕ ' ਵਿਚ ਕ੍ਰਿਸ਼ਨ ਨੂੰ ਵਿਰਤਾ ਕੁੜੀ (ਕਥਿਤ ਵਿਰਤਾ ਨਦੀ ਜੋ ਮੁਟਿਆਰ ਸੁੰਦਰੀ ਬਣ ਜਾਇਆ ਕਰਦੀ ਸੀ) ਨਾਲ ਖੇਹ ਖਾਂਦੇ ਨੂੰ ਰਾਧਾ ਨੇ ਸਿਰੋਂ ਆ ਫੜਿਆ ਸੀ। ਪਿੱਤ੍ਰ ਲੋਕ ਵਿਚ ਪੁਚਾਉਣ ਲਈ ਗਊਆਂ ਅਤੇ ਸੋਨਾ ਚਾਂਦੀ ਬ੍ਰਾਹਮਣ ਅੱਜ ਵੀ ਲਈ ਜਾ ਰਿਹਾ ਹੈ। ਉਸੇ ' ਲੋਕ ' ਦੀ ਹੋਂਦ ਦੇ ਭਰਮ ਦਾ ਹੀ ਕਾਰਨ ਹੈ ਕਿ, ਅੱਜ ਕਈ ਸਿੱਖ ਮਰੇ ਪ੍ਰਾਣੀ ਨਿਮਿਤ ਬਸਤਰ, ਬਿਸਤਰੇ, ਭਾਂਡੇ ਆਦਿ ਪ੍ਰੋਹਿਤ ਦੇ ਥਾਂ ਹੁਣ ਗੁਰੂ ਸਾਹਿਬ ਦੇ ਦਰਬਾਰ ਗ੍ਰੰਥੀਆਂ ਨੂੰ ਅਥਵਾ ਕਮੇਟੀ ਨੂੰ ਭੇਟਾ ਕਰਦੇ ਹਨ। ਅਜੇਹਾ ਕੁਝ ਕਰਨ ਲਈ ਲੋਕਾਂ ਨੂੰ ਕੋਣ ਮਜਬੂਰ ਕਰ ਰਿਹਾ ਹੈ ? ਇਸ ਦਾ ਜ਼ਿੰਮੇਵਾਰ, ਕੇਵਲ ਅਤੇ ਕੇਵਲ ਪਿੱਤ੍ਰ ਲੋਕ ਅਥਵਾ ਪਰਲੋਕ ਦੀ ਹੋਂਦ ਦਾ ਵਿਸ਼ਵਾਸ਼ ਹੀ ਤਾਂ ਹੈ। ਇਹ ਸਾਰਾ ਕੁਝ ਗੁਰਮਤਿ ਦੇ ਵਿਰੁੱਧ ਹੋਈ ਜਾਣ ਦੀ ਜ਼ਿਮੇਵਾਰੀ ਉਨ੍ਹਾਂ ਭੱਦਰ ਲੋਕਾਂ ਦੇ ਸਿਰ ਹੈ ਜਿਹੜੇ ਪਰਲੋਕ ਦੀ ਅੱਡਰੀ ਹੋਂਦ ਦਾ ਭਰਮ ਪੱਕਾ ਕਰੀ ਜਾਣ ਲਈ ਪੁਸਤਕਾਂ ਲਿਖ ਰਹੇ ਹਨ। ਜਿਵੇਂ ਗਰੁੜਪੁਰਾਣ ਦੀ ਬਾਣੀ ਨੇ, ਮਿਰਤਕ ਸੰਸਕਾਰਾਂ ਨੂੰ ਹਿੰਦੂ ਧਰਮ ਦਾ ਅੰਗ ਬਣਾ ਦਿੱਤਾ, ਅਤੇ ਫਿਰ ਜਿਵੇਂ ਦੀ ਲੁੱਟ ਬ੍ਰਾਹਮਣ ਨੇ ਮਚਾ ਲਈ, ਉਸ ਦਾ ਜ਼ਿਕਰ ਪਾਠਕਾ ਨੇਂ ਪਿਛਲੇ ਸਫ਼ਿਆਂ ਤੇ ਵਿਸਥਾਰ ਨਾਲ ਪੜ੍ਹ ਲਿਆ ਹੈ। ਉਹੀ ਕੁਝ ਹੁਣ ਗੁਰੂ ਨਾਨਕ ਜੀ ਦੀ ਸਿੱਖੀ-ਧਰਮ ਦਾ ਵੀ ਅੰਗ ਬਣੀ ਜਾ ਰਿਹਾ ਹੈ। ਦਾੜ੍ਹੀਆਂ ਕੇਸਾ ਵਾਲੇ ਬ੍ਰਾਹਮਣ ਤਿਲਕਾਂ ਆਦਿ ਦੇ ਥਾਂ ਆਪਣੀ ਅਸਲੀਅਤ ਨੂੰ ਪੰਜਾਂ ਕਕਾਰਾਂ ਵਿਚ ਲੁਕਾ ਕੇ, ਲੋਕਾਂ ਨੂੰ ਲੁਟੀ ਜਾ ਰਹੇ ਹਨ।

ਜਿਹੜਾ ਮਨੁੱਖ ਬਿੱਪ੍ਰੀ ਕਲਪਣਾ ਦੀ ਉਪਜ, ਪੁਰੀਆਂ, ਲੋਕਾਂ, ਪਰਲੋਕਾਂ ਦੇ ਫੋਕੇ ਹੋਂਦ ਵਾਲੇ ਝੂਠ ਦੀ ਪੂਜਾ ਕਰਨ ਵਿਚ ਬਿੱਪ੍ਰ-ਵਾਦ ਦੇ ਸੰਸਕਾਰ ਹਜ਼ਾਰਾਂ ਸਾਲਾਂ ਤੋਂ ਸਾਂਭੀ ਬੈਠਾ ਸੀ ਉਸ ਨੂੰ ਸਤਿਗੁਰਾਂ ਦਾ ' **ਸੱਚ** ' ਬੜਾ ਓਪਰਾ ਲੱਗ ਰਿਹਾ ਸੀ। ਅਜੇ ਗੁਰਦੇਵ ਜੀ ਬਾਲ ਉਮਰਾ ਵਿਚ ਹੀ ਸਨ ਕਿ ਪਰਚਾਰ ਦੇ ਵਿਸ਼ਾਲ ਸਾਧਨਾ ਦਾ ਮਾਲਕ ਬਣੀ ਬੈਠਾ ਬ੍ਰਾਹਮਣ, ਗੁਰਮਤਿ ਸਿਧਾਂਤ ਦਾ ਸੱਭ ਤੋਂ ਵੱਡਾ ਵੈਰੀ ਬਣ ਖਲੋਤਾ ਸੀ। ਸੱਚ ਨੂੰ ਸਮਝਾਉਣ ਵਿਚ ਬੇਅੰਤ ਔਕੜਾ ਆ ਰਹੀਆਂ ਸਨ। ਜਿਨ੍ਹਾਂ ਪੁਰੀਆਂ ਦਾ, ਜਿਨ੍ਹਾਂ ਲੋਕਾਂ ਆਦਿ ਦਾ ਜ਼ਿਕਰ ਬ੍ਰਾਹਮਣੀ ਗ੍ਰੰਥਾਂ ਵਿਚ ਆ ਚੁੱਕਾ ਹੈ ਉਨ੍ਹਾਂ

ਦਾ ਜ਼ਿਕਰ ਗੁਰਬਾਣੀ ਵਿਚ ਆਉਣਾ, ਇੱਕ ਮਜਬੂਰੀ ਸੀ । ਇਹ ਸਾਰਾ ਜ਼ਿਕਰ ਮਹਾਂ ਪੁਰਖਾਂ ਦੀ ਬੋਲੀ ਹੋਈ ਪ੍ਰਥਾਇ ਸਾਖੀ ਹੀ ਹੈ । ਆਪਣੀ ਗੱਲ ਜੁ ਉਨ੍ਹਾਂ ਨੂੰ ਹੀ ਸਮਝਾਉਣੀ ਸੀ ਜਿਹੜੇ ਲੋਕ " ਪੁਰੀਆਂ ਤੇ ਲੋਕਾਂ " ਵਾਲੀ ਬੋਲੀ ਹੀ ਸਮਝਣ ਗਿੱਝ ਚੁੱਕੇ ਸਨ । ਇਨ੍ਹਾਂ ਔਕੜਾ ਦਾ ਹੀ ਕਾਰਨ ਸੀ ਕਿ, ਸਤਿਗੁਰਾਂ ਨੂੰ ਹਿੰਦੂ-ਸਾਧ ਬਾਣੇ ਵਾਲਾ ਅਤੇ ਮੁਸਲਮਾਨ-ਫ਼ਕੀਰ ਦੇ ਬਾਣੇ ਵਾਲਾ ਭੇਖ ਵੀ ਧਾਰਨਾ ਪਿਆ ਸੀ । ਸਤਿਗੁਰਾਂ ਨੇ ਆਪਣਾ ਸਿਧਾਂਤ ਗੁਰਬਾਣੀ ਵਿਚ ਖੋਹਲ ਕੇ ਲਿਖਿਆ ਹੈ । ਸਤਿਗੁਰੂ ਨਾਨਕ ਦੇਵ ਜੀ ਦੀ ਹੀ ਮਿਹਰ ਦਾ ਸਦਕਾ ਦਾਸ ਦੀ ਸੇਵਾ ਏਹੀ ਲੱਗੀ ਹੈ ਕਿ ਪਰਥਾਏ ਸਾਖੀਆਂ ਅਤੇ ਗੁਰਮਤਿ ਸਿਧਾਂਤ ਨੂੰ ਅੱਡ ਅੱਡ ਕਰਕੇ ਲਿਖਤੀ ਰੂਪ ਦੇਵੇ । ਜੇ ਅੱਜ ਨਹੀਂ ਤਾਂ ਸ਼ਾਇਦ ਕਦੇ ਸਮਾਂ ਆ ਜਾਵੇ ਅਤੇ ਗੂਹੜੀ ਨੀਂਦੇ ਸੁੱਤੇ ਖ਼ਾਲਸੇ ਨੂੰ ਮੁੜ ਜਗਾਉਂਣ ਵਿਚ ਇਹ ਨਿਮਾਣਾ ਯਤਨ ਕੰਮ ਆ ਸਕੇ । [ਇਹ ਸਤਰਾਂ ਬਾਰ ਬਾਰ ਲਿਖ ਕੇ, ਦਾਸ ਪਾਠਕਾਂ ਦਾ ਧਿਆਨ ਉਸ **ਸੱਚ** ਵਲ ਦਿਵਾਉਣ ਦਾ ਯਤਨ ਕਰ ਰਿਹਾ ਜਿਸ **ਸੱਚ** ਨੂੰ ਗੁਰੂ ਦਾ ਸਿੱਖ ਬੜੀ ਤੇਜ਼ੀ ਨਾਲ ਵਿਸਾਰਦਾ ਤੁਰਿਆ ਜਾ ਰਿਹਾ ਹੈ]

ਭਾਈ ਰਣਧੀਰ ਸਿੰਘ ਜੀ ਦੇ ਵਰਤੇ ਹੋਏ ਕੁਝ ਹੋਰ ਗੁਰੂ ਵਾਕ ਉਨ੍ਹਾਂ ਦੀਆਂ ਦਲੀਲਾਂ ਦੇ ਸੰਖੇਪ ਨਮੂੰਨੇ ਸਹਿਤ, ਵਿਚਾਰ ਲਈਏ:---

ਪੁਸਤਕ ਦੇ ੬੬ ਸਫ਼ੇ ਤੇ ਪ੍ਰਭੂ ਦੀ ਦਰਗਾਹ ਅੱਡਰੀ ਦੁਨੀਆਂ ਵਿਚ ਬਣੀ ਹੋਣ ਬਾਰੇ ਸ਼ੰਕਾ ਕਰਨ ਵਾਲਿਆਂ ਨੂੰ " ਝੂਠੇ ਤੇ ਬਕਵਾਸੀ " ਆਦਿ ਬੜੇ ਕਰੜੇ ਅਤੇ ਰੁਖੇ ਸ਼ਬਦਾਂ ਦੀ ਵਰਤੋਂ ਨਾਲ ਝਾੜਾਂ ਪਾ ਲੈਣ ਉਪ੍ਰੰਤ ਭਾਈ ਸਾਹਿਬ ਨੇ ਗੁਰਬਾਣੀ ਦੀ ਇਹ ਤੁਕ ਲਿਖੀ ਹੈ--

**ਸਤਿਗੁਰ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥ ਜਮ ਪੁਰ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰਿ ॥ ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰਿ ॥ ੫ ॥**[ਸਿਰੀ ਰਾਗੁ ਮ: ੩ ਪੰਨਾ ੬੯-੭੦

ਇਸ ਤੋਂ ਅੱਗੇ ਭਾਈ ਸਾਹਿਬ ਇਉਂ ਲਿਖਦੇ ਹਨ--" ਇਸ ਗੁਰਵਾਕ ਅੰਦਰ ਇਹ ਸਚਿਆਈਆਂ ਦਰਸਾਈਆਂ ਗਈਆਂ ਹਨ---

(੧) ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਹੋਇਕੈ ਸਤਿਗੁਰੂ ਦੀ ਸੱਚੀ ਸਿਮਰਨ ਰੂਪੀ ਸੇਵਾ ਭਗਤਿ ਨਹੀਂ ਕੀਤੀ, ਤਿਨ੍ਹਾਂ ਦਾ ਸੰਸਾਰ ਤੇ ਆਉਣਾ ਦੇ ਮਨੁਖਾ ਜੂਨ ਪਾਉਣਾ ਹੀ ਬਿਰਥਾ ਗਿਆ, ਤਿਨ੍ਹਾਂ ਨੇ ਮਨੁਖਾ ਜਨਮ ਬਿਰਥਾ ਗੰਵਾਇਆ ਹੈ ।

(੨) ਤਿਨ੍ਹਾਂ ਨੂੰ ਬਾਰੰ ਬਾਰ ਆਵਾਗਉਣ (ਜੰਮਣ ਮਰਣ, ਮਰਣ ਜੰਮਣ) ਵਿਚ ਪੈਣਾ ਪਊ ।

(੩) ਤਿਨ੍ਹਾਂ ਨੂੰ ਹਰ ਦਰਗਹਿ ਢੋਈ ਨਹੀਂ ਮਿਲਣੀ ।

(੪) ਤਿਨ੍ਹਾਂ ਨੂੰ ਜਮਦਰ ਅੰਦਰ ਖੁਆਰ ਹੋਣਾ ਪਏਗਾ । ਓਨ੍ਹਾਂ ਨੂੰ ਬੰਨ੍ ਕੇ (ਉਨ੍ਹਾਂ ਦੀ ਮੁਸਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ, ਜਿਥੇ ਓਹਨਾਂ ਨੂੰ ਐਸੀ ਮਾਰ ਪਵੇਗੀ ਕਿ, ਜਾਇ ਤੋਬਾ ਦੀ ਕੂਕ ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ।

ਦਾਸ ਨੇ ਪਹਿਲਾਂ ਕਈ ਵਾਰੀ ਲਿਖਿਆ ਹੈ ਕਿ ਜੇ ਗੁਰਬਾਣੀ ਦੇ ਕਿਸੇ ਅੱਧੀ ਤੁਕ ਨਾਲ ਵੀ ਗੁਰਮਤਿ ਦਾ ਸਿੱਧਾਂਤ ਸਪੱਸ਼ਟ ਹੁੰਦਾ ਹੋਵੇ ਤਾਂ ਅਧੀ ਤੁਕ ਦਾ ਹਵਾਲਾ ਦੇਣਾ ਵੀ ਸ਼ਲਾਘਾ-ਯੋਗ ਮੰਨਿਆਂ ਜਾਵੇਗਾ। ਪਰ ਜੇ ਕਿਸੇ ਇੱਕ ਤੁਕ ਦੇ ਅਰਥ ਸਮਝਣ ਵਿਚ ਗੁਰਮਤਿ ਦੇ ਸਿਧਾਂਤ ਦੇ ਕਿਸੇ ਵੀ ਪੱਖ ਦੀ ਖਡਨਾਂ ਦਾ ਸ਼ੱਕ ਪਵੇ ਤਾਂ ਫਿਰ ਪੂਰਾ ਗੁਰੂ ਸ਼ਬਦ ਵਿਚਾਰਨਾ ਜ਼ਰੂਰੀ ਹੈ। ਅਤੇ ਜੇ ਇੱਕ ਸ਼ਬਦ ਤੋਂ ਵੀ ਤਸੱਲੀ ਨਾ ਹੋਵੇ ਤਾਂ ਉਸੇ ਵਿਸ਼ੇ ਦੇ ਹੋਰ ਸ਼ਬਦ ਵਿਚਾਰ ਕੇ ਠੀਕ ਸੇਧ ਲੈਣੀ ਚਾਹੀਦੀ ਹੈ । ਭਾਈ ਸਾਹਿਬ ਨੇ ਗੁਰੂ ਸ਼ਬਦ ਵਿਚੋਂ ਉਹ ਤੁਕ ਚੁਣੀ ਹੈ ਜਿਸ ਤੋਂ ਉਨ੍ਹਾਂ ਨੇ ਆਪਣੀ ਮੱਤ ਨੂੰ ਗੁਰਮਤਿ ਸਿੱਧ ਕਰਨਾ ਸੀ। ਬ੍ਰਾਹਮਣੀ ਵਿਸ਼ਵਾਸ਼ ਵਾਲੇ ਮਨੁੱਖਾਂ ਨੂੰ ਸਚਾਈ ਦੇ ਮਾਰਗ ਤੇ ਚਲਾਉਣ ਦੇ ਯਤਨ ਵਿਚ ਸਤਿਗੁਰਾਂ ਨੇ ਬ੍ਰਾਹਮਣੀ ਸ਼ਬਦ ਵਰਤੇ ਹਨ। ਪਰ ਗੁਰੂ ਸ਼ਬਦ ਦਾ ਆਸ਼ਾ ਇਨ੍ਹਾਂ ਅਰਥਾਂ ਵਾਲਾ ਨਹੀਂ ਜੋ ਭਾਈ ਸਾਹਿਬ ਨੇ ਕਰਮ ਵਾਰ ਲਿਖੇ ਹਨ । ਪੂਰਾ ਗੁਰੂ ਸ਼ਬਦ ਵਿਚਾਰਨਾ ਜ਼ਰੂਰੀ ਸੀ। ਰਹਾਉ ਦੀ ਤੁਕ ਆਮ ਤੌਰ ਤੇ ਸ਼ਬਦ ਦਾ ਅੰਤ੍ਰੀਵ ਭਾਵ ਹੁੰਦੀ ਹੈ । ਜੋ ਇਸ ਪਰਕਾਰ ਹੈ---

੧੦੨- **ਮਨ ਰੇ, ਸਤਿਗੁਰੁ ਸੇਵਿ ਨਿਸੰਗੁ ॥ ਸਤਿਗੁਰੁ ਸੇਵਿਐ ਹਰਿ ਮਨ ਵਸੈ ਲਗੈ ਨ ਮੈਲੁ ਪਤੰਗੁ ॥ ੧ ॥ ਰਹਾਉ ॥**

**ਅਰਥ:**--ਹੇ ਮੇਰੇ ਮਨ ! ਝਾਕਾ ਲਹ ਕੇ (-ਨਿਸੰਗ) ਗੁਰੂ ਦੀ ਸਰਨ ਪਉ । ਗੁਰੂ ਦੀ ਸਰਨ ਪਿਆਂ ਪਰਮਾਤਮਾ ਮਨ ਵਿਚ ਆ ਵੱਸਦਾ ਹੈ, ਤੇ (ਮਨ ਨੂੰ ਵਿਕਾਰਾਂ ਦੀ) ਰਤਾ ਵੀ ਮੈਲ ਨਹੀਂ ਲੱਗਦੀ । ੧ । ਰਹਾਉ ॥ [ਨੋਟ:--ਜੇ ਅੱਖਰੀ ਅਰਥ ਹੀ ਲੈਣੇ ਹੋਣ ਤਾਂ ਸਤਿਗੁਰਾਂ ਦਾ ਇਹ ਉਪਦੇਸ਼, ਦੂਜਿਆਂ ਲਈ ਨਹੀਂ ਸਗੋਂ ਉਨ੍ਹਾਂ ਨੇ ਆਪਣੇ ਹੀ ਮੰਨ ਨੂੰ ਦਿੱਤਾ ਮੰਨਿਆਂ ਜਾਵੇਗਾ । ]

ਰਹਾਉ ਦੀ ਤੁਕ ਸਮਝਾਉਂਦੀ ਹੈ ਕਿ, ਇਸ ਗੁਰੂ ਸ਼ਬਦ ਦਾ ਭਾਵ, ਮਨੁੱਖ ਨੂੰ ਸਚਿਆਰ ਬਣਾਉਣ ਦਾ ਹੈ। ਗਰੁੜ ਪੁਰਣ ਵਿਚਲੇ ਜਮ ਦਰ ਦਾ ਡਰ ਪਾਉਣਾ ਗੁਰੂ ਸ਼ਬਦ ਦਾ ਭਾਵ ਨਹੀਂ ਹੈ। ਬਾਕੀ ਦਾ ਪੂਰਾ ਗੁਰੂ ਸ਼ਬਦ ਇਸ ਪ੍ਰਕਾਰ ਹੈ:--

**ਸਤਿਗੁਰਿ ਸੇਵਿਐ ਮਨੁ ਨਿਰਮਲਾ, ਭਏ ਪਵਿਤੁ ਸਰੀਰ ॥ ਮਨਿ ਆਨੰਦੁ, ਸਦਾ ਸੁਖੁ ਪਾਇਆ, ਭੇਟਿਆ ਗਹਿਰ ਗੰਭੀਰੁ ॥ ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥ ੧ ॥**

ਭਾਵ, ਸਤਿਗੁਰਾਂ ਦੇ ਹੁਕਮ ਵਿਚ ਟਿਕੇ ਰਹਿਆਂ ਮਨ ਪਵਿੱਤਰ ਹੋ ਕੇ ਗਿਆਨ ਇੰਦ੍ਰੇ (-ਸਰੀਰ) ਵਿਕਾਰਾਂ ਵਲੋਂ ਹਟ ਜਾਂਦੇ ਹਨ । ਗਹਿਰ ਗੰਭੀਰ ਪ੍ਰਭੂ ਦਾ ਆਤਮਕ ਮਿਲਾਪ ਹੋ ਜਾਂਦਾ ਹੈ ਜਿਸ ਤੋਂ ਮਨ ਵਿਚ ਸਦੀਵੀ ਆਨੰਦ, ਅਤੇ ਆਤਮਕ ਸੁਖ ਪ੍ਰਾਪਤ ਹੋ ਜਾਂਦਾ ਅਤੇ ਮਨ ਵਿਚ ਟਿਕਾਉ ਆ ਜਾਂਦਾ ਹੈ ।

**ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥ ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥ ੨ ॥**

ਭਾਵ, ਮੈ ਉਨ੍ਹਾਂ ਤੋ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਆਪਣੇ ਅੰਦਰੋਂ ਹਉਮੈ ਮਾਰ ਲਈ ਅਤੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਸੰਸਾਰ ਵਿਚ ਅਤੇ ਪ੍ਰਭੂ ਦੀ ਹਜ਼ੂਰੀ ਵਿਚ ਇੱਜ਼ਤ ਬਣਾ ਲਈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਗੁਰੂ ਅਤੇ ਪ੍ਰਭੂ ਦੋਵੇ ਥਾਂ ਗੁਆ ਕੇ ਨਿਥਾਵਿਆਂ ਵਾਂਗ ਭਟਕਦੇ ਫਿਰਦੇ ਸਦਾ ਅਸ਼ਾਂਤ ਚਿਤ ਰਹਿੰਦੇ ਹਨ । ੨ ।

**ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥ ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥ ੩ ॥**

[ਜਿਵੇ ਭਾਈ ਸਾਹਿਬ ਨੇ ਪੰਜਵੀ ਤੁਕ ਦੇ ਅੱਖਰੀ ਅਰਥ ਕਰਕੇ ਗਰੁੜ ਪੁਰਾਣ ਵਾਲੀ ਸਿਖਿਆ ਦਿੱਤੀ ਹੈ, ਇਸ ਤੁਕ ਦੇ ਅੱਖਰੀ ਅਰਥ ਕੀ ਬਣਨਗੇ ? ' ਸਚੁ " ਨਾ ਖਾਣ ਵਾਲੀ ਵਸਤੂ ਹੈ ਨਾ ਪਹਿਨਣ ਵਾਲੀ ਹੈ, ਅਤੇ ਨਾ ਹੀ " ਸਚੁ " ਨਾਮ ਦਾ ਕੋਈ ਘਰ ਹੀ ਹੈ ਜਿਸ ਵਿਚ ਵਸੇਬਾ ਕੀਤਾ ਜਾ ਸਕੇ । ਸੋ ਕਵਿਤਾ ਵਿਚ ਲਿਖੀ ਕਿਸੇ ਵੀ ਬਾਣੀ ਦੇ ਸਦਾ ਅੱਖਰੀ ਅਰਥ ਕਰੀ ਜਾਣੇ ਭੁੱਲ ਹੈ । ਪੂਰੇ ਗ੍ਰੰਥ ਦੇ ਆਸ਼ੇ ਨੂੰ ਸਦਾ ਧਿਆਨ ਵਿਚ ਰਖਣਾ ਚਾਹੀਦਾ ਹੈ ] ਤੁਕ ਦਾ ਭਾਵ, ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦੇ ਨਾਮ ਨੂੰ

ਆਤਮਕ ਖ਼ੁਰਾਕ ਅਤੇ ਆਦਰ ਸਤਿਕਾਰ ਪਾਉਣ ਵਾਲੀ ਪੁਸ਼ਾਕ ਵੀ ਨਾਮ ਨੂੰ ਹੀ ਬਣਾ ਲਿਆ ਹੈ, ਜਿਨ੍ਹਾਂ ਦੀ ਸੁਰਤਿ ਸਦਾ ਪ੍ਰਭੂ ਵਿਚ ਜੁੜੀ ਰਹਿੰਦੀ ਹੈ, ਸਤਿਗੁਰਾਂ ਦੀ ਮਤਿ ਤੇ ਤੁਰਨ ਵਾਲੇ ਉਨ੍ਹਾਂ ਮਨੁੱਖਾ ਦੀ ਸੁਰਤਿ ਅੰਤਰ ਆਤਮੇ ਟਿਕ ਜਾਂਦੀ ਹੈ ਅਤੇ ਉਹ ਹਰ ਥਾਂ ਵੱਸਦੇ ਪ੍ਰਭੂ ਨੂੰ ਪਛਾਣ ਲੈਂਦੇ ਹਨ । ੩ ।

**ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥ ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥ ੪ ॥**

ਜਿਹੜਾ ਮਨੁੱਖ ਹਰ ਥਾਂ ਪ੍ਰਭੂ ਨੂੰ ਹੀ ਵੇਖਦਾ ਹੈ, ਸਦਾ ਥਿਰ ਪ੍ਰਭੂ ਹੀ ਜਿਸ ਨੂੰ ਬੋਲਦਾ ਦਿਸ ਰਿਹਾ ਹੈ, ਉਸ ਦੇ ਗਿਆਨ ਇੰਦਰੇ (ਮਾਇਆ ਦੇ ਹਲਿਆਂ ਵਲੋਂ) ਅਤੇ ਉਸ ਦਾ ਮਨ (ਵਿਕਾਰਾਂ ਦੇ ਹਲਿਆਂ ਵਲੋਂ) ਅਡੋਲ ਹੋ ਜਾਂਦਾ ਹੈ । ਉਸ ਲਈ ਉਪਦੇਸ਼ ਅਤੇ ਸਿਖਿਆ ਪ੍ਰਭੂ ਦਾ ਸਿਮਰਨ ਹੀ ਹੈ । ਪ੍ਰਭੂ ਦਾ ਰੂਪ ਹੋ ਚੁੱਕੇ ਉਸ (ਵਡਭਾਗੇ ਮਨੁੱਖ) ਸੀ ਸੋਭਾ ਅਟੱਲ ਹੋ ਜਾਂਦੀ ਹੈ । ਪਰ ਜਿਨ੍ਹਾਂ ਨੇ ਸੱਚ (-ਸਦਾ ਥਿਰ ਪ੍ਰਭੂ) ਨੂੰ ਭੁਲਾਈ ਰਖਿਆ, ਉਹ (ਜਿੰਦਗੀ ਵਿਚ ਵੀ) ਦੁਖੀ ਰਹੇ, ਅਤੇ ਏਥੋਂ ਤੁਰੇ ਵੀ ਦੁਖੀ ਹੋ ਹੋ ਕੇ । ੪ ।

**ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥ ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥ ੫ ॥**

ਜਿਨ੍ਹਾਂ ਨੇ ਸਤਿਗੁਰ ਦੀ (ਦੱਸੀ) ਸੇਵਾ ਭਗਤੀ ਨਾ ਕੀਤੀ, ਉਨ੍ਹਾਂ ਦਾ ਸੰਸਾਰ ਵਿਚ ਆਉਂਣਾ ਵਿਅਰਥ ਗਿਆ । (ਜ਼ਿੰਦਗੀ ਵਿਚ ਉਹ ਆਤਮਕ ਤੌਰ ਤੇ ਏਨੇ ਦੁਖੀ ਰਹੇ, ਮਾਨੋ) ਜਮ ਦੇ ਬੂਹੇ ਤੇ ਬੱਝੇ ਮਾਰ ਖਾ ਰਹੇ ਹੋਣ, (ਉਸ ਆਤਮਕ ਦੁਖ ਵਿਚ) ਉਨ੍ਹਾਂ ਦੀ ਕੂਕ ਪੁਕਾਰ ਕੌਣ ਸੁਣੇ ? ਅਜੇਹੇ ਮਨੁਖ (ਦੁਰਲੱਭ ਮਨੁਖਾ) ਜਨਮ ਵਿਅਰਥ ਗੁਆ ਕੇ ਫਿਰ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ । ੫ । [ਜਮ ਦੀ ਮਾਰ ਦਾ ਜਿਹੜਾ ਡਰ ਲੋਕਾਂ ਨੇ ਕਬੂਲਿਆ ਹੋਇਆ ਸੀ ਸਤਿਗੁਰਾਂ ਨੇ ਆਤਮਕ ਦੁੱਖ ਦੀ ਤੁਲਣਾ ਜਮਾਂ ਦੀ ਮਾਰ ਨਾਲ ਕੀਤੀ ਹੈ । ਜਿਸ ਆਤਮਾਂ ਦਾ ਸਰੀਰ ਦਰੀਰ ਕੋਈ ਨਹੀਂ ਹੈ ਜਿਹੜੀ ਆਤਮਾ ਅੱਖੀਆਂ ਨੂੰ ਨਜ਼ਰ ਹੀ ਨਹੀਂ ਆਉਂਦੀ, ਉਸ ਨੂੰ ਮਾਰ ਪੈਣ ਦੀ ਗੱਲ ਬ੍ਰਾਹਮਣ ਵਾਦ ਹੈ । ਜੀਵ ਆਤਮਾਂ ਨੂੰ ਸਜ਼ਾ ਦੇ ਰੂਪ ਵਿਚ ਪਸ਼ੂ ਦਾ ਦੁਖਦਾਈ ਸਰੀਰ ਮਿਲਦਾ ਹੈ । ਗੁਰੂ ਬਾਣੀ ਦਾ ਫ਼ੁਰਮਾਨ ਹੈ:--

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥ ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥ ੧ ॥ ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥ ਫਾਟੇ ਨਾਕਨ ਟੂਟੇ ਕਾਧਨ ਕੋਦਊ ਕੋ ਭੁਸ ਖਈਹੈ ॥ ੧ ॥ ਰਹਾਉ ॥ ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ ॥ ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥ ੨ ॥ ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ ॥ ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥ ੩ ॥ ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ ॥ ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ ॥ ੪ ॥** [੫੨੪]-੧

ਜਿਸ ਨੇ ਨੇਕ ਬੰਦਿਆਂ ਦਾ ਕਿਹਾ ਕਦੇ ਨਾ ਮੰਨਿਆਂ, ਅਤੇ ਤੇਲੀ ਦੇ ਬੌਲਦ ਅਤੇ ਮਦਾਰੀ ਦੇ ਹਥੇ ਚੜ੍ਹੇ ਬਾਂਦਰ ਵਾਂਗ, ਭਟਕਦਿਆਂ ਰਹਿ ਕੇ ਵਿਕਾਰਾਂ ਤੋਂ ਖ਼ਲਾਸੀ ਨਾ ਪਾਈ ਅਤੇ ਮਨੁਖਾ ਜਨਮ ਦੀ ਜ਼ਿੰਦਗੀ ਰੂਪੀ ਰਾਤ ਐਂਵੇ ਹੀ ਬਤੀਤ ਕਰ ਲਈ । ਆਖ਼ਰ ਸਿਰ ਮਾਰ ਮਾਰ ਕੇ ਪਛਤਾਇਆਂ ਕੁਝ ਨਹੀਂ ਬਣਦਾ । ਅਜੇਹੇ ਆਪ ਹੁਦਰੇ ਸਾਕਤ ਦੇ ਅੰਦਰਲ ਤਖ਼ਤ ਤੇ ਬੈਠੇ ਰਾਜੇ ਵਲੋਂ ਉਸ ਦੇ ਕਰਮਾਂ ਅਤੇ ਵਿਚਾਰਾਂ ਅਨੁਸਾਰ ਪਹਿਲਾਂ ਹੀ ਨਿਆਂ ਹੋ ਚੁਕਾ ਹੁੰਦਾ ਹੈ--**ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥** ਖਰੇ ਮਨੁਖ ਦੀ ਪਰਖ ਕਰਕੇ ਉਸ ਦੀ ਆਤਮਾਂ ਨੂੰ ਆਪਣੇ ਵਿਚ ਲੀਨ ਕਰ ਲਿਆ ਹੁੰਦਾ ਹੈ ਅਤੇ ਖੋਟਿਆਂ ਲਈ, ਸਚ ਨਿਆਂ ਕਰਨ ਵਾਲੇ ਰਾਜੇ ਦੇ ਦਰਬਾਰ ਵਿਚ ਕੋਈ ਥਾਂ ਨਹੀਂ ਹੁੰਦੀ--**ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥** [੧-੯੨] ਖੋਟੇ ਮਨੁੱਖ ਨੂੰ ਬਾਹਰ ਦੇ (ਜਨਮ-ਮਰਨ) ਚੱਕਰ ਵਲ ਵਗਾਹ ਮਾਰਿਆ ਹੁੰਦਾ ਹੈ । ਅਜੇਹੇ ਮਨੁੱਖ ਲਈ ਜਮਾ ਦੀ ਮਾਰ ਇਹ ਹੈ ਕਿ ਪਸ਼ੂ ਬਣੇ ਹੋਏ ਨੂੰ ਉਠਦੇ ਬੈਠਦੇ ਨੂੰ ਸੋਟਿਆਂ ਡਾਂਗਾਂ ਦੀ ਮਾਰ ਪੈ ਰਹੀ ਹੈ, ਭਾਰ ਖਿਚ ਖਿਚ ਕੇ ਕੰਨ੍ਹ ਟੁੱਟ ਕੇ ਸੁੱਜ ਚੁੱਕਾ ਸਖ਼ਤ ਦਰਦ ਕਰ ਰਿਹਾ, ਪਰ ਉਸੇ ਹਾਲਤ ਵਿਚ ਜੂਲੇ ਵਿਚ ਧੌਣ ਦੇ ਕੇ ਡਾਂਗਾਂ ਦੀ ਛਾਵੇਂ ਖਿਚਾਈ ਕਰਨੀ ਪੈ ਰਹੀ ਹੈ । ਜਿੱਥੇ ਨੱਥ ਪਈ ਹੋਈ ਸੀ ਉਹ ਨੱਕ ਪਾਟ ਗਿਆ ਹੈ । ਜ਼ਖਮ ਵਿਚੋਂ ਲਹੂ ਵਗ ਰਿਹਾ ਹੈ । ਖਾਣ ਨੂੰ ਕੋਧਰੇ ਦਾ ਭੁਸਾ ਮਿਲਦਾ ਹੈ । ਸਾਰਾ ਦਿਨ ਹਲੀਂ ਸੁਹਾਗੇ, ਗੱਡੇ, ਕੋਹਲੂ ਵਗਦਾ ਹੈ ਫਿਰ ਚੁਗਨ ਲਈ ਬਨ ਵਿਚ ਛੱਡ ਦਿੱਤਾ ਜਾਂਦਾ ਹੈ, ਜਿਥੇ ਮੱਖੀਆਂ ਅਤੇ ਕਾਂ ਤੰਗ ਕਰ ਰਹੇ ਹੁੰਦੇ ਹਨ । ਸਾਰਾ ਦਿਨ ਭਟਕਦਾ ਰਿਹਾ ਪਰ ਢਿੱਡ ਨਾ ਭਰ ਸਕਿਆ । ਅਜੇਹੀਆਂ ਕਈ ਜੂਨਾਂ ਵਿਚ ਭਰਮਦਾ ਦੁਖ ਪਾਉਂਦਾ ਹੈ । ਗੁਰਮਤਿ ਅਨੁਸਾਰ, ਏਹੀ ਹੈ ਜਮ ਮਾਰਗ, ਅਤੇ ਏਹੀ ਹੈ ਜਮਾ ਦੀ ਮਾਰ ।

**ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥ ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥ ਸਤਿਗੁਰ ਸਚਾ ਹੈ ਬੋਹਿਥਾ, ਸਬਦੇ ਭਵਜਲੁ ਤਰਣਾ ॥ ੬ ॥**

ਜਿਹੜੇ ਮਨੁੱਖ ਇਸ ਜਗਤ ਨੂੰ (ਵਿਕਾਰਾਂ ਦੀ ਤਪਸ਼ ਵਿਚ) ਸੜਦਾ ਵੇਖ ਕੇ ਛੇਤੀ ਨਾਲ ਗੁਰੂ ਦੀ ਸ਼ਰਨ ਜਾ ਪਏ, ਗੁਰੂ ਨੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾ ਦਿੱਤਾ, ਉਨ੍ਹਾਂ ਦੀ ਜੀਵਨ ਜੁਗਤ ਸੁਆਰ ਦਿੱਤੀ । ਗੁਰੂ ਸਦਾ ਕਾਇਮ ਰਹਿਣ ਵਾਲਾ ਜਹਾਜ਼ ਹੈ ਜਿਸ ਦੀ ਸਿਖਿਆ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਲੈਂਦੀ ਹੈ ।੬।

**ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥ ਪੜਿ ਪੜਿ ਪੰਡਿਤ ਮੋਨੀ ਥਕੇ ਦੂਜੇ ਭਾਇ ਪਤਿ ਖੋਈ ॥ ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥ ੭ ॥**

ਜੂਨਾਂ ਦੀ ਗਿਣਤੀ ਚੌਰਾਸੀ ਲੱਖ ਹੋਣ ਦਾ ਭਰਮ ਬ੍ਰਾਹਮਣੀ ਗ੍ਰੰਥਾਂ ਤੋਂ ਹੀ ਪਿਆ ਹੈ । ਸਾਂਝੀ ਸਗਲ ਜਹਾਨੇ ਪਰਥਾਇ ਸਾਖੀ ਬੋਲਣ ਵਾਲੇ ਸਤਿਗੁਰਾਂ ਦਾ ਫ਼ੁਰਮਾਨ ਹੈ ਕਿ (ਜਿਹੜੇ ਗੁਰੂ ਦੀ ਸਰਨ ਤੋਂ ਵਾਂਜੇ ਰਹੇ ਉਹ) ਚਉਰਾਸੀ ਲੱਖ (ਭਾਵ, ਬੇਅੰਤ) ਜੂਨਾਂ ਦੇ ਗੇੜ ਵਿਚ ਭਟਕਦੇ ਹਨ, ਗੁਰੂ ਤੋਂ ਬਿਨਾ (ਇਸ ਗੇੜ ਵਿਚੋਂ) ਖ਼ਲਾਸੀ ਨਹੀਂ ਮਿਲਦੀ । (ਭਰਮਾ ਦੇ ਜਨਮ ਦਾਤਾ) ਪੰਡਿਤ ਲੋਕ (ਵੇਦ ਸ਼ਾਸਤ੍ਰ ਆਦਿਕ ਧਰਮ-ਪੁਸਤਕਾਂ ਨੂੰ) ਪੜ੍ਹ ਪੜ੍ਹ ਕੇ ਥੱਕ ਗਏ, ਮੋਨ-ਧਾਰੀ ਸਾਧੂ ਸਮਾਧੀਆਂ ਲਾ ਲਾ ਕੇ ਥੱਕ ਗਏ (ਗੁਰੂ ਦੀ ਸਰਨ ਤੋਂ ਬਿਨਾ ਚੌਰਾਸੀ ਦੇ ਗੇੜ ਤੋਂ ਖ਼ਲਾਸੀ ਤਾਂ ਪ੍ਰਾਪਤ ਕੀ ਕਰਨੀ ਸੀ, ਉਨ੍ਹਾਂ ਨੇ ਸਗੋਂ) ਪ੍ਰਭੂ ਤੋਂ ਬਿਨਾ ਹੋਰ ਪਿਆਰ ਵਿਚ ਪੈ ਕੇ ਆਪਣੀ ਇੱਜ਼ਤ ਗੁਆ ਲਈ । ਗੁਰੂ ਦੇ ਸ਼ਬਦ-ਗਿਆਨ ਤੋਂ ਹੀ ਨਿਸਚਾ ਬੱਝਦਾ ਹੈ ਕਿ ਜੀਵਾਂ ਦਾ ਰਾਖਾ ਪ੍ਰਭੂ ਤੋਂ ਬਿਨਾ ਹੋਰ ਕੋਈ ਨਹੀਂ ਹੈ । ੭ । ॥

**ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥ ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥ ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥ ੮ ॥**[੬੯]-੧੭-੮-੨੫

ਜਿਨ੍ਹਾਂ ਜੀਵਾਂ ਨੂੰ ਸਦਾ ਥਿਰ ਪ੍ਰਭੂ ਨੇ ਆਪਣੀ ਯਾਦ ਵਿਚ ਜੋੜਿਆ, ਉਹੀ ਸਦਾ-ਥਿਰ ਪਰਮਾਤਮਾ ਦੇ ਨਾਮ ਵਿਚ ਲੱਗ ਕੇ ਇਹ, ਸਦਾ ਨਾਲ ਨਿਭਨ ਵਾਲੀ ਕਾਰ ਕਰਦੇ ਹਨ । ਉਨ੍ਹਾਂ ਬੰਦਿਆਂ ਨੇ (ਮਾਇਆ ਦੀ ਭਟਕਣਾ ਤੋਂ ਬਚ ਕੇ) ਅੰਤਰਿ-ਆਤਮੇ ਟਿਕਾਣਾ ਪ੍ਰਾਪਤ ਕਰ ਲਿਆ ਹੈ, ਉਹ ਬੰਦੇ (ਅੰਦਰੇ ਵੱਸਦੇ) ਪ੍ਰਭੂ ਦੀ ਹਜ਼ੂਰੀ ਵਿਚ ਹੀ ਸਦਾ ਰਹਿੰਦੇ ਹਨ ।

ਇਹ ਹੈ ਪੂਰੇ ਗੁਰੂ-ਸ਼ਬਦ ਦੀ ਵਿਚਾਰ । ਜਿਸ ਤੋਂ ਜਮਾਂ ਆਦਿ ਦੀ ਮਾਰ, ਅਤੇ ਅਗਲੀ ਦਰਗਾਹ ਵਿਚ ਮਿਲਦੀ ਢੋਈ ਦੀ ਅਸਲੀਅਤ ਦਾ ਪਤਾ ਲੱਗਦਾ ਹੈ । ਭਾਈ ਸਾਹਿਬ ਨੇ ਪਤਾ ਨਹੀਂ ਕਿਸ ਆਸ਼ੇ ਨਾਲ ਅਜੇਹਾ ਕੋਝਾ ਯਤਨ ਕੀਤਾ ਹੈ । ਇਸੇ ਤਰ੍ਹਾਂ ਕਈ ਸ਼ਬਦਾਂ ਦਆਰਾ ਅਗਲੀ

ਦੁਨੀਆਂ ਅਥਵਾ ਪਿਤਰ ਲੋਕ ਦਾ ਭਰਮ ਪਾਉਣ ਲਈ ਅੱਡ ਅੱਡ ਲਫਜ਼ਾਂ ਵਾਲੀਆਂ ਗੁਰ-ਬਾਣੀ ਤੁਕਾਂ ਦੀ ਵਰਤੋਂ ਦਾ ਵੇਰਵਾ ਨਮੂਨੇ ਮਾਤ੍ਰ ਇਸ ਪ੍ਰਕਾਰ ਹੈ:--

(ੳ) **ਅਗੈ ਗਇਆ ਜਾਣੀਐਹਿ ਵਿਣੁ ਨਾਵੈ ਵੇਕਾਰ ॥ ੩ ॥** ੪-੬ [ਸਿਰੀਰਾਗ ਮ: ੧, ਪੰਨਾ ੧੬ (ਅਣਡਿਠੀ ਦੁਨੀਆਂ ਸਫ਼ਾ--੫੬)

ਅਗੈ ਗਇਆ ਦਾ ਅਰਥ ਗੁਰਮਤਿ ਅਨੁਸਾਰ ਕੋਈ ਅਗਲੀ ਦੁਨੀਆਂ ਨਹੀਂ ਹੈ, ਮੌਤ ਅਥਵਾ ਮਰਨ ਉਪ੍ਰੰਤ ਦੀ ਹਾਲਤ ਵਲ ਇਸ਼ਾਰਾ ਹੈ ।

(ਅ) **ਜਿਨੀ ਸਤਿਗੁਰ ਸੇਵਿਆ ਤਿਨ ਅਗੈ ਮਿਲਿਆ ਥਾਉ ॥ ੧ ॥** [੪੩] (੬੪)

(ੲ) **ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥ ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥**

**ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥ ੫ ॥** ੮॥ ੨੨ ॥ ੨੩ ॥) [ਮਝ ਮ: ੩। ਪੰਨਾ ੧੨੩ (੭੩}

ਹਲਤੁ--ਇਹ ਲੋਕ । ਪਲਤ--ਅਗਲੀ ਦੁਨੀਆ ਭਾਵ ਮਰਨ ਤੋਂ ਮਗਰੋ ਮਿਲਣ ਵਾਲੀ ਥਾਂ । ਇਕ ਥਾਂ ਪ੍ਰਭੂ-ਸ਼ਕਤੀ ਵਿਚ ਲੀਨਤਾ, ਉਸ ਵਿਚ ਸਮਾ ਜਾਣ ਦੀ ਥਾਂ, **ਗੁਣ ਕਹਿ ਗੁਣੀ ਸਮਾਵਣਿਆ ॥** "[੧੨੨] ਵਾਲੀ ਥਾਂ ਅਤੇ ਦੂਜੀ ਜਨਮ ਮਰਨ ਦੇ ਗੇੜ ਵਿਚ ਪੈ ਜਾਣ ਵਾਲੀ ਥਾਂ, ਬੇਅੰਤ ਜੂਨਾਂ ਵਿਚ ਪਏ ਰਹਿਣ ਵਾਲੀ ਹਾਲ ਦੀ ਥਾਂ । ਤੀਸਰੀ ਕਿਸੇ ਥਾਂ ਬਾਰੇ ਸਾਰੇ ਵਿਚਾਰ ਭਰਮ ਹਨ । ਏਹੋ ਹੀ ਹੈ " **ਈਹਾ ਖਾਟ ਚਲਹੁ ਹਰਿ ਲਾਹਾ ਅਗੈ ਬਸਨ ਸੁਹੇਲਾ ॥** (ਸੋਹਿਲਾ) ਅਗੇ ਪਰਮ-ਠੰਢ ਵਿਚ ਸਮਾ ਜਾਣ ਵਾਲੀ ਠੰਢ ਦੇ ਸੁਖ ਵਾਲੀ ਥਾਂ ।

(ਸ) **ਨਿਰੰਕਾਰ ਕੇ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥ ੩ ॥** (੪ ॥ ੨ ॥) [ਸੋਰਠਿ ਮ: ੧ ਘਰੁ ੧, ਪੰਨਾ ੫੯੫ (੮੮)

ਇਸ ਗੁਰੂ ਵਾਕ ਤੋਂ ਵੀ ਅਗਲੀ ਦਰਗਾ ਵਾਲਾ ਭਰੋਸਾ ਦੇਣਾ ਠੀਕ ਨਹੀਂ । ਨਿਰੰਕਾਰ ਦੇ ਦੇਸ ਵਿਚ ਜੀਉਂਦਿਆਂ ਹੀ ਪੁਜਣਾ ਹੈ । ਮਰ ਕੇ ਉਸੇ ਵਿਚ ਜਾ ਟਿਕਣਾ ਹੈ । ਪ੍ਰਭੂ ਨੂੰ ਲੱਭਣਾ ਅੰਦਰੋਂ ਹੀ ਹੈ । ਉਸ ਵਿਚ ਸਦਾ ਲਈ ਸਮਾ ਜਾਣ ਵਾਲੀ ਹਾਲਤ ਮਰਨ ਉਪਰੰਤ ਆਪਣੇ ਆਪ ਹੀ ਪ੍ਰਾਪਤ ਹੋ ਜਾਣੀ ਹੈ ।

(ਹ) **ਕ੍ਰਿਪਾਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥ ੧ ॥** (੨॥੧੯॥੫੦॥[ਧਨਾਸਰੀ ਮ: ੫, ਪੰਨਾ ੬੮੨ (੯੪)

ਇਸ ਗੁਰੂ ਵਾਕ ਦੀ ਵਰਤੋਂ ਤੋ ਵੀ ਕਿਸੇ ਅੱਡਰੇ (ਬ੍ਰਾਹਮਣੀ ਸੋਚ ਵਾਲੇ) " ਲੋਕ " ਦਾ ਭਰਮ ਪੱਕਾ ਕਰਨਾ ਬ੍ਰਾਹਮਣ-ਵਾਦ ਹੈ । ਪ੍ਰਭੂ ਵਿਚ ਲੀਨਤਾ ਵਾਲੀ ਹਾਲਤ ਆਤਮਾ ਦਾ ਨਿਜ ਘਰ ਅਥਵਾ ਅਸਲੀ ਲੋਕ ਹੈ । ਇਹ ਸੰਸਾਰ ਸਾਡਾ ਪਰਾਹੁਣਾ ਘਰ ਹੈ, ਇਸ ਲੋਕ ਦੇ ਅਸੀਂ ਮਹਿਮਾਨ ਹਾਂ, ਸਦੀਵੀ ਵਾਸੇ ਵਾਲਾ ਅਸਲੀ ਲੋਕ, ਪ੍ਰਭੂ ਵਿਚ ਲੀਨਤਾ ਹੈ । **ਏਹੀ ਹੈ ਹਲਤ ਨਾ ਸੋਭਾ ਪਲਤਿ ਨ ਢੋਈ ॥** ਜੇ ਮਨੁੱਖਾ ਦੇਹ ਵਿਚੋਂ ਪ੍ਰਭੂ ਪ੍ਰਾਪਤੀ ਨਾ ਹੋਈ, ਤਾਂ ਮਰਨ ਉਪਰੰਤ ਭਾਗਾਂ ਵਿਚ ਚੌਰਾਸੀ ਦਾ ਚੱਕਰ ਹੀ ਹੈ । ਫਿਰ ਪ੍ਰਭੂ ਦੇ ਗੁਣ ਗਾਉਣ ਦਾ ਸਮਾ ਨਹੀਂ ਮਿਲਣਾ ਕਿਉਂਕਿ ਫਿਰ ਤਾਂ--**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੇ ॥** ਫਿਰ ਤਾਂ ਭਾਈ !--**ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ ॥ ੧ ॥** [੫੨੪] ਵਾਲੀ ਹਾਲਤ ਬਣ ਗਈ ਹੋਣੀ ਹੈ ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਿਧਾਂਤ ਦੀ ਅਟੱਲਤਾ ਵਿਗਾੜ ਕੇ ਬਿੱਪ੍ਰਨ ਦੀ ਰੀਤ ਦੇ ਬਿਵਰਜਤ ਪਰਚਾਰ ਨੂੰ ਗੁਰਮਤਿ ਸਿੱਧ ਕਰਨਾ ਗੁਰਮੁਖਤਾਈ ਨਹੀਂ ਹੈ । ਜੋ ਗੁਰੂ ਨਾਨਕ ਜੀ ਨੇ ਮਿਹਰ ਕਰਕੇ ਲਿਖਾਇਆ, ਦਾਸ ਨੇ ਲਿਖ ਦਿੱਤਾ ਹੈ । ਇਹ ਗੱਲ ਤ੍ਰੈਕਾਲ ਸਤਿ ਹੈ, ਕਿ, **ਜਿਸ ਗੁਰੂ ਦੇ ਸਿਧਾਂਤ ਆਪਣੇ ਆਪ ਨੂੰ ਆਪ ਹੀ ਕੱਟ ਰਹੇ ਹੋਣ, ਜਿਸ ਗੁਰੂ ਦਾ ਕੋਈ ਇੱਕ ਪੱਕਾ ਸਿਧਾਂਤ ਨਹੀਂ ਹੈ, ਜਿਸ ਗੁਰੂ ਦਾ ਗਿਆਨ ਮਨੁੱਖ ਨੂੰ ਕੋਈ ਇੱਕ ਸਪੱਸ਼ਟ ਸੇਧ ਨਹੀਂ ਦੇ ਸਕਦਾ ਉਸ ਗੁਰੂ ਦੇ ਚੇਲਿਆਂ ਵਿਚ ਇਤਫ਼ਾਕ, ਪਰਸਪਰ ਸੱਚਾ ਪਿਆਰ ਕਦੇ ਨਹੀਂ ਬਣ ਸਕਦਾ । ਅਜੇਹੇ ਗੁਰੂ ਦੇ ਸਿੱਖ ਆਪਸ ਵਿਚ ਲੜਦੇ ਝਗੜਦੇ ਰਹਿ ਕੇ ਸਦਾ ਖ਼ੁਆਰ ਹੁੰਦੇ ਰਹਿੰਦੇ ਹਨ ।** ਸੁਆਰਥ ਸਿੱਧੀ ਗ੍ਰਸੀ ਸੋਚ ਦੀ ਉਪਜ, ਬ੍ਰਾਹਮਣੀ-ਗਿਆਨ ਨੇ, ਹਿੰਦੂ ਕੌਮ ਵਿਚ ਸੈਂਕੜੇ ਫਿਰਕੇ ਬਣਾਏ ਹਨ । ਗੁਰਮਤਿ ਸਿਧਾਂਤ ਦੀ ਖੰਡਨਾਂ ਕਰ ਲੈਣ ਦੀ ਰੁਚੀ ਦੇ ਕਾਰਨ, ਏਹੀ ਹਾਲਤ ਸਿੱਖ ਧਰਮ ਦੀ ਹੋ ਰਹੀ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਪੱਕਾ ਅਤੇ ਅਟੱਲ ਹੈ । ਉਨ੍ਹਾਂ ਨੇ ਵੱਖ ਵੱਖ ਸਮਿਆਂ ਤੇ ਅੱਡ ਅੱਡ ਧਰਮਾਂ ਵਾਲਿਆਂ ਨੂੰ ਗਿਆਨ ਬਖ਼ਸ਼ਸ਼ ਕਰਦਿਆਂ ਉਪਦੇਸ਼ ਰੂਪੀ ਬਾਣੀ ਉਚਾਰੀ ਹੈ । ਕਵਿਤਾ ਦੇ ਰੂਪ ਵਿਚ ਹੋਣ ਕਰਕੇ ਗੁਰਮਤਿ-ਗਿਆਨ ਸਮਝਣ ਲਈ ਬਹੁਤੀ ਸਾਵਧਾਨੀ, ਇਕਾਗਰਤਾ ਅਤੇ ਨਿਰੰਤਰ ਲਗਨ ਵਾਲੀ ਸਾਧਨਾ ਦੀ ਲੋੜ ਹੈ । ਬਜ਼ਾਰ ਵਿਚ ਮਿਲਦੀ ਸਸਤੀ ਸ਼ੈ ਬੇ-ਕਦਰੀ ਹੁੰਦੀ ਹੈ ਅਤੇ ਮਹਿੰਗੀ ਵਸਤੂ ਕਦਰ ਪਵਾ ਰਹੀ ਹੁੰਦੀ ਹੈ । ਏਸੇ ਤਰ੍ਹਾਂ ਸਸਤੇ ਭਾ ਮਿਲੇ ਗਿਆਨ ਦੀ ਕਦਰ ਵੀ ਘੱਟ ਹੁੰਦੀ ਹੈ । ਗੁਰਬਾਣੀ ਗਿਆਨ ਨਿਰਮੋਲਕ ਹੀਰਾ ਹੈ । ਸਸਤੇ ਭਾ ਹੱਥ ਕਿਵੇਂ ਲੱਗੇ ? ਬਾਰ ਬਾਰ, ਵਿਚਾਰਨ ਦੀ ਲੋੜ ਹੈ । ਇਕੋ ਗੱਲ ਨੂੰ ਕਈ ਵਾਰੀ ਵਿਚਾਰੀਏ ਤਦ ਅਸਲੀਯਤ ਦੀ ਸਮਝ ਪੈਂਦੀ ਹੈ । ਪਰ ਬਿੱਪ੍ਰਨ ਦੀਆਂ ਲਿਖਤਾਂ ਦਾ ਅਸਰ ਕਬੂਲਿਆ ਹੋਣ ਦੇ ਕਾਰਨ ਅਸੀਂ ਕਾਹਲੀ ਵਿਚ ਆਪ ਹੀ ਪਾਵਨ ਗੁਰਬਾਣੀ ਦੇ ਪੱਕੇ ਸਿਧਾਂਤ ਦੀ ਖੰਡਨਾਂ ਕਰ ਰਹੇ ਹਾਂ ।

ਗੁਰੂ ਨਾਨਕ ਦੇਵ ਜੀ ਸੰਸਾਰ ਵਿਚ ਆਏ ਪਹਿਲੇ ਅਤੇ ਆਖ਼ਰੀ ਮਹਾਂਪੁਰਖ ਹਨ ਜਿਨ੍ਹਾਂ ਨੇ ਪ੍ਰਭੂ ਦਾ ਦਰਬਾਰ ਹਰੇਕ ਮਨੁੱਖ ਦੇ ਹਿਰਦੇ ਵਿਚ ਲੱਗਿਆ ਫ਼ੁਰਮਾਨ ਕੀਤਾ ਹੈ । ਗੁਰੂ ਨਾਨਕ ਜੀ ਅਨੁਸਾਰ, ਸਾਰੀ ਸਿਰਜਣਾ-ਰੂਪ ਦਰਬਾਰ ਪ੍ਰਭੂ ਦਾ ਦੀਵਾਨੇ ਆਮ ਹੈ । ਪਰ ਜੀਵਾਂ ਦੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ ਦਾ ਦੂਜਾ ਦਰਬਾਰ (=ਦੀਵਾਨੇ ਖ਼ਾਸ) ਮਨੁੱਖ ਦਾ ਹਿਰਦਾ ਹੈ । ਸਤਿਗੁਰੂ ਜੀ ਦਾ ਇਸ਼ਾਰੇ ਮਾਤ੍ਰ ਹੁਕਮ ਗੁਰਮੁਖ ਲਈ "ਆਕਾਸ਼ਬਾਣੀ " ਅਥਵਾ ਰੱਬੀ ਫ਼ੁਰਮਾਨ ਹੋਣਾ ਚਾਹੀਦਾ ਹੈ । ਪਰ ਸਿੱਖ ਪੰਥ ਦੀ ਸਮੱਸਿਆ ਇਹ ਹੈ ਕਿ ਇਸ ਦੇ ਸਰਬ-ਉੱਚ ਪਦਵੀ ਵਾਲੇ ਜਥੇਦਾਰ ਨੇ ਕਿਸੇ ਲਿਖਾਰੀ ਦੀ ਲਿਖਤ ਗੁਰਬਾਣੀ ਸਿਧਾਂਤ ਦੀ ਕਸਵੱਟੀ ਤੇ ਪਰਖ ਕੇ ਕੋਈ ਸੇਧ ਪੱਤ੍ਰ Directive ਜਾਰੀ ਕਦੇ ਨਹੀਂ ਕੀਤਾ । ਜਿਸ ਦਾ ਸਿੱਟਾ ਇਹ ਹੈ ਕਿ ਗੁਰਬਾਣੀ ਸਿਧਾਂਤ ਨੂੰ ਸਮਝ ਕੇ ਉਸ ਨੂੰ ਸਪੱਸ਼ਟ ਕਰਨ ਦੀ ਥਾਂ, ਆਪਣੀ ਸਮਝ ਨਾਲ ਬਣਾਏ ਵਿਚਾਰ ਨੂੰ ਗੁਰਮਤਿ ਸਿੱਧ ਕਰਨ ਲਈ ਗੁਰਬਾਣੀ ਫ਼ੁਰਮਾਨਾਂ ਦੀ (ਗ਼ਲਤ) ਵਰਤੋਂ ਵਾਲੀਆਂ ਪੁਸਤਕਾਂ ਬਜਾਰ ਵਿਚ ਆਮ ਵਿਕਣ ਲੱਗ ਪਈਆਂ । ਜਿਹੜਾ ਵਿਚਾਰ ਗੁਰਮਤਿ ਦੀ ਖੰਡਨਾਂ ਕਰਨ ਵਾਲੇ ਸਨ, ਜਿਨ੍ਹਾਂ ਵਿਚਾਰਾਂ ਨੇ ਪੰਥ ਨੂੰ ਬ੍ਰਾਹਮਣ ਦੀ ਝੋਲੀ ਵਿਚ ਪਾਉਣਾ ਸੀ, ਅਜੇਹੇ **ਪੰਥ-ਵਿਰੋਧੀ ਵਿਚਾਰ, ਗੁਰਮਤਿ ਸਮਝੇ ਅਤੇ ਸਤਿਕਾਰੇ ਜਾਣ ਲੱਗ ਪਏ** ਹਨ । ਭਾਵ, ਗੁਰਮਤਿ ਵਿਰੋਧੀ ਬ੍ਰਾਹਮਣੀ ਵਿਚਾਰ, ਸਿੱਖ ਪੰਥ ਵਿਚ " ਗੁਰਮਤਿ "- ਪਦਵੀ ਦੇ ਮਾਲਕ ਬਣ ਰਹੇ ਹਨ । ਚਿਤ੍ਰਗੁਪਤ, ਧਰਮ ਰਾਜ, ਜਮ, ਭੂਤ ਪ੍ਰੇਤ, " ਪਿਤ੍ਰ ਲੋਕ, ਜਮ ਮਾਰਗ, ' ਅਸਮਾਨੀ ਵੱਸਦਾ ਬ੍ਰਾਹਮਣੀ ਮਤ

ਵਾਲਾ " ਪ੍ਰਭੂ ਦਾ ਦਰਬਾਰ " ਅਥਵਾ ਅਗਲੀ ਦਰਗਾਹ 'ਆਦਿ ਦੀ ਅੱਡਰੀ ਹੋਂਦ ਨੂੰ ਸਿੱਧ ਕਰਨ ਲਈ ' ਅਣਡਿੱਠੀ ਦੁਨੀਆ " ਪ੍ਰਸਿਧ ਹੋ ਗਈ । ਕਈ ਗੁਰਸਿੱਖਾਂ ਨੇ ਇਸ ਅੱਡਰੀ ਦੁਨੀਆਂ ਨਾਲ ਜੁੜੇ ਭਰਮ ਨੂੰ " ਗੁਰਮਤਿ " ਮੰਨ ਲਿਆ ਹੋਇਆ ਹੈ । ਉਸ ਭਰਮ-ਭੁਲੇਖੇ ਨੂੰ ਦੂਰ ਕਰਨ ਲਈ ਗੁਰਮਤਿ ਦੇ ਹਰ ਪੱਖ ਨੂੰ ਲਿਖਣ ਦਾ ਯਤਨ ਕਰਨਾ ਪੈ ਰਿਹਾ ਹੈ । ਨਹੀਂ ਤਾਂ ਉਪਰੋਕਤ ਗੁਰਮਤਿ ਸਿਧਾਂਤ, ਦੋ ਸਫ਼ਿਆਂ ਤੇ ਲਿਖਿਆ ਜਾ ਸਕਦਾ ਸੀ ।

੯

# ਸਚ ਖੰਡਿ ਵਸੈ ਨਿਰੰਕਾਰੁ

ਜਪੁਜੀ ਸਾਹਿਬ ਵਿਚਲਾ ਇਹ ਵਾਕ--" **ਸਚ ਖੰਡਿ ਵਸੈ ਨਿਰੰਕਾਰੁ** " ॥ ਵਰਤ ਕੇ ਕਿਹਾ ਜਾਂਦਾ ਹੈ ਵਾਹਿਗੁਰੂ ਜੀ ਦੇ ਵੱਸਣ ਵਾਲੇ ਥਾਂ ਦਾ ਨਾਮ " ਸਚਿ ਖੰਡ " ਸਤਿਗੁਰਾਂ ਨੇ ਆਪ ਲਿਖਿਆ ਹੈ । ਅਜੇਹੀ ਵਿਚਾਰ ਅਗਿਆਨਤਾ ਦੀ ਉਪਜ ਹੈ । ਅਥਵਾ ਅਜੇਹੀ ਸੋਚ ਬਿੱਪ੍ਰ-ਵਾਦ ਦੀ ਦੇਣ ਹੈ । ਜਪੁ ਬਾਣੀ ਬਾਰੇ ਲੱਗ-ਪਗ ਸਾਰੇ ਸੂਝਵਾਨ ਵਿਦਵਾਨਾ ਦਾ ਵਿਚਾਰ ਹੈ ਕਿ ਇਹ ਪਾਵਨ ਗੁਰੂ-ਬਾਣੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਨਿਚੋੜ ਹੈ । ਮੂਲ ਮੰਤ੍ਰ ਸਮੇਤ ਇਹ ਬਾਣੀ ਗੁਰਮਤਿ ਸਿਧਾਂਤ ਦਾ ਧੁਰਾ ਹੈ । ਇਸ ਬਾਣੀ ਦਾ ਗਿਆਨ ਸਾਧਕ ਨੂੰ ਬਿੱਪ੍ਰਨ ਕੀ ਰੀਤ ਤੋਂ ਹਟਾ ਕੇ ਅਜੇਹੇ ਮਾਰਗ ਤੇ ਤੁਰਨ ਦੀ ਸੂਝ ਬਖ਼ਸ਼ਦਾ ਹੈ, ਜਿਸ ਤੋਂ ਮਨੁੱਖ ਦੇ ਮਨ ਤੋਂ ਮਾਇਆ ਦੀ ਉਪਜ " ਵਿਕਾਰਾਂ ਦੀ ਮੈਲ " ਧੋਤੀ ਜਾਂਦੀ ਹੈ । ਅਥਵਾ ਵਾਹਿਗੁਰੂ ਤੋਂ ਦੂਰੀ ਬਣਾਈ ਰੱਖਣ ਵਾਲੀ ਕੂੜ ਦੀ, ਪਾਲ (-ਕੰਧ) ਢਹਿ ਢੇਰੀ ਹੁੰਦੀ ਹੈ । ਮਨੁੱਖ ਦੇ ਹਿਰਦੇ ਅੰਦਰ ਬੈਠੇ " ਸਚਿ " ਦੇ ਆਤਮਕ ਦਰਸ਼ਨ ਹੋ ਜਾਂਦੇ ਹਨ। ਸੋ, **ਸਚ ਖੰਡਿ ਵਸੈ ਨਿਰੰਕਾਰੁ**, ਇਕ ਅਵਸਤਾ ਦਾ ਨਾਮ ਹੈ । ਇਸ ਅਵਸਥਾ ਦੀ ਪ੍ਰਾਪਤੀ ਲਈ, ਗੁਰਬਾਣੀ ਦੇ ਗਿਆਨ ਅਨੁਸਾਰ, ਆਪਣਾ ਜੀਵਨ ਢਾਲੀ ਜਾਣ ਦੀ ਸਾਧਨਾ ਦੇ ਨਾਲ, ਪਰਮਾਤਮਾ ਦੀ ਕ੍ਰਿਪਾ, ਨਦਰ, ਅਥਵਾ ਵਾਹਿਗੁਰੂ-ਬਖ਼ਸ਼ਸ਼ ਲਈ ਅਰਦਾਸਾਂ ਜੋਦੜੀਆਂ ਕਰਦੇ ਰਹਿਣ ਦੀ ਇਕ ਰਸ ਸਾਧਨਾ ਦੀ ਲੋੜ ਹੈ । ਜਪੁਜੀ ਸਾਹਿਬ ਦੀ ੩੩ਵੀਂ ਪਉੜੀ ਤੱਕ ਦੇ ਗਿਆਨ ਦੀ ਠੀਕ ਠੀਕ ਪੂਰੀ ਸਮਝ ਆ ਜਾਵੇ ਅਤੇ ਉਸ ਅਨੁਸਾਰ ਵਿਚਰਨ ਦਾ ਅਭਿਆਸ ਪੱਕੀ ਤਰ੍ਹਾਂ ਦ੍ਰਿੜ ਹੋ ਜਾਵੇ ਤਾਂ ਅੱਗੇ ੩੪ਵੀ ਪਉੜੀ ਤੋਂ ਅਰੰਭ ਹੋਣ ਵਾਲੇ ਖੰਡਾਂ ਦੇ ਗਿਆਨ ਨੂੰ ਸਮਝਣ ਦੀ ਅਤੇ ਜੀਵਨ ਵਿਚ ਵਸਾਉਣ ਦੀ ਘਾਲਣਾ ਸਹਿਲ ਹੋ ਜਾਂਦੀ ਹੈ । ਹਰ ਪਉੜੀ ਦੇ ਗਿਆਨ ਨੂੰ ਸਮਝ ਕੇ ਉਸ ਨੂੰ ਜੀਵਨ ਵਿਚ ਢਾਲਣਾ ਹੈ, ਸੁਆਸ ਸੁਆਸ ਵਿਚ ਉਸ ਗਿਆਨ ਦੀ ਰੌ ਚਲਾਉਣੀ ਹੈ । ੩੫, ੩੬ ਪਉੜੀਆਂ ਵਿਚਲੇ ਅਭਿਆਸ ਨੇ ੩੭ਵੀ ਪਉੜੀ ਨੂੰ ਸਮਝਣ ਜੋਗਾ ਬਣਾ ਕੇ ਉਸ ਵਿਚਲੀ ਅਵਸਥਾ ਦਾ ਆਨੰਦ ਬਖ਼ਸ਼ਸ਼ ਕਰਨਾ ਹੈ । ਉਸ ਜੀਵਨ ਅਵਸਥਾ ਦੇ ਏਸ ਖੰਡ ਨੂੰ **ਸਚ ਖੰਡਿ** ਫ਼ੁਰਮਾਇਆ ਹੈ । ਏਸੇ ਖੰਡ ਵਿਚ ਅਪੜਿਆਂ ਆਪਣੇ ਆਪੇ ਦੇ ਅੰਦਰ ਲੱਗੇ ਪ੍ਰਭੂ ਦਰਬਾਰ ਦਾ ਆਤਮਕ ਝਕਲਾਰਾ ਵੱਜਦਾ ਹੈ । ਅਨਹਦ ਧੁਨ ਸੁਣਨੀ ਅਰੰਭ ਹੋ ਕੇ ਵਿਸਮਾਦੀ ਆਨੰਦ ਦੀ ਪ੍ਰਾਪਤੀ ਨੂੰ ਸੱਚ ਖੰਡ ਮੰਨਿਆਂ ਹੈ। ਏਥੋਂ ਹੀ ਏਕ ਜੋਤਿ ਦੋਇ ਮੂਰਤੀ ਵਾਲੀ ਹਾਲਤ ਬਣਨੀ ਅਰੰਭ ਹੁੰਦੀ ਹੈ। ਸਲੋਕ-ਪਉਣ ਗੁਰੂ--ਤੱਕ ਪੁਜਦਿਆਂ, ਸੱਚੇ ਅਤੇ ਪੱਕੇ ਮਨ ਵਾਲੇ ਸਾਧਕ ਦੇ ਮਨ ਦੀ ਅਵਸਥਾ ਇਹ ਬਣ ਜਾਂਦੀ ਹੈ:--

੧੦੬- **ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬ ॥** [੯੬੯]-੩

ਇਸ ਅਵਸਥਾ ਨੇ ਹੀ ਆਤਮਾ ਨੂੰ ਪਰਮ-ਆਤਮਾ ਵਿਚ ਲੀਨ ਕਰਨਾ ਹੈ । ਇਸ ਅਵਸਥਾ ਨੇ ਹੀ ਜਨਮ ਮਰਨ ਦੇ ਗੇੜ ਦਾ ਭੋਗ ਪਾਉਣਾ ਹੈ । ਇਹੋ ਹੀ ਉਹ ਅਵਸਥਾ ਹੈ ਜਿਸ ਦੀ ਪ੍ਰਾਪਤੀ ਲਈ ਮਨੁਖਾ ਦੇਹ ਮਿਲੀ ਸੀ । ਬਸ ਇਸ ਤੋਂ ਪਰੇ ਨਾ ਕੋਈ ਸੁਰਗ ਹੈ, ਨਾ ਕੋਈ ਪੁਰੀ ਹੈ, ਨਾ ਕੋਈ ਅਡਰਾ ਬਣਿਆਂ ਸੱਚ-ਖੰਡ ਹੀ ਹੈ । ਉਸ ਤੋਂ ਅੱਡਰੇ ਬਣੇ ਸੁਰਗ ਨੇ ਵੀ ਉਸ ਤੋਂ ਅੱਡਰਾ ਹੀ ਰੱਖਣਾ ਹੋਵੇਗਾ । ਜਿਹੜਾ ਆਪ ਅੱਡਰਾ ਹੈ ਉਸ ਨੇ ਏਕਤਾ ਨਾਲ ਕੀ ਜੋੜਨਾ ਹੋਇਆ ? ਏਸੇ ਲਈ ਫ਼ੁਰਮਾਨ ਹੈ ਕਿ ਜਿਹੜਾ--**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥ ੩ ॥** " [੩੬੦]

## ਸੱਚ ਖੰਡ ਬਾਰੇ ਬਣ ਰਹੇ ਭਰਮ ਦੀ ਇੱਕ ਇਹ ਤਸਵੀਰ-

ਗੁਰਮਤਿ ਦੀ ਬੜੀ ਠੀਕ ਵਿਆਖਿਆ ਕਰਨ ਵਾਲੇ, ਆਪਣਾ ਨਾਮ ਕਰਤਾਰ ਸਿੰਘ ਦੱਸ ਰਹੇ ਇੱਕ ਗੁਰਮੁਖਿ ਪਿਆਰੇ ਦੇ ਭਾਸ਼ਣ ਦੀ ਟੇਪ (Audio Cassette) ਦਾਸ ਕੋਲ ਹੈ। ਉਸ ਵਿਚ ਉਨ੍ਹਾਂ ਨੇ ਮਾਝ ਕੀ ਵਾਰ ਮਹਲਾ ੧ ॥ ਦੀ ਆਖ਼ਰੀ ੨੭ਵੀ ਪਉੜੀ ਦੀ ਵਿਆਖਿਆ ਕਰਦਿਆਂ, )ਬਿਨਾ ਸਪੱਸ਼ਟ ਜ਼ਿਕਰ ਕੀਤਿਆਂ) ਸੱਚ ਖੰਡ ਬਾਰੇ, ਸਰੋਤੇ ਦੇ ਮਨਾਂ ਤੇ ਲਗ ਪਗ ਉਹੀ ਪ੍ਰਭਾਵ ਪਾਇਆ ਹੈ, ਜਿਹੜਾ ਪ੍ਰਭਾਵ, ਪੁਰਾਤਨ ਜਨਮ ਸਾਖੀ ਦੇ ਲਿਖਾਰੀ ਨੇ ਅਥਵਾ ' **ਗੁਰਮਤਿ ਰਹਿਤ ਮਰਯਾਦਾ** '-ਪੁਸਤਕ ਵਿਚ ਭਿੰਡਰਾਂ ਵਾਲੇ ਸੰਤਾਂ ਨੇ-ਸੁਲਤਾਨਪੁਰ ਲੋਧੀ ਕੋਲ ਵੇਈ ਨਦੀ ਵਿਚ ਇਸ਼ਨਾਨ ਕਰਨ ਸਮੇਂ ਸ੍ਰੀ ਗੁਰੂ ਨਾਨਕ ਜੀ ਸਾਹਿਬ ਜੀ ਦੇ ਅਲੋਪ ਹੋ ਜਾਣ ਵਾਲੀ ਸਾਖੀ ਨਾਲ ਸੰਬਧਤ ਹੈ। ਉਸ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਜੀ ਇੱਕ ਦਿਨ ਜਦ ਵੇਈਂ ਨਦੀ ਵਿਚ ਇਸ਼ਨਾਨ ਕਰਨ ਵੜੇ ਤਾਂ ਅਕਾਲ ਪੁਰਖ ਜੀ ਦੇ ਦੂਤ ਉਨ੍ਹਾਂ ਨੂੰ ਫੜ ਕੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਪੇਸ਼ ਕਰਨ ਲਈ ਸੱਚ ਖੰਡ ਵਿਚ ਲੈ ਗਏ ਸਨ। ਉਥੇ ਬਚਨ ਬਲਾਸ ਹੋਣ ਉਪ੍ਰੰਤ ਅਕਾਲਪੁਰਖ ਜੀ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਆਪਣਾ ਸਿੱਖ ਬਣਾ ਕੇ, ਹੁਕਮ ਦਿੱਤਾ ਸੀ ਕਿ ਲੋਕਾਂ ਨੂੰ ਮਰੇ ਨਾਮ ਦਾ ਜਾਪ ਕਰਨ ਸਿਖਾਉਣ। ਆਸਮਾਨੀ ਬਣੇ ਸੱਚਖੰਡ ਵਿਚ ਬੈਠੇ ਰੱਬ ਜੀ ਨਾਲ ਸ੍ਰੀ ਗੁਰੂ ਨਾਨਕ ਜੀ ਦੀ ਮੁਲਾਕਾਤ ਹੋਣ ਵਾਲੀ ਜੇ ਕਿਸੇ ਸਾਖੀ ਨੂੰ ਸੱਚ ਮੰਨ ਲਈਏ ਤਾਂ ਉਪ੍ਰੋਕਤ ਵਿਚਾਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਲਈ ਉਸ ਵਾਰ ਦੀ ਵਿਚਾਰ ਅਜੇਹੇ ਹੋਰ ਗੁਰੂ ਫ਼ੁਰਮਾਨਾਂ ਨਾਲ ਰਲਾ ਕੇ ਕਰਨ ਉਪ੍ਰੰਤ ਠੀਕ ਨਿਰਣਾ ਕਰ ਲੈਣਾ ਜ਼ਰੂਰੀ ਹੈ। ਵਈਂ ਨਦੀ ਵਾਲੀ ਸਾਖੀ ਦਾ ਭੁਲੇਖਾ ਪਾਉਣ ਵਾਲੀ ਵਾਰ ਇਸ ਪ੍ਰਕਾਰ ਹੈਂ--

੧੦੭- ਹਉ **ਢਾਢੀ** ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
**ਢਾਢੀ** ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ, ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
**ਢਾਢੀ** ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥[੧੫੦]

**ਅਰਥ:**--ਮੈ ਵੇਹਲਾ ਸਾਂ, ਮੈਨੂੰ ਢਾਢੀ ਬਣਾ ਕੇ ਪ੍ਰਭੂ ਨੇ (ਅਸਲ) ਕੰਮ ਵਿਚ ਲਾ ਦਿੱਤਾ, ਪ੍ਰਭੂ ਨੇ ਧੁਰੋਂ ਹੁਕਮ ਦਿੱਤਾ ਕਿ ਭਾਵੇਂ ਰਾਤ ਹੋਵੇ ਭਾਵੇਂ ਦਿਨ, ਜਸ ਕਰੋ। ਮੈਨੂੰ ਢਾਢੀ ਨੂੰ ( ਜਦੋਂ ਮੈਂ ਉਸ ਦੀ ਸਿਫ਼ਤਿ ਸਾਲਾਹ ਵਿਚ ਲੱਗਾ ਤਾਂ) ਖਸਮ ਨੇ (ਮਾਨੋ ਮੈਨੂੰ) ਸੱਚੇ ਮਹਲ ਵਿਚ (ਆਪਣੀ ਹਜ਼ੂਰੀ ਵਿਚ) ਬੁਲਾ ਲਿਆ। (ਉਸ ਨੇ) ਸੱਚੀ-ਸਿਫ਼ਤਿ-ਸਾਲਾਹ-ਰੂਪ ਮੈਨੂੰ ਸਿਰੋਪਾਉ ਦਿੱਤਾ। ਸਦਾ ਕਾਇਮ ਰਹਿਣ ਵਾਲਾ ਆਤਮਕ ਜੀਵਨ ਦੇਣ ਵਾਲਾ ਨਾਮ (ਮੇਰੇ ਆਤਮਾ ਦੇ ਆਧਾਰ ਲਈ ਮੈਨੂੰ) ਭੋਜਨ (ਉਸ ਪਾਸੋਂ) (ਮਿਲਆ। ਜਿਸ ਜਿਸ ਮਨੁੱਖ ਨੇ ਗੁਰੂ ਦੀ ਸਿਖਿਆ ਤੇ ਤੁਰ ਕੇ (ਇਹ ਅੰਮ੍ਰਿਤ ਨਾਮੁ ਭੋਜਨ) ਰੱਜ ਕੇ ਖਾਧਾ ਹੈ ਉਸ ਨੇ ਸੁਖ ਪਾਇਆ ਹੈ। ਮੈਂ ਢਾਢੀ (ਭੀ ਜਿਉਂ ਜਿਉਂ) ਸਿਫ਼ਤਿ-ਸਾਲਾਹ ਦਾ ਗੀਤ ਗਾਉਂਦਾ ਹਾਂ, ਪ੍ਰਭੂ-ਦਰ ਤੋਂ ਮਿਲੇ ਇਸ ਨਾਮ-ਪ੍ਰਸ਼ਾਦ ਦਾ ਅਨੰਦ ਮਾਣਦਾ ਹਾਂ) । ਹੇ ਨਾਨਕ ! ਸੱਚੇ ਪ੍ਰਭੂ ਦੀ ਸਿਫ਼ਤਿ ਸਾਲਾਹ ਕਰ ਕੇ ਉਸ ਪੂਰਨ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ । ੨੭ ।

ਭਾਵੇਂ ਪ੍ਰਿੰਸਪਲ ਸਾਹਿਬ ਸਿੰਘ ਜੀ ਦੇ ਕੀਤੇ ਇਨ੍ਹਾਂ ਅਰਥਾਂ ਵਿਚੋਂ ਆਸਮਾਨੀ ਬਣੇ ਕਿਸੇ ਉਚੇਚੇ ਸੱਚਖੰਡ ਦਾ ਸੰਕੇਤ ਨਹੀਂ ਮਿਲਦਾ ਫਿਰ ਵੀ ਮਿਥੇ ਟੀਚੇ ਅਨੁਸਾਰ ਢਾਢੀ ਪਦ ਦੀ ਵਰਤੋਂ ਵਾਲੇ ਅਜੇਹੇ ਕੁਝ ਗੁਰੂ ਫ਼ੁਰਮਾਨ ਹੋਰ ਵਿਚਾਰ ਲੈਂਦੇ ਹਾਂ:--

੧੦੮- ਖਸਮੈ ਕੈ ਦਰਬਾਰਿ **ਢਾਢੀ** ਵਸਿਆ ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ ਦੁਸਮਨ ਕਢੇ ਮਾਰਿ ਸਜਣ ਸਰਸਿਆ ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥
**ਢਾਢੀ** ਕਥੇ ਅਕਥੁ ਸਬਦਿ ਸਵਾਰਿਆ ॥ ਨਾਨਕ ਗੁਣ ਗਹਿ ਰਾਸਿ, ਹਰਿ ਜੀਉ ਮਿਲੇ ਪਿਆਰਿਆ ॥ ੨੩ ॥[੧੪੮]-ਵਾਰ

**ਅਰਥ:**--ਜੋ ਮਨੁੱਖ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਦਾ ਹੈ ਉਹ (ਸਦਾ ਮਾਲਕ ਦੀ ਹਜ਼ੂਰੀ ਵਿਚ ਹੀ ਵੱਸਦਾ ਹੈ। ਸਦਾ ਕਾਇਮ ਰਹਿਣ ਵਾਲੇ ਖਸਮ ਨੂੰ ਸਾਲਾਹ ਕੇ ਉਸ ਦਾ ਹਿਰਦਾ-ਕਉਲ ਖਿੜਿਆ ਰਹਿੰਦਾ ਹੈ। ਮਾਲਕ ਤੋਂ ਮਰਤਬਾ (ਭਾਵ, ਪੂਰਨ ਅਵਸਥਾ) ਪ੍ਰਾਪਤ ਕਰ ਕੇ ਉਹ ਅੰਦਰੋਂ ਹੁਲਾਸ ਵਿਚ ਆਉਂਦਾ ਹੈ, (ਕਿਉਂਕਿ ਕਾਮਾਦਕ ਵਿਕਾਰ) ਵੈਰੀਆਂ ਨੂੰ ਉਹ (ਅੰਦਰੋਂ) ਮਾਰ ਕੇ ਕੱਢ ਦਿੰਦਾ ਹੈ (ਤਾਂ ਫਿਰ ਨਾਮ ਵਿਚ ਲੱਗੇ ਉਸ ਦੇ ਗਿਆਨ-ਇੰਦ੍ਰੇ-ਰੂਪ) ਮਿਤ੍ਰ ਟਹਿਕ ਪੈਂਦੇ ਹਨ, ਇਹ (ਗਿਆਨ-ਇੰਦ੍ਰੇ) ਗੁਰੂ ਦੀ ਰਜ਼ਾ ਵਿਚ ਤੁਰਨ ਲੱਗ ਜਾਂਦੇ ਹਨ, ਸਤਿਗੁਰੂ ਇਨ੍ਹਾਂ ਨੂੰ (ਹੁਣ ਜੀਵਨ ਦਾ) ਸੱਚਾ ਰਾਹ ਵਿਖਾਲਦਾ ਹੈ।

ਸਿਫ਼ਤਿ ਸਾਲਾਹ ਕਰਨ ਵਾਲਾ ਮਨੁੱਖ ਸੱਚਾ ਗੁਰੁ-ਸ਼ਬਦ ਵੀਚਾਰ ਕੇ (ਆਤਮਕ) ਮੌਤ (ਦਾ ਡਰ) ਦੂਰ ਕਰ ਲੈਂਦਾ ਹੈ, ਗੁਰੂ ਦੀ ਬਰਕਤਿ ਨਾਲ ਸੁਧਰਿਆ ਹੋਇਆ ਢਾਢੀ ਅਕੱਥ ਪ੍ਰਭੂ ਦੇ ਗੁਣ ਗਾਉਂਦਾ ਹੈ, (ਇਸ ਤਰ੍ਹਾਂ) ਹੇ ਨਾਨਕ ! ਪ੍ਰਭੂ ਦੇ ਗੁਣਾਂ ਦੀ ਪੂੰਜੀ ਇਕੱਠੀ ਕਰ ਕੇ ਪਿਆਰੇ ਪ੍ਰਭੂ ਨਾਲ ਮਿਲ ਜਾਂਦਾ ਹੈ। ੨੩ ।

## ਮਹਲਾ ਤੀਜਾ --

ਆਤਮਕ ਉੱਚਤਾ ਵਾਲੀ ਅਜੇਹੀ ਅਸਵਥਾ ਦੀ ਪ੍ਰਾਪਤੀ ਵੀ, **ਧੁਰੋਂ ਲਿਖਾਏ** ਲੇਖਾਂ ਦੀ ਸਹਾਇਤਾ ਤੋਂ ਅਤੇ ਪਰਮਾਤਮਾਂ ਦੀ ਮਿਹਰ ਦੇ ਪਾਤਰ ਹੋਣ ਤੋਂ ਹੀ ਪ੍ਰਾਪਤ ਹੁੰਦੀ ਹੈ। ਅਗਲਾ ਫ਼ੁਰਮਾਨ ਗੂਜਰੀ ਕੀ ਵਾਰ ਵਿਚ **ਮਹਲਾ ੩ ॥** ਦਾ ਹੈ:--

੧੦੯- **ਢਾਢੀ** ਕਰੇ ਪੁਕਾਰ ਪ੍ਰਭੂ ਸੁਣਾਇਸੀ ॥ ਅੰਦਰਿ ਧੀਰਕ ਹੋਇ ਪੂਰਾ ਪਾਇਸੀ ॥
ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਾਇਸੀ ॥ ਜਾ ਹੋਵੈ ਖਸਮੁ ਦਇਆਲੁ ਤਾਂ ਮਹਲੁ ਘਰੁ
ਪਾਇਸੀ ॥ ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ ॥ ੫ ॥[੫੧੦]-ਵਾਰ

**ਅਰਥ:**--ਜਦੋਂ ਮਨੁੱਖ ਢਾਢੀ ਬਣ ਕੇ (ਹਿਰਦੇ ਤੋਂ ਨਿਕਲੀ) ਅਰਦਾਸ ਪ੍ਰਭੂ ਨੂੰ ਸੁਣਾਉਂਦਾ ਹੈ ਤਾਂ ਇਸ ਦੇ ਅੰਦਰ ਧੀਰਜ ਆਉਂਦੀ ਹੈ (ਮਾਇਆ-ਮੋਹ ਤੇ ਹਉਮੈ ਦੂਰ ਹੁੰਦੇ ਹਨ) ਤੇ ਪੂਰਾ ਪ੍ਰਭੂ ਇਸ ਨੂੰ ਮਿਲਦਾ ਹੈ। ਧੁਰੋਂ (ਪਿਛਲੀ ਕੀਤੀ ਸਿਫ਼ਤਿ ਸਾਲਾਹ ਅਨੁਸਾਰ) ਜੋ (ਭਗਤੀ ਦਾ) ਲੇਖ ਮੱਥੇ ਤੇ ਉੱਘੜਦਾ ਹੈ ਤੇ ਉਹੋ ਜਿਹੇ (ਭਾਵ, ਸਿਫ਼ਤਿ ਸਾਲਾਹ ਵਾਲੇ) ਕੰਮ ਕਰਦਾ ਹੈ। (ਇਸ ਤਰ੍ਹਾਂ) ਜਦੋਂ ਖ਼ਸਮ ਦਇਆਲ ਹੁੰਦਾ ਹੈ ਤਾਂ ਇਸ ਨੂੰ ਪ੍ਰਭੂ ਦਾ ਮਹਲਿ-ਰੂਪ ਅਸਲ ਘਰ (ਆਪਣੇ ਹਿਰਦੇ ਦੇ ਅੰਦਰ ਹੀ) ਲੱਭ ਪੈਂਦਾ ਹੈ । ਪਰ ਇਸ ਬਹੁਤ ਵਡੇ ਪ੍ਰਭੂ ਦਾ ਮਿਲਾਪ ਗੁਰੂ (ਗ੍ਰੰਥ ਸਾਹਿਬ ਜੀ) ਦੀ ਰਾਹੀਂ ਹੀ ਹੁੰਦਾ ਹੈ । ੫ ।

੧੧੦- ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ ॥ ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ ॥
ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ ॥ ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥
ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ ॥ ੧੬ ॥[੭੯੦]

## ਮਹਲਾ ਚੌਥਾ---

ਮਹਲ ਵਿਚ ਪ੍ਰਭੂ ਨਾਲ ਮਿਲਾਪ ਦੀ ਗੱਲ ਵਾਲੀ ਇਹ ਪਉੜੀ ਸਿਰੀ ਰਾਗ ਕੀ ਵਾਰ **ਮਹਲਾ ੪ ॥** ਵਿਚੋਂ ਹੈ:--

੧੧੧- ਹਉ **ਢਾਢੀ** ਹਰਿ ਪ੍ਰਭ ਖਸਮ ਕਾ, ਹਰਿ ਕੈ ਦਰਿ ਆਇਆ ॥ ਹਰਿ ਅੰਦਰ ਸੁਣੀ ਪੁਕਾਰ **ਢਾਢੀ** ਮੁਖਿ ਲਾਇਆ
॥ ਹਰਿ ਪੁਛਿਆ **ਢਾਢੀ** ਸਦਿ ਕੈ, ਕਿਤੁ ਅਰਥਿ ਤੂੰ ਆਇਆ ॥ ਨਿਤ ਦੇਵਹੋ ਦਾਨ ਦਇਆਲ ਪ੍ਰਭੁ, ਹਰਿ
ਨਾਮੁ ਧਿਆਇਆ ॥ ਹਰਿ ਦਾਤੈ ਹਰਿ ਨਾਮ ਜਪਾਇਆ, ਨਾਨਕ **ਪੈਨਾਇਆ** ॥ ੨੧ ॥ [੯੧]-ਵਾਰ

**ਅਰਥ:**--ਮੈ ਪ੍ਰਭੂ ਖ਼ਸਮ ਦਾ ਢਾਢੀ ਪ੍ਰਭੂ ਦੇ ਦਰ ਤੇ ਅੱਪੜਿਆ, ਪ੍ਰਭੂ ਦੇ ਦਰ ਤੇ ਮੇਰੀ ਢਾਢੀ ਦੀ ਪੁਕਾਰ ਸੁਣੀ ਗਈ ਤੇ ਮੈਨੂੰ ਦਰਸ਼ਨ ਪ੍ਰਾਪਤ ਹੋਇਆ। ਮੈਨੂੰ ਢਾਢੀ ਨੂੰ ਹਰੀ ਨੇ ਸੱਦ ਕੇ, ਪੁੱਛਿਆ, ਹੇ ਢਾਢੀ ! ਤੂੰ ਕਿਸ ਕੰਮ ਆਇਆ ਹੈ? (ਮੈਂ ਬੇਨਤੀ ਕੀਤੀ) ਹੇ ਦਇਆਲ ਪਰਭੂ ! ਸਦਾ (ਇਹੀ ਦਾਨ ਬਖ਼ਸ਼ੋ ਕਿ) ਤੇਰੇ ਨਾਮ ਦਾ ਸਿਮਰਨ ਕਰਾਂ। (ਬੇਨਤੀ ਸੁਣ ਕੇ) ਦਾਤਾਰ ਹਰੀ ਨੇ ਆਪਣਾ ਨਾਮ ਮੈਥੋਂ ਜਪਾਇਆ ਅਤੇ ਮੈਨੂੰ} ਨਾਨਕ ਨੂੰ ਵਡਿਆਈ ਵੀ ਦਿੱਤੀ ।੨੧ ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਕਥਾ ਲਿਖਣ ਵਾਲਿਆਂ ਨੇ ਵਈਂ ਨਦੀ ਵਿਚ ਇਸ਼ਨਾਨ ਕਰਦਿਆਂ ਨੂੰ ਪ੍ਰਭੂ ਦੇ ਦੂਤਾਂ ਦੁਆਰਾ ਸੱਚ ਖੰਡ ਪੁੱਜ ਕੇ ਅਕਾਲਪੁਰਖ ਨਾਲ ਗੱਲਾਂ ਕਰਦੇ ਅਥਵਾ **ਉਸ** ਨੂੰ ਗੁਰੂ ਧਾਰਦੇ ਦਰਸਾਇਆ ਹੈ, ਪਰ ਸ੍ਰੀ ਗੁਰੂ ਰਾਮ ਦਾਸ ਦੇ ਜੀਵਨ ਵਿਚ

ਘਟੀ ਅਜੇਹੀ ਕਿਸੇ ਘਟਨਾਂ ਦਾ ਜ਼ਿਕਰ ਕਿਸੇ ਥਾਂ ਨਹੀਂ ਮਿਲਦਾ, ਕਿ ਉਹ ਵੀ ਕਦੇ ਅਸਮਾਨੀ ਬਣੇ ਕਿਸੇ ਸੱਚਖੰਡ-ਰੂਪ-ਮਹਲੀਂ ਅਥਵਾ ਪਰਮਾਤਮਾ ਦੇ ਦੁਆਰੇ ਪੁੱਜ ਕੇ ਪ੍ਰਭੂ ਜੀ ਨਾਲ ਗੱਲ ਬਾਤ ਕਰਦੇ ਰਹੇ ਸਨ। ਪਰ ਉਪੋਕਤ ਪਉੜੀ ਵਿਚੋਂ ਤਾਂ ਸਾਫ਼ ਸਿੱਧ ਹੁੰਦਾ ਹੈ ਕਿ, ਸਤਿਗੁਰਾਂ ਨੇ ਰੱਬ ਦੇ ਦੁਆਰੇ ਪੁੱਜ ਕੇ ਅਕਾਲ ਪੁਰਖ ਜੀ ਨਾਲ ਗੱਲ ਬਾਤ ਕੀਤੀ ਅਤੇ ਉਸ ਤੋਂ ਸਿਰੋਪਾ ਪ੍ਰਾਪਤ ਕੀਤਾ ਸੀ ? ਸਪੱਸ਼ਟ ਹੈ ਕਿ ਕੂੜ ਦੀ ਪਾਲ ਟੁੱਟ ਚੁੱਕੇ ਸਵੱਛ ਹਿਰਦੇ ਵਾਲੇ ਮਹਾਂਪੁਰਖ ਆਪਣੇ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਵਿਚ ਹਾਜ਼ਰ ਹੋ ਜਾਇਆ ਕਰਦੇ ਸਨ। ਪ੍ਰਭੂ ਨਾਮ ਵਿਚ ਪੂਰਨ ਤੌਰ ਤੇ ਲੀਨਤਾ, ਉਸ ਦੇ ਪ੍ਰਗਟ ਪਹਾਰੇ ਵਾਲੇ ਦਰਸ਼ਨਾਂ ਦਾ ਅਨੰਦ, ਉਸ ਨਾਲ ਬਚਨ ਬਿਲਾਸ ਕਰਨ ਦਾ ਹੁਲਾਸ, ਸੱਚੇ ਗੁਰਮੁਖਾਂ ਦੇ ਅੰਤਰਧਿਆਨ ਦੀ ਅਵਸਥਾ ਹੈ। ਅਸਮਾਨੀ ਬਣੇ ਕਿਸੇ ਉਚੇਚੇ ਰੱਬੀ ਟਿਕਾਣੇ ਤੇ, ਸਰੀਰ ਕਰਕੇ ਪੁੱਜਣ ਦੀ ਗੱਲ, ਗੁਰੂ ਬਾਣੀ ਵਿਚ ਕਿਸੇ ਥਾਂ ਵੀ ਨਹੀਂ ਹੈ।

ਅਗਲੀ ਪਉੜੀ ਵਿਚ ਕਿਸੇ ਉਚੇਚੇ ਟਿਕਾਣੇ ਤੇ ਮਿਲਾਪ ਦੇ ਜ਼ਿਕਰ ਤੋਂ ਬਿਨਾ ਖ਼ਸਮ ਦੇ ਢਾਢੀ ਦਾ ਜ਼ਿਕਰ:--

੧੧੨- **ਹਮ ਢਾਢੀ ਹਰਿ ਪ੍ਰਭ ਖਸਮ ਕੇ,** ਨਿਤ ਗਾਵਹ ਹਰਿ ਗੁਣ ਛੰਤਾ ॥ ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ ॥ ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ ॥ ਹਰਿ ਦੇਵਹੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ ॥ ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ ॥ ੨੦ ॥[੬੫੦]-ਵਾਰ

## ਮਹਲਾ ਪੰਜਵਾਂ:---

੧੧੩- ਹਉ ਤਿਸੁ **ਢਾਢੀ** ਕੁਰਬਾਣੁ, ਜਿ ਤੇਰਾ ਸੇਵਦਾਰੁ ॥ ਹਉ ਤਿਸੁ **ਢਾਢੀ** ਬਲਿਹਾਰ ਜਿ ਗਾਵੈ ਗੁਣ ਅਪਾਰ ॥ ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥ ਓਹ **ਢਾਢੀ** ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ ॥ ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ ॥੧੧॥[੯੬੨]-ਵਾਰ

**ਅਰਥ:**--ਹੇ ਪ੍ਰਭੂ ! ਮੈਂ ਉਸ ਢਾਢੀ ਤੋਂ ਸਦਕੇ ਜਾਂਦਾ ਹਾਂ ਜੋ ਤੇਰੀ ਸੇਵਾ-ਭਗਤੀ ਕਰਦਾ ਹੈ, ਮੈਂ ਉਸ ਢਾਢੀ ਤੋਂ ਵਾਰਨੇ ਜਾਂਦਾ ਹਾਂ ਜੋ ਤੇਰੇ ਬੇਅੰਤ ਗੁਣ ਗਾਉਂਦਾ ਹੈ। ਭਾਗਾਂਵਾਲਾ ਹੈ ਉਹ ਢਾਢੀ, ਜਿਸ ਨੂੰ ਅਕਾਲਪੁਰਖ ਆਪ ਚਾਹੁੰਦਾ ਹੈ, ਮੁਬਾਰਿਕ ਹੈ ਉਹ ਢਾਢੀ, ਜਿਸ ਨੂੰ ਪ੍ਰਭੂ ਦਾ ਸੱਚਾ ਦਰ ਪ੍ਰਾਪਤ ਹੈ। ਹੇ ਪ੍ਰਭੂ ! ਅਜੇਹਾ ਸੁਭਾਗ ਢਾਢੀ ਸਦਾ ਤੈਨੂੰ ਧਿਆਉਂਦਾ ਹੈ, ਦਿਨ ਰਾਤ ਤੇਰੇ ਗੁਣ ਗਾਉਂਦਾ ਹੈ, ਤੈਥੋਂ ਤੇਰਾ ਆਤਮਕ ਜੀਵਨ ਵਾਲਾ ਨਾਮ-ਜਲ ਮੰਗਾਦ ਹੈ। ਉਹ ਢਾਢੀ ਮਨੁੱਖ ਜਨਮ ਦੀ ਬਾਜੀ ਹਾਰ ਕੇ ਤੇਰੇ ਪਾਸ ਨਹੀਂ ਆਉਂਦਾ (ਜਿੱਤ ਕੇ ਹੀ ਆਉਂਦਾ ਹੈ) ।

ਹੇ ਪ੍ਰਭੂ ! ਤੇਰਾ ਸਦਾ-ਥਿਰ ਨਾਮ ਹੀ (ਉਸ ਢਾਢੀ ਕੋਲ ਪੜਦਾ ਕੱਜਣ ਲਈ) ਕੱਪੜਾ ਹੈ, ਤੇ (ਆਤਮਕ) ਖ਼ੁਰਾਕ ਹੈ, ਉਹ ਸਦਾ ਇੱਕ ਰਸ ਤੇਰੀ ਯਾਦ ਵਿਚ ਜੁੜਿਆ ਰਹਿੰਦਾ ਹੈ। (ਅਸਲ) ਗੁਣਵਾਨ ਉਹੀ ਢਾਢੀ ਹੈ ਜਿਸ ਨੂੰ ਪ੍ਰਭੂ ਦਾ ਪਿਆਰ ਪ੍ਰਾਪਤ ਹੈ । ੧੧ ।

੧੧੪- ਹਉ **ਢਾਢੀ** ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥ ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ ॥ ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ **ਢਾਢੀ** ਕਉ ਮਹਲਿ ਬੁਲਾਵੈ ॥ ਪ੍ਰਭ ਦੇਖਦਿਆ ਦੁਖ ਭੁਖ ਗਈ **ਢਾਢੀ** ਕਉ ਮੰਗਣੁ ਚਿਤਿ ਨ ਆਵੈ ॥ ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ਹਉ ਨਿਰਗੁਣੁ **ਢਾਢੀ** ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥ ੯ ॥[੧੦੯੭]-ਵਾਰ

**ਅਰਥ:**--ਜੇ ਹਰੀ ਪ੍ਰਭੂ ਨੂੰ ਚੰਗਾ ਲੱਗੇ (ਜੇ ਪ੍ਰਭੂ ਦੀ ਰਜ਼ਾ ਹੋਵੇ, ਮਿਹਰ ਹੋਵੇ) ਤਾਂ ਮੈ ਢਾਢੀ (ਉਸ ਦੇ) ਦਰ ਤੇ (ਉਸ ਦੇ) ਗੁਣ ਗਾਉਂਦਾ ਹਾਂ। ਮੇਰਾ ਪ੍ਰਭੂ ਸਦਾ ਥਿਰ ਟਿਕਾਣੇ ਵਾਲਾ ਹੈ, ਹੋਰ (ਸ੍ਰਿਸ਼ਟੀ) ਜੰਮਦੀ ਮਰਦੀ ਹੈ। ਹੇ ਧਰਤੀ ਦੇ ਸਾਂਈਂ ! ਮੈਂ (ਤੈਥੋ) ਉਹ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ (ਮਾਇਆ ਦੀ) ਭੁੱਕ ਦੂਰ ਹੋ ਜਾਏ। ਹੇ ਪ੍ਰਭੂ ਜੀ ! ਮੈਨੂੰ ਆਪਣਾ ਦਰਸ਼ਨ ਦਿਉ ਜਿਸ ਨਾਲ ਮੈ ਢਾਢੀ (ਮਾਇਆ ਦੀ ਤ੍ਰਿਸ਼ਨਾ ਵਲੋਂ) ਤੱਜ ਜਾਵਾਂ । ਦਾਤਾਰ ਪ੍ਰਭੂ ਨੇ ਮੇਰੀ ਅਰਦਾਸ ਸੁਣ ਲਈ ਤੇ ਮੈਨੂੰ ਢਾਢੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ (ਬੁਲਾਉਂਦਾ ਹੈ), ਪ੍ਰਭੂ ਦਾ ਦੀਦਾ ਕਰਦਿਆਂ ਹੀ ਮੇਰੀ (ਮਾਇਆ ਵਾਲੀ) ਭੁੱਖ ਤੇ ਹੋਰ ਫੁੱਖ ਦੂਰ ਹੋ ਜਾਂਦੇ ਗਏ, ਮੈਨੂੰ ਢਾਢੀ ਨੂੰ ਇਹ ਚੇਤਾ ਹੀ ਨਾ ਰਿਹਾ ਕਿ ਮੈਂ ਕੁਝ ਮੰਗਾਂ, ਪ੍ਰਭੂ ਦੀ ਚਰਨੀ ਲੱਗ ਕੇ ਮੇਰੀਆਂ ਸੱਧਾਂ ਹੀ ਕਾਮਨਾਂ ਪੂਰੀਆਂ ਹੋ ਗਈਆਂ (ਕੋਈ ਕੋਈ ਵਾਸਨਾਂ ਰਹਿ ਹੀ ਨਾ ਗਈ) । ਉਸ ਪ੍ਰਭੂ ਪੁਰਖ ਨੇ ਮੈਨੂੰ ਨਿਮਾਣੇ ਗੁਣ-ਹੀਨ ਢਾਢੀ ਨੂੰ ਬਖ਼ਸ਼ ਲਿਆ। ੯ ।

(੧) ਪ੍ਰਭੂ ਦੇ ਦਰ ਤੇ ਗੁਣ ਗਾਉਣੇ ?--ਸਾਰਾ ਸੰਸਾਰ ਹੀ ਪ੍ਰਭੂ ਦਾ ਦਰ ਸਮਝ ਕੇ ਉਸ ਦੀ ਸਿਫ਼ਤਿ ਸਾਲਾਹ ਕਰਨੀ, ਹਰ ਸਮੇਂ ਉਸ ਦੀ ਯਾਦ ਵਿਚ ਰਹਿਣਾ ਪ੍ਰਭੂ ਦੇ ਦਰ ਤੇ ਉਸ ਦੇ ਗੁਣ ਗਾਉਣਾ ਹੈ।

(੨) ਢਾਡੀ ਕਉ ਮਹਲਿ ਬੁਲਾਵੇ ?---ਕੂੜ ਦੀ ਪਾਲ ਟੁੱਟ ਜਾਣ ਤੇ ਹਿਰਦੇ ਵਿਚ ਪ੍ਰਭੂ ਦਾ ਪ੍ਰਗਟ ਹੋਣਾ ਹੀ, ਪ੍ਰਭੂ ਦੀ ਦਰਗਾਹ ਦੀ ਹਾਜ਼ਰੀ ਮਿਲ ਜਾਣੀ ਹੁੰਦੀ ਹੈ।

(੩) ਢਾਢੀ ਬਖਸਿਓਨੁ--ਆਪਣੇ ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਢਾਲ ਲੈਣ ਦੀ ਘਲਣਾ ਤੇ ਪ੍ਰਸੰਨ ਹੋ ਕੇ ਹਿਰਦੇ ਵਿਚ ਪ੍ਰਕਾਸ਼-ਰੂਪ ਪ੍ਰਗਟ ਹੋਣਾ--ਪ੍ਰਭੂ ਵਲੋਂ ਹੋਈ ਅਪਾਰ ਬਖ਼ਸ਼ਸ਼ ਹੁੰਦੀ ਹੈ।

## ਮਲਾਰ ਕੀ ਵਾਰ ਮਹਲਾ ਪਹਿਲਾ ॥--

੧੧੫- ਪਉੜੀ ॥ **ਅਗਮ ਅਗੋਚਰੁ** ਤੂ ਧਣੀ ਸਚਾ **ਅਲਖ ਅਪਾਰੁ** ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥ ਜਿਨੀ ਸੇਵਿਆ ਤਿਨੀ ਸੁਖੁ ਪਾਇਆ **ਗੁਰਮਤੀ ਵੀਚਾਰੁ** ॥ ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮੁ ਪਿਆਰੁ ॥ ਵਿਣੁ ਪ੍ਰੀਤੀ ਭਗਤਿ ਨ ਹੋਵਈ **ਵਿਣੁ ਸਤਿਗੁਰ** ਨ ਲਗੈ ਪਿਆਰੁ ॥ ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ **ਢਾਢੀ** ਕਰੇ ਪੁਕਾਰ ॥ ਦੇਹਿ ਦਾਨੁ

**ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥ ੧੯ ॥** [੧੨੮੬]-ਵਾਰ

ਅਗਮ ਅਗੋਚਰ ਅਲਖ ਅਪਾਰ ਕਹਿ ਕੇ ਸਤਿਗੁਰਾਂ ਨੇ ਸਮਝਾ ਦਿੱਤਾ ਹੈ ਕਿ, ਪ੍ਰਭੂ ਬਾਰੇ ਇਹ ਸੋਚ ਬਹਿਣਾ ਕਿ ਉਸ ਨੂੰ ਕਿਸੇ ਖ਼ਾਸ ਥਾਂ ਬੈਠਿਆ ਕਿਸੇ ਨੇ ਵੇਖਿਆ ਸੀ ਜਾਂ ਉਸ ਨਾ ਵਿਯਕਤੀਗਤ ਰੂਪ ਵਿਚ ਸਾਖ਼ਸ਼ਾਤ ਗੱਲ ਬਾਤ ਹੋਈ ਸੀ-ਬ੍ਰਾਹਮਣੀ ਵਿਚਾਰ ਧਾਰਾ ਹੈ। ਗੁਰੀ ਦੀ ਸਿਖਿਆ ਅਨੁਸਾ ਜੀਵਨ ਢਾਲ ਲਵੋ ਸੱਚ ਖੰਡ ਦੇ ਦਰਸ਼ਨ ਹੋ ਜਾਣਗੇ।

੧੦੭- **ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥ ੫ ॥ ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥ ੬ ॥ ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਹਿ ॥ ੭ ॥ ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥ ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥ ੮ ॥** [੭੫੭]

(**ਨੋਟ:**--ਪੁਸਤਕ ਦੇ ਅਗਲੇ **ਦੋ ਭਾਗ** (੭+੮) ਸ੍ਰਿਸ਼ਟੀ ਸਿਰਜਣਾ ਬਾਰੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅਨੂਪਮ ਦਰਸ਼ਨ ਹਨ)